ਅਜੇਹੇ ਪਾਵਣ ਅਸਥਾਨ ਦੀ *ਯਾਤਰਾ, ਜਿਥੇ ਬਖਸ਼ਸ਼ਾਂ ਦੇ ਦਰਵਾਜ਼ੇ ਖੁਲੇ ਹੋਵਣ, ਉਥੇ ਆਹ ਨੇੜੇ ਆ ਕੇ ਘੋੜਿਆਂ ਤੇ ਚੜ੍ਹ ਕੇ ਜਾਣ ਨਾਲ, ਹੋਰ ਘੋਰ ਪਾਪ, ਬੇਅਦਬੀ ਕਰਕੇ, ਗੁਨਾਹ ਗਾਰ ਬਣੀਏ ? ਅਸੀਂ ਤਾਂ ਅਗੇ ਹੀ ਬੜੇ ਗੁਨਾਹਗਾਰ ਹਾਂ, ਗੁਨਾਹ ਬਖਸ਼ਾਉਣ ਆਏ ਹਾਂ, ਹੋਰ ਚੜਾਣ ਨਹੀਂ ਆਏ ? ਵਾਹ ਵਾਹ ! ਵਾਗ ਡੋਰ ਆਪ ਫੜੋ, ਅਤੇ ਆਪ ਪੈਦਲ ਚਲੋ ? ਇਹ ਤਾਂ ਕਦਾਚਿਤ ਨਹੀਂ ਹੋ ਸਕਦਾ ? 'ਅਬ ਕੀ ਬਾਰ ਬਖਸਿ ਬੰਦੇ ਕਉ, ਬਹੁਰਿ ਨ ਭਵਜਲਿ ਫੇਰਾ ॥੩॥੭॥' [ਪੰਨਾ ੧੧੦੪ ਦੀ ਯਾਚਨਾ (ਮੰਗ-ਮੰਗਣ) ਕਰਨ ਆਏ ਹਾਂ, ਨਾ ਕਿ ਸਤਿਗੁਰੂ ਜੀ ਤੋਂ 'ਬੇਮੁਖ' ਹੋਣ ਦਾ ਰਸਤਾ ਕਿਉਂ ਅਪਣਾਈਏ ?

ਜਗਤ ਮਾਤਾ–ਮਾਤ ਗੰਗਾ ਜੀ–ਬਾਬਾ ਬੁੱਢਾ ਜੀ ਪਾਸੋਂ, [ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਬਚਨਾਂ ਦੀ ਪਾਲਣਾ ਕਰਦੇ ਹੋਇ] ਪੁਤਰ ਦੀ ਦਾਤ ਪ੍ਰਾਪਤ ਕਰਨ, ਰੱਥ ਤੇ ਚੜਕੇ ਹੀ ਤਾਂ ਗਏ ਸਨ, ਬਖਸ਼ਸ਼ ਦੀ ਥਾਂ ਵਡਿਤ ਮਨ ਵਿਚ ਹੋਣ ਕਾਰਨ, ਖਾਲੀ ਮੁੜੇ ਸਨ, ਜਦ 'ਦਾਸ' ਭਾਵਨਾ ਨਾਲ ਹੱਥੀਂ ਪਕਵਾਨ ਪੀਸ, ਪਕਾ, ਪੈਦਲ ਚਲ ਕੇ ਗਏ, ਤਾਂ ਬਖਸ਼ਸ਼ਾਂ ਹੋਈਆਂ, ਉਹ ਭੀ–

'ਵਡ ਜੋਧਾ ਬਹੁ ਪ੍ਰਉਪਕਾਰੀ' [ਭਾਈ ਗੁਰਦਾਸ ਜੀ–੪੮] ਦੀ ਮਹਾਨ ਬਖਸ਼ਸ਼ (ਵਰ) ਪ੍ਰਾਪਤ ਲੈ ਮੁੜੇ ਸਨ। ਹਾਂ ਜੀਓ ਜੀ ! ਲਹਿਣੇਦਾਰ [ਭਾਈ ਲਹਿਣਾ ਜੀ–ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ] ਤਾਂ ਘੋੜੇ ਤੇ ਚੜ ਸਕਦੇ ਸਨ–ਪਰ ਮੰਗਤਾ 'ਦਾਸ' ਭਾਵਨਾ ਨਾਲ ਹੀ ਮਾਲਕ ਪਾਸੋਂ ਨੰਗੀ ਪੈਰੀਂ, ਜੋਦੜੀ-ਅਰਦਾਸ ਅਤੇ ਨਿੰਮ੍ਰਤਾ ਭਾਵ ਨਾਲ ਹੀ ਹਾਜ਼ੂਰ ਦੀ ਹਾਜ਼ਰੀ ਵਿਚ ਜਾਣਾ ਬਣਦਾ ਹੈ।

ਅਰੂਪ-ਰੂਪਮਾਨ ਸ਼ਹੀਦ ਸਿੰਘ—ਸੱਚ ਕਿਹਾ ਜੇ ! ਪਰ ਆਪ ਬਹੁਤ ਦੂਰੋਂ ਚੱਲ ਕੇ ਆਏ ਹੋ, ਬਹੁਤ ਥੱਕ ਗਏ ਹੋ ? ਚਲੋ ! ਜੋ ਆਪ ਜੀ ਦਾ ਵਿਚਾਰ ਹੈ ਠੀਕ ਹੈ, ਜੇ ਘੋੜਿਆਂ ਤੇ ਨਹੀਂ ਚੜ੍ਹਨਾ ਤਾਂ ਆਉ ਸਾਡੇ ਮੋਢਿਆਂ (ਕੰਧਿਆਂ) ਤੇ ਚੜ੍ਹੋ, ਅਸਾਂ ਨੂੰ ਇਹ ਸੇਵਾ ਦਿਓ, ਅਸੀਂ

***ਯਾਤਰਾ**—ਪਰ ਅੱਜ-ਕਲ ਵੇਖਣ ਵਿਚ ਆ ਰਿਹਾ ਹੈ–ਕਿ ਅਸੀਂ ਇਕ ਐਸ਼ੂਰਜ ਰੂਪ ਵਿਚ ਪਾਵਨ ਧਰਤ ਨੂੰ ਅਪਵਿੱਤ੍ਰ ਕਰਨ ਦੇ ਸਾਧਨ 'ਸ਼ਰਾਬ-ਮਾਸ' ਦੀ ਖੁਲੇਆਮ ਵਰਤੋਂ ਕਰ ਉਸ ਪਾਵਨ ਹੁਕਮ ੬੦ ਸਾਲ ਦੀ ਉਡੀਕ ਅਤੇ ਬਖਸ਼ਸ਼ 'ਕਾਲ ਫਾਸ ਵਿਚ ਨਾ ਪੈਣ ਦੇਣ' ਦੇ ਮਹਾਂਵਾਕ ਦੀ ਉਲੰਘਣਾ ਕਰਕੇ–ਸਗੋਂ ਇਹ ਚਿੰਤਾ ਲਾਹ ਕੇ, ਕਿ ਕਿਵੇਂ ਸਾਡਾ ਸੰਸਾਰ-ਸਮੁੰਦ੍ਰ ਤੋਂ ਪਾਰ ਉਤਾਰਾ ਹੋਵੇ, ਨਿਸੰਗ ਹੋ ਕੇ ਉਹ ਕਰਮ ਇਸ਼ਟ ਅਸਥਾਨਾਂ ਤੇ ਕਰਨ ਜਾਂਦੇ ਹਾਂ, ਜਿਨਾਂ ਕਰਕੇ ਅਸੀਂ ਜਿਥੇ ਘੋਰ ਪਾਪ ਕਰਦੇ ਹਾਂ, ਉਥੇ ਯਾਤਰਾ ਕੀਤੀ ਨਿਸਫਲ ਕਰਨ ਦੇ ਅਧਿਕਾਰੀ ਬਣਕੇ,ਬੇਮੁਖ ਹੋ ਕੇ ਜਨਮਾਂ ਦੇ ਗੇੜ ਤੇ ਦੁਖਾਂ ਦੇ ਘੇਰੇ ਵਿਚ ਜਾ ਫਸਦੇ ਹਾਂ। ਤਾਂ ਹੀ ਸਤਿਗੁਰਾਂ ਫੁਰਮਾਇਆ ਹੈ–

'ਬਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥' [ਧਨਾਸਰੀ ਮ: ੧, ਪੰ: ੬੬੨

'ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥' [ਬਾਰਾ ਮਾਹ, ਪਾ: ਪਵੀਂ–੧੩੫

[ਵਿਸਥਾਰ ਅਗੇ ਪੜ੍ਹਨਾ]

ਆਪ ਨੂੰ ਲੈ ਚਲਦੇ ਹਾਂ, ਅਸੀਂ ਟਹਿਲੀਏ ਜੂ ਹੋਇ, ਜੀ ਹਾਂ, ਅਸੀਂ ਤਾਂ– 'ਲਾਲਾ ਗੋਲਾ ਖਸਮ ਕਾ' [ਮਾਰੂ ਮ: ੧–੧੦੧੧] ਸਾਡੀ ਯਾਚਨਾ ਬੇਨਤੀ ਨਾ ਠੁਕਰਾਉ, ਸਾਨੂੰ ਭੀ ਸੇਵਾ ਦਾ ਸੁਭਾਗ ਪ੍ਰਾਪਤ ਕਰਨ ਲਈ ਜ਼ਰੂਰ ਮੌਕਾ ਦਿਓ, ਆਉ ਚੜ੍ਹੋ ਸਾਡੇ ਮੋਢਿਆਂ ਤੇ, ਰਾਤ ਬਹੁਤ ਹੋ ਰਹੀ ਹੈ–ਸਮਾਂ ਭੀ ਬਹੁਤ ਹੁੰਦਾ ਜਾ ਰਿਹਾ ਏ । ਜਿਵੇਂ 'ਜਿਉ ਪਿਤਾ ਪੂਤ ਲਾਡਾਏ. . . .' ਪੁਤ੍ ਭੀ ਤਾਂ ਪਿਤਾ ਦੇ ਮੋਢਿਆਂ ਤੇ ਚੜ੍ਹ ਜਾਂਦਾ ਏ, ਇਸ ਵਿਚ ਨਾ ਪਿਤਾ ਨੂੰ, ਨਾ ਪੁੱਤਰ ਨੂੰ, ਤੇ ਨਾ ਹੀ ਸੰਸਾਰ ਨੂੰ ਲੱਜਤ ਹੋਣਾ ਪੈਂਦਾ ਹੈ, ਨਾਲੇ ਇਹ ਕੋਈ ਅਹਿਸਾਨ ਤਾਂ ਹੈ ਨਹੀਂ ? ਜਿਸ ਦਾ ਬਦਲਾ ਚੁਕਾਣਾ ਪਵੇਗਾ । ਫੇਰ ਕਿਉਂ ਝਿਜਕਦੇ ਹੋ, ਆਓ ! ਜੇ ਤੁਰ ਨਹੀਂ ਸਕਦੇ ਤਾਂ ਚੜੋ ਮੋਢਿਆਂ ਤੇ ਚਲੀਏ ਛਾਉਣੀ ਨਿਹੰਗ ਸਿੰਘਾਂ ਦੀ ।

ਬਾਬਾ ਮਿੱਤ ਸਿੰਘ ਜੀ—ਵਾਹ ! . . . ਵਾਹ !! ਚੋਜੀਆ ਤੇਰੇ ਚੋਜ, ਚੋਜੀਆ ! ਇਕ ਹੋਰ ਗੁਸਤਾਖੀ–ਇਤਨੀ ਵਡੀ ਭੁਲ, ਕਿਉਂ ਸਾਥੋਂ ਕਰਵਾ ਰਹੇ ਹੋ ? ਹਾਇ ! ਜਿਨਾਂ ਦੀ ਚਰਨ ਧੂੜ ਸਾਰਾ ਵਿਸ਼ਵ, ਦੇਵੀ-ਦੇਵਤੇ, ਅਪੱਛਰਾਂ, ਗਣ-ਗੰਧਰਭ ਸਭ ਲੋਚਦੇ ਹੋਵਣ–

ਮਲਾਰ ਮਹਲਾ ੪ ॥ ਗੰਗਾ ਜਮੁਨਾ ਗੋਦਾਵਰੀ ਸਰਸੁਤੀ, ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥
ਕਿਲਬਿਖ ਮੈਲ ਭਰੇ, ਪਰੇ ਹਮਰੈ ਵਿਚਿ, ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥

ਪੂਨਾ– ਜਿਤਨੇ ਤੀਰਥ ਦੇਵੀ ਥਾਪੇ, ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥ ੩ ॥

ਜਿਤਨੀ ਸ੍ਰਿਸ਼ਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥ [ਪੰ: ੧੨੬੩

ਉਹਨਾਂ ਬਖਸ਼ਸ਼ ਭੰਡਾਰਿਆਂ ਦੇ ਮੋਢਿਆਂ ਤੇ ਚੜੀਏ ? ਅਸੀਂ ਅਪਵਿੱਤ੍, ਆਪ ਜੀ ਦੀ ਪਵਿਤਰ ਰੂਹ (ਸਰੀਰ) ਨੂੰ ਛੂਹਣ ਦੇ ਯੋਗ ਨਹੀਂ ? ਕਿਵੇਂ ਅੰਗ ਸਪਰਸ਼ ਕਰ, ਹੋਰ ਅਪਰਾਧੀ ਬਣੀਏ ? ਕਿਉਂ ਭੁਲਿਆਂ ਨੂੰ ਹੋਰ ਭੁਲਾਂਦੇ ਹੋ–ਕ੍ਰਿਪਾ ਦ੍ਰਿਸ਼ਟੀ ਕਰੋ ?

ਗੁਪਤ ਰੂਹਾਂ– ਜਿਵੇਂ ਆਪ ਜੀ ਯੋਗ ਸਮਝੋ, ਅਸੀਂ ਆਪ ਦੇ ਨਿਯਮ, ਭਾਵਨਾ-ਸ਼ਰਧਾ ਨੂੰ ਤਾਂ ਨਹੀਂ ਤੋੜਨਾ ਚਾਹੁੰਦੇ, ਫਿਰ ਕਰੋ ਹਿੰਮਤ, ਆਹ ਨੇੜੇ ਹੀ ਤਾਂ ਹੈ ਛਾਉਣੀ ਨਿਹੰਗ ਸਿੰਘਾਂ ਦੀ, ਉਠੋ ਕਰੋ ਚਰਨ, ਸਤਿਗੁਰੂ ਬਲ ਬਖਸ਼ਣਗੇ ।

ਬਾਬਾ ਮਿੱਤ ਸਿੰਘ ਜੀ– ਸਿੰਘੋ ! ਕਿਉਂ ਢੇਰੀ ਢਾਹੀ ਬੈਠੇ ਹੋ, ਕਰੋ ਹਿੰਮਤ ਤੇ ਚਲੋ ਅਜੇ ਕੋਈ ਦੁਲੇਖਾ ਜੇ ਮਨ ਵਿਚ ਤਾਂ ਕਢ ਲਵੋ, 'ਬਲ ਬਖਸ਼ਣਗੇ' ਆਪੇ (ਸਤਿਗੁਰੂ) ਤਰੁਠਾ ਜੇ ਮਾਲਕ ? ਹਾਂ-ਹਾਂ 'ਰਹੁ ਪਾਧਰ ਗੁਰ ਦਸੇ' ਪਾਧਰ ਰਾਹ ਦਰਸਾਉਣ ਲਈ– 'ਆਪਿ ਵਿਖਾਲੇ ਰਾਹੁ ॥' [ਪੰ: ੬੦੪ ਹਾਂ ਸਾਬੀਓ ! ਹੁਣ ਕਾਹਦੀ ਢਿਲ ਕਰਦੇ ਹੋ, ਕਰੋ ਯਤਨ, ਸੰਭਾਲੋ ਰਾਜ-ਸਾਜ ਤੇ ਪਾਓ ਚਾਲੇ–

'ਜਿਧਰਿ ਰੱਬ ਰਜਾਇ' [ਸਲੋਕ ਫਰੀਦ, ਪੰ: ੧੩੮੨

ਇੰਮਲੀ ਹੇਠੋਂ ਚਾਲੇ ਪਾਣੇ

ਰਾਜ-ਸਾਜ ਸੰਭਾਲ, ਘੋੜਿਆਂ ਤੇ ਰਖ ਲਿਆ. ਇਕ ਘੋੜੇ ਦੀ ਵਾਗ ਇਕ ਗੁਪਤ ਰੂਹ ਨੇ ਤੇ

ਦੂਜੇ ਦੀ ਦੂਜੇ ਨੇ ਪਕੜ ਲਈ, ਗੁਰ ਕੀਰਤ ਕਰਦੇ–ਸਚਖੰਡ ਤੋਂ ਚੜ੍ਹਦੇ ਬਾਹਰੋਂ ਬਾਹਰ ਛਾਉਣੀ ਨਿਹੰਗ ਸਿੰਘਾਂ (ਜੋ ਗੁ: ਨਗੀਨਾ ਘਾਟ ਸਾਹਿਬ ਦੇ ਸਾਹਮਣੇ ਪਹਾੜ ਬਾਹੀ ਹੈ) ਦਰਵਾਜ਼ੇ ਅਗੇ ਬਾਹਰ ਵਾਰ ਸੜਕ ਤੇ ਹੀ ਜਾ ਖਲੋਤੇ (ਉਸ ਵਕਤ ਬਾਬਾ ਨਿਧਾਨ ਸਿੰਘ ਜੀ ਦਾ ਲੰਗਰ ਅਸਥਾਨ ਇਤਨੇ ਵਿਸਥਾਰ ਵਿਚ ਨਹੀਂ ਸੀ)।

ਸ਼ਹੀਦ ਸਿੰਘ– ਲਓ ਭਾਈ ਸਿੰਘੋ ! ਆਹ ਫੜੋ ਘੋੜਿਆਂ ਦੀਆਂ ਵਾਗਾਂ, ਆਹ ਦਰਵਾਜ਼ੇ (ਵਡੇ ਗੇਟ) ਤੋਂ ਅੰਦਰ ਛਾਉਣੀ ਨਿ: ਸਿੰਘਾਂ ਦੀ ਹੈ ? ਔਹ ਵੇਖੋ ਜਥੇਦਾਰ ਸਾਹਿਬ ਸ਼ਾਇਦ ਤੁਹਾਡੀ ਹੀ ਉਡੀਕ ਵਿਚ ਬੈਠੇ ਜਾਪਦੇ ਹਨ, ਲਾਓ ਆਸਨ ਤੇ ਕਰੋ ਬਿਸਰਾਮ। ਜਲ ਪਾਣੀ ਛਕੋ ਤੇ ਕਰੋ ਸਵੱਛ ਥਾਵੇਂ ਆਰਾਮ, ਸਾਨੂੰ ਛੁਟੀਆਂ ਦਿਓ ?

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥

ਬਾਬਾ ਧਰਮ ਸਿੰਘ ਜੀ– ਸਿੰਘੋ ! ਬੜੀ ਕਾਹਲੀ ਏ ? ਕਿਧਰ ਚਲੇ ਓ ? ਕੀ ਤੁਸਾਂ ਛਾਉਣੀ ਵਿਚ ਨਿਵਾਸ ਨਹੀਂ ਕਰਨਾ ? ਸਾਨੂੰ ਅੱਧ ਵਿਚਾਲੇ ਹੀ ਛੱਡ ਚਲੇ ਓ ? ਅਸੀਂ ਅਣਸੂਹੀਏ ਹਾਂ, ਆਓ ਸਾਡੇ ਆਸਣ ਤਾਂ ਲੁਵਾ ਦਿਓ–ਹਨੇਰੀ ਰਾਤ ਏ, ਪਤਾ ਨਹੀਂ ਲਗਦਾ, ਪਰ ਆਪ ਜੀ ਨੇ ਆਪਣਾ ਥਹੁ ਪਤਾ-ਨਾਮ ਭੀ ਨਹੀਂ ਦਸਿਆ–ਇਹ ਤੇ ਕ੍ਰਿਪਾ ਕਰ ਦਿਓ। ਕਿਥੇ ਆਸਨ ਲਾਏ ਹੋਇ ਜੇ, ਅਸੀਂ ਦਰਸ਼ਨ ਤਾਂ ਕਰ ਸਕੀਏ, ਆਪ ਦਾ ਅਹਿਸਾਨ ਭੀ ਨਹੀਂ ਭੁਲਾ ਸਕਾਂਗੇ।

ਅਰੂਪ ਸਿੰਘ– ਭਾਈ ਜਨੋ ! ਜਿਤਨਾ ਮਾਲਕ ਦਾ ਹੁਕਮ ਸੀ ਬਜਾ ਚਲੇ ਹਾਂ, ਅਗੇ ਜਾਣ ਦਾ ਹੁਕਮ ਨਹੀਂ ? ਇਤਨੀ ਸੇਵਾ ਸਵੀਕਾਰ ਕਰਨੀ ਭੁੱਲ ਦੀ ਮਾਫੀ–ਸਾਡਾ ਨਾਮ 'ਸੇਵਕ' ਹੈ ! ਸੇਵਕਾਂ ਦੀ ਸੇਵਾ ਕਰਨੀ ਸਾਡਾ ਕਰਤੂ ਹੈ, ਟਿਕਾਣਾ ਸੱਚਖੰਡ' ਇਹ ਕਹਿ ਪਲੋ ਪਲੀ, ਦ੍ਰਿਸ਼ਟ ਰੂਪ ਅਦ੍ਰਿਸ਼ਟ ਹੋ ਗਏ।

ਬਾਬਾ ਧਰਮ ਸਿੰਘ ਜੀ ਤੇ ਭਾਈ ਗੁਰਦਿਤ ਸਿੰਘ ਜੀ

ਬਾਬਾ ਮਿੱਤ ਸਿੰਘ ਜੀ ! ਇਹ ਕੀ ਖੇਡ ਵਰਤੀ ਹੈ ? ਬੂਹੇ ਅਗੇ ਹੀ ਛੱਡ ਅਲੋਪ ਹੋ ਗਏ ਹਨ, ਅਸੀਂ ਸੋਚਿਆ–ਛਾਉਣੀ ਦੇ ਸਿੰਘ ਹਨ, ਇਥੋਂ ਦੀ ਜਾਣਕਾਰੀ ਨਾਲ ਆਸਣ ਲੁਵਾ ਦੇਣਗੇ। ਇਹ ਕੌਣ ਸਨ ? ਥਹੁ ਪਤਾ ਭੀ ਅਜੀਬ ਜਿਹਾ ਦਸਿਆ ਏ, 'ਸੇਵਕ–ਸੱਚਖੰਡ ਟਿਕਾਣਾ' ਇਹ ਕੌਤਕ ਕੀ ਵਰਤਾ ਗਏ ਹਨ ? ਸਾਡੀ ਸਮਝੋਂ ਤਾਂ ਪਰੇ ਹੈ।

ਬਾਬਾ ਮਿੱਤ ਸਿੰਘ ਜੀ– ਸਾਥੀਓ ! ਇਹ ਖੇਡ ਸਾਡੀ-ਤੁਹਾਡੀ ਸਮਝੋ ਬਾਹਰ ਹੀ ਹੈ ? ਕਿਉਂਕਿ ਚੋਜੀ ਪ੍ਰੀਤਮ ! ਦੇ ਅਜੇਹੇ ਅਸਚਰਜ ਕੌਤਕ ਹੀ ਸਾਨੂੰ ਵਿਸਮਾਦ ਕਰਦੇ ਹਨ, ਉਹ ਆਪਣੇ ਬਾਲਕਾਂ ਨਾਲ ਨਾ ਕਰੇ ਤੇ ਹੋਰ ਕਿਸ ਨਾਲ ਅਜੇਹੇ ਕੌਤਕ ਖੇਡੇ ? ਭਲਾ ਕੀ ਤੁਹਾਡੀ ਸਿਆਣ ਵਿਚ ਨਹੀਂ ਆਏ ?

ਤੁਸੀਂ ਦਸੋ ! ਐਤਨਾ-ਪਿਆਰ ਹਿੱਤ ਨਾਲ, ਇਤਨਾ ਲਾਡ ਕੌਣ ਲਡਾਵੈ ? ਸਮਝੇ ਨਹੀਂ ਸੀ–ਜਦੋਂ ਕਿਹਾ ਸੀ, ਚੜ੍ਹ ਚਲੋ ਸਾਡੇ ਮੋਢਿਆਂ ਤੇ–ਵਾਹ ! ਵਾਹ !! ਚੋਜੀਆ ! ਖੇਡ ਗਿਆਂ ਖੇਡ, ਸ਼ੁਕਰ ! ਸ਼ੁਕਰ !! ਸ਼ੁਕਰ !!!

ਸਾਥੀ ਸਿੰਘ– ਬਾਬਾ ਜੀ ਅਸਾਂ ਦੀਆਂ ਉਹ ਅੱਖਾਂ ਕਿਥੇ, ਜੋ ਸਾਈਂ ਨੂੰ ਪਹਿਚਾਣ ਲੈਂਦੀਆਂ।

ਨਾਨਕ ਸੋ ਅੰਧਲੀਆ ਜਿਅੰਨਿ, ਜਿਨੀ ਡਿਸੰਦੋ ਮਾ ਪਿਰੀ ॥੩॥ [ਡਖਣੇ ਵਾਰ–੧੧੦੦

ਅਸੀਂ ਤਾਂ ਹੁਣ ਤੱਕ ਆਪ ਜੀ ਨੂੰ ਸਮਝ ਨਹੀਂ ਸਕੇ, ਜੇ ਅਸੀਂ ਇਤਨੀ ਸਰੇਸ਼ਟ ਬੁੱਧੀ ਦੇ ਹੁੰਦੇ, ਤਾਂ ਸਾਰੀ ਵਾਟੇ [ਰਸਤੇ] ਭੁੱਲ ਭੁਲਾਈਆਂ ਵਿਚ ਹੀ ਕਿਉਂ ਭੁੱਖੇ, ਤਿਹਾਏ ਕਸ਼ਟ ਝਲਦੇ, ਰਾਹੋਂ ਕੁਰਾਹੇ ਵੀ ਕਈ ਵਾਰੀ ਪੈ ਜਾਂਦੇ। ਅੰਧੀਆਂ ਘਾਟੀਆਂ, ਮੰਜ਼ਲਾਂ ਕੱਟਦੇ ਇਸੇ ਭਰਮ - ਭੁਲੇਖਿਆਂ ਵਿਚ ਹੀ ਹੁਣ ਤੱਕ ਚਲੇ ਆਏ ਹਾਂ।

ਅੰਧੀਆਂ ਮੰਜ਼ਲਾਂ ਵਿਚ ਤੇ ਕਿਸੇ ਵਾਗ ਨਾ ਫੜੀ, ਤਾਂ ਹੁਣ ਕੀ ਕਾਹਲੀ ਸੀ, ਰਾਤ ਉਥੇ ਹੀ ਕੱਟ ਲੈਂਦੇ। ਕਾਸ਼ ! ਜੇ ਇਉਂ ਇਕੱਲ ਵਿਚ ਛੱਡ ਜਾਣਾ ਸੀ, ਅਤੇ ਇਕ ਦੱਮ ਅਲੋਪ ਹੋ ਕੇ 'ਨਿਰਮੋਹ' ਹੋ ਜਾਣਾ ਸੀ, ਤਾਂ ਫਿਰ... ... ... (ਗਲਾ ਰੁਕ ਗਿਆ, ਨੈਣ ਭਰ ਆਏ) ਤੇ ਬੜੀ ਨਿੰਮਰਤਾ ਨਾਲ ਕਹਿ ਰਹੇ ਸਨ–ਚਰਨ ਤਾਂ ਪਰਸਨ ਦੇਂਦੇ, ਜੋ ਸਾਡਾ ਭੀ ਭਲਾ ਹੋ ਜਾਂਦਾ।

ਬਾਬਾ ਮਿੱਤ ਸਿੰਘ ਜੀ–ਚੋਜੀ ਨੇ ਤਾਂ ਸਾਰੀ ਵਾਟੇ, ਅਨੇਕਾਂ ਚੋਜ ਵਰਤਾਏ, ਪਰ ਆਪ ਜਾਣੇ-ਅਣਜਾਣੇ ਬਣੇ ਰਹੇ। ਭਲਾ ਕਿਸੇ ਨੂੰ ਕੀ ਪਈ ਸੀ, ਕਿ ਇਤਨੀ ਰਾਤ ਹਨੇਰੀ ਵਿਚ ਆ ਕੇ ਬਹੁੜੀ ਕਰਦਾ ? ਤੇ ਇਤਨਾ ਦਸਾਲਾ ਦੇ ਕੇ, ਲੈ ਆਵੇ ਨਿਜ ਆਸਣ ਤੇ। ਜਦ ਅਸੀਂ ਰਸਤੇ ਦੇ ਜਾਣੂ ਨਹੀਂ ਸਾਂ, ਨਾ ਹੀ ਛਾਉਣੀ ਹਨੇਰੇ ਵਿਚ ਲੱਭਣੀ ਸੀ, ਸਾਡੀ ਤੁੱਛ ਬੁੱਧੀ ਭਲਾ ਪ੍ਰੀਤਮ ਦੇ ਚੋਜ ਜੋ ਨਿਰਾਲੇ ਹੀ ਹਨ, ਕਿਵੇਂ ਸਮਝ ਸਕਦੀ ਹੈ ?

ਬਾਬਾ ਧਰਮ ਸਿੰਘ ਜੀ– ਛਾਉਣੀ ਦੇ ਬਾਹਰਲੇ ਦਰਵਾਜ਼ੇ ਤੋਂ ਤਿੰਨੇ ਸਿੰਘ ਵਿਚਾਰਾਂ ਕਰ ਰਹੇ ਹਨ, ਬੜੇ ਮਨ ਨਾਲ ਵੈਰਾਗੀ ਹੋਏ ਇਹ ਭੀ ਕੋਈ ਛਲੀਆ ਸਨ, ਛਲ ਕਰ ਗਏ ਹਨ। ਹਨੇਰੇ ਵਿਚ ਚੋਜ ਵਿਖਾਕੇ ਅਲੋਪ ਹੋ ਗਏ ਹਨ, ਜੇ ਦਿਨ ਹੁੰਦਾ ਤਾਂ ਸੂਰਜ ਦੇ ਉਜਾਲੇ ਵਿਚ ਇਹ ਨੇਤ੍ਰ ਤਾਂ ਦਰਸ਼ਨ ਕਰ ਕੇ 'ਦੀਦੇ ਠਾਰ ਲੈਂਦੇ'। ਹਾਇ ਹਨੇਰੇ ਵਿਚ ਇਹ ਮਾਇਆ ਮਾਤੇ ਅੰਧੇ ਨੇਤਰ ਵੇਖਕੇ ਭੀ ਨਾ ਪਹਿਚਾਣ ਸਕੇ।

ਬਾਬਾ ਮਿੱਤ ਸਿੰਘ ਜੀ– ਤੁਸੀਂ ਭੀ ਛਲੀਏ ਵਾਂਗ ਸਾਡੇ ਨਾਲ ਛੱਲ ਹੀ ਕਰਦੇ ਆਏ ਹੋ। ਓਦੋਂ ਨਾ ਦੱਸਿਆ ਚਰਨ ਪਰਸ ਕੇ ਚਿਰਾਂ ਦੀ ਸੀਨੇ ਦੀ ਸਿੱਕ 'ਵਿਛੋੜੇ ਦੀ ਭਾਹ' ਬੁਝਾ ਲੈਂਦੇ। ਹੋਰ ਤਾਂ ਨਾ ਸਹੀ, ਗੁਨਾਹਾਂ ਦੀ ਮਾਫੀ ਕਰਵਾ ਲੈਂਦੇ ਅਤੇ ਆਪਣੀ ਜੀਵਨ ਯਾਤਰਾ ਦੇ ਗੁਨਾਹਾਂ ਤੇ ਗੁਰੂ ਖਾਲਸੇ (ਬੁੱਢੇ ਦਲ) ਦੀ ਅਰਜ਼ੋਈ ਕਰ ਕੇ ਰਸਤੇ ਦੀਆਂ ਮੁਸ਼ਕਲਾਂ ਕਾਰਨ ਨਾ ਪੁਜ ਸਕਣ ਦੀ ਅਰਦਾਸ ਕਰ ਕੇ ਮੁਆਫ ਕਰਾ ਲੈਂਦੇ, ਜਾਂ ਫਿਰ ਚਰਨ ਹੀ ਪਰਸਦੇ ਜਾਂ ਨਮਸ਼ਕਾਰ ਕਰਦੇ, ਜਿਥੋਂ ਸਾਡੀ ਮੂੜ੍ਹ-ਮੱਤੀ ਨੂੰ ਕੁਝ ਕਰਨ ਦੀ ਸੋਝੀ ਆ ਜਾਂਦੀ, ਪਰ ਫੇਰ ਭੀ ਚੋਜੀ ਦੇ ਚੋਜਾਂ ਵਿਚ ਮਸਤ, ਭੋਲੇ ਭਾਲੇ ਜਾਣ ਕੇ ਅਨਜਾਣ ਬਣੇ ਰਹੇ ਕਿ ਸਾਥੀਆਂ ਨੂੰ ਪਤਾ ਨਾ ਲੱਗ ਜਾਵੇ ਕਿ ਪ੍ਰੀਤਮ ਜੀ ਆਪ ਹੀ ਸਨ। ਵਾਹ ! ਵਾਹ ! ਮੇਰੇ ਸਾਈਆਂ, ਤੇਰੇ ਚੋਜ, ਪਰ ਫਿਰ ਕੱਦ... ... ... ? 'ਕਦ ਨਾਨਕ ਆਵੈ ਵਾਰੀ' ਜੀ ਹਾਂ ਦਾਤਾਰ ਜੀ,

ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥ [ਮਾਝ ਮ: ੫–੯੬

ਕੁਝ ਸਮਾਂ ਸਨਾਟਾ, ਚੁਪ ਚਾਪ ਵਰਤੀ ਰਹੀ, ਸਭ ਦੇ ਨੇਤਰ ਸਜਲ ਵੈਰਾਗ ਵਿਚ ਹਾਉਕੇ ਤੇ

ਸਿੱਸਕੀਆਂ ਨਾਲ ਕਿਸੇ ਗਹਿਰੇ ਸੋਚ ਸਮੁੰਦਰ ਦੀ ਤਹਿ ਤੇ ਪਹੁੰਚੇ ਹੋਏ ਸਨ, ਜਿਵੇਂ ਮਨ ਨਾਲ ਝਗੜਾ ਮਨ ਨਾਲ ਸਥ।' ਮਨਾ ਮੂਰਖਾ ! ਕਿਸ ਵਹਿਣ ਵਿਚ ਉਸ ਵੇਲੇ ਗਰਕ ਸੈਂ ? ਤੈਨੂੰ ਭੀ ਸਾਈਂ ਦੀ ਪਹਿਚਾਣ ਨਾ ਆਈ ?

ਬਾਬਾ ਮਿੱਤ ਸਿੰਘ ਜੀ– ਮੇਰੇ ਸਾਥੀਓ ! ਕੀ ਤੁਸਾਂ ਸੁਣਿਆਂ ਨਹੀਂ ਸੀ, ਕਿ ਅਗੇ ਜਾਣ ਦਾ ਮਾਲਕ ਦਾ ਹੁਕਮ ਨਹੀਂ ? ਸਾਰੀ ਕਾਰ ਮਾਲਕ (ਅਕਾਲ ਪੁਰਖ) ਜੀ ਦੇ ਹੁਕਮ ਵਿਚ ਹੀ ਚੱਲ ਰਹੀ ਹੈ। ਫਿਰ ਮਾਲਕ ਦੇ ਹੁਕਮ ਦੇ ਬਿਨਾਂ ਕਿਵੇਂ ਕੋਈ ਦਰਸਾ ਸਕਦਾ ਏ। ਅਕਾਲ ਪੁਰਖ ਜਿਸ ਨੂੰ ਆਪ ਜਾਣਾਇ, ਤਾਂ ਹੀ ਉਸ ਨੂੰ ਜਾਣਿਆ ਜਾ ਸਕਦਾ ਹੈ। ਹੁਕਮ ਤੋਂ ਬਿਨਾਂ ਮਾਲਕ ਨੂੰ ਜਨਾਉਣਾ, ਭਾਰੀ ਗੁਸਤਾਖ਼ੀ ਅਤੇ ਗੁਨਾਹ ਹੈ। ਜਿਸ ਦੀ ਕੋਈ ਵੀ ਸਜ਼ਾ ਮਾਲਕ ਦੇ ਸਕਦਾ ਹੈ। ਜਦ ਉਸ ਦਾ ਹੁਕਮ ਹੈ ਕਿ ਮੇਰੇ ਹੁਕਮ ਬਿਨਾਂ, ਜਿਸ ਨੂੰ ਮੈਂ ਆਪਾ ਜਣਾ ਭੀ ਦੇਵਾਂ, ਉਹ ਮੈਨੂੰ ਨਾ ਦਰਸਾਏ। ਜੋ ਦਰਸਾਏ ਉਹ ਜਮਾਂ ਦੀ ਮਾਰ ਖਾਏ। ਭਲਾ ਮਾਲਕ ਦੀ ਵਡਿਆਈ ਨੂੰ ਇਕ ਸੇਵਕ [ਨੌਕਰ] ਕਿਵੇਂ ਦਰਸਾ ਸਕਦਾ ਹੈ, ਜਿਸ ਨੂੰ ਉਸ ਦੀ ਵਡਿਆਈ ਦਾ ਥਹੁ - ਪਤਾ ਹੀ ਨਾ ਹੋਵੇ।

ਸਾਡਾ ਮਨ ਜਨਮਾਂ ਜਨਮਾਂ ਦੀ ਮੈਲ ਦੇ ਅੰਧਕਾਰ (ਘੁੱਪ ਹਨੇਰੇ) ਵਿਚ ਕਾਲਾ ਹੋਇਆ ਸੱਚ-ਚਾਨਣ ਦੀ ਪਲਕ ਕੁ ਝਲਕ ਦੀ ਕਿਵੇਂ ਸਮਝ ਪਾ ਸਕਦਾ ਏ।

ਮਾਇਆ ਸਰਪਨੀ ਦੀ ਲਪੇਟ ਵਿਚ ਲਪੇਟਿਆ ਮਨ ! ਇਸ ਝੂਠ ਦੇ ਪਸਾਰੇ ਅੰਧਕਾਰ [ਮਾਇਆ] ਦੇ ਅੰਧੇਰੇ ਵਿਚ ਇਤਨਾ ਗਵਾਚ ਗਿਆ ਹੋਇਆ ਹੈ, ਭਲਾ ਇਸ ਨੂੰ ਪਲਾਂ ਵਿਚ ਚਮਕ ਦੀ ਦਮਕ ਦੀ ਕੀ ਸੋਝੀ ਆ ਸਕਦੀ ਹੈ ? ਜੇ ਭਲਾ ਕਦੀ ਕਿਸੇ ਕਾਰਨ ਸੱਚ ਚੰਦਰਮਾਂ ਦੀ ਲੋਅ ਪੈ ਭੀ ਜਾਵੇ, ਤਾਂ ਸਾਡੇ ਤੇ ਕੀ ਅਸਰ ਹੋ ਸਕਦਾ ਹੈ। ਪਰਮੇਸ਼ੂਰ ਦੀ ਰਹਿਮਤ ਨੂੰ ਅਸੀਂ ਇਸੇ ਭੁੱਲ ਭੁੱਲਾਈਆਂ ਵਿਚ ਗੁਆ ਕੇ ਬੈਠ ਜਾਂਦੇ ਹਾਂ। ਫਿਰ ਪਛਤਾਂਦੇ ਹਾਂ। ਕੀ ਲਾਭ ?

ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥ ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥
[ਤਿਲੰਗ ਮ: ੪, ਪੰਨਾ ੭੨੫

ਬਾਬਾ ਧਰਮ ਸਿੰਘ ਜੀ– ਕੀ ਇਹ ਸਾਡੀ ਭੁੱਲ ਸੀ, ਜਾਂ ਮਾਲਕ ਦੀ ਪਹਿਚਾਣ ਕਰਨ ਵਾਲੀਆਂ ਅੱਖੀਆਂ ਨਹੀਂ ਸਨ। ਮੱਤ ਬੁਧ ਸੁਰਤ ਨਹੀਂ ਸੀ ?

ਬਾਬਾ ਮਿੱਤ ਸਿੰਘ ਜੀ– ਜੀ ਹਾਂ, ਪ੍ਰਭੂ ਦਾ ਸਰੂਪ ਜੋ ਸਰਬ ਵਿਆਪੀ ਹੈ, ਪਹਿਚਾਣ ਕਰਨ ਲਈ, ਸਾਡੀਆਂ ਚੰਮ ਪਰਖਣ ਵਾਲੀਆਂ ਅੱਖਾਂ, ਜਦ ਤਕ ਸਮ ਦ੍ਰਿਸ਼ਟੀ ਇਹਨਾਂ ਅੰਦਰ 'ਸਭ ਮਹਿ ਜੋਤਿ ਜੋਤਿ ਹੈ ਸੋਇ ॥' (ਧਨਾਸਰੀ ਮ: ੧–੧੩) ਨਹੀਂ ਆਉਂਦੀ, ਤਦੋਂ ਤਕ ਕੁਦਰਤ ਦੇ ਮਾਲਕ ਕਾਦਰ ਦੀ ਲੱਖਤਾ ਕਰਨੀ ਅਸੰਭਵ ਹੈ।

ਸੋ ਉਸ ਨੂੰ ਪਹਿਚਾਨਣ ਵਾਲੀਆਂ 'ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ (ਡਖਣੇ ਵਾਰ ੧੧੦੦) ਉਹ ਅੱਖਾਂ ਹੋਰ ਹਨ। ਇਹ ਅੱਖਾਂ ਜੋ ਮਾਇਕ ਪਦਾਰਥਾਂ ਜਾਂ ਮਾਇਕ ਸਰੂਪ (ਬਿਨਸਣਹਾਰ) ਨੂੰ ਵੇਖਣ ਤੇ ਇਸੇ ਪਰਚੇ ਵਿਚ ਲੱਗ ਰਹੀਆਂ ਹਨ, ਤੇ ਮਾਇਕ ਸਰੂਪ (ਮੈਂ ਤੇ ਤੂੰ)

ਜਾਂ (ਹਉ-ਮੈਂ) ਇਹਨਾਂ ਦੇ ਸਰੂਪਾਂ 'ਦੁਬਦਾ' ਵਿਚ ਫਸੀਆਂ ਹੋਈਆਂ ਹਨ, ਇਕ ਜੋਤ ਸਭ ਵਿਚ ਰਮਿਆ ਪ੍ਰਭੂ ਕਿਵੇਂ ਪਹਿਚਾਣ ਕਰ ਸਕਣਗੀਆਂ, ਪਰ ਜੀਵਾਂ ਨੂੰ ਮਾਇਆ ਵਿਚ ਭੁਲਾ ਕੇ ਆਪਾ ਦੂਰ ਨਿਰਲੇਪ–ਵੱਖ ਰਖਿਆ ਹੋਇਆ ਹੈ, ਜਿਸ ਕਰਕੇ ਜੀਵ ਨੂੰ–

'ਆਪੇ ਉਝੜਿ ਪਾਇਦਾ ਪਿਆਰਾ, ਆਪਿ ਵਿਖਾਲੇ ਰਾਹੁ ॥' [ਸੋਰਠਿ ਮ: ੪–੬੦੪

ਨਾ ਕੋਈ ਭੁਲ ਹੈ ਤੇ ਨਾ ਪਛੋਤਾਵਾ, ਹਾਂ–

'ਭੂਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੂਲੈ ॥' [ਪ੍ਰਭਾਤੀ ਮ: ੧, ਪੰਨਾ ੧੩੪੪

ਉਸ ਦੇ ਚੰਜ ਭੁਲ ਨਹੀਂ ? ਨਾ ਸਮਝਣਾ ਭੁੱਲ ਹੈ, ਪਰ ਇਸ ਭੁੱਲ ਦੀ ਸੁਧਾਈ, ਨਾਮ ਸਿਮਰਨ, ਬੰਦਗੀ ਸੇਵਾ, ਭਾਓ ਭਗਤੀ ਨਾਲ ਹੀ ਹੁੰਦੀ ਹੈ, ਮਨ ਭੀ ਵਸ ਆ ਜਾਂਦਾ ਹੈ, ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਪੰਜ ਚੋਰ (ਕਾਮ-ਕ੍ਰੋਧ, ਲੋਭ-ਮੋਹ ਤੇ ਹੰਕਾਰ) ਤੇ ਭੀ ਵਿਜੈ ਹਾਸਲ ਕੀਤੀ ਜਾ ਸਕਦੀ ਹੈ, ਇਸ ਪੂੱਠੇ ਕਰਮ 'ਸਿਮਰਨ' ਨਾਲ ਹੀ ਇਹ ਨੇਤ੍ਰ ਜੋ– 'ਇਹੁ ਵਿਸ ਸੰਸਾਰੁ ਤੁਮ ਦੇਖਦੇ' ਹਨ, ਗੁਰੂ ਕ੍ਰਿਪਾ ਨਾਲ ਵਿਸ ਸੰਸਾਰ ਵੇਖਣ ਵਾਲੇ ਨੇਤ੍ਰ ਹੀ ਬਦਲ ਕੇ, ਅਸਲ ਸਰੂਪ ਨੂੰ ਵੇਖਣ ਵਾਲੇ ਬਣ ਜਾਂਦੇ ਹਨ ਫਿਰ ਜਾਨਣ ਲਗ ਜਾਂਦੇ ਹਨ ਕਿ–

'ਏਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ ॥' [ਪਉੜੀ ੩੬, ਅਨੰਦੁ ਸਾ:–੯੨੨

ਇਹ ਨੇਤ੍ਰਾਂ ਵਿਚ ਸੁਤੇ ਹੀ ਹਰ ਇਕ ਵਿਚ ਹਰੀ ਸ੍ਵਰੂਪ ਹੀ ਨਦਰੀ ਆਉਣ ਲਗ ਪੈਂਦਾ ਹੈ। ਇਹਨਾਂ ਬਾਹਰ ਮੁਖੀ ਨੇਤ੍ਰ ਜੋ ਇਸ ਸੰਸਾਰ ਨੂੰ ਚੰਮ ਦ੍ਰਿਸ਼ਟੀ ਰਾਹੀਂ ਵਿਸ (ਜ਼ਹਿਰ) ਸਮਝਣ ਦੇ ਹੀ ਪਾਰਖੂ ਹਨ, ਹਨੇਰੇ ਦੀ ਓਝਲ ਧੂਲ ਵਿਚ ਭੁੱਲ ਸਮਝ ਬੈਠੇ, ਪਰ ਆਪ ਮਾਲਕ (ਸੇਵਕ) ਦੇ ਸ੍ਵਰੂਪ ਵਿਚ ਰਾਹੁ ਦਸਣ ਹੀ ਨਹੀਂ ਸਗੋਂ ਵਾਗਾਂ ਫੜ੍ਹ–ਅਗੇ ਹੋ ਟੁਰੇ ਭਲਾ ਅਗੇ ਕੌਣ ਟੁਰਦਾ ਹੈ ? ਉਸ ਮਾਲਕ ਦੀ ਪਹਿਚਾਣ ਨਾ ਕਰ ਪਾਈ ?

ਹਾਂ ਜੀਓ ਜੀ ! ਜੋ 'ਏਕ ਰੂਪ-ਅਨੇਕ ਦਰਸਨ' ਮਾਲਕ ਰਾਹੀਆਂ ਦਾ ਭੇਸ ਬਣਾ, ਰਾਹੀਆਂ ਨੂੰ ਰਾਹੁ ਦਿਖਾਣ ਆਪ ਹੀ ਆਏ ਸਨ ।

ਬਾਬਾ ਧਰਮ ਸਿੰਘ ਜੀ– ਹੈਰਾਨੀ ਨਾਲ, ਕੀ ਇਹ ਸੱਚ ਆਖਿਆ ਜੇ, ਮਾਲਕ ਆਪ ਰਾਹੀ ਬਣ ਰਾਹੁ ਦਿਖਾਲਣ ਆਏ ਸਨ ? ਇਹ ਨੇਤਰੋ ਮੇ ਰਹੋ, ਤੁਸਾਂ ਕਿੰਨਾ ਕਪਟ ਕੀਤਾ ਏ?

'ਮਨ ਮੇਰੇ ਭੂਲੇ ਕਪਟੁ ਨ ਕੀਜੈ ॥' [ਸੋਰਠਿ ਕਬੀਰ–੬੫੬] ਸਰੀਰ ਦੇ ਪਹਿਚਾਨਣ ਵਾਲੇ ਸਾਰੇ ਅੰਗ ਹੀ ਧੋਖਾ ਦੇ ਗਏ ਹਨ ? ਕਪਟ ਕੀਤਾ ਜੇ, ਧਰੋਹ ਕਮਾਇਆ ਜੇ, ਜੋ ਸੱਚ ਦੀ ਪਹਿਚਾਣ ਕਰਨ ਵਿਚ ਅਸਫਲ ਰਹੇ ਹੋ।

ਬਾਬਾ ਮਿੱਤ ਸਿੰਘ ਜੀ– ਸੱਚ ਜੇ ਚਾਹੇ, ਜਾਂ ਜਿਸ ਨੂੰ ਚਾਹੇ ਜੋ ਭਾਂਡਾ ਨਿਰਮਲ ਸਾਫ ਹੋਵੇ ਉਸ ਚ ਹੀ ਸਮਾ ਕੇ ਪਹਿਚਾਣ ਕਰਾਵੇ ਤਾਂ ਹੀ ਵੇਖਿਆ ਜਾ ਸਕਦਾ ਹੈ, ਇਹ ਸਾਰੇ ਸਰੀਰਕ, ਅੱਖਾਂ ਮਨ ਬੁਧ-ਸੁਰਤ ਜਾਂ ਹੋਰ ਅੰਗਾਂ ਦਾ ਵਿਸ਼ਾ ਨਹੀਂ ? ਜਿਨੂੰ ਚਾਹਿਆ, ਜਦੋਂ ਚਾਹਿਆ ਵੇਖ ਲਿਆ, ਸੁਣ ਲਿਆ, ਚੱਖ ਲਿਆ, ਸਪਰਸ਼ ਕਰਨ ਨਾਲ ਅਨਭਵ ਕਰ ਲਿਆ, ਇਹ ਭਾਂ–

'ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥' [ਆਸਾ ਮ: ੪, ਪੰਨਾ ੩੬੫

ਅਸੀਂ-ਤੁਸੀਂ ਤਾਂ ਕਿਸੇ ਗਿਣਤੀ ਵਿਚ ਨਹੀਂ–ਚੌਜੀ ਵਡੇ ੨ ਤਪੀਆਂ ਨੂੰ ਭੀ ਅਜੇਹੇ ਰੂਪ ਧਾਰ ਕੇ ਭੁਲਾ ਦੇਂਦਾ ਹੈ, ਕਿ ਤਪੀਆ ਜਾਣਦਾ ਹੋਇਆ ਭੀ ਭੁਲ ਜਾਂਦਾ ਹੈ।

ਮੂਸਾ-ਲੈ-ਸਲਾਮ ਭੀ ਭੁਲਾ ਦਿਤਾ

ਕਹਿੰਦੇ ਹਨ, 'ਮੂਸਾ-ਲੈ-ਇਸਲਾਮ' ਰੋਜ਼ ਕੋਹ ਤੂਰ ਪਹਾੜ ਤੇ ਰੱਬ ਨਾਲ ਗੈਬੀ ਗਲਾਂ ਕਰਦਾ ਸੀ, ਪਰ ਲੋਕ ਬਹਿਕਾਵੇ ਵਿਚ ਆ ਗਿਆ ਕਿ ਰੱਬ ਤੇਰਾ ਯਾਰ ਏ, ਫਿਰ ਉਸ ਦੀ ਮਹਿਮਾਨੀ ਕਰ (ਖਾਣੇ ਦੀ ਦਾਹਵਤ ਦੇ) ਰੱਬ ਦੇ ਅਸੀਂ ਭੀ ਦਰਸ਼ਨ ਕਰ ਲਵਾਂਗੇ।

ਕੋਹ ਤੂਰ ਤੇ ਰੱਬ ਨੂੰ ਦਾਹਵਤ ਦਿਤੀ ਗਈ–ਪ੍ਰਵਾਨ ਹੋ ਗਈ ਦਿਨ ਤੇ ਵਕਤ ਮੁਕੱਰਰ ਹੋ ਗਿਆ–ਇਧਰ ਸੰਸਾਰਕ ਰਸਮੋ ਰਵਾਜ਼ ਮੁਤਾਬਕ ਸ਼ਾਨੋ-ਸ਼ੌਕਤ ਦੀਆਂ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ, ਸ਼ਾਹੀ ਠਾਠ ਦੇ ਸਾਇਵਾਨ-ਸੁੰਦਰ ਗਲੀਚੇ, ਤਰ੍ਹਾਂ ੨ ਦੇ ਪਕਵਾਨ ਤੇ ਖਾਨਸਾਮੇ ਸਜਾਵਟ, ਗੇਟ, ਫੁਲਾਂ ਦੇ ਟੋਕਰੇ, ਹਾਰ ਅਤੇ ਸੁਵਾਗਤਮ ਲਈ ਸ਼ਾਹੀ ਬੈਂਡ-ਬਾਜੇ ਮੰਗਵਾਏ ਗਏ, ਸ਼ਾਹੀ ਤੇ ਹੋਰ ਆਮ ਪਬਲਕ ਨੂੰ ਸੱਦੇ ਪੱਤਰ ਭੇਜੇ ਗਏ।

ਓਧਰ ਅੱਲਾ ਤਾਲਾ, ਦਿਤੇ ਸਮੇਂ ਮੁਤਾਬਕ, ਇਕ ਬੁਢੇ ਜ਼ਹੀਫ਼ (ਫਕੀਰ) ਦਾ ਰੂਪ ਧਾਰ ਲਿਆ, ਹੱਥ ਵਿਚ ਡਿੰਗੀ-ਪੜਿੰਗੀ ਸੋਟੀ, ਕਪੜੇ ਪਾਟੇ-ਲੀਰਾਂ ਲਮਕਣ, ਪਾਟੀ ਗੋਦੜੀ, ਪੈਰੋ ਨੰਗੇ, ਪੈਰ ਘੱਟੇ ਨਾਲ ਲਿਬੜੇ-ਫੁਟੇ ਹੋਏ, ਲੱਤਾਂ ਭੀ ਜਿਵੇਂ ਜ਼ਖਮਾਂ ਕਰਕੇ ਝਰੀਟਾਂ ਪਈਆਂ, ਅੱਖਾਂ ਦੇ ਭਰਵੱਟੇ ਲੰਮ-ਕਦੇ, ਸਿਰ ਦੇ ਕੇਸ (ਬੌਰੀਆਂ) ਖਿੱਲਰੀਆਂ, ਘੱਟੇ ਨਾਲ ਲਿਬੜੇ, ਦਾਹੜਾ ਬਿਖੜਾ, ਚੇਹਰੇ ਤੇ ਮਿੱਟੀ ਜੰਮੀ ਹੋਈ, ਕੁੱਬੇ (ਲੱਕ ਉੜੇ) ਸੋਟੀ ਦੀ ਟੇਕ ਨਾਲ ਹੌਲੀ ੨ ਪੈਰ ਪੁਟਦੇ ਖਹੁੰ-ਖਹੁੰ ਕਰਦੇ, ਬੋਲੀ ਭੀ ਖਰਵੀ ਜੇਹੀ, ਮੂੰਹ 'ਚ ਦੰਦ ਭੀ ਨਹੀਂ ? ਸ਼ਕਲੋ-ਬੇਸ਼ਕਲ 'ਕੌਣ ਸਮਝੇਗਾ ਇਹ ਖੁਦਾਵੰਦ ਤਾਲਾ ਹੋਵੇਗਾ' ਚਮਦ੍ਰਿਸ਼ਟੀ ਵਾਲੇ ਤਾਂ ਨਫਰਤ ਹੀ ਨਹੀਂ ਕਰਨਗੇ ਸਗੋਂ ਦੁਰਕਾਰਨਗੇ।

ਰੱਬ ਨੇ ਰੋਟੀ ਦੀ ਮੰਗ ਕਰਨੀ

ਆ ਕੇ ਉਸ ਸ਼ਾਹੀ ਠਾਠ ਦਰਵਾਜ਼ੇ ਅਗੇ ਆ ਰੋਟੀ ਦੀ ਸਦਾ ਕੀਤੀ, ਕਈ ਦਿਨਾਂ ਦਾ ਭੁਖਾ ਹਾਂ, ਬੜੀ ਭੁਖ ਲਗੀ ਏ, ਦਰਬਾਨ ਦਰਵਾਜ਼ੇ ਤੇ ਖੜੇ ਘੂਰ ਕੇ ਪੈ ਗਏ, ਹੱਟ ਪਿੱਛੇ ? ਕਿਥੇ ਮਨਹੂਸ ਸ਼ਕਲ ਬਣਾ ਕੇ ਆ ਗਿਆ ਏਂ ? ਸਮਾਂ ਹੋ ਚੁਕਾ ਸੀ ਮਹਿਮਾਨ ਨਿਵਾਜ਼ੀ ਲਈ 'ਮੂਸਾ ਲਾ ਇਸਲਾਮ' ਭੀ ਹਾਰ ਲਈ ਪਿਛੇ ਖੜੇ ਸਨ, ਜਦ ਰੌਲਾ ਸੁਣਿਆ ਅਗੇ ਹੋ ਕਿਹਾ–ਬਾਬਾ ਜਾਹ, ਸਾਰਾ ਪਿੰਡ ਪਿਆ ਏ ਉਥੋਂ ਮੰਗ ਲੈ, 'ਅਰੂਪਵਾਨ' ਨੇ ਕਿਹਾ–ਮੈਂ ਘਰ ਘਰ ਤੋਂ ਮੰਗਨ ਵਾਲਾ ਨਹੀਂ ? ਤੁਸੀਂ ਤਰਸ ਕਰੋ ਮੇਰੇ ਹਾਲ ਤੇ ਇਕ ਰੋਟੀ ਦੇ ਦਿਓ, ਓਇ ਬਾਬਾ, ਤੈਨੂੰ ਪਤਾ ਨਹੀਂ ? ਹੁਣੇ ਖੁਦਾਵੰਦ ਤਾਲਾ ਆਉਣ ਤੇ ਉਹ ਛਕਣ ਤੇ ਫਿਰ ਸਭ ਨੂੰ ਰੋਟੀ ਮਿਲੇਗੀ।

ਪਰ ਖੁਦਾ ਨੇ ਕਿਹਾ– ਫਿਰ ਉਸੇ ਖੁਦਾ ਦੇ ਨਾਮ ਤੇ ਹੀ ਰੋਟੀ ਦੇ ਦਿਓ ਚਮ ਪਾਰਖੂ ਅੱਖਾਂ ਨਾ ਪਰਖ ਸਕੀਆਂ, ਜਦ ਰੱਬ ਬਜ਼ਿਦ ਹੋ ਖਲੋਤਾ ਤਾਂ ਮੂਸਾ ਲੈ ਇਸਲਾਮ ਜੋਸ਼ ਵਿਚ ਆ ਹੋਸ਼ ਭੁਲਾ ਕੇ ਜ਼ੋਰ

ਨਾਲ ਕਹਿਣ ਲਗੇ–ਜਾਨਾ ਏਂ ਕਿ ਧੱਕੇ ਮਾਰ ਕੇ ਕਢੀਏ ? ਚਲਾ ਜਾਹ ਮੁੜ ਨਾ ਆਵੀਂ ? ਫਕੀਰ (ਰੱਬ) ਚਲਾ ਗਿਆ–ਇਧਰ ਉਡੀਕਾਂ ਕਰਦਿਆਂ ਸ਼ਾਮ ਪੈ ਗਈ,ਸਾਰੇ ਲੋਕ ਭੁਖੇ ਭਾਣੇ, ਆਖਰ ਖਿਸਕਣ ਲਗੇ ਤੇ ਕਈ ਤਰ੍ਹਾਂ ਦੀਆਂ ਗਲਾਂ ਕਰਦੇ ਚਲੇ ਗਏ। ਜਦ ਸ਼ਾਮ ਮੂਸਾ ਲੈ ਇਸਲਾਮ ਕੋਹ ਤੂਰ ਤੇ ਗੱਲਾਂ ਕਰਨ ਲਗਾ– ਐ ਖੁਦਾਵੰਦ ਤਾਲਾ, ਲੋਕ ਤਾਂ ਝੂਠ ਮਾਰ ਸਕਦੇ ਹਨ, ਪਰ ਆਪ ਤਾਂ ਝੂਠ ਨਹੀਂ ਮਾਰ ਸਕਦੇ, ਪਰ ਤੁਸੀਂ ਵਾਹਿਦਾ ਕਰਕੇ ਕਿਉਂ ਨਹੀਂ ਆਏ, ਸਾਰੀ ਖਲਕਤ ਪਰੇਸ਼ਾਨ, ਸਗੋਂ ਤੇਰੇ ਤੋਂ ਮੁਨਕਰ ਹੋ ਕੇ ਟੁਰ ਗਏ ਹਨ।

ਖੁਦਾ ਨੇ ਕਿਹਾ--ਮੈਂ ਦਿਤੇ ਸਮੇਂ ਮੁਤਾਬਕ ਪਹੁੰਚ ਗਿਆ ਸਾਂ, ਪਰ ਤੁਹਾਡੇ ਸਾਰਿਆਂ ਦੀਆਂ ਚਮ ਦ੍ਰਿਸ਼ਟੀ ਅੱਖਾਂ ਮੈਨੂੰ ਸਮ ਦ੍ਰਿਸ਼ਟੀ ਵਿਚ ਨਹੀਂ ਵੇਖ ਸਕੀਆਂ। ਨਹੀਂ ਮਹਾਰਾਜ ਕੱਦ ਤੁਸੀਂ ਆਏ?ਹਾਂ ਮੈਂ ਹੀ ਸਾਂ ਜਿਸ ਨੇ ਰੋਟੀ ਦਾ ਸਵਾਲ ਕੀਤਾ ਸੀ ਫਿਰ ਇਹ ਭੀ ਕਿਹਾ ਸੀ ਮੈਂ ਘਰ ਘਰ ਦਾ ਮੰਗਤਾ ਨਹੀਂ ? ਮੈਂ ਰੱਬ ਦਾ ਵਾਸਤਾ ਭੀ ਪਾਇਆ ਮੈਨੂੰ ਬੜੀ ਭੁੱਖ ਲਗੀ ਸੀ–ਆਖਰ ਤੁਸੀਂ ਹੋਸ਼ ਭੁਲਾ ਕੇ, ਧੱਕੇ ਮਾਰਨ ਤੇ ਅੱਪੜ ਗਏ, ਤੇ ਕਿਹਾ ਮੁੜ ਨਾ ਆਵੀਂ –ਮੈਂ ਕਿਹਾ ਨਹੀਂ ਆਉਂਦਾ, ਦਸ ਭਗਤਾ ! ਜਦ ਤੂੰ ਹੀ ਪਹਿਚਾਣ ਨਹੀਂ ਸਕਿਆ,ਧੱਕੇ ਮਾਰ ਕਢਿਆ ਸੀ ਤੇ ਆਪ ਨੇ ਹੀ ਕਿਹਾ ਸੀ ਮੁੜ ਨਾ ਆਵੀਂ ਭੁਲਾ ਫਿਰ ਮੈਂ ਕਾਹਨੂੰ ਆਉਣਾ ਸੀ–ਹੋਰ ਮਾਰ ਕੁਟਾਈ ਖਾ ਕੇ ਜੂ ਆਉਂਦਾ।

ਇਹ ਉਦਾਹਰਣਾ ਦੇਣ ਦਾ ਭਾਵ ਕਿ ਸਾਡੀਆਂ ਚਮ ਦ੍ਰਿਸ਼ਟੀ ਦੀਆਂ ਹੀ ਪਾਰਖੂ ਅੱਖਾਂ, ਵਾਹਿਗੁਰੂ ਦੇ ਅਨੇਕਾਂ ਰੂਪਾਂ ਨੂੰ ਭਲਾ ਕੀ ਪਹਿਚਾਣ ਸਕਦੀਆਂ ਹਨ।

ਤਾਂ ਤੇ ਬਾਬਾ ਧਰਮ ਸਿੰਘ ਜੀ, ਇਹ ਅੱਖਾਂ ਕੀ ਪਹਿਚਾਣ ਲੈਂਦੀਆਂ, ਕਿੰਨੀਆਂ ਮਿਠੀਆਂ-ਮਿਠੀਆਂ ਲੋਰੀਆਂ ਦਿਤੀਆਂ, ਕਿ ਸਾਡੀ ਸੁਰਤ ਮੱਤ-ਬੁਧ ਹੀ ਸੁਵਾ ਦਿਤੀ।

ਇਸੇ ਤਰ੍ਹਾਂ ਛਟਮ ਪਾਤਸ਼ਾਹ ਜੀ ਨੇ ਭੀ ਤਾਂ ਭਾਈ ਗੁਰਦਾਸ ਜੀ ਨੂੰ ਘੋੜੇ ਖਰੀਦਣ ਕਾਬਲ ਭੇਜਿਆ ਸੀ ਉਨ੍ਹਾਂ ਨੂੰ ਭੀ ਭੁਲਾ ਦਿਤਾ ਸੀ, ਤਾਂ ਤੇ ਅਸੀਂ ਕੀ ਉਸ ਦੇ ਚੋਜਾਂ ਨੂੰ ਸਮਝ ਸਕਦੇ ਹਾਂ।

ਕਿੰਨਾ ਸਮਾਂ ਅਜੇਹੀਆਂ ਅਸਚਰਜਤਾ–ਵਾਰਤਾਲਾਪ ਵਿਚ ਛਾਉਣੀ ਦੇ ਦਰਵਾਜ਼ੇ ਅਗੇ ਖੜੇ ਰਹ ਹੀ ਰਹੇ ਸਨ, ਕਿ ਇਕ ਸਾਮਣਿਓ–ਦੂਰੇਡੇ ਆਵਾਜ਼ ਆਈ–ਸਿੰਘੋ ! ਲੰਘ ਆਵੋ–ਕਿਉਂ ਸੋਚੀਂ ਪਏ ਓ, ਇਹ ਹੀ ਨਿਹੰਗ ਸਿੰਘਾਂ ਦੀ ਛਾਉਣੀ ਹੈ। ਇਹ ਆਵਾਜ਼ ਆਪਣੀ ਮਸਤੀ ਵਿਚ ਹੀ ਅਣਸੁਣੀ ਜੇਹੀ ਹੋ ਗਈ।

ਜਥੇਦਾਰ ਬਾਬਾ ਲੱਧਾ ਸਿੰਘ ਜੀ– (ਛਾਉਣੀ ਦੇ ਬੁੱਢੇ ਦਲ ਵਲੋਂ ਥਾਪੇ ਜਥੇਦਾਰ ਸਾਹਿਬ) ਫਿਰ ਉੱਚੀ ਆਵਾਜ਼ ਨਾਲ, ਆ ਜਾਵੋ ਸਿੰਘੋ–ਕਿਉਂ ਹੋਰ ਹਨੇਰਾ ਕਰ ਰਹੇ ਹੋ, ਆਓ ਲਾਵੋ ਆਸਣ ਤੇ ਲੰਗਰ-ਜਲ ਪਾਣੀ ਛਕੋ -ਕਿਉਂ ਸੋਚਾਂ ਵਿਚ ਖੜੇ ਹੋ ? ਇਹ ਆਵਾਜ਼ ਭੀ ਅੱਧ ਸੁਣੀ-ਬੇ ਗੌਲੀ ਕਰ ਛੱਡੀ ਤੇ ਆਪਣੇ ਵਿਚਾਰਾਂ ਵਿਚ ਲਗੇ ਰਹੇ।

ਬਾ: ਧਰਮ ਸਿੰਘ ਜੀ– ਕੀ ਇਹ ਸੱਚ ਆਖਿਆ ਜੇ–ਮਾਲਕ ਆਪ ਰਾਹੁ ਵਿਖਾਲਣ ਆਏ ਸੀ ?

ਬਾ: ਮਿੱਤ ਸਿੰਘ ਜੀ– ਹਾਂ, ਪਰ– 'ਕਰਤੇ ਕੀ ਮਿਤਿ ਕਰਤਾ ਜਾਣੈ' [ਰਾਮਕਲੀ ਮ: ੧–੯੩੦

ਮੈਂ ਨਿਮਾਣਾ-ਨਿਤਾਣਾ ਕੀ ਜਾਣਾ ਮਾਲਕ 'ਚੋਜੀ' ਦੀ ਸਾਰ ਨੂੰ, ਜੋ ਬੇਅੰਤ ਅਗੰਮ ਅਥਾਹ ਹੈ–

'ਤੂ ਦਰੀਆਉ ਦਾਨਾ ਬੀਨਾ, ਮੈ ਮਛੁਲੀ ਕੈਸੇ ਅੰਤ ਲਹਾ ॥' [ਸਿਰੀਰਾਗ ਮ: ੧–੨੫

ਬਾਬਾ ਧਰਮ ਸਿੰਘ ਜੀ– ਕੀ ਆਪ ਸਾਥੋਂ ਛੁਪਾ ਰਹੇ ਹੋ ? ਜੇ ਆਪ ਚਰਨ ਬੰਦਨਾ, ਸਤਿਕਾਰ ਨਮਸ਼ਕਾਰ ਹੀ ਕਰਦੇ ਤਾਂ ਭੀ ਸਾਨੂੰ ਸੋਝੀ ਹੋ ਆਉਂਦੀ।

ਬਾਬਾ ਮਿੱਤ ਸਿੰਘ ਜੀ– ਨਹੀਂ ਬਾਬਾ ਧਰਮ ਸਿੰਘ ਜੀ 'ਹਮਰੇ ਵਸਿ ਕਿਛੁ ਨਾਹਿ' ਅਗੇ ਭੀ ਅਰਜ਼ ਕੀਤੀ ਹੈ ਕਿ ਪਾਕੀ 'ਪਾਕ ਪ੍ਰਵਰਦਗਾਰ' ਨੂੰ ਪਾਕ ਹੋ ਪਵਿੱਤ੍ਰ ਹੋ ਕੇ ਹੀ ਪਰਸਿਆ ਜਾਂਦਾ ਹੈ, ਸਾਡੀ ਹਰ ਤਰ੍ਹਾਂ ਅਪਵਿਤਰਤਾ ਸੀ, ਨਾ ਬਸਤਰ ਸਾਫ, ਨਾ ਹੋਰ ਸ੍ਵਛਤਾ, ਰਸਤੇ ਦੀ ਧੂੜ ਮੈਲੇ-ਕੁਚੈਲੇ ਹੱਥ-ਪੈਰ, ਕਿਵੇਂ ਪਰਸਦੇ ਚਰਨ-ਪਾਦ ਡਰ ਲਗਦਾ ਸੀ, ਗੁਨਾਹ ਤਾਂ ਬਖਸਾਉਣ ਆਏ ਹਾਂ ਮਤਾਂ ਹੋਰ ਗੁਨਾਹੀ ਨਾ ਬਣ ਜਾਈਏ, ਨਾਲੇ ਹਰ ਇਕ ਕਰਮ ਦੇ ਨਿਯਮ ਮਰਯਾਦਾ ਹੋਇਆ ਕਰਦੀ ਏ, ਬਿਨਾ ਜੁਗਤ ਕੀਤਾ ਕਰਮ–ਅਧੂਰਾ ਤੇ ਨਿਸਫਲ ਜਾਂਦਾ ਹੈ–

'ਜੁਗਤਿ ਵਿਹੂਣੀ ਵਿਕਉ ਜਾਇ।' [ਰਤਨ ਮਾਲਾ] (ਮਹਾਨ ਕੋਸ਼ 'ਚ ਅੱਖਰ 'ਵਿਕਉ' ਦੇਖੋ)

ਬਿਰਥਾ ਜਾਂਦਾ ਹੈ ਤਾਂ ਤੇ ਮਰਯਾਦਾ ਪ੍ਰਸ਼ੋਤਮ ਸਤਿਗੁਰੂ ਦੀ ਟਹਿਲ ਸੇਵਾ-ਪੂਜਾ ਨਮਸ਼ਕਾਰ ਭੀ ਮਰਯਾਦਾ ਸਹਿਤ ਹੀ ਕਰਨੀ ਬਣਦੀ ਹੈ। ਹਾਂ ਤੁਸਾਂ ਹਨੇਰੇ ਕਾਰਨ ਤੇ ਅਚਾਨਕ ਸਿੰਘ ਸਰੂਪਾਂ ਦੇ ਦਰਸ਼ਨ–ਮਿਠ ਬੋਲੇ ਵਿਚ ਹੀ ਸਾਨੂੰ ਹੱਥ ਜੋੜ ਨਮਸ਼ਕਾਰ ਕਰਦਿਆਂ ਨਹੀਂ ਵੇਖਿਆ ?

ਬਾ: ਧਰਮ ਸਿੰਘ ਜੀ– ਹਾਂ ! ਸਾਨੂੰ ਬਿਜਲੀ ਵਾਂਗ ਲਿਸ਼ਕ (ਚਮਕਾਰਾ) ਜਿਹਾ ਤਾਂ ਹੋਇਆ ਦਿਸਿਆ–ਪਰ ਅਸੀਂ ਭੁਲ ਵਿਚ ਬੱਦਲ (ਬਿਜਲੀ) ਦਾ ਲਸ਼ਕਾਰਾ ਹੋਵੇਗਾ ਸਮਝੀ ਬੈਠੇ ਸਾਂ–ਹਾਂ ਜਾਂ ਅਸਮਾਨੀ ਤਾਰੇ ਦੇ ਟੁਟਨ ਦੀ ਚਮਕ–ਪਰ ਉਸ ਵਕਤ ਇਹ ਸੋਚਨ ਸ਼ਕਤੀ ਕਿਥੇ ਸੀ ? ਅਜੇਹੇ ਮਿੱਠ ਬੋਲੇ ਨੇ ਮਿਠੇ-ਮਿਠੇ ਬਚਨਾਂ ਵਿਚ ਉਲਝਾ ਲਿਆ–ਪੁਛਣ ਭੀ ਨਹੀਂ ਦਿਤਾ ਕਿ ਤੁਸੀਂ ਕੌਣ ਹੋ ? ਕਿਥੋਂ ਆਏ ਹੋ ਤੁਸਾਂ ਨੂੰ ਕਿਸ ਭੇਜਿਆ–ਬਸ ! ਕਰੋ ਕਮਰ ਕਸ਼ੇ–ਆਹ ਛਾਉਣੀ ਹੈ ? ਦਰਵਾਜ਼ੇ ਅਗੇ ਖੜੇ ਕਰ, ਆਪ ਅਲੋਪ ਪੁਛਦੇ ਕੀਹ ?

ਬਾ: ਮਿੱਤ ਸਿੰਘ ਜੀ– ਵਾਹ ਵਾਹ [ਮੁਸਕਰਾ ਕੇ] ਭਲਾ ਦਸੋ ! ਅਗੇ ਕੌਣ ਲਗ ਤੁਰਦਾ ਹੈ, 'ਮਾਲਕ' 'ਰਾਹੁ ਪਾਧਰ ਗੁਰ ਦਸੈ' ਦੂਜਾ ਕੌਣ ਕਿਸੇ ਜਗਿਆਸੂ ਰੂਪ ਇਸਤ੍ਰੀ ਨੂੰ ਨਾਲ ਲੈ ਅਗੇ ਹੋ ਟੁਰ ਸਕਦਾ ਹੈ।

ਬਾਬਾ ਧਰਮ ਸਿੰਘ ਜੀ– ਬਾਬਾ ਜੀ ! ਸਾਰੀ ਵਾਟੇ, ਤੇ ਹੁਣ ਭੀ ਬੁਝਾਰਤਾਂ ਹੀ ਪਾਈ ਜਾਵੋਗੇ, ਕਿ ਕੁਝ ਸਾਡੇ ਪਿੜ-ਪੱਲੇ ਭੀ ਪਾਵੋਗੇ, ਕੌਣ ਸਨ ਉ . . . . ਹ !

ਜਥੇਦਾਰ ਬਾਬਾ ਲੱਧਾ ਸਿੰਘ ਜੀ ਦਾ ਪੂਜਣਾ

ਬਾਹਰ ਛਾਉਣੀ ਦੇ ਦਰਵਾਜ਼ੇ ਅੱਗੇ ਖੜੇ ਇਹ ਵਾਰਤਾ ਲਾਪ ਕਰਦਿਆਂ ਕਿੰਨਾ ਸਮਾਂ ਲੰਘ ਗਿਆ ਜਥੇਦਾਰ ਸਾਹਿਬ ਭੀ ਵਾਜਾਂ ਮਾਰ ਥੱਕ ਗਏ, ਆਖਰ ਆਸਣ ਤੋਂ ਉਠੇ, ਤੇ ਬਾਹਰ ਦੁਵਾਰ ਪਾਸ ਆ ਇਹਨਾਂ ਸਿੰਘਾਂ ਦੀਆਂ ਗੱਲਾਂ ਸੁਨਣ ਲਗੇ–ਕੁਝ ਸਮਾਂ ਇਹ ਬਚਨ ਬਿਲਾਸ ਸੁਣਕੇ ਅਗੇ ਹੋ ਫਤਿਹ

ਬੁਲਾਈ– 'ਵਾਹਿਗੁਰੂ ਜੀ ਕਾ ਖਾਲਸਾ,ਵਾਹਿਗੁਰੂ ਜੀ ਕੀ ਫਤਿਹ।' ਫਤਿਹ ਵਿਚ ਅਗੋਂ ਜੁਵਾਬ ਮਿਲਿਆ। ਸਿੰਘੋ ! ਘਰ ਆ ਕੇ ਭੀ ਡੂੰਘੀਆਂ ਵਿਚਾਰਾਂ ਤੇ ਸੋਚਾਂ ਵਿਚ ਇਥੇ ਖੜੇ ਕੀ ਕਰ ਰਹੇ ਹੋ। ਇਹ ਹੀ ਆਪ ਦੀ ਛਾਉਣੀ ਹੈ–ਚਲੋ ਲੰਘੋ ਅੰਦਰ, ਲਿਆਓ ਘੋੜੇ ਦੀ ਵਾਗ ਫੜਾਵੋ ਤੇ ਮੇਰੇ ਮਗਰ ਆ ਜਾਵੋ।

ਬਾਬਾ ਧਰਮ ਸਿੰਘ ! ਫੜਾਵੋ ਵਾਗ ! ਫਿਰ ਉਹੀ ਛਲ, ਇਹ ਕੀ ? ਬੜੀ ਗੰਭੀਰਤਾ ਨਾਲ ਹੋਰ ਬੁਝਾਰਤਾਂ ਤੇ ਬੁਝਾਰਤਾਂ, ਹੁਣ ਇਸ ਛਲੀਏ ਦੀ ਪਹਿਚਾਣ ਤਾਂ ਕਰਾ ਦਿਓ ? ਬਾਬਾ ਜੀ !

ਬਾ: ਮਿੱਤ ਸਿੰਘ ਜੀ– ਇਹ ਕੋਈ ਭੁਲੇਵਾ ਜਾਂ ਛਲ ਨਹੀਂ ? ਵੇਖਦੇ ਨਹੀਂ ! ਇਹ ਔਹ ਆਸਨ ਤੋਂ ਉਠਕੇ ਆਏ ਹਨ ਤੇ 'ਬੁੱਢਾ ਦਲ' ਦੇ ਥਾਪੇ ਜਥੇਦਾਰ ਸਾਹਿਬ ਹਨ।

ਜਥੇਦਾਰ ਸਾਹਿਬ– ਸਿੰਘੋ ! ਐਉਂ ਜਾਪਦਾ ਜਿਵੇਂ ਤੁਸੀਂ ਕਿਸੇ ਚੋਰਾਂ ਦੇ ਮੁਠੇ ਹੋਇ ਹੋਵੋ, ਸਿੰਘਾਂ ਨੂੰ ਡਰ ਕਾਹਦਾ–ਪਰ ਤੁਸੀਂ ਨਹੀਂ ਜਾਣਦੇ, ਇਥੇ ਸਤਿਗੁਰੂ ਪ੍ਰਤੱਖ ਹਾਜ਼ਰ-ਨਾਜ਼ਰ ਹਨ ਤੇ ਉਹ ਤਾਂ ਹਰ ਵੇਲੇ ਚੇਜ ਕਰਦੇ ਹੀ ਰਹਿੰਦੇ ਹਨ।

ਲਓ ਐਥੇ ਘੋੜੇ ਬੰਨ ਦਿਓ, ਘਾਹ-ਪੱਠਾ, ਦਾਣਾ ਪੁਵਾ ਦੇਂਦੇ ਹਾਂ–ਤੁਸੀਂ ਚਲੋ ! ਆਹ ਖੂਹ ਹੈ, ਮੈਂ ਜਲ ਕਢਦਾ ਹਾਂ ਤੁਸੀਂ ਪੰਜ ਇਸ਼ਨਾਨਾ ਕਰੋ ਜੇ ਇਸ਼ਨਾਨ ਕਰਨਾ ਹੈ ਤਾਂ ਭੀ ਹੁਕਮ ਕਰੋ, ਔਹ ਸਾਹਮਣੇ ਬਰਾਂਡਾ ਹੈ–ਉਥੇ ਆਸਨ ਲਾ ਕੇ ਆਓ ਲੰਗਰ ਛਕ ਲਵੋ, ਜੇ ਖੁੱਲੀ ਥਾਵੇਂ ਆਸਣ ਲਾਣੇ ਹਨ ਤਾਂ ਨਿਸ਼ਾਨ ਸਾਹਿਬ ਪਾਸ ਲਾ ਲੈਣੇ, ਹਾਂ ਜਿਥੇ ਜੀ ਚਾਹੇ ਆਸਣ ਲਾ ਲੈਣੇ। ਮਾਘ ਦੇ ਦਿਨਾਂ ਵਿਚ ਭੀ ਓਧਰ ਸਰਦੀ ਨਹੀਂ ਹੁੰਦੀ, ਸਗੋਂ ਗਰਮੀ ਹੀ ਹੁੰਦੀ ਹੈ [ਅਜ-ਕਲ ਮੌਸਮ ਬਦਲ ਗਏ ਹਨ]।

ਬਾਬਾ ਧਰਮ ਸਿੰਘ ਜੀ– ਜਥੇਦਾਰ ਸਾਹਿਬ, ਆਪ ਇਹ ਕਸ਼ਟ ਨਾ ਕਰੋ, ਸਾਨੂੰ ਦਸੋ, ਘਾਹ-ਪੱਠਾ ਤੇ ਅਸੀਂ ਆਪ ਹੀ ਜਲ ਕੱਢ ਕੇ ਪੰਜ ਇਸ਼ਨਾਨਾ ਕਰ ਲੈਂਦੇ ਹਾਂ ਬੇਨਤੀ ਹੈ ਕਿ ਅਸੀਂ ਬਬੇਕੀ ਹਾਂ,ਲੰਗਰ ਛਕੇ ਦਾ ਹੈ ਤਾਂ ਛੱਕ ਲਵਾਂਗੇ, ਨਹੀਂ ਤੇ ਸਵੇਰੇ ਸਜਾ ਲਵਾਂਗੇ।

ਜ: ਬਾਬਾ ਲੱਧਾ ਸਿੰਘ ਜੀ– ਸਿੰਘੋ ! ਕਿਉਂ ਭਰਮ ਕਰਦੇ ਹੋ 'ਜਥੇਦਾਰੀ' ਨਾਮ ਤਾਂ 'ਸੇਵਾਦਾਰ' ਦਾ ਹੈ, ਪਰ ਪੰਥ ਖਾਲਸੇ ਉਤਮ ਬੋਲਾ, ਪਹਿਰੇਦਾਰ ਦਾ ਨਾਮ 'ਜਥੇਦਾਰ' ਰੱਖ ਦਿੱਤਾ ਹੋਇਆ ਹੈ। ਇਸ ਲਈ ਦਰਅਸਲ ਇਹ ਸਭ ਦਾ ਸੇਵਾਦਾਰ ਹੈ, ਫਿਰ ਤੁਸੀਂ ਤਾਂ ਰਸਤੇ ਦੀ ਥਕਾਵਟ ਵਿਚ ਆਏ ਹੋ ਆਪਣੇ ਘਰ ਆਏ ਹੋ, ਮਾਲਕ ਤਾਂ ਆਰਾਮ ਕਰਦੇ ਹਨ, ਦਾਸ ਟਹਿਲੀਆ ਜੂ ਹਾਜ਼ਰ ਖੜਾ ਹੈ–ਤੁਸੀਂ ਰਹੋ ਆਰਾਮ, ਲਾਵੋ ਆਸਣ। ਸੇਵਾ ਦਾ ਸੁਭਾਗ ਬਖਸ਼ੋ।

ਅਸੀਂ ਕਾਫੀ ਸਮੇਂ ਤੋਂ ਸੁਣਦੇ ਸਾਂ 'ਬਾਬਾ ਬਬੇਕਾ ਸਿੰਘ' (ਬਾਬਾ ਮਿੱਤ ਸਿੰਘ) ਜੀ ਦੀ ਬੁੱਢੇ ਦਲ ਵਿਚ ਸੇਵਾ-ਘਾਲ ਕਮਾਈ ਅਤੇ ਪੰਥ 'ਚ ਬਬੇਕ (ਸਰਬ ਲੋਹ ਦਾ ਪਹਿਰਾ) ਪ੍ਰਚੱਲਤ ਹੋ ਚੁਕਾ ਹੈ, ਤਾਂ ਤੇ ਅਸਾਂ ਭੀ ਪੰਥਕ ਮਰਯਾਦਾ 'ਬਬੇਕ' ਸਰਬ ਲੋਹ ਦਾ ਪਹਿਰਾ ਸ਼ੁਰੂ ਕਰ ਰਖਿਆ ਹੋਇਆ ਹੈ।

ਬਾਬਾ ਜੀ ਤੇ ਸਾਥੀਆਂ–ਪੰਜ ਇਸ਼ਨਾਨਾਂ ਕਰਕੇ ਬਾਟੇ ਸਰਬ ਲੋਹ ਦੇ ਲੈ ਲੰਗਰ ਛਕਿਆ,ਜਥੇਦਾਰ ਜੀ ਨੇ ਚੁਲਾ ਕਰਵਾਇਆ, ਬਾਬਾ ਮਿੱਤ ਸਿੰਘ ਜੀ ਨਿਰੰਕਾਰ ਦੇ ਸ਼ੁਕਰਾਨੇ ਲਈ ਅਰਦਾਸ ਕੀਤੀ।

ਫਤੇ ਬੁਲਾ ਜੈਕਾਰਾ ਗਜਾ—ਆਸਣਾ ਤੇ ਆ ਬੈਠੇ।

ਜਥੇਦਾਰ ਜੀ—ਸੁਖ ਸਾਂਦ ਅਤੇ ਪੰਥ ਬਾਰੇ ਪੁਛਣ ਲਈ ਬਾਬਾ ਜੀ ਪਾਸ ਆ ਬੈਠੇ। ਸੁਣਾਓ ਪੰਥ ਦੀਆਂ ਗੱਲਾਂ ?

ਬਾਬਾ ਧਰਮ ਸਿੰਘ ਜੀ— ਜਥੇਦਾਰ ਸਾਹਿਬ ਜੀ, ਪੰਥ ਬਾਰੇ ਤਾਂ ਪੁਛ ਲਿਆ ਪਰ ਸਾਡੇ ਬਾਰੇ ਕੁਝ ਨਹੀਂ ਪੁਛਿਆ—ਕਿਸ ਤਰ੍ਹਾਂ ਆਏ ਹੋ ?

ਜਥੇਦਾਰ ਸਾ:— ਹਾਂ ਭਾਈ ਸੱਚ ਮੈਂ ਭੁਲ ਗਿਆ, ਆਪ ਦਾ ਰਸਤੇ ਦੇ ਹਾਲਾਤ ਪੁਛਣੇ—ਪਰ ਬੁੱਢੇ ਦਲ ਨੇ ਚੰਗਾ ਕੀਤਾ ਜੋ ਐਡੇ ਲੰਮੇ ਸਮੇਂ ਲਈ ਤੁਸਾਂ ਨੂੰ ਘੋੜਿਆਂ ਤੇ ਚੜ੍ਹ ਕੇ ਸਫਰ ਕਰਨ ਲਈ ਦੇ ਦਿਤੇ ਹਨ। ਨਹੀਂ ਤੇ ਬੜੇ ਕਠਨ ਰਸਤੇ ਹਨ।

ਬਾਬਾ ਧਰਮ ਸਿੰਘ ਜੀ— ਜਥੇਦਾਰ ਜੀ ਕੀ ਪੁਛਦੇ ਹੋ, ਬਾਬਾ ਮਿੱਤ ਸਿੰਘ ਜੀ ਨੇ ਇਤਨੀਆਂ ਕਠਨ ਸ਼ਰਤਾਂ ਰੱਖ ਦਿਤੀਆਂ—ਕਿ ਨੰਗੀ ਪੈਰੀਂ ਪੈਦਲ, ਨਾ ਘੋੜਿਆਂ ਤੇ ਅਤੇ ਨਾ ਹੀ ਬੱਸ-ਗੱਡੀ ਚੜ੍ਹਨਾ ਹੈ, ਸਾਨੂੰ ਤਾਂ ਸਾਰੀ ਹਯਾਤੀ (ਉਮਰ) ਇਹ ਕਸ਼ਟ ਭੁਲਣੇ ਨਹੀਂ।ਕਈ ੨ ਦਿਨ ਭੁਖੇ-ਭਿਆਨਕ ਜੰਗਲ ਵਿਚ ਸ਼ੇਰ ਦਾਹੜ ਦੇ ਬੜੇ ਭਿਆਨਕ ਰਸਤੇਅਸਾਂ ਹੀ ਆ ਪਹੁੰਚੇ ਹਾਂ—ਬਹੁਤ ਸਿੰਘ ਜੋ ਨਾਲ ਚਾਉ-ਚਾਂਈ ਟੁਰ ਪਏ ਸਨ, ਰਾਹ ਵਿਚ ਹੀ ਸਾਥ ਛੱਡ ਗਏ ਸਨ।

ਜ: ਬਾਬਾ ਲੱਧਾ ਸਿੰਘ— ਬੜੀ ਹੈਰਾਨੀ ਨਾਲ ! ਹੈਂ ਘੋੜਿਆਂ ਦੇ ਹੁੰਦਿਆਂ ਪੈਦਲ?ਤੇ ਫਿਰ ਨੰਗੀ ਪੈਰੀਂ, ਕਠਨ ਘਾਲਾਂ ਘਾਲ ਆਏ ਹੋ—ਸੁਭਾਗੇ ਹੋ ਧੰਨ ਭਾਗ ਜੋ ਆਪ ਜੈਸੇ ਗੁਰਸਿੱਖਾਂ ਦੇ ਦੀਦਾਰ ਹੋਏ ਹਨ, ਸੁਣਦੇ ਸਾਂ ਅੱਜ ਅੱਖੀਂ ਦੇਖ ਲਿਆ ਏ। ਹਾਂ ਸੱਚ ! ਬਾਹਰ ਦਰਵਾਜ਼ੇ 'ਚ ਕਿਤਨਾ ਚਿਰ ਖੜੇ ਕੋਰੜੀਆਂ ਵਿਚਾਰਾਂ ਵਿਚ ਲੱਗੇ ਹੋਏ ਸੀ ? ਬਾ: ਮਿੱਤ ਸਿੰਘ ਜੀ— ਪੱਸਚਾਤਾਪ ?

ਜਥੇਦਾਰ ਸਾ:— ਕਾਹਦਾ ਪੱਸ਼ਚਾਤਾਪ ? ਕਿ ਐਸ ਵੇਲੇ ਕਿਉਂ ਆ ਗਏ ਹਾਂ, ਖਬਰੇ ਅਗੇ ਜਲ ਪਾਣੀ ਭੀ ਮਿਲੇਗਾ ਕਿ ਨਹੀਂ ਇਹ ਸੋਚਦੇ ਸੀ ?

ਬਾਬਾ ਮਿੱਤ ਸਿੰਘ ਜੀ— ਇਹ ਨਹੀਂ ਕਿ ਕੋਈ ਜਲ ਪਾਣੀ ਪੁਛੇਗਾ ਕਿ ਨਹੀਂ ? ਉਹ ਤੇ ਦਾਣੇ-ਦਾਣੇ ਤੇ ਮੋਹਰ ਹੈ ਉਸ ਦੀ ਚਿੰਤਾ ਤੇ ਪਸ਼ਚਾਤਾਪ ਕੀ ? ਪਰ ਇਹ ਗਲ ਦਸਣੋ ਬਾਹਰੀ ਹੈ—

'ਕਹੁ ਕਬੀਰ ਗੂੰਗੇ ਗੁੜ ਖਾਇਆ, ਪੂਛੇ ਤੇ ਕਿਆ ਕਹੀਐ ॥੪॥੭॥੫੧॥' [ਭ: ਕਬੀਰ—੩੩੪

ਵਾਲੀ ਲੰਮੀ ਕਹਾਣੀ ਹੈ—ਛਡੋ ਇਸ ਨੂੰ ?

ਜਥੇਦਾਰ— ਹੱਛਾ ਸੁਣਾਵੋ ਪੰਥ ਦੀ ਖਬਰ, ਚੜ੍ਹਦੀਆਂ ਕਲਾਂ ਵਿਚ ਹੈ।

ਬਾਬਾ ਮਿੱਤ ਸਿੰਘ ਜੀ— ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਚੜ੍ਹਦੀਆਂ ਕਲਾਂ ਵਿਚ ਵਿਚਰ ਰਿਹਾ ਏ--ਸਭ ਅਨੰਦ ਕੁਸ਼ਲ ਹਨ, ਸਭ ਸਿੰਘਾਂ ਦੀ ਫਤਿਹ ਬੁਲਾਈ ਪ੍ਰਵਾਨ ਕਰਨੀ।

ਸਚਖੰਡ ਪੁਜਣਾ—ਇਸ ਬਾਰੇ ਪਿਛੇ ਆ ਚੁਕਾ ਹੈ, ਪਰ ਟੂਕ ਮਾਤਰ—੧੩ ਨਵੰਬਰ ਸੰਨ ੧੯੧੮ ਈਸਵੀ ਮੁਤਾਬਕ ੩੦ ਪੋਹ, ਸੰਮਤ ੧੯੭੫ ਬਿਕ੍ਰਮੀ ਪੁੱਜੇ ਸਨ ਭਾਵ ੭ ਮਹੀਨੇ ਪੈਦਲ ਦਮਦਮਾ ਸਾ: ਤੋਂ ਚਲ ਕੇ ਸਚਖੰਡ ਪੁਜੇ।

ਜਥੇਦਾਰ— ਨਿੰਮ੍ਰਤਾ ਸਹਿਤ ਹੱਥ ਜੋੜ ਸਿਰ ਨਿਵਾ ਫਤਿਹ ਦਾ ਜਵਾਬ ਫਤਿਹ 'ਚ ਦਿਤਾ। ਹਾਂ ਖੁਸ਼ਖਬਰਾਂ ਆਈਆਂ ਸਨ ਕਿ ਸਾਰਾ ਪੰਥ ਸੱਚਖੰਡ ਹਜ਼ੂਰ ਦੇ ਦੀਦਾਰ ਕਰਨ ਨਿਸ਼ਾਨ-ਧੌਂਸਿਆਂ ਸਮੇਤ ਪੁਜ ਰਿਹਾ ਹੈ, ਗੁਰਮਤਾ ਹੋ ਚੁੱਕਾ ਹੈ, ਕਦ ਆ ਰਹੇ ਹਨ ?

ਬਾਬਾ ਮਿੱਤ ਸਿੰਘ ਜੀ-- ਜੀ ਹਾਂ ! ਗੁਰਮਤਾ ਤਾਂ ਹੋਇਆ ਸੀ, ਪਰ ਸਾਰਾ ਪੰਥ ਨਹੀਂ ਆ ਰਿਹਾ, ਕਿਉਂਕਿ ਰਸਤੇ ਦੀਆਂ ਰੁਕਾਵਟਾਂ ਕਾਰਨ ਅਜੇ ਅਕਾਲ ਪੁਰਖ ਜੀ ਦਾ ਹੁਕਮ ਨਹੀਂ ਹੋ ਰਿਹਾ। ਨਵਾਬ ਹੈਦਰਾਬਾਦ ਦੀ ਪਾਬੰਧੀ, ਅੰਗਰੇਜ਼ਾਂ ਦਾ ਸ਼ਾਹੀ ਫੁਰਮਾਨ, ਰਸਤੇ 'ਚ ਰਿਆਸਤਾਂ ਦੀ ਨਾ ਮਨਜ਼ੂਰੀ, ਪੇਸ਼ ਕਰਕੇ ਪੰਥ ਨੂੰ ਔਂਕੜਾਂ ਕਾਰਨ ਅਜੇ ਰੁਕਣਾ ਪਿਆ ਹੈ।

ਸੋ ਗੁਰੂ ਪੰਥ ਖਾਲਸੇ ਨੇ ਗੁਰਮਤਾ ਕਰਕੇ ਪੰਜ ਸਿੰਘ, ਗੁਰੂ ਹਜ਼ੂਰ ਤਖਤ ਸ੍ਰੀ ਸੱਚਖੰਡ—ਅਬਿਚਲ ਨਗਰ (ਨਾਂਦੇੜ) ਭੇਜੇ ਜਾਵਣ, ਜੋ ਪੰਥ ਦੀ ਸਚਖੰਡ ਯਾਤਰਾ ਦੀ ਅਰਦਾਸ ਬਹੁਤ ਸਾਰੀਆਂ ਅੜਿਚਣਾਂ ਕਰਕੇ ਨਾ ਪੁਜ ਸਕਣ ਦਾ ਪਸ਼ਚਾਤਾਪ ਵਜੋਂ ਅਰਦਾਸ ਕਰਵਾਉਣ ਅਤੇ ਹਜ਼ੂਰ ਤੋਂ ਮਾਫੀ ਮੰਗਣ। ਸੋ ਅਸੀਂ ਪੰਥ ਖਾਲਸਾ ਜੀ ਵਲੋਂ ਭੇਜਣਾ ਕੀਤੇ ਹਾਂ, ਸਾਡੇ ਨਾਲ ਕਈ ਸਿੰਘ ਤਿਆਰ ਹੋ ਗਏ ਜੋ ੧੨੮ - ੧੫ ਸਿੰਘਾਂ ਚਾਲੇ ਪਾਏ ਸਨ ਪਰ ਨੰਗੀ ਪੈਰੀਂ ਪੈਦਲ ਚਲਣ ਦੇ ਦੁਖਾਂਤ ਤੋਂ ਰਸਤੇ ਵਿਚ ਹੀ ਖੁੰਝਕੁੰਡੂ ਹੁੰਦੇ ਗਏ। ਸਤਿਗੁਰੂ ਜੀ ਦੀ ਅਪਾਰ ਬਖਸ਼ਸ਼ ਦਾ ਸਦਕਾ ਅਤੇ ਪੰਥ ਖਾਲਸਾ 'ਬੁੱਢੇ ਦਲ' ਦਾ ਸਿਰ ਤੇ ਮੇਹਰ ਭਰਿਆ ਹੱਥ ਸਦਕਾ ਅਸੀਂ (ਦੋ ਘੋੜੇ ਤੇ ਤਿੰਨ ਸਿੰਘ ਭਾਵ ਪੰਜ) ਹੀ ਪਹੁੰਚ ਪਾਏ ਹਾਂ। ਸਵੇਰੇ ਸਤਿਗੁਰੂ ਹਜ਼ੂਰ ਅਰਦਾਸ ਲਈ ਆਪ ਜੀ ਨੇ ਭੀ ਸਾਡੇ ਨਾਲ ਹੋਣਾ ਹੋਵੇਗਾ, ਤੇ ਛਾਉਣੀ ਦੇ ਹੋਰ ਸਾਰੇ ਸਿੰਘ ਭੀ ਚਲਣਗੇ, ਸਾਰਿਆਂ ਨੂੰ ਕਹਿ ਦਿਓ।

ਜ: ਬਾਬਾ ਲੱਧਾ ਸਿੰਘ ਜੀ— ਵਾਹ ! ਵਾਹ !! ਸਿੰਘੋ ! ਤੁਸਾਂ ਪੰਥ ਦੀ ਆਣ ਤੇ ਸ਼ਾਨ ਬਰਕਰਾਰ ਰੱਖਣ ਲਈ,ਰਸਤੇ ਦੀਆਂ ਭਾਰੀ ਮੁਸ਼ਕਲਾਂ ਦਾ ਸਾਮ੍ਹਣਾ ਕਰਕੇ,ਹੱਠ-ਤੱਪ ਅਤੇ ਸਖਤ ਘਾਲਣਾ ਘਾਲ ਕੇ ਨੰਗੀ ਪੈਰੀਂ ਪੈਦਲ ਪੱਸ਼ਚਾਤਾਪ ਕਰਨ ਆਏ ਹੋ ? ਫਿਰ ਆਪ ਜੀ ਦੀ ਇਹ ਘਾਲ ਬਿਰਥਾ ਕਿਵੇਂ ਜਾ ਸਕਦੀ ਹੈ। ਜਦ ਕਿ ਦਰਗਾਹੀ ਫੁਰਮਾਨ ਹੈ— 'ਇਕ ਤਿਲ ਨਹੀ ਭੰਨੈ ਘਾਲੈ' [ਮ: ੫

ਸਤਿਗੁਰੂ ਤਾਂ ਸਿੱਖ ਦੀ ਭਾਓ-ਭਗਤੀ ਅਨੁਸਾਰ ਇਕ ਤਿਲ ਭਰ ਭੀ ਜੇ ਘਾਲ ਘਾਲੇ, ਤਾਂ ਉਸ ਦਾ ਫਲ ਭੀ ਦੇ ਦੇਂਦਾ ਹੈ, ਤਿਲ ਜਿੰਨੀ ਘਾਲ ਬਿਰਥੀ ਨਹੀਂ ਜਾਂਦੀ ? ਪਰ ਆਪ ਤਾਂ ਇਤਨੇ ਲੰਬੇ ਪੈਂਡੇ ਦੀ ਕਠਨ ਘਾਲ, ਘਾਲ ਕੇ ਆਏ ਹੋ, ਬਿਰਥਾ ਕਿਵੇਂ ਜਾਵੇਗੀ, ਇਸ ਸੱਚੇ ਦਰਬਾਰ ਵਿਚ ਤਾਂ ਪੂਰਾ ਪੂਰਾ ਨਿਆਉਂ ਹੈ। ਭਾਈ ਗੁਰਦਾਸ ਜੀ ਫੁਰਮਾਂਦੇ ਹਨ—

ਕਬਿੱਤ— 'ਚਰਨ ਸਰਨ ਗੁਰ ਏਕ ਪੈਂਡ ਜਾਇ ਚਲ, ਸਤਿਗੁਰ ਕੋਟ ਪੈਂਡ ਆਗੈ ਹੋਇ ਲੇਤ ਹੈਂ।
ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ, ਸਿਮਰਨ ਤਾਂਹਿ ਗੁਰ ਬਾਰੰਬਾਰ ਹੇਤ ਹੈਂ।
ਭਾਵਨੀ ਭਗਤਿ ਭਾਇ ਕੌਡੀ ਅਗੂ ਭਾਗ ਰਾਖੈ, ਤਾਂਹਿ ਗੁਰ ਸਰਬ ਨਿਧਾਨ ਦਾਨ ਦੇਤ ਹੈਂ।
ਸਤਿਗੁਰ ਦਯਾ ਨਿਧਿ ਮਹਿਮਾ ਅਗਾਧ ਬੋਧ, ਨਮੋ-ਨਮੋ ਨਮੋ-ਨਮੋ, ਨੇਤਿ ਨੇਤਿ ਨੇਤਿ ਹੈਂ।੭੭।੧੨੭।'

ਫਿਰ ਆਪ ਜੈਸੇ ਅਣਥੱਕ ਸੇਵਾਦਾਰ,ਪੰਥ ਦੇ ਨਿਰਮੋਲਕ ਹੀਰਿਆਂ ਦੀ ਅਰਦਾਸ,ਕੀ ਆਖਿਆ ਜੇ ?

ਪ੍ਰਵਾਨ ਕਰਨਗੇ ਕਿ ਨਹੀਂ ? ਇਹ ਕਿਵੇਂ ਹੋ ਸਕਦਾ ਏ ? ਸਤਿਗੁਰੂ ਦਯਾ ਨਿਧ, ਮੇਹਰਵਾਨ ਹਨ ਅਤੇ ਬਿਰਧ ਪਾਲਕ ਹਨ, ਜੋ ਹਰ ਪਲ-ਹਰ ਘੜੀ– 'ਸੇਵਕ ਕੀ ਅਰਦਾਸ ਪਿਆਰੇ ।।' [ਪੰਨਾ ੫੬੩
ਅਰਦਾਸ ਸੁਣਦੇ ਹਨ, ਅਜੇਹਾ ਕ੍ਰਿਪਾਲੂ ਸਤਿਗੁਰੂ ਤਾਂ–'ਬਿਨੁ ਬੋਲਤ ਆਪਿ ਪਛਾਨੈ ।।੩।।' [ਪੰਨਾ ੬੨੧

ਬਾਬਾ ਧਰਮ ਸਿੰਘਜੀ– ਜਥੇਦਾਰ ਜੀ, ਪਤਾ ਨਹੀਂ ? ਬਾਬਾ ਮਿੱਤ ਸਿੰਘ ਜੀ ਕਿਸ ਮਿੱਟੀ ਦੇ ਘੜੇ ਹੋਇ ਹਨ, ਰਸਤੇ ਵਿਚ ਭੀ, ਤੇ ਹੁਣ ਭੀ, ਰਮਜ਼ਾਂ-ਰਾਜ਼ਾਂ ਭੁਲੇਖਿਆਂ ਦੇ ਚੱਕਰ ਵਿਚ ਹੀ ਪਾਈ ਜਾ ਰਹੇ ਹਨ। ਖੁੱਲ ਕੇ ਸਿਧੀ-ਸਾਦੀ ਜੱਟਕੀ ਜੇਹੀ ਬੋਲੀ ਵਿਚ ਨਹੀਂ ਸਮਝਾਂਦੇ, ਸਾਡੀ ਸਮਝੋਂ ਤਾਂ ਇਨ੍ਹਾਂ ਦੀ ਖੇਡ ਕਿਧਰੇ ਬਾਹਰ ਹੈ ।

ਜਥੇਦਾਰ ਜੀ– ਬਾਹਰ ਦੁਆਰ ਅਗੇ ਖੜੇ ਇਹੋ ਗੀਟੀਆਂ ਗਿਣ ਰਹੇ ਸੀ, ਇਹ ਕੇਹੜਾ ਛਲ ਹੋਇਆ, ਇਹ ਤਾਂ ਮਹਾਂ ਪੁਰਸ਼ ਬ੍ਰਹਮ ਹਨ, ਬ੍ਰਹਮ ਗਿਆਨੀ ਕਿਸੇ ਨਾਲ ਛਲ ਨਹੀਂ ਕਰਦਾ–ਧੋਖਾ ਨਹੀਂ ਦੇਂਦਾ, ਸਗੋਂ ਸਭ ਦਾ ਭਲਾ ਲੋੜਦਾ ਹੈ, ਪ੍ਰਉਪਕਾਰ ਕਰਨ ਵਿਚ ਉਮਾਹ ਤੇ ਚਾਓ ਰਖਦਾ ਹੈ, ਪਰ ਕਰਮ ਤਾਂ ਆਪੋ ਆਪਣੇ ਮੁਤਾਬਕ ਹੀ–

'ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤੁ ।।' [ਬਾਰਾ ਮਾਹ, ਪਾ: ੫–੧੩੪

ਜੋ ਜੋ ਅਸਾਂ ਬੀਜਿਆ ਉਸ ਦਾ ਹੀ ਫਲ ਮਿਲਣਾ ਹੈ, ਫਿਰ ਦੋਸ਼ ਕਿਸ ਨੂੰ, ਤਾਂ ਭਾਈ–

'ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ।।
ਜੋ ਮੈ ਕੀਆ ਸੋ ਮੈ ਪਾਇਆ, ਦੋਸੁ ਨ ਦੀਜੈ ਅਵਰ ਜਨਾ ।।੨੧।।' [ਆਸਾ ਮ: ੧ ਪਟੀ--੪੩੩

ਬਾਬਾ ਧਰਮ ਸਿੰਘ ਜੀ– ਉਸ ਛਲੀਏ 'ਚੋਜੀ ਪ੍ਰੀਤਮ' ਦੀਆਂ ਹੀ ਤਾਂ ਗੱਲਾਂ ਕਰਦੇ ਸਾਂ, ਦੇ ਗੁਰਮੁਖੀ ਦੁਮਾਲੇ ਸਜਾਈ, ਤਿਆਰ-ਬਰ-ਤਿਆਰ ਉਸ ਇੰਮਲੀ ਜਿਥੇ ਆਸਣ ਲਾਣ ਲਗੇ ਸਾਂ, ਪਹੁੰਚ ਕੇ ਬੜੇ ਮਿੱਠ ਬੋਲੇ ਬਚਨਾਂ ਨਾਲ, ਸਿੰਘੋ ! ਆਹ ਛਾਉਣੀ ਨੇੜੇ ਹੈ, ਇਥੇ ਆਸਣ ਨਾ ਲਾਵੋ, ਇਹ ਅਪਵਿੱਤ੍ਰ ਧਰਤੀ ਹੈ, ਆਹ ਵਾਗਾਂ ਘੋੜਿਆਂ ਦੀਆਂ ਫੜੀ, ਦੁਆਰ ਬਾਹਰ ਹੀ ਛੱਡ ਕੇ ਕਿਹਾ, ਆਹ ਛਾਉਣੀ ਹੈ--ਔਹ ਜਥੇਦਾਰ ਜੀ ਬੈਠੇ ਤੁਹਾਡੀ ਉਡੀਕ ਕਰ ਰਹੇ ਹਨ, ਬੱਸ ! ਦੁਆਰ ਅਗੇ ਛੱਡ, ਔਹ ਗਏ, ਔਹ ਗਏ, ਪਲਾਂ ਵਿਚ ਅੱਖਾਂ ਤੋਂ ਓਹਲੇ ਹੋ ਗਏ ।

ਜਥੇਦਾਰ ਜੀ– ਵਾਹ ! ਵਾਹ !! ਧੰਨ ਕਲਗੀਧਰ ਜੀ, ਇਸ ਵਿਚ ਬਾ: ਮਿੱਤ ਸਿੰਘ ਦਾ ਕੀ ਕਸੂਰ ਹੈ, ਤੁਸੀਂ ਧੰਨ ਭਾਗੇ ਹੋ, ਜਿਨਾਂ ਦੀ ਵਾਗ ਡੋਰ ਮਾਲਕ ਨੇ ਆਉਂਦਿਆਂ ਫੜ ਲਈ, ਫਿਰ ਕੀ ਓਹ ਅਰਦਾਸ ਨਹੀਂ ਕਬੂਲ ਕਰਨਗੇ ? ਵਿਸ਼ਵਾਸ਼ ਪਾਤਰ ਬਣੋ ? ਇਹ ਇਕ ਰਾਜ਼ ਭਰੀ ਕਹਾਣੀ ਹੈ, ਵਾਗ ਡੋਰ ਮਾਲਕ ਉਸ ਦੀ ਫੜਦਾ ਹੈ ਜਿਸ ਤੇ ਬਖਸ਼ਸ਼ ਕਰਕੇ ਆਪਣਾ ਬਣਾ ਲੈਂਦਾ ਏ ?

ਸਤਿਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ (ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ) ਦੀ ਘੋੜੀ ਦੀ ਵਾਗ ਫੜ ਕੇ, ਅਗੇ ਹੋ ਟੁਰੇ ਸਨ ਤੇ ਕਿਹਾ, ਹਾਂ ਪੁਰਸ਼ਾ ਲਹਿਣੇ ਵਾਲੇ ਘੋੜੀ ਤੇ ਚੜ ਕੇ ਆਉਂਦੇ ਹਨ, ਦੇਣੇ ਵਾਲੇ ਪੈਦਲ ? ਸੋ ਪਤਾ ਨਹੀਂ ਸਤਿਗੁਰਾਂ ਆਪ ਨੂੰ ਕੀ ਕੀ ਬਖਸ਼ਸ਼ਾਂ ਬਖਸ਼ਣੀਆਂ ਨੇ, ਇਹ ਤਾਂ ਸਮਾਂ ਹੀ ਦਰਸਾਏਗਾ, ਉਸ ਵਾਹਿਗੁਰੂ ਜੀ ਦੀਆਂ ਤਾਂ ਓਹੋ ਹੀ ਜਾਨਣ ।

ਹਾਂ ਸਿੰਘੋ ! ਸਤਿਗੁਰਾਂ ਤਾਂ ਅਗੋਂ ਹੋ ਦਰਸਾਇਆ ਹੈ ਤੇ 'ਪੀਡੀ ਪਾਈ ਗੰਢ' ਪੱਕੀ ਗੰਢ ਪਾ ਲਈ ਹੈ। ਅਗੋਂ ਵੇਖ ਰੰਗ ਚੋਜੀ ਦੇ 'ਵੇਖ ਮਰਦਾਨਿਆਂ ! ਰੰਗ ਕਰਤਾਰ ਦੇ' ।

ਇਉਂ ਬਹੁਤ ਰਾਤ–ਰਾਜ਼ਾਂ, ਰਮਜਾਂ, ਗੋਹਝ ਭਾਵਾਂ ਦੀਆਂ ਵਾਰਤਾਲਾਪਾਂ ਦੀਆਂ ਵਿਚਾਰਾਂ ਹੁੰਦੀਆਂ ਰਹੀਆਂ। ਸਤਿਸੰਗ ਦੀਆਂ ਘੜੀਆਂ ਵਿਚ ਨੀਂਦਰਾਂ, ਥਕਾਵਟਾਂ, ਪਰ ਲਾ ਕੇ ਕੋਹਾਂ ਦੂਰ ਜਾ ਚੁੱਕੀਆਂ ਸਨ, ਸਾਰਿਆਂ ਦਾ ਮਨ ਲੋਚਦਾ, ਕਿ ਇਹ ਸਤਿਸੰਗ ਦਾ ਸਮਾਂ ਹੋਰ ਲੰਬਾ ਇਸੇ ਤਰ੍ਹਾਂ ਚਲਦਾ ਰਵੇ । ਸਾਰੀ ਰਾਤ ਇਸੇ ਤਰ੍ਹਾਂ ਰਸ ਰੰਗ ਮਾਣਿਆ ਜਾਵੇ ।

ਜਥੇਦਾਰ ਜੀ ਨੇ ਕਿਹਾ–ਸਿੰਘੋ ! ਕਾਫੀ ਰਾਤ ਗੁਜ਼ਰ ਚੁਕੀ ਏ, ਆਪ ਜੀ ਨੂੰ ਬੜਾ ਬੇਆਰਾਮ ਕੀਤਾ ਏ, ਕੁਝ ਆਰਾਮ ਕਰ ਲਵੋ । ਫਿਰ ਸਾਰਾ ਦਿਨ ਵਿਚਾਰਾਂ ਕਰਨ ਤੇ ਹੀ ਹੈ ।

ਜਥੇਦਾਰ ਜੀ ਨੇ ਭੀ ਆਪਣੇ ਆਸਣ ਤੇ ਜਾ ਬਿਸਰਾਮ ਕੀਤਾ। ਬਾਬਾ ਜੀ ਦੇ ਦੋਵੇਂ ਸਾਥੀ ਭੀ ਆਸਣਾਂ ਤੇ ਅੜਿੰਗ - ਬੜਿੰਗ (ਬਿਰਾਜਮਾਨ) ਹੋ ਗਏ । ਪਰ ਬਾਬਾ ਮਿੱਤ ਸਿੰਘ ਜੀ ਸਤਿਗੁਰੂ ਜੀ ਦੀ ਅਪਾਰ ਬਖਸ਼ਸ਼ ਦੇ ਸ਼ੁਕਰਾਨੇ ਵਿਚ ਚੌਂਕੜਾ ਮਾਰ, ਬੈਠਕੇ ਆਪਣੀ ਵੇਦਣਾ ਅੰਦਰੇ ੨ ਕਹਿ ਰਹੇ ਸਨ–

ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨਾ ਭਾਉ ।।
ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨਾ ਮਿਲਣੁ ਕੁਆਉ ।। ੮੦ ।।
[ਸਲੋਕ ਫਰੀਦ, ਪੰਨਾ ੧੩੮੨

ਸਿੱਕਾਂ ਵਾਲੇ ਨੂੰ ਭਲਾ ਨੀਂਦਰ ਕਿਥੇ ? 'ਤਿਥੈ ਊਂਘ ਨ ਭੁਖ ਹੈ' ਸੱਚਖੰਡ ਦੇ ਪਾਂਧੀ ਨੂੰ, ਨਾ ਭੁੱਖ ਨਾ ਪਿਆਸ, ਨਾ ਨੀਂਦਰ, ਨਾ ਊਂਘ, ਨਾ ਦੁੱਖ, ਨਾ ਸੁੱਖ ਵਾਪਰਦਾ ਹੀ ਨਹੀਂ । ਕਿਉਂਕਿ ਉਹਨਾਂ ਦੀ ਆਤਮਾ ਗੁਰ ਉਪਦੇਸ਼ ਨੂੰ ਦ੍ਰਿੜ੍ਹ ਵਿਸ਼ਵਾਸ ਨਾਲ ਆਪਣੇ ਅੰਦਰ ਧਾਰਨ ਕਰ ਚੁਕੀ ਹੁੰਦੀ ਹੈ । ਉਹ ਸੱਚ ਹੁਕਮ 'ਗੁਰਬਾਣੀ' ਨੂੰ 'ਸਚ ਹੁਕਮ ਤੁਮਾਰਾ' ਜਾਣ ਕੇ, ਨਿਸਚੇ ਧਾਰੀ ਹੋ ਜਾਂਦੇ ਹਨ ਕਿ–

ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ।।
ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ ।।੧੧੨।। [ਸਲੋਕ ਫਰੀਦ–੧੩੮੪

ਕਿਉਂਕਿ ਦਾਤੇ ਤੋਂ ਦਾਤ ਪ੍ਰਾਪਤ ਕਰਨ ਦੇ ਇੱਛਕ ਨੂੰ ਭਲਾ ਨੀਂਦਰ ਕਿਥੇ ? ਗੁਰੂ ਉਪਦੇਸ਼ ਤੇ ਦ੍ਰਿੜ੍ਹ ਕਿ 'ਰਾਤ ਕਥੂਰੀ ਵੰਡੀਏ... ... ।।੮੦।। (ਸਲੋਕ ਫਰੀਦ, ਪੰਨਾ ੧੩੮੨) ਕਿਉਂਕਿ ਅਮੁੱਲੀ ਦਾਤ ਸੰਸਾਰੀ ਜੀਵਾਂ ਦੇ ਸੌਂ ਜਾਣ ਤੇ ਭਗਤ ਜਨਾਂ ਨੂੰ ਕਥੂਰੀ [ਨਾਮ ਰੂਪੀ ਕਸਤੂਰੀ] ਵੰਡੀ ਜਾਂਦੀ ਹੈ, ਨਾਲੇ ਗਾਹਕ ਤੋਂ ਬਿਨਾਂ ਗੁਣ ਵੇਡਣਾ ਘੱਟੇ ਕੌਡੀਆਂ ਰੁਲ ਜਾਂਦਾ ਹੈ । ਹਾਂ ਜੀਓ ! ਪ੍ਰਭੂ ਸਿਮਰਨ ਸੁਰਤ-ਸ਼ਬਦ ਤੇ ਮਨ ਦੀ ਇਕਾਗਰਤਾ ਨਾਲ ਕਰ ਕੇ ਹੀ ਹੁੰਦਾ ਹੈ ।

ਇਸੇ ਕਰ ਕੇ ਹੀ ਬਾਬਾ ਜੀ ਟਿਕੀ ਹੋਈ ਪਿੱਛਲ ਰਾਤ–ਪ੍ਰਭਾਤ ਤੱਕ ਪ੍ਰਭੂ ਯਾਦ ਲਈ ਬੈਠੇ ਰਹੇ ।

ਅੰਮ੍ਰਿਤ ਵੇਲਾ ਹੋ ਗਿਆ, ਜੋ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ।। (ਜਪੁ ਸਾਹਿਬ) ਸੱਚੇ ਪ੍ਰਭੂ ਦਾ ਨਾਉ ਜਪਣ ਦਾ ਸਮਾਂ ਗੁਰਬਾਣੀ ਅਨੁਸਾਰ ਅੰਮ੍ਰਿਤ ਵੇਲਾ ਦੋ ਵਜੇ ਤੋਂ ਬਾਅਦ ਦਾ ਨਿਰਧਾਰਤ ਹੈ । ਤ੍ਰੈਪਹਿਰਾ ਨਗਾਰੇ ਤੇ ਚੋਬ ਵੱਜੀ । ਸਾਰੇ ਸਿੰਘ ਉਠ ਕੇ ਕ੍ਰਿਆ ਸੋਧਨ, ਸੌਚ ਇਸ਼ਨਾਨ

ਕਰਨ ਲਈ ਗੋਦਾਵਰੀ ਤੱਟ ਨੂੰ, ਵੱਗਦੇ ਜਲ ਵਿਚ ਇਸ਼ਨਾਨ ਕਰਨ ਚਲੇ ਗਏ।

ਸੱਚਖੰਡ ਦੇ ਦੀਦਾਰਿਆਂ ਤੋਂ ਪਹਿਲਾਂ ਕ੍ਰਿਆ ਸੋਧਣ ਦੀ ਮਰਯਾਦਾ

ਛਾਉਣੀ ਦੇ ਜਥੇਦਾਰ ਜੀ ਨੇ ਰਾਤ ਨੂੰ ਹੀ ਬਾਬਾ ਜੀ ਨੂੰ ਸਵੇਰੇ ਇਸ਼ਨਾਨ ਕਰਨ ਲਈ ਰੇਠੇ* ਅਤੇ ਬਸਤਰ ਸਾਫ ਕਰਨ ਲਈ ਸਾਬਣ ਦੇ ਦਿਤਾ ਸੀ। ਬਾਬਾ ਜੀ ਨੇ ਸਾਥੀ ਸਿੰਘਾਂ ਦੇ ਬਿਰਾਜ ਜਾਣ ਤੇ ਰੇਠੇ ਭੰਨ ਕੇ ਭਿਉਂ ਰਖੇ ਹੋਇ ਸਨ, ਉਹਨਾਂ ਨੂੰ ਪੁਣ ਛਾਣ ਕਰਕੇ ਬਾਬਾ ਮਿੱਤ ਸਿੰਘ ਜੀ ਤੇ ਦੋਵੇਂ ਸਾਥੀ ਉਠੇ ਤੇ ਕ੍ਰਿਆ ਸੋਧਣ, ਨਦੀ ਤੱਟ ਤੇ ਚਲੇ ਗਏ।

ਸਾਰਿਆਂ ਸਿੰਘਾਂ ਨੇ ਬਸਤਰ ਸਾਫ ਕਰ ਕੇ ਕੇਸੀਂ ਇਸ਼ਨਾਨ ਕੀਤਾ। ਕੇਸ ਹਰੇ ਹੋਣ ਅਤੇ ਬਸਤ੍ਰ ਸੁੱਕਣ ਤਕ, ਬੈਠ ਕੇ ਨਿਤਨੇਮ ਕੀਤਾ। ਕੇਸ ਹਰੇ ਹੋਣ ਤੇ ਦੁਮਾਲੇ [ਦਸਤਾਰੇ] ਸਜਾ ਕੇ, ਬਸਤਰ ਪਹਿਨ ਕੇ ਛਾਉਣੀ ਆ ਕੇ, ਗੜਵੇ - ਬਾਟੇ ਰੱਖ ਕੇ ਨਿਰ - ਅਹਾਰ (ਬਿਨਾਂ ਕੁਝ ਛਕੇ ਮੁੱਚੇ - ਮੂੰਹ) ਸ੍ਰੀ ਹਜ਼ੂਰ ਤਖ਼ਤ ਸੱਚਖੰਡ ਤੇ ਹਾਜ਼ਰੀ ਲੁਆਉਣ ਲਈ ਅਰਦਾਸ ਕਰਾਉਣ ਦੇ ਤਿਆਰੇ ਕੀਤੇ।

ਸੱਚਖੰਡ ਦੇ ਦੀਦਾਰਿਆਂ ਲਈ ਤਿਆਰੇ

ਬਾਬਾ ਮਿੱਤ ਸਿੰਘ ਜੀ ਤੇ ਦੋਵੇਂ ਸਾਥੀ ਬਾਬਾ ਧਰਮ ਸਿੰਘ ਜ਼ੀ ਤੇ ਭਾਈ ਗੁਰਦਿੱਤ ਸਿੰਘ ਜੀ, ਜਥੇਦਾਰ ਬਾਬਾ ਲੱਧਾ ਸਿੰਘ ਜੀ ਅਤੇ ਹੋਰ ਭੀ ਸਿੰਘ (ਸ਼੍ਰੋਮਣੀ ਪੰਥ ਬੁੱਢਾ ਦਲ) ਦੀ ਅਰਦਾਸ ਵਿਚ ਸ਼ਾਮਲ ਹੋਣ ਲਈ ਸਭ ਨੰਗੀ ਪੈਰੀਂ–ਨਿਮਰਤਾ ਸਹਿਤ ਛਾਉਣੀ ਤੋਂ ਚਾਲੇ ਪਾਏ ਅਤੇ ਪ੍ਰਸ਼ਾਦਿ (ਪਤਾਸੇ) ਭੀ ਅਰਦਾਸ ਲਈ ਲੈ ਲਏ।

ਹਾਜ਼ਰੀ ਦੀ ਅਰਦਾਸ—ਹਜ਼ੂਰ ਦੀ ਹਾਜ਼ਰੀ ਵਿਚ ਪਹੁੰਚ ਕੇ ਸਾਰੇ ਸਿੰਘਾਂ ਬੜੇ ਅਦਬ ਨਾਲ ਨਮਸ਼ਕਾਰ ਕਰ ਕੇ ਹਜ਼ੂਰ ਦੇ ਸਾਹਮਣੇ ਖੜੇ ਹੋ ਗਏ। ਛੋਟੇ ਪੁਜਾਰੀ (ਜੋ ਸੱਚਖੰਡ ਤਖ਼ਤ ਦੇ ਚੌਖੰਡੀ ਦੇ ਸਾਹਮਣੇ ਦਰਵਾਜ਼ੇ ਦੇ ਬਾਹਰ ਖੜੇ ਹੁੰਦੇ ਹਨ) ਜੀ ਨੂੰ ਬੇਨਤੀ ਕੀਤੀ ਜੋ ਸਾਡੀ ਹਾਜ਼ਰੀ ਦੀ ਹਜ਼ੂਰ ਸਤਿਗੁਰੂ ਜੀ ਅਗੇ ਅਰਦਾਸ ਕਰੋ ਜੀ।

ਬੁੱਢੇ ਦਲ ਵਲੋਂ ਤੇ ਆਪਣੀ ਅਰਦਾਸ

ਬਾਬਾ ਮਿੱਤ ਸਿੰਘ ਜੀ ਨੇ ਪ੍ਰਸ਼ਾਦਿ ਤੇ ਦਰਸ਼ਨੀ ਭੇਟ ਹਜ਼ੂਰੀ ਵਿਚ ਰੱਖ ਕੇ ਬੇਨਤੀ ਕੀਤੀ ਕਿ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨੇ ਅਰਦਾਸ ਕੀਤੀ ਸੀ ਕਿ ਸਤਿਗੁਰੂ ਜੀ! ਅਬਿਚਲ ਨਗਰ ਦੇ

* ਬਬੇਕੀ ਸਿੰਘ ਸਾਬਣ ਸੋਚੇ ਨਾਲ ਕੇਸੀਂ ਇਸ਼ਨਾਨ ਨਹੀਂ ਕਰਦੇ। ਰੀਠਿਆਂ ਨਾਲ ਜਾਂ ਖੁਦ ਬਿਨਾਂ ਪਾਣੀ ਚੋਆਇਆਂ ਦੁੱਧ ਜਾਗ ਲਾ ਕੇ ਦਹੀਂ ਜਮਾਏ ਹੋਏ ਨਾਲ ਕਰ ਲੈਂਦੇ ਹਨ। ਬਜ਼ਾਰੀ ਕਿਸੇ ਵੀ ਚੀਜ਼ ਦੀ ਵਰਤੋਂ ਨਹੀਂ ਕਰਦੇ। ਤੇਲ ਦੀ ਬਜਾਏ ਦੇਸੀ ਘਿਓ ਕੇਸਾਂ ਨੂੰ ਲਾਂਦੇ ਹਨ। ਤੇਲ ਬਿਨਾਂ ਪਾਣੀ ਆਪ ਕਢਾਇਆ ਹੋਇਆ ਹੀ ਵਰਤਦੇ ਹਨ, ਭਾਵ ਸਰੀਰਕ ਸੋਧ ਦਾ ਭਾਵ ਰਖਦੇ ਹਨ, ਜਿਸ ਨਾਲ ਮਨ ਦੀ ਭਟਕਣਾ ਕਾਫੀ ਕਾਬੂ ਹੋ ਜਾਂਦੀ ਹੈ।

ਦੀਦਾਰ ਨਿਸ਼ਾਨ ਧੌਂਸਿਆਂ ਨਾਲ ਕਰਨ ਦੀ ਬਖਸ਼ਸ਼ ਬਖਸ਼ਣ, ਪਰ ਕਈ ਰਸਤੇ ਦੀਆਂ ਔਕੜਾਂ ਦੇ ਕਾਰਨ ਮਜਬੂਰਨ ਹਾਜ਼ਰੀ ਭਰਨ ਤੋਂ ਅਸਮਰਥ ਹੋਣ ਕਰ ਕੇ ਸਤਿਗੁਰੂ ਜੀ ਤੋਂ ਮਾਫ਼ੀ ਮੰਗਣ ਲਈ ਪੰਜ ਸਿੰਘਾਂ ਨੂੰ ਭੇਜਣ ਕੀਤਾ ਹੈ। ੫੦੧) ਰੁਪੈ ਸਤਿਗੁਰੂ ਹਜ਼ੂਰ ਦੀ ਦਰਸ਼ਨੀ ਭੇਟ, ੫੦੧) ਰੁਪੈ ਕੜਾਹ ਪ੍ਰਸ਼ਾਦਿ ਲਈ ਅਤੇ ੫੦੧) ਰੁਪੈ ਸ਼ਹੀਦੀ ਦੇਗ ਲਈ ਭੇਜੇ ਹਨ।

ਸੋ ਆਪ ਸਤਿਗੁਰੂ ਜੀ ਪਾਸ ਪੰਥ ਦੀ ਮਜਬੂਰੀ ਕਾਰਨ ਦਰਸ਼ਨ ਨਾ ਕਰ ਸਕਣ ਦੀ ਅਰਦਾਸ ਬੇਨਤੀ ਹਰ ਕੇ ਮਾਫੀ ਬਖਸ਼ਵਾਓ ਅਤੇ ਸਾਡੀ ਵੀ ਹਾਜ਼ਰੀ ਲੁਆਉਣ ਲਈ ਅਰਦਾਸ ਕਰੋ।

ਹਜ਼ੂਰ ਦੀ ਹਾਜ਼ਰੀ ਲਈ ਪੁਜਾਰੀ ਸਿੰਘ ਦੇ ਪ੍ਰਸ਼ਨ

ਪੁਜਾਰੀ ਸਿੰਘ ਜੋ ਤਿਆਰ ਬਰ ਤਿਆਰ–ਤਿੰਨ ਫੁਟੀ ਕ੍ਰਿਪਾਨ ਗਾਤਰੇ ਪਹਿਨੇ ਕਮਰ ਕੱਸਾ, ਤੇੜ ਗਡੂਰਿਆ, ਸੁੰਦਰ ਸਫੈਦ ਚੋਲਾ, ਦੋਹਰੀ ਦਸਤਾਰ ਸਜਾਈ, ਹੱਥ ਵਿਚ ਤੀਰ ਲੈ ਕੇ ਸਿੰਘਾਂ ਪਾਸ ਆ ਖਲੋਤੇ ਅਤੇ ਪ੍ਰਸ਼ਨ ਕਰਨ ਲਗੇ।

ਪ੍ਰਸ਼ਨ–[੧] ਕੀ ਗੁਰੂ ਕਲਗੀਧਰ ਜੀ ਦਾ ਅੰਮ੍ਰਿਤ ਪਾਨ ਕੀਤਾ ਹੋਇਆ ਹੈ?

ਉਤਰ–ਜੀ ਹਾਂ! ਸਤਿਗੁਰੂ ਜੀ ਦੀ ਅਪਾਰ ਬਖਸ਼ਸ਼ ਦੁਆਰਾ ਅੰਮ੍ਰਿਤ ਦੀ ਦਾਤ 'ਬਖਸ਼ਸ' ਪ੍ਰਾਪਤ ਹੋਈ ਹੋਈ ਹੈ।

ਪ੍ਰਸ਼ਨ–(੨) ਪੁਜਾਰੀ–ਕਿਉਂ ਭਈ ਚਾਰ ਕੁਰਹਿਤਾਂ ਵਿਚੋਂ ਕੋਈ ਕੁਰਹਿਤ ਤਾਂ ਨਹੀਂ ਹੋਈ। (ੳ) ਕੇਸਾਂ ਦੀ ਬੇਅਦਬੀ (ਰੋਮ ਤਾਂ ਨਹੀਂ ਕਟਾਏ) (ਅ) ਕੁੱਠਾ ਖਾਣਾ (ਏ) ਤਮਾਕੂ ਦੀ ਵਰਤੋਂ ਅਤੇ [ਸ] ਪਰ - ਇਸਤ੍ਰੀ ਗਮਨ। ਇਹ ਚਾਰ ਕੁਰਹਿਤਾਂ ਹਨ। ਕੋਈ ਭੁਲ ਕੇ ਭੀ ਤਾਂ ਨਹੀਂ ਕੀਤੀ?

ਉਤਰ–[ਬਾਬਾ ਮਿੱਤ ਸਿੰਘ, ਬਾਬਾ ਧਰਮ ਸਿੰਘ ਤੇ ਭਾਈ ਗੁਰਦਿਤ ਸਿੰਘ ਜੀ]–ਜੀ ਨਹੀਂ! ਧਰਨ ਤਾਂ ਇਹ ਹੀ ਰਿਹਾ ਹੈ ਕਿ ਇਹ ਭਾਂਡਾ [ਸਰੀਰ] ਗੁਰੂ ਕਾ ਹੈ। ਜਿਸ ਲਈ ਇਸ ਨੂੰ ਸੱਚ ਸੁੱਚ ਰਖੇ ਜਾਣ ਲਈ ਹਰ ਸੰਭਵ ਯਤਨ ਕੀਤਾ ਜਾਂਦਾ ਰਿਹਾ ਹੈ। ਪਰ ਫਿਰ ਵੀ ਭੁਲਣਹਾਰ ਹੈ ਜੀਵ, ਵਾਹਿਗੁਰੂ ਜੀ ਦੀ ਮਾਇਆ ਬੜੀ ਪ੍ਰਬਲ ਹੈ। ਕਿਸੇ ਭੀ ਕਰਮ ਇੰਦ੍ਰਿਆਂ ਤੋਂ ਭੁੱਲ ਹੋ ਜਾਣੀ ਅਵਸ਼ਕ ਹੈ, ਕਿਉਂਕਿ–

ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥ [ਪ੍ਰਭਾਤੀ ਮ: ੧–੧੩੪੪

ਪੁੰਨਾ–ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰ ॥ [ਸਿਰੀਰਾਗੁ ਮ: ੧–੬੧

ਕਰਤਾ ਹੀ ਅਭੁਲ ਹੈ, ਅਸੀ ਤਾਂ ਸਦਾ ਭੁਲਣਹਾਰ ਹਾਂ।

ਪ੍ਰਸ਼ਨ [੩]–ਨਿਤਨੇਮ– ਗੁਰਬਾਣੀ ਸਵੇਰੇ ਪੰਜ ਬਾਂਣੀਆਂ ਦਾ ਪਾਠ ੧. ਜਪੁ ਸਾਹਿਬ, ੨. ਜਾਪ ਸਾਹਿਬ, ੩. ਤ੍ਵਪ੍ਰਸਾਦਿ ਸ੍ਵੈਯੇ, ੪. ਚੌਪਈ [ਹਮਰੀ ਕਰੋ ਹਾਥ ਦੈ ਰੱਛਾ।।], ੫. ਅਨੰਦ ਸਾਹਿਬ ਸਾਰਾ ਪਾਠ। ਸ਼ਾਮ ਨੂੰ ਰਹਿਰਾਸ ਅਤੇ ਸੌਣ ਲੱਗਿਆਂ ਕੀਰਤਨ ਸੋਹਿਲੇ ਦਾ ਪਾਠ ਕਰਦੇ ਹੋ? ਸਿਮਰਨ ਗੁਰਮੰਤ੍ਰ–ਵਾਹਿਗੁਰੂ ਅਤੇ ਮੂਲ ਮੰਤ੍ਰ–੧ ਓ ਤੋਂ ਲੈ ਕੇ ਨਾਨਕੁ ਹੋਸੀ ਭੀ ਸਚੁ ॥੧॥ ਤੱਕ ਕਰਦੇ ਹੋ?

ਗੁਰ ਮੰਤਰ ਬਾਬਾ ਮਿੱਤ ਸਿੰਘ ਜੀ ਦੇ 'ਰ' ਅੱਖਰ ਦੇ ਬੋਲਣ ਦੇ ਭਾਵ ਨੂੰ ਖੋਹਲ ਕੇ ਵਿਸਥਾਰ

ਨਾਲ ਪਿਛੇ ਦਸਿਆ ਜਾ ਚੁਕਿਆ ਹੈ।

ਮੂਲ ਮੰਤ੍ਰ–ਇਸ ਬਾਰੇ ਕਈ ਭਰਮ ਭੁਲੇਖੇ ਪਾਏ ਜਾ ਰਹੇ ਹਨ। ਕਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੰਗਲ ਦੀ ਥਾਵੇਂ ਸਤਿਗੁਰਾਂ ਦੇ ਅੰਕਤ ਕੀਤੇ ਜੋ੧ਓ ਤੋਂ ਗੁਰ ਪ੍ਰਸਾਦਿ ਤਕ ਨੂੰ ਮੂਲ ਮੰਤ੍ਰ ਹੀ ਦਰਸਾਈ ਜਾ ਰਹੇ ਹਨ। ਪ੍ਰੰਤੂ ਜਦ ਹਰ ਸ਼ਬਦ ਜਾਂ ਤਾਂ ਅੰਕ ਨਾਲ ਜਾਂ ਨਾਨਕ ਨਾਮ ਆਵਣ ਤੇ ਸੰਪੂਰਨ ਬਿਸਰਾਮ ਜਾਣਿਆ ਜਾਂਦਾ ਹੈ। ਫਿਰ ਇਹ ਭੁਲੇਖਾ ਕਿਉਂ ? 'ਗੁਰਪ੍ਰਸਾਦਿ' ਉਪਰੰਤ ਨਾ ਤਾਂ ਅੰਕ [੧] ਹੈ ਤੇ ਨਾ ਹੀ 'ਨਾਨਕ' ਨਾਮ ਹੈ ਅਤੇ ਖਾਸ ਸੂਚਿਤ ਕੀਤਾ ਗਿਆ ਹੈ ਕਿ ਅਜਿਹੇ ਪ੍ਰਭੂ ਜਿਸ ਦੇ ਗੁਣ ੧ ਓ ਤੋਂ ਗੁਰ ਪ੍ਰਸਾਦਿ ॥ ਤਕ ਹਨ। ਉਸ ਨੂੰ ਜਪੁ ॥ ਇਹ ਭੀ ਭਰਮ ਭਉ ਦੂਰ ਕੀਤਾ ਹੈ ਕਿ ਕਿਸ ਨੂੰ ਜਪਣਾ ਹੈ (ਜਿਵੇਂ ਓਅੰ–ਸ਼ਬਦ ਅਵਤਾਰਾਂ ਨਾਲ ਸਿਆਣਿਆਂ ਨੇ ਲਾ ਕੇ ਭਰਮ ਭੁਲੇਖਾ ਪਾ ਦਿਤਾ ਹੋਇਆ ਸੀ ਤਾਂ ਗੁਰੂ ਨਾਨਕ ਜੀ ਨੇ ਏਕਾ ਲਾਕੇ ੧ ਓਅੰਕਾਰ ਦਾ ਸਪਸ਼ਟ ਰੂਪ ਦਰਸਾਉਣਾ ਕੀਤਾ। ਇਸੇ ਤਰਾਂ 'ਜਪੁ' ਕਿਸ ਦਾ–ਜੋ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ ਸਪਸ਼ਟ ਹੈ, ਅੰਕ ੧ ਭੀ ਤੇ ਨਾਨਕ ਦਾ ਨਾਮ ਭੀ ਹੈ, ਤਾਂ ਤੇ ਸੰਪੂਰਨ ਮੂਲ ਮੰਤ੍ਰ ਇਥੋਂ ਤਕ ਹੋਇਆ।

ਮਹਾਂ ਪੁਰਸ਼ਾਂ (ਬਾਬਾ ਮਿੱਤ ਸਿੰਘ ਜੀ ਤੇ ਸੰਤ ਬਾਬਾ ਆਤਮਾ ਸਿੰਘ ਜੀ ਨਿਹੰਗ ਸਿੰਘਾਂ ਪਾਸੋਂ ਅਤੇ ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਤੋਂ ਇਸ ਦਾ ਦਾਸ ਨੂੰ ਜੋ ਨਿਰਣਾ ਦਸਿਆ ਸੀ ਉਹ ੧ ਓ ਤੋਂ ਨਾਨਕ ਹੋਸੀ ਭੀ ਸਚੁ ॥ ਤਕ ਜਾਪ ਪੂਰਾ ਹੁੰਦਾ ਹੈ।

ਫੁਰਮਾਇਆ ਸੀ ਕਿ ਜਿਵੇਂ ਕੋਈ ਜ਼ਹਿਰੀਲੀ ਦਵਾਈ–'ਸੰਖੀਆ, ਜ਼ਹਿਰ, ਪਾਰਾ, ਧਤੂਰਾ' ਆਦਿ ਨੂੰ ਸ਼ੁਧ ਕਰਨ ਲਈ ਇਸ ਦਾ ਕੁੱਜੀ ਵਿਚ ਪਾ ਕੇ ਸੰਪਟ ਕਰ ਕੇ ਅੱਗ ਵਿਚ ਰੱਖ ਕੇ ਸ਼ੁਧ ਕਰ ਕੇ ਵਰਤਣ ਨਾਲ ਰੋਗੀ ਦੇ ਰੋਗ ਦੂਰ ਕਰਦਾ ਹੈ।

ਇਸੇ ਤਰਾਂ ੧–ਜਿਥੇ ਮੰਗਲ ਲਿਖਣਾ ਹੋਵੇ ਉਥੇ ੧ ਓ ਤੋਂ ਗੁਰਪ੍ਰਸਾਦਿ ਤਕ ਲਿਖੋ।

੨–ਜਿਸ ਸ਼ਬਦ ਦੀ ਅਰਾਧਨਾ ਕਰਨੀ ਹੋਵੇ, ਉਸ ਨੂੰ ਸੰਪਟ ਦੇਣ ਲਈ ੧ ਓ ਤੋਂ ਗੁਰਪ੍ਰਸਾਦਿ ਤਕ ਪਹਿਲਾਂ ਤੇ ਮਗਰੋਂ ਪੜ੍ਹੋ, ਭਾਵ ਵਿਚਾਲੇ ਸ਼ਬਦ ਸੰਪਟ ਹੋ ਜਾਵੇਗਾ,ਇਹ ਔਸ਼ਧੀਜ ਲਈਵਰਤੋ।

ਪਰ ਜੋ ੧ਓ ਤੋਂ ਨਾਨਕ ਹੋਸੀ ਭੀ ਸਚੁ ॥ ਤਕ ਹੈ, ਇਹ ਖਾਲਸੇ ਦੇ ਜਪਣ ਲਈ ਮੂਲ ਮੰਤ੍ਰ ਹੈ। ਸੰਪੂਰਨ ਜਪਣ ਨਾਲ ਹੀ ਇਸ ਸ਼ਬਦ ਦੀ ਸ਼ਕਤੀ ਜੀਵ ਨੂੰ ਪ੍ਰਾਪਤ ਹੋ ਸਕਦੀ ਹੈ, ਅਤੇ ੧ ਓ ਤੋਂ ਗੁਰਪ੍ਰਸਾਦਿ ਤਕ ਮੰਗਲ ਪਾਠ ਸੰਪੂਰਨ ਫਲ ਨਹੀਂ। ਜਪ ਸਾਧਨ ਕਰਨ ਨਾਲ ਜੀਵ ਅੰਦਰ ਸ਼ਬਦ, ਸ਼ਕਤਿ, ਅਧੂਰੀ ਰਹਿ ਜਾਂਦੀ ਹੈ। ਤਾਂ ਤੇ ਮੰਗਲ ਨੂੰ ਹੀ ਜਪ (ਮੂਲ ਮੰਤ੍ਰ) ਸਮਝੀ ਬੈਠੇ ਹਾਂ।

ਜਿਵੇਂ ਕੋਈ ਭੀ ਮੰਤਰ ਜੇ ਅਸ਼ੁਧ ਜਾਪ ਜਪਾਂਗੇ, ਤਾਂ ਉਸ ਦੀ ਸਿਧੀ ਨਹੀਂ ਪ੍ਰਾਪਤ ਹੁੰਦੀ। ਕਈ ਵਾਰੀ ਹੋਰ ਮੰਤਰ ਅਸ਼ੁਧ ਪੜ੍ਹਨ ਨਾਲ ਉਲਟੇ ਪੈ ਜਾਂਦੇ ਹਨ।

ਪ੍ਰੰਤੂ ਗੁਰਬਾਣੀ ਹੋਰ ਮੰਤਰਾਂ ਵਾਂਗ ਕਿਸੇ ਜੀਵ ਤੇ ਉਲਟ ਅਸਰ ਜਾਂ ਤੰਗ ਤਾਂ ਨਹੀਂ ਕਰਦੀ, ਪਰ ਗੁਰਬਾਣੀ ਅਸ਼ੁਧ ਪੜ੍ਹਨ ਨਾਲ ਉਸ ਦਾ ਭਾਵ ਜੀਵ ਨੂੰ ਕੁਛ ਨਹੀਂ ਮਿਲਦਾ। ਕੋਸਿਸ਼ ਕਰਨੀ ਚਾਹੀਦੀ ਹੈ ਕਿ ਗੁਰਬਾਣੀ ਸ਼ੁਧ ਤੇ ਪ੍ਰੇਮ ਪਿਆਰ, ਅਰਥ ਭਾਵ ਵਾਚ ਕੇ ਪੜ੍ਹਨ ਨਾਲ ਹੀ ਜੀਵ ਅੰਦਰ ਪ੍ਰਭੂ ਦਾ ਨਿਵਾਸ ਹੁੰਦਾ ਹੈ।

(ਲੇਖ ਤਾਂ ਵਿਸਥਾਰ ਪੂਰਬਕ ਸੀ, ਪਰ ਗੁਣੀ ਜਨ ਸੋਧ ਕਰ ਲੈਣ।)

ਉਤਰ (ਤਿੰਨੇ ਸਿੰਘ) ਜੀ ਹਾਂ ! ਜੋ ਗੁਰੂ ਕਰਾਏ, ਕਰਦੇ ਹਾਂ। ਯਤਨ ਤਾਂ ਹਰ ਰੋਜ਼ ਕਰਦੇ ਹਾਂ, ਸਤਿਗੁਰੂ ਜੀ ਇਸੇ ਤਰਾਂ ਹੋਰ ਸਿਮਰਨ, ਜਪ, ਬਾਣੀ ਪੜ੍ਹਨ ਅਤੇ ਸੇਵਾ ਕਰਨ ਦਾ ਬਲ ਉਦਮ ਬਖਸ਼ਣ ਕਰਨ।

ਪੁਜਾਰੀ ਸਿੰਘ ਨੇ ਸਤਿਗੁਰ ਹਜ਼ੂਰ ਅਰਦਾਸ ਕੀਤੀ–'ਕਲਗੀਧਰ ਦਸਮੇਸ਼ ਪਿਤਾ ! ਆਪ ਜੀ ਦਾ ਸਜਣ ਕੀਤਾ ਗੁਰੂ ਪੰਥ ਖਾਲਸਾ (ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਚੱਕਰਵਰਤੀ) ਵਲੋਂ ਭੇਜੀਆਂ ਅਰਦਾਸ ਭੇਟਾਵਾਂ ਅਤੇ ਆਪ ਜੀ ਦੇ ਤਖਤ ਸਚਖੰਡ ਦੇ ਦੀਦਾਰ ਕਰਨ ਦੀ ਜੋ ਯਾਚਨਾ ਪੰਥ ਨੇ ਕੀਤੀ ਸੀ, ਮਜਬੂਰੀਆਂ ਕਾਰਨ ਨਾ ਪੁਜਣ ਦੀ ਖਿਮਾਂ ਬਖਸ਼ਣੀ ਅਤੇ ਕਿਰਪਾ ਕਰਨੀ ਜੋ ਪੰਥ ਖਾਲਸਾ, ਜਦ ਆਪ ਜੀ ਦੀ ਰਜ਼ਾ ਹੋਵੇ, ਧੌਂਸੇ ਨਿਸ਼ਾਨਾਂ ਸਹਿਤ ਖੁਲ੍ਹੇ ਦਰਸ਼ਨ ਦੀਦਾਰ ਕਰ ਸਕੇ। ਗੁਰੂ ਪੰਥ ਖਾਲਸੇ ਨੂੰ ਸਦਾ ਚੜ੍ਹਦੀਆਂ ਕਲਾਂ 'ਚ ਰਖਣਾ।

ਪੰਥ ਵਲੋਂ ਭੇਜੇ ਸਿੰਘਾਂ ਦੀ ਯਾਤਰਾ - ਭੇਟਾ ਪਰਵਾਨ ਕਰ ਕੇ ਹਾਜ਼ਰ ਹਜ਼ੂਰ ਦੇ ਦਰ ਹਾਜ਼ਰੀ ਪਰਵਾਨ ਕਰਨੀ।

ਯਾਤਰਾ ਸਬੰਧੀ—ਕੋਈ ਭੀ ਪੂਜਯ ਅਸਥਾਨ–ਚਾਹੇ ਸਿੱਖਾਂ ਦੇ ਪੂਜਯ ਅਸਥਾਨ ਹੁੰਦੇ ਜਾਂ ਹਿੰਦੂਆਂ, ਮੁਸਲਮਾਨਾਂ, ਈਸਾਈਆਂ, ਪਾਰਸੀਆਂ ਦੇ, ਭਾਵ ਕਿਸੇ ਭੀ ਮਜ਼ਹਬ ਦਾ ਇਸ਼ਟ ਅਸਥਾਨ ਹੋਵੇ। ਹਰ ਇਸ਼ਟ ਅਸਥਾਨ ਦੇ ਦਰਸ਼ਨਾਂ ਲਈ ਉਸ ਅਸਥਾਨ ਦੀ ਮਹੱਤਤਾ ਮੁਤਾਬਕ ਵੱਖ ਵੱਖ ਨਿਯਮ ਹੁੰਦੇ ਹਨ। ਯਾਤਰੀ ਜਦ ਤੱਕ ਉਹਨਾਂ ਦਾ ਪਾਲਣ ਨਹੀਂ ਕਰਦਾ, ਅਤੇ ਆਪਣੀ ਮਨਮਤਿ ਅਨੁਸਾਰ ਉਨ੍ਹਾਂ ਦੇ ਨੇਮਾਂ ਦੇ ਉਲਟ ਕੋਈ ਭੀ ਕੀਤਾ ਕਰਮ ਸਭ ਵਿਅਰਥ (ਨਿਸਫਲ) ਜਾਂਦਾ ਹੈ। ਨਾ ਹੀ ਯਾਤਰਾ ਤੇ ਨਾ ਭੀ ਦਾਨ ਕੀਤਾ ਹੀ ਸਫਲ ਹੁੰਦਾ ਹੈ। ਤਿਵੇਂ ਸਿੱਖ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਆਪਣੇ ਕਿਸੇ ਭੀ ਸਰੇਸ਼ਟ ਇਸ਼ਟ ਅਸਥਾਨ ਦੀ ਪੂਜਾ ਯਾਤਰਾ ਕਰਨ ਲਈ ਨੀਯਮ ਬੱਧ ਹੈ–

੧. ਜਿਵੇਂ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਯਾਤਰਾ, ਸਰੋਵਰ ਦੇ ਇਸ਼ਨਾਨ ਦੀ ਮਹੱਤਤਾ ਦਾ ਫਲ ਤਾਂ ਪ੍ਰਾਪਤ ਹੁੰਦਾ ਹੈ ਜਦ ਤਕ ਪਹਿਲਾਂ 'ਭਾਈ ਸਾਲ੍ਹੋ' ਜੀ ਦੇ ਟੋਭੇ ਦੇ ਦਰਸ਼ਨ ਇਸ਼ਨਾਨ ਨਾ ਕਰੀਏ।

੨. ਸ੍ਰੀ ਸੱਚਖੰਡ ਦੀ ਯਾਤਰਾ ਜਿਵੇਂ ਗੁ: ਧਮਧਾਨ ਸਾਹਿਬ ਪਾ: ੬ਵੀਂ ਦੇ ਦਰਸ਼ਨ ਕਰ ਕੇ ਨਹੀਂ ਜਾਂਦੇ ਤਾਂ ਸਫਲ ਨਹੀਂ ਹੁੰਦੀ।

੩. ਖਾਲਸਾ ਪੰਥ ਦੇ ਪੰਜੇ ਤਖਤ ਸਰੇਸ਼ਟ ਤੇ ਮਹੱਤਵ ਪੂਰਨ ਹਨ। ਇਹਨਾਂ ਤਖਤਾਂ ਤੇ ਹਾਜ਼ਰੀ ਲੁਆਉਣੀ ਗੁਰਸਿਖ ਲਈ ਜ਼ਰੂਰੀ ਹੁੰਦੀ ਹੈ।

ਅਸੀਂ ਆਮ ਯਾਤਰੀ–ਬੱਸਾਂ ਤੋਂ, ਟਰੱਕਾਂ ਤੋਂ ਜਾਂ ਕਿਸੇ ਭੀ ਸਾਧਨ ਰਾਹੀਂ ਉਤਰ ਕੇ ਨਾ ਇਸ਼ਨਾਨ, ਨਾ ਸੁੱਚਮਤਾ ਕੀਤੀ, ਨਾ ਸਵੱਛ ਬਸਤ੍ਰ ਪਹਿਨੇ, ਭੱਜ ਕੇ ਮੱਥਾ ਟੇਕਣ ਨਾਲ ਹੀ ਸਫਲ ਹੋਈ ਯਾਤ੍ਰਾ ਸਮਝ ਲੈਂਦੇ ਹਾਂ।

ਮਹਾਂ ਪੁਰਸ਼ਾਂ ਦੀ ਦਿਤੀ ਜਾਣਕਾਰੀ ਮੁਤਾਬਕ, ਹਰ ਸਰੇਸ਼ਟ ਪੂਜਯ ਅਸਥਾਨ ਤੇ ਯਥਾ ਸ਼ਕਤਿ

ਗੁਰਸਿੱਖੀ ਦਾਨ, ਨਾਮ ਦਾਨ, ਭਰੋਸਾ ਦਾਨ, ਸੇਵਾ-ਸਿਮਰਨ ਦਾ ਬਲ ਬਖਸ਼ਨਾ ... ... ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ । ਸਭ ਨੇ ਨਮਸ਼ਕਾਰ ਕੀਤੀ–ਪੁਜਾਰੀ ਸਿੰਘ ਨੇ ਪ੍ਰਸ਼ਾਦਿ ਹਾਜ਼ਰ ਤੀਰ ਭੇਟ ਕੀਤਾ, ਤੇ ਤਿਆਰ-ਬਰ-ਤਿਆਰ ਸਿੰਘਾਂ ਨੂੰ ਪ੍ਰਕਰਮਾਂ (ਤਖਤ ਸ੍ਰੀ ਸੱਚਖੰਡ

[ਬਾਕੀ ਪੰਨਾ ੨੦੭ ਤੋਂ] ਭੇਟਾ ਰੱਖ ਕੇ ਨਮਸ਼ਕਾਰ ਕਰ ਅਰਦਾਸ ਕਰੋ, ਜਾਂ ਕਰਾਵੋ। ਘਟੋ-ਘੱਟ ੧।) ਰੁਪੈ, ਸਵਾ ਰੁਪਈਆ ਤਾਂ ਦਰਸ਼ਨ ਭੇਟਾ ਜ਼ਰੂਰੀ ਹੈ, ਤਖਤਾਂ ਤੇ ਦਰਸ਼ਨ ਭੇਟ ਰੱਖਕੇ ਆਪਣੀ ਹਾਜ਼ਰੀ ਦੀ ਅਰਦਾਸ ਜ਼ਰੂਰ ਕਰਾਵੋ ਜਾਂ ਆਪ ਕਰ ਲਵੋ ।

ਪਰ ਅੱਜ-ਕਲ ਆਮ ਵੇਖਣ 'ਚ ਆ ਰਿਹਾ ਹੈ ਕਿ ਅਸੀਂ ਆਪਣੇ ਇਤਿਹਾਸ ਰਾਹੀਂ ਜਾਣਕਾਰੀ ਪ੍ਰਾਪਤ ਕੀਤੇ ਬਿਨਾ, ਜਾਂ ਮਹਾਂਪੁਰਸ਼ਾਂ ਤੋਂ ਜਾਣਕਾਰੀ ਪ੍ਰਾਪਤ ਕੀਤੇ ਬਿਨਾ, ਗੁਰ ਅਸਥਾਨਾਂ ਦੀ ਮਹੱਤਤਾ ਤੇ ਨਿਯਮਾਂ ਦੀ ਬਹੁਤ ਭਾਰੀ ਲਾਪ੍ਰਵਾਹੀ ਵਰਤਦੇ ਹਾਂ, ਜਿਸ ਦਾ ਕੋਈ ਭਾਵ ਸਾਨੂੰ ਨਹੀਂ ਮਿਲਦਾ, ਅਤੇ ਹਾਥੀ ਵਾਂਗ ਕੀਤੇ ਕਰਮਾਂ ਤੇ ਮਿੱਟੀ ਪਾ ਕੇ, ਸਭ ਕੀਤਾ ਯਤਨ, ਬੇ ਅਰਥ ਕਰ ਦੇਂਦੇ ਹਾਂ, ਜਿਵੇਂ– 'ਤੀਰਥ ਬਰਤ ਅਰੁ ਦਾਨ ਕਰਿ, ਮਨ ਮੈ ਧਰੈ ਗੁਮਾਨੁ ।।
ਨਾਨਕ ਨਿਹਫਲ ਜਾਤ ਤਿਹ, ਜਿਉ ਗੁੰਚਰ ਇਸਨਾਨੁ ।।' [ਸਲੋਕ ਮ: ੯–੧੪੨੮
ਤਾਂ ਤੇ ਸਾਡੇ ਸਾਰੇ ਕਰਮ– 'ਕੀਤਾ ਕਰਤਿਆ ਬਿਰਥਾ ਗਇਆ,
ਇਕੁ ਤਿਲੁ ਥਾਇ ਨ ਪਾਈ ।।' [ਵਾਰਾਂ ਤੇ ਵਧੀਕ, ਪੰ: ੧੪੧੪

(ਸੱਚਖੰਡ ਯਾਤਰਾ–ਗੁ: ਧਮਧਾਨ ਸਾਹਿਬ ਦੇ ਦਰਸ਼ਨਾਂ ਦੀ ਟੂਕ ਦਿਤੀ ਗਈ ਹੈ)। ਇਸ ਤਰ੍ਹਾਂ ਅਣਜਾਣੇ, ਅਸੀਂ ਸੱਚਖੰਡ ਹਜ਼ੂਰ ਸਾਹਿਬ ਪਹੁੰਚ ਕੇ ਭੀ ਹਾਜ਼ਰੀ ਨਹੀਂ ਲੁਵਾ ਸਕਦੇ ?

ਤਖ਼ਤ—ਇਹ ਖਾਲਸੇ ਦੇ ਮਾਨਣੀਕ ਅਸਥਾਨ ਹਨ, ਖਾਸ ਕਰਕੇ ਅੰਮ੍ਰਿਤ ਧਾਰੀ ਸਿੰਘ ਨੂੰ ਲਾਜ਼ਮੀ ਹੈ ਕਿ ਤਖਤ ਤੇ ਅਰਦਾਸ ਕਰਾਵੇ, ਜਾਂ ਕਰਕੇ ਹੀ ਪ੍ਰਕਰਮਾਂ ਕਰੇ। ਜੇ ਬਜਰ ਕੁਰਹਿਤੀਆ ਹੈ ਤਾਂ ਭੁਲ ਬਖਸ਼ਵਾ ਦੁਬਾਰਾ ਅੰਮ੍ਰਿਤ ਛੱਕ ਕੇ, ਤਾਂ ਪ੍ਰਕਰਮਾ ਕਰੇ ? ਸ੍ਰੀ ਅਕਾਲ ਤਖਤ ਸਾ: ਤੇ ਅਗਲੇ ਪਾਸੇ ਅੰਮ੍ਰਿਤ ਧਾਰੀ ਹੀ ਪ੍ਰਕਰਮਾ ਕਰ ਸਕਦਾ ਹੈ।

ਤਖ਼ਤ ਸੱਚਖੰਡ ਦੇ ਦੀਦਾਰ ਕਰਨ ਦੀ ਮਰਯਾਦਾ

ਜਦ ਭੀ ਕੋਈ ਯਾਤਰੀ ਸੱਚਖੰਡ ਪਹੁੰਚੇ, ਪਹਿਲਾਂ ਆਸਣ ਲਾਵੇ, ਪਹੁੰਚਦਿਆਂ ਹੀ ਹਫੜਾ ਦਫੜੀ ਜਾ ਕੇ ਮੱਥਾ ਨਾ ਟੇਕੇ, ਮਨ ਜੇ ਉਤਾਵਲਾ ਭੀ ਹੋਵੇ ਤਾਂ ਪੌੜਾਂ ਤੇ ਹੇਠਾਂ ਹੀ ਨਮਸ਼ਕਾਰ ਕਰ ਲਵੇ। ਉਹ ਭੀ ਜੇ ਹੋ ਸਕੇ ਤਾਂ ਇਸ਼ਨਾਨ ਕਰਕੇ, ਨਹੀਂ ਤੇ ਪੰਜ ਇਸ਼ਨਾਨਾ ਜ਼ਰੂਰ ਕਰੇ ।

ਨਿਯਮ— ੧. ਪਹੁੰਚ ਕੇ ਉਸ ਦਿਨ ਬਿਸਰਾਮ ਕਰੋ । ੨. ਦੂਸਰੇ ਦਿਨ, ਅੰਮ੍ਰਿਤ ਵੇਲੇ–ਕੇਸੀ ਇਸ਼ਨਾਨ ਕਰ, ਸ੍ਵਛ ਬਸਤ੍ਰ ਪਹਿਣੇ। ੩. ਪਤਾਸਿਆਂ ਦਾ ਪ੍ਰਸਾਦਿ ਲਵੋ। ੪. ਗੁਰੂ ਹਜ਼ੂਰ ਬੜੀ ਨਿੰਮ੍ਰਤਾ, ਸੇਵਕ ਭਾਵਨਾਂ ਨਾਲ ਯਥਾ ਸ਼ਕਤ ਭੇਟਾ ਲੈ ਕੇ, ਸੁਧ ਮਨ ਹੋ, ਮੱਥਾ ਟੇਕੋ (ਨਮਸ਼ਕਾਰ ਕਰੋ)। ੫. ਹਰ ਗੁਰਸਿੱਖ ਖਾਸ ਕਰਕੇ ਅੰਮ੍ਰਿਤਧਾਰੀ ਸਿੰਘ–ਗੁਰੂ ਹਜ਼ੂਰ ਖੜਾ ਹੋ ਕੇ,ਗਲ ਪੱਲਾ

ਰੱਖਣੀ ਦੀ) ਕਰਨ ਦੀ ਆਗਿਆ ਦੇ ਦਿੱਤੀ–ਤੇ ਸਿੰਘ ਜੈਕਾਰੇ ਗਜਾਂਦੇ ਸ਼ਸ਼ਤ੍ਰ ਅਤੇ ਸ਼ਾਸ਼ਤ੍ਰ (ਰਾਜ-ਸੱਜ) ਨੂੰ ਖੱਬੇ ਰੱਖਦਿਆਂ, ਪੰਜ ਪ੍ਰਕਰਮਾਂ ਕਰਨ ਸਮੇਂ, ਦੱਖਣ ਦਰਵਾਜ਼ੇ ਚੜ੍ਹਦੇ ਤੇ ਪਹਾੜ ਦਰਵਾਜ਼ੇ ਮਸਤਕ ਰੱਖ ਹਜ਼ੂਰ ਦੀ ਚਰਨ ਧੂੜ ਪਰਸਨ ਕੀਤੀ–ਫਿਰ ਹਜ਼ੂਰ ਦੇ ਸਾਹਮਣੇ ਲਹਿੰਦੇ,

(ਹਜ਼ੂਰੀਆ) ਪਾ ਕੇ, ਪ੍ਰਸਾਦਿ ਤੇ ਭੇਟਾ ਰੱਖ–ਪੁਜਾਰੀ ਸਿੰਘ ਪਾਸੋਂ ਹਜ਼ੂਰ ਦੇ ਹਾਜ਼ਰੀ ਦੀ ਅਰਦਾਸ ਕਰਾਵੇ। ੬. ਪੁਜਾਰੀ ਸਿੰਘ ਦੇ ਪ੍ਰਸ਼ਨਾਂ ਦਾ ਉੱਤਰ ਸਹੀ ਦੇਣ ਤੇ ਅਰਦਾਸ ਉਪਰੰਤ, ਆਗਿਆ ਲੈ ਕੇ ਪ੍ਰਕਰਮਾਂ ਕਰੇ । ੭. ਜੇ ਅੰਮ੍ਰਿਤ ਪਾਣ ਕਰਕੇ ਕੁਰਹਿਤ ਹੋਈ ਹੋਵੇ ਤਾਂ ਭੁਲ ਬਖਸ਼ਵਾ ਕੇ ਦੁਬਾਰਾ ਅੰਮ੍ਰਿਤ ਛਕਕੇ, ਤਾਂ ਪ੍ਰਕਰਮਾਂ ਕਰੇ । ੮. ਲੰਗਰ ਆਦਿ ਲਈ ਯਥਾ ਸ਼ਕਤ ਭੇਟਾ ਦੇਵੇ।

ਪਹਿਲਾਂ ਸੱਚਖੰਡ ਅਸਥਾਨ ਤੇ ਸ਼ਹੀਦਾਂ ਦੀ ਸਖਤ ਕਰੜਾਈ

੧.ਬਹੁਤ ਸਮਾਂ ਪਹਿਲਾਂ ਪੁਜਾਰੀ ਮਾਨ ਸਿੰਘ ਜੀ ਦੇ ਸਮੇਂ ਜਦ ਸੰਤ ਅਤਰ ਸਿੰਘਜੀ ਮਸਤੂਆਣੇ ਵਾਲੇ ਸਚਖੰਡ ਦਰਸ਼ਨਾਂ ਦੀ ਸਿੱਕ ਲਈ ਸੱਚਖੰਡ ਪੁਜੇ ਸਨ ਤਦੋਂ ਤੋਂ ਭੀ ਪਹਿਲਾਂ, ਸੱਚਖੰਡ ਯਾਤਰਾ ਕਰਨੀ ਬਹੁਤ ਕਠਨ ਸੀ ਵੈਸੇ ਭੀ ਕੋਈ ਬਿਹੰਗਮ ਜਾਂ ਸੰਤ-ਸਾਧ ਜਾਂ ਜਿਸ ਨੇ ਇਤਿਹਾਸ ਰਾਹੀਂ ਜਾਂ ਮਹਾਂਪੁਰਸ਼ਾਂ ਦੇ ਸੰਗ ਤੋਂ ਜਾਣਕਾਰੀ ਪ੍ਰਾਪਤ ਕੀਤੀ ਹੁੰਦੀ ਉਹ ਹੀ ਦਰਸ਼ਨ ਕਰਨ ਜਾਇਆ ਕਰਦਾ ਸੀ। ੨. ਗੱਡੀ ਜਾਂ ਪੈਦਲ ਸਫਰ ਕਰਨ ਤੋਂ ਸਿਵਾ ਹੋਰ ਕੋਈ ਸਾਧਨ ਨਹੀਂ ਸੀ ਹੁੰਦਾ, ਜਿਸ ਕਰਕੇ ਬਹੁਤ ਘਟ ਯਾਤਰੀ ਜਾਇਆ ਕਰਦੇ ਸਨ। ੩. ਪਹਿਲਾਂ–ਅੰਮ੍ਰਿਤ ਧਾਰੀ ਸਿੰਘ ਹੀ ਅੰਦਰਲੀ ਪ੍ਰਕਰਮਾਂ ਕਰ ਸਕਦਾ ਸੀ। ਚੌਥੇ ਪੌੜੀਏ ਸਿੰਘ ਅੰਦਰਲੀ ਪ੍ਰਕਰਮਾਂ ਨਹੀਂ ਕਰ ਸਕਦੇ ਸਨ।

੪. ਪਹਿਲਾਂ–੨੪ ਕੋਹ ਤੱਕ ਸ਼ਹੀਦੀ ਪਹਿਰਾ ਹੁੰਦਾ ਸੀ, ਕੋਈ ਯਾਤਰੀ ਮਨ ਅੰਦਰ ਪਰਖ ਦੀ ਭਾਵਨਾਂ ਜਾਂ ਕੋਈ ਗੁਰਮਤ ਉਲਟ ਭਾਵਨਾਂ ਮਨ ਵਿਚ ਧਾਰਨ ਕਰਕੇ ਜਾਂਦਾ, ਤਾਂ ੨੪ ਕੋਹ ਤੋਂ ਅੰਦਰ ਦਾਖਲ ਨਹੀਂ ਹੋਣ ਦਿੱਤਾ ਜਾਂਦਾ ਸੀ–ਸ਼ਹੀਦੀ ਪਹਿਰਾ ਅਜੇਹੇ ਭਾਵਨੀ-ਭਗਤ ਹੀਣੇ ਪੁਰਸ਼ ਨੂੰ ਓਥੋਂ ਹੀ ਮੋੜ ਦੇਂਦੇ ।੫.ਅਰਦਾਸਾਂ ਬੇਨਤੀਆਂ ਕਰਨ ਤੇ, ਜੋ ਯਾਤਰੀ ਤਖਤ ਤੇ ਪੁਜ ਜਾਂਦਾ,ਪਰ ਜੇ ਭੁਲ-ਭੁਲੇਖੇ ਬਿਨਾ ਅੰਮ੍ਰਿਤ ਛਕੇ–ਸ਼ਹੀਦੀ ਦਰਵਾਜ਼ੇ [ਜੋ ਸੱਚਖੰਡ–ਹਰਿਮੰਦਰ ਦੇ ਖੱਬੇ ਹੱਥ ਹੈ ਜੋ ਅੱਜ-ਕਲ ਬੰਦ ਕਰ ਦਿੱਤਾ ਹੋਇਆ ਹੈ] ਚੋਂ ਲੰਘਦਾ, ਤਾਂ ਸ਼ਹੀਦਾਂ ਦੀ ਕਰੜੀ ਸਜਾ ਪਾਂਦਾ। ਹਾਂ ਤਿਆਰ-ਬਰ-ਤਿਆਰ ਸਿੰਘ ਅਡੋਲ ਲੰਘ ਜਾਂਦੇ ।

ਪੁਜਾਰੀ ਮਾਨ ਸਿੰਘ ਜੀ ਤੇ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਮਹਾਨ ਦੇਣ ਪਰਉਪਕਾਰ ਹੈ,ਜਿਨਾਂ ਦੀ ਅਰਦਾਸ ਕਰਨ ਤੇ[ਸਤਿਗੁਰੂ ਜੀ ਜੇਹੀ ਕੋਈ ਭਾਵਨਾ ਕਰਕੇ ਯਾਤਰੀ ਆਵੇਗਾ ਉਸ ਨੂੰ ਤੇਹੋ ਜੇਹਾ ਫਲ ਦੇਣਾ, ਪਰ ਸ਼ਹੀਦੀ ਪਹਿਰੇ ਦਾ ਡਰ ਦੂਰ ਕਰਕੇ ਯਾਤਰਾ ਕਰਨ ਦੀ ਹਰ ਯਾਤਰੀ ਨੂੰ ਆਗਿਆ ਬਖਸ਼ੇ) ।

ਪਰ ਅੱਜ ਸਮੇਂ ਦੇ ਕਾਲ ਚੱਕ੍ਰ ਨੇ ਸਾਨੂੰ ਵਿਸ਼ਵਾਸ਼ ਹੀਣੇ, ਅਤੇ ਮਨ-ਮੱਤ ਦੇ ਪ੍ਰਭਾਵ ਥੱਲੇ ਆ ਕੇ, ਮਰਯਾਦਾ ਵਿਚ ਬਹੁਤ ਭਾਰੀ ਤਬਦੀਲੀ ਆ ਗਈ ਹੈ, ਯਾਤਰੀਆਂ ਦੀਆਂ ਯਾਤਰਾ ਕਰਨ ਦੀਆਂ ਸਹੂਲਤਾਂ ਕਾਰਨ ਭਾਵੇਂ ਹਰ ਅਸਥਾਨ ਤੇ ਭਾਰੀ ਭੀੜਾਂ ਹੁੰਦੀਆਂ ਹਨ-ਪਰ ਹੁਣ ☞

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਆਦਿ ਤੇ ਦਸਮ ਸਰੂਪ ਸਾਮ੍ਹਣੇ ਖੜੇ ਹੋ, ਨੂਰੀ ਦੇ ਨੂਰ ਦੇ ਇਲਾਹੀ ਦਰਸ਼ਨਾਂ ਨੂੰ ਕਿਤਨਾ ਸਮਾਂ ਨੀਜ ਲਾ ਕੇ ਖੜੇ ਹੋ ਦੀਦਾਰ ਕਰ ਦੀਦੇ ਠਾਰਦੇ ਰਹੇ।

(ਮੇਲਾ ਜਾਂ ਪਿਕਨਿਕ) ਸੈਰ ਸਪਾਟਾ ਜਿਹਾ ਬਣ ਕੇ ਰਹਿ ਗਿਆ ਹੈ, ਕੋਈ ਸ਼ਰਧਾਲੂ ਹੀ ਸ਼ਰਧਾ ਪੂਰਬਕ ਯਾਤਰਾ ਕਰਨ ਦਾ ਫਲ ਪ੍ਰਾਪਤ ਕਰ ਪਾਂਦਾ ਹੈ। ਸਤਿਗੁਰਾਂ ਫੁਰਮਾਇਆ ਹੈ ਕਿ–

'ਤੀਰਥ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰ ਅੰਤਰਿ ਗਿਆਨੁ ਹੈ ॥' [ਪੰਨਾ ੬੯੭

'ਤੀਰਥ ਧਰਮ ਵੀਚਾਰ . . . . ॥' [ਵਾਰ ਮਲਾਰ ਮ: ੧–੧੨੨੬

ਪੁਨਾ– ਮਰਯਾਦਾ ਤੇ ਪਵਿੱਤ੍ਰਤਾ-ਸ਼ਕਤ ਅਲੋਪ ਹੁੰਦੀ ਜਾ ਰਹੀ ਹੈ।

[ਸੱਚਖੰਡ ਦਾ ਸਤਿਕਾਰ–ਬਾਬਾ ਜੀ ਦੀ ਜੀਵਨੀ ਵਿਚ ਪੜ੍ਹੋਗੇ]

ਹਰ ਅਸਥਾਨ ਦਾ ਸਤਿਕਾਰ ਲਈ ਦਾਸ ਦੀ ਚਸ਼ਮਦੀਦ ਵਾਰਤਾ

ਬ੍ਰਹਮ ਗਿਆਨੀ ਸੰਤ ਬਾਬਾ ਜੁਗਿੰਦਰ ਸਿੰਘ ਉਰਫ–(ਬਾਬਾ ਆਤਮਾ ਸਿੰਘ ਜੀ ਨਿਹੰਗ ਸਿੰਘ ਬੁੱਢਾ ਦਲ) ਜੋ ਪਿੰਡ ਸਮਾਲਖਾ–ਨਜ਼ਦੀਕ 'ਲਾਡਵਾ' ਜ਼ਿਲਾ ਕੁਰਛੇਤ੍ਰ (ਹਰਿਆਣਾ) ਵਾਲੇ ਜਿਨਾਂ ਆਪਣੀ ਬ੍ਰਹਮ ਦ੍ਰਿਸ਼ਟੀ ਨਾਲ–ਗੁ: ਸ਼ੇਰਗਾਹ ਪਾ: ੧੦ [ਪਾਉਂਟਾ ਸਾਹਿਬ] ਪਿੰਡ ਨਿਹਾਲ ਗੜ੍ਹ, ਜਿਥੇ ਰਾਜੇ ਜੈਦਰਥ ਦਾ ਸ਼ੇਰ ਦੀ ਜੂਨੇ ਉਦਾਰ ਕੀਤਾ ਸੀ। ਪ੍ਰਗਟ ਕਰ ਉਸ ਅਸਥਾਨ ਤੇ ਆਪਣੇ ਆਸਣ ਤੋਂ ਇੰਡੀਅਨ ਟ੍ਰਾਂਸਪੋਰਟ ਰਾਹੀ ਸੰਗਤਾਂ ਨੂੰ ਲਿਜਾ ਕੇ–ਹੋਲਾ ਮਹੱਲਾ, ਪ੍ਰਕਾਸ਼ ਦਿਨ ਪਾ: ੧ ਤੇ ੧੦ ਵੀਂ ਪੁਰਬ ਮਨਾਂਦੇ ਸਨ।

ਇਕ ਵਾਰੀ ਪੁਰਬ ਮਨਾ ਕੇ ਵੇਹਲੇ ਹੋਇ, ਤਾਂ ਸਵੇਰੇ ਹੀ ਦਾਸ (ਕ੍ਰਿਪਾਲ ਸਿੰਘ ਲਿਖਾਰੀ) ਗਿ: ਅਮਰ ਸਿੰਘ ਰਾਗੀ [ਸ਼ਾਹਬਾਦ ਵਾਲੇ] ਤੇ ਉਹਨਾਂ ਦੇ ਭਾਈ ਹਰਭਜਨ ਸਿੰਘ ਸਾਨੂੰ ਤਿੰਨਾ ਨੂੰ ਕਿਹਾ–ਗਿਆਨੀ ਸਿੰਘਾ, ਬਾਬਾ 'ਗਰੀਬ ਦਾਸ' ਜੋ ਅੰਹ ਸਾਹਮਣੇ ਪਹਾੜੀ ਤੇ ਉਹਨਾਂ ਬੜਾ ਤੱਪ ਕੀਤਾ ਹੈ, ਉਹ ਭੀ ਕਲਗੀਧਰ ਜੀ ਦੇ ਉਪਾਸ਼ਕ ਸਨ। ਜਾਓ! ਉਸ ਅਸਥਾਨ ਦੇ ਦਰਸ਼ਨ ਕਰ ਆਓ। ਇਹ ਅਸਥਾਨ ਗੁ: ਸ਼ੇਰਗਾਹ ਤੋਂ ੬–੭ ਮੀਲ ਤੋਂ ਵਧ ਪਹਾੜੀ ਦੇ ਚੜਦੇ ਨਾਲ ਨਾਲ ਪੱਗ ਡੰਡੀ ਦਾ ਰਸਤਾ ਸੀ ਮੀਲ ਡੇਢ ਮੀਲ ਉਪਰ ਬਿਖੜਾ ਰਸਤਾ ਪਹਾੜੀ ਤੇ ਚੜਨ ਦਾ ਸੀ।

ਬਾਬਾ ਜੀ ਦੇ ਹੁਕਮ ਮੁਤਾਬਕ ਸਾਨੂੰ ਰਸਤੇ ਵਿਚ ਜਲ-ਪਾਨੀ ਲੰਗਰ ਦੀ ਉਥੋਂ ਦੇ ਵਸਦੇ ਸਿੰਘਾਂ ਸੱਦ ਕੇ ਸੇਵਾ ਕੀਤੀ–ਅਸੀਂ ਸਵੇਰ ਦੇ ਚੱਲੇ, ਦੁਪਹਿਰ ਢੱਲੀ ਉਪਰ ਅਸਥਾਨ ਤੇ ਪਹੁੰਚ ਗਏ, ਇਕ ਪੱਥਰਾਂ ਦੀ ਕੁਟੀਆ ਉਪਰ ਚਾਦਰਾਂ, ਇਕ ਦਰਵਾਜ਼ਾ ਬਾਹਰ ਸਾਹਮਣੇ ਸਾਧੂ ਦਾ ਧੂਣਾ, ਉਪਰ ਟੀਨਾਂ ਦਾ ਛੱਪਰ–ਕੁਝ ਸਾਫ਼ ਸੁਥਰੀ ਥਾਂ ਤੇ ਵਡੇ ਲੰਮੇ ਪੱਥਰ ਬੈਠਣ ਲਈ ਪਏ ਸਨ।

(ਅਸੀਂ ਸਿੱਖ ਹੁੰਦੇ ਹਾਂ?) ਦੇ ਮਾਨ ਵਿਚ ੧੦–੧੦ ਪੈਸੇ ਧਰ ਉਪਰੀ ਜੇਹੀ ਨਮਸ਼ਕਾਰ ਕਰ ਕੁਝ ਸਮਾਂ ਬੈਠ ਵਾਪਸ ਮੁੜ ਆਏ [ਪਹਾੜੀ ਦੀ ਜੜ੍ਹ ਹੇਠਾਂ ਇਕ ਸਾਧੂ ਦੀ ਕੁਟੀਆ ਸੀ ਜੋ ਉਸ ਅਸਥਾਨ ਦੀ ਸੇਵਾ ਕਰਦਾ ਸੀ]।

ਸ਼ਾਮ ਜਦ ਵਾਪਸ ਗੁ: ਸ਼ੇਰ ਗਾਹ ਪਹੁੰਚੇ ਤਾਂ ਅਜੇ ਇਕ ਪੈਲੀ ਦੂਰੇਡੇ ਹੀ ਸਾਂ ਤਾਂ ਸੰਤ ਬਾਬਾ

ਬਾਬਾ ਮਿੱਤ ਸਿੰਘ ਜੀ ਤਾਂ ਕਿਸੇ ਵਿਸਮਾਦ ਰੰਗਨ ਵਿਚ ਰੰਗੇ ਗਏ, ਹੱਥ ਜੁੜੇ, ਪ੍ਰੇਮ-ਪਿਆਰੇ ਭਰੇ ਰੰਗ ਵਿਚ ਪੁਠੀ ਪੈਰੀਂ ਹਜ਼ੂਰ ਦੇ ਦੀਦਾਰ ਕਰਕੇ ਬਾਹਰ ਆ ਗਏ।

ਆਤਮਾ ਸਿੰਘ ਜੀ ਮੁਸਕ੍ਰਾਂਦੇ ਸਾਡੇ ਵਲ ਆ ਰਹੇ ਸਨ,ਅੱਧ ਕਿਲੇ ਵਿਚ ਮੇਲ ਹੋ ਗਿਆ, ਫਤਿਹ ਬੁਲਾਈ–ਬਾਬਾ ਜੀ ਹੱਸਦੇ ੨ ਕਹਿਣ ਲਗੇ, ਵਾਹ! ਭਾਈ ਵਾਹ!! ਖੂਬ ਦਰਸ਼ਨ ਕੀਤੇ, ਜਾਣਾ ਮਹਾਂ ਪੁਰਸ਼ਾਂ-ਤੁੱਪੀਆਂ ਦੇ ਅਸਥਾਨ ਤੇ ਅਤੇ ਦਸ–ਦਸ ਪੈਸੇ ਮੱਥਾ ਟੇਕਣਾ, ਸਿੰਘੋ ਅਸਾਂ ਤਾਂ 'ਸੰਤ ਗਰੀਬ ਦਾਸ' ਦੇ ਕਹੇ ਤੇ ਤੁਸਾਂ ਨੂੰ ਬੜੇ ਸੂਝਵਾਨ ਕਰਕੇ ਭੇਜਿਆ ਸੀ–ਇਹ ਮਹਾਂ ਪੁਰਸ਼ ਧੰਨ ਗੁਰੂ ਗੋਬਿੰਦ ਸਿੰਘ ਜੀ ਤੋਂ ਵਰੋਸਾਏ ਹੋਇ ਗੁਰੂ ਨਾਨਕ ਜੀ ਦੇ ਉਪਾਸ਼ਕ ਸਨ, ਉਹਨਾਂ ਦੀ ਆਤਮਾਂ ਨੇ ਕਿਹਾ ਸੀ– ਸਾਡੇ ਪਾਸ ਭੀ ਸਿੰਘਾਂ ਨੂੰ ਭੇਜਿਆ ਕਰੋ।

ਆਹ ਵੇਖੋ! ਸਾਡੇ ਪਾਸ ਖੜੇ ਹਨ, ਗਿਲਾ ਕਰ ਰਹੇ ਹਨ? ਚੰਗੇ ਸਿੰਘ ਭੇਜੇ ਜੇ? ਅਸੀਂ ਉੰਨੇ ਨਿੰਮੋਝੂਣੇ–ਸੱਚ ਸੁਣ–ਸ਼ਰਮਿੰਦੇ ਹੋ ਰਹੇ ਸਾਂ। ਬਾਬਾ ਜੀ ਨੇ ਕਿਹਾ–ਇਹ ਕੋਈ ਮਰਯਾਦਾ ਏ, ਤੁਹਾਡੀ ਯਾਤਰਾ ਪ੍ਰਵਾਨ ਨਹੀਂ ਹੋਈ। ਅਸੀਂ ਹੱਥ ਜੋੜੀ ਖੜੇ ਪਸ਼ਚਾਤਾਪ ਕਰ ਰਹੇ ਸਾਂ ਕਿ ਪਹਿਲਾਂ ਹੀ ਮਰਯਾਦਾ ਪੁੱਛ ਜਾਂਦੇ? ਅਰਜ਼ ਕੀਤੀ–ਬਾਬਾ ਜੀ ਇਸ ਗਲਤੀ ਦੀ ਸਾਨੂੰ ਜਾਣਕਾਰੀ ਨਹੀਂ ਸੀ, ਮਾਫ ਕਰ ਦਿਓ ਤੇ ਜਿਵੇਂ ਹੁਕਮ ਕਰੋ 'ਸੰਤ ਗਰੀਬ ਦਾਸ' ਖੁਸ਼ ਹੋਵਣ ਉਹ ਮਰਯਾਦਾ ਦਸੋ?

ਬਾਬਾ ਜੀ ਨੇ ਕਿਹਾ–ਹੱਛਾ! ਕਲ ਫਿਰ ਜਾਣਾ, ਮਨ ਅੰਦਰ ਸਿੱਖੀ ਦਾ ਜਨੂਣ–ਸ਼ਰੀਯਤ ਨਾ ਲੈ ਕੇ ਜਾਣਾ–ਉਹ ਭੀ ਗੁਰੂ ਕਲਗੀਧਰ ਦਰਬਾਰ ਰੋਜ਼ ਨਮਸ਼ਕਾਰ ਆ ਕੇ ਕਰਦੇ ਹਨ–[ਭਾਵੇਂ ਉਨ੍ਹਾਂ ਦਾ ਸਰੀਰ ਤਾਂ ਬਿਨਸ ਚੁਕਾ ਹੈ ਪਰ ਆਤਮਾਂ ਤਾਂ ਅਮਰ ਹੈ] ਕਲ ਜਾ ਕੇ ਸਵਾ-ਸਵਾ ਰੁਪਈਆ ਹੁਣ ਨਹੀਂ? ਸਗੋਂ ਤੁਹਾਡੀ ਗਲਤੀ ਕਾਰਨ ਢਾਈ-ਢਾਈ ਰੁਪੈ [ਸਵਾ ਰੁਪਈਆ ਮਰਯਾਦਾ ਜੋ ਹੈ ਹਰ ਅਸਥਾਨ ਤੇ ਨਮਸ਼ਕਾਰ ਕਰਨ ਦੀ ਤੇ ਸਵਾ ਰੁਪਈਆ ਗਲਤੀ ਦੀ ਤਨਖਾਹ [ਜੁਰਮਾਨਾ] ਅਦਬ ਸਤਕਾਰ ਨਾਲ ਰੱਖ ਕੇ ਅਰਦਾਸ ਕਰਨੀ–ਪੰਜ ਪ੍ਰਕਰਮਾਂ ਕਰਨੀਆਂ, ਕੁਝ ਸਮਾਂ ਬੈਠ ਬਾਣੀ (ਜਪੁ ਸਾਹਿਬ) ਦਾ ਪਾਠ ਕਰਨਾ, ਅਰਦਾਸ ਕਰ ਖੁਸ਼ੀਆਂ ਆਗਿਆ ਲੈ ਕੇ ਮੁੜਨਾ ਕਾਹਲੇ ਨਹੀਂ ਪੈਣਾ, ਬੜੀ ਧੀਰਜ-ਸਹਿਜ ਭਾਅ ਵਿਚ ਵਾਪਸ ਆਉਣਾ।

ਬਾਬਾ ਜੀ ਨੇ ਕਿਹਾ– ਗਿਆਨੀ ਸਿੰਘਾ! ਇਹ ਮਰਯਾਦਾ ਨਹੀਂ? ਜਦੋਂ ਕਿਸੇ ਅਸਥਾਨ ਤੇ ਜਾਵੋ, ਉਹ ਸ਼ਰੇਸ਼ਟ ਤੇ ਪੂਜਯ ਹੁੰਦਾ ਹੈ, ਕਿਉਂਕਿ ਓਥੇ ਕਿਸੇ ਨੇ ਤੱਪ ਕੀਤਾ ਹੁੰਦਾ ਏ, ਤਾਂ ਹਰ ਅਸਥਾਨ ਤੇ ਸਵਾ ਰੁਪਈਆ ਦਰਸ਼ਨ ਭੇਟ ਜ਼ਰੂਰ ਨਮਸ਼ਕਾਰ ਕਰਿਆ ਕਰਨੀ–ਸ਼ਰਧਾ ਮੁਤਾਬਕ ਵਧ ਭੀ ਅਰਦਾਸ ਭੇਟ ਕਰ ਸਕਦੇ ਹੋ।

ਦੂਸਰੇ ਦਿਨ, ਜਿਵੇਂ ਬਾਬਾ ਜੀ ਨੇ ਜਾਣਕਾਰੀ ਦਿਤੀ–ਅਸੀਂ ਫਿਰ ਗਏ, ਤੇ ਨਿੰਮ੍ਰਤਾ ਸਹਿਤ ਢਾਈ-ਢਾਈ ਰੁਪੈ ਦਰਸ਼ਨ ਭੇਟ ਰੱਖੀ, ਨਮਸ਼ਕਾਰ ਕਰ ਪ੍ਰੇਮ ਸਹਿਤ ਸਾਰਿਆਂ 'ਜਪੁਜੀ ਸਾਹਿਬ' ਦਾ ਪਾਠ ਕੀਤਾ ਤੇ ਫਿਰ ਅਰਦਾਸ ਕਰ ਮਾਫੀ ਮੰਗੀ–ਮਹਾਂਪੁਰਸ਼ੋਂ ਅਣਜਾਣੇ ਸਾਂ, ਕੱਲ ਹੋਈ ਗਲਤੀ ਦੀ ਖਿਮਾਂ ਬਖਸ਼ਣੀ। ਜਦ ਸ਼ਾਮ ਨੂੰ 'ਸੰਤ ਗਰੀਬ ਦਾਸ ਜੀ' ਦੇ ਅਸਥਾਨ ਤੋਂ ਵਾਪਸ ਮੁੜੇ, ਤਾਂ ਕੱਲ ਵਾਂਗ ਬਾਬਾ ਜੀ ਅਗੋਂ ਹਸਦੇ ੨ ਆ ਮਿਲੇ ਫਤਿਹ ਬੁਲਾਈ ਫਤੇ ਦਾ

ਨਿਸ਼ਾਨ ਸਾਹਿਬ ਨਮਸ਼ਕਾਰ, ਤੇ ਪ੍ਰਕਰਮਾ ਕਰ ਕੇ ਫਿਰ ਤਖਤ ਦੀਆਂ ਖੱਬਿਉਂ ਸੱਜੇ ਪੰਜ ਪ੍ਰਕਰਮਾਂ ਕੀਤੀਆਂ। ਨਮਸ਼ਕਾਰ ਡੰਡਵਤ ਕਰ ਕੇ ਨਾਲ ਲਗਦੇ ਅਸਥਾਨਾਂ–ਬਾਬਾ ਦਇਆ ਸਿੰਘ ਜੀ, ਬਾਬਾ ਧਰਮ ਸਿੰਘ ਜੀ, ਮਾਤਾ ਭਾਗੋ, ਗੁਰੂ ਕਾ ਬੰਙ, ਬਾਰਾਂਦਰੀ (ਜੋ ਮਹਾਰਾਜਾ ਰਣਜੀਤ ਸਿੰਘ ਜੀ ਸ਼ੇਰੇ ਪੰਜਾਬ, ਜਿਨ੍ਹਾਂ ਨੇ ਇਹ ਗੁਰ ਅਸਥਾਨ ਦੀ ਸੇਵਾ ਕਰਵਾਈ ਸੀ, ਸੱਚਖੰਡ ਪਹੁੰਚਣ ਤੇ ਬਿਸਰਾਮ ਕਰਨ ਲਈ ਬਣਾਈ ਗਈ ਸੀ। ਪਰ ਹੁਕਮ ਸਤਿ, ਦੀਦਾਰੇ ਕਰਨ ਤੋਂ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ ਸਨ। ਉਸ ਅਸਥਾਨ ਦੇ ਦਰਸ਼ਨ ਕਰ ਕੇ, ਗੁਰੂ ਕੇ ਅਸਤਬਲ ਅਰਾਕਿਆਂ (ਘੋੜਿਆਂ) ਦੇ ਦਰਸ਼ਨ ਕੀਤੇ, (ਜਿਨ੍ਹਾਂ ਤੇ ਮਹਲੇ ਵੇਲੇ ਅਤਿ ਸੁੰਦਰ ਪੁਸ਼ਾਕੇ ਪਾ ਕੇ ਕੋਈ ਉਪਰ ਅਸਵਾਰ ਨਹੀਂ) ਸਗੋਂ ਉਸ ਸਮੇਂ ਉਸ 'ਅਰਾਕੇ' ਦੀ ਦੱਖ ਹੀ ਨਿਰਾਲੀ ਹੁੰਦੀ ਹੈ। ਦ੍ਰਿਸ਼ਟਮਾਨ ਪੁਰਸ਼ ਅਨੁਭਵ ਕਰਦਾ ਹੈ ਜੋ ਇਸ ਪਰ ਕੋਈ ਅਦ੍ਰਿਸ਼ਟਾ ਹੀ ਸਵਾਰ ਹੈ। ਪਿੱਠ (ਲੱਕ) ਘੋੜੇ ਦਾ ਨਿਵਿਆ ਹੋਇਆ ਝੱਗੋ ਝੱਗ, ਅਜੇਹੀ ਖੇਡ ਵਚਿਤ੍ਰ ਹੀ ਦਿਖਾਈ ਦੇਂਦੀ ਹੈ। ਦੂਸਰੇ ਅਰਾਕੇ (ਘੋੜੇ) ਤੇ ਧੌਂਸਾ ਜੋ ਸਤਿਗੁਰਾਂ ਦਾ ਸ਼ਾਹੀ ਚਿੰਨ ਦਰਸਾਂਦਾ ਤੇ ਦੁਸ਼ਮਨਾਂ ਨੂੰ ਖਬਰਦਾਰ ਕਰਦਾ ਹੈ।)

ਨੀਲੇ, ਅਤਿ ਸੁੰਦਰ ਤੇ ਪ੍ਰਬੀਨ ਘੋੜਿਆਂ ਦੇ ਦੀਦਾਰ ਕਰ ਕੇ ਮਨ ਵਿਚ ਪ੍ਰਸੰਨਤਾ, ਹੁਲਾਸ, ਖੇੜੇ ਭਰਪੂਰ ਸਾਰੇ ਸਿੰਘਾਂ ਛਾਉਣੀ ਆ ਕੇ ਜਲ - ਤੇ ਲੰਗਰ ਛੱਕ ਕੇ ਅਰਾਮ ਕੀਤਾ।

ਸਚਖੰਡ ਤੇ ਹੋਰ ਗੁਰ ਅਸਥਾਨਾਂ ਦੇ ਦਰਸ਼ਨ ਕਰਨੇ

ਪਿਛਲੇ ਪਹਿਰ ਸੌਚ-ਇਸ਼ਨਾਨ ਕਰ, ਸੱਚਖੰਡ (ਨਾਂਦੇੜ) ਸ਼ਹਿਰ ਵਿਚ ਗੁਰ ਅਸਥਾਨਾਂ, ਗੁ: ਨਗੀਨਾ ਘਾਟ–ਗੁ: ਬਾਬਾ ਬੰਦਾ ਬਹਾਦਰ, ਗੁ: ਸੰਗਤ ਸਾਹਿਬ ਦੇ ਦਰਸ਼ਨ ਦੀਦਾਰ ਕਰ ਮਨ ਬੜਾ ਅਨੰਦਤ ਹੋਇਆ ਸਤਿਗੁਰਾਂ ਦੀ ਵਚਿੱਤ੍ਰ ਲੀਲਾ ਕੌਤਕ ਗੁਰ ਇਤਿਹਾਸ ਦੀ ਵਸ਼ੇਸ਼ਤਾ ਸੁਣ ਕੇ ਅਤਿ ਪ੍ਰਸੰਨ ਹੋਇ ਸ਼ਾਮ ਦਾ ਨਿਤਨੇਮ ਰਹਿਰਾਸ ਦਾ ਪਾਠ ਤਖਤ ਸਚਖੰਡ ਜਾ ਕੇ ਸਰਵਣ ਕਰਕੇ ਅਤੇ ਆਰਤੀ ਆਰਤਾ–ਚੌਂਕੀ ਸਾਰੀ ਮਰਯਾਦਾ ਦੀ ਹਾਜ਼ਰੀ ਭਰ ਕੇ ਛਾਉਣੀ ਆ ਕੇ ਲੰਗਰ ਛਕਕੇ, ਕਾਫੀ ਰਾਤ ਤੱਕ ਸਾਰੇ ਸਿੰਘ ਇਕੱਤ੍ਰ ਹੋ ਕੇ ਗੁਰਮੱਤ ਵਿਚਾਰਾਂ ਸਤਿਗੁਰਾਂ ਦਾ ਆਪਣਾ ਸਤਿਜੁਗ ਦਾ ਤੱਪ ਅਸਥਾਨ

ਜਵਾਬ ਦੇਂਦੇ ਕਹਿਣ ਲਗੇ–ਹਾਂ ਗਿਆਨੀ ਸਿੰਘਾ! ਹੁਣ ਹੋਈ ਨਾ ਯਾਤਰਾ! ਬੜੇ ਖੁਸ਼ ਹਨ 'ਸੰਤ ਗਰੀਬ ਦਾਸ ਜੀ' ਚਲੋ ਜਲ - ਪਾਣੀ ਛਕੋ, ਆਰਾਮ ਕਰੋ। ਕੱਲ੍ਹ ਤੇ ਅੱਜ ਪਹਾੜੀ ਚੜ੍ਹਦੇ ਉਤਰਦੇ ਥੱਕ ਗਏ ਹੋਵੋਗੇ।

ਇਹ ਸੀ ਮਹਾਂ ਪੁਰਸ਼ਾਂ ਨੇ ਇਸ਼ਟ ਜਾਂ ਕਿਸੇ ਤੱਪੀ ਦੇ ਤੱਪ ਅਸਥਾਨ ਦੀ ਮਰਯਾਦਾ ਦਰਸਾਈ।

ਇਹ ਲਿਖਣ ਦਾ ਭਾਵ ਦਾਸ ਦੀ ਪ੍ਰਭਤਾ ਲਈ ਨਹੀਂ, ਸਗੋਂ ਚਸ਼ਮਦੀਦ ਵਰਤੀ ਕਹਾਣੀ, ਅਤੇ ਮਹਾਂ ਪੁਰਸ਼ਾਂ ਦੀ ਦਰਸਾਈ ਮਰਯਾਦਾ, ਸ਼ਰਧਾਲੂ ਪ੍ਰੇਮੀ ਜਨਾਂ ਦੀ ਆਮ ਜਾਣਕਾਰੀ ਲਈ ਦਾਸ ਨੂੰ ਮਿਲੀ ਦਾਤ ਲਾਭ ਹਿੱਤ ਲਿੱਖੀ ਹੈ ਕਿ ਯਾਤ੍ਰੀ ਗੁਰ-ਸਥਾਨਾਂ ਦੀ ਯਾਤ੍ਰਾ ਕਰਨ ਸਮੇਂ 'ਸਤਿਗੁਰ ਅੰਤ੍ਰਜਾਮੀ ਜਾਣ'ਕੇ ਸ਼ਰਧਾ-ਭਾਵਨਾ ਨਾਲ ਭੇਟਾ ਅਰਪਣ ਕਰ ਕੇ 'ਹਉਮੈ ਰਹਿਤ' ਨਿਮਰਤਾ ਨਾਲ ਕੀਤੀ ਹੀ ਯਾਤਰਾ ਸਫਲ ਅਤੇ ਪ੍ਰਵਾਨ ਹੁੰਦੀ ਹੈ।

ਸਭ ਕਲਜੁਗੀ ਜੀਵਾਂ ਦੇ ਭਲੇ ਵਾਸਤੇ ਉਜਾਗਰ ਕਰਕੇ ਕਿਤਨਾ ਸਾਡੇ ਪਾਪੀਆਂ ਤੇ ਪ੍ਰਉਪਕਾਰ ਕੀਤਾ ਹੈ। ਗੁਰ ਅਸਥਾਨਾਂ ਤੇ ਵੱਖ-ਵੱਖ ਕੀਤੇ ਕੌਤਕ ਵਿਸਥਾਰ ਨਾਲ ਸੁਣੇ, ਧੰਨ ਸਤਿਗੁਰੂ–ਧੰਨ ਸਤਿਗੁਰੂ ਕਹਿੰਦੇ ਸਭ ਆਸਣਾਂ ਤੇ ਜਾ ਆਰਾਮ ਕੀਤਾ।

ਨਾਂਦੇੜ ਸ਼ਹਿਰ ਤੋਂ ਬਾਹਰਲੇ ਗੁਰ ਅਸਥਾਨਾਂ ਦੇ ਦਰਸ਼ਨ ਕਰਨੇ

ਦੂਸਰੇ ਦਿਨ, ਜਲ ਪਾਣੀ ਲੰਗਰ ਛਕ ਕੇ[ਕਿਉਂਕਿ ਉਹਨਾਂ ਦਿਨਾਂ ਵਿਚ ਬਾਹਰਲੇ ਗੁ: ਅਸਥਾਨ ਹੁਣ ਵਾਂਗ ਜਿਵੇਂ ਮਾਤਾ ਜੀ ਦੇ ਅਸਥਾਨ ਤੇ ਲੰਗਰ ਦਾ ਪ੍ਰਬੰਧ ਹੈ ਨਹੀਂ ਸੀ ਹੁੰਦਾ,] ਲੰਗਰ ਛਾਉਣੀ ਹੀ ਛੱਕ ਲਿਆ, ਕਿਉਂਕਿ ਪੈਦਲ ਸਫਰ ਕਰਨਾ ਸੀ। ਸਾਰੇ ਸਿੰਘ ਕਮਰ ਕੱਸੇ ਕਰਕੇ ਬਾਬਾ ਮਿੱਤ ਸਿੰਘ ਜੀ ਨਾਲ ਦਰਸ਼ਨਾਂ ਲਈ ਤਿਆਰ ਹੋ ਗਏ। ਬਾਬਾ ਜੀ ਦਾ ਪ੍ਰਭਾਵ ਸੁਤੇ ਹੀ ਹਰ ਸਿੰਘ ਨੂੰ ਪ੍ਰੇਰਤ ਕਰ ਲੈਂਦਾ ਸੀ।

ਗੁਰਦੁਆਰਾ ਮਾਲ ਟੇਕਰੀ ਦੇ ਦਰਸ਼ਨ

ਛਾਉਣੀ ਗੁਰੂ ਹਜ਼ੂਰ ਅਰਦਾਸ ਕਰ ਚਾਲੇ ਪਾਏ, ਪਹਿਲਾਂ ਸੱਚਖੰਡ 'ਤਖਤ ਹਜ਼ੂਰ' ਦੇ ਨਮਸ਼ਕਾਰ ਦੀਦਾਰ ਕਰ ਕੇ,ਗੁ: ਮਾਲ ਟੇਕਰੀ ਸਾਹਿਬ ਪਾ:੧, ਦੇ ਪੈਦਲ ਹੀ ਜਾ ਕੇ ਦਰਸ਼ਨ ਭੇਟ ਰੱਖ ਨਮਸ਼ਕਾਰ ਕਰਕੇ ਅਰਦਾਸ ਕੀਤੀ ਅਤੇ ਪ੍ਰਕਰਮਾਂ ਕਰ ਇਥੋਂ ਪੈਦਲ ਹੀ ਸਿਧੇ ਗੋਦਾਵਰੀ ਦੇ ਪਹਾੜ ਬਾਹੀ ਹੀ ਗੁ: ਹੀਰਾ ਘਾਟ ਨੂੰ ਚਾਲੇ ਪਾਏ। ਰਸਤੇ ਵਿਚ ਇਕ ਖਤਰਨਾਕ ਨਾਲਾ *(ਹਸਨਾ ਨਦੀ) ਜਿਨ੍ਹਾਂ ਸਿੰਘਾਂ ਨੂੰ

***(ਹਸਨਾ ਨਦੀ)**—ਇਸ ਨਦੀ ਬਾਰੇ ਜੋ ਇਧਰ ਦੇ ਲੋਕਾਂ (ਮਰਹੱਟਿਆਂ) ਤੋਂ ਜਾਣਕਾਰੀ ਮਿਲੀ ਹੈ, ਕਿ ਇਸ ਨਦੀ ਵਿਚ ਦਲ-ਦਲ ਬਹੁਤ ਹੈ, ਚਿੱਕਨ ਇੱਤਨੀ ਹੈ, ਕਿ ਜੇ ਅਣਜਾਣ ਰਾਹੀ ਕੁਰਾਹੇ ਪੈ ਜਾਵੇ, ਤਾਂ ਵਿਚੇ ਹੀ ਧਸ ਜਾਂਦਾ ਹੈ।

ਕਹਿੰਦੇ ਹਨ–ਜਦ ਅੰਗਰੇਜ਼ ਮਨਮਾੜ ਤੋਂ ਹੈਦਰਾਬਾਦ ਦੱਖਣ ਨੂੰ ਰੇਲਵੇ ਲਾਇਣ ਦਾ ਨਿਸ਼ਾਣ ਕਰਨ ਲਈ ਸਰਵੇ ਕਰਨ ਲਗੇ ਤਾਂ ਸਰਵੇ ਕਰਨ ਵਾਲਾ ਜਦ ਨਦੀ ਪਾਰ ਕਰਨ ਲੱਗਾ ਤਾਂ ਲੋਕਾਂ ਕਿਹਾ, ਸਿਧੇ ਲੰਘਣਾ ਜਾਨ ਗਵਾਉਣੀ ਹੈ। ਪਰ ਅੰਗਰੇਜ਼ ਨਾ ਮੰਨਿਆ। ਸਿੱਧਾ ਘੋੜਾ ਠੇਹਲ ਦਿਤਾ। ਬੱਸ! ਪਲੋ ਪਲੀ ਘੋੜੇ ਸਮੇਤ ਦਲ - ਦਲ [ਚਿੱਕੜ] ਵਿਚ ਧੱਸ ਗਿਆ ਤੇ ਪਤਾ ਨਹੀਂ ਕਿਥੇ ਜ਼ਰਕ ਹੋ ਗਿਆ। ਕੇਵਲ ਸਿਰ ਦਾ ਟੋਪ ਹੀ ਪਾਣੀ ਤੇ ਤਰਦਾ ਰਹਿ ਗਿਆ।

ਇਸ ਨਦੀ ਤੇ ਦਾਸ ਦੀ ਹੱਡ ਬੀਤੀ - ਇਕ ਵਾਰੀ ਬਾਬਾ ਮਿੱਤ ਸਿੰਘ ਜੀ ਨੇ ਦਾਸ ਨੂੰ ਕਿਸੇ ਕੰਮ ਸੱਚਖੰਡ ਭੇਜਿਆ। ਵਾਪਸੀ ਤੇ ਇਕੱਲਾ ਸਾਂ ਤੇ ਸ਼ਾਮ ਪੈ ਚੁਕੀ ਸੀ। (ਉਸ ਵਕਤ ਪੈਦਲ ਹੀ ਮਾਤਾ ਦੇ ਅਸਥਾਨ ਤੋਂ ਸੱਚਖੰਡ (ਨਾਂਦੇੜ) ਆਇਆ ਜਾਇਆ ਕਰੀਦਾ ਸੀ ਤੇ ਸੰਗਤਾਂ ਭੀ ਨਦੀ ਕਿਨਾਰੇ ਪੈਦਲ ਹੀ ਹੀਰਾ ਘਾਟ, ਮਾਤਾ ਜੀ ਤੇ ਸ਼ਿਕਾਰ ਘਾਟ ਦੇ ਦਰਸ਼ਨ ਕਰ ਕੇ ਇਸੇ ਰਸਤੇ ਵਾਪਸ ਮੁੜਦੀਆਂ ਸਨ। ਸੜਕੀ ਰਸਤਾ ਨਹੀਂ ਸੀ ਹੁੰਦਾ।) ਮੈਂ ਹਸਨਾ ਨਦੀ ਪਾਰ ਕਰਨ ਲਗਾ (ਭਾਵੇਂ ਨਦੀ ਚੋਂ ਲੰਘਣ ਵਾਲੀ ਪੱਗਡੰਡੀ

[ਫੁਟਨੋਟ ਬਾਕੀ–ਪੰਨਾ ਨੰ: ੧੧੪ ਤੇ]—

ਇਸ ਰਸਤੇ ਦੀ ਜਾਣਕਾਰੀ ਸੀ ਉਸ ਰਸਤੇ ਤੋਂ ਪਾਰ ਕਰ (ਜੋ ਨੇੜੇ ਹੀ ਗੋਦਾਵਰੀ ਵਿਚ ਜਾ ਮਿਲਦੀ ਹੈ) ਲੈ ਦੇ ਸਨ–ਅਣਜਾਣਾਂ ਲਈ ਖਤਰਨਾਕ ਸੀ।

ਗੁ: ਹੀਰਾ ਘਾਟ ਦੇ ਦਰਸ਼ਨ– ਗੋਦਾਵਰੀ ਨਦੀ ਕਿਨਾਰੇ ਚਲਦੇ, ਗੁ: ਹੀਰਾ ਘਾਟ ਪਹੁੰਚ ਨਮਸ਼ਕਾਰ ਕੀਤੀ–ਕੁਝ ਸਮਾਂ ਇਥੇ ਬੈਠ ਹਾਜ਼ਰੀ ਭਰੀ।

ਗੁ: ਮਾਤਾ ਸਾਹਿਬ ਦੇ ਦਰਸ਼ਨ–ਇਹ ਅਸਥਾਨ ਭੀ ਨਦੀ ਕੰਢੇ ਤੇ ਹੈ, ਹੀਰਾ ਘਾਟ ਤੋਂ ਨਦੀ ਕਿਨਾਰੇ ਗੁਰਦੁਆਰਾ ਜਗਤ ਮਾਤਾ, ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਪੁਜੇ, ਹੀਰਾ ਘਾਟ ਤੋਂ ਮਾਤਾ ਜੀ ਦਾ ਅਸਥਾਨ ਫਰਲਾਂਗ–ਦੋ ਫਰਲਾਂਗ ਹੋਵੇਗਾ। ਮਾਤਾ ਜੀ ਦੇ ਅਸਥਾਨ ਤੇ ਨਮਸ਼ਕਾਰ ਕਰ [ਜੋ ਉਸ ਵਕਤ ਛੋਟਾ ਜਿਹਾ ਥੜਾ ਹੀ ਬਣਿਆ ਹੋਇਆ ਸੀ, ਅਤੇ ਛੋਟਾ ਜਿਹਾ ਨਿਸ਼ਾਨ ਸਾਹਿਬ ਲੱਗਾ ਹੋਇਆ ਸੀ, ਕੋਈ ਇਮਾਰਤ ਨਹੀਂ ਸੀ], ਸਿਰਫ ਟੀਨਾਂ ਦਾ ਛੱਪਰ ਜੋ ਦੂਧਾਧਾਰੀ ਨੇ ਬਣਵਾਇਆ ਸੀ ਤੇ ਉਸ ਵਿਚ ਪ੍ਰਕਾਸ਼ ਕਰਕੇ ਨਿਤਨੇਮ ਕਰਿਆ ਕਰਦੇ ਸਨ।

ਪੰਜ ਪ੍ਰਕਰਮਾਂ ਕੀਤੀਆਂ ਹਜ਼ੂਰੀ ਵਿਚ ਕੁਝ ਸਮਾਂ ਬੈਠੇ ਜਪ-ਤਪ ਤੇ ਆਪਣੀ ਵੇਦਣ ਬੇਨਤੀ ਅਰਦਾਸ ਕੀਤੀ [ਉਸ ਵਕਤ ਇਸ ਮਾਤਾ ਜੀ ਦੇ ਅਸਥਾਨ ਦੀ ਸੇਵਾ–ਬਾਬਾ ਹਰੀ ਸਿੰਘ (ਦੂਧਾ-ਧਾਰੀ) ਨਿਹੰਗ ਸਿੰਘ ਬੁੱਢਾ ਦਲ ਜੋ ਬੜੇ ਹੱਠੀ-ਤੱਪੀ ਸਿੰਘ ਸਨ, ਕਰਿਆ ਕਰਦੇ ਸਨ। ਕਿਉਂਕਿ ਉਜਾੜ

ਪੱਕੇ ਰਸਤੇ ਦਾ ਪਤਾ ਭੀ ਸੀ) ਨਦੀ ਦਾ ਵਿਚਾਲਾ ਤਾਂ ਲੰਘ ਗਿਆ ਪਾਰਲੇ ਕੰਢੇ ਪਾਸ ਅਚਾਨਕ ਮੇਰਾ ਸੱਜਾ ਪੈਰ ਪੱਕੇ ਰਾਹੋਂ ਦਲ-ਦਲ ਵਿਚ ਫਸ ਗਿਆ, ਤੇ ਸਕਿੰਟਾਂ ਵਿਚ ਗੋਡੇ ਤੱਕ ਇਕ ਦੱਮ ਹੇਠਾਂ ਚਲਾ ਗਿਆ। ਪਰ ਸਤਿਗੁਰਾਂ ਸੋਝੀ ਦਿਤੀ ਤੇ ਬਲ ਬਖਸ਼ਿਆ, ਖੱਬਾ ਪੈਰ ਪੱਕੇ ਥਾਵੇਂ ਸੀ, ਕੁਝ ਭਰ ਜਵਾਨੀ ਕਰਕੇ ਹਿੰਮਤ ਭੀ ਸੀ–ਮੈਂ ਲੱਪਕ ਕੇ ਕੰਢੇ ਨੂੰ ਹੱਥ ਪਾ ਲਏ ਤੇ ਜ਼ੋਰ ਦਾ ਝੱਟਕਾ ਦੇ ਕੇ ਖੱਬੀ ਲੱਤ ਤੇ ਦਬਾ ਪਾ ਕੇ, ਬੜੀ ਮੁਸ਼ਕਲ ਨਾਲ ਲੱਤ ਕੱਢੀ, ਜੇ ਨੇੜੇ ਕੰਢਾ ਨਾ ਹੁੰਦਾ ਤਾਂ ਸ਼ਾਇਦ ਮੇਰੇ ਨਾਲ ਕੀ ਵਾਪਰਦੀ–ਕਿਉਂਕਿ ਨਾ ਕੋਈ ਨੇੜੇ ਆਵਾਜ਼ ਸੁਨਣ ਵਾਲਾ ਹੀ ਸੀ, ਤੇ ਨਾ ਕਿਸੇ ਦੀ ਸ਼ਾਮ ਨੂੰ ਇਸ ਰਸਤੇ ਆਉਣ ਦੀ ਆਸ ਸੀ।ਬਾਹਰ ਨਿਕਲ ਲੱਤ ਤੇ ਚੰਮੜੀ ਮਿੱਟੀ ਲਾਹੀ ਧੋਤੀ ਤੇ ਕਿਤਨਾ ਚਿਰ ਬੈਠਾ ਇਸ ਭਾਣੇ ਦੀਆਂ ਸੋਚਾਂ ਸੋਚਦਾ, ਧੰਨ ਕਲਗੀਧਰ ਜੀ ਤੇ ਧੰਨ ਜਗਤ ਮਾਤਾ–ਮਾਤਾ ਸਾਹਿਬ ਕੌਰਾਂ ਦਾ ਸ਼ੁਕਰਾਨਾ ਕਰਦਾ ਰਿਹਾ, ਸਰੀਰ ਵਿਚ ਜਾਨ ਵਿਚ ਜਾਨ ਆਈ ਤੇ ਸਹਿਜੇ ੨ ਮਾਤਾ ਜੀ ਦੇ ਅਸਥਾਨ ਤੇ ਪੁਜਾ।

ਜਦ ਬਾਬਾ ਜੀ ਨੇ ਦੇਰੀ ਦਾ ਕਾਰਨ ਪੁਛਿਆ ਤਾਂ ਸਾਰੀ ਵਿਥਿਆ ਸੁਣਾਈ, ਤਾਂ ਬਾਬਾ ਜੀ ਵਿਸਮਾਦ ਰੰਗ ਵਿਚ ਬੜੀ ਗੰਭੀਰਤਾ ਭਰੇ ਚੇਹਰੇ ਨਾਲ ਕਹਿਣ ਲਗੇ–ਧੰਨ ਮਾਤਾ ਜੀ ਜਿਨਾਂ ਸੇਵਕ ਨੂੰ ਹੱਥ ਦੇ ਕੇ ਰੱਖ ਲਿਆ ਹੈ, 'ਲਿਖਾਰੀ ਸਿੰਘ' ਇਹ ਹੈ ਨਿਸ਼ਕਾਮ ਸੇਵਾ ਦਾ ਸਦਕਾ, ਆਪ ਦੇ ਸਤਿਗੁਰੂ ਸਦਾ ਰਖਵਾਲੇ ਹਨ। ਕੋਈ ਚੋਟ ਤਾਂ ਨਹੀਂ ਆਈ ? ਚਲੋ ਜਲ ਪਾਣੀ ਛਕੋ, ਜ਼ਰਾ ਘੀ ਦੀ ਮਾਲਸ਼ ਕਰਕੇ ਸੇਕ ਕਰ ਲਵੋ।

ਇਹ ਰਸਨਾ ਨਦੀ ਜੋ ਬਹੁਤ ਖਤਰਨਾਕ ਹੈ, ਦਾਸ ਨਾਲ ਬੀਤੀ ਘਟਨਾ ਦਰਜ ਕੀਤੀ ਹੈ।

ਕਰਕੇ ਕੋਈ ਨੇੜੇ ਰੰਣਕ ਦਾ ਸਾਧਨ ਭੀ ਨਾ ਹੋਣ ਕਰਕੇ ਜੋ ਭੀ ਬੇਹੰਗਮ [ਨਿਹੰਗ ਸਿੰਘ] ਆ ਕੇ ਹੀ ਸੇਵਾ ਕਰਦੇ ਸਨ –ਇਸ ਇਕੱਲ ਕਰਕੇ ਉਪਰਾਮ ਹੋ ਕੇ ਕੁਝ ਸਮਾਂ ਸੇਵਾ ਕਰਕੇ ਚਲੇ ਜਾਂਦੇ ਸਨ [ਸਚਖੰਡ ਤਰਫ ਵਲੋਂ ਨਾ ਇਮਾਰਤ ਬਣਾਈ ਹੋਈ ਸੀ ਤੇ ਨਾ ਰਹਿਣ ਦਾ ਪ੍ਰਬੰਧ,ਸਿੰਘ ਛੰਨਾ ਪਾ ਗੁਜ਼ਾਰਾ ਕਰਦੇ ਸਨ]

ਬਾਬਾ ਹਰੀ ਸਿੰਘ ਦੂਧਾ-ਧਾਰੀ ਨੇ ਜਦ ਸਿੰਘਾਂ ਨੂੰ ਵੇਖਿਆ ਤਾਂ ਬੜੇ ਖੇੜੇ ਵਿਚ ਆ ਗਏ, ਅਗੇ ਹੋ ਫਤਿਹ ਬੁਲਾਈ–ਆਦਰ ਸਤਿਕਾਰ ਨਾਲ ਬਿਠਾ ਕੇ ਜੋ ਹਾਜ਼ਰ ਸੀ ਜਲ-ਪਾਣੀ ਲੰਗਰ ਛਕਾਇਆ। [ਭਾਵੇਂ ਸਿੰਘ ਲੰਗਰ ਛੱਕ ਕੇ ਗਏ ਸਨ] ਪਰ ਸਿੰਘ ਦੀ ਭਾਵਨਾ ਨੂੰ ਠੇਸ ਨਾ 'ਲਗ ਜਾਵੇ, ਦੇ ਆਸ਼ੇ ਨਾਲ ਲੰਗਰ ਛਕਿਆ ਦੂਧਾ-ਧਾਰੀ ਨੇ ਬੇਨਤੀ ਕੀਤੀ ਕਿ ਸ਼ਿਕਾਰ ਘਾਟ ਦੇ ਦਰਸ਼ਨ ਕਰਕੇ, ਵਾਪਸ ਆ ਕੇ ਰਾਤ ਆਪਣੀ ਮਾਤਾ ਜੀ ਦੀ ਗੋਦ ਵਿਚ ਹੀ ਬਿਸਰਾਮ ਕਰਨਾ।

ਗੁ: ਸ਼ਿਕਾਰ ਘਾਟ ਦੇ ਦਰਸ਼ਨ– ਮਾਤਾ ਜੀ ਦੇ ਅਸਥਾਨ ਤੋਂ ਚਾਲੇ ਪਾ ਗੁ: ਸ਼ਿਕਾਰ ਘਾਟ ਦੇ ਦਰਸ਼ਨ ਕਰ ਵਾਪਸ ਆ–ਮਾਤਾ ਜੀ ਦੇ ਅਸਥਾਨ ਤੇ ਰਾਤ ਬਿਸਰਾਮ ਕੀਤਾ। ਜੋ ਹਾਜ਼ਰ ਸੀ ਦੂਧਾ ਧਾਰੀ ਨੇ ਸਿੰਘਾਂ ਨੂੰ ਛਕਾਇਆ–ਬਾਕੀ ਦੇ ਸਿੰਘ ਤਾਂ ਸਾਰੇ ਦਿਨ ਦੇ ਪੈਂਡੇ ਕਾਰਨ ਥੱਕ ਗਏ ਸਨ, ਥਾਰੇ ਆਸਣ ਲਾ ਕੇ ਬਿਰਾਜ ਗਏ। ਪਰ ਬਾਬਾ ਮਿੱਤ ਸਿੰਘ ਜੀ, ਜਗਤ-ਮਾਤਾ, ਮਾਤਾ ਸਾਹਿਬ ਕੌਰਾਂ ਜੀ, ਜੋ ਆਦਿ ਸ਼ਕਤ ਸ੍ਵਰੂਪ ਸਨ, ਉਹਨਾਂ ਦੇ ਤੱਪ ਅਸਥਾਨ (ਥੜੇ)ਪਾਸ ਬੈਠਕੇ ਮਹਾਂਕਾਲ ਸਵਰੂਪ ਦੇ ਦਰਸ਼ਨਾਂ ਵਿਚ ਮਗਨ ਬੈਠ ਸਾਰੀ ਰਾਤ ਤੱਪ ਕਰਦੇ ਰਹੇ।

ਅੰਮ੍ਰਿਤ ਵੇਲਾ ਹੋਇਆ ਅਰਦਾਸ ਨਮਸ਼ਕਾਰ ਕਰ ਗੜਵਾ ਲੈ ਨਦੀ ਕਿਨਾਰੇ, ਸੌਚ ਇਸ਼ਨਾਨ ਕਰ, ਦੁਮਾਲਾ ਸਜਾ–ਮੁੜ ਆਕੇ ਥੜੇ ਪਾਸ ਬੈਠ ਨਿਤਨੇਮ ਕੀਤਾ, ਅਰਦਾਸ ਕਰ ‡ਪ੍ਰਕਰਮਾਂ ਕੀਤੀਆਂ।

---

‡ ਪ੍ਰਕਰਮਾਂ—ਆਪਣੇ ਇਸ਼ਟ ਗੁਰਦੇਵ ਦੇ ਸ਼ੁਕਰਾਨੇ ਲਈ–ਕੋਈ ਭੀ ਸ਼ਿਸ਼ [ਸਿੱਖ] ਚਾਰੋਂ ਤਰਫ ਪ੍ਰਕਰਮਾਂ ਕਰਕੇ ਆਪਣੇ ਭਾਵ ਪੂਰਤੀ ਕਰਦਾ ਹੈ–

੧. [ਪਰਕੰਮਿਆ, ਪਰਿਕ੍ਰਮਾ, ਸੰ: ਸੰਗਯਾ–ਚਾਰੋਂ ਪਾਸੇ ਫਿਰਨ ਦੀ ਕ੍ਰਿਯਾ, ਕਿਸੇ ਪੂਜਯ ਦੇਵਤਾ ਦੇ ਚੁਫੇਰੇ ਚੱਕ੍ਰ ਦੇਣਾ 'ਦੇਵਕੀ ਲਾਲ ਪਰਿਕ੍ਰਮ ਦੀਨੀ'

[ਦਸਮ ਗ੍ਰੰਥ, ਪਾ: ੧੦–ਕ੍ਰਿਸ਼ਨ ਅਵਤਾਰ

੨. ਮੰਦਰ ਦੇ ਚਾਰੋਂ ਪਾਸੇ ਪਰਿਕ੍ਰਮਾਂ ਲਈ ਬਣਿਆ ਮਾਰਗ। [ਮਹਾਨ ਕੋਸ਼–ਪਰਿਕ੍ਰਮਾ ਅੱਖਰ ਵੇਖੋ

੩. [ਪ੍ਰਦਖਣਾ] ਸੰਗਯਾ–ਦੇਵਤਾ ਨੂੰ 'ਦਖਿਛਣ' [ਸੱਜੇ] ਰੱਖਕੇ ਚਾਰੋਂ ਪਾਸੇ ਫਿਰਨ ਦੀ ਕ੍ਰਿਆ ਪਰਿਕ੍ਰਮਾ-ਪਰਕੰਮਿਆ ਕਰਨੀ। ਹਿੰਦੂ ਮਤ ਦੇ ਗ੍ਰੰਥਾਂ ਅਨੁਸਾਰ– ੧. ਦੇਵੀ ਦੀ ਇਕ ਪਰਕ੍ਰਮਾਂ, ੨. ਸੂਰਜ ਦੀਆਂ [ਸੱਤ]–੭ ਪ੍ਰਕਰਮਾਂ। ੩. ਅਗਨਿ ਦੀਆਂ, ੭–ਸੱਤ। ੪. ਗਣੇਸ਼ ਦੀਆਂ ਤਿੰਨ–੩। ੫. ਵਿਸ਼ਨੂੰ ਦੀਆਂ ਚਾਰ–੪। ੬. ਅਤੇ ਸ਼ਿਵ ਦੀ ਅੱਧੀ ਪ੍ਰਕਰਮਾ ਹੈ। ਗੁਰਮਤਿ ਅਨੁਸਾਰ,'ਇਕ' ਅਥਵਾ ਪੰਜ ਪ੍ਰਕਰਮਾ ਦੀ ਰੀਤਿ ਹੈ।

[ਮਹਾਨ ਕੋਸ਼–ਪ੍ਰਦਖਛਣ ਅੱਖਰ ਵੇਖੋ]

ਪ੍ਰਕਰਮਾਂ ਬਾਰੇ ਸਿੱਖ ਜਗਤ ਵਿਚ ਬੜਾ ਵਾਦ-ਵਿਵਾਦ ਹੈ, ਆਮ ਸਿੱਖ–ਪੁਰਾਤਨ

ਬਾਕੀ ਦੇ ਸਿੰਘ ਭੀ ਕ੍ਰਿਆ ਸੋਧ ਨਿਤਨੇਮ ਕਰਕੇ ਨਮਸ਼ਕਾਰ ਕਰਕੇ ਜਲ-ਪਾਣੀ ਛੱਕ, ਸੱਚਖੰਡ (ਨਾਦੇੜ) ਨੂੰ ਚਾਲੇ ਪਾ ਦਿਤੇ, ਭਾਵੇਂ ਬਾਬੇ ਦੂਧਾ-ਧਾਰੀ ਨੇ ਬਹੁਤ ਯਤਨ ਕੀਤਾ ਕਿ ਕੁਝ ਦਿਨ

☜ ਹਿੰਦੂ ਮੱਤ ਦੀ ਰੀਤ ਮੁਤਾਬਕ ਸੱਜੇ ਹੱਥ ਇਸ਼ਟ(ਸਾਸ਼ਤ੍ਰ) ਨੂੰ ਹੀ ਰੱਖ ਪ੍ਰਕਰਮਾ ਕਰਨ ਦਾ ਰਿਵਾਜ ਪ੍ਰਚੱਲਤ ਹੈ, ਅਤੇ ਨਿਹੰਗ ਸਿੰਘਾਂ ਨੂੰ ਉਲਟੀ (ਪੁੱਠੀ) ਪ੍ਰਕਰਮਾਂ ਕਰਨ ਵਾਲੇ ਹੀ ਦਸਿਆ ਜਾਂਦਾ ਹੈ। ਜਿਸ ਕਰਕੇ ਇਸ ਦਾ ਗੁਰਮਤ ਸਿਧਾਂਤ ਮੁਤਾਬਕ ਨਿਰਨਾ ਲਿਖਣਾ ਜ਼ਰੂਰੀ ਸਮਝ ਕੇ ਲਿਖਿਆ ਹੈ– ਜੋ ਕਿ ਦਾਸ ਨੂੰ ਮਹਾਂਪੁਰਸ਼ ਬ੍ਰਹਮ ਗਿਆਨੀ–ਸੰਤ ਬਾਬਾ ਮਿੱਤ ਸਿੰਘ ਜੀ ਅਤੇ ਬ੍ਰਹਮ ਗਿਆਨੀ ਸੰਤ ਬਾਬਾ ਆਤਮਾ ਸਿੰਘ ਜੀ ਨਿਹੰਗ ਸਿੰਘ ਪਿੰਡ ਸਮਾਲਖਾ ਵਾਲਿਆਂ ਜਿਨਾਂ ਗੁ: ਸ਼ੇਰ ਗਾਹ ਪ੍ਰਗਟ ਕੀਤਾ ਸੀ ਤੋਂ ਮਿਲੀ ਜਾਣਕਾਰੀ ਆਮ ਪਾਠਕਾਂ ਲਈ ਲਿਖਣਾ ਜ਼ਰੂਰੀ ਸਮਝਿਆ ਹੈ।

ਕਿਉਂਕਿ ਅਸੀਂ ਬਿਨਾਂ ਤੱਤ ਕੱਢੇ ਜਾਂ ਸਤਿਗੁਰੂ ਜੀ ਦੇ ਦਰਸਾਏ ਮਾਰਗ ਨੂੰ ਅੱਖੋਂ-ਪਰੋਖੇ ਕਰਕੇ, ਪੁਰਾਤਣ–ਰਸਮੋਂ ਰਵਾਜ਼ਾਂ ਹੀ ਕਈ ਐਸੇ ਅਪਣਾ ਲਏ ਹੋਏ ਹਨ–ਜਿਨਾਂ ਦਾ ਗੁਰਮਤਿ ਨਿਯਮਾਂ ਨਾਲ ਕੋਈ ਮੂਲੋਂ ਹੀ ਮੇਲ ਨਹੀਂ ? ਜਿਹਾ ਕਿ, ਸ਼ਗਨ-ਅਪਸ਼ਗਨ, ਸਰਾਧ, ਵਰਤ ਰੱਖਣੇ, ਪਿਤਰ ਮਨਾਣੇ, ਗਤੀ ਲਈ ਪਹੇਵੇ ਜਾਂ ਹਰਦੁਆਰ ਜਾਣਾ, ਪੂਜਾ-ਅਰਚਾ-ਦੇਵ ਪੂਜਨ ਦੇ ਕਰਮ, ਹਿੰਦੂ ਮਤ ਅਨੁਸਾਰ ਕੇਵਲ ਸ਼ਾਸ਼ਤ੍ਰ–[ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੀ ਪ੍ਰਕਰਮਾ ਕਰਨੀ] ਇਤਿ ਆਦਿਕ ਅਨੇਕਾਂ ਪੁਰਾਤਨ ਰਸਮੋ-ਰਵਾਜ਼ ਸਿੱਖੀ ਨਿਰੋਲ ਮਾਰਗ ਵਿਚ ਰਲਾ ਕੇ–ਚੱਕ੍ਰਵਾਦ ਵਿਚ ਪੈ ਕੇ ਸੁਤੰਤ੍ਰ ਆਤਮਾਂ ਤੇ ਵਾਧੂ ਭਾਰ ਲੱਦੀ ਜਾ ਰਹੇ ਹਾਂ–ਜੋ ਸਤਿਗੁਰਾਂ ਸਰਲ ਤੇ ਸਿੱਧਾ ਮਾਰਗ ਇਸ ਹਿੰਦੂ ਮਤ ਦੀ ਸਦੀਆਂ ਦੀ ਜਕੜ ਬੰਦੀ [ਜੂਲੇ] ਨੂੰ ਲਾਹ ਕੇ ਦਰਸਾਇਆ ਹੈ–ਅਸੀਂ ਤਿਆਗ ਕੇ ਖਾਹ-ਮਖਾਹ ਵਾਦ-ਵਿਵਾਦ ਦੇ ਝੇੜੇ ਵਿਚ ਪੈ ਕੇ ਇਕ ਦੂਜੇ ਲਈ ਨਫਰਤ(ਈਰਖਾ)ਦੀ ਅਗਨੀ ਵਿਚ ਝੁਲਸ ਰਹੇ ਹਾਂ।

ਅਸਾਂ ਨਿਰੋਲ-ਨਿਰਮਲ ਪੰਥ ਦੀ ਸਾਜਣ ਦੇ ਕਾਇਦੇ ਕਾਨੂੰਨ ਨੂੰ ਛਿੱਕੇ ਤੇ ਟੰਗ ਕੇ, ਕਾਦਰ ਦੇ ਕਾਨੂੰਨ ਨੂੰ ਅਣਪਛਾਤੇ ਜਾਣ ਕੇ ਪਛਾੜ ਦਿਤਾ ਹੋਇਆ ਹੈ, ਜਦ ਕਿ ਖਾਲਸੇ ਦਾ ਸ੍ਵਰੂਪ-ਘਾੜਤ ਰਹਿਣੀ-ਬਹਿਣੀ ਤੇ ਕਹਿਣੀ ਹੀ ਸਾਰੇ ਧਰਮ ਨਾਲੋਂ ਵਿਲੱਖਣ ਹੈ, ਅਤੇ ਕਾਦਰ (ਨਿਰੰਕਾਰ) ਅਕਾਲ ਪੁਰਖ ਦੀ ਕੁਦਰਤ ਨਾਲ ਮਿਲਵੀਂ ਹੈ। ਕੋਈ ਚੀਜ਼ ਭੀ [ਬਾਣੀ ਜਾਂ ਬਾਣਾ, ਸੇਵਾ ਜਾਂ ਪੂਜਾ] ਦ੍ਰਿਸ਼ਟ ਮਾਨ ਕਾਦਰ ਦੀ ਕੁਦਰਤ ਤੋਂ ਵੱਖ ਨਹੀਂ–ਸਗੋਂ ਇਸ ਵਿਚ ਸੰਮਿਲਤ ਹੈ, ਖਾਲਸੇ ਦਾ ਚੇਹਨ-ਚੱਕ੍ਰ ਪ੍ਰਭੂ ਨੇ, ਅਲਿਪਤ ਰੂਪ ਨੂੰ ਸਾਕਾਰ ਰੂਪ ਵਿਚ ਦਰਸਾਇਆ ਗਿਆ ਹੈ।

ਇਸੇ ਤਰ੍ਹਾਂ ਪ੍ਰਕਰਮਾਂ ਦਾ ਵਿਸ਼ਾ, ਵਾਦ-ਵਿਵਾਦ ਜਾਂ ਬਹਿਸ ਦਾ ਨਹੀਂ ? ਸਗੋਂ ਸਮਝਣ ਦੀ ਲੋੜ ਹੈ–ਕੁਦਰਤ ਦੀ ਅਟੱਲ ਸਚਾਈ ਦਰਸਾਂਦੀ ਹੈ ਕਿ–ਕੋਲ੍ਹੂ-ਚਰਖਾ-ਚੱਕੀ-ਚੱਕ, ਥਲ ਵਰੋਲੇ [ਵਾ ਵਰੋਲੇ, ਜੋ ਗਰਮੀਆਂ ਵਿਚ ਗੋਲ ਗੇੜਾ ਬੰਨ ਧੂਲ ਉਤਾਹਾਂ ਤੱਕ ਲੈ ਜਾਂਦੇ ਹਨ] ਤਾਰਿਆਂ ਦੇ ਮੰਡਲ ਦਾ ਗੇੜ, ਪ੍ਰਥਮੀ ਦਾ ਘੁਮਾਓ (ਹਾਂ ਇਸ ਬਾਰੇ ਸਾਇੰਸ ਵਾਲਿਆਂ ਦਾ ਕਹਿਣਾ ਭਾਵੇਂ ਖੱਬੇ ਦਰਸਾਣ) ਪਰ ਇਸ ਦਾ ਅਸਲ ਧੁਰਾ–ਧਰੂ ਤੋਂ ਵੇਖਣ ਨਾਲ ਸੱਜੇ ਨੂੰ ਘੁਮਦਾ ਹੈ। ਇਹ ਸਾਰੀਆਂ ਚੀਜ਼ਾਂ ਸੱਜੇ ਨੂੰ ਘੁਮਦੀਆਂ ਪ੍ਰਤੀਤ ਹੋਵਣ ਗੀਆਂ।

(ਬਾਕੀ–ਪੰਨਾ ੨੧੭ ਤੇ)

ਇੱਥੇ ਹੀ ਬਿਸਰਾਮ ਕਰੋ, ਪਰ ਸਾਰਿਆਂ ਇਹ ਵਿਚਾਰ ਕੇ, ਕਿ ਇਥੇ ਦੂਧਾ-ਧਾਰੀ ਪਾਸ ਤਾਂ ਰਸਦ-ਬਸਦ ਦਾ ਕੋਈ ਪ੍ਰਬੰਧ ਨਹੀਂ, ਇਹਨਾਂ ਨੂੰ ਕਿਉਂ ਤਕਲੀਫ਼ ਦਿਤੀ ਜਾਵੇ। ਸਚਖੰਡ ਛਾਉਣੀ ਚਲ ਕੇ ਹੀ ਬਿਸਰਾਮ ਕਰਨਾ ਯੋਗ ਹੋਵੇਗਾ।

[ਪਿਛੋਂ–ਪੰਨਾ ੨੧੬ ਤੋਂ] ਜਦ ਅਕਾਲ ਪੁਰਖ ਦੀ ਕੁਦਰਤ ਉਸ ਦੀ ਪ੍ਰਕਰਮਾਂ 'ਸੱਜੇ' ਨੂੰ ਹਰਦੀ ਹੈ ਤਾਂ ਅਸੀਂ ਕਾਦਰੇ ਕਾਨੂੰਨ ਤੋਂ ਉਲਟ ਮਾਰਗ ਅਪਣਾ ਕੇ ਬੇਮੁਖਤਾ ਦਾ ਰਾਹ ਅਪਣਾ ਰਖਿਆ ਹੈ। ਮਨੁਸ਼ ਹਮੇਸ਼ਾਂ ਕੁਦਰਤੀ ਕਾਨੂੰਨ ਦੀ ਉਲੰਘਣਾ ਕਰਦਾ ਆ ਰਿਹਾ ਹੈ, ਆਪਣੀ ਚੰਚਲ-ਚਾਤਰ ਬੁੱਧੀ ਰਾਹੀਂ ਨਵੀਂ ਦਿਸ਼ਾ ਹੀ ਦਰਸਾਂਦਾ ਆਇਆ ਹੈ, ਵਾਹਿਗੁਰੂ ਤੋਂ ਉਲਟ, ਵੱਖ ਸੋਚਣੀ–ਸੋਚਣ ਦਾ ਹਮੇਸ਼ਾਂ ਧਾਰਨੀ ਰਿਹਾ ਹੈ। ਪਰ ਸਤਿਗੁਰੂ ਨਾਨਕ ਦੇਵ ਜੀ ਮਹਾਂ ਬਲੀ ਨੇ ਸਾਰੇ (ਸੰਸਾਰੀ ਜੀਵਾਂ ਦੀ ਉਲੀਕੇ ਸਿਆਣਿਆਂ ਦੇ ਕਰਮ ਕਾਂਡਾਂ ਮਾਰਗਾਂ ਨੂੰ) ਝੁਠਲਾ ਕੇ ਰਖ ਦਿਤਾ, ਸਭ ਲੋਕਾਈ ਪੀਰਾਂ, ਫ਼ਕੀਰਾਂ ਜਗਤ ਦੇ ਗੁਰੂ ਅਖਵਾਉਣ ਵਾਲਿਆਂ ਭੇਖਾਂ ਰਿੱਧਾਂ-ਸਿੱਧਾਂ ਨੂੰ ਨਿਰਉੱਤਰ ਕਰਕੇ, ਇਕ ਨਾਮ ਸਿਮਰਨ 'ਸਿਰ ਕਰਮਨ ਕੇ ਕਰਮ' ਦਾ ਮਾਰਗ ਦਰਸਾਇਆ ਹੈ।

ਪੰਚ ਪ੍ਰਵਾਨ–ਪੰਚ ਪ੍ਰਧਾਨ ਦੀ ਪੁੱਖਤਾ ਨੀਂਹ ਰੱਖੀ, ਇਸ ਨੀਂਹ ਨੂੰ ਮਜ਼ਬੂਤ ਕਰਨ ਲਈ ਨੌਂ ਪਾਤਸ਼ਾਹੀਆਂ ਤੱਕ ਹਰ ਪੱਖੋਂ ਯੋਗਦਾਨ ਪਾਇਆ, ਅਤੇ ਖਾਲਸੇ ਦੇ ਸ੍ਵਰੂਪ ਨੂੰ ਨਿਖਾਰ ਕੇ, ਅਸਲ ਸ੍ਵਰੂਪ ਨੂੰ ਦਸਮੇਸ਼ ਜੀ ਨੇ ਪੂਰਨ ਰੂਪ ਪ੍ਰਦਾਨ ਕੀਤਾ, ਅਤੇ 'ਰਾਜ ਤੇ ਜੋਗ' ਇਕੱਠੇ ਕਰਕੇ, ਹਰ ਇਕ ਦੀ ਵਰਾਸਤ ਬਣਾ ਦਿਤੀ।

ਜਿਥੇ ਖਾਲਸਾ–'ਜੋਗ' ਲਈ ਦਰਗਾਹੀ ਬਾਣੀ ਦਾ ਉਪਾਸ਼ਕ ਹੈ ਉਥੇ–'ਰਾਜ' ਲਈ ਸ਼ਸ਼ਤ੍ਰ ਧਾਰਨੀ (ਸ਼ਸਤ੍ਰ ਪੁਜਾਰੀ) ਦਾ ਸਨਮਾਨ ਭੀ ਬਖਸ਼ਿਆ। ਹਿੰਦੂ ਮਤ ਅਨੁਸਾਰ–'ਪੰਡਤ ਰਾਜ' ਭਾਵ ਤਿੰਨ ਯੁਗ, ਇਸ਼ਟ ਉਪਾਸ਼ਨਾ (ਪ੍ਰਕਰਮਾਂ) ਕੇਵਲ ਪੰਡਤ–ਬ੍ਰਾਹਮਣ ਨੂੰ ਹੀ ਅਧਿਕਾਰ ਸੀ ਅਤੇ ਬ੍ਰਾਹਮਣ ਦੂਜੀ ਕਰਮ ਨਹੀਂ ਸੀ ਕਰ ਸਕਦਾ, ਕੇਵਲ ਸ਼ਾਸ਼ਤ੍ਰ (ਵੇਦਾਂ ਜਾਂ ਪੂਜਯ ਪੁਸਤਕਾਂ ਜਾਂ ਇਸ਼ਟ ਦੀ ਕਿਸੇ ਰੂਪ ਵਿਚ ਪੂਜਾ ਪ੍ਰਕਰਮਾਂ ਹੀ ਕਰਨ ਕਰਕੇ, ਇਸ਼ਟ ਨੂੰ ਸੱਜੇ ਹੱਥ ਕਰਨਾ ਮੰਨ ਕੇ ਰੀਤ ਚਲਾਈ ਤੇ ਚਲਦੀ ਰਹੀ।)

ਪ੍ਰੰਤੂ ਇਸ ਦਾ ਨਾ ਤਾਂ ਇਸ਼ਟ ਅਸਥਾਨ ਦੀ ਛੱਤ੍ਰੀ ਜਾਂ ਵੈਸ਼ ਜਾਂ ਸ਼ੂਦਰ ਹੀ ਪੂਜਾ ਪ੍ਰਕਰਮਾਂ ਕਰਨ ਦਾ ਅਧਿਕਾਰੀ ਸੀ। ਉਸ ਵਕਤ ਕੇਵਲ ਬ੍ਰਾਹਮਣ ਹੀ ਪੁਜਾਰੀ ਕੇਵਲ, ਇਕ ਅੰਗੀ ਪੱਜਾ' ਦੀ ਹੀ ਉਪਾਸ਼ਨਾ ਦੇ ਨਿਯਮ ਕਰਦਾ ਸੀ।

ਇਸ ਤਰ੍ਹਾਂ ਰਾਜੇ ਹੀ 'ਰਾਜ' ਨਿਯਮ ਦੀ ਪਾਲਣਾ ਕਰਦੇ ਸਨ ਉਹ 'ਜੋਗ' ਨਹੀਂ ਕਮਾ ਸਕਦੇ ਸਨ, ਜਦ ਜੋਗ ਕਮਾਨਾ ਹੁੰਦਾ ਤਾਂ ਰਾਜ-ਪਾਟ ਤਿਆਗਣਾ ਹੁੰਦਾ। ਇਸੇ ਤਰ੍ਹਾਂ ਬ੍ਰਾਹਮਣ 'ਰਾਜ' ਕ੍ਰਿਆ ਨਹੀਂ ਸੀ ਕਰਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟਣ ਤੇ ਪਹਿਲਾਂ ਇਹੋ ਕ੍ਰਿਆ, ਇਕ ਮਨੁਸ਼ ਇਕ ਮਰਯਾਦਾ ਹੀ ਕਰਦਾ ਆ ਰਿਹਾ ਸੀ, ਜੇ ਜੋਗੀ ਹੈ ਤਾਂ ਕੇਵਲ ਜੋਗ ਸਾਧਨਾ ਕਰਦਾ, ਜੇ ਰਾਜਾ ਹੈ ਤਾਂ ਰਾਜ ☞

ਸੱਚਖੰਡ (ਅਬਿਚਲ ਨਗਰ) ਨਾਦੇੜ ਦੇ ਗੁਰ ਅਸਥਾਨਾਂ ਦਾ ਇਤਿਹਾਸ

ਪਾਠਕ ਜਨ, ਇਸ ਸੰਸੇ 'ਚ ਨਾ ਪੈਣ, ਕਿ ਬਾਬਾ ਮਿੱਤ ਸਿੰਘ ਜੀ ਦੀ ਜੀਵਨੀ ਵਿਚ 'ਅਬਿਚਲ ਨਗਰ' ਨਾਦੇੜ ਦੇ ਗੁਰ ਅਸਥਾਨਾਂ ਦਾ ਵਿਸਥਾਰ ਪੂਰਵਕ ਇਤਿਹਾਸ ਦੇਣ ਦੀ ਕੀ ਲੋੜ ਭਾਸੀ ਹੈ ? ਕਿਉਂਕਿ ਇਤਿਹਾਸ ਕਈ ਤੱਥ ਪ੍ਰਗਟ ਨਹੀਂ ਕਰਦਾ, ਅਤੇ ਕੁਝ ਅਸਥਾਨਾਂ ਦੀ ਸਹੀ ਜਾਣਕਾਰੀ

☜ ਸਾਧਨਾ ਹੀ ਕਰਦਾ। 'ਰਾਜ ਤੇ ਜੋਗ' ਦੋਵੇਂ ਇਕੱਠੀਆਂ ਕਰਕੇ ਇਕੋ ਮਨੁਸ਼ ਨੂੰ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਖਸ਼ਸ਼ ਕੀਤੀ ਹੈ,ਜਦ ਚਹੁ ਵਰਨਾਂ ਨੂੰ ਨਾਮ ਸਿਮਰਨ ਦਾ ਅਧਿਕਾਰ ਬਖਸ਼ਿਆ, ਤਾਂ ਹੀ ਭੱਟਾਂ ਨੇ ਖੁਲੇ ਇਸ ਨੂੰ ਗੁਰਬਾਣੀ ਵਿਚ ਉਚਾਰਨ ਕੀਤਾ–

'ਰਾਜ ਜੋਗ ਤਖਤੁ ਦੀਅਨੁ, ਗੁਰ ਰਾਮਦਾਸ ॥' [ਸ੍ਵਯੈ ਭੱਟਾਂ ਮ: ੪, ਪੰਨਾ ੧੩੯੯

ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਭੱਟਾਂ ਨੇ ਫੁਰਮਾਇਆ–

'ਕਬਿ ਕਲ ਸੁ ਜਸੁ ਗਾਵਉ ਗੁਰ ਨਾਨਕ,'ਰਾਜੁ ਜੋਗੁ' ਜਿਨਿ ਮਾਣਿਓ ॥੨॥' [ਸ੍ਵਯੈ ਮ: ੧–੧੩੯੯

ਪੁਨਾ– 'ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ ॥' [ਪੰਨਾ ੧੩੯੦

ਕੀ ਅਸੀਂ ਇਸ ਗਲ ਤੋਂ ਮੁਣਕਰ ਹੋ ਸਕਦੇ ਹਾਂ? ਕਿ ਖਾਲਸਾ 'ਰਾਜ-ਜੋਗ' ਦਾ ਧਾਰਨੀ ਨਹੀਂ ? ਕੀ ਸੀ ਗੁਰ ਨਾਨਕ ਦੇਵ ਜੀ ਮਹਾਰਾਜ ਦੀ 'ਖਾਲਸਾ' ਦੇ ਸ੍ਵਰੂਪ ਦੀ ਬੱਧੀ ਨੀਂਹ, ਜੋ ਸਾਕਾਰ ਰੂਪ (ਦਸੋਂ ਪਾਤਸ਼ਾਹੀਆਂ ਦੇ ਕੀਤੇ ਪ੍ਰਉਪਕਾਰਾਂ ਤੋਂ ਸ਼ਪਸ਼ਟ ਹੁੰਦਾ ਹੈ) ਉਪਰੋਕਤ ਗੁਰਬਾਣੀ 'ਰਾਜ-ਜੋਗ ਤਖਤ ਦੀਅਨੁ ਗੁਰ ਰਾਮਦਾਸ ॥' ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾ: ਪਾ: ੬ ਵੀਂ, ਨੇ ਇਸੇ ਕਥਨੀ ਨੂੰ ਕਰਨੀ ਵਿਚ ਸ੍ਰੀ ਅਕਾਲ ਤਖਤ ਦੀ ਰਚਨਾ ਕਰਕੇ ਸਾਹਮਣੇ ਹਰਮੰਦਰ ਸਾਹਿਬ 'ਜੋਗ'ਸਾਧਨਾ (ਨਾਮ ਸਿਮਰਨ ਦੀ ਰੀਤ) ਤੇ ਇਧਰ 'ਰਾਜ' ਪ੍ਰਕਿਆ ਲਈ 'ਤਖਤ' ਰਚ, ਜੋਗ ਦੀ ਮਾਲਾ ਨਾਲ 'ਰਾਜ' ਮਾਲਾ ਭਾਵ ਮੀਰੀ ਤੇ ਪੀਰੀ [ਰਾਜ ਤੇ ਜੋਗ] ਦੀਆਂ ਦੋ ਤਲਵਾਰਾਂ ਪਰਿਣ ਕੇ, ਖਾਲਸ ਸਰੂਪ (ਮਨੁਸ਼) ਦੇ ਚਿਹਨ ਚੱਕ੍ਰ ਨੂੰ ਬਦਲ ਕੇ 'ਰਾਜ ਤੇ ਜੋਗ' ਦੀ ਧਾਰਨਾ ਵਿਚ ਬਦਲ ਦਿਤਾ।

ਸ੍ਰੀ ਗੁਰੂ ਕਲਗੀਧਰ ਜੀ ਨੇ 'ਅਕਾਲ ਪੁਰਖ' ਦੇ ਹੁਕਮ ਮੁਤਾਬਕ ਤੀਸਰਾ ਪੰਥ ਸਾਜ ਕੇ 'ਰਾਜ-ਜੋਗ' ਖਾਲਸਾ ਜੀ ਦੀ ਅਨੋਖੇ ਢੰਗ ਨਾਲ ਸਾਜਨਾ ਕਰਕੇ 'ਸ਼ਸ਼ਤ੍ਰ ਅਤੇ ਸ਼ਾਸ਼ਤ੍ਰ' ਦੀ ਇਕੋ ਸਮੇਂ (ਦੋਹਾਂ ਇਸ਼ਟਾਂ) ਦੀ ਪੂਜਾ ਉਪਾਸ਼ਨਾ ਕਰਨ ਦੀ ਮਰਯਾਦਾ ਚਲਾਈ।

ਜਿਵੇਂ ਆਮ ਅਸੀਂ ਪ੍ਰਕਰਮਾਂ ਕਰਦੇ ਹਾਂ ਉਸ ਸਮੇਂ ਜੇ ਸ਼ਾਸ਼ਤ੍ਰ [ਇਸ਼ਟ ਸ੍ਰੀ ਗੁਰੂ ਗ੍ਰੰਥ ਗ੍ਰੰਥ ਸਾਹਿਬ ਜੀ] ਤੇ, ਭਲਾ ਜੇ ਕਿਸੇ ਦੁਸ਼ਮਨ ਦਾ ਹੱਲਾ ਹੋ ਜਾਵੇ, ਤਾਂ ਪ੍ਰਕਰਮਾਂ ਕਰਨ ਵਾਲਾ ਸ਼ਸ਼ਤ੍ਰ-ਤਲਵਾਰ ਕਢਣ ਸਮੇਂ ਪਹਿਲਾਂ ਸਤਿਗੁਰੂ ਵਲ ਨੂੰ ਕੱਢੇਗਾ।

ਪਰ ਜਿਵੇਂ ਨਿਹੰਗ ਸਿੰਘ ਪ੍ਰਕਰਮਾਂ ਕਰਦੇ ਹਨ,ਅਜੇਹੇ ਦੁਸ਼ਮਨ ਦੇ ਵਾਰ ਬਚਾਨ ਲਈ ਬਾਹਰ ਨੂੰ ਸ਼ਸ਼ਤ੍ਰ [ਕ੍ਰਿਪਾਨ] ਨਿਕਾਲਣੀ ਹੋਵੇਗੀ ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ-ਮਾਨ ਬ੍ਰਕਰਾਰ ਰਵੇਗਾ। ਇਕ ਪਾਸੇ ਬਾਣੀ 'ਗੁਰੂ ਬਾਣੀ'ਜਾਣਕੇ ਪੜ੍ਹਦੇ ਹਾਂ,ਤਾਂ ਦੂਜੇ ਪਾਸੇ ਉਸ ਤੇ ਅਮਲ ਨਹੀਂ ਕਰਦੇ। ਤਾਂ ਤੇ– 'ਸਲਾਮੁ ਜਬਾਬ ਦੋਵੈ ਕਰੇ ਮੁੰਢਹੁ ਘੁਥਾ ਜਾਇ ॥' [ਆਸਾ ਦੀ ਵਾਰ–੪੭੪

ਦੇਣ ਤੋਂ ਇਤਿਹਾਸ ਦੇ ਪੱਤਰੇ ਚੁੱਪ ਹਨ, ਅਤੇ ਅਜੇਹੇ ਪੁਰਾਤਨ ਮਹਤ੍ਵ ਪੂਰਨ ਤੱਥ ਜੋ ਸੀਨੈ-ਬਸੀਨੇ ਵਿਚ ਹੀ ਚਲੇ ਆ ਰਹੇ ਹਨ, ਉਹ ਕਿਸੇ ਲੇਖਣੀ ਵਿਚ ਨਾ ਮਿਲਣ ਕਾਰਨ–ਸਿੱਖ ਜਗਤ ਦੀ ਜਾਣਕਾਰੀ ਲਈ ਦਾਸ ਨੇ ਲਿਖਣਾ ਜ਼ਰੂਰੀ ਸਮਝਿਆ ਹੈ, ਇਹ ਜਾਣਕਾਰੀ ਮਹਾਂਪੁਰਸ਼–ਬ੍ਰਹਮ ਗਿਆਨੀ ਬਾਬਾ

[ਪਿਛੋਂ–ਪੰਨਾ ੨੧੮ ਤੋਂ] 'ਜੋਗ' ਕੇਵਲ ਨਾਮ ਸਿਮਰਨ ਵਾਲਾ ਹੀ [ਹਿੰਦੂ ਮਤ ਅਨੁਸਾਰ] ਸਮਝਦਾ ਹੈ,ਅਤੇ 'ਰਾਜ' ਕੇਵਲ ਰਾਜੇ, ਜੋਗ ਵਾਲਾ ਰਾਜ ਨਹੀਂ ਸੀ ਕਰ ਸਕਦਾ ਤੇ, ਰਾਜ ਵਾਲਾ ਸਭ ਕੁਝ ਤਿਆਗ ਕੇ ਜੋਗ ਕਰਦਾ ਸੀ। ਪਰ ਗੁਰੂ ਨਾਨਕ ਮਾਰਗ 'ਰਾਜ-ਜੋਗ' ਇਕੋ ਸਮੇਂ ਹਰ ਮਨੁਸ਼ ਨੂੰ ਕਰਨ ਦਾ ਅਧਿਕਾਰ ਬਖਸ਼ਿਆ ਹੈ– ਜਿਵੇਂ ਅੰਮ੍ਰਿਤ ਧਾਰੀ ਸਿੰਘ–ਸਵੇਰੇ ਅੰਮ੍ਰਿਤ ਵੇਲੇ ਜੋਗ ਗੁਰਬਾਣੀ ਪੜਦਾ ਸਿਮਰਨ ਕਰਦਾ] ਕਮਾਂਦਾ ਹੈ–ਉਸੇ ਤਰ੍ਹਾਂ ਸ਼ਸ਼ਤ੍ਰਧਾਰੀ 'ਰਾਜ' ਭੀ ਕਮਾ ਰਿਹਾ ਹੁੰਦਾ ਹੈ ਤਾਂ ਤੇ ਖਾਲਸਾ [ਰਾਜ-ਜੋਗ ਸ਼ਸ਼ਤ੍ਰ ਤੇ ਸ਼ਾਸ਼ਤ੍ਰ ਦਾ] ਪੁਜਾਰੀ ਹੈ।

ਰਹੀ ਗਲ ਪ੍ਰਕਰਮਾਂ ਦੀ–ਹਿੰਦੂ ਮਤ ਅਨੁਸਾਰ 'ਜੋਗ' ਸਿਮਰਨ ਭਗਤੀ ਵਾਲਾ ਕੇਵਲ ਇਸ਼ਟ ਸ਼ਸ਼ਤ੍ਰ ਦੀ ਹੀ ਪੂਜਾ ਕਰਨ ਲਈ–ਇਸ਼ਟ ਨੂੰ ਸੱਜੇ ਹੱਥ ਰੱਖ ਕੇ ਹੀ ਪ੍ਰਕਰਮਾ ਕਰਦਾ ਆ ਰਿਹਾ ਹੈ– ਪਰ ਖਾਲਸੇ ਦਾ ਮਾਰਗ ਸਭ ਧਰਮਾਂ ਤੋਂ ਨਿਆਰਾ ਹੈ–ਇਕੋ ਸਿੰਘ [ਖਾਲਸਾ] ਇਕੋ ਸਮੇਂ (ਹਰ ਸਮੇਂ) ਦੋ ਸਰੂਪ 'ਰਾਜ ਤੇ ਜੋਗ' ਦਾ ਧਾਰਨੀ ਹੈ, ਇਸੇ ਤਰ੍ਹਾਂ ਇਕੋ ਸਮੇਂ ਸ਼ਸ਼ਤ੍ਰ ਤੇ ਸ਼ਾਸ਼ਤ੍ਰ ਦਾ ਪੂਜਕ ਭੀ ਹੈ। ਜਿਥੇ ਗੁਰੂ ਰੂਪ ਇਸ਼ਟ ਗੁਰਬਾਣੀ 'ਜੋਗ' ਸਰੂਪ ਦੀ ਪ੍ਰਕਰਮਾ ਕਰਨੀ ਹੈ ਉਥੇ–

'ਅਸਿ ਕ੍ਰਿਪਾਨ ਖੰਡੇ ਖੜਗ ਤੁਪਕ ਤਬਰ ਅਰਿ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰੁ ॥' [ਸ਼ਸ਼ਤ੍ਰ ਨਾਮ ਮਾਲਾ, ਪਾ: ੧੦

ਦਸਮੇਸ਼ ਜੀ ਦੇ ਹੁਕਮ ਮੁਤਾਬਕ– 'ਜਿਤੇ ਸ਼ਸ਼ਤ੍ਰ ਨਾਮੰ ॥ ਨਮਸ਼ਕਾਰ ਤਾਮੰ ॥' 'ਰਾਜ' ਸ੍ਵਰੂਪ ਸ਼ਸ਼ਤ੍ਰਾਂ' ਦੀ ਭੀ ਪੂਜਾ ਇਕੋ ਸਮੇਂ ਕਰਨੀ ਹੈ ? ਤਾਂ ਤੇ ਸ਼ਸ਼ਤ੍ਰ ਅਤੇ ਸ਼ਾਸ਼ਤ੍ਰ ਨੂੰ ਇਕ ਪਾਸੇ ਰੱਖਕੇ ਹੀ ਪ੍ਰਕਰਮਾ-ਪ੍ਰਕਰਮਾ ਕੀਤੀ ਜਾ ਸਕਦੀ ਹੈ ? ਕੀ ਅਸੀਂ ਇਸ਼ਟ ਗੁਰਬਾਣੀ ਦੀ ਪ੍ਰਕਰਮਾਂ ਸ਼ਸ਼ਤ੍ਰ ਉਤਾਰ ਕੇ ਕਰਦੇ ਹਾਂ–ਨਹੀਂ ? ਜੇ ਨਹੀਂ ਉਤਾਰ ਕੇ ਕਰਦੇ, ਤਾਂ ਖਬੇ ਹੱਥ ਪ੍ਰਕਰਮਾਂ ਸਮੇਂ ਜੀਵ ਫਿਰ ਸ਼ਸ਼ਤ੍ਰ [ਰਾਜ] ਤੋਂ ਆਪਣੀ ਪੂਜਾ ਕਰਾਂਦਾ ਹੈ। ਸ਼ਾਸ਼ਤ੍ਰ ਤਾਂ ਠੀਕ ਸੱਜੇ ਪਾਸੇ ਹੋ ਗਿਆ–ਪਰ ਸ਼ਸ਼ਤ੍ਰ ਤਾਂ ਜੀਵ ਦੇ ਉਪਰ ਖੱਬੇ ਪਾਸੇ ਰਹਿ ਗਿਆ–ਪੂਜਾ ਪ੍ਰਕਰਮਾਂ ਇਕੱਲੇ 'ਜੋਗ' ਦੀ ਕੀਤੀ ਫਿਰ ਖਾਲਸਾ ਸਰੂਪ–'ਰਾਜ ਤੇ ਜੋਗ' ਦਾ ਧਾਰਨੀ ਕਿਵੇਂ ਅਖਵਾਉਣ ਦਾ ਹੱਕਦਾਰ ਹੋਇਆ। ਇਸ ਤਰ੍ਹਾਂ ਸ਼ਸ਼ਤ੍ਰ ਤੇ ਸ਼ਸ਼ਤ੍ਰ ਦੀ ਇਕੋ ਸਮੇਂ ਪੂਜਾ ਕਿਵੇਂ ਕੀਤੀ।

ਗੁਰਬਾਣੀ–ਆਤਮਕ ਸ਼ਕਤੀ ਸੁਰਤ-ਸ਼ਬਦ ਸਿਮਰਨ ਰਾਹੀਂ ਸ਼ਕਤ ਪ੍ਰਦਾਨ ਕਰਦੀ ਹੈ, ਇਸੇ ਤਰ੍ਹਾਂ ਸ਼ਸ਼ਤ੍ਰ ਇਸ ਜੀਵ ਦੇ ਸੰਸਾਰਕ ਹਰ ਦੁਖਾਂਤ ਸਮੇਂ–ਜਿਥੇ ਇਸ ਦੀ ਪੂਜਯ ਨਾਲ ਬਲ ਸ਼ਕਤੀ ਮਿਲਦੀ ਹੈ ਉਥੇ ਸਰੀਰਕ ਰਖਯਕ ਭੀ ਹੈ, ਦੁਸ਼ਮਨ ਸਦਾ ਭੈ ਮੰਨਦਾ ਹੈ ਤਾਂ ਤੇ ਖਾਲਸਾ ਨਿਰਭਉ ਹੈ।

–ਨਿਹੰਗ ਸਿੰਘਾਂ ਬਾਰੇ ਆਮ ਜਨਤਾ ਦੀ ਰਾਏ–

ਆਮ ਜਨਤਾ, ਨਿਹੰਗ ਸਿੰਘਾਂ (ਜੋ ਗੁਰੂ ਜੀ ਦਾ ਸਾਜਿਆ ਪੁਰਾਤਨ ਖਾਲਸਾ ਟਕਸਾਲੀ ☞

ਮਿੱਤ ਸਿੰਘ ਜੀ—ਅਤੇ ਸੱਚਖੰਡ ਦੇ ਹੈੱਡ ਪੁਜਾਰੀ ਸਤਿਕਾਰ ਯੋਗ ਬਾਬਾ ਹੀਰਾ ਸਿੰਘ ਜੀ (ਜਦ ਦਾਸ ੧੯੩੬ ਤੋਂ ੧੯੪੦ ਸੰਨ ਵਿਚ ਇਥੇ ਸੀ) ਅਤੇ ਹੋਰ ਪੁਰਾਤਨ ਸਿੰਘਾਂ ਤੋਂ ਮਿਲੀ ਜਾਣਕਾਰੀ ਅੰਕਤ ਕਰਨਾ ਆਪਣਾ ਔਲੀਣ ਫ਼ਰਜ਼ ਸਮਝਦਾ ਹਾਂ, (ਕਿਉਂਕਿ ਬਾਬਾ ਮਿੱਤ ਸਿੰਘ ਜੀ ਤਖਤ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਦੀ ਆਪਣੇ ਦਿਲ ਵਿਚ ਕਿੰਨਾ ਸਨਮਾਨ ਤੇ ਸਤਿਕਾਰ ਕਰਦੇ ਸਨ) ਇਸ ਲਈ ਇਹ ਦਰਸਾਨਾ ਜ਼ਰੂਰੀ ਬਣਦਾ ਸੀ।

ਪੰਜਾਬ ਤੋਂ ਆਵਣ ਦਾ ਸਤਿਗੁਰਾਂ ਦਾ ਪਹਿਲਾ ਅਸਥਾਨ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸ੍ਰੀ ਦਮਦਮਾ ਸਾਹਿਬ ਗੁਰੂ ਕਾਂਸ਼ੀ (ਬਠਿੰਡਾ) ਤੋਂ ਚਾਲੇ

[ਪਿਛੋਂ—ਪੰਨਾ ੨੧੯ ਤੋਂ] ਸੰਪ੍ਰਦਾਏ ਪੰਥ ਹੈ) ਪ੍ਰਤੀ ਉਲਟੀ ਪ੍ਰਕਰਮਾਂ ਕਰਦੇ ਸੁਣੀ ਦਾ ਹੈ। ਦਰਅਸਲ—ਨਿਹੰਗ ਸਿੰਘ ਸ਼ਸ਼ਤ੍ਰਧਾਰੀ ਹੁੰਦੇ ਹਨ—ਅਤੇ ਸ਼ਸ਼ਤ੍ਰ ਦੀ ਪੂਜਾ ਸ਼ਾਸ਼ਤ੍ਰ ਸਮਾਨ ਹੀ ਕਰਨ ਦੇ ਧਾਰਨੀ ਹਨ। 'ਰਾਜ ਤੇ ਜੋਗ' ਨੂੰ ਵੱਖ ਵੱਖ ਨਹੀਂ ਕਰਦੇ, ਆਮ ਲੋਕ ਸ਼ਸ਼ਤ੍ਰ ਹੀਣੇ ਹੋਣ ਕਾਰਣ ਕੇਵਲ ਸ਼ਾਸ਼ਤ੍ਰ [ਗੁਰਬਾਣੀ] ਦੀ ਹੀ ਹਿੰਦੂ ਮਤ ਅਨੁਸਾਰ ਪ੍ਰਕਰਮਾ ਕਰਦੇ ਹਨ—

ਹਿੰਦੂ ਮੱਤ ਮੁਤਾਬਕ ਪ੍ਰਕਰਮਾਂ—'ਸ਼ਸ਼ਤ੍ਰ-ਪੀਰ' ਦੀ ਅਸੀਂ ਉਲਟੀ ਆਪਣੀ ਪੂਜਾ ਕਰਾਂਦੇ ਹਾਂ।

ਮੁਸਲਮਾਨਾਂ ਦੀ ਪੂਜਾ ਪ੍ਰਕਰਮਾਂ—ਮੁਸਲਮਾਨ, ਕਾਬੇ ਮੰਦਰ ਪਾਸ ਜਾ ਕੇ, ਇਸ਼ਨਾਨ ਕਰੇ, ਅਤੇ 'ਸੰਗ ਅਸਵਦ' ਨੂੰ ਚੁੰਮੇ, ਸੱਤ -੭ ਤਵਾਫ਼ (ਪ੍ਰਕਰਮਾਂ ਕਰੇ) ਕਾਬੇ ਦੀਆਂ ਕਰੇ, (ਤਿੰਨ ਪ੍ਰਕਰਮਾਂ ਤੇਜ ਚਾਲ ਨਾਲ, ਤੇ ਚਾਰ ਹੌਲੀ ਚਾਲ ਨਾਲ,) ਕਾਬੇ ਨੂੰ ਆਪਣੇ 'ਖੱਬੇ ਹੱਥ' ਰੱਖੇ, ਹਰ ਪ੍ਰਕਰਮਾਂ ਕਰਦਾ ਕਾਲੇ ਪੱਥਰ ਨੂੰ ਚੁੰਮੇ। ਮੁਸਲਮਾਨ ਭੀ ਕਾਦਰ ਦੀ ਕੁਦਰਤ ਦੇ ਪੂਜਕ ਹਨ,ਜਿਹਾ ਕਿ ਧਾਰਮਕ ਚਿੰਨ ਚੰਦ ਤਾਰੇ ਅਤੇ ਕਾਬੇ ਦੀ ਪ੍ਰਕਰਮਾਂ ਸੱਜੇ ਹੱਥ ਕਰਦੇ ਹਨ ਇਸ਼ਟ ਖੁਦਾ ਦਾ ਘਰ ਜਾਣ ਕੇ ਖੁਦਾ ਦੀ ਪੂਜਾ ਖੱਬੇ ਹੱਥ ਰੱਖ ਕੇ ਸੱਜੇ ਨੂੰ ਪ੍ਰਕਰਮਾਂ ਕਰਦੇ ਹਨ। [ਹੱਜ ਅੱਖਰ—ਮਹਾਨ ਕੋਸ਼ 'ਚ ਦੇਖੋ

੧. ਹਿੰਦੂ ਮੱਤ— ਅੱਧੀ, ੧, ੩, ੪, ਤੇ ·੭ ਹਨ।

੨. ਮੁਸਲਮਾਨਾਂ ਦੀਆਂ— ੩+੪=੭ ਸੱਤ ਹਨ।

੩. ਗੁਰੂ ਖਾਲਸੇ ਦੀਆਂ— ੫-'ਪੰਜ' ਹਨ।

ਇਸ ਤਰ੍ਹਾਂ ਖਾਲਸਾ ਅਕਾਲ ਪੁਰਖ (੧ ੳ) ਦਾ ਪੁਜਾਰੀ ਹੈ, ਇਸ ਕਰਕੇ ਇਸਦਾ ੧-ਉ ਸਰੂਪ ਬਾਣੀ ਹੈ, ਅਤੇ ਅੰ-ਕਾਰ, ਦ੍ਰਿਸ਼ਟਮਾਨ ਸਾਜੀ ਕੁਦਰਤ ਤੇ ਇਸ ਦਾ ਦੂਸਰਾ ਸਰੂਪ ਕਾਲ 'ਪ੍ਰਿਥਮ ਭਗਉਤੀ ਸਿਮਰ ਕੈ' ਅਤੇ 'ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰ ਉਪਾਇਆ' ਸੋ ਆਦਿ ਸ਼ਕਤੀ 'ਤਲਵਾਰ' ਦੀ ਪ੍ਰਕਰਮਾਂ ਕਰਨੀ 'ਨਿਹੰਗ ਸਿੰਘ' ਠੀਕ ਪ੍ਰਕਰਮਾਂ ਕਰਨੀ ਦਰਸਾਉਂਦੇ ਹਨ। ਜਦ 'ਹਮ ਹਿੰਦੂ ਨਹੀਂ' ਤਾਂ ਉਹਨਾਂ ਦੀ ਮੱਤ-ਰੀਤ ਮੁਤਾਬਕ ਪ੍ਰਕਰਮਾਂ ਕਿਉਂ ਕੀਤੀ ਜਾਂਦੀ ਹੈ? ਫਿਰ ਤਾਂ ਅਸੀਂ ਕੇਵਲ ਬ੍ਰਾਹਮਣੀ ਮੱਤ 'ਜੋਗ' ਦੇ ਪੁਜਾਰੀ ਹੀ ਬਣੇ ਰਹੇ। 'ਜੋਗ' ਛੱਤ੍ਰੀ ਤਾਂ ਨਾ ਬਣੇ, ਤਾਂ ਸਤਿਗੁਰਾਂ ਦੇ ਫ਼ਰਮਾਨ 'ਰਾਜ-ਜੋਗ' ਦਾ ਧਾਰਨੀ ਖਾਲਸਾ ਫਿਰ ਤਾਂ ਹਿੰਦੂ ਮੱਤ ਦਾ ਹੀ ਧਾਰਨੀ ਬਣਿਆ ਰਿਹਾ।

ਪਾ, ਧਮਧਾਨ ਸਾਹਿਬ ਦਰਸ਼ਨ ਕਰ—ਦਿੱਲੀ, ਜਦ ਆਗਰੇ ਪੁੱਜੇ (ਦਿੱਲੀ ਤੇ ਆਗਰੇ ਦੇ ਅਸਥਾਨ ਜੋ ਅਲੋਪ ਹਨ ਖੋਜ ਦੀ ਲੋੜ ਹੈ) ਤਦ, ਬਹਾਦਰ ਸ਼ਾਹ ਨੇ ਆਪਣੇ ਬਾਪ ਔਰੰਗਜ਼ੇਬ ਦੇ ਮਰਨ ਪਿਛੋਂ—ਹਿੰਦੁਸਤਾਨ ਦਾ ਰਾਜ ਭਾਗ ਪ੍ਰਾਪਤ ਕਰਨ ਲਈ, ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਸ਼ਰਨ ਪ੍ਰਾਪਤ ਕੀਤੀ, ਸਤਿਗੁਰਾਂ ਇਸ ਸ਼ਰਤ ਤੇ ਮਦਦ ਕਰਨੀ ਪ੍ਰਵਾਨ ਕਰ ਲਈ, ਕਿ ਜਿਨਾਂ ਸੂਬਿਆਂ ਨਵਾਬਾਂ ਨੇ ਜ਼ੁਲਮ ਕਮਾਇਆ ਹੈ (ਸਰਹੰਦੀ, ਲਾਹੌਰੀਏ, ਜਲੰਧਰੀਏ, ਅਤੇ ਸਮਾਨੇ) ਦੇ ਜਲਾਦਾਂ ਆਦਿ ਨੂੰ ਡੰਡ ਦੇਣ ਲਈ, ਇਹ ਡੱਕਾਂ ਸਾਡੇ ਹਵਾਲੇ ਕੀਤੀਆਂ ਜਾਵਣ, ਬਹਾਦਰ ਸ਼ਾਹ ਨੇ ਇਹ ਸਭ ਕੁਝ ਮੰਨ ਲਿਆ ਤਾਂ ਸਤਿਗੁਰਾਂ ਭਾਈ ਧਰਮ ਸਿੰਘ ਜੀ ਦੀ ਕਮਾਨ ਹੇਠ ੫੦੦ ਸੌ ਸਿੰਘਾਂ ਦਾ ਜੱਥਾ ਭੇਜਿਆ, ਆਪ ਕੁਝ ਦੂਰੀ ਤੇ ਜੰਗ ਦਾ ਰੰਗ ਮੰਚਨ ਵੇਖਦੇ ਰਹੇ।

ਇਹ ਜੰਗ ਚੰਬਲ ਨਦੀ ਦੇ ਕੰਢੇ ‡ਜਾਜੌ ਦੇ ਮਕਾਮ ਤੇ, ਬਹਾਦਰ ਸ਼ਾਹ ਦੇ ਭਾਈ ਦੀ ਫੌਜ ਤੇ ਇਸ ਦੀ ਫੌਜ ਦਾ ਟਾਕਰਾ ਹੋ ਗਿਆ, ਸਤਿਗੁਰੂ ਦੇ 'ਸੁਵਰਨ-ਮੁਖੀ' ਤੀਰ ਨਾਲ 'ਤਾਰਾ-ਆਜ਼ਮ' ਦੀ ਮੌਤ ਹੋ ਗਈ, ਫੌਜ ਨੱਠ ਗਈ ਸਿੰਘ ਭੀ ਸ਼ਹੀਦੀਆਂ ਪਾ ਗਏ। ਆਗਰੇ ਆ ਕੇ ਸਤਿਗੁਰਾਂ ਬਹਾਦਰ ਸ਼ਾਹ ਨੂੰ ਰਾਜ-ਤਿਲਕ ਦਿੱਤਾ, ਉਪਰੰਤ ਸਤਿਗੁਰਾਂ ਦੱਖਣ ਵਲ, ਜਾਣ ਦਾ ਵਿਚਾਰ ਪ੍ਰਗਟ ਕੀਤਾ।

ਬਹਾਦਰ ਸ਼ਾਹ ਮਰਹੱਟਿਆਂ ਦੇ ਅੰਦੋਲਣ, ਅਤੇ ਆਪਣੇ ਭਾਈ—'ਕਾਮ ਬਖਸ਼' ਅਤੇ ਮੱਰਹਟਿਆਂ ਦੀ ਬਗਾਵਤ ਦਬਾਉਣ ਲਈ, ਦੱਖਣ ਵਲ ਸਤਿਗੁਰਾਂ ਦੀ ਸਹਾਇਤਾ ਦੇ ਆਸ਼ੇ ਫੌਜਾਂ ਸਮੇਤ ਨਾਲ ਹੀ ਚਾਲੇ ਪਾ ਦਿੱਤੇ।

ਹੀਰਾ ਘਾਟ ਪਧਾਰਨਾ—ਰਸਤੇ ਦਾ ਪੂਰਾ ਥਹੁ ਤੇ ਸਤਿਗੁਰਾਂ ਦੇ ਨਿਵਾਸ ਅਸਥਾਨ ਤਾਂ ਭਾਵੇਂ ਕਈ ਥਾਵੇਂ ਅਲੋਪ ਪਏ ਹਨ ਜੋ ਖੋਜ ਦੇ ਮੁਹਥਾਜ ਹਨ, ਆਗਰੇ ਭੀ ਉਜਾਗਰ ਨਹੀਂ? ਤਾਂ ਭੀ ਸਤਿਗੁਰੂ ਆਗਰਾ, ਉਜੈਨ, ਬੁਰਹਾਨ ਪੁਰ, ਨਾਗ ਪੁਰ, ਬਾਲਾਪੁਰ, ਅਕੋਲਾ, ਬਡਨੇਰਾ, ਉਮਰਾਵਤੀ, ਹਿੰਗੋਲੀ ਅਤੇ ਬਸਮਤ ਨਗਰਾਂ ਚੋਂ ਹੁੰਦੇ ਨਦੀ ਦੇ ਕੰਢੇ ਇਸ ਹੀਰਾ ਘਾਟ (ਪਿੰਡ ਘੁਮਨਵਾੜੇ) ਆ ਡੇਰੇ ਲਾਏ, ਨਦੀ ਦੇ ਪਾਰਲੇ ਤੱਟ ਦੱਖਣ ਵਲ ਪਿੰਡ ਨਾਰਾ ਪੁਰ ਬਹਾਦਰ ਸ਼ਾਹ ਦਾ ਡੇਰਾ ਸੀ। (ਜ਼ੋ ਸੱਚਖੰਡ ਨਾਂਦੇੜ ਤੋਂ ੭—੮ ਮੀਲ ਚੜ੍ਹਦੇ ਹੈ)।

ਬਹਾਦਰ ਸ਼ਾਹ ਦੇ ਡੇਰੇ ਤੋਂ ਸਤਿਗੁਰੂ ਕੁਛ ਦੂਰੀ ਤੇ ਡੇਰਾ ਲਾਉਂਦੇ, ਬਹਾਦਰ ਸ਼ਾਹ ਨੂੰ ਇਹ

---

‡ **ਜਾਜੌ ਦਾ ਮੁਕਾਮ**—ਰਾਜਸਥਾਨ ਦਾ ਬਾਰਡਰ ਲੰਘ—ਚੰਬਲ ਨਦੀ ਜਿਧਰੋਂ ਪਾਣੀ ਆਉਂਦਾ ਹੈ ਤੇ ਇਸ ਸ਼ਾਹ ਰਾਹ (ਜਰਨੈਲੀ ਸੜਕੋਂ) ਕੁਝ ਮੀਲਾਂ ਦੀ ਦੂਰੀ ਤੇ ਹੈ, ਇਸ ਥਾਵੇਂ ਜੰਗ ਵਿਚ ਸ਼ਹੀਦ ਹੋਇ ਸਿੰਘਾਂ ਦੇ ਅੰਗੀਠੇ ਵਾਲੀ ਥਾਵੇਂ—ਥੜਾ ਤੇ ਉਪਰ ਚਾਰ ਪਾਇਆਂ ਤੇ ਗੁੰਬਦੀ ਲਾਲ ਪੱਥਰ ਦੀ ਬਣੀ ਹੋਈ ਹੈ—ਪੰਥ ਖਾਲਸੇ ਦੀ ਉਡੀਕ ਵਿਚ ਇਕੱਲੀ ਖਸਤਾ ਹਾਲਤ ਬਿਨਾਂ ਸੰਭਾਲ 'ਵਰਾਸਤ' ਦੇ ਮਾਲਕਾਂ ਦੀ ਰਾਹ ਦੇਖਦੀ ਖੜੀ ਹੈ, ਅਤੇ ਸਤਿਗੁਰਾਂ ਦੇ ਤੀਰ ਚਲਾਣ ਵਾਲੇ ਥਾਂਉ ਦੀ ਕੰਧੀ ਨਿਸ਼ਾਨੀ ਦਾ ਥਹੁ ਪਤਾ ਨਹੀਂ, ਖੋਜ ਦੀ ਲੋੜ ਹੈ।

ਜਾਣਕਾਰੀ ਹੋ ਚੁਕੀ ਸੀ, ਕਿ ਸਤਿਗੁਰੂ (ਢੱਕਾਂ) ਜ਼ਾਲਮ ਨਵਾਬਾਂ ਨੂੰ ਹਵਾਲੇ ਨਾ ਕਰ ਸਕਣ ਤੋਂ ਮੱਥੇ ਤੇ ਨਾਖੁਸ਼ ਹਨ। ਇੱਧਰ ਮਰਹੱਟਿਆਂ ਤੇ ਵਿਜੈ ਸਤਿਗੁਰੂ ਜੀ ਦੀ ਖੁਸ਼ੀ ਪ੍ਰਾਪਤ ਕਰਨ ਤੇ ਹੀ ਹੋ ਸਕੇਗੀ। ਭਾਈ ਦਯਾ ਸਿੰਘ ਜੀ ਤੋਂ ਸਤਿਗੁਰਾਂ ਦੀ ਖੁਸ਼ੀ ਦਾ ਸਮਾਂ ਪਤਾ ਕਰਵਾਇਆ।

ਜੋ ਸਵਾ ਪਹਿਰ ਰਾਤ ਨਦੀ ਜਲ ਵਿਚ ਤੱਪ ਕਰਕੇ ਸਵਾ ਪਹਿਰ ਦਿਨ ਚੜ੍ਹੇ ਬਾਹਰ ਆਉਂਦੇ ਹਨ। ਉਹ ਕਲਗੀਧਰ ਜੀ ਦਾ ਅਤਿਅੰਤ ਖੁਸ਼ੀ ਦਾ ਸਮਾਂ ਹੁੰਦਾ ਹੈ। ਜਦ ਸਤਿਗੁਰੂ ਜੀ ਨਦੀ ਤੋਂ ਬਾਹਰ ਆ ਕੇ ਦੀਵਾਨ ਵਿਚ ਸਜੇ ਬੈਠੇ ਸਨ, ਤਾਂ ਠੀਕ ਉਸ ਸਮੇਂ ਬਹਾਦਰ ਸ਼ਾਹ, ਇਕ ਕੀਮਤੀ ਹੀਰਾ ਲੈ ਕੇ, ਸਤਿਗੁਰੂ ਹਜ਼ੂਰ ਭੇਟਾ ਕੀਤਾ, ਸਤਿਗੁਰਾਂ ਤੁੱਛ ਜਾਣ, ਗੋਦਾਵਰੀ ਨਦੀ ਵਿਚ ਸੁਟ ਦਿੱਤਾ–

ਤਬ ਗੁਰ ਢਿਗ ਸ਼ਾਹਿ ਬਹਾਦਰ। ਕਰ ਜੋਰ ਬੋਲਿਓ ਸਾਦਰ।
ਹੇ ਗੁਰ ! ਇਹ ਨੀਕੋ ਹੀਰਾ। ਕਿਸ ਕਾਰਨ ਗੋਰਯੋ ਨੀਰਾ। [ਪੰਥ ਪ੍ਰਕਾਸ਼

ਆਪਣੀ ਭਾਵਨੀ ਤੇ ਬਹੁਤ ਵੱਡੀ ਸੱਟ ਵੱਜੀ ਵੇਖਕੇ ਬਹੁਤ ਹੈਰਾਨ ਹੋਇਆ। ਤੇ ਸੋਚੀਂ ਪੈ ਗਿਆ, ਹਾਂ ਫਕੀਰ ਹਨ ? ਇਹਨਾਂ ਨੂੰ ਹੀਰਿਆਂ ਦੀ ਕੀ ਕਦਰ ? ਬਾਦਸ਼ਾਹ ਦੀ ਪਰੇਸ਼ਾਨੀ ਜਾਣ, ਸਤਿਗੁਰੂ ਜੀ ਨੇ ਫੁਰਮਾਇਆ– ਹਾਂ ਫਕੀਰਾਂ ਨੂੰ ਹੀਰਿਆਂ ਤੇ ਲਾਲਾਂ ਦੀ ਕੀ ਸਾਰ ? ਪਰ ਤੁਹਾਡੇ ਕਠੋਰ ਪੱਥਰ ਦਿਲ ਪੱਥਰ ਦੇ ਹੀਰਿਆਂ ਨੂੰ ਅਨਮੋਲ ਸਮਝੀ ਬੈਠੇ ਹਨ– ਮਜ਼ਬੀ ਜਨੂਨ ਦੇ ਪਰਦੇ ਵਿਚ ਹਜ਼ਾਰਾਂ ਬੇਗੁਨਾਹ ਹੀਰਿਆਂ-ਲਾਲਾਂ ਦਾ, ਬੇ-ਰਹਿਮੀ ਨਾਲ, ਕਤਲ ਕਰ ਦੇਣ ਦਾ, ਤਾਂ ਆਪ ਦੇ ਪੱਥਰ ਦਿਲ ਤੇ ਜ਼ਰਾ ਭਰ ਭੀ ਮਲਾਲ–ਦੁਖ ਨਹੀਂ, ਤੇਰੇ ਪਿਤਾ [ਔਰੰਗਜ਼ੇਬ] ਨੇ 'ਕੁਰਾਨ' ਦੀਆਂ ਝੂਠੀਆਂ ਕਸਮਾਂ ਖਾ ਸਾਡੇ ਨਾਲ ਬੜਾ ਭਾਰੀ ਧਰੋਹ ਕਮਾਇਆ ਸੀ–ਪੁੱਤਰ ਤਾਂ ਉਸੇ ਦਾ ਹੈਂ, ਜੇ ਰਾਜ ਦੇ ਸਕਦੇ ਹਾਂ, ਤਾਂ ਲੈ ਭੀ ਸਕਦੇ ਹਾਂ ?

ਕੀ ਤੈਨੂੰ–ਜਿੰਦਾ ਮਾਸੂਮ ਬੱਚਿਆਂ (ਹੀਰਿਆਂ) ਦਾ ਜੋ ਅਜੇ 'ਸ਼ੀਰੇ-ਦੰਦਾਨ' ਸਨ, ਅਤੇ ਛੋਟੀਆਂ ਉਮਰਾਂ– ੭-੯ ਤੇ ੧੧-੧੩ ਸਾਲਾਂ ਦੇ ਸਨ ਅਤੇ ਜ਼ਹੀਫ [ਬੁੱਢੀ] ਮਾਤਾ, ਤੁਹਾਡੇ ਸਰ੍ਹਾ ਦੇ ਅੰਧੇ ਬਾਦਸ਼ਾਹੀ ਕਹਿਰ ਨਵਾਬਾਂ ਦੇ ਜ਼ੁਲਮੋਂ-ਸਿਤਮ ਦੇ ਸ਼ਿਕਾਰ ਹੋਏ–ਅਤੇ ਹਜ਼ਾਰਾਂ ਬੇਗੁਨਾਹ ਸਿੰਘਾਂ ਨੂੰ ਸ਼ਹੀਦ ਕੀਤਾ–ਕੀ ਦੋਸ਼ ਸੀ ਸਾਡਾ ? ਕੋਈ ਅਸਾਂ ਤੁਹਾਡਾ ਰਾਜ ਸਾਂਭਣਾ ਸੀ ? ਜੇ ਸਾਂਭਨਾ ਹੁੰਦਾ ਤਾਂ ਸਿੰਘ ਸ਼ਹੀਦ ਕਰਵਾ ਕੇ 'ਜ਼ਾਲਮ ਔਰੰਗੇ ਦੇ ਪੁਤ੍ਰ (ਤੈਨੂੰ) ਕਿਉਂ ਰਾਜ ਦੇਂਦੇ ?

ਸਾਡੇ ਹਜ਼ਾਰਾਂ ਕੀਮਤੀ ਲਾਲ 'ਖਾਲਸਾ ਸਪੂਤ' ਤੁਹਾਡੀ ਝੂਠੀ ਸ਼ਰੀਯਤ ਦੇ ਤੰਗ-ਨਜ਼ਰੀਏ ਕਾਰਨ, ਦੇਸ਼ ਕੌਮ ਧਰਮ ਤੋਂ ਆਪਣੀਆਂ ਜਾਨਾਂ ਨਛਾਵਰ ਕਰ ਗਏ, ਕੀ ਓਹਨਾਂ ਹੀਰਿਆਂ ਦਾ ਤੁਸਾਂ ਕੀ ਮੁੱਲ ਪਾਇਆ, ਇਸ ਪੱਥਰ ਦੇ ਹੀਰੇ ਦੀ ਤੇਰ ਮਨ ਤੇ ਬੜੀ ਪਰੇਸ਼ਾਨੀ ਹੋ ਰਹੀ ਹੈ ?

ਤੁਹਾਡੇ ਹੰਕਾਰ ਮੱਤੇ ਨਵਾਬਾਂ ਸਾਡੇ ਅਨੇਕਾਂ ਹੀਰੇ, ਬਿਨਾ ਕਿਸੇ ਕਾਰਨ ਤਲਵਾਰ ਦੇ ਘਾਟ ਉਤਾਰ ਕੇ ਸ਼ਹੀਦ ਕਰ ਦਿਤੇ, ਜੋ ਅਮਰ ਹਨ, ਪਰ ਤੇਰਾ ਇਕ ਪੱਥਰ ਦਾ ਹੀਰਾ ਜੇ ਗੁਦਾਵਰੀ ਵਿਚ ਸੁੱਟ ਦਿੱਤਾ ਹੈ--ਪਰ ਉਹ ਮੌਜੂਦ ਹੈ, ਗਵਾਚਾ ਨਹੀਂ ? ਤੇਰੇ ਚੇਹਰੇ ਤੇ ਘਬਰਾਹਟ ਆ ਗਈ ਹੈ, ਤੇ ਸੋਚਦਾ ਏਂ, ਫਕੀਰ ਹਨ ? ਹੀਰਿਆਂ ਦੀ ਇਹਨਾਂ ਨੂੰ ਕੀ ਸਾਰ ?

ਸਾਨੂੰ ਪ੍ਰਭੂ ਰਜ਼ਾ ਵਿਚ ਜੋ ਕੁਝ ਹੋਇਆ ਹੈ ਕੋਈ ਪਰੇਸ਼ਾਨੀ ਨਹੀਂ ? ਪਰ ਜਦ ਤੱਕ ਅਸੀਂ ਬੇਗੁਨਾਹ ਮਖਲੂਕਾਤ ਨੂੰ ਬਿਨਾ ਕਸੂਰ ਲੱਖਾਂ ਦੀ ਗਿਣਤੀ ਵਿਚ ਮੁਸਲਮਾਨ ਬਨਾਣ ਦੇ ਸੁਪਨਿਆਂ ਨਾਲ ਮੌਤ ਦੇ ਘਾਟ ਉਤਾਰਨ ਵਾਲੇ, ਜ਼ਾਲਮ ਨਵਾਬਾਂ ਜਲਾਦਾਂ ਤੇ ਉਹਨਾਂ ਦੇ ਚਮਚਿਆਂ ਦੇ ਹੰਕਾਰ ਦਾ ਸਿਰ ਨਹੀਂ ਫੋੜ ਲੈਂਦੇ, ਸਾਨੂੰ ਇਸ ਹੀਰੇ ਦੀ ਕੰਡੀ ਪ੍ਰਵਾਹ ਨਹੀਂ ?

ਜਾਹ ! ਭੇਜ ਕੋਈ ਅਹਿਲਕਾਰ ਤੇ ਨਦੀ ਵਿਚੋਂ ਆਪਣਾ ਹੀਰਾ ਸਿਆਣ ਕੇ ਲੈ ਆਵੇ, ਸਾਡੇ ਨਾ ਚੁੱਕੀਂ ? ਗੁਨਾਹਗਾਰ ਗਰਦਾਨਿਆਂ ਜਾਵੇਂਗਾ–ਉਹਨਾਂ ਦੇ ਕੱਢਣ ਦਾ ਅਜੇ ਸਮਾਂ ਨਹੀਂ ? ਅਗਲੇ ਜਨਮੇ ਆ ਕੇ ਕੱਢਾਂਗੇ–ਸਾਡੀ ਅਮਾਨਤ ਗੁਦਾਵਰੀ ਪਾਸ ਪਈ ਹੈ, ਪਈ ਰਹਿਣ ਦਈਂ ਇਹ ਅਗੰਮੀ ਦਰਸ ਸੁਣ ਸਭ ਵਿਸਮਾਦ ਹੋ ਰਹੇ ਸਨ।

ਜਦ ਅਹਿਲਕਾਰ ਬੁੱਕ ਭਰ ਕੇ ਲੈ ਆਇਆ ਤਾਂ ਸਤਿਗੁਰਾਂ ਕਿਹਾ ਆਪਣਾ ਹੀਰਾ ਸਿਆਣ ਲੈ, ਤੂੰ ਕੱਢ ਲੈ, ਸਾਡੇ ਨਾ ਛੇੜੀਂ ? ਨਵਾਬ ਦੀ ਹੈਰਾਨੀ ਦੀ ਹੱਦ ਨਾ ਰਹੀ ? ਮੈਂ ਕੀ ਸੋਚਦਾ ਸਾਂ ? ਫਕੀਰ ਨੇ, ਹੀਰੇ ਦੀ ਕੀ ਸਾਰ ਜਾਣਦੇ ਨੇ ? ਕਿਸ ਹੀਰੇ ਨੂੰ ਫੜੇ ਤੇ ਕਿੰਨੂ ਛੱਡੇ, ਕਿਉਂਕਿ ਸਾਰੇ ਉਸ ਨੂੰ ਕਿਹਾ, ਜਾਹ ਲੈ ਜਾ ਪਾਪੀਆਂ ਦਾ ਅਤੇ ਬਚਨ ਤੋਂ ਖਿਸਕ ਜਾਣ ਵਾਲੇ ਕੱਚੇ ਬੰਦਿਆਂ ਦਾ ਦਾਨ ਨਹੀਂ ਲੈਣਾ, ਕਿਉਂਕਿ ਇਹ ਖਜ਼ਾਨਾ ਪ੍ਰਮੇਸ਼ੂਰ ਦਾ ਸਤਿਜੁਗ ਦਾ ਪਵਿੱਤ੍ਰ ਹੋ ਚੁਕਾ ਹੈ, ਇਸ ਲਈ ਇਸ ਵਿਚ ਇਹ ਅਪਵਿੱਤ੍ਰ 'ਹੀਰਾ' ਪਾਪੀ ਜਨਾਂ ਦਾ ਨਹੀਂ ਪਾਉਣਾ।

ਬਹਾਦਰ ਸ਼ਾਹ ਨਿਰਾਸਤਾ ਵਿਚ ਹੀਰਾ ਚੁੱਕ ਕੇ, ਹੱਥ ਜੋੜ ਅਰਜ਼ ਕੀਤੀ ਕਿ ਜਿਵੇਂ ਅਗੇ ਸਹਾਇਤਾ ਕੀਤੀ ਹੈ, ਇਧਰ ਭੀ ਸਹਾਇਤਾ ਕਰੋ, ਮੈਂ ਅਜੇ ਮਜ਼ਬੂਰ ਹਾਂ, ਕੁਝ ਸ਼ਾਂਤ ਸਮਾਂ ਆ ਜਾਵੇ, ਤਾਂ ਮੈਂ ਜਰੂਰ ਆਪ ਜੀ ਦਾ ਉਧਾਰ ਮੋੜਾਂਗਾ, 'ਢੱਕਾਂ' ਜ਼ਾਲਮ ਨਵਾਬ ਤੇ ਅਹਿਲਕਾਰ ਫੜਾ ਦਿਆਂਗਾ।

ਸਤਿਗੁਰੂ ਜੀ ਚੁੱਪ ਰਹੇ, ਬਥੇਰਾ ਤਰਲਾ ਤੇ ਵਾਸਤੇ ਬਹਾਦਰ ਸ਼ਾਹ ਨੇ ਪਾਏ, ਤਾਂ ਚੋਜੀ ਦਾਤੇ ਨੇ ਕਿਹਾ– ਪਹਿਲਾਂ ਢੱਕਾਂ ਦੇਣ ਦਾ ਵਾਹਿਦਾ ਪੂਰਾ ਕਰੋ, ਫਿਰ ਅਗਲੀ ਗੱਲ ਕਰਨੀ, ਕਿਉਂਕਿ ਬਚਨਾਂ ਦੇ ਕੱਚਿਆਂ ਦਾ ਕੀ ਭਰੋਸਾ ਹੈ ? ਬੱਸ ਤੇਰਾ ਸਾਡਾ ਸਾਥ ਇਥੋਂ ਤੱਕ ਸੀ, ਅਸੀਂ ਜਿਸ ਕੰਮ ਆਏ ਹਾਂ, ਉਹ ਕਰਨੇ ਹਨ, ਸਾਡੀ ਆਸ ਨਾ ਰੱਖਣੀ, ਅਸੀਂ ਆਪੇ ਢੱਕਾਂ ਨੂੰ ਜ਼ੁਲਮ ਕੀਤੇ ਦਾ ਫਲ ਚਖਾ ਤੁਰਾਂਗੇ। ਬਹਾਦਰ ਸ਼ਾਹ ਨਿਰਾਸ ਹੋ ਕੇ ਚਲਾ ਗਿਆ।

ਭਾਈ ਧਰਮ ਸਿੰਘ ਜੀ– ਸਤਿਗੁਰੂ ਜੀ ! ਇਹ ਕੀ ਕੌਤਕ ਹੈ, ਕਿ ਨਦੀ ਦੇ ਪੱਥਰ ਸਾਰੇ ਹੀ ਹੀਰੇ ਹੀ ਹੀਰੇ ? ਇਤਨੇ ਚਮਕੀਲੇ ਹੀਰੇ, ਜੋ ਬਹਾਦਰ ਸ਼ਾਹ ਦੇ 'ਕੋਹ ਨੂਰ' ਹੀਰੇ ਤੋਂ ਵਧ ਕੀਮਤੀ ਜਾਪਦੇ ਹਨ। ਇਹ ਕੀ ਰਾਜ਼ ਹੈ।

ਸਤਿਗੁਰੂ ਜੀ– ਭਾਈ ਧਰਮ ਸਿੰਘ ਜੀ, ਇਹ ਧਰਮ ਧਰਤੀ ਹੈ, ਇਸ ਵਿਚ ਹੁਣ ਤੱਕ ਕੁਬੇਰ ਦੇ ਧਨ ਨਾਲ ਭਰੇ ਖਜ਼ਾਨੇ ਸਾਂਭ ਰੱਖੇ ਹੋਏ ਹਨ, ਅਤੇ ਇਸ ਨਦੀ ਤੇ ਬੜੇ ਬੜੇ ਰਿਸ਼ੀਆਂ-ਮੁਨੀਆਂ ਨੇ ਤੱਪ ਕੀਤਾ, ਜਿਸ ਕਰਕੇ ਇਹ ਧਰਤੀ ਕਾਮਧੇਨ ਗਊ, ਕਲਪ ਬ੍ਰਿਛ ਅਤੇ ਅੰਮ੍ਰਿਤ ਦੇ ਸੋਮਿਆਂ ਨਾਲ

ਭਰੀ ਪਈ ਹੈ। ਸਤਿਜੁਗ ਤੋਂ ਇਸ ਨਦੀ ਵਿਚ ਅਤੇ ਧਰਤੀ ਵਿਚ ਥਾਂ-ਥਾਂ ਅਨੇਕਾਂ, ਹੀਰੇ-ਜਵਾਹਰਾਤਾਂ ਦੇ ਖਜ਼ਾਨੇ ਪਏ ਹਨ, ਕਿਉਂਕਿ ਸਤਿਜੁਗ ਵਿਚ ਕਿਸੇ ਨੂੰ ਭਗਤੀ ਤੋਂ ਸਿਵਾ 'ਸਤਿਜੁਗ ਸਤਿ' ਹੋਰ ਮਾਇਆ ਦੀ ਕੋਈ ਇੱਛਾ ਹੀ ਨਹੀਂ ਫੁਰਦੀ ਸੀ, ਉਸ ਵਕਤ ਹਰ ਪ੍ਰਾਣੀ ਦਾ ਧਿਆਨ ਭਗਤੀ ਭਾਵ ਵਲ ਸੀ—ਜਿਸ ਦਾ ਨਕਸ਼ਾ ਭਾਈ ਗੁਰਦਾਸ ਜੀ ਇਉਂ ਖਿਚਦੇ ਹਨ—

੧. ਸਤਿਜੁਗਿ ਹੰਸ ਅਉਤਾਰ ਧਰਿ, 'ਸੋਹੰ' ਬ੍ਰਹਮ ਨ ਦੂਜਾ ਪਾਜੈ ॥
੨. ਏਕੋ ਬ੍ਰਹਮ ਵਖਾਣੀਐ, ਮੋਹ ਮਾਇਆ ਤੇ ਬੇਮੁਹਤਾਜੈ ॥
੩. ਕਰਨ ਤਪਸਿਆ ਬਨਿ ਵਿਖੈ, ਵਖਤ ਗੁਜਾਰਨ ਪਿੰਨੀ ਸਾਗੈ ॥
੪. ਲਖਿ ਵਰ੍ਹਿਆਂ ਦੀ ਆਰਜਾ, ਕੋਠੇ ਕੋਟਿ ਨ ਮੰਦਰਿ ਸਾਜੈ ॥ ੫ ॥ [ਵਾਰ ੧

ਹਾਂ ਭਾਈ ਦਯਾ ਸਿੰਘ ਜੀ, ਸਮਾਂ ਆਵੇਗਾ, ਜਦ *ਨਿਹਕਲੰਕੀ ਅਵਤਾਰ ਪ੍ਰਗਟੇਗਾ, ੬੬ ਕ੍ਰੋੜ ਖਾਲਸਾ ਫੌਜ ਨੀਲਾਂਬਰ ਬਸਤ੍ਰ ਪਹਿਣੇ ਹੋਵੇਗੀ, ਗੁਰਬਾਣੀ ਵਿਚ—

'ਹੋਰ ਭੀ ਉਠਸੀ 'ਮਰਦ' ਕਾ 'ਚੇਲਾ' ॥' [ਪਾ: ਪਹਿਲੀ

'ਮਰਦ' (ਅਕਾਲ ਪੁਰਖ 'ਮਰਦ' ਦਾ ਚੇਲਾ) ਉਠੇਗਾ, ਓਸ ਵਕਤ ਸਾਰਾ ਵਿਸ਼ਵ—'ਹਿੰਦੁਸਤਾਨ ਸਮਾਲ ਸੀ ਬੋਲਾ' ਓਸ ਵਕਤ, ਇਹ ਬੋਲ (ਗੁਰਬਾਣੀ) ਹਰ ਪ੍ਰਾਣੀ ਮਾਤਰ ਇਸ ਨੂੰ ਪੜ੍ਹੇ-ਸੁਣੇ, ਗਾਵੇਗਾ। ਹੋਰ ਮੱਤ ਸਭ ਅਲੋਪ ਹੋ ਜਾਣਗੇ। ਅੱਜ ਕਲਜੁਗ ਵਿਚ ਅਸੀਂ ਗੁਰਬਾਣੀ ਦੇ ਉਪਾਸ਼ਕ—ਸ਼ਿਸ਼ ਭੀ ਹਾਂ ਉਹ ਭੀ ਇਸ ਨੂੰ ਸਮਝਣ ਬੁੱਝਣ ਮੰਨਣ ਸਤਿਕਾਰ ਕਰਨ ਤੋਂ ਬਹੁਤ ਦੂਰ ਹਾਂ, ਗੁਰਬਾਣੀ—ਨਿਰੀ ਪੋਥੀ ਨਹੀਂ, ਨਿਰੰਕਾਰ ਦੇ ਸੱਚ ਫੁਰਮਾਣ ਹਨ, ਨਾਨਕ ਨਿਰੰਕਾਰੀ ਹੋ ਉਚਾਰੇ ਹਨ, ਜੋ ਸਰਬ ਜੀਵਾਂ ਦੇ ਕਲਿਯਾਨ ਕਾਰੀ ਹਨ।

ਅਸੀਂ ਉਸ ਵਕਤ ਸਭ ਮੰਨਾਂਗੇ, ਜਦ ਨਿਹਕਲੰਕੀ ਦਾ ਡੰਡਾ 'ਭੈ' ਸਾਡੇ ਸਿਰ ਤੇ ਹੋਵੇਗਾ। ਜਿਸ ਦਾ ਸਰੀਰ ਤਾੜ ਪ੍ਰਾਣ ਉੱਚਾ ਹੋਵੇਗਾ, ਸਤਜੁਗ ਲਗੇਗਾ।

---

* **ਨਿਹਕਲੰਕੀ**—ਅਵਤਾਰ, ਅਤੇ ਕਲਿਜੁਗ ਵਿਚ ਵਰਤਣ ਵਾਲਾ ਵਰਤਾਰਾ ਅਤੇ ਪ੍ਰਗਟਣਾ ਕਿਵੇਂ ਹੈ, ਕਦੋਂ ਪ੍ਰਗਟਣਾ ਹੈ ? ਇਹ ਸਾਰਾ ਵਿਸਥਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਸ੍ਰੀ ਦਸਮ ਗ੍ਰੰਥ' ਵਿਚ, ਨਿਹਕਲੰਕੀ ਚੌਬੀਸਵੇਂ (ਚੌਵੀਵਾਂ) ਅਵਤਾਰ ਜੋ ਪੰਨਾ ੧੭੭੧ ਤੋਂ ੧੮੬੬ ਤੱਕ, ਪੜ੍ਹੋ।

੨. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ 'ਚ ਅਜਿਤੇ ਰੰਧਾਵੇ ਨਾਲ ਜੋ ਵਾਰਤਾਲਾਪ ਹੋਈ ਸੀ ਉਸ ਵਿਚ ਭੀ ਸਤਿਗੁਰਾਂ ਨਿਹਕਲੰਕੀ ਅਵਤਾਰ ਬਾਰੇ ਦਰਸਾਇਆ ਹੋਇਆ ਹੈ—ਉਸ ਨਾਲ ੬੬ ਕ੍ਰੋੜ ਖਾਲਸਾ ਫੌਜ ਨੀਲਾਂਬਰ ਬਸਤ੍ਰ ਪਹਿਣੇ ਹੋਵੇਗੀ, ਗੁਰਬਾਣੀ ਵਿਚ—

ਅੱਜੇਹੇ ਖਾਲਸਾ ਜੀ ਨੂੰ ਗੁਰਮੰਤ੍ਰ—(ਵਾਹਿਗੁਰੂ) ਸ਼ਬਦ ਜਪਨ ਦਾ ਸੰਕੇਤ ਭੀ ਸਰਬ ਲੋਹ ਗ੍ਰੰਥ ਵਿਚ ਹੈ—ਜਿਸ ਬਾਰੇ ਵਿਸਥਾਰ ਪੂਰਵਕ ਪਿਛੇ ਬਾਬਾ ਮਿੱਤ ਸਿੰਘ ਜੀ ਦੇ 'ਰ' ਲੰਮਕਾ ਕੇ ਬੋਲਣ ਬਾਰੇ ਅੱਖਰ ਦੇ ਵਿਚ ਆ ਚੁਕਾ ਹੈ।

੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦਾ ਪੂਰਨ ਸੰਕੇਤ ਜੋ ਇਸੇ ਸਰਬ ਲੋਹ ਗ੍ਰੰਥ ☞

ਖਾਲਸਾ ਹੋਵੇਗਾ (ਸਤਿਜੁਗ ਦਾ ਪਹਿਰਾ ਹੋ ਜਾਵੇਗਾ) ਓਦੋਂ ਇਹ ਸਭ ਦਰਯਾਵਾਂ ਜਾਂ ਧਰਤੀ 'ਚ ਅਮਾਨਤ ਪਏ ਖਜ਼ਾਨੇ ਵਰਤੇ ਜਾਵਣਗੇ। ਓਦੋਂ ਪਰਬਤ ਨਦੀਆਂ-ਨਾਲੇ ਸਭ 'ਲਾਲ-ਜਵਾਹਰਾਤ' ਦੇਣਗੇ, ਧਰਤੀ ਸੋਨੇ ਨਾਲ ਚਮਕੇਗੀ—ਤੋਟ ਨਹੀਂ ਆਵੇਗੀ, ਫਿਰ ਸਤਿਜੁਗ ਦਾ ਰਾਜ ਖਾਲਸਾ ਕਰੇਗਾ। ਖਾਲਸੇ ਦੇ ਸਰੂਪ ਬਾਰੇ ਦਸਮੇਸ਼ ਜੀ ਨੇ ਸਰਬਲੋਹ ਗ੍ਰੰਥ ਵਿਚ ਇਉਂ ਫੁਰਮਾਇਆ ਹੈ—

ਬਿਸਨ ਪਦ ਪੁਨਯਾਕੀ ਰਾਜ ਪਲਾਸੀ ਬਖਸ਼ਸ਼ ਹਜ਼ੂਰ ਕਬਿਚਾਰ ॥
ਐਸੋ ਗੁਣ ਹਰਿ ਖਾਲਸੇ ਬਖਸ਼ਾ, ਭਗਤਿ ਗਜਾਨੀ ਰਾਜ ਜੋਗੇਸ੍ਵਰ ॥
ਛਤ੍ਰਿਯ ਬ੍ਰਿਤਿ, ਅਨਨਜ ਉਪਾਸ਼ਕ, ਤਿਆਗੀ ਹਠੀ ਸ੍ਵਰ ਭਵਨੇਸ੍ਵਰ ॥
ਗ੍ਰਾਹਜ ਸੁਭ, ਤਜਾਗਿ ਬਿਵਰਜਿਤ੍ਰ, ਸ਼੍ਰੁਤਾਜਦਯੰ, ਸ੍ਰੀ ਮੁਖ ਪਰਮੇਸ੍ਵਰ ॥
ਗੀਤਾ ਉਪਨਿਸਦ ਮਹਾਵਾਕਜ ਮਹਿ, ਰੋਹਿਨੀ-ਭਗਤਿ ਗਜਾਨਿ ਬਿਰਤੇਸ੍ਵਰ ॥੫॥
ਅਸੁ ਖਾਲਸ ਖਾਲਸ ਪਦ ਪ੍ਰਾਪਤਿ, ਨਿਰੰਕਾਰ ਸੁ ਸ੍ਵਰੂਪ ਮਹਾਨੰ ॥੧॥ਰਹਾਉ॥
ਗੁਰ ਉਪਦੇਸ ਸਿਖਨ ਪ੍ਰਤਿ ਭਾਸਨ, ਮੁਦ੍ਰਿਤਿ ਕੱਛ ਕੇਸ ਕ੍ਰਿਪਾਨੰ ॥
ਤਾ ਕੀ ਰਹਿਨਿ ਸ਼੍ਰੁਤਜੋਕਤਿ ਭਾਖਤਿ ਦਸ ਗ੍ਰਾਹਜ ਖਾਲਸਾ ਪ੍ਰਧਾਨੰ ॥

ਦਸ ਗ੍ਰਹਿਣ ਕਰਨ ਵਾਲੇ ਗੁਣ—

੧ਦਯਾ, ੨ਦਾਨ-ਰੁ, ੩ਛਮਾ, ੪ਸਨਾਨੰ, ੫ਸੀਲ, ੬ਸੁਚਿ, ੭ਸਤਜੰ ਸੰਭਾਨੰ ॥
੮ਸਾਧਨਸਿੱਧ, ੯ਸੂਰ, ੧੦ਭਗਤਿ ਮਾਨੰ, ਦਸ ਗ੍ਰਾਹਜ, ਆਸਤਕ ਪ੍ਰਮਾਨੰ ॥

ਦਸ ਤਿਆਗ ਕਰਨ ਵਾਲੇ ਅਉਗੁਣ—

ਬਿਸਨੁਪਦ ਪੁਨਜਾਕੀ ਰਾਜਪਲਾਸੀ ਬਖਸ਼ਸ਼ ਹਜ਼ੂਰ ਤਜਾਗੀ ਦਸ ॥
੧ਬਿਰੋਧ ਸਾਧਨ, ੨ਹਿੰਸਾ, ੩ਅਹੰਕਾਰੰ, ੪ਆਲਸ, ਪਕ੍ਰਿਪਨਤਾ ਪ੍ਰਮਾਨੰ ॥
੬ਕਠੋਰਤ੍ਰ, ੭ਜੜਤ੍ਰ, ੮ਕੁਚਿਲ ਅਚਊਚੰ ੯ਕਲਮਾਮਾਂਸਿਸ, ੧੦ਅਭਗਤਿ ਮਾਨੰ ॥

ਦਸ ਗ੍ਰਹਿਣ ਅਤੇ ਦਸ ਤਿਆਗਣ ਵਾਲਾ ਖਾਲਸਾ—

ਦਸ ਗ੍ਰਾਹਜ, ਦਸ ਤਜਾਗੀ, ਐਸੋ ਤਾਹਿ 'ਖਾਲਸਾ' ਕਬਤਿ ਸੁਜਾਨੰ ॥
ਅਸੁ ਖਾਲਸਾ, ਖਾਲਸ ਪਦ ਪ੍ਰਾਪਤਿ, ਨਿਰੰਕਾਰਿ ਸੁ ਸ੍ਵਰੂਪ ਮਹਾਨੰ ॥ ੭ ॥

ਸਤਿਗੁਰਾਂ ਕਿਹਾ— ਭਾਈ ਦਯਾ ਸਿੰਘ ਜੀ, ਭਾਈ ਧਰਮ ਸਿੰਘ ਜੀ, ਵੱਖ-ਵੱਖ ਦਰਯਾਵਾਂ (ਗੰਗਾ, ਜਮਨਾ, ਸਰਸ੍ਵਤੀ, ਗੋਦਾਵਰੀ, ਸਤਲੁਜ ਆਦਿ) ਪਹਾੜਾਂ -ਧਰਤੀ ਵਿਚ ਕਈ ਥਾਵੇਂ, ਬੇਅੰਤ ਖਜ਼ਾਨੇ-'ਹੀਰੇ-ਜਵਾਹਰਾਤ-ਪੰਨੇ' ਆਦਿ ਦੇ ਕਈ ਜੁਗਾਂ ਤੋਂ ਅਮਾਨਤ ਪਏ ਹਨ। ਕਲਜੁਗ ਵਿਚ ਭੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਿਥੇ ਭੀ ਸਤਿਕਾਰ ਵਜੋਂ ਹੀਰੇ-ਜਵਾਹਰਾਤ ਭੇਟ ਹੁੰਦੇ ਰਹੇ, ਉਹ ਇਸੇ

☞ ਵਿਚ ਦਸਮੇਸ਼ ਜੀ ਨੇ ਅੰਕਤ ਕੀਤਾ ਹੈ, 'ਗੁਰਗੱਦੀ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇਣ ਦੇ ਪ੍ਰਸੰਗ ਨਗੀਨਾ ਘਾਟ ਤੋਂ ਤਖਤ ਹਜ਼ੂਰ ਸਾਹਿਬ ਦਾ ਪ੍ਰਗਟ ਕਰਨਾ ਤੇ ਪੁਰਾਤਨ ਤੱਪ ਅਸਥਾਨ (ਤਖਤ ਹਜ਼ੂਰ ਸਾਹਿਬ) ਪਹੁੰਚਨ ਤੋਂ ਅਗੇ ਪੜ੍ਹੋ।

ਤਰ੍ਹਾਂ ਧਰਤੀ, ਦਰਿਆਵਾਂ, ਪਹਾੜਾਂ 'ਚ ਅਮਾਨਤ ਵਜੋਂ ਰੱਖ ਦੇਂਦੇ। ਜਿਹਾ ਕਿ ਮਾਲ ਟੈਕਸੀ (ਹਜ਼ੂਰ ਸਾਹਿਬ) ਜਦੋਂ ਉਪਰੋਕਤ ਗੁਣਾਂ ਵਾਲਾ 'ਖਾਲਸਾ' ਅਕਾਲ ਪੁਰਖ ਜੀ ਦੀ ਮਹਾਨ ਸ਼ਕਤੀ 'ਨਿਹਕਲੰਕੀ' ਹੋ ਅਵਤਰੇਗਾ। ਉਸ ਸਮੇਂ ਇਹ ਖਜ਼ਾਨੇ ਵਰਤੋਂ ਵਿਚ ਲਿਆਂਦੇ ਜਾਵਣਗੇ।

ਦੀਨਨ ਕੀ ਰੱਛਾ ਨਿਮਿਤ ਕਰ ਹੈ ਆਪ ਉਪਾਇ ॥
ਪਰਮ ਪੁਰਖੁ ਪਾਵਨ ਸਦਾ, ਆਪ ਪ੍ਰਗਟ ਹੈ ਆਇ ॥ . . . .੧੩੯ ॥
ਕਲਜੁਗ ਕੇ ਅੰਤਹ ਸਮੈ, ਸਤਿਜੁਗ ਲਾਗਤ ਆਦਿ ॥
ਦੀਨਨ ਕੀ ਰੱਛਾ ਲੀਏ, ਧਰ ਹੈ ਰੂਪ ਅਨਾਦ ॥ . . . .੧੪੦ ॥
[ਦਸਮ ਗ੍ਰੰਥ–ਪਾ: ੧੦, ਪੰਨਾ ੧੭੬੭

(ਵਿਸਥਾਰ ਲਈ ਪੜ੍ਹੋ ਦਸਮ ਗ੍ਰੰਥ-ਨਿਹਕਲੰਕੀ ਅਵਤਾਰ–ਪੰਨਾ ੧੭੭੧ ਤੋਂ ੧੮੮੬ ਤੱਕ)

ਗੁਰਦੁਆਰਾ ਮਾਤਾ ਸਾਹਿਬ ਕੌਰਾਂ ਜੀ

ਹੀਰਾ ਘਾਟ ਤੋਂ ਚੜ੍ਹਦੇ (ਸ਼ਿਕਾਰ ਘਾਟ ਵਲ) ਤਕਰੀਬਨ ਡੇਢ-ਦੋ ਫਰਲਾਂਗ ਤ (ਵਗਦੇ ਪਾਣੀ ਵਲ) ਗੋਦਾਵਰੀ ਦੇ ਕੰਢੇ ਤੇ, ਖਾਲਸਾ ਜੀ ਦੀ [ਜਗਤ ਮਾਤਾ–ਮਾਤਾ ਸਾਹਿਬ ਕੌਰ ਜੀ ਦਾ] ਅਸਥਾਨ ਹੈ–ਸ੍ਰੀ ਕਲਗੀਧਰ ਜੀ ਨਾਲ ਇਹਨਾਂ ਦੀ ਸ਼ਾਦੀ ਗੁਰੂ ਕੇ ਲਾਹੌਰ, ਰੋਹਤਾਸ ਨਗਰ [ਜ਼ਿਲਾ ਜੇਹਲਮ, ਪਾਕਿਸਤਾਨ] ਦੇ ਵਸਨੀਕ ਸ੍ਰੀ ਮਾਨ ਪੂਜਯ ਭਾਈ ਰਾਮੂ ਜੀ ਦੀ ਸਪੁਤਰੀ–ਸਾਹਿਬ ਦੇਵਾਂ ਦਾ ਵਿਆਹ, ੧੯ ਵੈਸਾਖ ਸੰਮਤ ੧੭੫੭ ਨੂੰ ਹੋਇਆ। ਅਤੇ ਇਹ ਪ੍ਰਤਿਗਿਆ ਹੋਈ, ਕਿ ਜੇ ਆਪ ਬ੍ਰਹਮ ਚਰਯ ਰਹਿ ਸਕੋਗੇ ਤਾਂ ਇਹ ਸ਼ਾਦੀ ਹੋ ਸਕੇਗੀ–ਕਿਉਂਕਿ ਅਸਾਂ (ਕਲਗੀਧਰ) ਹੁਣ ਸੰਤਾਨ ਇੱਛਾ ਤਿਆਗ ਦਿੱਤੀ ਹੈ ਤੇ ਬ੍ਰਹਮ ਚਰਯ ਵਿਚ ਰਹਿਣ ਦੀ ਪ੍ਰਤਿਗਿਆ ਕਰ ਲਈ ਹੈ।

ਮਾਤਾ ਜੀ ਪੂਰਬਕ ਮਹਾਨ ਸ਼ਕਤੀ ਕਾਰਨ ਹੀ ਖਾਲਸਾ ਜੀ ਦੇ ਪੂਜਯ ਮਾਤਾ ਹੋਣ ਦਾ ਗੌਰਵ ਮਿਲਿਆ। ਇਸੇ ਕਰਕੇ ਜਿਥੇ ਸਤਿਗੁਰੂ ਜੀ ਆਪਣਾ ਸਤਿਜੁਗੀ ਤੱਪ ਅਸਥਾਨ ਪ੍ਰਗਟ ਕਰਨ ਅਬਿਚਲ ਨਗਰ [ਨਾਦੇੜ] ਆਏ, ਇਸੇ ਤਰ੍ਹਾਂ ਖਾਲਸਾ ਜੀ ਦੇ ਮਾਤਾ ਜੀ ਪੁਰਾਤਨ ਤੱਪ ਅਸਥਾਨ ਪ੍ਰਗਟਾਣ ਲਈ ਹੀ ਪਧਾਰੇ ਸਨ।

ਇਸੇ ਕਰਕੇ ਪਹਿਲਾਂ ਪਹਿਲ ਸਤਿਗੁਰੂ ਜੀ, ਬਜਾਏ ਨਾਦੇੜ [ਗੁ: ਸੰਗਤ ਸਾਹਿਬ ਜਾਂ ਗੁ: ਨਗੀਨਾ ਘਾਟ] ਅਬਚਲ ਨਗਰ ਨਾਦੇੜ ਆਦਿ ਅਸਥਾਨਾਂ ਤੇ ਪਹੁੰਚਦੇ, ਪਹਿਲਾਂ ਬਸਮਤ ਤੋਂ ਸਿੱਧੇ ਹੀਰਾ ਘਾਟ ਆਏ, ਤੇ ਮਾਤਾ ਜੀ ਦਾ ਆਸਣ ਇਸ ਥਾਵੇਂ ਲੁਵਾਇਆ।

ਇਥੇ ਹੀ ਸੰਗਤਾਂ ਦਾ ਲੰਗਰ ਸਵੇਰੇ-ਸ਼ਾਮ ਪਕਾਇਆ ਤੇ ਛਕਾਇਆ ਜਾਂਦਾ ਸੀ, ਦੀਵਾਨ ਹੀਰਾ ਘਾਟ ਲਗਦਾ, ਦੁਪਹਿਰ ਦਾ ਲੰਗਰ ਛਕਣ ਉਪਰੰਤ ਸਤਿਗੁਰੂ ਜੀ ਇਥੇ ਹੀ ਦੁਪਹਿਰਾ ਕਟਦੇ

* (ਜਿਥੇ ਹੁਣ ਟੀਨਾਂ ਵਾਲਾ ਅਸਥਾਨ ਬਣਿਆ ਹੋਇਆ ਹੈ।)

---

* ਟੀਨਾਂ ਦਾ ਛੱਪਰ– ਦੁਪਹਿਰ ਬਾਹਦ ਇਥੇ ਹੀ ਕਥਾ–ਵਾਰਤਾ ਹੁੰਦੀ, ਸ਼ਾਮ ਦਾ ਦੀਵਾਨ ਹੀਰਾ ਘਾਟ ਹੀ ਲਗਦਾ, ਅਤੇ ਰਾਤ ਬਿਸਰਾਮ ਸਤਿਗੁਰੂ ਹੀਰਾ ਘਾਟ ਸਿੰਘਾਂ ਸਮੇਤ ਬਿਸਰਾਮ ਕਰਦੇ, ਇਸੇ ਤਰ੍ਹਾਂ ਸਵੇਰੇ-ਸ਼ਾਮ ਦਾ ਦੀਵਾਨ ਹੀਰਾ ਘਾਟ ਹੀ ਲਗਦਾ।
(ਟੀਨਾਂ ਦੇ ਛੱਪਰ ਬਾਰੇ ਪਿਛੇ ਆ ਚੁਕਾ ਹੈ–ਹੋਰ ਵਿਸਥਾਰ ਅਗੇ ਭੀ ਪੜ੍ਹਨਾ।)

ਮਾਤਾ ਜੀ ਦਾ ਤੰਬੂ–ਮੰਜੂਦਾ ਨਵੀਂ ਇਮਾਰਤ ਵਾਲੀ ਥਾਵੇਂ ਲੱਗਾ ਹੁੰਦਾ, ਤੇ ਸਤਿਗੁਰਾਂ ਦਾ ਤੰਬੂ–ਟੀਨਾਂ ਵਾਲੇ ਛੱਪਰ ਵਾਲੀ ਥਾਵੇਂ ਹੁੰਦਾ (ਇਸ ਅਸਥਾਨ ਦੀ ਨਵ ਉਸਾਰੀ ਕਰਾਉਣ ਯੋਗ ਹੈ, ਸਮਾਂ ਆਵਣ ਤੇ ਬਣ ਹੀ ਜਾਏਗਾ)।

ਮਾਤਾ ਜੀ ਦੀ ਭਾਵਨਾ ਹਮੇਸ਼ਾਂ–ਸਤਿਗੁਰਾਂ ਜੀ ਦੀ ਸੇਵਾ, ਤੇ ਨਿਤਾ ਪ੍ਰਤ ਦਰਸ਼ਨਾਂ ਦੀ ਸੀ, ਪੂਰੂ ਕਈ ਕਾਰਨਾਂ ਕਰਕੇ, ਸਤਿਗੁਰਾਂ ਇਸੇ ਅਸਥਾਨ ਤੋਂ ਗੁਪਤ ਖਜ਼ਾਨਿਆਂ ਦੀ ਵਰਤੋਂ ਕਰੇਗਾ।

ਮਾਤਾ ਸਾਹਿਬ ਕੌਰ ਜੀ ਨੂੰ ਇਥੋਂ ਹੀ ਪੰਜਾਬ ਭੇਜਣ ਦੇ ਕਾਰਨ

ਆਪੋ-ਆਪਣੀ ਬੁੱਧ ਅਨੁਸਾਰ ਅਸੀਂ ਕੁਝ ਭੀ ਅਨਵਾਣ ਜਾਂ ਕਾਰਨ ਚਿਤਵ ਸਕਦੇ ਹਾਂ, ਪਰ ਅਸਲ ਕੁਝ ਕਾਰਨ ਸਨ, ਜਿਨਾਂ ਨੂੰ ਮੁਖ ਰੱਖਦਿਆਂ, ਮਾਤਾ ਜੀ ਨੂੰ ਜਲਦੀ ਪੰਜਾਬ ਭੇਜਣਾ ਬਹੁਤ ਜ਼ਰੂਰੀ ਸੀ।

੧. ਬਹਾਦਰ ਸ਼ਾਹ ਨੂੰ ਬਾਦਸ਼ਾਹੀ ਲਈ ਮਦਦ ਕਰਨ ਦੀ ਸ਼ਰਤ, ਕਿ ਜ਼ਾਲਮ ਨਵਾਬਾਂ ਤੇ ਜਲਾਦਾਂ ਨੂੰ ਹਵਾਲੇ ਨਾ ਕਰਨ ਦੇ ਬਚਨ ਤੋਂ ਮੁਨਕਰ ਹੋਣਾ, ਅਤੇ ਉਸ ਦੇ ਭਾਵ ਕਿ ਚੰਗੀ ਤਰਾਂ 'ਤਸੱਲਤ' ਜਮ ਜਾਣ ਤੇ ਵੇਖੀ ਜਾਊ ਦੇ ਮਨਸੂਬੇ ਨੂੰ ਅੰਤਰਯਾਮੀ ਸਤਿਗੁਰਾਂ ਦਾ ਜਾਨਣਾ।

੨. ਇਹਨਾਂ ਜ਼ਾਲਮਾਂ ਦੀ ਸੁਧਾਈ ਕਰਨੀ ਬਹੁਤ ਜ਼ਰੂਰੀ ਅਤੇ ਸ਼ੀਘਰ ਸੀ, ਕਿਉਂਕਿ ਰੂਪ [ਔਰੰਗਜ਼ੇਬ] ਵਾਂਗ ਬਹਾਦਰ ਸ਼ਾਹ ਭੀ ਕੂਟਲ-ਨੀਤੀ (ਰਾਜ-ਨੀਤੀ) ਵਰਤਨਾ ਚਾਹੁੰਦਾ ਸੀ।

੩. ਸਤਿਗੁਰੂ ਜੀ, ਭਾਵੇਂ ਆਪ ਭੀ ਸੁਧਾਈ ਕਰ ਸਕਦੇ ਸਨ, ਪਰ ਇਸ ਵਿਚ ਕਈ ਕਰੜੇ ਉਠ ਸਕਦੇ ਸਨ, ਜਿਸ ਕਰਕੇ ਜਿਵੇਂ ਅਕਾਲ ਪੁਰਖ–

'ਕਾਲ ਆਪਣਾ ਨਾਮ ਛਪਾਈ ॥ ਅਉਰਨ ਕੇ ਸਿਰ ਦਈ ਬੁਰਾਈ ॥' [ਦਸਮ ਗ੍ਰੰਥ–ਪਾ: ੧੦

ਹਰ ਪ੍ਰਾਣੀ ਦੇ ਮਰਨ ਤੇ ਆਪਣਾ ਨਾਮ ਛੁਪਾ ਲੈਂਦਾ ਹੈ ਤੇ ਹੋਰਾਂ ਸਿਰ ਬੁਰਾਈ ਆ ਪੈਂਦੀ ਹੈ [ਇਹ ਬੀਮਾਰੀ ਨਾਲ, ਇਹ ਐਕਸੀਡੈਂਟ, ਇਹ ਗੋਲੀ ਨਾਲ ਮਰਿਆ-ਮਾਰਿਆ ਗਿਆ ਹੈ] ਤਿਵੇਂ ਸਤਿਗੁਰੂ ਇਹ ਖੇਡ ਕਿਸੇ ਦੂਸਰੇ [ਬੰਦਾ ਬਹਾਦਰ] ਪਾਸੋਂ ਸ਼ੀਘਰ ਕਰਵਾਉਣਾ ਚਾਹੁੰਦੇ ਸਨ।

੪. ਇਧਰ ਆਪਣਾ ਅੰਤਮ ਸਮਾਂ ਭੀ ਨੇੜੇ ਆ ਜਾਣ, ਅਤੇ ਜਿਸ ਥਾਵੇਂ [ਅਬਿਚਲ ਨਗਰ] ਤੋਂ ਭਗਤੀ-ਸ਼ਕਤੀ ਦੀ ਪ੍ਰਾਪਤੀ ਦੀ ਸ਼ੁਰੂਵਾਤ ਕੀਤੀ ਸੀ, ਉਸੇ ਥਾਵੇਂ ਇਸ ਭਗਤੀ ਤੋਂ ਸਾਕਾਰ ਰੂਪ 'ਗੁਰੂ ਪਦਵੀ' ਤੇ ਖਾਲਸਾ ਪ੍ਰਗਟ ਕਰ–'ਗੁਰੂ ਸ਼ਬਦ' ਲੜ ਲਾਉਣ ਲਈ ਇਥੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਬਖਸ਼ਸ਼ ਕਰਕੇ, ਖਾਲਸਾ ਜੀ ਨੂੰ 'ਪੰਚ ਪ੍ਰਵਾਨ' ਦੀ ਰੀਤ ਬਖਸ਼ਸ਼ ਕਰਨੀ ਸੀ।

੫. ਵਿਸ਼ੇਸ਼ ਕਾਰਨ, ਜੋ ਜ਼ਾਲਮ [ਨਵਾਬਾਂ ਆਦਿ] ਦੀ ਸੁਧਾਈ ਲਈ ਬੰਦੇ ਬਹਾਦਰ ਨਾਲ ਫੌਜੀ ਤੌਰ ਤੇ ਪੰਥ ਖਾਲਸਾ ਜੀ ਦੀਆਂ ਸਮੂੰਹ ਜਥੇਬੰਦੀਆਂ ਨੂੰ ਇਕ ਨਿਸ਼ਾਨ-ਥੱਲੇ ਹੇਠ ਇਹ ਕਾਰਜ ਕਰਨ ਲਈ 'ਖਾਲਸਾ ਜੀ ਦੀ ਮਾਤਾ' ਹੋਣ ਦੇ ਨਾਤੇ–ਹੁਕਮਨਾਮੇ ਭੇਜਣੇ ਦਾ ਸਭ ਤੋਂ ਵੱਡਾ ਕਾਰਨ ਸੀ–ਵੈਸੇ ਬੰਦੇ ਨਾਲ ਸ਼ਾਇਦ ਹੀ ਖਾਲਸਾ ਫੌਜਾਂ ਇਕੱਤ੍ਰ ਹੁੰਦੀਆਂ ਜੇ ਮਾਤਾ ਜੀ ਦੇ

ਹੁਕਮ ਨਾ ਪੁਜੇ ਹੁੰਦੇ। ਖਾਲਸਾ ਜੀ ਨੇ ਜਾਂ ਪਿਤਾ ਕਲਗੀਧਰ ਜੀ ਦੇ ਜਾਂ ਮਾਤਾ ਜੀ ਦੇ ਹੁਕਮ-ਨਾਮਿਆਂ ਦੀ ਪਾਲਨਾ ਕਰਨੀ ਸੀ।

ਇਹ ਵੱਡਾ ਕਾਰਨ ਸੀ ਜਿਸ ਕਰਕੇ ਜਗਤ ਮਾਤਾ–ਮਾਤਾ ਸਾਹਿਬ ਕੌਰ ਜੀ ਨੂੰ ਇਹ ਮਹਾਨ ਕਾਰਜ ਕਰਨ ਲਈ ਅਤੇ ਜ਼ਾਲਮ ਨਵਾਬਾਂ ਦਾ ਲੇਖਾ-ਜੋਖਾ ਇਸੇ ਜਨਮ ਮੁਕਾ ਦੇਣ ਲਈ ਦਿੱਲੀ ਮਾਤਾ ਸੁੰਦਰ ਕੌਰ ਜੀ ਪਾਸ ਭੇਜ ਦਿਤਾ ਸੀ।

ਦਿੱਲੀ ਮਾਤਾ ਜੀ ਦਾ ਨਿਵਾਸ ਅਸਥਾਨ

ਜਿਸ ਹਵੇਲੀ ਵਿਚ ਰਹਿੰਦੇ ਸੀ ਉਸ ਦਾ ਨਾਮ–[ਮਾਤਾ ਸੁੰਦਰੀ ਜੀ ਦੀ ਹਵੇਲੀ] ਹੈ, ਜੋ ਤੁਰਕਮਾਨ ਦਰਵਾਜ਼ੇ ਤੋਂ ਬਾਹਰ, ਚਾਂਦਨੀ ਚੌਂਕ ਤੋਂ ਡੇਢ ਮੀਲ [ਦੋ ਕਿਲੋ ਮੀਟਰ] ਹੈ, ਮਾਤਾ ਸੁੰਦਰ ਕੌਰ ਜੀ ਤੇ ਮਾਤਾ ਸਾਹਿਬ ਕੌਰ ਜੀ ਇਥੇ ਨਿਵਾਸ ਕਰਦੇ ਸਨ।

ਦਿੱਲੀ ਨਿਵਾਸ ਕਰਦਿਆਂ ਮਾਤਾ ਸਾਹਿਬ ਕੌਰਾਂ ਜੀ–ਮਾਤਾ ਸੁੰਦਰ ਕੌਰ ਸਹਿਤ–ਖਾਲਸਾ ਜਥੇਬੰਦੀਆਂ ਨੂੰ ਬੰਦੇ ਬਹਾਦਰ ਨਾਲ ਮਿਲ ਕੇ ਜ਼ਾਲਮਾਂ ਤੋਂ ਕੀਤੇ ਜ਼ੁਲਮਾਂ ਦਾ ਬਦਲਾ ਲੈਣ ਲਈ ਚਿੱਠੀਆਂ 'ਹੁਕਮ-ਨਾਮੇ' ਭੇਜਦੇ ਸਨ। ਦਿੱਲੀ ਹੀ ਮਾਤਾ ਸੁੰਦਰ ਕੌਰ ਤੋਂ ਪਹਿਲਾਂ [ਭਾਵ ਸੰਮਤ ੧੮੦੪ ਬਿ:] ਤੋਂ ਪਹਿਲਾਂ ਗੁਰਪੁਰੀ ਪਧਾਰੇ। ਪੰਜ ਸ਼ਸ਼ਤ੍ਰ ਜੋ ਸਤਿਗੁਰਾਂ ਦੇ ਕੇ ਭੇਜਿਆ ਸੀ।

੧. ਤਲਵਾਰ। ੨. ਖੰਡਾ। ੩. ਖੰਜਰ। ੪. ਦੋ ਕਟਾਰ, ਅਤੇ ਮੋਹਰ ਮਾਤਾ ਸੁੰਦਰ ਕੌਰ ਜੀ ਪਾਸ ਰਹੇ।

ਮਾਤਾ ਜੀ ਦਾ ਗੁਰਪੁਰੀ ਅੰਤਮ ਅਸਥਾਨ

ਮਾਤਾ ਸਾਹਿਬ ਕੌਰਾਂ ਜੀ ਅਤੇ ਮਾਤਾ ਸੁੰਦਰ ਕੌਰ ਜੀ ਦਾ ਅੰਤਮ ਸਰੀਰ ਸੰਸਕਾਰ, ਗੁ: ਬਾਲਾ ਸਾਹਿਬ–ਜਿਥੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਪਾ: ੮ ਵੀਂ, ਜੀ ਦੇ ਸਰੀਰ ਦਾ ਸਸਕਾਰ ਕੀਤਾ ਸੀ।

ਇਹ ਅਸਥਾਨ ਦਿੱਲੀ ਦਰਵਾਜ਼ੇ ਬਾਹਰ, ਬਾਰਾ ਪੁਲਾ ਲੰਘ ਕੇ, ਨਾਲੇ ਤੋਂ ਪਾਰ ਹੈ, ਅਤੇ ਚਾਂਦਨੀ ਚੌਂਕ ਤੋਂ ਚਾਰ ਮੀਲ [ਛੇ ਕਿਲੋ ਮੀਟਰ] ਹੈ। [ਮਹਾਨ ਕੋਸ਼–ਅੱਖਰ ਦਿੱਲੀ]

ਮਾਤਾ ਸਾਹਿਬ ਕੌਰ ਜੀ ਦਾ ਪੁਰਾਤਨ ਤੱਪ ਅਸਥਾਨ

ਜੇ ਅਸੀਂ ਸੁਹਿਰਦ ਹਿਰਦੇ, ਅਤੇ ਗੰਭੀਰਤਾ ਨਾਲ ਅਤੇ ਅੰਤਸ਼ਹ ਕਰਣ ਦੀ ਅਨਭਵਤਾ ਨਾਲ ਵੀਚਾਰੀਏ, ਤਾਂ ਸਹਿਜੇ ਇਸ ਦੀ ਖੋਜ ਕਰਨੀ ਅਵਸ਼ਕ ਹੋ ਜਾਏਗੀ–ਕਿ ਕੀ ਕਾਰਣ ਸਨ ਕਿ ਸਤਿਗੁਰੂ ਕਲਗੀਧਰ ਜੀ, ਮਾਤਾ ਸੁੰਦਰ ਕੌਰ ਜੀ ਨੂੰ ਦਿੱਲੀ ਛੱਡ ਗਏ ਸਨ, ਇਹਨਾਂ ਨੂੰ ਅਬਿ-ਦਲ ਨਗਰ ਕਿਉਂ ਨਾ ਨਾਲ ਲੈ ਕੇ ਗਏ ? ਅਤੇ ਮਾਤਾ ਸਾਹਿਬ ਕੌਰਾਂ ਜੀ ਨੂੰ ਨਾਦੇੜ ਕਿਉਂ ਲੈ ਗਏ ? ਉਹ ਭੀ ਹੀਰਾ ਘਾਟ ਪਾਸੋਂ ਹੀ ਵਾਪਸ ਪੰਜਾਬ ਭੇਜ ਦੇਣਾ।

ਜੇ ਕਹੀਏ ! ਮਾਤਾ ਜੀ ਦਾ ਪ੍ਰਣ ਸੀ–ਰੋਜ਼ਾਨਾ ਸਤਿਗੁਰਾਂ ਦੇ ਦਰਸ਼ਨਾਂ ਤੋਂ ਬਿਨਾ ਅੰਨ-ਜਲ ਨਾ ਛਕਣਾ, ਤਾਂ ਅੰਤਮ ਸਮੇਂ ਤੱਕ ਨਾਲ ਕਿਉਂ ਨਾ ਰਹੇ ? ਜਾਂ ਫਿਰ ਬਾਅਦ ਸਤਿਗੁਰਾਂ ਦੇ ਜੋਤੀ-ਜੋਤ ਸਮਾਨ ਤੋਂ ਇਹ ਪ੍ਰਣ ਕਿਵੇਂ ਨਿਭਿਆ । ਭਾਂਵੇ ਸਤਿਗੁਰਾਂ ਇਸ ਪ੍ਰਣ ਦੀ ਪੂਰਤੀ 'ਦੇਹ ਦਾ ਮੋਹ ਤਿਆਗ' ਪੰਜ ਸ਼ਸ਼ਤ੍ਰ ਦੇ ਕੇ ਦਰਸ਼ਣਾਂ ਦਾ ਪ੍ਰਣ ਨਿਭਾਉਣ ਲਈ ਫੁਰਮਾ ਦਿਤਾ। ਪ੍ਰੰਤੂ ਮਾਤਾ ਜੀ

ਦਾ ਰਸਤੇ ਵਿਚ ਕਿਧਰੇ ਕੋਈ ਅਜਿਹਾ ਯਾਦਗਾਰੀ ਅਸਥਾਨ ਨਹੀਂ। ਕੇਵਲ ਹੀਰਾ ਘਾਟ ਪਾਸ ਇਕ ਅਸਥਾਨ ਦਾ ਪ੍ਰਗਟਣਾ ਤੇ ਅੱਜ ਸਰੇਸ਼ਟ ਪੂਜਯ ਅਸਥਾਨ ਬਣਨਾ। ਇਸ ਅਸਥਾਨ ਨਾਲ ਮਾਤਾ ਜੀ ਦਾ ਮਹੱਤਵ ਪੂਰਨ ਸਬੰਧ ਸਤਿਜੁਗ ਤੋਂ ਜੁੜਿਆ ਹੋਇਆ ਹੈ। ਜਿਵੇਂ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਦਾ ਪਵਿਤਰ ਅਸਥਾਨ, ਕਲਗੀਧਰ ਜੀ ਦਾ ਸਤਿਜੁਗ ਦਾ ਤਪ ਅਸਥਾਨ ਹੈ।

ਖਾਲਸਾ ਜੀ ਨੂੰ ਆਪਣੇ ਮਾਤਾ ਪਿਤਾ ਦੇ ਪੁਰਾਤਨ ਤੱਪ ਅਸਥਾਨਾਂ ਦੀ ਸੂਝ ਦਰਸਾਣ ਲਈ ਹੀ ਸਤਿਗੁਰੂ ਜੀ ਤੇ ਜਗਤ ਮਾਤਾ ਸਾਹਿਬ ਕੌਰਾਂ ਇਥੇ ਪੁਜੇ ਸਨ।

ਸੋ ਇਹ ਇਕ ਮਹੱਤਵ ਪੂਰਨ ਪ੍ਰਯੋਜਨ੦ ਹੈ। ਜਿਸ ਦਾ ਅਧਿਐਨ ਕਰਨਾ ਅਤੀ ਜ਼ਰੂਰੀ ਵਾਰਤਾ ਸ਼ਲਾਘ ਕੇ 'ਬਖਸ਼ਸ਼ ਹਜ਼ੂਰ' ਨਾਲ ਲਿਖੀ ਹੈ।

ਜਦ ਸਤਿਗੁਰਾਂ ਨੇ ਖਾਲਸਾ ਪੰਥ ਸਾਜਨ ਕੀਤਾ ਸੀ, ਜੋ ਅਕਾਲ ਪੁਰਖ ਦਾ ਹੁਕਮ ਸੀ–

ਅਕਾਲ ਪੁਰਖ ਬਾਚ ॥ ਚੌਪਈ ॥

ਮੈਂ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਹਾ ਤਹਾ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥
ਕਬਿ ਬਾਚ ॥ ਦੋਹਰਾ ॥ ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥੩੦॥
ਚੌਪਈ ॥ ਇਹ ਕਾਰਨਿ ਪ੍ਰਭ ਮੋਹਿ ਪਠਾਯੋ ॥ ਤਬ ਮੈ ਜਗਤ ਜਨਮ ਧਰਿ ਆਯੋ ॥
ਜਿਮ ਤਿਨ ਕਹੀ ਤਿਨੈ ਤਿਮ ਕਹਿ ਹੌਂ ॥ ਅਉਰ ਕਿਸੂ ਤੇ ਬੈਰ ਨ ਜਹਿ ਹੌਂ ॥੩੧॥
ਜੋ ਹਮ ਕੋ ਪਰਮੇਸਰ ਉਚਰਿ ਹੈਂ ॥ ਤੇ ਸਭ ਨਰਕ ਕੁੰਡ ਮਹਿ ਪਰਿ ਹੈਂ ॥
ਮੋ ਕੋ ਦਾਸ ਭਵਨ ਕਾ ਜਾਨੋ ॥ ਯਾਮੈ ਭੇਦ ਨ ਰੰਚ ਪਛਾਨੋ ॥ ੩੨ ॥
[ਦਸਮ ਗ੍ਰੰਥ ਪਾ: ੧੦, ਬਚਿਤ੍ ਨਾਟਕ

ਜਿਥੇ ਖਾਲਸਾ ਜੀ ਦੀ ਸਾਜਣਾ, ਅਕਾਲ ਪੁਰਖ ਦੀ ਬਾਣੀ, 'ਧੁਰ ਕੀ ਬਾਣੀ' ਦੀ [ਸ਼ਬਦ ਸ਼ਕਤਿ] ਰਾਹੀਂ ਪੰਜ ਬਾਣੀ ਦਾ ਜਾਪ,ਖੰਡੇ ਬਾਟੇ ਵਿਚ ਅੰਮ੍ਰਿਤ ਦੀ ਦਾਤ,ਸਭ ਜੀਵਾਂ ਨੂੰ ਸਾਂਝੀਵਾਲਤਾ,ਜ਼ਾਤ ਪਾਤ ਦੀ ਭਿੰਨਤਾ ਬਿਨਾਂ ਪ੍ਰਦਾਨ ਕੀਤੀ, ਉਥੇ ਮਹਾਂ ਕਾਲ ਦੀ ਸ਼ਕਤੀ ਸ੍ਵਰੂਪ ਸਗਤ ਮਾਤਾ–ਸਾਹਿਬ ਕੌਰਾਂ ਆਪਣਾ ਮਾਤਾ ਦਾ ਧਰਮ–ਪਿਆਰ, ਲਾਡ, ਪ੍ਰੇਮ, 'ਨਾਦੀ' ਸਪੂਤਾਂ ਨੂੰ ਪਤਾਸੇ ਪਾ ਕੇ ਮਿਠਾਸ ਜੋ 'ਮਿਠਤ ਨੀਵੀ ਨਾਨਕਾ ਗੁਣ ਚੰਗੀਆਈਆ ਤਤ ॥ ਸਾਰ ਤੱਤ 'ਮਿਠਾਸ' ਦੀ ਸ਼ਕਤਿ ਪ੍ਰਦਾਨ ਕੀਤੀ।

---

੦ ਪ੍ਰਯੋਜਨ–ਇਸ ਬਾਰੇ ਜੋ ਮਹਾਂਪੁਰਸ਼ ਬਾਬਾ ਮਿੱਤ ਸਿੰਘ ਜੀ ਨਿਹੰਗ ਸਿੰਘ ਜੀ ਅਤੇ ਮਹਾਂਪੁਰਸ਼ ਸੰਤ ਬਾਬਾ ਹੀਰਾ ਸਿੰਘ ਜੀ [ਹੈਡ ਪੁਜਾਰੀ ਤਖਤ ਸੱਚਖੰਡ ਦੇ ਅੰਦਰਲੇ ਸੇਵਾਦਾਰ] ਜੀ ਪਾਸੋਂ ਸਰਵਣ ਕੀਤੀ ਸੀ, ਉਹ ਅੰਕਿਤ ਕੀਤੀ ਹੈ। ਭਾਵੇਂ ਪੁਸਤਕ ਦਾ ਅਕਾਰ ਤਾਂ ਵਧੇਗਾ ਪਰ ਬਾਬਾ ਮਿੱਤ ਸਿੰਘ ਜੀ ਦਾ ਇਸ ਮਾਤਾ ਜੀ ਦੇ ਤਪ ਅਸਥਾਨ ਨਾਲ ਗੂਹੜਾ ਸਬੰਧ ਹੋਣ ਕਰ ਕੇ ਪਿਛੋਕੜ ਤੱਪ ਅਸਥਾਨ ਦੀ ਜਾਣਕਾਰੀ ਜ਼ਰੂਰੀ ਹੈ।

ਖਾਲਸਾ ਜੀ, ਜੋ ਕਲਗੀਧਰ ਜੀ ਜੋ ਚਾਰ ਜੁਗਾਂ ਦੇ ਮਹਾਨ ਤਪੱਸਵੀ 'ਦੂੰ ਤੇ ਏਕ ਰੂਪ ਹੋਇ ਗਯੋਂ ॥ ਪ੍ਰਮੇਸ਼ੂਰ ਜੋਤ ਵਿਚ ਅਭਿੰਨ ਹੋਏ ਅਤੇ ਅਕਾਲ ਪੁਰਖ ਜੀ ਨੇ 'ਪੰਥ ਪ੍ਰਚੁਰ' ਕਰਨ ਲਈ 'ਮੈ ਆਪਣਾ ਸੁਤ ਤੋਹਿ ਨਿਵਾਜਾ' ਕਹਿ ਸ੍ਰੀ ਗੁਰੂ ਗੋਬਿੰਦ ਸਿੰਘ ਸਰੂਪ ਧਾਰ ਆਏ ਸਨ, ਉਸ ਹੁਕਮ ਦੀ ਪਾਲਣਾ ਕਰਨ ਲਈ—

'ਖਾਲਸਾ ਕਾਲ ਪੁਰਖੁ ਕੀ ਫੌਜ ॥
ਪ੍ਰਗਟਯੋ ਪਰਮਾਤਮ ਕੋ ਮੌਜ ॥ ੧੦ ॥' [ਸ੍ਰੀ ਸਰਬ ਲੋਹ, ਪਾ: ੧੦

ਪ੍ਰੰਤੂ ਸ੍ਰਿਸਟ ਰਚਨਾ ਦਾ ਮੂਲ 'ਏਕਾ ਮਾਈ ਜੁਗਤਿ ਵਿਆਹੀ' ਤੋਂ ਹੋਵੇ, ਤਾਂ ਤੇ ਪ੍ਰਮੇਸ਼ਰ ਦੀ ਮੌਜ ਨਾਲ ਰਚਨ ਕੀਤਾ 'ਨਾਦੀ ਸਪੂਤ' ਖਾਲਸਾ—ਜਿਸ ਦੇ ਪਿਤਾ ਮਹਾਨ ਤਪੱਸਵੀ ਸਤਿਗੁਰੂ ਕਲਗੀਧਰ ਜੀ ਅਖਵਾਏ, ਤਾਂ ਉਸ ਖਾਲਸਾ ਜੀ ਦੀ ਮਾਤਾ, ਭੀ ਤਾਂ ਮਹਾਨ ਸ਼ਕਤ ਹੀ ਹੋ ਸਕਦੀ ਹੈ, ਤਾਂ ਤੇ 'ਏਕਾ ਮਾਈ' ਵਾਹਿਗੁਰੂ ਜੀ ਦੀ ਉਹ ਸ਼ਕਤੀ ਹੀ ਖਾਲਸਾ ਜੀ ਦੀ ਮਾਤਾ ਹੋ ਸਕਦੀ ਹੈ।

ਬਾਣੀ ਦਾ ਫੁਰਮਾਨ ਹੈ— 'ਦੋਇ ਮਿਲ ਕਾਰਜ ਉਪਜੈ ਰਾਮ ਨਾਮੁ ਸੰਜੋਗ ॥'

ਅਤੇ ਸੰਸਾਰ ਰਚਨਾ— 'ਜੈਸੇ ਮਾਤ ਪਿਤਾ ਬਿਨੁ, ਬਾਲੁ ਨ ਹੋਈ ॥' [ਗੌਂਡ ਕਬੀਰ ੮੭੨

ਪ੍ਰਸ਼ਨ ਉਠਦਾ ਹੈ ? ਕਿ ਇਹ ਤਾਂ ਬਿੰਦੀ ਪੁਤਰ ਲਈ ਤਾਂ ਹੋ ਸਕਦਾ ਹੈ। ਪਰ 'ਨਾਦੀ' ਸਪੂਤ ਖਾਲਸਾ ਜੋ ਸ਼ਬਦ ਨਾਲ ਸਾਜਣ ਕੀਤਾ ਹੈ—ਕੋਈ ਜ਼ਰੂਰੀ ਹੈ? ਹਾਂ 'ਸ਼ਬਦ' ਦੀ 'ਸ਼ਕਤ' ਦੋਇ ਮਿਲਣਗੇ ਤਾਂ ਹੀ ਸਾਜਨਾ ਹੋਵੇਗੀ 'ਸ਼ਬਦ' ਅਕਾਲ ਪੁਰਖ ਰਚਨਾ, ਜੋ ਕਲਗੀਧਰ ਜੀ ਦੇ ਸਰੂਪ ਹਾਂ (ਦਸੋ ਜਾਮਿਆਂ) ਵਿਚ ਥੀਂ ਹੋ ਪ੍ਰਗਟਿਆ ਅਤੇ ਅਕਾਲ ਸ਼ਕਤ ਦ੍ਰਿਸ਼ਟਮਾਨ 'ਮਾਤਾ ਸਾਹਿਬ ਕੌਰ' ਜੀ ਰਾਹੀਂ, ਖਾਲਸੇ ਦੇ ਮਾਤ-ਪਿਤਾ ਬਣੇ, ਕਿਉਂਕਿ ਕੁਦਰਤੇ-ਕਾਨੂੰਨ ਰਾਹੀਂ ਖਾਲਸਾ ਜੀ ਦੀ ਨਵ ਸਾਜਨਾ, ਅਸਚਰਜ ਢੰਗ—ਤਰੀਕੇ ਨਾਲ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਇਸ ਦੀ ਨੀਂਹ ਜਪੁਜੀ ਸਾਹਿਬ ਵਿਚ ਦਰਗਾਹੀ ਫੁਰਮਾਨ ਰਾਹੀਂ ਰੱਖ ਦਿਤੀ ਸੀ—

ਪੰਚ ਪਰਵਾਣ ਪੰਚ ਪਰਧਾਨੁ, ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥. . . .੧੬॥ [ਜਪੁਜੀ ਸਾ:

ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜੋ ਦੇਹ ਧਾਰੀ ਗੁਰੂ ਦੀ ਪ੍ਰੰਪਰਾ ਚਲੀ ਆ ਰਹੀ ਸੀ, ਤਿਸ ਨੂੰ ਵਡੇ ਬਾਬੇ (ਸ੍ਰੀ ਗੁਰੂ ਨਾਨਕ ਦੇਵ ਜੀ) ਨੇ ਹੀ—ਗੁਰ ਚੇਲੇ ਦੀ ਰੀਤ ਬਦਲ ਕੇ ਜੋ—

'ਗੁਰ ਨਾਨਕ ਗੋਬਿੰਦ ਰੂਪ' . . . . ॥ ੮ ॥ ੧ ॥ [ਬਸੰਤ ਮ: ੧—੧੧੯੨] ਸਨ, 'ਆਪੇ ਗੁਰ ਚੇਲਾ' ਵਿਚ ਭਾਈ ਲਹਿਣਾ ਜੀ ਚੇਲੇ ਨੂੰ ਗੁਰੂ ਸਰੂਪ ਵਿਚ ਬਦਲ ਦਿਤਾ ਤੇ ਨਾਮ 'ਅੰਗਦ' ਰੱਖ ਦਿਤਾ। ਇਸੇ ਦਾ ਸਾਕਾਰ ਰੂਪ ਕਲਗੀਧਰ ਜੀ ਨੇ ਆਪਣਾ ਸਰੂਪ ਖਾਲਸਾ ਜੀ ਨੂੰ ਸੌਂਪ, ਗੁਰ-ਚੇਲਾ— 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।' ਵਿਚ ਪ੍ਰਵੇਸ਼ ਕਰ ਫੁਰਮਾਇਆ—

ਬਿਸਨ ਪਦ ਪੁਨਯਾਕੀ ਦੇਵ ਪਲਾਸੀ ਚਰਪਦ, ਬਖਸ਼ਸ਼ ਹਜ਼ੂਰ ॥
*ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸਹਿ ਮਹਿ ਹਉ ਕਰਹੁ ਨਿਵਾਸ ॥

*ਖਾਲਸਾ—ਸਰੂਪ ਦੇ ਗੁਣ, ਸ੍ਰੀ ਸਰਬ ਲੋਹ ਗ੍ਰੰਥ ਪਾ: ੧੦, ਉਚਾਰੇ, ਪਿਛੇ ਲਿਖੇ ਜਾ ਚੁਕੇ ਹਨ। ☛

ਖਾਲਸਾ ਮੋਰੋ ਮੁਖ ਹੈ ਅੰਗਿ ॥ ਖਾਲਸੇ ਕੇ ਹਉਂ ਬਸਤਿ ਸਦਸੰਗਿ ॥੧॥
. . . . . ਉਪਮਾ ਖਾਲਸਾ ਜਾਤਿ ਨ ਕਹੀ ॥
ਜਿਹਵਾ ਏਕ ਪਾਰ ਨਹਿ ਲਹੀ ॥੮॥
ਸੇਸ ਰਸਨ, ਸਾਰਦ ਸੀ ਬੁਧਿ ॥ ਤਦਯਪਿ ਨ ਉਪਮਾ ਬਰਨਤਿ ਸੁਧਿ॥
ਯਾ ਮਹਿ ਰੰਚਿ ਨ ਮਿਥਯਾ ਭਾਖੀ ॥ ਪਾਰਬ੍ਰਹਮ ਗੁਰੁ ਨਾਨਕ ਸਾਖੀ ॥੯॥
ਰੋਮ-ਰੋਮ ਰਸਨਾ ਜੋ ਪਾਵਹੁ ॥ ਤਦਯਪਿ ਨ ਖਾਲਸਾ ਜਸਹਿ ਤਰਵਾਹੁ ॥
ਹੌਂ ਖਾਲਸੇ ਕਹੁ ਖਾਲਸਾ ਮੇਰੋ ॥ ਓਤਪੋਤ ਸਾਗਰ ਬੂੰਦੇਰੋ ॥ ੧੦ ॥
ਖਾਲਸਾ ਕਾਲ ਪੁਰਖ ਕੀ ਫੌਜ ॥ ਪ੍ਰਗਟਯੋ ਪਰਮਾਤਮ ਕੋ ਮੌਜ ॥ ੧੧ ॥
ਰਹਾਉ ॥ . . . . ਕਸਕ ॥ ੧ ॥ [ਸ੍ਰੀ ਸਰਬ ਲੋਹ ਗ੍ਰੰਥ—ਪਾ: ੧੦

ਅਕਾਲ ਪੁਰਖ ਦੀ 'ਜੋਤਿ ਸਰੂਪ ਹਰਿ ਆਪਿ' ਗੋਬਿੰਦ ਰੂਪ ਵਿਚ ਪ੍ਰਗਟੇ, ਤਾਂ ਅਕਾਲ ਸ੍ਰੂਪ ਦੀ ਸ਼ਕਤ 'ਮਾਤਾ ਸਾਹਿਬ ਕੌਰ' ਦੇ ਰੂਪ ਵਿਚ ਸੰਜੁਗਤ ਹੋ ਤਾਂ ਹੀ ਤੇ—

ਸਾਧੁ ਮਿਲੈ, ਸਿਧਿ ਪਾਈਐ, ਕਿ ਏਹੁ ਜੋਗ ਕਿ ਭੋਗੁ ॥
ਦੂਹੂ ਮਿਲਿ ਕਾਰਜ ਉਪਜੈ, ਰਾਮ ਨਾਮ ਸੰਜੋਗੁ ॥ ੨ ॥ [ਗਉੜੀ ਕਬੀਰ—੩੩੫

ਸੋ ਖਾਲਸਾ ਜੀ ਮਾਤਾ ਪਿਤਾ ਅਕਾਲ ਫੌਜ ਦੇ ਸਾਜਣ ਵਾਲੇ ਭੀ ਮਹਾਂ ਸ਼ਕਤੀਆਂ ਦੇ ਸਰੂਪ ਹੀ ਹੋ ਸਕਦੇ ਸਨ।

ਅਕਾਲ ਪੁਰਖ 'ਆਪਣੀ ਫੌਜ—ਖਾਲਸਾ' ਦੀ ਸਾਜਣਾ, ਆਪਣੀ ਨਿਜ਼ ਸ਼ਕਤ ਰਾਹੀਂ ਉਤਪੰਨ ਕਰਨਾ ਹੀ ਮੰਨਿਆ ਜਾਵੇਗਾ। ਤਾਂ ਤੇ ਮਾਤਾ ਸਾਹਿਬ ਕੌਰਾਂ ਦੇ ਅਵਤਾਰ ਤੇ ਪਿਛੋਕੜ ਬਾਰੇ ਸਮਝਣਾ ਬਿਬਾ ਗੁਣੀ ਜਨ ਸਮਝ ਗਏ ਹੋਵਣਗੇ।

ਜਗਤ ਮਾਤਾ—ਮਾਤਾ ਸਾਹਿਬ ਕੌਰ ਜੀ ਕੌਣ ਸਨ ?

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸਤਿਜੁਗ ਵਿਚ, ਇਸ ਗੋਦਾਵਰੀ ਦੇ ਕੰਢੇ—ਅਨੇਕਾਂ ਚੁੰਘੀਆਂ ਵਾਂਗ ਤੱਪ ਕਰਦੇ ਸਨ, ਤਾਂ ਉਸ ਸਮੇਂ ਕਹਿੰਦੇ ਹਨ ਇਹ ਨਦੀ (ਦੁੱਧ ਦੀ ਵਗਦੀ ਸੀ) ਇਹ ਹੁਣ ਮੁੱਖ—ਨਾਸਕ ਪਾਸੋਂ ਨਿਕਲਣ ਕਰਕੇ ਭੀ ਇਸ ਨੂੰ ()ਗੋਦਾਵਰੀ ਕਿਹਾ ਜਾਂਦਾ ਹੈ।

ਕੁਝ ਹੋਰ ਵਿਸਥਾਰ ਨਾਲ ਪੜ੍ਹੋ—ਸ੍ਰੀ ਸਰਬ ਲੋਹ ਗ੍ਰੰਥ ਪਾ: ੧੦, ਜੋ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 'ਚੋਂ ਮੁਫਤ ਰਹਿਤ ਮਿਲ ਸਕਦਾ ਹੈ।

੨. ਖਾਲਸੇ ਪ੍ਰਤੀ ਕਲਗੀਧਰ ਜੀ ਦੀਆਂ ਮਹਾਨ ਬਖਸ਼ਸ਼ਾਂ ਦਸਮ ਗ੍ਰੰਥ—ਪਾ: ੧੦, (ਪੰਡਤ ਕੌਸ਼ ਦਾਸ ਨੈਣਾ ਦੇਵੀ ਤੇ ਪੜ੍ਹੋ।

ਰੂਕ— 'ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀ ਮੋਸੋ ਗਰੀਬ ਕਰੋਰ ਪਰੈ ॥੨॥' [ਦ: ਗ੍ਰੰਥ ਪਾ: ੧੦

() ਗੋਦਾਵਰੀ— ਮਹਾਨ ਕੋਸ਼ 'ਚ ਇਉਂ ਲਿਖਿਆ ਹੈ— ਇਕ ਨਦੀ ਜੋ ਪੂਰਵੀ ਘਾਟਾਂ ਤੋਂ ਤ੍ਰਯੰਬਕ (ਤ੍ਰਯੰਬਕ) ਪਾਸੋਂ ਨਿਕਲਦੀ ਹੈ, ੯੯੯ ਮੀਲ ਵਹਿੰਦੀ, ਬੰਗਾਲ ਦੀ ਖਾੜੀ ਵਿਚ ਡਿਗਦੀ ਹੈ ਅਬਿਚਲ ਨਗਰ (ਹਜ਼ੂਰ ਸਾਹਿਬ) ਇਸੇ ਨਦੀ ਕਿਨਾਰੇ ਹੈ 'ਗੰਗਾ ਜਉ ਗੋਦਾਵਰ ਜਾਈਐ' [ਰਾਮਕਲੀ—ਨਾਮਦੇਵ] ਗੁਦਾਵਰੀ ਦੀ ਮਹੱਤਤਾ ਇਸ ਕਰਕੇ ਭੀ ਹੈ, ਜਦ ਖੀਰ ਸਮੁੰਦ੍ ☛

ਜਿਵੇਂ 'ਹੇਮ-ਕੁੰਟ' ਤੇ ਸੁਮੇਰੂ ਤਪੱਸਵੀ ਗਿਣੇ ਜਾਂਦੇ ਸਨ ਇਸੇ ਤਰ੍ਹਾਂ ਸਤਿਜੁਗ ਵਿਚ ਮਹਾਨ ਤਪੱਸਵੀਆਂ ਵਿਚ ਅਬਿਚਲ ਨਗਰ ਦਾ ਵਾਸੀ ਤੱਪੀ ਗਿਣੇ ਜਾਂਦੇ ਸਨ।

ਅਕਾਲ ਪੁਰਖ ਦੀ ਰਚਨਾ–

ਪਉੜੀ ॥ ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨੁ ਮਹੇਸ ਸਾਜਿ, ਕੁਦਰਤੀ ਦਾ ਖੇਲ ਰਚਾਇ ਬਣਾਇਆ ॥
ਸਿੰਧ ਪਰਬਤ ਮੇਦਿਨੀ, ਬਿਨੁ ਥੰਮ੍ਹਾ ਗਗਨੁ ਰਹਾਇਆ ॥
ਸਿਰੇ ਦਾਨੋ ਦੇਵਤੇ, ਤਿਨ ਅੰਦਰਿ, ਬਾਦੁ ਰਚਾਇਆ ॥ . . . . ॥ ੨ ॥
[ਦ: ਗ੍ਰੰਥ–ਚੰਡੀ ਦੀ ਵਾਰ, ਪਾ: ੧੦ ਵੀਂ

ਤਾਂ ਉਸ ਸਮੇਂ ਜਦ ਦੇਵਤਿਆਂ ਅੰਦਰ ਆਪਣੀ ਬਲ ਸ਼ਕਤੀ ਦਾ ਹੰਕਾਰ ਹੋ ਗਿਆ ਤਾਂ–

'ਅਭਿਮਾਨੁ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਡ ਉਪਾਇਆ ॥' ਜੋ ਝੋਟੇ ਦੇ ਸੁੰਡ (ਸਿਰ) ਵਾਲੇ ਦੈਂਤ ਨੇ ਦੇਵਤਿਆਂ ਦਾ ਗੁਮਾਨ (ਹੰਕਾਰ) ਉਤਾਰਨ ਲਈ, ਸਾਰੇ ਦੇਵਤਿਆਂ ਨੂੰ ਜਿਤਕੇ, ਤਿੰਨਾਂ ਲੋਕਾਂ ਦਾ ਰਾਜ ਕਰਨ ਲੱਗਾ। ਅਤੇ ਇੰਦ੍ਰ ਨੂੰ ਸੁਵਰਗ ਵਿਚੋਂ ਕੱਢ ਦਿਤਾ। ਸਾਰੇ ਦੇਵਤੇ–

ਸੋਰਠਾ ।। ਦੇਵਨ ਕੋ ਧਨ ਧਾਮ ਸਭ ਦੈਤਨ ਲੀਓ ਛਨਾਇਕੈ ॥
ਦਏ ਕਾਢ 'ਸੁਰ' ਧਾਮ ਤੇ, ਬਸੇ ਸਿਵਪੁਰੀ ਜਾਇ ॥੨੦॥

ਸ਼ਿਵਪੁਰੀ 'ਕੈਲਾਸ਼ ਪਰਬਤ' ਤੇ ਰਹਿਣ ਲਗੇ। ਤੇ ਰਾਜ ਵਾਪਸ ਲੈਣ ਲਈ ਤੱਪ ਕੀਤਾ, ਤਾਂ–

ਦੋਹਰਾ ॥ ਕਿਤਕਿ ਦਿਵਸ ਬੀਤੇ ਤਹਾਂ ਨਾਵਨ ਨਿਕਸੀ ਦੇਵ ॥
ਬਿਧ ਪੂਰਬ ਸਮ ਦੇਵਤਨ ਕਰੀ *ਦੇਵ ਕੀ ਸੇਵਾ ॥੨੧॥

☜ ਰਿੜਕਿਆ, ਤਾਂ ਚੌਦਾ ਰਤਨਾਂ 'ਚ ਅੰਮ੍ਰਿਤ ਦਾ ਕੁੰਭ (ਘੜਾ) ਧਨੰਤਰ ਨੇ ਇੰਦ੍ਰ ਨੂੰ ਦਿਤਾ, ਇੰਦ੍ਰ ਨੇ ਆਪਣੇ ਪੁਤਰ ਜਯੰਤ ਨੂੰ ਦੇ ਕੇ ਕਿਹਾ, ਕਿ ਸਵਰਗ ਵਿਚ ਲੈ ਜਾਹ, ਦੈਂਤਾਂ ਦੇ ਗੁਰੂ ਸੁਕਰ ਨੇ ਹੁਕਮ ਦਿਤਾ ਕਿ ਅੰਮ੍ਰਿਤ ਦਾ ਘੜਾ ਖੋਹ ਲਵੋ, ਦੈਂਤਾਂ ਤੇ ਦੇਵਤਿਆਂ ਦਾ ਬੜਾ ਘੋਰ ਯੁੱਧ ਬਾਰਾਂ ਦਿਨ ਹੋਇਆ, ਘੜੇ ਦੀ ਖੋਹਾ ਖੋਹੀ ਵਿਚ ਉਸ ਵਿਚੋਂ ਅੰਮ੍ਰਿਤ ਉਛਲ ਕੇ ਚਾਰ ਥਾਂਈ ਡਿੱਗਾ (ਹਰਦੁਆਰ, ਪ੍ਰਯਾਗ, ਉਜੈਨ, ਨਾਸਕ)।

ਦੇਵਤਿਆਂ ਦੇ ੧੨ ਦਿਨ, ਤੇ ਮਨੁਸ਼ ਦੇ ਬਾਰਾਂ ਸਾਲ ਬਰੋਬਰ ਹਨ। ਇਸੇ ਕਰਕੇ ੧੨ ਸਾਲ ਬਾਹਦ ਹਰੇਕ ਥਾਂ ਜਿਥੇ ਅੰਮ੍ਰਿਤ ਡਿੱਗਾ ਕੁੰਭ ਦਾ ਮੇਲਾ ਲੱਗਦਾ ਹੈ। ਨਾਸਕ ਤੋਂ ਗੋਦਾਵਰੀ ਨਿਕਲਣ ਕਰਕੇ ਗੰਗਾ, ਜਮਨਾ, ਸਰਸਵਤੀ ਵਾਂਗ ਇਹ ਨਦੀ ਭੀ ਮਹਾਨ ਉਤਮ ਤੱਪ ਲਈ ਸਮਝੀ ਜਾਂਦੀ ਹੈ।

[ਵਿਸਥਾਰ ਨਾਲ ਮਹਾਨ ਕੋਸ਼ 'ਚ ਅੱਖਰ ਕੁੰਭ ਪੜ੍ਹੋ]।

---

*ਦੇਵੀ– ਇਸ ਨੂੰ ਕਈ ਨਾਵਾਂ ਨਾਲ ਦਸਮੇਸ਼ ਜੀ ਨੇ ਦਸਮ ਗ੍ਰੰਥ ਵਿਚ ਉਚਾਰਨ ਕੀਤਾ ਹੈ–

੧. 'ਦੁਰਗਾ'– ਦੁਰਗ ਦੈਂਤ ਇਹ ਦੁਰਗ ਦੈਂਤ ਗੁਰੂ ਦਾ ਪੁਤਰ ਸੀ ਇਸ ਨੂੰ ਮਾਰਨ ਕਰਕੇ ਦੁਰਗਾ ਨਾਮ ਹੋਇਆ। ☞

ਬਿਧੀ ਸਹਿਤ ਦੇਵਤਿਆਂ ਦੇਵ-ਦੁਰਗਾ ਮਹਾਨ ਸ਼ਕਤੀ ਅਕਾਲ ਪੁਰਖ ਦੀ ਸੇਵਾ ਕੀਤੀ, ਤਾਂ ਚੰਡੀ ਨੇ–

ਦੋਹਰਾ ॥ ਸੁਨਤ ਬਚਨ ਏ ਚੰਡਕਾ ਮਨ ਮੈ ਉਠੀ ਰਿਸਾਇ ॥
ਸਭ ਦੈਤਨ ਕੋ ਛੈ ਕਰਉ, ਬਸਉ ਸਿਵ ਪੁਰੀ ਜਾਇ ॥੨੩॥
ਦੈਤਨ ਕੋ ਬਧ ਕੋ ਜਬ ਚੰਡੀ ਕੀਓ ਪ੍ਰਕਾਸ ॥
ਸਿੰਘ ਸੰਖ, ਅਉ ਅਸਤ੍ਰ ਸਭ ਸ਼ਸ਼ਤ੍ਰ ਆਇਗੈ ਪਾਸ ॥੨੪॥ [ਚੰਡੀ ਚਰਿੱਤ੍ਰ–ਪਾ: ੧੦

ਮਹਿਖਾਸੁਰ ਦੈਂਤ ਦੀ ਕੁਲ ਫੌਜ–'ਪੈਂਤਾਲੀਸ ਪਦਮ' ਚੰਡੀ ਤੇ ਚੜ੍ਹ ਕੇ ਆ ਗਈ, ਚੰਡੀ ਇੱਕਲੀ ਨੇ ਪੈਂਤਾਲੀਸ ਪਦਮ ਫੌਜ ਨੂੰ ਮਾਰ ਮੁਕਾਇਆ ਤੇ ਦੇਵਤਿਆਂ ਨੂੰ ਰਾਜ ਦੁਵਾ ਕੇ ਆਪ ਅਲੋਪ ਹੋ ਗਈ।

[ਪਦਮ ਦੀ ਗਿਣਤੀ– ਇਕ ਸੌ ਨੀਲ ਦਾ ਇਕ ਪਦਮ ਹੁੰਦਾ ਹੈ। ਇਸ ਤਰ੍ਹਾਂ ਗਿਣਤੀ ਅਨੁਸਾਰ ਇੱਕਾਂਗ–ਇੱਕੇ ਨਾਲ ਪੰਦਰਾਂ ਬਿੰਦੀਆਂ ਹੋਣ ਤਾਂ ਇਕ ਪਦਮ ਹੁੰਦਾ ਹੈ।
ਅੰਕ (੧, ooooooooooooooo) ਪਦਮ ਦੀ ਗਿਣਤੀ ਹੈ]।

ਇਹ ਇੱਕਲੀ ਪ੍ਰਭੂ ਸ਼ਕਤ (ਚੰਡਕਾ) ਨੇ ਮਾਰ ਮੁਕਾਏ। ਤਾਂ ਦੇਵਤਿਆਂ ਪ੍ਰਸੰਨ ਹੋ ਜਗਯ ਕੀਤੇ ਇਸ ਪ੍ਰਥਾਏ ਦਸਮ ਪਾਤਸ਼ਾਹ ਇਉਂ ਫੁਰਮਾਇਆ– ਸ੍ਵਯਾ ।। ਯਾਤੇ ਪ੍ਰਸੰਨਿ ਭਏ ਹੈ ਮਹਾ ਮੁਨਿ.... ਅੰਕ ੫੪ ਤੋਂ ਤੀਨ ਲੋਕ ਜੈ ਜੈ ਕਰੈ . , . . ੫੬ ॥ ਤੱਕ ਪੜ੍ਹੋ।

ਇਹ ਜੰਗ ਨਰਬਦਾ ਦੇ ਕਿਨਾਰੇ ਦਾ ਦੱਖਣੀ ਦੇਸ਼ ਜਿਸ ਨੂੰ ਪੁਰਾਣਾਂ ਵਿਚ ਮਹਿਖਸ਼ ਮੰਡਲ ਲਿਖਿਆ ਹੈ ਤੇ ਹੋਇਆ। ਕੁਝ ਸਮਾਂ ਦੇਵਤਿਆਂ ਨੂੰ ਸੁਖ-ਸ਼ਾਂਤੀ ਨਾਲ ਰਾਸ ਕਰਦੇ ਗੁਜ਼ਰੇ ਫਿਰ ਅਭਮਾਨੀ ਹੋ ਗਏ ਤਾਂ ਸੁੰਭ-ਨਿਸੁੰਭ ਬੜੇ ਬਲਵਾਨ ਦੈਂਤਾਂ ਨੇ ਫਿਰ ਦੇਵਤਿਆਂ ਨੂੰ ਉਹਨਾਂ ਦੀਆਂ ਪੁਰੀਆਂ ਚੋਂ ਕੱਢਣ ਲਈ ਉਮਡ ਪਏ, ਕਿਉਂਕਿ–

ਭੂੰਮ ਕੋ ਭਾਰ ਉਤਾਰਨ ਕੋ, ਜਗਦੀਸ ਬਿਚਾਰ ਕੈ ਜੁਧੁ ਠਟਾ ॥੬੨॥ [ਚੰਡੀ ਚਰਿੱਤ੍ਰ--੧
ਧਰਤੀ ਦਾ ਭਾਰ ਉਤਾਰਨ ਲਈ ਜਗਤ ਦੇ ਸਵਾਮੀ ਨੇ ਇਹ ਜੁਧ ਕਾਇਮ ਕੀਤਾ।

☜ ੨. 'ਚੰਡੀ'– ਸੁੰਭ ਦੈਂਤ ਦਾ ਛੋਟਾ ਭਾਈ ਚੰਡ ਦਾ ਮੁੰਡ (ਸਿਰ) ਉਤਾਰਨ ਕਰਕੇ ਚੰਡੀ ਨਾਮ ਹੋਇਆ– 'ਮੁੰਡ ਕੋ ਸੁੰਡ ਉਤਾਰ ਦਯੋ ॥ ਅਬ ਚੰਡ ਕੋ ਹਾਥ ਲਗਾਵਤ ਚੰਡੀ ॥' [ਚੰਡੀ ਚਰਿੱਤ੍ਰ–੧
ਕ੍ਰੋਧ ਵਾਨ ਇਸਤ੍ਰੀ ਲੜਾਕੀ– 'ਕੜਕ ਉਠੀ ਰਣ ਚੰਡੀ ਫੌਜਾਂ ਦੇਖਕੇ ॥'

੩. 'ਮਹਾ ਦੇਵੀ'– ਦੇਵਤਿਆਂ ਚੋਂ ਪ੍ਰਧਾਨ ਦੇਵੀ ਮਹਾ ਮਾਇਆ, ਪ੍ਰਾਕ੍ਰਿਤਿ–
'ਮਹਾ ਮਾਇਆ ਤਾਕੀ ਹੈ ਛਾਇਆ ॥' [ਗੌਂਡ ਮ: ੫

੪. 'ਭਗਉਤ'– ਭਗਵਤ, ਵਿ:–ਭਗ (ਐਸ਼੍ਵਰਯ) ਵਾਲਾ [ਪਾਰਬ੍ਰਹਮ-ਵਾਹਿਗੁਰੂ]।

੫. 'ਭਗਉਤੀ'– ਭਗਵੰਤ ਦਾ ਉਪਾਸ਼ਕ–

'ਸੋ ਭਗਉਤੀ ਜੋ ਭਗਵੰਤੈ ਜਾਣੈ ॥ ਗੁਰ ਪਰਸਾਦੀ ਆਪੁ ਪਛਾਣੈ ॥
ਧਾਵਤ ਰਾਖੈ ਇਕਤੁ ਘਰਿ ਆਣੈ ॥ ਜੀਵਤ ਮਰੈ ਹਰਿ ਨਾਮੁ ਵਖਾਣੈ ॥
ਐਸਾ ਭਗਉਤੀ ਉਤਮੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥' [ਮ: ੩ ☞

ਸਾਰੇ ਦੇਵਤੇ ਇੰਦਰ ਪਾਸ ਆਏ। ਸਾਰੇ ਦੇਵਤਿਆਂ ਨੇ ਇਕੱਠੇ ਹੋ ਕੇ ਬੜਾ ਭਾਰੀ ਯੁੱਧ ਕੀਤਾ। ਆਖਰ ਸੁੰਭ ਤੇ ਨਿਸੁੰਭ ਦੈਂਤਾਂ ਤੋਂ ਹਾਰ ਗਏ ਤੇ ਸ਼ਿਵਪੁਰੀ (ਕੈਲਾਸ਼) ਤੇ ਜਾ ਵਸੇ। ਦੈਂਤਾਂ ਦਾ ਰਾਜ ਤਿੰਨ ਲੋਕਾਂ ਵਿਚ ਹੋ ਗਿਆ। ਦੇਵਤਿਆਂ ਨੇ ਅਤੀ ਦੁਖੀ ਹੋ ਕੇ ਪੁਕਾਰ ਕੀਤੀ ਤਾਂ ਪ੍ਰਮੇਸ਼ੁਰ ਦੀ ਮਹਾਂ ਬਲਵਾਨ ਰੂਪ [ਸ਼ਕਤਿ] ਚੰਡਕਾ ਨੇ ਪ੍ਰਗਟ ਹੋ ਕੇ ਬੜੀ ਕ੍ਰੋਧਵਾਨ ਹੋ ਕੇ ਯੁੱਧ ਕਰਨ ਦਾ ਮਨ ਬਣਾ ਲਿਆ। ਚੰਡਕਾ ਦਾ ਤੇਜ ਪ੍ਰਤਾਪ ਇਸ ਕਦਰ ਸੀ, ਮਾਨੋਂ ਦੈਂਤਾਂ ਦਾ ਨਾਸ ਕਰਨ ਲਈ ਜਮਰਾਜ਼ਾ ਤੋਂ ਮੌਤ ਨੇ ਕਈ ਸੂਰਜਾਂ ਦੀ ਜਵਾਲਾ (ਅਗਨੀ) ਦਾ ਪ੍ਰਕਾਸ਼ ਲੈ ਕੇ ਜਨਮ ਲਿਆ ਹੈ। ਉਸ ਦੀ ਕੜਕ ਸੁਣ ਕੇ ਸੁਮੇਰ ਸਮੇਤ ਸਾਰੇ ਵਡੇ ਵਡੇ ਪਹਾੜ ਹਿਲ ਗਏ। ਸ਼ੇਸ਼ਨਾਗ ਦੇ ਸਿਰ ਉਪਰਲੀ ਧਰਤੀ ਕੰਬ ਗਈ।

ਚੰਡਕਾ ਦੇ ਕਰੋਧ ਦੀ ਜਵਾਲਾ ਵਿਚੋਂ ਕਾਲਕਾ ਪ੍ਰਗਟੀ–ਪਰ ਚੰਡੀ ਨੇ ਕਿਹਾ ਹੇ ਪੁਤਰੀ! ਅਜੇ ਸਮਾਂ ਨਹੀਂ, ਤੂੰ ਮੇਰੇ ਵਿਚ ਲੀਨ ਹੋ ਜਾਹ, ਤਾਂ ਜਿਵੇਂ ਗੰਗਾ ਦੇ ਪ੍ਰਵਾਹ ਵਿਚ ਜਮਨਾ ਮਿਲ ਜਾਂਦੀ ਹੈ, ਤਿਵੇਂ ਕਾਲਕਾ ਲੀਨ ਹੋ ਗਈ। ਅਤੇ ਸੁਮੇਰ ਪਰਬਤ ਦੀ ਚੋਟੀ ਸੋਭ ਰਹੀ ਸੀ ਕਿ ਸੁੰਭ ਦਾ ਭਾਈ ਨਿਸੁੰਭ ਉਧਰ ਆ ਗਿਆ। ਉਸ ਨੇ ਚੰਡਕਾ ਦਾ ਅਤਿ ਸੁੰਦਰ ਸਰੂਪ ਵੇਖ ਕੇ ਕਿਹਾ ਕਿ ਮੇਰਾ ਭਰਾ ਸੁੰਭ ਤਿੰਨ ਲੋਕਾਂ ਦਾ ਰਾਜਾ ਹੈ, ਉਸ ਨੂੰ ਵਰ ਲੈ। ਤਾਂ ਚੰਡੀ ਨੇ ਉੱਤਰ ਦਿਤਾ–

ਸੁਨਿ ਰਾਕਸ ਕੀ ਬਾਤ ਕੋ ਦੇਵੀ ਉਤਰ ਦੀਨ ॥
ਜੁੱਧ ਕਰੈ ਬਿਨ ਨਹਿ ਬਰੋਂ, ਸੁਨਹੁ ਦੈਤ ਮਤ ਹੀਨ ॥ ੮੪ ॥
[ਚੰਡੀ ਚਰਿਤਰ, ਉਕਤ ਬਿਲਾਸ, ਪਾ: ੧੦

ਨਿਸੰਭ ਨੇ ਆਪਣੇ ਭਰਾਤਾ ਨੂੰ ਜਦ ਜਾ ਕੇ ਕਿਹਾ ਤਾਂ ਸੁੰਭ ਨੇ ਵਿਚਾਰ ਕੇ ਕਿਹਾ–

ਜੋ ਲਾਇਕ ਭਟ ਸੈਨ ਮੈ ਭੇਜਹੁ ਦੇ ਅਧਿਕਾਰ ॥

☜ ਦੁਰਗਾ–(੬) ਭਗਵਤੀ–ਦੁਰਗਾ ਦੇਵੀ, ਖੜਗ–ਸ੍ਰੀ ਸਾਹਿਬ, ਤਲਵਾਰ। 'ਲਈ ਭਗਉਤੀ ਦੁਰਗਸ਼ਾਹ' [ਚੰਡੀ ਦੀ ਵਾਰ

(੭) ਮਹਾਂ ਕਾਲ–ਪ੍ਰਿਥਮ ਭਗਉਤੀ ਸਿਮਰਕੈ [ਚੰਡੀ ਦੀ ਵਾਰ
ਦੁਸਟ ਦੈਤ ਕਛੁ ਬਾਤ ਨ ਜਾਨੀ ॥ ਮਹਾਂਕਾਲ ਤਨ ਪੁਨਿ ਰਿਸਿ ਠਾਨੀ ॥੩੬੮॥
[ਚਾਰ ਸੌ ਚਾਰ ਚਰਿਤ੍ਰ ਪਾ: ੧੦ ਦਸਮ ਗ੍ਰੰਥ

(੮) (ਉ) ਕਾਲਿਕਾ–'ਕਾਲ ਕਾ'=ਸਿਆਹੀ। (ਅ) ਕਾਲਸ, ਕਾਲੇ ਰੰਗ ਦੀ ਦੇਵੀ।
(ਏ) ਕਾਲ ਭਗਵਾਨ ਦੀ ਉਹ ਸ਼ਕਤਿ, ਜਿਸ ਨਾਲ ਸਾਰੇ ਸੰਸਾਰ ਨੂੰ ਲੈ ਕਰਦਾ ਹੈ। [ਸੰਹਾਰ ਸ਼ਕਤਿ] (ਮਹਾਨ ਕੋਸ਼ 'ਚੋਂ)

ਹੋਰ ਅਨੇਕਾਂ ਨਾਮ ਇਸ ਮਹਾਂ ਸ਼ਕਤਿ ਦੇ ਪੜ੍ਹੋ–ਚੰਡੀ ਚਰਿਤ੍ਰ ਦੂਜਾ ਦੇ ਅੰਕ ॥੧॥੨੨੦ ਤੋਂ ਅਬ ਜੈਕਾਰ ਸਬਦ ਕਥਨੰ ॥ ਤੋਂ ॥ ੩੭ ॥ ੨੫੬ ॥ ਅੱਗੇ ਮਹਾਤਮ ਅੰਕ ੧ ॥ ੨੫੭ ਤੋਂ ੬ ॥ ੨੬੨ ॥ ਤਕ ਦਸਮ ਸ੍ਰੀ ਗੁਰੂ ਗ੍ਰੰਥ ਪਾ: ੧੦ ॥

ਆਦਿ ਭਵਾਨੀ ਈਸਰੀ ਮਾਇਆ ਜਾਕਉ ਨਾਮ ॥ [ਦਸਮ ਗ੍ਰੰਥ

ਤਾਂ ਧੂਮ੍ਰ ਲੋਚਨ ਸੂਰਮੇ ਨੂੰ ਕਿਹਾ– 'ਰੀਝੈ ਆਵੈ ਆਨੀਓ, ਖੀਝੈ ਜੁੱਧ ਕਰਾਹੁ ॥੬੩॥'

ਚੰਡੀ ਨੇ ਵਡੇ ਵਡੇ ਯੋਧੇ 'ਧੂਮ੍ਰਲੋਚਨ–ਚੰਡ ਮੁੰਡ' ਰਕਤਬੀਜ ਆਦਿ ਕੁਲ ਸੈਨਾ ਤੀਸ ਸਹੰਸਰ ਦੂਹਨੀ ਮਾਰ ਦਿੱਤੀ– ਅੜਿੱਲ–'ਤੀਸ ਸਹੰਸ *ਛੂਹਨਿ ਦਲ ਜਬ ਜੂਝਤ ਭਯੋ ॥'
[ਤ੍ਰਿਯਾ ਚਰਿੱਤ੍ਰ ੪੦੪–ਪਾ: ੧੦

ਰਕਤ ਬੀਜ– ਜਿਸ ਨੂੰ ਸੁਣੰਤ ਬੀਜ ਭੀ ਲਿਖਿਆ ਗਿਆ ਹੈ। ਇਸ ਨੇ ਸ਼ਿਵ ਦੀ ਤਪੱਸਿਆ ਕਰਕੇ ਵਰ ਲਿਆ ਸੀ–ਕਿ ਮੇਰੇ ਸਵਾਸਾਂ ਲਹੂ ਤੇ ਮਿੱਝ ਥੀਂ ਮੇਰੇ ਜੇਹੇ ਦੈਂਤ ਪੈਦਾ ਹੋ ਜਾਵਣ, ਜਦ ਰਕਤ ਬੀਜ ਦਾ ਜੰਗ ਸ਼ੁਰੂ ਹੋਇਆ ਤਾਂ ਤੀਰ ਵਜਨ ਨਾਲ, ਸਵਾਸਾਂ ਚੋਂ ਪੈਦਲ ਫੌਜ, ਰੱਤ ਤੋਂ ਘੋੜਿਆਂ ਸਮੇਤ, ਅਤੇ ਮਿੱਝ ਤੋਂ ਹਾਥੀਆਂ ਸਮੇਤ ਫੌਜ ਬਣਦੀ ਗਈ ਜੋ ਇਕ ਸੌ ਮੀਲ ਵਿਚ ਵਧ ਗਈ, ਜਿਨਾਂ ਨੂੰ ਮਾਰਨ ਦੀ ਬਿਧ ਕੋਈ ਨਹੀਂ ਸੀ, ਜਿਤਨੇ ਚੰਡੀ ਮਾਰਦੀ ਉਤਨੇ ਹੋਰ ਵਧਦੇ ਗਏ, ਤਾਂ ਇਸ ਨਾਲ ਫੌਜ ਆਈ ਸੀ– 'ਛੂਹਨਿ ਸਹਸ ਅਸੁਰ ਕੀ ਸੈਨਾ . . . ॥੭੮॥ [ਤ੍ਰਿਯਾ ਚਰਿ: ਪਾ: ੧੦

ਇਕ ਹਜ਼ਾਰ ਖੂਹਨੀ ਉਹ ਤਾਂ ਪਹਿਲਾਂ ਹੀ ਮਾਰ ਦਿੱਤੀ ਸੀ, ਪਰ ਇਸ ਵਧ ਰਹੀ ਫੌਜ ਨੂੰ ਮਾਰਨ ਲਈ ਚੰਡੀ ਨੇ ਮਹਾਂ ਕਾਲ (ਅਕਾਲ ਪੁਰਖੁ) ਅਗੇ ਪ੍ਰਾਰਥਨਾ ਕੀਤੀ, ਤਾਂ ਅਕਾਸ਼ ਬਾਣੀ ਹੋਈ ਕਿ ਇਸ ਵਕਤ, ਗੋਦਾਵਰੀ ਕੰਢੇ ਇਕ ਮਹਾਨ ਤਪੱਸਵੀ ਸਮੁੰਦ ਰਿਖੀ ਪਾਸ ਜਾਹ ਉਹ ਉਪਾਏ ਕਰਨਗੇ।

o ਸਮੁੰਦ ਰਿਖੀ ਤਪੱਸਿਆ 'ਚ ਅਸਥਿਤ ਸਨ, ਜਦ ਚੰਡੀ ਇਸ ਮਹਾਨ ਤਪਸਵੀ ਪਾਸ ਪੁਜੀ ਤਾਂ ਸਮੁੰਦ ਰਿਖੀ ਦੇ ਚੇਲੇ, ਸਤਜੁਗ ਦਾ ਤਪਸ੍ਵੀ ਉਸ ਵਕਤ (ਜੋ ਗੁਰੂ ਗੋਬਿੰਦ ਸਿੰਘ ਜੀ ਸਨ) ਚੰਡੀ ਨੂੰ ਆਉਂਦਿਆਂ ਵੇਖ ਬਹੁਤ ਸਤਿਕਾਰ ਮਾਨ ਕੀਤਾ–ਕਿਹਾ ਕਿ ਅਸੀਂ ਕੀ ਸੇਵਾ ਕਰ ਸਕਦੇ ਹਾਂ–

ਚੰਡੀ– ਸਮੁੰਦ ਰਿਖੀ ਸਮਾਧੀ ਹਨ, ਜਗਾਣਾ ਯੋਗ ਨਹੀਂ? ਜੇ ਆਪ ਸਹਾਇਤਾ ਕਰ ਸਕੋ ਤਾਂ 'ਰਕਤ ਬੀਜ' ਦੀ ਸੈਨਾ ਨੂੰ ਕੁਝ ਠੱਲ ਪਾਵੇ, ਤਾਂ ਮੈਂ ਇਕਾਂਤ ਹੋ ਕਾਲਕਾ ਪ੍ਰਗਟ ਕਰ ਲਵਾਂ–ਜੋ ਇਹਨਾਂ ਦੀ ਰੱਤ ਪੀਵੇਗੀ, ਧਰਤੀ ਤੇ ਨਾ ਡਿੱਗਣ ਦੇਵੇਗੀ–ਤੱਦ ਇਹਨਾਂ ਦਾ ਖਾਤਮਾ ਹੋਵੇਗਾ।

ਤਪੱਸਵੀ ਚੇਲਾ– ਸੋਚੀਂ ਪੈ ਗਏ? ਗੁਰੂ ਸਮੁੰਦ ਰਿਖੀ ਨੂੰ ਜਗਾਣਾ ਭੀ ਯੋਗ ਨਹੀਂ? ਪਰ

---

* ਇਕ ਛੂਹਨੀ ਗਿਣਤੀ– (ਖੂਹਣਿ) ਇਕ ਖਾਸ ਫੌਜ ਦੀ ਗਿਣਤੀ ਇਸ ਪ੍ਰਕਾਰ ਹੈ। ਹਾਥੀ–੨੧੮੭੦। ਰਥ–੨੧੮੭੦। ਘੋੜੇ–੬੫੬੧੦। ਪਿਆਦੇ (ਪੈਦਲ ਫੌਜ)–੧੦੬੩੫੦। ਕੁਲ ਫੌਜ–੨੧੮੭੦੦ ਇਹ ਇਕ ਖੂਹਨੀ ਦੀ ਗਿਣਤੀ ਹੈ। ਗੁਣੀ ਜਨ ਤੀਸ (੩੦) ਸਹੰਸਰ [ਤੀਹ ਹਜ਼ਾਰ ਖੂਹਣੀ] ਦੀ ਗਣਤ ਕਰ ਲੈਣ। ਇਹ ਚੰਡੀ ਤੇ ਕਾਲਕਾ ਦੋਹਾਂ ਨੇ ਮਾਰਨ ਕੀਤੇ ਸੁੰਭ ਦੈਂਤ ਦੀ ਫੌਜ ਵਿਚੋਂ, ਅਜੇ ਸੁੰਭ ਤੇ ਨਿਸੁੰਭ ਸਮੇਤ ਫੌਜ ਬਾਕੀ ਹੈ।

o ਸਮੁੰਦ ਰਿਖੀ–ਇਤਿਹਾਸ ਕਾਰਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਦੇ ਅਵਤਾਰ ਵਿਚ ਇਹ ਸਮੁੰਦ ਰਿਖੀ ਆਏ ਸਨ। ੨. ਚੇਲਾ–ਜਿਸ ਨੇ ਚੰਡੀ ਦੀ ਸਹਾਇਤਾ ਕੀਤੀ ਤੇ ਵਰ ਦਿਤਾ ਸੀ ਇਹ ਹੀ ਗੁਰੂ ਗੋਬਿੰਦ ਸਿੰਘ ਜੀ ਸਨ। ਚਾਰ ਜੁੱਗ ਤਪੱਸਿਆ ਕਰਕੇ ਕਲਜੁਗ ਵਿਚ ਅਵਤਾਰ ਧਾਰ–ਅਕਾਲ ਪੁਰਖ ਦੇ ਹੁਕਮ ਨਾਲ ਖਾਲਸਾ ਪੰਥ ਸਾਜਨ ਕੀਤਾ ਸੀ।

ਜੇ ਮੈਂ ਤੱਪ ਦਾ ਪ੍ਰਯੋਗ ਕਰਦਾ ਹਾਂ ਤਾਂ ਤੱਪ ਘਟਦਾ ਹੈ [ਜੋ ਲੋਕ ਤੱਪ ਤਾਂ ਹੁੰਦਾ ਨਹੀਂ ਥੋੜਾ ਬਹੁਤ ਸ਼ਕਤ ਪਾ ਕੇ ਲੋਕ ਪਰਚੇ ਵਿਚ ਪੈ ਜਾਂਦੇ ਹਨ—ਉਹ ਕੁਝ ਸਮੇਂ ਬਾਹਦ ਖਾਲੀ ਭਾਂਡੇ ਹੋ ਪਛੋਤਾਵਾ ਹੀ ਕਰਦੇ ਹਨ] ਹਾਂ ਆਸਣ ਦਾ ਤੱਪ ਦੇ ਪ੍ਰਯੋਗ ਨਾਲ ਮਦਦ ਕੀਤੀ ਜਾ ਸਕਦੀ ਹੈ ? (ਧਰਤੀ ਤੇ ਇਕ ਥਾਵੇਂ ਆਸਣ ਤੇ ਤੱਪ ਕਰਨਾ -ਆਸਣ ਦਾ ਤੱਪ ਸ਼ਕਤ ਹੁੰਦੀ ਹੈ)।

ਤਾਂ ਤਪੱਸਵੀ [ਚੇਲੇ] ਨੇ ਸ਼ੇਰ ਦੀ ਖੱਲ ਦਾ ਆਸਣ ਝਾੜਨ ਕੀਤਾ ਜਿਸ ਤੋਂ ਹਜ਼ਾਰਾਂ ਦੀ ਗਿਣਤੀ 'ਚ ਸ਼ੇਰ ਪੈਦਾ ਹੋ ਕੇ, 'ਰਕਤ ਬੀਜ' ਦੀ ਰੱਤ ਤੋਂ ਪੈਦਾ ਹੋਇ ਦੈਂਤਾਂ ਨੂੰ ਪਛਾੜਣ ਕੀਤਾ, ਤਾਂ ਚੰਡਕਾ ਤਪੱਸ੍ਵੀ ਦੇ ਤੱਪ ਅਸਥਾਨ ਤੋਂ ਚਲਕੇ ਇਸ ਥਾਵੇਂ ਪਹੁੰਚੀ ਜਿਥੇ ਮਾਤਾ ਸਾਹਿਬ ਕੌਰਾਂ ਜੀ ਦਾ ਅਸਥਾਨ ਹੈ। ਅਸਥਿਤ ਹੋ ਪ੍ਰਮੇਸ਼ੂਰ ਜੋਤਿ ਵਿਚ ਸੁਰਤ ਟਿਕਾ, ਤੱਪ ਬਲ ਨਾਲ ਆਪਣੇ ਮੱਥੇ ਚੋਂ ਕਾਲਕਾ ਨੂੰ ਪ੍ਰਗਟ ਕੀਤਾ [ਪਿਛੇ ਆ ਚੁਕਾ ਹੈ ਜਦ ਕਾਲਕਾ ਦੁਰਗ-ਚੰਡੀ] ਨੇ ਆਪਣੇ ਵਿਚ ਲੀਣ ਕਰ ਲਿਆ ਸੀ।

ਓਸ ਵਕਤ, ਇਹ ਮਹਾਨ ਤਪੱਸਵੀ ਸ਼ੇਰਾਂ ਦੀ ਫੌਜ ਇਸ ਚੰਡੀ ਦੀ ਰਖਵਾਲੀ ਲਈ ਦੂਰ ਦੂਰ ਤੱਕ ਘੇਰਾ ਘਤਿਆ ਹੋਇਆ ਸੀ—ਆਪ ਇਹ ਮਹਾਨ ਤਪੱਸਵੀ 'ਹੀਰਾ ਘਾਟ' ਵਾਲੀ ਥਾਵੇਂ ਨਿਗਰਾਨ ਖੜੇ ਸਨ। ਕਾਲਕਾ ਦੇ ਪ੍ਰਗਟਨ ਤੇ ਮਹਾਂ ਤੇਜ-ਪ੍ਰਕਾਸ਼, ਅਤੇ ਧਰਤੀ 'ਚ ਹਲਚਲ ਮੱਚ ਗਈ।

ਕਾਲਕਾ ਨੂੰ ਪ੍ਰਗਟ ਕਰ ਜਦ ਚੰਡਕਾ ਨੇ ਇਸ ਮਹਾਨ ਤਪੱਸ੍ਵੀ ਨੂੰ 'ਹੀਰਾ ਘਾਟ' ਵਾਲੀ ਥਾਵੇਂ ਖੜਾ ਦੇਖਿਆ, ਅਤੇ ਚਾਰੋਂ ਪਾਸੇ ਸ਼ੇਰ ਹੀ ਸ਼ੇਰ ਵੇਖੇ, ਤਾਂ ਅਤੀ ਪ੍ਰੰਤਾ ਵਿਚ ਮਹਾਂ ਸ਼ਕਤੀ ਤਪੱਸਵੀ ਪਾਸ ਪੁੱਜੀ ਤੱਪਸਵੀ ਨੇ 'ਮਹਾਕਾਲ' ਦੀਆਂ ਦੋਵੇਂ ਸ਼ਕਤ ਜਾਣ 'ਨਮੋ ਕਲਹ ਕਰਤਾ ਨਮੋ ਸਾਂਤ ਰੂਪੈ' ਬਚਨ ਉਚਾਰੇ।

ਚੰਡੀ ਪ੍ਰਸੰਨ ਹੋ ਬਚਨ ਕੀਤਾ—ਐ ਮਹਾਨ ਤੱਪਸਵੀ ਅੱਜ ਮਹਾਕਾਲ [ਅਕਾਲ ਪੁਰਖ] ਦੇ ਹੁਕਮ ਨਾਲ ਜੋ ਦੈਂਤਾਂ ਦਾ ਨਾਸ ਕਰਨ ਦਾ ਧਰਮ ਯੁਧ ਅਰੰਭ ਕੀਤਾ ਹੋਇਆ ਹੈ ਇਸ ਵਿਚ ਆਪ ਜੀ ਦਾ ਯੋਗਦਾਨ ਬਹੁਤ ਵਡਾ--'ਪ੍ਰਉਪਕਾਰ ਹੈ', ਆਪ ਜੀ ਨੇ ਜੋ ਇਸ ਵਕਤ ਨਿਸ਼ਕਾਮ ਸਹਾਇਤਾ ਕੀਤੀ ਹੈ ਇਸ ਦਾ 'ਰਿਣ' ਫਲ ਕਲਜੁਗ ਵਿਚ ਜਦ ਨਿਰੰਕਾਰ (ਮਹਾਕਾਲ) ਨਾਨਕ ਰੂਪ 'ਚ ਅਵਤਰੇਗਾ, ਤਾਂ ਆਪ ਦਸਵੇਂ ਜਾਮੇਂ ਗੋਬਿੰਦ ਰੂਪ ਅਵਤਾਰ ਲਵੋਗੇ—ਉਸ ਵਕਤ ਭੀ ਆਪ ਇਸੇ ਤਰ੍ਹਾਂ ਦੁਸ਼ਟਾਂ ਦਾ ਨਾਸ ਕਰਨ ਲਈ ਧਰਮ ਯੁਧ ਰਚੋਗੇ, ਆਹ ਸ਼ਸ਼ਤ੍ਰ ਭਗਉਤੀ [ਤਲਵਾਰ] ਜੋ ਮੇਰੇ ਹੱਥ ਹੈ ਆਪ ਦੇ ਹੱਥ ਹੋਵੇਗੀ, ਅਤੇ ਉਸ ਵਕਤ ਆਪ 'ਖਾਲਸਾ ਪੰਥ—ਅਕਾਲ ਪੁਰਖ' ਦੀ ਫੌਜ ਸਾਜੋਗੇ। ਜੋ ਸਿੰਘ [ਸ਼ੇਰ] ਨਾਮ ਸਦਾਵੇਗਾ, ਕਿਉਂਕਿ ਆਪ ਨੇ ਸ਼ੇਰ ਦੀ ਖੱਲ ਦੀ ਸ਼ਕਤ ਦਾ ਪ੍ਰਯੋਗ ਕੀਤਾ ਹੈ। ਮੈਂ [ਦੁਰਗਾ] ਭੀ ਸ਼ੇਰ ਦੀ ਸਵਾਰੀ ਤੇ ਯੁਧ ਕੀਤਾ ਹੈ। ਆਪ ਸਿੰਘ ਨਾਮ ਧਰਾ ਕੇ ਯੁਧ ਕਰੋਗੇ।

ਮੈਂ ਉਸ ਵਕਤ 'ਗੁਪਤ ਰੂਪ' ਆਪ ਦਾ ਸਾਥ ਦੇਵਾਂਗੀ, ਤੇ ਇਹ 'ਰਿਣ' ਅਹਿਸਾਨ ਚੁਕਾਵਾਂਗੀ, ਆਪ ਉਸ ਖਾਲਸੇ ਦੇ ਪਿਤਾ ਅਖਵਾਵੋਗੇ ਅਤੇ ਮੇਰਾ ਸਰੂਪ ਮਾਤਾ ਦਾ ਹੋਵੇਗਾ, ਆਪ ਅਕਾਲ ਪੁਰਖ ਵਲੋਂ 'ਸਪੂਤ' ਦਾ ਮਰਤਬਾ ਲੈ ਕੇ ਅਵਤਰੋਗੇ। ਇਸ ਲਈ ਖਾਲਸਾ ਫੌਜ ਸਾਜਣ ਕਰਨ ਲਈ 'ਅਕਾਲ ਪੁਰਖ' ਦਾ ਸ਼ਬਦ—ਗੁਰਬਾਣੀ ਅਤੇ ਸ਼ਬਦ ਦੀ ਸ਼ਕਤ (ਪਤਾਸੇ) ਅਸੀਂ ਪਾ ਕੇ

ਮਾਤਾ-ਪਿਤਾ ਦੇ ਸਰੂਪ ਵਿਚ ਇਕੱਠੇ ਹੋਵਾਂਗੇ। ਤੇ ਪ੍ਰਮੇਸ਼ਰ ਦੇ ਹੁਕਮ ਮੁਤਾਬਕ *ਨਾਦੀ ਸਪੂਤ ਕਹਦ ਰਹੀਂ ਖਾਲਸਾ ਰਚਨਾ ਕੀਤੀ ਜਾਵੇਗੀ।

ਭਾਵੇਂ ਅੱਜ ਇਸ ਵਾਰਤਾ ਨੂੰ ਬੇਸ਼ੱਕ ਅੱਖੋਂ-ਪਰੋਖੇ ਕਰ ਦਈਏ, ਪਰ 'ਖਾਲਸੇ' ਨੂੰ ਇਹ ਮਾਨ ਹੈ ਕਿ 'ਅਕਾਲ ਫੌਜ' ਦੇ ਸਿਪਾਹੀ ਦੀ ਇਕ ਮਹਾਨ ਤਪੱਸਵੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਿਤਾ, ਅਤੇ (ਮਹਾਂਕਾਲ) ਦੀ ਸ਼ਕਤੀ ਜਗਤ ਮਾਤਾ—ਮਾਤਾ ਸਾਹਿਬ ਕੌਰਾਂ—ਮਾਤਾ) ਨੇ—

'ਦੁਇ ਮਿਲ ਕਾਰਜ ਉਪਜੈ' ਸ਼ਬਦ ਤੇ ਸ਼ਕਤ ਦੇ ਸੁਮੇਲ ਤੋਂ ਸਿਰਜਨਾ ਹੋਈ ਹੈ।

ਸਹਿਜੇ ਜਾਣਿਆ ਜਾ ਸਕਦਾ ਹੈ ਕਿ ''ਮਾਤਾ ਸਾਹਿਬ ਕੌਰਾਂ ਜੀ'' ਕੌਣ ਸਨ ?

ਦਸ਼ਮੇਸ਼ ਜੀ ਦੇ ਸਰਬ ਲੋਹ ਗ੍ਰੰਥ ਅਤੇ ਦਸਮ ਗ੍ਰੰਥ 'ਚ ਫੁਰਮਾਨ ਇਸ ਸ਼ੰਕੇ ਦੀ ਨਵਿਰਤੀ ਕਰਦੇ ਹਨ, ਜੋ ਮਾਤਾ ਸਾਹਿਬ ਕੌਰ ਜੀ ਦਾ ਕੀ ਰੂਪ ਸੀ।

ਖਾਲਸੇ ਦੇ ਸਰੂਪ ਦਾ ਵਰਨਣ ਪਿਛੇ ਆ ਚੁਕਾ ਹੈ, ਪਰ ਹੋਰ ਵੇਰਵਾ ਅਤੇ ਖਾਲਸੇ ਦੇ ਮਾਤ ਪਿਤਾ ਦਾ ਵਰਨਣ ਦਸ਼ਮੇਸ਼ ਜੀ ਦੀ ਕਲਮ ਤੋਂ ਇਸ ਪ੍ਰਕਾਰ ਵਰਨਣ ਕੀਤਾ ਹੈ—

ਤਾਮਹਿ ਪੰਚ ਚਾਲਸ ਪ੍ਰਧਾਨਾ, ਪੰਚ ਪ੍ਰਧਾਨ ਖਾਲਸਾ ਠਏ ॥
ਸ੍ਰੀ ਅਜੀਤ ਸਿੰਘ ਜੁਝਾਰ ਸਿੰਘ ਜ਼ੋਰਾਵਰ ਸਿੰਘ ਫਤਹ ਸਿੰਘ ਪ੍ਰਿਏ ॥
ਪੰਚ ਖਾਲਸਾ ਸਤਿਗੁਰ ਪੂਰਾ, ਜਿਨ ਏ ਪੰਥ ਸੁਪੰਥ ਪ੍ਰਗਟਏ ॥੬॥
. . . . . ਚਾਲਿਸ ਨਰ ਏ ਬੀਜ ਖਾਲਸਾ, ਮੁਕਤੇ ਪਾਵਨ ਸਿੰਘ ਬਲੀ ॥

[ਇਤਨਾ ਲੰਮਾ ਲੇਖ ਲਿਖਣ ਦਾ ਭਾਵ, ਜਿਥੇ ਖਾਲਸਾ ਜੀ ਦੀ ਮਾਤਾ ਦੇ ਪੁਰਾਤਨ ਤੱਪ ਅਸਥਾਨ ਪ੍ਰਗਟ ਕਰਨ—ਦਰਸਾਣ ਦਾ ਭਾਵ ਸੀ ਮਾਤਾ ਜੀ ਕਿਉਂ ਇਸੇ ਅਸਥਾਨ ਤੱਕ ਨਾਦੇੜ ਗਏ। ਉਥੇ ਮਹਾਂਪੁਰਸ਼ ਬਾਬਾ ਮਿੱਤ ਸਿੰਘ ਜੀ ਬ੍ਰਹਮ ਗਿਆਨੀ ਦੀ ਅਣਥਕ ਸੇਵਾ ਕਰਨ ਦਾ ਗੂਹੜ ਸਬੰਧ ਕਿਉਂ ਹੋਇਆ ? ਜਿਸ ਦਾ ਸਾਕਾਰ ਰੂਪ ਅੱਜ ਅਸੀਂ ਵੇਖ ਰਹੇ ਹਾਂ।]

---

*ਨਾਦੀ- ਨਾਦੀ ਤੇ ਬਿੰਦੀ ਦੋ ਤਰ੍ਹਾਂ ਦੀ ਸੰਤਾਨ ਉਤਪੰਨ ਹੁੰਦੀ ਹੈ—

੧. ਬਿੰਦੀ ਜੋ ਮਾਤਾ ਪਿਤਾ ਦੀ ਰਕਤ ਤੇ ਬਿੰਦੁ ਤੋਂ ਪੈਦਾ ਹੋਵੇ—
'ਬਿੰਦ ਤੇ ਜਿਨਿ ਪਿੰਡੁ ਕੀਆ ॥' [ਆਸਾ—ਕਬੀਰ] ਪੁਨਾ— 'ਰਕਤ ਬਿੰਦੁ ਕਾ ਇਹ ਭਨੋ ॥' [ਆਸਾ ਮ: ੧] ਪੁਨਾ— 'ਰਕਤ ਬਿੰਦੁ ਕੀ ਮੜੀ ਨ ਹੋਤੀ ॥' [ਸਿਧ ਗੋਸਟਿ

੨. ਨਾਦੀ— ਸੰਗਜਾ--ਸ਼ਬਦ-ਧੁਨਿ (ਨਾਦ ਬਿਦੁ ਕੀ ਸੁਰਤਿ ਸਮਾਇ) [ਆਸਾ ਮ: ੧

(੪)ਭਾਗਵਤ ਵਿਚ ਲਿਖਿਆ ਹੈ— ਸੱਚਦਾ ਨੰਦ ਪਰਮੇਸ਼ੂਰ ਤੋਂ ਸ਼ਕਤ--ਸ਼ਕਤ ਤੋਂ ਨਾਦ, ਤੇ ਨਾਦ ਤੋਂ ਬਿੰਦੂ [ਵੀਜਰੂਪ ਪ੍ਰਣਵ ਓਅੰ] ਉਤਪੰਨ ਹੋਇਆ। ਭਾਵ ਸ਼ਬਦ ਰਾਹੀਂ ਪ੍ਰਗਟ ਹੋਣਾ ਜਾਂ ਕਰਨਾ।
[ਮਹਾਨ ਕੋਸ਼]

‡ਮਾਤ ਭਗਵਤੀ ਪਿਤਾ ਕਾਲਪੁਰਖ, ਗੋਦ ਲਿਯੋ ਦੈ ਖਾਸ ਪਲੀ ॥

ਸਕਲ ਭ੍ਰਮ ਪਰਿਹਰ ਕਰਿ ਹਰਿਜਨ, ਸਤਿਨਾਮ ਸੁਚਿ ਮੰਤ੍ਰ ਭਲੀ ॥
ਆਪ ਜਪਤਿ ਅਰੁ ਜਗਤਿ ਜਪਾਵਤਿ, ਭਗਤਿ ਸਿਮਰੋ ਮਨਿ ਮਾਹਿ ਕਲੀ ॥ ੭ ॥
[ਸਰਬ ਲੋਹ ਗ੍ਰੰਥ–ਪਾ: ੧੦ ਵੀਂ

ਪੁਨਾ– ਚੌਪਈ ॥ ਦੁਸਟ ਦੈਤ ਕਛੁ ਬਾਤ ਨ ਜਾਨੀ ॥
'ਮਹਾਂ ਕਾਲ' ਤਨ ਪੁਨਿ ਰਿਸਿ ਠਾਨੀ ॥ . . . ੩੬੮॥ [ਦਸਮ ਗ੍ਰੰਥ

ਪੁਨਿ ਰਾਛਸ ਕਾ ਕਾਟਾ ਸੀਸਾ ॥ ਸ੍ਰੀ ਅਸਿਕੇਤ ਜਗਤ ਕੇ ਈਸਾ ॥
ਪੁਹਪਨ ਬ੍ਰਿਸਟਿ ਗਗਨ ਤੇ ਭਈ ॥ ਸਭਹਿਨ ਆਨਿ ਬਧਾਈ ਦਈ ॥੩੭੫॥
[ਦਸਮ ਗ੍ਰੰਥ ਤ੍ਰਿਯਾ ਚਰਿੱਤ੍ਰ ੪੦੫

ਅਜੇਹਾ ਹੀ ਭਾਵ, ਦਸਮੇਸ਼ ਜੀ ਦੀ ਉਚਾਰਨ ਬਾਣੀ ਦਸਮ ਗ੍ਰੰਥ 'ਚ ਅਕਾਲ ਉਸਤਤ ਵਿਚ–

ਤ੍ਵ ਪ੍ਰਸਾਦਿ ॥ ਦੀਰਘ ਤ੍ਰਿਭੰਗੀ ਛੰਦ ॥ ਜੋ ਅੰਕ–੧॥੨੧੧ ਤੇ ਅੰਕ–੨੦॥੨੩੦॥ ਤੱਕ ਉਸੇ ਮਹਾਨ ਸ਼ਕਤੀ ਦੀ ਉਸਤਤ ਹੈ।

ਇਸੇ ਤਰ੍ਹਾਂ ਸੁੰਭ ਤੇ ਨਿਸੁੰਭ ਨੂੰ ਮਾਰਨ ਤੇ ਦੇਵਤਿਆਂ ਜੋ ਉਸਤਤ ਭਗਵਾਨ ਸ਼ਕਤ ਦੀ ਕੀਤੀ ਹੈ, ਜੋ– ਅਥ ਜੈ ਕਾਰੁ ਸਬਦ ਕਥਨੰ ॥ ਅੰਕ–੧॥੨੨੦ ਤੋਂ ਅੰਕ–੩੭॥੨੫੬॥ ਅਤੇ ੧॥੨੫੭ ਤੋਂ ੬॥੨੬੨॥ ਪੜਿਆ ਜਾ ਸਕਦਾ ਹੈ, ਚੰਡੀ ਚਰਿਤ੍ਰ ਦੂਜੇ ਦੇ ਅਖੀਰ ਵਿਚ।

ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕਈ ਸਹੰਸਰ ਛੂਹਣੀਆਂ ਫੌਜਾਂ ਦਾ ਨਾਸ ਕਰਨ ਵਾਲੀ, ਕੇਵਲ (ਦੁਰਗਾ-ਚੰਡੀ) ਅਤੇ ਕਾਲਕਾ, ਕੀ ਪ੍ਰਭੂ ਸ਼ਕਤੀ ਨਹੀਂ ਹੋ ਸਕਦੀਆਂ ?

ਗੁ: ਸ਼ਿਕਾਰ ਘਾਟ—ਹੀਰਾ ਘਾਟ ਤੋਂ, ਨਦੀ ਕਿਨਾਰੇ ਦੇ ਰਸਤੇ ਢਾਈ ਤਿੰਨ ਮੀਲ ਤੇ ਹੈ, ਸੜਕ ਬਣ ਜਾਣ ਤੇ ਹੁਣ ਵਧ ਫਾਸਲਾ ਬਣਦਾ ਹੈ।

ਇਸ ਅਸਥਾਨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਤੀ ਸ਼ਰਧਾਲੂ ਸਿੱਖ, ਸਿਆਲਕੋਟ (ਪਾਕਿਸਤਾਨ) ਦਾ ਵਸਨੀਕ ਭਾਈ ਮੂਲਾ ਖੱਤਰੀ, ਜੋ ਮਾਇਕ ਮੋਹ ਵਿਚ ਉਲਝ ਗਿਆ ਸੀ।

---

‡ਭਗਵਤੀ– ਸ਼ਪਸ਼ਟ ਹੈ ਕਿ ਪ੍ਰਮੇਸ਼ੁਰ ਦੀ ਸ਼ਕਤ–ਇਥੇ ਇਹ ਅਰਥ ਕਿਵੇਂ ਢੁਕਦਾ ਹੈ, ਜੋ ਭਗਵਤੀ ਜਾਂ ਭਗਉਤੀ ਦਾ ਅਰਥ 'ਤਲਵਾਰ' ਕਰਦੇ ਹਨ, ਕੀ ਖਾਲਸੇ ਦੀ ਮਾਤਾ ਤਲਵਾਰ ਹੈ ?

ਨਹੀਂ, ਉਹ ਪੂਜਯ ਸ਼ਸ਼ਤ੍ਰ ਹੈ ਤੇ 'ਰਾਜ-ਜੋਗ' ਦਾ ਸਬੰਧਤ ਸ਼ਬਦ ਹੈ।

'ਭਗਵਤੀ' ਮਹਾਨ ਕੋਸ਼ 'ਚ– ਗਿਆਨ ਆਦਿ ਗੁਣਾਂ ਵਾਲੀ। ਐਸ਼ੂਰਯ ਵਾਲੀ।

੨. ਸੰਗਯਾ–ਦੁਰਗਾ ਦੇਵੀ। ਭਗਵਤ–ਸੰਗਯਾ : ਕਰਤਾਰ-ਵਾਹਿਗੁਰੂ।

ਭਾਗਵਤ–ਜਿਸ ਦਾ ਸਬੰਧ ਭਗਵਤ (ਵਾਹਿਗੁਰੂ) ਨਾਲ ਸਬੰਧ ਹੈ।

੨. ਪ੍ਰਮੇਸ਼ੁਰ ਦਾ ਭਗਤ, ਕਰਤਾਰ ਦਾ ਉਪਾਸ਼ਕ–

'ਜਾਕੈ ਭਗਵਤੁ ਲੇਖੀਐ ਅਵਰ ਨਹੀ ਪੇਖੀਐ ॥' [ਮਲਾਰ–ਰਵਿਦਾਸ

ਉਸ ਸਮੇਂ ਉਧਾਰ ਨਾ ਕਰਾ ਸਕਿਆ, ਗੁਰਬਾਣੀ ਵਿਚ ਇਸ ਬਾਰੇ ਫੁਰਮਾਣ ਹੈ–

ਨਾਲ ਕਿਰਾੜਾ ਦੋਸਤੀ, ਕੂੜੈ ਜੂੜੀ ਪਾਇ ॥ ਮਰਣੁ ਨ ਜਾਪੈ ਮੂਲਿਆ, ਆਵੈ ਕਿਤੈ ਥਾਇ ॥
[ਸ: ੧, ਸਲੋਕ ਵਾਰਾਂ ਤੇ ਵਧੀਕ–੧੪੧੨

ਪਾਤਸ਼ਾਹੀ ਪਹਿਲੀ ਦਾ ਫੁਰਮਾਨ ਕਿ ਹੁਣ ਦਸਵੇਂ ਜਾਮੇਂ ਉਧਾਰ ਕਰਾਂਗੇ। ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜੋ 'ਨਾਨਕ ਦੇਵ ਗੋਬਿੰਦ ਰੂਪ' ਹੀ ਸਨ ਮੂਲੇ ਖੱਤ੍ਰੀ ਦਾ ਸਹੈ ਦੀ ਜੂਨ ਚੋਂ ਸ਼ਿਕਾਰ ਖੇਡਦੇ ਉਧਾਰ ਕੀਤਾ।

ਮੂਲੇ ਖੱਤਰੀ ਨੇ ਇਹ ਜੂਨ ਕਿਉਂ ਪ੍ਰਾਪਤ ਕੀਤੀ ?

ਜਿਵੇਂ ਹਰ ਜੀਵ ਮੋਹ ਵੱਸ ਹੋਇਆ–ਆਪਣੇ ਗੁਰੂ ਇਸ਼ਟ ਤੋਂ ਕਈ ਵਾਰੀ ਬੇਮੁਖ ਹੋ ਜਾਂਦਾ ਹੈ ਇਸ ਦਾ ਫਲ– 'ਵੇ ਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ [ਬਾਰਾਂ ਮਾਹ ਮ: ੫–੧੩੫

ਸਿਆਲ ਕੋਟ ਵਿਚ ਹਮਜਾਗੌਂਸ ਪੀਰ ਬੜਾ ਕਰਾਮਾਤੀ ਪਾਸੋਂ ਇਕ ਮਾਈ ਨੇ ਪੁਤ੍ਰਾਂ ਦੀ ਮੰਗ ਕੀਤੀ, ਪੀਰ ਨੇ ਸੱਤ ਪੁਤਰਾਂ ਦਾ ਵਰ ਦੇ ਦਿਤਾ, ਪਰ ਸ਼ਰਤ ਇਹ ਹੈ ਕਿ ਪਹਿਲਾ ਪੁਤ੍ਰ ਮੇਰਾ ਚੇਲਾ ਬਨਣਾ, ਮਾਈ *'ਸੁੱਖਣਾ' ਕੀਤੀ ਨਾ ਦਿਤੀ, ਮੋਹ ਮਮਤਾ 'ਚ ਭੁੱਲ ਗਈ, ਪੁਤ੍ਰ ਸੱਤੇ ਵਿਆਹੇ ਗਏ, ਨੂੰਹਾਂ ਨੂੰ ਲੈ ਕੇ ਪੀਰ ਪਾਸ ਮੱਥਾ ਟਿਕਾਣ ਆਈ, ਪੀਰ ਕ੍ਰੋਧ ਵਿਚ ਆ ਗਿਆ, ਤੇ ਕਿਹਾ ਇਹ ਸ਼ਹਿਰ

---

*'ਸੁੱਖਣਾ'–ਇਸ ਬਾਰੇ ਪਿਛੇ ਭੀ ਮਹਾਰਾਜਾ ਨਾਭਾ ਪੱਤ ਦੀ ਸੁੱਖਣਾ ਸੁੱਖੀ ਪੂਰੀ ਨਾ ਕਰਨ ਦਾ ਹਲ, ਅਤੇ ਸੰਤ ਬਾਬਾ ਜੁਗਿੰਦਰ ਸਿੰਘ ਜੀ ਨਿਹੰਗ ਸਿੰਘ (ਸਮਾਲਖਾ) ਵਾਲਿਆਂ ਨਾਲ ਬੀਤੀ ਵਾਰਤਾ ਆ ਚੁਕੀ ਹੈ। ਇਕ ਹੋਰ ਘਟਨਾ ਜੋ ਦਾਸ ਰਾਹੀਂ ਵਾਪਰੀ ਸ਼ਰਧਾਲੂ ਜਨਾਂ ਦੇ ਧਿਆਨ ਯੋਗ ਲਿਖ ਹਿਹਾ ਹਾਂ, ਕਿ ਪਹਿਲਾਂ ਤਾਂ ਸੁੱਖਣਾ ਸੁਖੋ ਹੀ ਨਾ, ਸਤਿਗੁਰੂ ਨਾਲ ਗਿਣਤੀ-ਰਿਣਤੀ ਦਾ ਸੌਦਾ ਹੀ ਨਾ ਕਰੋ–ਜੇ ਕਰੋ ਭੀ ਤਾਂ ਫੌਰਨ ਸੁੱਖਣਾ-ਸੁਖੀ ਪੂਰੀ ਕਰ ਦਿਓ ਤਾਂ ਜੋ ਉਧਾਰ ਦਿਨੋਂ-ਦਿਨ ਸਿਰ ਤੇ ਨਾ ਚੜ੍ਹਿਆ ਰਵੇ, ਫਿਰ ਦੇਣਾ ਮੁਸ਼ਕਲ ਹੋ ਜਾਵੇ।

ਗੁ: ਢਕੌਲੀ ਪਾ: ੧੦ [ਜੋ ਜੀਰਕ ਪੁਰ ਚੌਂਕ ਤੋਂ ਕਾਲਕਾ ਜਾਂਦੀ ਸੜਕ ਤੇ ਪਹਾੜ ਵੱਲ ਹੈ।] ਦਸ ਮੈਨੇਜਰ ਡਿਊਟੀ ਕਰਦਾ ਸੀ–ਉਥੋਂ ਦੇ ਪ੍ਰਧਾਨ ਸ੍: ਬਚਨ ਸਿੰਘ ਦਾ 'ਸਾਲਾ' ਜੋ ਮੁਬਾਰਕ ਪੁਰ ਹੀ ਪਿੰਡ ਰਹਿੰਦਾ ਸੀ। ਬਹੁਤ ਸਾਲ ਉਸ ਦੇ ਕੋਈ ਔਲਾਦ ਨਾ ਹੋਈ–ਇਕ ਸਮੇਂ ਗੁ: ਫਤਿਹ ਗੜ੍ਹ ਸਾਹਿਬ [ਸਰਹੰਦ] ਪੁਤ੍ਰ ਦੀ ਦਾਤ ਦੀ ਮੰਗ ਲਈ ਅਰਦਾਸ ਕਰਵਾਈ ਤੇ ਅਖੰਡ ਪਾਠ ਸੁੱਖ ਆਏ। ਕਈ ਸਾਲਾਂ ਦੀ ਬੰਦ ਕੁੱਖ ਤਾਂ ਖੁਲੀ, ਜੋ ਸਤਿਗੁਰਾਂ ਬਖਸ਼ਸ਼ ਕਰਕੇ ਬੱਚੀ ਦਾ ਜਨਮ ਹੋਇਆ। ਪਰ ਇਹ ਸਿੰਘ ਨੇ ਸੁੱਖਣਾ ਵਿਸਾਰ ਛੱਡੀ ਦਿਤੀ ਨਾ, ਪਰ ਇਸ ਦਾ ਫਲ ਕੀ ਹੋਇਆ ਜੋ ਹਸਲ ਬੀਜੇ, ਬਾਹਰ ਤਾਂ ਦਿਸੇ–ਘਰ ਭਰ ਜਾਵੇਗਾ, ਪਰ ਘਰ ਫਸਲ ਆਵੇ, ਤਾਂ ਇਕ ਕੇਨਾ ਨਾ ਭਰਿਆ ਜਾਵੇ ਬੜੀ ਹੈਰਾਨੀ ਹੋਵੇ, ਇਹ ਸਿੰਘ ਨਿਹੰਗ ਸਿੰਘ ਸੀ, ਕਿਸੇ ਸਿਆਣੇ ਪਾਸੋਂ ਪੁਛਣ ਤੋਂ ਝੱਜਾ (ਸ਼ਰਮ) ਮਹਿਸੂਸ ਕਰੇ।

ਗੁ: ਢਕੌਲੀ ਮਸਿਆ ਦਾ ਦੀਵਾਨ ਦੀ ਸਮਾਪਤੀ ਤੇ ਪ੍ਰਧਾਨ ਸਾਹਿਬ ਆਪਣੇ ਸਾਲੇ ਨੂੰ ☛

ਝੂਠਿਆਂ ਦਾ ਹੈ ਇਸ ਨੂੰ ਗਰਕ ਕਰਨਾ ਹੈ, ਆਪਣੀ ਅਬਾਦਤ ਗਾਹ ਵਿਚ ਬੈਠ ਕੇ ਮੁਰੀਦਾਂ ਨੂੰ ਕਿਹਾ, ਦਰਵਾਜ਼ਾ ਨਹੀਂ ਖੋਹਲਣਾ।

☜ ਨਾਲ ਲੈ ਕੇ ਦਾਸ ਪਾਸ ਦਫਤਰ 'ਚ ਆਏ, ਤੇ ਸਾਰੀ ਵਿਥਿਆ ਦੱਸੀ। ਦਾਸ ਸੋਚੀਂ ਪੈ ਗਿਆ ਤੇ ਕਿਹਾ ਮੈਂ ਨਾ ਨਜੂਮੀਆਂ [ਜੋਤਸ਼ੀ] ਹਾਂ, ਨਾ ਅੰਤ੍ਰਯਾਮੀ, ਮੂਰਖ ਹਾਂ, ਨਾ ਹੀ ਢੋਂਗੀ ਸਾਧੂਆਂ ਵਾਂਗ ਪੁਛਣਾ-ਦਸਣਾ ਦਾ ਕੰਮ ਕਰਦਾ ਹਾਂ, ਇਸ ਬਾਰੇ ਤਾਂ ਸਤਿਗੁਰੂ ਹੀ ਜਾਣਦੇ ਹਨ।

ਦਾਸ– ਪ੍ਰਧਾਨ ਸਾਹਿਬ ! ਆਪ ਨੂੰ ਕਿਸ ਨੇ ਦਸਿਆ ਕਿ ਮੈਂ ਪੁਛਣਾ-ਦਸਣਾ ਦਸਦਾ ਹਾਂ ? ਜਦ ਕਿ ਕਈ ਸਾਲਾਂ ਦਾ ਤੁਹਾਡਾ ਮੇਰਾ ਮੇਲ ਹੈ, ਕਦੀ ਅਜੇਹਾ ਕਰਦਿਆਂ ਵੇਖਿਆ ਹੈ ?

ਪ੍ਰਧਾਨ ਸਾਹਿਬ– ਗਿਆਨੀ ਜੀ ! ਧਾਗੇ-ਤਵੀਜ਼ ਜਾਂ ਪੁਛਾਂ ਤਾਂ ਆਪ ਨਹੀਂ ਦੇਂਦੇ, ਪਰ ਨਾ ਜਾਣੇ ਇਹ ਫੁਰਨਾ ਕਿਉਂ ਫੁਰਿਆ ਹੈ, ਇਹ ਨਿਹੰਗ ਸਿੰਘ ਹੈ ਕਿਸੇ ਸਿਆਣੇ ਪਾਸ ਜਾਂਦਾ ਭੀ ਨਹੀਂ ?

ਦਾਸ-- ਮੈਂ ਕਿਹੜਾ ਸਿਆਣਾ ਹਾਂ, ਆਹ ਕਿਤਾਬਾਂ ਨਾਲ ਮੱਥਾ ਮਾਰਨ ਵਾਲਾ ਹਾਂ।

ਪ੍ਰਧਾਨ ਜੀ-- ਗਿਆਨੀ ਜੀ ! ਜਦ ਆਪ ਸੰਗਤ ਵਿਚ ਕਥਾ ਕਰਦੇ ਹੋ, ਤਾਂ ਮਨ ਵਿਚ ਕਈ ਵਾਰੀ ਅਸਚਰਜ ਵਿਚਾਰਾਂ ਕਰਕੇ, ਮਨ ਚਾਹਿਆ ਕਿ ਇਸ ਦਾ ਕਾਰਨ ਪੁਛੀਏ ?

ਦਾਸ-- ਚੰਗਾ ਚਲੋ ਸਤਿਗੁਰੂ ਜੀ ਪਾਸੋਂ ਕਾਰਨ ਪੁੱਛ ਲੈਂਦੇ ਹਾਂ। ਭਾਵੇਂ ਉਹ ਅਸਚਰਜ ਤਾਂ ਹੋਇ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅਸੀਂ ਤਿੰਨੇ ਚਲੇ ਗਏ, ਮੱਥਾ ਟੇਕ, ਅਰਦਾਸ ਕਰ ਹੁਕਮਨਾਮਾ ਲਿਆ, ਤਾਂ ਗੁਰਬਾਣੀ (ਸਤਿਗੁਰੂ) ਜੀ ਪ੍ਰਤੱਖ ਫੁਰਮਾਣ ਬਖਸ਼ਸ਼ ਕੀਤਾ।

ਪੁਛਿਆ, ਸਿੰਘਾ ! ਕਦੀ ਫਤਿਹ ਗੜ੍ਹ ਸਾ: ਗਏ ਹੋ, ਸਿੰਘ ਕਹਿਣ ਲੱਗਾ ਜੀ ਜੋੜ ਮੇਲੇ ਤੇ ਹਰ ਸਾਲ ਜਾਂਦੇ ਹਾਂ, ਸਿੰਘਾ ! ਕੋਈ ਸੁੱਖਣਾ, ਸੁੱਖੀ ਹੋਵੇ, ਜੀ ਯਾਦ ਨਹੀਂ।

ਜਿਥੇ ਹਜ਼ੂਰ ਦੀ ਬਖਸ਼ਸ਼ 'ਫਤਿਹ ਗੜ੍ਹ ਸਾਹਿਬ' ਦਾ ਸੀਨ ਸਾਹਮਣੇ ਆਇਆ ਸੀ ਨਾਲ ਹੀ (੪) ਦਾ ਭਾਵ ਕਿ ਚਾਰ ਸਾਲ ਹੋਇ ਕੁਝ ਸੁੱਖਣਾ ਸੁੱਖੀ। ਨਿਹੰਗ ਸਿੰਘ ਕਿਹਾ ਜੀ ਹਾਂ, ਪੁਤ੍ਰ ਲਈ ਅਰਦਾਸ ਤੇ ਅਖੰਡ ਪਾਠ ਸੁੱਖਿਆ ਸੀ। ਫਿਰ ਸੁੱਖਣਾ ਦੇ ਦਿਤੀ ? ਜੀ ਨਹੀਂ। ਕਿਉਂ ? ਪੁੱਤਰ ਦੀ ਅਰਦਾਸ ਸੀ, ਪੁਤ੍ਰੀ ਹੋ ਗਈ ?

ਬੱਸ ! ਸ਼ੁਕਰਾਨਾ ਕਰਨਾ ਭੁਲ ਗਏ ? ਜਿਸ ਕਰਕੇ ਉਹ ਤੁਹਾਡੀ ਸੁੱਖੀ ਸੁੱਖਣਾ ਦਾ ਭਾਗ, ਤੁਹਾਡੀ ਫਸਲ ਵਿਚੋਂ ਲੈ ਜਾਂਦੇ ਹਨ। ਅਖੰਡ ਪਾਠ ਕਰਾਵੋ ਮਾਫੀ ਮੰਗੋ ਫਿਰ ਬਰਕਤ ਪਵੇਗੀ। ਪਰ ਉਹਨਾਂ ਅਖੰਡ ਪਾਠ ਤਾਂ ਕਰਾ ਦਿਤਾ ਪਰ ਜਿਵੇਂ ਮਰਯਾਦਾ ਦਸੀ ਸੀ ਨਾ ਕੀਤੀ, ਫਸਲ ਘਰ ਆਈ ਫਿਰ ਓਹੋ ਹਾਲ, ਛੇ ਮਹੀਨੇ ਬਾਹਦ ਆ ਦਸਿਆ, ਜਦ ਦਾਸ ਨੇ ਪੁਛਿਆ ! ਤਾਂ ਕਹਿਣ ਲਗੇ ਅਸੀਂ ਮਰਯਾਦਾ ਪੂਰਬਕ ਤਾਂ ਨਹੀਂ ਕਰਵਾ ਸਕੇ।

ਦਾਸ ਨੇ ਕਿਹਾ– ਦੁਬਾਰਾ ਹੁਣ 'ਮੂਲ' ਤੇ ਵਿਆਜ਼ ਵਧ ਗਿਆ ਹੈ, ਅਖੰਡ ਪਾਠ ਇਸ ਮਰਯਾਦਾ ਨਾਲ ਸ਼ਹੀਦਾਂ ਦੇ ਅਸਥਾਨ ਤੇ ਫਿਰ ਕਰਾਵੋ। ਹੁਣ ਪੰਜਾਂ ਪਾਠੀਆਂ ਦੇ ਬਸਤ੍ਰ [ਦਸਤਾਰ, ਚੋਲਾ, ਹਜ਼ੂਰੀਆ, [ਪਰਨਾ] ਦੋ ਕਛਹਿਰੇ] ਇਹ ਪਾਠੀ ਪਾਠ ਸਮੇਂ ਪਹਿਨਣ, ਬਨਵਾ ਕੇ ਦਿਓ, ☛

ਸੱਚ ਦੇ ਰਖਵਾਲੇ, ਮਰਦਾਨੇ ਨੂੰ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਸਿਆਲ ਕੋਟ ਪੁੱਜ ਗਏ। ਹਸਮਾ ਗੌਂਸ ਦੇ ਪਾਸ ਪੁੱਜ ਕੇ ਸਤਿ ਕਰਤਾਰ ਦੀ ਅਵਾਜ਼ ਦੇਣ ਨਾਲ ਗੁੰਬਦ ਫਟਿਆ ਤੇ ਇਟ ਪੀਰ ਦੇ ਮੱਥੇ ਤੇ ਵਜੀ, ਭੱਜਿਆ ਬਾਹਰ ਨੂੰ। ਤਾਂ ਸੰਸਾਰ ਰਖਵਾਲੇ ਸਤਿਗੁਰੂ ਕਿਹਾ, ਪੀਰ ਜੀ ਸਾਰੇ ਸ਼ਹਿਰ ਤੇ ਕਹਿਰ ਕਿਉਂ ? ਕਰੇ ਇਕ ਭਰੇ ਸਾਰਾ ਸ਼ਹਿਰ। ਇਹ ਕਲਜੁਗ ਦਾ ਨਿਯਮ ਨਹੀਂ ? ਖੁਦਾ ਦੀ ਦਰਗਾਹ ਵਿਚ ਤੇਰੀ ਤਲਬ (ਪੇਸ਼ੀ) ਵੇਲੇ ਕੀਹ ਜਵਾਬ ਦੇਵੇਂਗਾ ?

ਜਿਥੇ ਹੁਣ ਗੁ: ਬੇਰ ਸਾਹਿਬ ਹੈ ਪੀਰ ਨੂੰ ਨਾਲ ਲੈ ਆਂਦਾ, ਤੇ ਮਰਦਾਨੇ ਨੂੰ ਦੋ ਪੈਸੇ ਦੇ ਸੱਚ ਦੇ ਝੂਠ ਖਰੀਦਣ ਲਈ ਸ਼ਹਿਰ 'ਚ ਭੇਜ ਦਿਤਾ। ਇਸ ਮੂਲੇ ਖਤਰੇਟੇ ਨੇ ਦੋ ਪੈਸੇ ਲੈ ਮੱਥੇ ਤੇ ਲਾਏ, ਤੇ ਕਾਗਜ਼ ਤੇ ਲਿਖ ਦਿੱਤਾ, 'ਮਰਨਾ ਸੱਚ ਤੇ ਜਿਉਣਾ ਝੂਠ' ਜਦ ਸਤਿਗੁਰਾਂ ਪੀਰ ਨੂੰ ਇਹ ਪੜਾਇਆ ਤੇ ਪੁਛਿਆ–ਦਸ ! ਇਸ ਸ਼ਹਿਰ ਵਿਚ ਅਜੇਹੇ ਧਰਮੀ ਬੰਦੇ ਮਾਰ ਕੇ ਤੇਰਾ ਕਈ ਜਨਮਾਂ ਵਿਚ ਛੁਟਕਾਰਾ ਨਹੀਂ ਸੀ ਹੋਣਾ।

ਉਹ ਮੂਲਾ ਖੱਤਰੀ ਕੁਝ ਸਮਾਂ ਸਤਿਗੁਰਾਂ ਨਾਲ ਉਦਾਸੀ ਸਮੇਂ ਵਿਚਰਦਾ ਰਿਹਾ ਜਦ ਕੁਝ ਸਮਾਂ ਘਰ ਵਾਪਸ ਆਇਆ ਤਾਂ ਮੋਹ-ਮਾਇਆ ਦੇ ਧੰਦਿਆਂ ਨੇ ਉਲਝਾ ਲਿਆ। ਜਦ ਸਤਿਗੁਰੂ ਦੂਜੀ ਵਾਰੀ ਆ ਕੇ ਆਵਾਜ਼ ਦਿੱਤੀ, ਆ ਭਗਤਾ ਚਲੀਏ ? ਤਾਂ ਉਸ ਦੀ ਘਰ ਵਾਲੀ ਨੇ ਅੰਦਰ ਵੜਾ ਕੇ ਕਹਿ ਦਿਤਾ, ਜੀ ਉਹ ਘਰ ਨਹੀਂ–ਦੁਰੇਡੇ ਗਏ ਹੋਇ ਨੇ। ਸਤਿਗੁਰੂ ਅੰਤਰਯਾਮੀ ਬਚਨ ਕੀਤਾ ਹੱਛਾ ! ਦੁਰੇਡੇ ਗਏ ਨੇ ਹੁਣ ਅਸੀਂ ਦਸਵੇਂ ਜਾਮੇ ਚ' ਹੀ ਮਿਲ ਕੇ ਉਧਾਰ ਕਰਾਂਗੇ।

ਵਿਚਾਰ ਤਾਂ ਇਹ ਸੀ ਕਿ ਅਸੀਂ ਇਸੇ ਜਾਮੇਂ ਉਸ ਦਾ ਲੇਖਾ-ਜੋਖਾ ਮੁਕਾ ਕੇ ਉਸਨੂੰ ਇਸੇ ਜਨਮ ਵਿਚ ਮੁਕਤ ਕਰ ਦੇਂਦੇ, ਪਰ ਜਿਵੇਂ ਉਸ ਦੀ ਭਾਵਨਾ।

☜ ਪਾਠੀਆਂ ਦਾ ਪ੍ਰਸ਼ਾਦਾ ਘਰੋਂ ਰਸਦ ਲਿਜਾ ਕੇ ਆਪ ਸੁੱਚਮ ਨਾਲ ਤਿਆਰ ਕਰਕੇ ਛਕਾਵੋ, ਬਰਤਨ ਮਾਂਜੋ ਤੇ ਰੋਜ਼ਾਨਾ- ਗੁ: ਸਾਹਿਬ ਵਲੋਂ ਆਦ-ਮਧ ਤੇ ਅੰਤ ਕੜਾਹ ਪ੍ਰਸ਼ਾਦ ਤੋਂ ਵਖਰਾ ਘਰੋਂ ਦੇਸੀ ਘੀ ਸਾਰੀ ਰਸਦ ਲਿਜਾ ਕੇ ਆਪ ਪ੍ਰਸ਼ਾਦ ਤਿਆਰ ਕਰਕੇ ਹਰ ਰੋਜ਼ ੧੧-੧੧ ਰੁਪੈ ਅਰਦਾਸ ਭੇਟ ਰੱਖ ਭੁੱਲ ਚੁੱਕ ਦੀ ਆਪ ਅਰਦਾਸ ਕਰਨੀ ਹੈ।

ਇਹ ਸਾਰੀ ਜ਼ੁਮੇਵਾਰੀ ਪ੍ਰਧਾਨ ਸਾਹਿਬ ਨੇ ਖੁਦ ਲਈ–ਤੇ ਇਸੇ ਤਰ੍ਹਾਂ ਗੁ: ਸ੍ਰੀ ਫਤਿਹ ਗੜ੍ਹ ਸਾਹਿਬ ਸ਼ਹੀਦੀ ਅਸਥਾਨ ਤੇ ਅਖੰਡ ਪਾਠ ਕਰਵਾਇਆ, ਸੁੱਖਣਾ ਸੁਖੀ ਦਾ ਜਦ ਭਾਰ ਸਿਰੋਂ ਉਤਾ-ਰਿਆ ਤਾਂ ਸਤਿਗੁਰਾਂ ਅਤੇ ਸ਼ਹੀਦ ਸਾਹਿਬਜ਼ਾਦਿਆਂ ਬਖਸ਼ਸ਼ ਕਰ ਦਿੱਤੀ, ਪੁਤ੍ਰ ਦੀ ਦਾਤ ਭੀ ਪ੍ਰਾਪਤ ਹੋ ਗਈ ਅਤੇ ਜਦ ਘਰ ਫਸਲ ਆਈ ਤਾਂ ਘਰ ਸਾਰਾ ਭਰ ਗਿਆ, ਫਸਲ ਰਖਣ ਨੂੰ ਥਾਂ ਨਾ ਰਿਹਾ।

ਪ੍ਰਧਾਨ ਸਾ: ਤੇ ਉਹ ਨਿਹੰਗ ਸਿੰਘ–ਫਿਰ ਸ਼ੁਕਰਾਨੇ ਵਜੋਂ ਗੁ: ਸਾਹਿਬ ਢਕੌਲੀ ਪਾ: ੧੦ਵੀਂ ਭੀ ਉਸ ਪਹਿਲੀ ਫਸਲ ਚੋਂ ਆ ਕੇ ਅਖੰਡ ਪਾਠ ਕਰਵਾਇਆ।

ਤਾਂ ਤੇ ਸਤਿਗੁਰੂ ਨਾਲ ਲੇਖਾ ਪਾ ਕੇ ਨਹੀਂ ਪਹੁੰਚਿਆ ਜਾ ਸਕਦਾ, ਜਦ ਉਹ ਘਟ-ਘਟ ਦੀ ਜਾਣਦੇ ਹਨ ਅਤੇ– 'ਅੰਤਰਜਾਮੀ ਜਾਨੈ ।। ਬਿਨ ਬੋਲਤ ਆਪਿ ਪਛਾਨੈ ।।੩।। [ਸੋਰਠਿ ਮ: ੫–੬੨੧

ਜਦ ਕੁਝ ਦੂਰ ਹੀ ਸਤਿਗੁਰੂ ਗਏ ਸਨ, ਤਾਂ ਮੂਲੇ ਖੱਤਰੀ ਦੀ ਇਸਤ੍ਰੀ ਜਦ ਅੰਦਰ ਗਈ, ਤਾਂ 'ਮੂਲਾ' 'ਦੂਰ ਵਾਟੀਂ' ਪਹੁੰਚ ਗਿਆ ਸੀ—ਭਾਵ (ਅਕਾਲ ਚਲਾਣਾ ਕਰ ਗਿਆ ਸੀ) ਰੋਂਦੀ-ਪਿੱਟਦੀ ਬਾਬ ਦੇ ਚਰਨੀਂ ਢਹਿ ਪਈ, ਬਾਬੇ ਕਿਹਾ ਭਈ ਸਾਡੇ ਕੀ ਵਸ, ਤੁਸਾਂ ਆਪ ਹੀ ਆਖਿਆ ਸੀ ਦੁਰੇਡੇ ਗਏ ਹਨ, ਹੁਣ ਤਾਂ ਬਹੁਤ ਲੰਬਾ ਸਫਰ ਕਰਨ ਤੇ ਉਸ ਨੂੰ ਦਸਵੇਂ ਜਾਮੇਂ ਮਿਲਾਂਗੇ।

ਦਸਮੇਸ਼ ਸਤਿਗੁਰੂ ਜਦ ਇਸ ਪਹਾੜੀ ਤੇ ਪੁਜੇ ਤਾਂ ਇਕ ਸਹਿਆ ਨਿਕਲਿਆ, ਸਿੰਘਾਂ ਨੂੰ ਕਿਹਾ, ਅਸੀਂ ਇਸ ਦਾ ਸ਼ਿਕਾਰ ਕਰਾਂਗੇ, ਤੁਸਾਂ ਇਸ ਨੂੰ ਮਾਰਨ ਦਾ ਯਤਨ ਨਾ ਕਰਨਾ। ਸਹੇ ਨੇ ਬੜੇ ਦਾਓ-ਪੇਚ ਟਪੱਸੀਆਂ ਮਾਰਦਾ, ਦੌੜਦਾ ਰਿਹਾ, ਸਤਿਗੁਰੂ ਮੁਸਕਰਾਂਦੇ ਕਹਿ ਰਹੇ ਸਨ—ਓਇ ਮਿੱਤ੍ਰਾ! ਹੁਣ ਤੇ ਦਾਓ-ਪੇਚ ਕਰਨੋਂ ਛੱਡ ਦੇ, ਅਸੀਂ ਆਪਣੇ ਵਡੇ ਬਾਬੇ ਦਾ ਬਚਨ ਪਾਲਣ ਆ ਗਏ ਹਾਂ।

ਸਿੰਘ ਸਾਰੇ ਹੈਰਾਨ ਸਨ, ਪਰ ਸਤਿਗੁਰੂ ਉਸ ਨਾਲ ਕਲੋਲ ਕਰਦੇ ਰਹੇ। ਸਤਿਗੁਰਾਂ ਕਿਹਾ, ਅਸੀਂ ਤਾਂ ਉਸੇ ਜਾਮੇਂ ਤੇਰਾ ਉਧਾਰ ਕਰ ਦੇਣਾ ਸੀ, ਪਰ ਤੇਰੇ ਛਲ-ਕਪਟ ਮਾਇਆ ਦੀ ਮੈਲ ਨੇ ਤੇਰੇ ਸੁਹਿਰਦ ਹਿਰਦੇ ਤੇ ਕਾਲਖ ਜਮਾ ਦਿਤੀ, ਤੂੰ ਦਿਤਾ ਬਚਨ ਭੁਲ ਗਿਓਂ 'ਮਰਨਾ ਸੱਚ-ਜਿਉਣਾ ਝੂਠ', ਜਿਸ ਕਰਕੇ ਤੂੰ ਹੁਣ ਤੱਕ ਜੂਨੀਆਂ ਦੇ ਚੱਕਰਾਂ ਵਿਚ ਤੇ ਨਾ ਭਉਂਦੋ।

ਹਾਂ ਜੇ ਤੂੰ ਬਚਨ ਕਰਕੇ ਭੁੱਲ ਗਿਆ ਏਂ—ਪਰ ਅਸੀਂ ਤੇ ਕੀਤੇ ਬਚਨ ਨਹੀਂ ਭੁੱਲੇ? ਹਾਂ ਜੇ ਸਾਡਾ (ਪ੍ਰਮੇਸ਼ੂਰ ਦਾ) ਬਣ ਜਾਵੇ, ਓਦੋਂ ਤੱਕ 'ਗੁਰੂ' ਨਹੀਂ ਛੱਡਦਾ ਜਦੋਂ ਤੱਕ ਉਸ ਦੇ ਕਰਮ ਭੁਗਤਾ ਕੇ ਉਸਦਾ ਉਧਾਰ ਨਹੀਂ ਕਰ ਦੇਂਦਾ, ਇਹ ਪ੍ਰਭੂ ਦਾ ਅਟੱਲ ਨਿਯਮ ਹੈ।

ਆ ਹੁਣ ਮਿੱਤ੍ਰਾ! ਛੱਡ ਵਲ-ਛਲ, ਤੇਰਾ ਉਧਾਰ ਕਰਨ ਦਾ ਸਮਾਂ ਆ ਗਿਆ ਏ, ਨਾਲੇ ਵਡੇ ਬਾਬੇ ਦਾ ਬਚਨ ਭੀ ਪੂਰਾ ਕਰਕੇ ਤੇਰਾ ਉਧਾਰ ਕਰੀਏ? ਇਹ ਰੱਬੀ ਅਲਾਹੀ ਤੀਰ ਬਚਨਾਂ ਦਾ ਬਾਣ ਜਦ ਵੱਜਾ ਤਾਂ ਸਹਿਆ ਹਜ਼ੂਰ ਦੇ ਸਾਹਮਣੇ ਆ ਕੇ ਖਲੋ ਗਿਆ।

ਸਤਿਗੁਰਾਂ ਤੀਰ ਮਾਰ, ਜੂਨੀਆਂ ਤੋਂ ਮੁਕਤ ਕਰ ਦਿੱਤਾ।

ਸਤਿਗੁਰੂ ਜੀ ਨੇ ਕੋਲ ਜਾ ਕੇ ਸਹੈ ਨੂੰ ਚੁੱਕ ਲਿਆ ਤੇ ਹਜ਼ੂਰੀਏ (ਪਰਨੇ) ਨਾਲ ਉਸ ਦੇ ਚੇਹਰੇ ਸਰੀਰ ਨੂੰ ਸਾਫ ਕਰਦੇ ਫੁਰਮਾ ਰਹੇ ਸਨ—ਭਲਾ! ਆਦਤ ਕਾਹਨੂੰ ਜਾਂਦੀ ਏ, ਵਲ-ਛਲ ਕਰਨ ਦੀ, ਲੈ ਮਿੱਤ੍ਰਾ! ਅਸੀਂ ਆ ਹੀ ਬਹੁੜੇ ਹਾਂ ਤੇ ਵਡੇ ਬਾਬੇ ਦਾ ਬਚਨ ਪਾਲ ਦਿਤਾ ਏ?

ਕੋਲ ਖੜੇ ਸਾਰੇ ਸਿੰਘ—ਸਤਿਗੁਰਾਂ ਦੇ ਇਸ ਚੋਜ ਤੋਂ ਹੈਰਾਨ ਹੋ ਰਹੇ ਹਨ, ਇਸ ਸਹੇ ਨਾਲ ਇਤਨਾ ਪਿਆਰ ਕਰਦੇ ਹਨ, ਇਹ ਭੀ ਕੋਈ ਅਸਚਰਜ ਕੌਤਕ ਹਨ ਸਤਿਗੁਰਾਂ ਦੇ, ਇਹਨਾਂ ਦੇ ਚੋਜ ਇਹ ਜਾਨਣ।

ਭਾਈ ਦਯਾ ਸਿੰਘ ਜੀ— ਸਤਿਗੁਰੂ ਜੀ! ਇਸ 'ਸਹੈ' ਨਾਲ ਇਤਨਾ ਪਿਆਰ ਲਾਡ ਕਿਉਂ ਕਰਦੇ ਹੋ? ਜੇ ਇਤਨਾ ਪਿਆਰਾ ਸੀ, ਤਾਂ ਮਾਰਨਾ ਕਾਹਨੂੰ ਸੀ—ਫੜ ਲੈਂਦੇ, ਤੁਸੀਂ ਰੋਜ਼ ਇਸ ਨਾਲ ਲਾਡ ਲਡਾਈ ਜਾਂਦੇ, ਨਾਲੇ ਇਸਦੇ ਚੋਜ-ਚੁੰਗੀਆਂ ਵੇਖ ਲਿਆ ਕਰਦੇ। ਪਰ ਜਿਸ ਦਾ ਆਪ ਜੀ ਨੇ ਉਧਾਰ ਕੀਤਾ ਹੈ, ਹੈ ਕੌਣ?

ਸਤਿਗੁਰੂ ਜੀ— ਹਾਂ ਸਿੰਘੋ! ਇਹ ਸਾਡਾ ਬੜਾ ਪਿਆਰ ਵਾਲਾ ਸਿੱਖ ਸੀ। ਭਾਈ ਮੂਲਾ ਖੱਤਰੀ (ਸਿਆਲਕੋਟ ਵਾਲਾ ਸੀ), ਸਾਰਾ ਪ੍ਰਸੰਗ ਸਤਿਗੁਰਾਂ ਸਰਵਣ ਕਰਾਇਆ। ਹਾਂ ਭਾਈ! ਸਾਡੀ ਜ਼ਾਮਨੀ ਸੀ ਵਡੇ ਬਾਬੇ—ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਫੁਰਮਾਇਆ ਸੀ ਕਿ ਅਸੀਂ ਹੁਣ ਇਸ ਨੂੰ ਦੁਰੇਡੇ ਮਿਲਾਂਗੇ। ਸੋ ਕੀਤੇ ਬਚਨਾਂ ਦੀ ਪੂਰਤੀ ਲਈ ਸਾਨੂੰ ਹੁਣ ਇਸ ਦਾ ਉਧਾਰ ਕਰਨਾ ਜ਼ਰੂਰੀ ਸੀ। ਕਿਉਂਕਿ ਗੁਰੂ' ਦਾ ਇਹ ਪਰਪੱਕ ਅਟੱਲ ਨਿਯਮ ਹੁੰਦਾ ਏ, ਅਤੇ ਪੂਰੇ ਗੁਰੂ ਦੇ ਦਰਸ਼ਨ ਵਿਚ ਇਹ ਬਰਕਤ ਹੁੰਦੀ ਹੈ ਕਿ ਜੋ ਜੀਵ ਦਰਸ਼ਨ ਕਰਨ ਵਾਲੇ ਅਤੇ ਸ਼ਰਧਾ ਧਾਰਨ ਕਰਨ ਵਾਲੇ ਹੁੰਦੇ ਹਨ, ਉਹਨਾਂ ਦਾ ਉਧਾਰ ਕਰਨਾ ਹੀ ਹੁੰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ—

ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥

[ਸੋਰਠਿ ਮ: ੫—੬੧੨

'ਗੁਰੂ' ਨਾਮ ਸੁਣਨ ਤੇ ਵੇਖਣ ਦੀ ਏਨੀ ਸ਼ਕਤਿ ਦਾ ਮਹਾਤਮ ਦਸਿਆ ਹੈ ਕਿ ਉਹ ਜੀਵ ਫਿਰ ਜੂਨੀ ਵਿਚ ਨਹੀਂ ਆਉਂਦਾ। ਫਿਰ ਇਹ ਤਾਂ ਵਡੇ ਬਾਬਾ ਜੀ ਦਾ ਕੁਝ ਸਮਾਂ ਸਾਥੀ ਹੋ ਕੇ ਵਿਚਰਿਆ ਸੀ।

ਤਾਂ ਤੇ ਗੁਰੂ ਦਾ ਬਿਰਦ ਹੈ, ਬਾਂਹ ਪਕੜੇ ਦੀ ਲਾਜ ਰਖਣੀ, ਅਤੇ ਵਿਸ਼ਵਾਸੀ ਜੀਵ, ਜਿਸ ਨੇ ਗੁਰੂ ਧਾਰਨ ਕਰ ਕੇ ਗੁਰ ਮੰਤ੍ਰ ਲੈ ਲਿਆ ਹੋਵੇ, ਉਸ ਦੇ ਮੰਦੇ ਕਰਮਾਂ ਦਾ ਫਲ ਭੁਗਤਾ ਕੇ, ਭਾਵੇਂ ਕਿਤਨਾ ਭੀ ਸਮਾਂ ਲਗ ਜਾਵੇ, ਮੁਕਤ ਕਰਨਾ ਹੁੰਦਾ ਹੈ। ਸਤਿਗੁਰੂ ਜੋ ਆਪ ਮੁਕਤ ਹੋਵੇ ਅਤੇ ਸੰਸਾਰ ਦੇ ਜੀਵਾਂ ਨੂੰ ਮੁਕਤ ਕਰਨ ਦੀ ਸ਼ਕਤੀ ਰਖੇ। ਜਿਹਾ ਕਿ—

ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ਰਹਾਉ॥

[ਕਾਨੜਾ ਮ: ੫—੧੩੦੧

ਸੋ ਗੁਰੂ ਹਮੇਸ਼ਾਂ ਸਿੱਖ ਦੀ ਲਾਜ ਰਖਦਾ ਹੈ ਅਤੇ ਭੁਲ ਦਾ ਭੁਗਤਾਨ ਕਰਵਾ ਕੇ 'ਮੋਖਸ਼' ਪਦਵੀ ਬਖਸ਼ਦਾ ਹੈ। ਜਦ ਸਤਿਗੁਰੂ ਅਸਥੂਲ ਰੂਪ ਵਿਚ ਅਵਤਰਦਾ ਹੈ ਤਾਂ ਭੀ, ਅਤੇ ਜਦੋਂ ਸੂਖਸ਼ਮ ਸ੍ਵਰੂਪ ਹੁੰਦਾ ਹੈ, ਸਿੱਖ ਜੋ ਗੁਰ ਉਪਦੇਸ਼ ਸੁਣ ਕੇ, ਮੰਨ ਕੇ ਦ੍ਰਿੜ੍ਹ ਵਿਸ਼ਵਾਸ ਨਾਲ ਉਸ ਤੇ ਅਮਲੀ ਜੀਵਨ ਵਿਚ ਸੰਮਿਲਤ ਕਰਦਾ ਹੈ, ਤਾਂ ਹਰ ਸਮੇਂ [ਅਸਥੂਲ ਜਾਂ ਸੂਖਸ਼ਮ ਰੂਪ ਵਿਚ] ਸਿੱਖ ਦੀ ਮਾਤਾ ਪਿਤਾ ਵਾਂਗ ਹੀ ਪ੍ਰਤਿਪਾਲਣਾ ਕਰਦਾ ਹੈ।

ਆਪਹਿ ਬਾਪ ਆਪ ਹੀ ਮਾਇਓ ॥ ਆਪਹਿ ਸੂਖਮ ਆਪਹਿ ਅਸਥੂਲਾ ॥
ਲਖੀ ਨ ਜਾਈ ਨਾਨਕ ਲੀਲਾ ॥ [ਗਉੜੀ ਬਾਵਨ ਅਖਰੀ ਮ: ੫—੨੫੭

ਜਿਥੇ ਮੂਲੇ ਖਤਰੀ ਦਾ (ਸ਼ਿਕਾਰ ਘਾਟ ਤੇ) ਉਧਾਰ ਕੀਤਾ ਸੀ, ਦਰ ਅਸਲ ਇਹ ਪਹਾੜ ਹਨੂੰਮਾਨ ਜੀ ਦੇ ਜਨਮ ਅਸਥਾਨ ਨਾਲ ਸਬੰਧ ਰਖਦਾ ਹੈ ਅਤੇ ਅੰਜਨੀ* ਜੋ ਹਨੂੰਮਾਨ ਜੀ ਦੀ ਮਾਤਾ ਸੀ,

*ਹਨਵੰਤ—ਵਾਲਮੀਕ ਕਾਂਡ ੪, ਅ: ੬੬ ਵਿਚ ਲਿਖਿਆ ਹੈ ਕਿ 'ਅਪਰਾ' 'ਪੁੰਜਿਕਸਥਲਾ' ਜਿਸ ਨੂੰ 'ਅੰਜਨੀ' ਭੀ ਆਖਦੇ ਹਨ—ਇਹ ਕੇਸਰੀ ਵਾਨਰ ਦੀ ਇਸਤ੍ਰੀ ਸੀ, ਜੋ ਬੜੀ ਸੁੰਦਰ ਸੀ। ਇਸ ਤੇ ☛

ਉਸ ਦਾ ਤੱਪ ਅਸਥਾਨ [ਗੁਫ਼ਾ] ਮੰਦਰ ਹੈ,ਜੋ ਗੁਰਦਵਾਰਾ ਸ਼ਿਕਾਰ ਘਾਟ ਤੋਂ ਹੇਠਾਂ ਗੁਦਾਵਰੀ ਵੱਲ ਹੈ।

ਸਤਿਗੁਰੂ ਜੀ ਮੂਲੇ ਖੱਤਰੀ ਦਾ ਉਧਾਰ ਕਰ ਕੇ ਵਾਪਸ ਹੀਰਾ ਘਾਟ ਆ ਬਿਰਾਜੇ।

☜'ਪਵਨ ਦੇਵਤਾ' ਕਾਮਾਤੁਰ ਹੋ ਕੇ ਲਿਪਟ ਗਿਆ। ਜਿਸ ਤੋਂ 'ਹਨੂੰਮਾਨ', ਬੜਾ ਬਲੀ 'ਪੌਣ - ਪੁੱਤਰ' ਜਨਮਿਆ, ਤਾਂ ਹੀ ਇਸ ਨੂੰ ਪਵਣ ਵਿਚ ਉਡਣ ਦੀ ਸ਼ਕਤੀ ਸੀ।

ਅਜੇ ਹਨੂੰਮਾਨ ਬਾਲ ਅਵਸਥਾ ਵਿਚ ਹੀ ਸੀ, ਤਾਂ ਸੂਰਜ ਨੂੰ 'ਫਲ' (ਖਿਡੌਣਾ) ਸਮਝ ਕੇ ਉਸ ਉਪਰ ਨੂੰ ਕੁਦਿਆ, ਤਾਂ ਇੰਦਰ ਨੈ ਸੂਰਜ ਦੀ ਰਖਿਆ ਕੀਤੀ। ਬਾਲਕ ਨੂੰ ਵੱਜਰ ਮਾਰਕੇ ਜ਼ਮੀਨ ਤੇ ਸੁਟ ਦਿਤਾ। ਜਿਸ ਤੋਂ ਬੱਚੇ [ਹਨੂੰਮਾਨ] ਦਾ 'ਹਨ' (ਜਬਾੜਾ) ਵਿੰਗਾ ਹੋ ਗਿਆ। ਤਾਂ ਇਸ ਦਾ ਨਾਮ ਹਨ–ਮਾਨ ਰਖ ਦਿਤਾ ਗਿਆ।

ਦਸਦੇ ਹਨ ਇਹ ਪਹਾੜ ੭ ਮੀਲ ਉਚਾ ਸੀ। ਹਨੂੰਮਾਨ ਦੇ ਡਿਗਣ ਨਾਲ ਧਰਤੀ ਵਿਚ ਧੱਸ ਗਿਆ। ਹੁਣ ਕੇਵਲ ਅੱਧੀ ਫਰਲਾਂਗ ਹੀ ਪਹਾੜੀ [ਇਹ ਸ਼ਿਕਾਰ ਘਾਟ] ਵਾਲੀ ਉਚੀ ਰਹਿ ਗਈ ਹੈ।

[ਮਹਾਨ ਕੋਸ਼ –ਅੱਖਰ ਹਨੂੰਮਾਨ - ਹਣਵੰਤ ਵੇਖੋ

ਇਸੇ ਤਰ੍ਹਾਂ ਹੋਰ ਭੀ ਕਥਾਵਾਂ ਪ੍ਰਚੱਲਤ ਹਨ–

ਅੰਜਨੀ ਮਹਾਂਰਿਸ਼ੀ ਗੌਤਮ ਜੀ ਦੀ ਕੰਨਿਆ ਸੀ। ਗੌਤਮ ਨੇ ਉਸ ਨੂੰ ਉਸ ਸਮੇਂ ਸਰਾਪ ਦੇ ਦਿਤਾ, ਕਿ ਤੂੰ ਮਾਂ ਦੇ ਧੋਖੇ ਵਿਚ ਆਈ ਹੈਂ, ਜਾਹ ਤੂੰ ਕੰਵਾਰੀ ਹੀ ਬੱਚੇ ਨੂੰ ਜਨਮ ਦੇਵੇਂਗੀ।

ਇਹ ਇਸ ਪਹਾੜ ਦੀ ਗੁੱਫਾ ਵਿਚ ਤੱਪ ਕਰਨ ਲਗੀ, ਤੇ ਨਾਲ ਹੀ ਇਹ ਪ੍ਰਣ ਕੀਤਾ ਕਿ ਮੈਂ ਕਿਸੇ ਮਰਦ ਦੇ ਮੱਥੇ ਨਹੀਂ ਲੱਗਣਾ। ਉਸ ਨੇ ਇਤਨਾ ਘੋਰ ਤੱਪ ਕੀਤਾ ਕਿ ਸਾਰੇ ਦੇਵਤੇ ਭੈ ਮਾਨ ਹੋ ਗਏ। ਤਾਂ ਸ਼ਿਵ ਜੀ ਨੂੰ ਬੇਨਤੀ ਕੀਤੀ ਕਿ ਇਸ ਦਾ ਤੱਪ ਭੰਗ ਕੀਤਾ ਜਾਵੇ। ਸ਼ਿਵਜੀ ਨੇ ਜਦ ਆਤਮਿਕ-ਦ੍ਰਿਸ਼ਟੀ ਰਾਹੀਂ ਜਦ ਅੰਜਨੀ ਦੀ ਸੁੰਦਰਤਾ ਵੇਖੀ ਤਾਂ ਉਹ ਕਾਮਾਤੁਰ ਹੋ ਕੇ ਇਸ ਦੇ ਤਪ ਨੂੰ ਭੰਗ ਕਰਨ ਲਈ ਅਸਥੂਲ ਸਰੀਰ ਧਾਰ ਕੇ ਧਰਤੀ ਉਤੇ ਆ ਕੇ 'ਅੰਜਨੀ' ਦੀ ਗੁਫਾ ਪਾਸ ਖੜੋ ਕੇ ਆਵਾਜ਼ ਦਿਤੀ–

ਅੰਜਨੀ ! ਤੂੰ ਗੁਰਮੰਤਰ ਤੋਂ ਹੀਣੀ ਹੈਂ, ਤੇਰੀ ਤੱਪਸਿਆ ਨਿਹਫਲ (ਬੇਅਰਥ) ਜਾਵੇਗੀ। ਅਤੇ ਨਾ ਹੀ ਗੁਰੂ ਧਾਰਨ ਤੋਂ ਬਿਨਾਂ ਤੇਰੀ ਕਲਿਆਣ ਹੋ ਸਕੇਗੀ, ਤੂੰ ਭਾਵੇਂ ਗੁਰੂ ਬਿਨਾਂ ਚਾਰ ਜੁਗ ਤੱਪ ਕਰਦੀ ਰਹੁ। ਇਹ ਸੁਣ ਕੇ ਅੰਜਨੀ ਭੈ - ਭੀਤ ਹੋ ਗਈ।

ਅੰਜਨੀ ਨੇ ਕਿਹਾ– ਭਗਵਾਨ ! ਮੇਰਾ ਪ੍ਰਣ ਹੈ ਕਿ ਮੈਂ ਮਰਦ ਦੇ ਮਥੇ ਨਹੀਂ ਲਗਣਾ। ਤਾਂ ਸ਼ਿਵਜੀ ਕਾਮਾਤੁਰ ਵਾਸਨਾ ਵਿਚ ਨੇੜੇ ਹੋ ਕੇ, ਕੰਧ ਦੀ ਮੋਰੀ ਵਿਚੋਂ ਨੜੇ (ਖਾਲੀ ਬਾਂਸ ਦੀ ਪੋਰੀ) ਰਾਹੀਂ (ਬੀਜ ਮੰਤਰ) ਅੰਜਨੀ ਦੇ ਕੰਨ ਰਾਹੀਂ ਅੰਦਰ ਪ੍ਰਵੇਸ਼ ਕਰ ਦਿਤਾ, ਜਿਸ ਤੋਂ ਉਹ ਗਰਭਵਤੀ ਹੋਈ ਅਤੇ ਉਸ ਪਵਨ ਪੁਤਰ ਹਨੂੰਮਾਨ ਨੂੰ ਜਨਮ ਦਿਤਾ।

ਰਾਮਾਯਣ ਵਿਚ ਹਨੂੰਮਾਨ ਦੇ ਬਲ ਦੀਆਂ ਅਨੇਕ ਕਥਾਵਾਂ ਹਨ। ਸ੍ਰੀ ਦਸਮ ਗ੍ਰੰਥ ਪਾ: ੧੦ 'ਰਾਮਾ ਅਵਤਾਰ' ਵਿਚ ਭੀ ਜ਼ਿਕਰ ਹੈ, ਪੜ੍ਹਿਆ ਜਾ ਸਕਦਾ ਹੈ।

(ਹਵਾਲਾ–ਸਾਖੀ ਪ੍ਰਮਾਣ ਟੀਕਾ ਗਿਆਨੀ ਨਰੈਣ ਸਿੰਘ

ਜੇ 'ਮਾਤਾ ਜਗਯਾਸੂ ਜੀਵ ਮੰਨ ਲਈਏ, ਤਾਂ ਖਾਲਸਾ ਐਤਨਾ ਸ਼ਕਤੀ-ਸ਼ਾਲੀ ਨਹੀਂ ਹੋ ਸਕਦਾ ਸ੍ਰੀ, ਖਾਲਸਾ ਜੀ ਦੀ 'ਸ਼ਕਤ' ਸ਼ਬਦ-ਸੁਰਤ ਨਾਲ ਤਗਉਤੀ (ਤਲਵਾਰ) ਦੀ ਜਨਮ ਦਾਤੀ ਆਦਿ ਸ਼ਕਤੀ 'ਆਦਿ ਭਵਾਨੀ ਈਸਰੀ ਮਾਇਆ ਜਾ ਕਉ ਨਾਮ ।।' [ਦਸਮ ਗ੍ਰੰਥ] ਹੀ ਹੋ ਸਕੀ ਹੈ–ਤਾਂ ਹੀ ਸ਼ਕਤੀ ਮਾਤਾ–ਮਾਤਾ ਸਾਹਿਬ ਕੌਰ (ਆਦਿ ਸ਼ਕਤੀ–ਅਕਾਲ ਪੁਰਖੁ) ਦੀ ਝੋਲੀ 'ਗੁਰੂ-ਖਾਲਸਾ' ਸਥਾਪਣ ਮਾਤਾ–ਮਾਤਾ ਸਾਹਿਬ ਕੌਰ (ਆਦਿ ਸ਼ਕਤੀ–ਅਕਾਲ ਪੁਰਖੁ) ਦੀ ਝੋਲੀ 'ਗੁਰੂ-ਖਾਲਸਾ' ਪਾਉਣਾ ਕੀਤਾ।

ਪੁਰਾਤਨ ਵਰਦਾਨ ਸਮਾਂ ਆਇਆ–ਇਸ ਨੂੰ ਪੂਰਾ ਕਰਨ ਲਈ ਜੋ ਸਤਿਜੁਗ 'ਚ ਆਦਿਲੇ ਮੇਲ, ਜਿਸ ਸ਼ਕਤ ਰਾਹੀਂ ਪ੍ਰਮੇਸ਼ੂਰ ਨੇ ਸੰਸਾਰ ਰਚਨਾਂ ਕੀਤੀ ਸੀ, ਅਤੇ ਓਸੇ ਸ਼ਕਤ ਨੇ ਦੈਂਤਾਂ ਦਾ ਨਾਸ ਕਰਨ ਸਮੇਂ, ਜਿਸ ਅਸਥਾਨ ੦(ਗੁ: ਮਾਤਾ ਸਾਹਿਬ ਕੌਰਾਂ) ਤੋਂ ਖਾਲਸਾ ਪੰਥ ਸਾਜਣ ਦਾ ਵਰਦਾਨ ਇੰਦ੍ਰ ਸੀ–ਉਸ ਅਸਥਾਨ ਨੂੰ ਉਜਾਗਰ ਕਰਨ ਲਈ ਹੀ ਮਾਤਾ ਸਾਹਿਬ ਕੌਰਾਂ ਨਾਲ ਇਥੋਂ ਤੱਕ ਆਏ ਸ਼ਨ, ਮਾਤਾ ਜੀ ਦਾ ਸੱਚਖੰਡ ਨਾਲ ਆਉਣਾ ਹੀ ਆਪਣਾ ਪੁਰਾਤਨ ਤੱਪ ਅਸਥਾਨ ਪ੍ਰਗਟ ਕਰਨਾ ਸੀ। ਅਤੇ ਇਹ ਤੱਪ ਅਸਥਾਨ ਆਪ ਖੁਦ ਪ੍ਰਗਟ ਕਰ–ਇਥੋਂ ਹੀ ਦਿੱਲੀ ਵਾਪਸ ਪਰਤ ਗਏ। ਸੱਚਖੰਡ ਵਾਲੀ ਵਾਰੀ ਨਹੀਂ ਗਏ।

ਸਤਿਗੁਰਾਂ ਆਪਣਾ ਉਹ ਅਸਥਾਨ ਹੀਰਾ ਘਾਟ (ਚੰਡਕਾ ਦੀ ਸਹਾਇਤਾ ਕਰਨ ਸਮੇਂ ਦਾ) ਇਸ ਲੁਪਤ ਜਾਮੇਂ ਆਸਣ ਲਾ ਪ੍ਰਗਟ ਕੀਤਾ। ਇਸੇ ਤਰ੍ਹਾਂ ਜੋ ਸਮੁੰਦ ਰਿਖੀ ਅਤੇ ਇਸ ਮਹਾਨ ਤਪੱਸਵੀ ਦਾ ਤੱਪ ਸਤਿਜੁਗ ਦਾ ਪੁਰਾਤਨ ਅਸਥਾਨ ਤਖਤ ਸ੍ਰੀ ਹਜ਼ੂਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਗੀਨਾ ਘਾਟ ਤੋਂ ਤੀਰ ਚਲਾ ਕੇ ਪ੍ਰਗਟ ਕੀਤਾ।

ਗੁ: ਸੰਗਤ ਸਾਹਿਬ—ਹੀਰਾ ਘਾਟ ਤੋਂ ਹੀ ਜਗਤ ਮਾਤਾ–ਮਾਤਾ ਸਾਹਿਬ ਕੌਰ ਜੀ ਨੂੰ 'ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ' ਦੇ ਪੰਜ ਸ਼ਸ਼ਤ੍ਰ ਤੇ ਮੋਹਰ, ਦੇ ਕੇ ਦਿੱਲੀ ਰਵਾਨਾ ਕਰ ਦਿੰਤਾ ਸੀ।

੦ਗੁ: ਮਾਤਾ ਜੀ– ਤਾਂ ਹੀ ਪਰਮ ਪੂਜਯ ਬਾਬਾ ਮਿੱਤ ਸਿੰਘ ਜੀ ਦਾ 'ਜਗਤ ਮਾਤਾ–ਮਾਤਾ ਸਾਹਿਬ ਕੌਰਾਂ ਦੇ ਅਸਥਾਨ ਨਾਲ ਪਿਆਰ, ਲਗਨ, ਉਮਾਹ, ਲਗਾਉ ਬਹੁਤ ਜਿਆਦਾ ਰੰਚਕ ਬਣ ਗਿਆ ਬਾਬਾ ਜੀ ਦੀ ਨਿਸ਼ਕਾਮ ਸੇਵਾ ਦਾ ਜੋ ਫਲ ਸੀ, ਉਹ ਉਹਨਾਂ ਤੇ ਹੋਈਆਂ ਬਖਸ਼ਸ਼ਾਂ ਦਾ ਅੱਜ ਸਾਕਾਰ ਰੂਪ ਉਜਾਗਰ ਹੋ ਦਰਸਾ ਰਿਹਾ ਹੈ।

ਬਾਬਾ ਜੀ ਨੇ ਸਾਰੀ ਉਮਰ ਜਗਤ ਮਾਤਾ ਦੇ ਚਰਨਾਂ ਵਿਚ ਸੇਵਾ ਕਰਨ ਲਈ ਨਛਾਵਰ ਕਰ ਦਿੱਤੀ। ਜਿਸ ਦੀ ਕੀਰਤੀ–ਕਹਿਣ ਸੁਨਣ ਨਾਲ ਹੀ ਨਹੀਂ ? ਸਗੋਂ ਨਿਸ਼ਕਾਮ ਸੇਵਾ ਕਰ ਵਿਖਾਉਣ ਵਿਚ ਜ਼ਿਆਦਾ ਮਹੱਤਤਾ ਰਖਦੀ ਹੈ। ਜਿਨਾਂ ਗੁਰੂ ਕੇ ਬਚਨਾਂ ਨੂੰ ਮੰਨ ਕੇ ਕਥਨੀ ਨਾਲੋਂ ਕਰਨੀ ਜਿਸ ਵਿਚ ਵਧੇਰੇ ਬਲ ਸ਼ਕਤੀ ਪ੍ਰਾਪਤ ਹੁੰਦੀ ਹੈ,ਕਠਨ ਘਾਲਾਂ ਘਾਲ ਕੇ ਕਰ ਵਿਖਾਇਆ।

[ਵਿਸਥਾਰ ਅਗੇ ਕਠਨ ਘਾਲਾਂ-ਘਾਲਣੀ ਘਾਲ ਕੇ ਜਗਤ ਮਾਤਾ ਦੇ ਅਸਥਾਨ ਨੂੰ ਸਾਰੇ ਸੰਸਾਰ ਵਿਚ ਉਜਾਗਰ ਕੀਤਾ–ਅਗੇ ਜੀਵਨੀ ਵਿਚ ਪੜ੍ਹਨਾ]

ਆਪ ਸਤਿਗੁਰੂ ਜੀ ਸਿੰਘਾਂ ਸਮੇਤ ਗੁ: ਸੰਗਤ ਸਾਹਿਬ (ਜੋ ਸ਼ਹਿਰ ਨਾਦੇੜ ਤੋਂ ਚੜ੍ਹਦੇ ਗੋਦਾਵਰੀ ਦੇ ਕੰਢੇ ਲਾਗੇ ਹੀ ਹੈ, ਅਤੇ ਹੈਦਰਾਬਾਦ ਜਾਣ ਵਾਲੀ ਸੜਕ ਦੇ ਪੁਲ ਤੋਂ ਲਹਿੰਦੇ ਹੈ) ਜੋ ਬ੍ਰਹਮ ਪੁਰੀ ਮਹੱਲੇ ਵਿਚ ਹੈ, ਸੱਚਖੰਡ ਤੋਂ ੧ ਮੀਲ ਦੇ ਕਰੀਬ ਹੈ, ਇਸ ਪਾਵਨ ਧਰਤੀ ਤੇ ਆ ਭਾਗ ਲਾਏ, ਇਥੇ ਹੀ ਬਹਾਦਰ ਸ਼ਾਹ ਦੀ ਅਰਜ਼ ਕਰਨ ਤੇ ਕਿ ਸ਼ਾਹੀ ਖਜ਼ਾਨਾ ਪੁਜਾ ਨਹੀਂ–ਫੌਜ ਨੂੰ ੦ਤਲਬਾ [ਤਨਖਾਹਾਂ] ਦੇਣੀਆਂ ਹਨ, ਕ੍ਰਿਪਾ ਕਰੋ ਮਾਇਆ ਬਖਸ਼ੋ, ਸ਼ਾਹੀ ਖਜ਼ਾਨਾ ਪੁਜਣ ਤੇ ਇਹ ਸਾਰੀ ਰਕਮ ਵਾਪਸ ਕਰ ਦਿਆਂਗਾ, ਕਿਧਰੇ ਫੌਜ ਬਾਗੀ ਨਾ ਹੋ ਜਾਵੇ।

ਸਤਿਗੁਰੂ ਉਦਾਰ ਚਿੱਤ, ਸਿੰਘਾਂ ਨੂੰ ਕਿਹਾ, ਜਾਓ ਮਾਲ ਟੇਕਰੀ ਤੋਂ ਵੱਡੇ ਬਾਬੇ ਦੇ ਖਜ਼ਾਨੇ 'ਚੋਂ ਮਾਇਆ ਲੈ ਆਵੋ, ਤਾਂ ਸਤਿਗੁਰਾਂ ਸ਼ਾਹੀ ਫੌਜ ਨੂੰ ਤੇ ਆਪਣੇ ਸਿੰਘਾਂ ਨੂੰ ਢਾਲਾਂ ਭਰ ਭਰ ਕੇ ਮਾਇਆ ਬੇ ਗਿਣਤ ਵੰਡੀ, ਫਿਰ ਭੀ ਜੋ ਬਚ ਗਈ, ਉਸੇ ਅਸਥਾਣ ਤੇ ਸਿੰਘਾਂ ਨੂੰ ਭੇਜ ਕੇ +ਦਬਵਾ ਦਿੱਤੀ।

੦ਤਲਬ– (ਤ)ਵੇਤਨ, ਤਨਖ਼ਾਹ, ਨੌਕਰੀ–[ਮਹਾਨ ਕੋਸ਼ 'ਚ 'ਤਲਬ' ਵੇਖੋ] ਇਹ ਅਰਬੀ ਦਾ ਅੱਖਰ ਹੈ, ਕੀਤੇ ਕੰਮ ਦੀ ਮਜ਼ਦੂਰੀ ਦੇਣੀ, ਜਿਸ ਨੂੰ ਨੌਕਰੀ ਪੇਸ਼ੇ ਵਾਲੇ ਨੂੰ ਜੋ ਕੰਮ ਬਦਲੇ ਪੈਸੇ ਮਿਲਦੇ ਹਨ ਉਸ ਨੂੰ ਤਨਖਾਹ ਕਿਹਾ ਜਾਂਦਾ ਹੈ।

ਪ੍ਰੰਤੂ ਗੁਰਮਤ ਅਨੁਸਾਰ, ਗੁਨਾਹੀ ਪੁਰਸ਼ ਨੂੰ ਸਜ਼ਾ ਦੇਣੀ ਹੋਵੇ, ਤਾਂ ਪੰਜ ਪਿਆਰਿਆਂ ਵਲੋਂ ਲਾਈ ਸੇਵਾ [ਸਜ਼ਾ-ਜੁਰਮਾਨਾ] ਨੂੰ ਤਨਖਾਹ ਜਾਂ ਤਨਖਾਹੀਆ ਕਿਹਾ ਜਾਂਦਾ ਹੈ।

+ਮਾਇਆ ਦਬਾ ਦਿੱਤੀ– ਜਦ ਦਸਮੇਸ਼ ਜੀ ਨੇ ਮਾਲਟੇਕਰੀ ਤੋਂ ਗੁਪਤ ਖਜ਼ਾਨਾ ਮੰਗਵਾ ਕੇ ਤਲਬਾਂ ਦਿੱਤੀਆਂ ਸਨ, ਅਤੇ ਬਚੀ ਮਾਇਆ ਉਥੇ ਹੀ ਦਬਵਾ ਦਿਤੀ ਸੀ, ਅਤੇ ਬਚਨ ਕੀਤਾ ਸੀ, ਕਿ ਇਥੇ ਬਹੁਤ ਸਾਰਾ ਖਜ਼ਾਨਾ ਹੈ, ੯੬ ਕ੍ਰੋੜ ਖਾਲਸਾ ਇਸ ਨੂੰ ਵਰਤੇਗਾ, ਅਤੁਟ ਲੰਗਰ ਵਰਤਣਗੇ।

ਇਹ ਬਚਨ ਨਾਦੇੜ ਦੇ ਵਸਨੀਕਾਂ ਵਿਚ ਸੀਨੇ-ਬਸੀਨੇ ਚਲੇ ਆ ਰਹੇ ਸਨ ਪਰ ਗੁਰ ਅਸਥਾਣ ਬਨਣ ਕਰਕੇ ਤੇ ਸਿੰਘਾਂ ਦੇ ਪਹਿਰੇ ਕਰ ਕੇ ਹਰ ਕੋਈ ਭੈ ਖਾਂਦਾ ਸੀ।

ਇਕ ਵਾਰੀ ਜਦ ਪਲੇਗ ਦੀ ਖਤਰਨਾਕ ਬੀਮਾਰੀ ੧੯੦੧ ਤੇ ੧੯੦੩ ਵਿਚ ਨਾਦੇੜ ਵਿਚ ਪੈ ਗਈ–ਘਰਾਂ ਦੇ ਘਰ ਖਾਲੀ ਹੋਣ ਲਗੇ–ਕਮਾਈ ਦਾ ਸਾਧਨ ਨਾ ਦਿਸਣ ਕਰਕੇ, ਮੁਸਲਮਾਨ ਇਹ ਜਾਣ ਕੇ ਕਿ ਇਥੇ ਧਨ ਹੈ–ਪੁਟ ਕੇ ਗੁਜ਼ਰਾਨ ਕਰਦੇ ਰਵਾਂਗੇ, ਨਾਲੇ ਸ਼ਹਿਰੋਂ ਦੂਰ ਅਛੂਤ ਦੀ ਬੀਮਾਰੀ ਤੋਂ ਬਚੇ ਰਵਾਂਗੇ–ਜਾਣ ਬੁਝ ਕੇ ਮੁਰਦਾ ਦੱਬ ਕੇ ਕਬਰ ਬਣਾਕੇ, ਮਸੀਤ ਬਣਾ ਲਈ, ਰਹਿਣ ਲਗ ਪਏ, ਮਸੀਤ ਦੀ ਚਾਰ ਦੀਵਾਰੀ ਬਣਾ ਲਈ ਕਿ ਕੋਈ ਵੇਖੇ ਨਾ।

ਧਨ ਪ੍ਰਾਪਤੀ ਲਈ, ਜਿਥੋਂ ਧਰਤੀ ਪੁਟਦੇ, ਵਿਚੋਂ ਕੋਲੇ ਨਿਕਲਦੇ, ਬਹੁਤ ਸਾਰੇ ਮੁਸਲਮਾਨ ਨਾਦੇੜ ਬੀਮਾਰੀ ਕਾਰਨ ਇਥੇ ਆ ਵਸੇ। ਜਦ ਸਿੰਘਾਂ ਨੂੰ ਇਸ ਸਾਰੀ ਹਕੀਕਤ ਦਾ ਪਤਾ ਲੱਗਾ ਤਾਂ ਇਹ ਥਾਂਉ ਸਤਿਗੁਰਾਂ ਦੀ ਹੈ ਤੇ ਕਾਬਜ਼ ਮੁਸਲਮਾਨ ਹੋ ਰਹੇ ਹਨ, ਤਾਂ ਸਿੰਘਾਂ ਇਕ ਮੁਕੱਦਮਾ ਹੈਦਰਾਬਾਦ ਨਵਾਬ ਪਾਸ ਤੇ ਦੂਜਾ ਅੰਗਰੇਜਾਂ ਪਾਸ ਕਲਕੱਤੇ ਹਾਈਕੋਰਟ 'ਚ ਦਾਇਰ ਕਰ ਦਿਤਾ।

ਇਧਰ ਪੰਜਾਬ ਵਿਚ ਸਿੰਘਾਂ ਨੂੰ ਜਦ ਇਸ ਘਟਨਾ ਦਾ ਪਤਾ ਲਗਾ ਭਾਂ ਚੀਫ ਖਾਲਸਾ ☛

ਫੁਰਮਾਇਆ ਇਹ ਅਮਾਨਤ ਹੈ, ਪਈ ਰਹਿਣ ਦਿਓ। ਇਸ ਅਸਥਾਣ ਦਾ ਨਾਮ–

ਗੁ: ਮਾਲ ਟੇਕਰੀ—ਗੁ: ਮਾਲ ਟੇਕਰੀ ਸਾਹਿਬ–ਤਖਤ ਸੱਚਖੰਡ ਸਾਹਿਬ ਤੋਂ ੨ ਕੁ ਮੀਲ ਦੀ ਦੂਰੀ ਤੇ, ਰੇਲਵੇ ਲਾਈਨ ਟੱਪ ਕੇ, ਉੱਤਰ–ਪੂਰਬ ਦਿਸ਼ਾ ਵਲ ਸਥਿਤ ਹੈ।

ਇਸਦਾ ਪੁਰਾਤਨ ਨਾਮ 'ਚੱਕਰ ਮਾਲ' ਤੇ ਮਾਲ ਟਿੱਲਾ ਵੀ ਦਸਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਨਾਨਕ ਝੀਰਾ–ਬਿਦਰ ਨੂੰ ਜਾਂਦਿਆਂ ਇਸ ਅਸਥਾਣ ਤੇ ਇਕ ਫਕੀਰ ਸਾਂਈ ਨੂੰ ਦਰਸ਼ਨ ਦੇਣ ਪਧਾਰੇ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਥਾਵੇਂ ਬੇਅੰਤ ਖਜ਼ਾਨੇ ਅਮਾਨਤ ਰੱਖੇ ਸਨ। ਜਿਨਾਂ ਵਿਚੋਂ ਸ੍ਰੀ ਕਲਗੀਧਰ ਜੀ ਨੇ ਗੁ: ਸੰਗਤ ਸਾਹਿਬ ਵਿਖੇ ਇਥੋਂ ਖਜ਼ਾਨਾ ਮੰਗਵਾ ਕੇ–ਢਾਲਾਂ ਨਾਲ ਬਹਾਦਰ ਸ਼ਾਹ ਦੀ ਫੌਜ ਪਠਾਣਾਂ ਨੂੰ ਅਤੇ ਆਪਣੇ ਸਿੰਘਾਂ ਨੂੰ ਤਲਬਾ [ਤਨਖਾਹਾਂ] ਵੰਡੀਆਂ ਸਨ।

ਗੁਰਦੁਆਰਾ ਨਗੀਨਾ ਘਾਟ—ਗੁ: ਸੰਗਤ ਸਾਹਿਬ ਤੋਂ ਅਸਚਰਜ ਕੌਤਕ ਕਰ, ਸਤਿਗੁਰੂ ਸੰਗਤਾਂ ਸਮੇਤ ਗੁ: ਨਗੀਨਾ ਘਾਟ, ਜੋ ਸ਼ਹਿਰ 'ਨਾਦੇੜ' ਤੋਂ ਦੱਖਣ–ਨਦੀ ਕਿਨਾਰੇ [ਲੰਗਰ ਅਸਥਾਣ ਬਾਬਾ ਨਿਧਾਨ ਸਿੰਘ] ਦੇ ਪਿਛੋਕੜ ਅਤੇ ਛਾਉਨੀ ਨਿਹੰਗ ਸਿੰਘਾਂ ਦੇ ਚੜ੍ਹਦੀ ਦੱਖਣ ਕੋਨ ਵਲ ਹੈ। ਇਸ ਅਸਥਾਣ ਤੇ ਸਤਿਗੁਰਾਂ ਕਈ ਮਹੱਤ੍ਵ-ਪੂਰਨ ਅਸਚਰਜ ਕੌਤਕ ਕੀਤੇ।

੧. ਇਕ ਵਣਜਾਰੇ ਸਿੱਖ ਨੇ ਆਪਣੀ ਸ਼ਰਧਾ ਨਾਲ ਇਕ ਕੀਮਤੀ 'ਨਗੀਨਾ' ਭੇਟਾ ਕੀਤਾ, ਇਹ ਜਾਣ ਕੇ ਕਿ ਗੁਰੂ ਜੀ ਨੇ ਅਜੇਹਾ ਨਗੀਨਾ ਪਹਿਲਾਂ ਸ਼ਾਇਦ ਹੀ ਵੇਖਿਆ ਹੋਵੇਗਾ, ਤੇ ਇਸ ਤਰ੍ਹਾਂ ਪ੍ਰਸੰਨ ਹੋ ਕੇ ਮੈਨੂੰ ਵਰਦਾਨ ਦੇਣਗੇ–ਪਰ ਸਤਿਗੁਰਾਂ ਜਿਵੇਂ ਹੀਰਾ ਘਾਟ ਬਹਾਦਰ ਸ਼ਾਹ ਦਾ ਮਾਨ ਤੋੜਕੇ ਹੀਰਾ ਨਦੀ ਵਿਚ ਸੁਟ ਦਿਤਾ ਸੀ–ਇਸੇ ਤਰ੍ਹਾਂ ਇਸ ਅੰਦਰ ਹਉਮੈਂ ਦੀ ਮੈਲ ਨਾਲ ਭਰੀ ਭੇਟਾ, ਨਗੀਨਾ ਭੀ ਨਦੀ ਵਿਚ ਸੁਟ ਦਿਤਾ, ਵਣਜਾਰਾ ਬਹੁਤ ਉਦਾਸ ਤੇ ਹੈਰਾਨ ਹੋਇਆ–ਕਿ ਗੁਰੂ ਜੀ ਮੇਰੀ ਸ਼ਰਧਾ-ਸਤਿਕਾਰ ਦੀ ਕਦਰ ਹੀ ਨਹੀਂ ਜਾਤੀ ?

ਦੀਵਾਨ ਵਲੋਂ ਬੁੱਧੀ ਜੀਵੇ, ਸ੍ਰ: ਜੁਗਿੰਦਰ ਸਿੰਘ ਜੀ ਵਕੀਲ–ਅਕਾਲੀ ਕੌਰ ਸਿੰਘ ਜੀ ਨਿਹੰਗ ਸਿੰਘ–(ਕਰਤਾ–ਗੁਰ ਸ਼ਬਦ ਰਤਨਾਵਲੀ–ਤੁਕ ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ) ਅਤੇ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ [ਕਰਤਾ–ਮਹਾਨ ਕੋਸ਼] ਜਿਨਾਂ ਨੇ ਆਪਣੀ ਹਜ਼ੂਰ ਸਾਹਿਬ ਦੀ ਪੈਦਲ ਯਾਤਰਾ ਸਮੇਂ ਲਿਖੀ ਡਾਇਰੀ ਅਤੇ ਇਤਿਹਾਸ ਦੀਆਂ ਦਲੀਲਾਂ ਦੇ ਕੇ ਸਿੰਘਾਂ ਦੀ ਮਾਲਕੀ ਸਾਬਤ ਕੀਤੀ, ਉਧਰੋਂ ਦੋ ਮੁਸਲਮਾਨਾਂ ਦੇ ਭੀ ਬਿਆਨ ਕਰਵਾਏ, ਅਤੇ ਸੱਚਖੰਡ–ਅਬਿਚਲ ਨਗਰ ਦੇ ਸੇਵਾਦਾਰ ਭਾਈ ਗੁਲਾਬ ਸਿੰਘ ਜੀ ਆਰਤੀਆ ਭੀ ਪੇਸ਼ ਹੋਇ।

ਅਦਾਲਤੀ ਹਾਈਕੋਰਟ ਦੇ ਫੈਸਲੇ ਮੁਤਾਬਕ, ੮ ਜਨਵਰੀ ਸੰਨ ੧੯੩੦ ਈਸਵੀ ਨੂੰ, ਮੁਸਲਮਾਨਾਂ ਵਲੋਂ ਦੱਬੀ ਲਾਸ਼ ਕਢਵਾ ਕੇ, ਇਸ ਮਾਲ ਟੇਕਰੀ ਦਾ ਕਬਜ਼ਾ ਸਿੰਘਾਂ ਨੂੰ ਦਿਤਾ ਗਿਆ। ਇਸ ਤਰ੍ਹਾਂ ਹੀ ਮਸੀਤ ਭੀ ਬਣੀ ਰਹਿਣ ਦਿਤੀ। ਜੋ ਅਜੇ ਭੀ ਗੁ: ਮਾਲ ਟੇਕਰੀ ਦੀ ਪਿਛਲੀ ਕੰਧ ਨਾਲ ਲਗਦੀ ਹੈ।

[ਮਹਾਨ ਕੋਸ਼–ਭਾਈ ਕਾਹਨ ਸਿੰਘ ਦੀ ਜੀਵਨੀ ਅੰਕ ਡ ਤੋਂ]

(ਬਾਕੀ ਜਾਣਕਾਰੀ–ਸੱਚਖੰਡ ਤੋਂ)

ਜਾਣੀ ਜਾਣ ਸਤਿਗੁਰੂ ! ਸਿੱਖਾ, ਭਰਮਾਂ ਤੇ ਸੰਸਿਆਂ ਵਿਚ ਕਿਉਂ ਡੁਬ ਗਿਆ ਏਂ, ਮਾਰ ਨਜ਼ਰ ਗੁਦਾਵਰੀ ਵਲ, ਅਸਾਂ ਤਾਂ ਤੇਰੀ ਭੇਟਾ ਅਮਾਨਤ ਸੰਭਾਲਣ ਲਈ ਖਜ਼ਾਨੇ ਵਿਚ ਜਮਾਂ ਕਰ ਦਿਤੀ ਸੀ, ਪਰ ਤੂੰ ਸਮਝਦਾ ਏਂ, ਕਿ ਅਸਾਂ ਤੇਰੀ ਕਦਰ ਨਹੀਂ ਜਾਣੀ, ਜਾਹ ਲੈ ਆ ਆਪਣਾ ਨਗੀਨਾ।

*ਵਣਜਾਰਾ ਸਿੱਖ ਨੇ ਜਦ ਨਦੀ ਵਲ ਝਾਤ ਮਾਰੀ ਤਾਂ ਨਦੀ ਵਿਚ, ਆਪਣੇ ਨਗੀਨੇ ਤੋਂ ਭੀ ਵਡਮੁੱਲੇ ਕੀਮਤੀ ਨਗੀਨੇ-ਹੀਰੇ-ਜਵਾਹਰਾਤ ਦੇਖੇ, ਲੱਜਤ ਹੋ ਗੁਰ ਚਰਣੀ ਢਹਿ ਪਿਆ ਤੇ ਭੁੱਲ ਬਖਸ਼ਾਈ।

੨. ਇਥੋਂ ਹੀ ਜਾ ਕੇ ਬੰਦੇ ਬਹਾਦਰ (ਮਾਧੋ ਦਾਸ ਬੈਰਾਗੀ, ਤੰਤ੍ਰੀ-ਮੰਤ੍ਰੀ) ਦਾ ਜੋ ਸਾਧੂਆਂ ਨਾਲ ਮਸਕਰੀ ਕਰਕੇ ਅਪਮਾਨ ਕਰਦਾ ਸੀ—ਹੰਕਾਰ ਨਵਿਰਤ ਕਰ, ਬੰਦੇ ਦੇ ਫਰਜ਼ਾਂ ਤੋਂ ਜਾਣੂ ਕਰਵਾਇਆ, ਤੇ ਅੰਮ੍ਰਿਤ ਛਕਾ ਕੇ ਸਿੰਘ ਸਜਾ ਕੇ ਮਹਾਨ ਕੰਮ ਸੌਂਪਿਆ।

੩. ਇਸੇ ਅਸਥਾਨ ਤੇ ਹੀ, (ਸੂਬੇ ਸਰਹੰਦ ਨਵਾਬ ਵਜ਼ੀਦ ਖਾਂ ਨੇ ਆਪਣੇ ਕੀਤੇ ਪਾਪਾਂ ਤੋਂ ਭੈ ਭੀਤ ਹੋਇਆ) ਸਤਿਗੁਰਾਂ ਨੂੰ ਆਪਣੇ ਰਸਤੇ ਵਿਚੋਂ ਹਟਾਏ ਜਾਣ ਦੇ ਰਚੇ ਛੜਯੰਤ੍ਰ ਨਾਲ, ਸਰਕਾਰੀ ਆਹੁਦੇਦਾਰ, 'ਅਤਾਉੱਲਾ ਖਾਨ' ਨੂੰ ਬਹੁਤ ਲਾਲਚ ਦੇ ਕੇ ਸਤਿਗੁਰਾਂ ਦੀ ਸੂਹ ਦਾ ਪਤਾ

* ਵਣਜਾਰੇ ਸਿੱਖ— ਅੱਜ ਭੀ ਇਧਰ ਬਹੁਤ ਵਣਜਾਰੇ ਸਿੱਖ ਹਨ, ਜੋ ਅਬਿਚਲ ਨਗਰ ਸਤਿਗੁਰਾਂ ਤੇ ਅਥਾਹ ਸ਼ਰਧਾ ਰਖਦੇ ਹਨ, ਅਤੇ ਹਰ 'ਮਹੱਲੇ' ਤੇ ਆਪਣੀਆਂ ਦਰਸ਼ਨ ਭੇਟਾ [ਦਸਵੰਧ] ਗੱਡੀਆਂ ਬੈਲਾਂ ਤੇ ਪ੍ਰਵਾਰਾਂ ਸਮੇਤ ਆ ਕੇ ਸੱਚਖੰਡ ਹਜ਼ੂਰ ਦੇ ਅਰਪਣ ਕਰਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ। ਇਹਨਾਂ ਦੇ ਠਹਿਰਣ ਦੀ ਵੱਖਰੀ ਸਰਾਂ ਸੱਚਖੰਡ ਹੈ, ਜਿਥੇ ਇਹ ਸਾਰੇ ਠਹਿਰਦੇ ਹਨ, ਅਤੇ ਲੰਗਰ ਆਦ ਲਈ ਰਸਦਾਂ ਘਰਾਂ ਤੋਂ ਲਿਆ ਕੇ ਜਿੰਨੇ ਦਿਨ ਦਰਸ਼ਨ ਕਰਨੇ ਹੋਵਣ, ਆਪ ਪਕਾ ਕੇ ਛਕਦੇ ਹਨ, ਸੱਚਖੰਡ ਤਖਤ, ਸਤਿਗੁਰੂ ਜੀ ਦੇ ਲੰਗਰ ਚੋਂ ਕੇਵਲ ਇਕ ਦਿਨ ਦਾ ਲੰਗਰ ਜੋ ਇਧਰ ਦੀ ਵੱਡੀ ਮਹਿ ਮਾਨੀ ਹੈ ਚਾਵਲ ਤੇ ਤੂਰ [ਹਰ ਹਰ ਦੀ ਦਾਲ] ਹੀ ਛੱਕਦੇ ਹਨ। ਸ਼ਰਧਾ ਭਾਵਨਾ ਨਾਲ ਗੁਰੂ ਹਜ਼ੂਰ ਡੰਡੌਤ (ਲੰਮੇ ਪੈ ਕੇ ਕਰਦੇ ਹਨ)।

ਭਾਵੇਂ ਇਹ ਕੇਸਾਧਾਰੀ ਨਹੀਂ ਹਨ, ਪਰ ਵੇਖਿਆ ਹੈ ਸਾਡੇ ਨਾਲੋਂ ਕਈ ਗੁਣਾ ਇਹਨਾਂ ਅੰਦਰ ਸਤਿਗੁਰੂ ਜੀ ਤੇ ਅਥਾਹ ਪਿਆਰ ਅਤੇ ਦਸਵੰਧ ਕੱਢਣ ਦੀ ਬਹੁਤ ਹੀ ਸ਼ਰਧਾ-ਭਾਵਨਾ ਪ੍ਰਪੱਕ ਹੈ।

ਜਦ ਦਾਸ [ਲਿਖਾਰੀ] ਤੇ ਨਾਲ ਦੇ ਸਾਥੀ—ਅਸੀਂ ਬਾਬਾ ਮਿੱਤ ਸਿੰਘ ਜੀ [ਮਾਤਾ ਸਾਹਿਬ ਕੌਰਾਂ] ਦੇ ਅਸਥਾਨ [ਨਾਦੇੜ] ਤੋਂ ਵਿਦਾ ਹੋਏ, ਤਾਂ ਵਿਚਾਰ ਹੋਇਆ ਕਿ ਪੈਦਲ ਹੀ ਦੱਤਾ-ਤਰੈ ਦੇ ਅਸਥਾਣ ਵਲੋਂ ਚਲੀਏ [ਬਾਕੀ ਬ੍ਰਿਤਾਂਤ ਅਗੇ ਲਿਖਿਆ ਹੈ] ਤਾਂ ਰਸਤੇ ਵਿਚ ਕਈ ਝੌਂਪੜੀਆਂ ਵਣਜਾਰੇ ਸਿੱਖਾਂ ਦੀਆਂ ਆਈਆਂ ਜੋ ਬੜੀ ਸ਼ਰਧਾ ਤੇ ਪਿਆਰ ਨਾਲ ਖੁਸ਼ੀ ਵਿਚ ਸਾਰੇ ਵਸਨੀਕ ਇਕੱਠੇ ਹੋ ਜਾਂਦੇ, ਤੇ ਬੜੇ ਪਿਆਰ ਨਾਲ ਮਿਲਦੇ ਅਤੇ ਸਿੰਘਾਂ ਨੂੰ 'ਗੁਰੂ ਜੀ' ਕਹਿ ਪੁਕਾਰਦੇ ਸਨ। ਕਈ ਕਈ ਦਿਨ ਰਖ ਕੇ ਇਸ ਭਾਵਨਾ ਨਾਲ ਸੇਵਾ ਕਰਦੇ ਸਨ ਕਿ 'ਗੁਰੂ ਜੀ' ਆਏ ਹਨ।

ਗੁਰੂ ਕਾ ਰਖਿਆ ਹਰ ਪ੍ਰਕਾਰ ਦਾ ਦਸਵੰਧ ਵਿਚੋਂ ਬੜੇ ਚਾਉ-ਪਿਆਰ ਨਾਲ ਲੰਗਰ ਲਈ ਖੁਲੇ ਗਫੇ ਲਿਆ ਰਖਦੇ।

ਰਵਾਨ ਭੇਜਿਆ ਤੇ ਪੈਂਦੇ ਖਾਂ ਦੇ ਪੋਤਰਿਆਂ—ਗੁਲ ਖਾਨ ਅਤੇ ਜਮਸ਼ੈਦ ਖਾਨ ਨੂੰ ਦਾਦੇ ਦੀ ਮੌਤ ਦਾ ਬਦਲਾ ਲੈਣ ਲਈ ਪ੍ਰੇਰਣਾ ਵਿਚ ਕਾਫੀ ਉਭਾਰ ਦਿਤਾ, ਕਿਉਂਕਿ 'ਪੈਂਦੇ ਖਾਂ' ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੱਥੋਂ ਨਿਮਕ - ਹਰਾਮ ਹੋਣ ਕਾਰਨ ਕਰਤਾਰਪੁਰ ਦੇ ਜੰਗ ਵਿਚ ਮਾਰਿਆ ਗਿਆ ਸੀ। ਜਿਸ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬਦਲੇ ਦੀ ਭਾਵਨਾ ਦਾ ਉਭਾਰ ਦੇ ਕੇ ਮਾਰਨ ਦਾ ਇਹ ਇਕ ਅਸਫਲ ਹਰਨ ਕਰਵਾਇਆ। ਦੋਵੇਂ ਭਰਾ 'ਗੁਲ ਖਾਨ' ਤੇ 'ਜਮਸ਼ੈਦ ਖਾਨ' ਨਾਂਦੇੜ ਪੁਜੇ। ਰੋਜ਼ ਦੀਵਾਨ ਦੀ ਹਾਜ਼ਰੀ ਭਰਦੇ ਅਤੇ ਨਾਲ ਖੂਨੀ ਸਾਜ਼ਸ਼ ਦੀ ਵਿਉਂਤ ਭੀ ਸੋਚਦੇ।

ਸਤਿਗੁਰੂ ਜੀ ਤਾਂ ਅਕਾਲ ਪੁਰਖ ਤੋਂ ਇਹ ਮੰਗ—

'ਜਬ ਆਵ ਕੀ ਅਉਧ ਨਿਧਾਨ ਬਣੈ ਅਤਿ ਹੀ ਰਨ ਮਹਿ ਤਬ ਜੂਝ ਮਰੋਂ ।।'

ਪਹਿਲੋਂ ਹੀ ਮੰਗ ਚੁਕੇ ਹੋਏ ਸਨ। ਇਹਨਾਂ ਦੀ ਘਾਤਕ ਨੀਤੀ ਜਾਣ ਕੇ ਆਪ ਹੀ ਇਹਨਾਂ ਨੂੰ ਦਲੇਰਾਨਾ ਅੰਦਾਜ਼ ਵਿਚ [ਕਹਿੰਦੇ ਕਿ ਉਹ ਭੀ ਕੋਈ ਮਰਦ ਜਾਂ ਸੂਰਮਾ ਹੈ ਜੋ ਆਪਣੇ ਬਾਪ ਦਾਦੇ ਦਾ ਵੈਰ ਨਾ ਲਵੇ।

ਇਕ ਦਿਨ ਉਹ ਮੌਕਾ ਪਾ ਕੇ, ਜਦ ਸਤਿਗੁਰੂ ਜੀ ਦੀਵਾਨ ਸਮਾਪਤੀ ਉਪ੍ਰੰਤ ਤੰਬੂ ਅੰਦਰ ਇਕੱਲੇ ਹੀ ਬਿਸਰਾਮ ਕਰ ਰਹੇ ਸਨ, ਤਾ ਗੁਲਖਾਨ ਨੇ ਖੰਜਰ ਨਾਲ ਸਤਿਗੁਰਾਂ ਤੇ ਹਮਲਾ ਕਰ ਦਿਤਾ। ਸਤਿਗੁਰੂ ਜੀ ਨੇ ਫੁਰਤੀ ਨਾਲ ਗੁਲ ਖਾਨ ਨੂੰ ਉਥੇ ਹੀ ਤਲਵਾਰ ਨਾਲ ਚਿੱਤ ਕਰ ਦਿਤਾ ਤੇ ਜਮਸ਼ੈਦ ਖਾਂ ਸਿੰਘਾਂ ਦੇ ਹੱਥੋਂ ਮਾਰਿਆ ਗਿਆ। ਫੌਰਨ ਜਰਾਹਾਂ ਨੇ ਜ਼ਖਮ ਸਾਫ ਕਰ ਕੇ ਟਾਂਕੇ ਲਗਾ ਦਿਤੇ। ਬਹਾਦਰ ਸ਼ਾਹ ਨੇ ਭੀ ਅੰਗਰੇਜ਼ ਜਰਾਹ ਕਾਲ ਉਸੀਹ ਅਤੇ ਸ਼ਾਹੀ ਹਕੀਮ ਭੇਜ ਦਿਤੇ। ਜਿਨ੍ਹਾਂ ਨੇ ਸਤਿਗੁਰਾਂ ਦਾ ਜ਼ਖਮ ਸੀਅ ਕੇ ਦਵਾਈ ਲਾ ਕੇ ਖੂਨ ਬੰਦ ਕਰ ਦਿਤਾ

੪. ਅਸਪਾਤ ਦਾ ਤੀਰ ਕਮਾਨ ਤੇ ਸੱਚਖੰਡ ਅਸਥਾਨ ਦੀ ਲਾਧ

ਜਿਸ ਕਾਰਜ ਲਈ ਸਤਿਗੁਰੂ ਜੀ ਪੰਜਾਬ ਛੱਡ ਕੇ ਦੱਖਣ ਦੀ ਧਰਤੀ ਤੇ ਆਏ ਸਨ, ਉਸ ਕਾਰਜੇ ਨੂੰ ਕਰਨ ਦਾ ਸਮਾਂ ਆ ਗਿਆ ਸੀ। ਸਤਿਗੁਰਾਂ ਦੀ ਸੂਰਮਤਾਈ ਦੀਆਂ ਸੋਅਂ, ਨਿੱਤ ਨਵੇਂ ਅਸਚਰਜ ਕੌਤਕ —ਚਾਰੋਂ ਤਰਫ ਦੂਰ ਦੂਰ ਤਕ ਫੈਲ ਚੁਕੀਆਂ ਹੋਈਆਂ ਸਨ ਕਿ ਪੰਜਾਬੋਂ ਕਿ ਬਹਾਦਰ ਸੂਰਮਾ (ਗੁਰੂ) ਆਇਆ ਹੈ, ਜਿਸ ਨੇ ਮੁਗਲ ਖਾਨਦਾਨ (ਔਰੰਗਜ਼ੇਬ ਦੇ ਰਾਜ) ਦੀਆਂ ਥੋੜੇ ਹੀ ਸਮੇਂ ਵਿਚ ਜੜ੍ਹਾਂ ਪੁੱਟ ਕੇ ਰੱਖ ਦਿਤੀਆਂ ਹਨ ਅਤੇ ਓਸੇ ਹੀ ਜ਼ਾਲਮ ਬਾਦਸ਼ਾਹ ਦਾ ਪੁਤਰ ਬਹਾਦਰ ਸ਼ਾਹ ਉਹਨਾਂ ਦਾ ਮੁਰੀਦ ਹੋ ਕੇ ਨਾਲ ਹੀ ਆਇਆ ਹੋਇਆ ਹੈ, ਅਜਿਹਾ ਬੇਖੌਫ, ਨਿਧੜਕ ਯੋਧਾ ਵੇਖਣਾ ਚਾਹੀਦਾ ਹੈ।

ਇੱਧਰ ਮਰਹੱਟੇ (ਸੇਵਾ ਜੀ ਮਰਹੱਟੇ) ਦੀ ਪਾਣ ਚੱਖ ਕੇ ਸ਼ਸਤਰਾਂ ਦੇ ਕਾਫੀ ਸ਼ੌਕੀਨ ਸਨ। ਖ਼ਾਸ ਕਰ ਕੇ ਤੀਰ ਕਮਾਨ—ਸ਼ਸਤਰਾਂ ਅਸਤਰਾਂ ਦੀ ਚੰਗੀ ਮੁਹਾਰਤ ਰਖਦੇ ਸਨ। ਇਕ ਹੰਕਾਰ ਮੱਤਾ, ਆਪਣੀ ਤੀਰ ਕਮਾਨ ਦੇ ਘੁਮੰਡ ਵਿਚ ਪੰਜਾਬੋਂ ਆਏ ਸੂਰਮੇ ਨੂੰ ਵੰਗਾਰ ਸਮਝ ਕੇ ਆਪਣੇ ਅਸਪਾਤ ਦੇ ਤੀਰ ਕਮਾਨ ਨੂੰ ਲੈ ਕੇ ਅੜੇ ਇਹ ਦਿਲ ਵਿਚ ਧਾਰ ਕੇ ਕਿ ਜੇ ਮੇਰੀ ਕਮਾਨ ਤੇ ਇਸ ਤੀਰ ਦਾ ਚਿੱਲਾ ਚੜ੍ਹਾ ਕੇ ਚਲਾ ਕੇ ਵਿਖਾਣ, ਜਿਸ ਨੂੰ ਮੇਰੇ ਸਿਵਾਏ ਕਿਸੇ ਵਿਚ ਤਾਣ ਨਹੀਂ, ਤਾਂ ਮੈਂ ਯੋਧਾ ਸਮਝਾਂ ?

ਬੜੇ ਫਖਰ ਤੇ ਗੁਮਾਨ ਨਾਲ ਤੀਰ ਕਮਾਨ ਨੂੰ ਲੈ ਕੇ ਗੁਰੂ ਹਜ਼ੂਰ ਹਾਜ਼ਰ ਹੋਇਆ।

ਮਰਹੱਟਾ– ਮੈਂ ਸੁਣਿਆ ! ਆਪ ਬਹੁਤ ਸੂਰਮੇ-ਸ਼ਸ਼ਤ੍ਰਾਂ ਦੀ ਖਾਸ ਨਿਪੁੰਨਤਾ ਰੱਖਦੇ ਹੋ ? ਤੇ ਕਮਾਲ ਦੇ ਤੀਰ ਅੰਦਾਜ਼ ਹੋ–ਪਰ ਮੈਂ ਤਾਂ ਜਾਣਾ ਗਾ, ਜੇ ਮੇਰੀ ਤੀਰ ਕਮਾਨ ਤੇ ਚਿੱਲਾ ਚੜ੍ਹਾ ਕੇ ਚਲਵਾ ਕੇ ਵਖਾਵੋ ?

ਕਲਗੀਧਰ ਜੀ– ਮੁਸਕਰਾਏ ਤੇ ਕਿਹਾ–ਲਿਆ ਬਈ, ਤੇਰਾ ਤੇ ਤੇਰੇ ਤੀਰ ਕਮਾਣ ਦਾ ਤਨ ਭੀ ਵੇਖ ਲੈਂਦੇ ਹਾਂ। ਚੰਗਾ ਹੋਇਆ, ਤੂੰ ਆ ਗਿਆ ਏਂ, ਅਸੀਂ ਅਗੇ ਹੀ ਸੋਚ ਰਹੇ ਸੀ ਕਿ ਅਸੀਂ ਜਿਸ ਕਾਰਜ ਲਈ ਆਏ ਹਾਂ, ਉਸ ਦੀ ਜਾਣਕਾਰੀ ਲਈ ਕੋਈ ਅਜੇਹਾ ਸਾਧਨ ਜੁਟਾਨਾ ਜ਼ਰੂਰੀ ਸੀ।

ਲਿਆ ਤੀਰ ਕਮਾਨ–ਚਿੱਲਾ ਚੜਾਈਏ !

ਭਾਈ ਦਯਾ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ– ਦੋਵੇਂ ਹੱਥ ਜੋੜ ਅਰਦਾਸ ਕੀਤੀ–ਸਤਿਗੁਰੂ ! ਜ਼ਖਮ ਅੱਲ੍ਹੇ ਹਨ, ਬਹੁਤੀ ਖੈਚਲ ਕਰਨੀ ਹਕੀਮਾਂ ਨੇ ਵਰਜਤ ਕੀਤੀ ਹੋਈ ਹੈ। ਜ਼ੋਰ ਲਗਣ ਨਾਲ, ਤੋਪੇ (ਟਾਂਕੇ) ਟੁੱਟਣ ਦਾ ਡਰ ਹੈ।

ਸਤਿਗੁਰੂ– ਹਾਂ ਪ੍ਰੇਮੀ ਜਣੋ, ਉਲਝੀ ਤਾਣੀ ਦੇ ਤੋਪੇ ਟੁਟਿਆਂ ਹੀ ਰਾਸ ਆਉਣੀ ਹੈ, ਜਾਉ! ਸਭ ਸਿੰਘਾਂ ਨੂੰ ਐਧਰ-ਓਧਰ ਦੂਰ ਦੁਰੇਡੇ ਖਿਲਾਰ ਦਿਓ, ਤੇ ਕਹੋ ਧਿਆਨ ਰੱਖਣ, ਜਿਥੇ ਤੀਰ ਡਿਗੇ, ਸਾਨੂੰ ਖਬਰ ਕਰਨ, ਅਸੀਂ ਆਏ ਜਿਸ ਕੰਮ ਲਈ ਹਾਂ ਉਹ ਭੀ ਤਾਂ ਕਰਨਾ ਹੈ। ਦੂਰ ਦੁਰੇਡੇ ਤੱਕ ਸਿੰਘਾਂ ਨੂੰ ਤੀਰ ਕਿਥੇ ਡਿੱਗਦਾ ਹੈ ਭੇਜ ਦਿੱਤਾ ਗਿਆ। ਸਤਿਗੁਰਾਂ ਕਮਾਨ ਤੇ ਤੀਰ ਚੜ੍ਹਾ (ਉਸੇ ਤੀਰ ਦੇ ਸੱਚਖੰਡ ਤਖਤ ਤੇ ਦਰਸ਼ਨ ਕਰਾਏ ਜਾਂਦੇ ਹਨ ਜੋ ਅਗੋਂ ਪੰਜ-ਛੇ ਉਂਗਲ ਚੌੜਾ ਹੈ) ਕੰਨ ਤੱਕ ਕਮਾਨ ਖਿੱਚ ਕੇ, ਅਜੇਹਾ ਤਾਣ ਨਾਲ ਬਾਣ ਚਲਾਇਆ, ਕਿ ਤੀਰ ਕਿਸੇ ਅੰਦਾਜ਼ ਵਿਚ ਸ਼ੂਕਦਾ ਹਵਾ ਵਿਚ ਹਵਾ ਹੋ, 'ਮਸੀਤ' ਵਿਚਾਲੇ ਜਾ ਡਿੱਗਾ, ਤੇ ਕਮਾਨ (ਅਸਪਾਤ ਦੀ) ਦੋ ਟੋਟੇ ਹੋ ਗਈ।

ਸਿੰਘਾਂ ਸਤਿਗੁਰਾਂ ਨੂੰ ਜਾ ਦਸਿਆ, ਇਹ ਅਥਾਹ ਬਲ ਸਤਿਗੁਰਾਂ ਦਾ ਵੇਖ ਕੇ ਤੀਰ ਕਮਾਨ ਦਾ ਹੰਕਾਰੀ ਪੁਰਸ਼ [ਮਰਹੱਟਾ] ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ, ਤੇ ਮਾਫੀ ਮੰਗੀ ਅਤੇ ਸ਼ਿਸ਼ ਬਣਿਆ।

['ਮਸੀਤ'–ਸਬੰਧੀ ਤੇ ਅਗਲਾ ਪ੍ਰਸੰਗ ਸੱਚਖੰਡ ਅਸਥਾਣ ਤੇ ਪੜ੍ਹੋਗੇ]

੫. 'ਨੌ ਨੰਦ' ਦਾ ਹਾਜ਼ਰ ਹੋਣਾ ਤੇ ਸੱਚਖੰਡ ਦੇ ਪੁਰਾਤਨ ਅਸਥਾਣ ਬਾਰੇ ਵਾਰਤਾਲਾਪ

ਹਰ ਰੋਜ਼ ਸਤਿਸੰਗ–ਦੀਵਾਨ ਸਵੇਰੇ ਸ਼ਾਮ ਸੱਜਦਾ, ਜਿਥੇ ਆਤਮ ਰੰਗ ਦੀ ਖੁਸ਼ਬੂ ਨੇ ਚਾਰੇਂ ਪਾਸੇ ਇਲਾਕਾ ਮਹਿਕਾ ਦਿੱਤਾ ਸੀ, ਉਥੇ ਸ਼ਸ਼ਤ੍ਰ ਵਿਦਿਆ ਤੇ ਅਸਚਰਜ ਕੌਤਕਾਂ ਦੀਆਂ ਖਬਰਾਂ, ਹਰ ਜ਼ਰੇ-ਜ਼ਰ ਤੇ ਧਰਤੀ ਦੇ ਜ਼ਰੇ-ਜ਼ਰੇ, ਦਰਖਤਾਂ ਦੇ ਪਾਤ-ਪਾਤ 'ਚ ਫੈਲ ਗਈਆਂ। ਤਾਂਘੀ ਭੌਰੇ ਕਦੇਂ ਅਟਕਦੇ ਹਨ, ਸ਼ਮਾਂ ਰੌਸ਼ਨ ਹੋਣ ਤੇ, ਜਿਵੇਂ ਬਦਲਾਂ ਦੀ ਘਣਘੋਰ ਸੁਣ ਮੋਰ-ਬਬੀਹੇ ਕੂਕ ਪੈਂਦੇ ਹਨ, ਜਿਵੇਂ ਚੰਦ ਦੇ ਚੜ੍ਹਨ ਨਾਲ ਚਕੋਰ ਦੀ ਪ੍ਰੀਤ–ਇਕ ਟੱਕ ਲਾਈ ਦਰਸ਼ਨਾਂ ਲਈ ਬੇਹਬਲ ਹੋ ਉਠਦੀ ਹੈ,

ਓਵੇਂ ਕਿਸੇ ਹੁਕਮ ਦੀ ਪਾਲਣਾ ਵਿਚ ਬੱਧਾ, ਇਕ 'ਰਿਸ਼ੀ' (ਪੁਜਾਰੀ) ਜੋ ਰਾਤ ਮੱਠ (ਮਸੀਤ) ਦੀ ਰਖਵਾਲੀ ਕਰਦਾ ਤੇ ਸਵੇਰੇ ਜੰਗਲਾਂ ਵਿਚ ਗੁਜ਼ਾਰਨ ਕਰਦਾ, ਅਤੇ ਆਪਣੇ ਗੁਰੂ 'ਬ੍ਰਹਮਾ ਨੰਦ' ਦੀ ਸੌਂਪੀ ਅਮਾਨਤ 'ਇਸ ਮੱਠ' ਦੇ ਵਾਲੀ ਸਤਜੁਗ ਦੇ ਤਪੀਏ ਨੂੰ ਦੇਣ ਦੇ ਆਦੇਸ਼ ਨਾਲ ਰਹਿ ਰਿਹਾ ਸੀ।

ਇਹ ਕੌਣ ਸੀ ? ਇਹ ਉਸ ਪਾਵਨ ਅਸਥਾਣ ਦਾ ਆਖਰੀ ਮਹੰਤ [ਸੇਵਾਦਾਰ] 'ਨੌ ਨੰਦ' ਸੀ, (ਜਿਸ ਤੋਂ ਸ਼ਹਿਰ ਦਾ ਨਾਮ ਨੌਨੰਦ ਤੋਂ ਬਦਲ ਕੇ 'ਨਾਂਦੇੜ' ਪ੍ਰਚੱਲਤ ਹੋ ਗਿਆ। ਇਹ ਅਸਥਾਣ ਜਿਸ ਨੂੰ ਪ੍ਰਗਟਾਉਣ ਲਈ 'ਸ੍ਰੀ ਕਲਗੀਧਰ ਜੀ ਆਏ ਸਨ' ਸਤਿਗੁਰਾਂ ਦਾ ਸਤਿਜੁਗ ਦਾ ਤੱਪ ਅਸਥਾਣ ਸੀ, ਇਹ ਅਸਥਾਣ ਦੋ ਮਹਾਨ ਤਪੱਸਵੀਆਂ 'ਗੁਰ-ਚੇਲਾ' [ਸਮੁੰਦ ਰਿਖੀ] ਤੇ ਦੁਸ਼ਟ-ਦਮਨ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ) ਮਹਾਨ ਤਪੱਸਵੀਆਂ ਦਾ ਤੱਪ-ਅਸਥਾਣ ਹੁੰਣ ਕਰਕੇ ਹਰ ਪ੍ਰਾਣੀ ਲਈ ਪੂਜਯੇ ਬਣ ਗਿਆ ਸੀ [ਸ੍ਰੀ ਗੁਰੂ ਤੇਗ ਬਹਾਦਰ ਸਾਹਿਬ–ਪਹਿਲੇ ਜੁਗ ਇਸੇ ਥਾਂ ਚੰਡਕਾ ਸਮੇਂ ਤੱਪ ਅਸਥਿਤ ਸਨ ਤੇ ਦਸਮ ਪਿਤਾ ਇਹਨਾਂ ਦੀ ਸੇਵਾ ਵਿਚ ਹੀ ਤੱਪ ਕਰਦੇ ਰਹੇ] ਕਲਗੀਧਰ ਪਿਤਾ ਦਾ ਸਤਿਜੁਗ ਵਿਚ ਤੱਪ ਕਰਦੇ ਦੇਹ ਤਿਆਗਣ ਉਪਰੰਤ, ਇਹ ਤੱਪ ਅਸਥਾਣ ਮਹਾਨ ਪੂਜਯ ਮੱਠ [ਮੰਦਰ] ਬਣ ਕੇ ਆਮ ਲੋਕੀ ਪੂਜਦੇ ਸਨ, ਅਤੇ 'ਮਹੰਤ' ਸੇਵਾਦਾਰ ਇਸ ਅਸਥਾਣ ਦੀ ਸੇਵਾ ਪੂਜਾ ਬੜੀ ਸ਼ਰਧਾ ਭਾਵ ਨਾਲ ਕਰਦੇ ਆ ਰਹੇ ਸਨ ਮਹੰਤ 'ਨੌ ਨੰਦ' ਤੋਂ ਪਹਿਲਾਂ ਇਸ ਅਸਥਾਣ ਦਾ ਪੂਜਾਰੀ ਮਹੰਤ ਬ੍ਰਹਮਾ ਨੰਦ ਚੰਗੇ ਤਪੱਸ੍ਵੀ–ਤ੍ਰੈਕਾਲ ਦਰਸੀ ਸਨ ਇਹਨਾਂ ਦੇ ਸਮੇਂ ਹੀ ਮੁਸਲਮਾਨੀ ਮੱਤ ਸਿਖਰਾਂ ਤੇ ਹੋ ਜਾਣ ਕਾਰਨ, ਮੁਸਲਮਾਨਾਂ ਨੇ ਹਿੰਦੂਆਂ ਦੇ ਚੰਗੇ ਪੂਜਯ ਅਸਥਾਣ ਢਾਹ ਕੇ ਮਸੀਤਾਂ ਬਣਾ ਦਿੱਤੀਆਂ ਸਨ [ਜਿਵੇਂ ਰਾਮ ਚੰਦਰ ਜਨਮ ਭੂਮੀ ਆਯੁਧਿਆ–ਸ੍ਰੀ ਕ੍ਰਿਸ਼ਨ ਜਨਮ ਭੂਮੀ ਮਥਰਾ, ਅਤੇ ਅਨੇਕਾਂ ਸੁੰਦਰ ਮੰਦਰ ਢਾਹ ਢੇਰੀ ਕਰ ਦਿਤੇ] ਇਸੇ ਤਰ੍ਹਾਂ ਇਹ ਮੱਠ [ਸਤਿਗੁਰਾਂ] ਦਾ ਤੱਪ ਅਸਥਾਨ ਢਾਹ ਕੇ ਮਸੀਤ ਬਣਵਾਈ ਗਈ ਸੀ।

[ਬਾਕੀ ਸੱਚਖੰਡ ਕਾਂਡ 'ਚ ਪੜ੍ਹੋ]

ਮਹੰਤ ਬ੍ਰਹਮਾ ਨੰਦ ਨੇ ਅਕਾਲ ਚਲਾਣੇ ਸਮੇਂ ਆਪਣੇ ਚੇਲੇ ਨੌ ਨੰਦ ਨੂੰ ਕਿਹਾ, ਤੂੰ ਸੁਭਾਗਾ ਹੈਂ ਤੇਰੇ ਸਮੇਂ ਵਿਚ, ਇਸ ਅਸਥਾਣ ਦਾ ਤਪੱਸਵੀ [ਵਡਯੋਧਾ ਸ੍ਵਰੂਪ] ਆਵੇਗਾ, ਆਹ ਲੈ ਗ੍ਰੰਥ 'ਸਰਬ ਲੋਹ' ਇਹ ਉਹਨਾਂ ਦੀ ਅਮਾਨਤ ਹੈ, ਜਦ ਉਹ ਆਵਣ–ਸੂਹ ਰੱਖੀਂ। ਤੇ ਰਾਤ ਨੂੰ ਇਸ ਅਸਥਾਣ ਦਾ ਪਹਿਰਾ ਰੱਖੀਂ, ਕੋਈ ਬੇਅਦਬੀ ਨਾ ਕਰੇ, ਅਤੇ ਜਦ ਪੰਜਾਬੇ ਸ਼ਸ਼ਤ੍ਰ-ਧਾਰੀ ਸਤਿਗੁਰੂ ਜੋ ਗੋਬਿੰਦ ਨਾਮ ਵਾਲੇ [ਗੋਬਿੰਦ ਸਿੰਘ] ਇਧਰ ਆਵਣਗੇ, ਤਾਂ ਹਾਜ਼ਰ ਹੋ ਜਾਵੀਂ–ਆਪੇ ਤੈਨੂੰ ਬੁਲਾਣਗੇ, ਤੇ ਗ੍ਰੰਥ ਮੰਗਣਗੇ, ਤੱਦ ਚਰਨੀਂ ਲਗ ਸਾਰੇ ਸੇਵਾਦਾਰਾਂ ਦੀ ਭੁੱਲ ਬਖਸਾਵੀਂ ਤੇ ਇਸ ਤੱਪ ਅਸਥਾਣ ਦੀ ਹੋਈ ਬੇਅਦਬੀ ਦੀ ਮਾਫੀ ਮੰਗੀ ਤੇ ਆਪਣੇ ਸਹਿਤ ਸਭ ਸੇਵਾਦਾਰਾਂ ਦੀ ਮੁਕਤੀ ਦੀ ਯਾਚਨਾ ਕਰੀਂ।

ਸਤਿਗੁਰਾਂ ਦੀ ਖਬਰ 'ਨੌਨੰਦ' ਨੂੰ ਮਿਲ ਗਈ–ਸਤਿਗੁਰਾਂ ਦੇ ਤੀਰ ਮਸੀਤ ਵਿਚ ਮਾਰਨ ਦਾ ਕੌਤਕ ਭੀ ਕੰਨੀ ਪੈ ਚੁਕਾ ਸੀ, ਸਜੇ ਦੀਵਾਨ ਵਿਚ ਸਾਧੂ ਦੇ ਰੂਪ ਵਿਚ ਹਾਜ਼ਰ ਹੋਇਆ (ਬੁਕਲ ਵਿਚ ਗ੍ਰੰਥ) ਲੁਕਾਇਆ, ਸੰਗਤ ਵਿਚ ਪਿੱਛੇ ਆ ਬੈਠਾ ਬ੍ਰਹਮਾ ਨੰਦ ਦੇ ਦੱਸੇ ਸਰੂਪ ਮੁਤਾਬਕ 'ਲੰਮੇ ਉਚੇ

ਜਵਾਨ–ਛੈਲ ਛਬੀਲੇ, ਸ਼ਸ਼ਤ੍ਰਧਾਰੀ, ਸਿਰ ਤੇ ਕਲਗੀ-ਜਿਗਾਹ-ਤੋੜਾ, ਫਰਰਾ, ਗਲ ਮੋਤੀਅਨ ਕੀ ਮਾਲਾ, ਹੱਥ 'ਚ ਬਾਜ਼' ਅਤਿ ਛੱਬ ਸ਼ੋਭਤ, ਅਤਿ ਸੁੰਦਰ ਮਨ ਮੋਹਨੀ ਸੂਰਤ ਵੇਖ ਕੇ ਰਿਖੀ 'ਨੰਨੰਦ' ਦਾ ਮਨ ਉਤਾਵਲੇ ਖਾਂਦਾ ਏ, ਜਾ ਚਰਨ ਪਰਸਾਂ ਪਰ ਬ੍ਰਹਮਾ ਨੰਦ ਗੁਰੂ ਜੀ ਦਾ ਹੁਕਮ ! ਆਪੇ ਸੱਦਣਗੇ? ਇਹ ਸੋਚ ਫੁਰੀ ਹੀ ਸੀ ਨੰ ਨੰਦ ਦੇ ਮਨ ਵਿਚ ਤਾਂ ਅੰਤਰਯਾਮੀ ਸਤਿਗੁਰਾਂ–ਨਿਕਟ ਵਰਤੀ ਸਿੰਘ ਨੂੰ ਕਿਹਾ, ਔਹ ਜੋ ਸਾਧੂ ਜਨ ਬਿਰਾਜੇ ਹੋਏ ਹਨ, ਸਾਡੇ ਪਾਸ ਅਦਬ ਨਾਲ ਬੁਲਾ ਲਿਆਵੋ। ਪਿਆਰ ਸਤਿਕਾਰ ਨਾਲ ਕਹਿਣਾ, ਸਿੰਘ ਗਿਆ ਆਦਰ ਨਾਲ ਬਚਨ ਕੀਤਾ, ਆਪ ਜੀ ਨੂੰ ਸਤਿਗੁਰੂ ਆਪਣੇ ਨਿਕਟ ਬੁਲਾਇਆ ਹੈ।

'ਨੰ ਨੰਦ' ਅਸਚਰਜ ਜਿਹਾ ਹੋ ਕੇ ਹੈਂ ! ਅਜੇ ਤਾਂ ਫੁਰਨਾ ਹੀ ਫੁਰਿਆ ਸੀ, ਠੀਕ ਓਹੋ ਹੀ ਹਨ, ਇਸ ਅਸਥਾਣ ਦੇ ਤਪੱਸਵੀ। ਮਨਾ ਉਠ ! ਬਿਧਾਤੇ ਨੇ ਆਪੇ ਬੁਲਾਇਆ ਏ, ਪਰ ਭੇਟਾ ਤਾਂ ਮੇਰੇ ਪਾਸ ਕੋਈ ਹੈ ਨਹੀਂ ? ਹਾਂ ਸਾਧੂ ਤਾਂ ਤਨ-ਮਨ ਦੀ ਭੇਟਾ ਹੀ ਦੇ ਸਕਦਾ ਏ, ਚੱਲ ! ਛੇਤੀ ਚੱਲ ਤਰੁੰਠੇ ਨੇ, ਰਹਿਮਤਾਂ ਦੇ ਮਾਲਕ। ਕਰ ਅਰਜ਼ੋਈ ਬਖਸ਼ਾ ਭੁੱਲਾਂ ਤੇ ਮੁਕਤੀ ਦੀ ਕਰ ਯਾਚਨਾ–ਹਾਂ ! ਆਪੇ ਮੰਗਣਗੇ *ਗ੍ਰੰਥ (ਸਰਬ ਲੋਹ) ਲੁਕਾਈ ਰੱਖ, ਗੁਰਦੇਵ ਜੀ ਦਾ ਬਚਨ ਭੀ ਸੱਤ ਹੋ ਜਾਵੇਗਾ।

* ਸਰਬ ਲੋਹ ਗ੍ਰੰਥ– ਭਾਂਵੇ ਵਿਦਵਾਨ-ਪੜਚੋਲੀਏ, ਕੁਝ ਭੀ ਲਿਖਣ, ਜਾਨਣ (ਕਵੀਆਂ ਦੀ ਰਚਨਾ ਜਾਂ ਕਿਸੇ ਵਿਦਵਾਨ ਦੀ ਅਨੁਭਵਤਾ)–ਜਿਵੇਂ ਸ੍ਰੀ ਦਸਮ ਗ੍ਰੰਥ ਸਾ: ਤੇ ਚਰਿੱਤ੍ਰਾਂ, ਸ਼ਸ਼ਤ੍ਰ ਨਾਮ ਮਾਲਾ ਜਾਂ ਚੰਵੀ ਅਵਤਾਰ ਆਦਿ ਨੂੰ ਵਿਚੋਂ ਕੱਢਕੇ ਬਾਕੀ ਦਸਮੇਸ਼ ਜੀ ਦੀ ਰਚਨਾ ਦਰਸਾਉਂਦੇ ਹਨ, ਘਾਟ ਹੈ ਸਾਡੀ ਅਨੁਭਵਤਾ-ਸੂਝ ਦੀ, ਜਿਨਾਂ ਚਰਿੱਤ੍ਰਾਂ ਨੂੰ ਦਸਮ ਦੀ ਬਾਣੀ ਨਹੀਂ ਗਿਣਦੇ, ਉਸੇ ਦੇ ਆਖਰੀ ੪੦੫ ॥ ਚਰਿੱਤ੍ਰ ਚੰਡੀ ਦਾ ਤੇ ਉਸੇ ਦੇ ਅੰਕ–੩੬੬ ਤੋਂ ਦੋਹਰਾ ॥ 'ਮਹਾਕਾਲ ਕੀ ਜੇ ਸਰਨਿ ਪਰੇ . . . . ॥' ਦੁਸ਼ਟ-ਦੈਂਤ ਵੀ ਨਾ ਸਮਝੀ–ਫਿਰ ਵਿਜੈ ਪੁਹਪਣ ਬਰਖਾ ਨਭ ਤੋਂ, ਇਸ ਤੋਂ ਅਗੇ ਦਸਮ ਦੀ ਸਾਰੀ ਰਚਨਾ ਦਾ ਸਾਰਅੰਸ (ਤਾਤ ਪਰਜਯ) ਕਬਿਯੋ ਬਾਚ ਬੇਨਤੀ ਚੌਪਈ ॥

ਹਮਰੀ ਕਰੋ ਹਾਥ ਦੈ ਰਛਯਾ ॥ ਜੋ ੩੭੭ ਅੰਕ ਤੋਂ ਅਰੰਭ ਹੋ ੪੦੫ ਅੰਕ ਤੱਕ ਸਮਾਪਤ ਹੁੰਦੀ ਹੈ। ਇਹ ਕਿਉਂ ਰੋਜ਼ਾਨਾ ਨਿਤਨੇਮ ਤੇ ਅੰਮ੍ਰਿਤ ਦੀ ਬਾਣੀ ਵਿਚ ਸ਼ਾਮਲ ਹੈ ? ਜਦ ਅੰਕ ਦਸ ਰਹੇ ਹਨ ਕਿ ਇਹ ੪੦੫ ਚਰਿੱਤ੍ਰ ਹੈ ਜੇ ਇਹ ਦਸਮ ਪਾ: ਦੀ ਰਚਨਾ ਹੈ ਤਾਂ ਹੋਰ ਬਾਣੀਆਂ ਤੇ ਸੰਦੇਹ ਕਿਉਂ ? ਭਾਵੇਂ ਮਨਮਤ ਕਰਕੇ ਚੌਪਈ ਦੇ ਅੰਕ ਭੰਨ ਕੇ ੧–੨ ਅੰਕ ਲਾ ਕੇ ਛਾਪੇ ਜਾ ਰਹੇ ਹਨ, ਜੋ ਆਮ ਗੁਟਕਿਆਂ ਵਿਚ ਵੇਖੇ ਜਾਂਦੇ ਹਨ। ਅਤੇ ਕਿਧਰੇ ਅੜਿੱਲ ਤੇ ਚੌਪਈ ਅਤੇ ਚਾਰ ਸੌ ਪਾਂਚ ਚਰਿੱਤ੍ਰ ਭੀ ਨਹੀਂ ਛਾਪ ਰਹੇ। ਸਰਾਸਰ ਦਸਮ ਪਾਤਸ਼ਾਹ ਜੀ ਦੀ ਰਚਨਾ ਦੀ ਨਿਰਾਦਰੀ ਹੈ–ਮਨਮਤ ਹੈ ਜਿਸ ਕਰਕੇ ਇਸ ਚੌਪਈ ਦੀ ਮਹੱਤ੍ਵ ਜੀਵ ਪ੍ਰਤੀ ਨਾ ਸਮਝ ਪੈਂਦਾ ਹੈ ਤੇ ਨਾ ਹੀ ਇਸ ਦੀ ਸ਼ਕਤ ਪ੍ਰਾਪਤ ਹੋ ਸਕਦੀ ਹੈ ਕਿਸੇ ਅਧੂਰੇ ਜਾਪ ਦਾ ਫਲ ਪ੍ਰਾਪਤ ਕਰਨਾ ਅਸੰਭਵ ਹੈ।

[ਸ੍ਰੀ ਦਸਮ ਗ੍ਰੰਥ ਦੇ ਪੰਨਾ ੧੪੨੮ ਦੀ ਬੀੜ ਦੇ ਪੰਨਾ ੧੩੮੫ ਤੋਂ ਪੰਨਾ ੧੩੮੮ ਚੌਪਈ ਵੇਖੋ]

ਅੰਕਾਂ ਦਾ ਤੇ, ਆਦ ਸਰੂਪ ਵਾਂਗ ਮੁੰਦਾਵਣੀ ਦੀ ਮੋਹਰ ਲਾ ਸਾਰੀ ਬਾਣੀ ਪੂਜਯ ਹੈ, ਤਿਵੇਂ ਆਖਰੀ ☞

ਸਤਿਗੁਰਾਂ ਪਾਸ ਪਹੁੰਚ, 'ਨੰ ਨੰਦ' ਨੇ ਆਦਰਨੀਯ–ਡੰਡਵਤ ਪ੍ਰਣਾਮ ਕੀਤੀ, ਸਤਿਗੁਰਾਂ ਸਤਿ-ਯੋਗ ਕਰ, ਆਸਣ ਪਾਸ ਬੈਠਾ ਕੇ, ਕੁਸ਼ਲਤਾ ਪੁੱਛੀ, ਸਤਿਗੁਰਾਂ ਸਾਰੀ ਵਾਰਤਾ ਬ੍ਰਹਮਾ ਨੰਦ ਦੀ ਸੁਨਾਣ ਦੀ ਕਿਹਾ, 'ਨੰ ਨੰਦ' ਗੁਰੂ ਬ੍ਰਹਮਾ ਨੰਦ ਦਾ ਨਾਮ ਸੁਣ ਕੇ ਹੈਰਾਨ ਹੋ ਗਿਆ, ਇਹਨਾਂ ਨੂੰ ਕਿਵੇਂ ਪਤਾ ਹੋਇਆ ਹੈ, ਤਾਂ ਸਾਰੀ ਵਾਰਤਾ ਕਹਿ ਸੁਣਾਈ।

ਚਰਿੱਤ੍ਰ ਵਿਚ ਹੀ ਚੌਪਈ –ਅਤੇ ਜਫਰ ਨਾਮਹ ਦਸਮੇਸ਼ ਜੀ ਦੀ ਰਚਨਾ ਹੋਣ ਕਰਕੇ ਸਾਰੀ ਬਾਣੀ ਪੂਜਯ ਹੈ।

ਇਸੇ ਤਰ੍ਹਾਂ 'ਸਰਬ ਲੋਹ' ਜਿਸ ਪੁਰਾਤਨ ਕਾਲ, ਇਸੇ ਤਪਸਵੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਕਾਲ ਪੁਰਖ ਜੀ ਦਾ ਸਰਬਲੋਹ ਅਵਤਾਰ ਦੀ ਉਸਤਤੀ ਦਾ ਗ੍ਰੰਥ ਸਤਿਜੁਗ ਵਿਚ ਇਸੇ ਦੀ ਅਸਥਾਣ ਤੇ ਸੰਸਕ੍ਰਿਤ ਵਿਚ ਉਚਾਰਨ ਕੀਤਾ ਹੋਇਆ ਸੀ (ਜੋ ਨੰ ਨੰਦ ਪਾਸੋਂ ਪ੍ਰਾਪਤ ਹੋਇਆ) ਜਿਵੇਂ ਖਾਲਸਾ ਸਾਜਿਆ ਜਾਣ ਤੇ, ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਉਚਾਰਨ ਕੀਤਾ ਬਣੀ ਬੋਹਿਥ (ਜਹਾਜ਼) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੌਵੇਂ ਸਤਿਗੁਰੂ ਦੀ ਬਾਣੀ ਚੜ੍ਹਾਨ ਲਈ ਸ੍ਰੀ ਦਸਮਾ ਸਾਹਿਬ ਨਵੀਂ ਬੀੜ ਦੀ ਰਚਨਾ ਕੀਤੀ, ਨੌਵੇਂ ਪਾਤਸ਼ਾਹ ਦੀ ਬਾਣੀ ਚੜ੍ਹਾਈ।

ਉਸੇ ਤਰ੍ਹਾਂ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਗੱਦੀ ਦਾ ਫੁਰਮਾਣ 'ਸਰਬ ਲੋਹ ਗ੍ਰੰਥ' ਵਿਚ ਗ੍ਰੰਥ ਤੇ ਪੰਥ' ਦਾ ਸਾਡੇ ਬਾਹਦ ਵਰਤਾਰਾ ਵਰਤੇਗਾ ਅੰਕਤ ਕਰਨਾ ਸੀ–

ਅਥ ਗ੍ਰੰਥ ਅਸਥਾਪਨ ਮਹਾਤਮ ਸ੍ਰੀ ਸਤਿਗੁਰ ਬਿਗ੍ਰਹ ਕਥਤੇ ਤ੍ਵ ਬਲਿ, ਬਿਸਨ ਪਦ ਪੁਨਯਾਕੀ ॥

ਆਪਨਪੋ ਸ੍ਰੀ ਖਾਲਸੇ ਦੀਨਾ, ਦੁਤਿਯ ਰੂਪ ਸਤਿਗੁਰੂ ਗ੍ਰੰਥਾ ॥
ਬੋਲਨੁ ਸਤਿਗੁਰ ਸਬਦ ਸੰਭਾਖਨ, ਰਾਮ ਗੋਬਿੰਦ ਕੀਰਤਨ ਸੰਥਾ ॥
ਗੁਨਾਨੁਵਾਦ ਪੁਨ ਸਿਫਤਿ-ਸਲਾਹਨਿ, ਊਠਤ ਬੈਠਤਿ ਸੈਨ ਕਰੰਥਾ ॥
ਪਾਵਨ ਪੰਥ ਖਾਲਸਾ ਪ੍ਰਗਟਯੋ, ਚਾਰ ਬਰਨ ਆਸ੍ਰਮ ਸੁਭ ਪੰਥਾ ॥੧॥
ਇਨ ਕੇ ਦਰਸ ਸਤਿਗੁਰ ਕੋ ਦਰਸਨ, ਬੋਲਨੁ ਗੁਰੂ ਸ਼ਬਦ ਗੁਰੁ ਗ੍ਰੰਥਾ॥
ਦ੍ਵਾਦਸਿ ਰੂਪ ਸਤਿਗੁਰੁ ਏ ਕਹਿਯਤ, ਦ੍ਵਾਦਸਿ ਭਾਨ, ਪ੍ਰਗਟ ਹਰਿ ਸੰਤਾ ॥
[੧੦+੨=੧੨ ਸ੍ਵਰੂਪ]
ਪ੍ਰਤਯਖ ਕਲਾ ਪਾਰਬ੍ਰਹਮ ਧਨੀਛੈ, ਗ੍ਰੰਥ-ਪੰਥ ਖਾਲਸਾ, ਵਰਤੰਤਾ ॥
ਦਾਸ ਗੋਬਿੰਦ ਫਤਹ ਸਤਿਗੁਰੁ ਕੋ, ਖਾਸ ਗ੍ਰੰਥ ਗੁਰੁ ਰੂਪ ਬਦੰਤਾ ॥੨॥ ਦੁਪਦਾ ੧ ॥
ਇਤੀ ਸਤਿਗੁਰੁ ਬਿਗ੍ਰਹ ਗ੍ਰੰਥ ਬਿਚਚਿਤੰ ਸੁਭੰ ॥੧॥੩੧੫॥੮੪੭॥੩੧੬੬॥

ਛਾਪੇ ਸ੍ਰੀ ਸਰਬ ਲੋਹ ਦੇ ਪੰਨਾ ੪੯੭, ਭਾਗ ਤੀਜਾ।

ਖਾਲਸਾ ਗੁਰਮੰਤ੍ਰ–ਖਾਲਸਾ ਜੀ ਦੇ ਲੱਛਣ ਗੁਣ (ਬੁੱਢਾ ਦਲ ਵਲੋਂ ਛਾਪੇ ਸ੍ਰੀ ਸਰਬ ਲੋਹ ਗ੍ਰੰਥ ਦੇ ਤੀਜੇ ਭਾਗ ਪੰਨਾ ੫੨੯ ਤੋਂ ੫੩੩ ਤੱਕ ਪੜ੍ਹੋ) ਖਾਲਸਾ ਉਸਤਤ ਤੇ ਖਾਲਸੇ ਦੇ ਪ੍ਰਸਾਦਿ ਪ੍ਰਾਪਤੀ–ਕ੍ਰਿਤ ਮੁਖਾਰ ਬਿੰਦ ਦਸਮ ਪਾਤਸ਼ਾਹ ਜੀ ਦਾ ਰਚਨਾ ਵਿਚ ਖਾਲਸੇ ਦਾ ਪ੍ਰਗਟਾਉਣਾ ☞

ਜਦ [ਮੱਠ ਤੇ ਮਸੀਤ ਉਸਾਰੀ ਜ਼ਾ ਚੁਕੀ ਹੈ) ਦਾ ਬਚਨ ਕਰਨ ਲੱਗਾ ਤਾਂ ਨੈਣ ਭਰ ਆਏ, ਗਲਾ ਰੁਕ ਗਿਆ। ਅੱਗੋਂ ਦਸ ਹੀ ਨਾ ਸਕਿਆ ਤਾਂ ਸਤਿਗੁਰਾਂ ਫੁਰਮਾਇਆ–ਮੁਨਵਰ ! ਅਸੀਂ ਜਾਣਦੇ ਹਾਂ,

ਇਸ ਦੀ ਮਹੱਤਤਾ ਅਤੇ ਦਸਮ ਪਾਤਸ਼ਾਹ (ਦਸਾਂ ਪਾਤਸ਼ਾਹੀਆਂ) ਬਾਅਦ ਸ਼ਬਦਾਵਤਾਰ ਸ੍ਰੀ ਗ੍ਰੰਥ ਗ੍ਰੰਥ ਸਾਹਿਬ ਗਿਆਰਾਂ ਅਤੇ ਬਾਰਵੇਂ [ਦਵਾਦੱਸ] ੧੦+੨=੧੨, ਗੁਰੂ ਪੰਥ ਖਾਲਥੇ ਦਾ ਵਰਤਾਅ ਆਦਿ ਇਹ ਇਸ ਸਰਬ ਲੋਹ ਗ੍ਰੰਥ ਵਿਚ ਅੰਕਿਤ ਕਰਨਾ ਸੀ। ਇਸ ਕਰ ਕੇ ਨੌ ਨੰਦ ਪਾਸੋਂ ਇਸ ਦੀ ਪ੍ਰਾਪਤੀ ਕਰਨੀ ਜ਼ਰੂਰੀ ਸੀ। ਗ੍ਰੰਥ ਵਧਣ ਕਰ ਕੇ ਮੂਲ ਪਾਠ ਨਹੀਂ ਦਿਤੇ ਜਾ ਰਹੇ ਹਨ।

ਇਸੇ ਗ੍ਰੰਥ ਦੇ ਪ੍ਰਚਾਰ ਹਿਤ ਪਰਮ ਪੂਜਯ ਬਾਬਾ ਮਿੱਤ ਸਿੰਘ ਜੀ ਨੇ ਬਹੁਤ ਯਤਨ ਕੀਤਾ। ਕੁਝ ਮੰਗਲ ਦਾਸ ਪਾਸੋਂ ਲਿਖਵਾਏ। ਸਰਬ ਲੋਹ ਦੀ ਬੀੜ ਲਿਖਣ ਲਈ ਭੀ ਦਾਸ ਨੂੰ ਦਿਤੀ ਗਈ। [ਵਿਸਥਾਰ ਅਗੇ ਪੜ੍ਹਨਾ] ਬਾਬਾ ਜੀ ਦੀ ਇਸ ਗਰੰਥ ਪ੍ਰਤੀ ਅਥਾਹ ਸਤਿਕਾਰ ਸੀ। ਉਹਨਾਂ ਫੁਰਮਾਇਆ ਸੀ ਅਤੇ ਇਹ ਨੰਨੰਦ ਦੀ ਸਾਖੀ ਦਸੀ ਸੀ। ਇਹ ਮਾਤ ਭੁਵਾਨੀ ਦਾ ਰਾਖਸ਼ਾਂ ਦੇ ਯੁੱਧ ਸਮੇਂ ਜਿਥੇ ਇਹ ਗ੍ਰੰਥ ਉਚਾਰਨ ਕੀਤਾ ਸੀ ਉਹ 'ਬੁੰਗਾ ਸਰਬ ਲੋਹ' ਦੇ ਨਾਮ ਨਾਲ ਪ੍ਰਸਿਧ ਸੀ, ਜੋ ਨਗੀਨਾ ਘਾਟ ਤੋਂ ਪਹਾੜ ਨਿਹੰਗ ਸਿੰਘਾਂ ਦੀ ਛਾਉਣੀ ਸੀ ਤੇ ਬੁੱਢੇ ਦਲ ਵਲੋਂ (ਬਾਬਾ ਨਿਧਾਨ ਸਿੰਘ ਜੀ) ਜਿਥੇ ਅਜ ਕਲ ਲੰਗਰ ਅਸਥਾਨ ਹੈ, ਇਹਨਾਂ ਨਾਲ ਘਿਰਣਤ ਸਲੂਕ ਕਰਨ ਤੇ ਬੁੱਢੇ ਦਲ ਨੇ ਥਾਉਂ ਦਿਤਾ ਸੀ।

ਸ੍ਰੀ ਸਰਬ ਲੋਹ ਗਰੰਥ ਜੋ ਦੋ ਭਾਗ ਤੇ ਇਕ ਇਕੱਠਾ ਭਾਗ ਵਿਚ ਛੱਪ ਚੁੱਕਾ ਹੈ ਤੇ ਭੇਟਾ - ਰਹਿਤ ਵਿਤਾ ਜਾਂਦਾ ਹੈ। ਇਹ ਮਹਾਨ ਉਪਰਾਲਾ ਪੰਥ ਦੇ ਵਿਦਵਾਨ ਜਰਨੈਲ ਸ੍ਰੀਮਾਨ ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ 'ਅਕਾਲੀ' ਛਿਆਨਵੇਂ ਕ੍ਰੋੜੀ, ਬੁੱਢਾ ਦਲ ਚੱਕਰਵਰਤੀ, ਪੰਜਵਾਂ ਤਖਤ ਵਲੋਂ ਤਕਰੀਬਣ ਪੰਜ ਲੱਖ ਰੁਪਈਆ ਖਰਚ ਕਰ ਕੇ ਬੁੱਢਾ ਦਲ–ਪੰਜਵਾਂ ਤਖਤ ਪ੍ਰਿੰਟਿੰਗ ਪ੍ਰੈਸ ਗੁਰੂ ਕਾ ਬਾਗ ਸ੍ਰੀ ਅਨੰਦਪੁਰ ਸਾਹਿਬ ਵਿਖੇ ਛੱਪਵਾ ਦਿਤਾ ਹੈ। ਇਕ ਪੂਰਨ ਸੈਂਚੀ ਮੂਲ ਪਾਠਾਂ ਦੀ ਤੇ ਦੋ ਸੈਂਚੀਆਂ ਪ੍ਰਿਯਾ ਸਹਿਤ ਔਖੇ ਪਦਾਂ ਦੇ ਅਰਥਾਂ ਦੀਆਂ ਛੱਪਵਾਈਆਂ ਹਨ, ਤੇ ਗੁਰਮਤਿ ਪ੍ਰਚਾਰ ਅਤੇ ਆਮ ਜਨਤਾ ਦੀ ਦਸਮ ਪਾਤਸ਼ਾਹ ਦੀ ਕਲਾ ਕ੍ਰਿਤ ਨੂੰ ਪ੍ਰਚਾਰਨ ਲਈ ਸ਼ਲਾਘਾ ਯੋਗ ਉਪਰਾਲਾ ਕੀਤਾ ਹੈ।

'ਸਰਬ ਲੋਹ' ਦੀ ਗਿਆਤ ਲਈ ਬੁੱਢਾ ਦਲ ਨਿਹੰਗ ਸਿੰਘਾਂ, ਜ਼ਥੇਦਾਰ ਸਾਹਿਬ ਜੀ ਨਾਲ ਸੰਪਰਕ ਕਰ ਕੇ ਪ੍ਰਾਪਤ ਕਰ ਸਕਦੇ ਹੋ। ਅਤੇ ਇਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਤੇ ਸਰਬ ਲੋਹ ਬਾਰੇ ਸਹੀ ਜਾਣਕਾਰੀ ਇਸੇ ਗਰੰਥ ਦੀ ਰਚਨਾ ਤੋਂ ਪ੍ਰਾਪਤ ਕਰ ਸਕਦੇ ਹੋ।

ਭਾਵੇਂ ਅਸੀਂ ਦਸਮ ਪਾਤਸ਼ਾਹ ਜੀ ਦੇ ਸਿਖ ਅਖਵਾਉਣ ਦਾ ਦਾਅਵਾ ਕਰਦੇ ਹਾਂ। ਪ੍ਰੰਤੂ ਉਹਨਾਂ ਦੀ ਤਿੰਨ ਕਾਲ–ਭੂਤ, ਭਵਿੱਖ ਤੇ ਵਰਤਮਾਨ ਅਤੇ ਤ੍ਰੈ ਕਰਤਾ ਸ਼੍ਰਿਸਟੀ ਦੇ ਰਚਣਹਾਰੇ, ਪ੍ਰਮੁਖ ਦੀ ਸਾਖ ਅਨੁਸਾਰ ਆਪਣੀ ਰਚਨਾ ਤਿੰਨੇ ਗਰੰਥਾਂ 'ਚੋਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੂਜਕ ਹੀ ਰਹਿ ਗਏ ਹਾਂ। ਤੇ ਦਸਮ ਗ੍ਰੰਥ ਦੀ ਰਚਨਾਂ ਤੋਂ ਬੇਮੁਖ ਹੋ ਗਏ ਹਾਂ। ਕੀ ਅਸੀਂ ਦਸਮ ਪਾਤਸ਼ਾਹ ਜੀ ਦੇ ਸਿੱਖ ਅਖਵਾਉਣ ਦੇ ਅਧਿਕਾਰੀ ਹਾਂ, ਜਦ ਕਿ ਉਹਨਾਂ ਦੀ ਰਚਿਤ ਬਾਣੀ ਤੋਂ ਸਿਰ ਫੇਰ ਚੁਕੇ ਹਾਂ ? ਤਾਂਹੀ ਤੇ ਆਤਮਿਕ ਤੇ ਪ੍ਰਮਾਰਥ ਸ਼ਕਤਿ ਦੀ ਸਾਡੇ ਵਿਚ ਘਾਟ ਆ ਚੁਕੀ ਹੈ। ਰਾਜ ਲਈ ਦੂਜਿਆਂ ਪਾਸੋਂ ਮੰਗਦੇ ਹਾਂ।

ਤਾਂ ਹੀ ਤੇ ਆਏ ਹਾਂ, ਤੇ ਸ਼ਰਾ ਦੇ ਜਨੂਣੀਆਂ ਦੀ ਜੜ੍ਹ ਪੁੱਟਣ ਲਈ ਤਾਂ ਅਸਾਂ ਨੂੰ, ਇਹਨਾਂ ਜ਼ਾਲਮਾਂ ਨੂੰ ਦੰਡ ਦੇਣ ਲਈ ਲੋਹਾ ਲੈਣਾ ਪਿਆ, ਘਬਰਾਉ ਨਾ–ਚਿੰਤਾਤੁਰ ਨਾ ਹੋਵੋ ਸਭ ਠੀਕ ਹੋ ਜਾਵੇਗਾ, ਇਸੇ ਲਈ ਅਸੀਂ ਬਾਦਸ਼ਾਹ ਨੂੰ ਭੀ ਨਾਲੇ ਲਈ ਆਏ ਹਾਂ। ਇਹਨਾਂ ਦੀਆਂ ਕਰਤੂਤਾਂ ਦਾ ਭਾਂਡਾ ਫੋੜਨਾ ਹੈ। ਕਿੰਨੇ ਜ਼ਾਲਮ ਹਨ। ਪ੍ਰਭੂ ਦੀ ਪੂਜਾ ਦੇ ਮੰਦਰ (ਮੱਠ) ਢਾਹ ਕੇ ਕਿਵੇਂ ਕਬਰੀ ਮਸੀਤਾਂ ਉਸਾਰੀਆਂ ਹਨ।

ਸਤਿਗੁਰਾਂ ਬੜੇ ਪਿਆਰ ਨਾਲ 'ਨੌ ਨੰਦ' ਨੂੰ ਕਿਹਾ ਹੱਛਾ ! ਫਿਰ ਸਾਡੀ ਅਮਾਨਤ, ਜੀ ਜੀ ...। ਜੀ ਨੌ ਨੰਦ ਕਰ ਹੀ ਰਿਹਾ ਸੀ, ਕਿ ਸਤਿਗੁਰਾਂ ਬਗਲ ਵਿਚੋਂ [ਜਿਵੇਂ ਸ੍ਰੀ ਕ੍ਰਿਸ਼ਨ ਜੀ ਨੇ ਸੁਦਾਮੇ ਦੇ ਲੁਪਾਏ ਤੰਦਲ (ਚਾਵਲ) ਹਸਦੇ-ਹਸਦੇ ਖਸ ਲਏ ਸਨ–ਯਾਰ ਓਹਲਾ ਕਾਹਦਾ] ਇਉਂ ਸਤਿਗੁਰਾਂ ਕਿਹਾ–ਰਿਸ਼ੀਵਰ ! ਹੁਣ ਲੁਕਾ ਕੇ ਓਹਲਾ ਕਾਹਦਾ ? 'ਜਬ ਨਾਚੀ ਤਬ ਘੂੰਗਟ ਕੈਸਾ' ਡਰ ਭਉ ਓਹਾਰੋ–ਲਿਆਉ ਸਾਡੀ ਅਮਾਨਤ 'ਸਰਬ ਲੋਹ ਗ੍ਰੰਥ' ਕਛੇ ਦਿੱਤਾ ਕੱਢ ਲਿਆ ਤੇ ਮਸਤਕ ਨਾਲ ਛੁਹਾਇਆ।

ਨੌ ਨੰਦ– ਮਹਾਰਾਜ ! ਮੱਠ ਦੇ ਸੰਤਾਂ-ਮਹੰਤਾਂ, ਸੇਵਾਦਾਰਾਂ ਦੀਆਂ ਗਲਤੀਆਂ ਦੀ ਖਿਮਾਂ ਤੇ ਮੁਕਤੀ।

ਸਤਿਗੁਰਾਂ ਕਿਹਾ–ਹਾਂ ! ਜ਼ਰੂਰ ਹੋਵੇਗੀ, ਪਰ ਆਪ ਜੀ ਨੂੰ ਕੁਝ ਸਮਾਂ ਠਹਿਰਣਾ ਹੋਵੇਗਾ, ਉਹ ਮੱਠ (ਤੱਪ ਅਸਥਾਨ) ਤੇਰੀ ਹੋਂਦ ਵਿਚ ਪ੍ਰਗਟ ਕਰਨਾ ਹੈ।

ਸੰਗਤ ਵਿਚ ਇਸ ਘਟਨਾ ਦੀ ਅਸਚਰਜਤਾ ਫੈਲ ਰਹੀ ਸੀ–ਕੌਤਕ-ਹਾਰ ਸਤਿਗੁਰੂ ਕਿਵੇਂ ਸਾਧੂ ਨੂੰ ਸਤਿਕਾਰ-ਪਿਆਰ ਤੇ ਮਿੱਠੀਆਂ-ਮਿੱਠੀਆਂ ਰਮਜ਼ਾਂ–ਰਾਜ਼ਾਂ ਦੇ ਬਚਨਾਂ ਵਿਚ ਘੁੱਲ ਮਿਲੇ ਜਾਪਦੇ ਸਨ।

ਹਾਂ ! ਇਹਨਾਂ ਦੀ ਇਹ ਜਾਨਣ, ਸੰਗਤ ਹੈਰਾਨ ਸੀ ਕਿ ਸਤਿਗੁਰੂ ਜੀ ਕਿਥੇ ਜਨਮੇ, ਕਿਥੇ ਪਲੇ ਤੇ ਕਿਥੇ ਆ ਪਹੁੰਚੇ ਹਨ। ਸਤਿਗੁਰਾਂ ਫੁਰਮਾਇਆ–ਸਾਧ ਸੰਗਤ ਜੀ ਆਪ ਅਸਚਰਜ ਨਾ ਹੋਵੋ, ਸਾਨੂੰ ਮੁੱਦਾ [ਨਿਸ਼ਾਨਾ] ਮਿਲ ਗਿਆ ਹੈ ਤੇ ਪੂਰੀ ਗਵਾਹੀ–ਸਾਰੀ ਨੌ ਨੰਦ ਦੀ ਜਬਾਨੀ ਜਾਣਕਾਰੀ ਦੇਂਦੇ ਹੋਇ ਸਤਿਗੁਰਾਂ ਫੁਰਮਾਇਆ ਤੁਸਾਂ ਵੇਖਿਆ ਤੀਰ ਨਿਸ਼ਾਨੇ ਲਗਾ 'ਮਸੀਤ' ਵਿਚ।

---

੧. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ–ਦਸਮ ਪਿਤਾ ਜੀ ਨੇ ਸ੍ਰੀ ਦਮਦਮਾ ਸਾ: ਕੀਤੀ ਤੇ ਗੁਰਗੱਦੀ ਨਾਦੇੜ [ਸੱਚਖੰਡ ਸ੍ਰੀ ਅਬਿਚਲ ਨਗਰ]।

੨. ਸ੍ਰੀ ਦਸਮ ਗ੍ਰੰਥ ਸਾਹਿਬ ਦੀ ਰਚਨਾ–ਸ੍ਰੀ ਪਾਉਂਟਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਭਿਖੀਵਿੰਡ ਸਾ: ਆਦਿ ਅਸਥਾਨਾਂ ਤੇ ਕੀਤੀ।

੩. ਸ੍ਰੀ ਸਰਬ ਲੋਹ ਗ੍ਰੰਥ ਦੀ ਰਚਨਾ–ਸੰਸਕ੍ਰਿਤ ਰਚਨਾ (ਸਤਿਜੁਗ ਤੱਪ ਸਾਦਨ ਸਮੇਂ) ਤੇ ਉਲਥਾ ਪੰਜਾਬੀ, ਬ੍ਰਿਜ ਭਾਸ਼ਾ ਵਿਚ ਭੀ, ਇਸੇ ਅਸਥਾਨ (ਸ੍ਰੀ ਸਰਬ ਲੋਹ ਬੁੰਗਾ) ਨਗੀਨਾ ਘਾਟ ਕਰਕੇ, ਇਸ ਕਾਲ ਦੀ ਰਚਨਾ, ਸ੍ਰੀ ਗੁਰੂ ਗ੍ਰੰਥ–ਪੰਥ ਦਾ ਵਰਤਾਰਾ ਤੇ ਖਾਲਸਾ ਜੀ ਪ੍ਰਤੀ ਗੁਨਣ ਇਸ ਵਿਚ ਦਰਜ ਕਰ ਇਸ ਗ੍ਰੰਥ ਨੂੰ ਭੀ ਪੂਜਯ ਬਣਾਇਆ।

ਸ੍ਰੀ ਸੱਚਖੰਡ ਅਬਿਚਲ ਨਗਰ ਅਸਥਾਨ ਦਾ ਪ੍ਰਗਟਾਨਾ

ਇਹ ਅਸਥਾਨ, ਸਤਿਜੁਗ ਦਾ ਪੁਰਾਤਨ ਅਸਥਾਨ, ਦਸਮ ਪਿਤਾ ਜੀ ਦਾ ਹੈ। ਜਦ 'ਤੀਰ' ਮਸੀਤ ਵਿਚ ਵੱਜਾ, ਤਾਂ ਸਤਿਗੁਰਾਂ ਬਹਾਦਰ ਸ਼ਾਹ ਨੂੰ ਸੰਕੇਤ ਭੇਜ ਦਿੱਤਾ, ਕਿ ਇਕ ਜ਼ਰੂਰੀ ਫੈਸਲਾ ਤੁਹਾਥੋਂ ਲੈਣਾ ਹੈ। ਸ਼ੀਘਰ ਆਵੋ-ਵਕਤ ਦੇ ਬਾਦਸ਼ਾਹ ਹੋ।

ਬਹਾਦਰ ਸ਼ਾਹ ਦੇ ਆ ਜਾਣ ਤੇ ਸਤਿਗੁਰੂ ਸਿੰਘਾਂ ਸਮੇਤ ਉਸ ਮਸੀਤ ਵਿਚ ਪੁਜੇ, ਤੇ ਕਿਹਾ—ਇਹ ਸਾਡਾ ਸਤਿਜੁਗ ਦਾ ਤੱਪ ਅਸਥਾਨ ਹੈ, ਤੁਹਾਡੀ ਖਾਨਦਾਨੀ ਨੈ ਮੱਠ ਢਾਹ ਕੇ ਮਸੀਤ ਜਬਰਦਸਤੀ ਬਣਾਈ ਸੀ, ਪਰ ਅਸੀਂ ਬਾਵਜੂਦ ਸਾਡਾ ਅਸਥਾਨ ਹੋਣ ਦੇ, ਬਿਨਾ ਮੁਆਵਜ਼ਾ ਦਿਤੇ ਅਸੀਂ ਨਹੀਂ ਲੈਣਾ ਚਾਹੁੰਦੇ।

ਬਹਾਦਰ ਸ਼ਾਹ ਹੈਰਾਨ ਹੋ ਕੇ, ਸੋਚੀ ਪੈ ਗਿਆ ਕਿ ਇੱਧਰ ਗੁਰੂ ਸਾਹਿਬ ਹਨ, ਉੱਧਰ ਮੁਸਲਮਾਨੀ ਮਸੀਤ, ਕੀ ਫੈਸਲਾ ਕਰਾਂ ? ਓਪਰੇ ਮਨ ਨਾਲ ਸਤਿਗੁਰੂ ਜੀ ਇਹ ਰਾਜ-ਪਾਟ ਸਭ ਆਪ ਜੀ ਦਾ ਹੀ ਹੈ, ਆਪ ਮਾਲਕ ਹੋ।

ਸਤਿਗੁਰੂ ਜੀ— ਨਹੀਂ ਰਾਜਨ ! ਅਸੀਂ ਬੇਨਿਆਈ—ਜ਼ੋਰੋ-ਜ਼ੁਲਮ ਨਾਲ ਨਹੀਂ, ਸਗੋਂ ਸੱਚ ਪ੍ਰਗਟਾ ਕੇ ਹੱਕ ਲੈਣਾ ਹੈ, ਤੇ ਇਸ ਨੂੰ ਪ੍ਰਗਟ ਕਰਕੇ, ਗੁਰੂ ਖਾਲਸੇ ਨੂੰ ਆਪਣੀ ਆਦਲੀ ਤੱਪ-ਭੂਮੀ (ਅਸਥਾਨ) ਖਾਲਸਾ ਜੀ ਦੀ ਵਰਾਸਤ ਸੌਂਪਣ ਆਏ ਹਾਂ, ਜਦ ਕਿ ਚਾਰੇ ਜੁਗਾਂ ਦੇ ਤੱਪ ਅਸਥਾਨ ਖਾਲਸਾ ਜੀ ਨੂੰ ਸੌਂਪੇ ਹਨ— ੧. ਸਤਿਜੁਗ—ਨਾਨਦੇੜ (ਸੱਚਖੰਡ)। ੨. ਦੁਆਪਰ—ਪਟਨਾ ਸਾਹਿਬ। ੩. ਤਰੇਤਾ—ਅਨੰਦਪੁਰ ਸਾਹਿਬ। ੪. ਕਲਿਜੁਗ—ਹੇਮਕੁੰਡ ਸਾਹਿਬ।

ਹਾਂ ਇਹ ਹੀ ਉਹ ਮੁਢਲਾ ਅਸਥਾਨ ਹੈ ਜਿਥੇ ਸਤਿਜੁਗ ਵਿਚ, ਸਾਨੂੰ ਕਲਜੁਗ ਵਿਚ ਪੰਥ ਖਾਲਸਾ ਸਾਜਨ ਦਾ ਵਰ ਪ੍ਰਾਪਤ ਹੋਇਆ ਸੀ। ਉਸ ਵਰ ਦੀ ਪੂਰਤੀ ਲਈ ਖਾਲਸਾ ਜੀ ਦਾ ਨੀਂਹ ਅਸਥਾਨ ਪ੍ਰਗਟ ਕਰਨਾ ਹੈ, ਜ਼ਬਾਨੀ ਨਹੀਂ ਸਗੋਂ ਆਪਣਾ ਤੱਪ ਸਾਧਨ ਦੀਆਂ ਨਿਸ਼ਾਨੀਆਂ ਦਰਸਾ ਕੇ, ਠੀਕ ਹੈ-ਬਹਾਦਰ ਸ਼ਾਹ, ਜੇ ਨਿਸ਼ਾਨੀਆਂ ਜੋ ਅਸੀਂ ਦਸੀਏ—ਨਿਕਲਣ ਤਾਂ ਠੀਕ ਸਾਡਾ ਅਸਥਾਨ ਹੋਇਆ ?

ਬਾਦਸ਼ਾਹ— ਜਿਵੇਂ ਹਜ਼ੂਰ ਦੀ ਲੀਲਾ—ਮੈਂ ਕੌਣ ਹਾਂ ਉਜ਼ਰ ਕਰਨ ਵਾਲਾ। ਪਰ ਇਹ ਮਸੀਤ ਹੈ, ਕਾਜ਼ੀ-ਸ਼ਰਈ ਮੈਨੂੰ ਕਈ ਫਤਵੇ ਲਾਉਣਗੇ—ਜਿਸ ਕਰਕੇ ਇਹ ਝਗੜਾ ਤੁਸਾਂ ਹੀ ਆਪਣੀ ਕਲਾ ਕੀਰਤੀ ਨਾਲ ਨਜਿੱਠਣਾ ਹੈ—ਸ਼ਰਈਯਤ ਦਾ ਮਾਮਲਾ ਹੈ ਸ਼ਰਈ-ਤੁਅੱਸਬੀ ਮੁਸਲਮਾਨ ਖਾਹ-ਮਖਾਹ ਝਗੜਾ ਖੜਾ ਕਰਨਗੇ।

ਸਤਿਗੁਰੂ ਜੀ— ਤੁਸੀਂ ਬਾਦਸ਼ਾਹ ਹੋ ! ਕਰੋ ਨਿਆਂ, ਤੁਹਾਡੇ ਹੀ ਵਡਿਆਂ ਨੇ, ਹਿੰਦੂਆਂ ਦੇ ਪੂਜਯ ਮੰਦਰ ਢਾਹ ਕੇ ਮਸੀਤਾਂ ਬਣਾਈਆਂ ਸਨ, ਪਰ ਉਹ ਤਾਂ ਦੁਬਾਰਾ ਨਹੀਂ ਆਏ ਆਪਣੇ ਜਨਮ ਅਸਥਾਨ ਦਰਸਾਨ (ਆਯੁਧਿਆ ਸ੍ਰੀ ਰਾਮ ਜਨਮ ਭੂਮੀ, ਮਥਰਾ ਸ੍ਰੀ ਕ੍ਰਿਸ਼ਨ ਜਨਮ ਭੂਮੀ ਅਤੇ ਹੋਰ ਅਨੇਕਾਂ ਪੂਜਯ ਮੰਦਰ) ਪਰ ਅਸੀਂ ਆਏ ਹਾਂ—ਜਿਸ ਕਰਕੇ ਇਹ ਅਣਿਯਾਏ ਹੈ ਕਿ ਕਿਸੇ ਦੀ ਤੱਪ-ਭੂਮੀ (ਮੱਠ) ਨੂੰ ਬਦਲ ਕੇ ਰਾਜ ਹੰਕਾਰ ਦੇ ਮੱਦ ਵਿਚ ਮਸੀਤ ਉਸਾਰ ਲਈ ਜਾਵੇ, ਵਡਿਆਂ ਦੀ ਕੀਤੀ ਗਲਤੀ ਦਾ ਸੁਧਾਰ ਕਰੋ—ਜ਼ੁਲਮੀ ਨੁਵਾਬਾਂ ਨੂੰ ਸਾਡੇ ਹਵਾਲੇ ਕਰਨ ਤੋਂ ਤਾਂ ਮੁਨਕਰ ਹੋ ਗਏ ਹੋ,

ਪਰ ਅਸੀਂ ਇਸ ਅਸਥਾਨ ਦੇ ਨਿਆਂ ਕਰਨ ਤੋਂ ਮੁਨਕਰ ਨਹੀਂ ਹੋਣ ਦੇਣਾ। ਭਾਂਵੇ ਤੁਹਾਡੀ ਸ਼ਰਾ, ਕੁਝ ਵੀ ਫਤਵਾ ਲਾਵੇ।

ਬਾਦਸ਼ਾਹ— ਜੀ ਹਜ਼ੂਰ ! ਇਹਨਾਂ ਕਾਜ਼ੀ-ਮੁਲਾਣਿਆਂ ਦੀ ਤਸੱਲੀ ਕਰਾ ਦਿਓ, ਆਪੇ ਨਿਰ-ਉੱਤਰ ਹੋ ਜਾਣਗੇ, ਤੇ ਨਿਆਇ ਦਾ ਰਾਹ ਨਿਕਲ ਆਵੇਗਾ।

ਸਤਿਗੁਰੂ— ਨਿਆਂ ਤਾਂ, ਝੂਠ-ਫਰੇਬ ਝੂਠੀਆਂ ਕਸਮਾਂ ਖਾਣ ਵਾਲੀ ਅਤੇ ਬਚਨ ਕਰਕੇ ਫਿਰਨ ਵਾਲੀ ਬਾਦਸ਼ਾਹੀਅਤ ਨਹੀਂ ਕਰੇਗੀ, ਫੈਸਲਾ ਸੱਚ ਕਰੇਗਾ। ਅਗੇ ਹੋਇਆ (ਤੇਰਾ ਬਾਪ ਔਰੰਗਜ਼ੇਬ) ਪੈਕੰਬਰੀ ਦੇ ਸੁਪਨੇ ਲੈਂਦਾ ਚਲਾ ਗਿਆ, ਇਸੇ ਤਰਾਂ ਹੁਣ ਤੁਰਕ ਰਾਜ ਖੋਹਖਲਾ ਹੋ ਚੁਕਾ ਹੈ-ਨਿਆਏ ਸੱਚ (ਵਾਹਿਗੁਰੂ) ਕਰੇਗਾ।

ਇਸ ਥਾਂਵੇ, ਅਸਾਂ ਪੁਰਾਤਨ ਸਮੇਂ ਤੱਪ ਕੀਤਾ ਸੀ, ਉਸ ਵਕਤ ਦੀਆਂ ਨਿਸ਼ਾਨੀਆਂ (ਧੂਨਾਂ, ਚਿੱਮਟਾ, ਖੜਾਵਾਂ) ਜੇ ਨਿਕਲਣ ਤਾਂ ਇਹ ਥਾਂ ਸਾਡਾ ਹੋਇਆ ?

ਮੁਸਲਮਾਨ— ਹਾਂ ਜੀ—ਸਾਰੇ ਮੁਸਲਮਾਨ ਇਕ ਅਵਾਜ਼ ਹੋ ਕੇ ਬੋਲੇ।

ਸਤਿਗੁਰਾਂ ਇਸ਼ਾਰਾ ਕੀਤਾ—ਝੱਟ ਹੀ ਸਿੰਘ ਸੇਵਾ ਕਰਨ ਜੁਟ ਪਏ, ਤੇ ਦਸੇ ਅਨੁਸਾਰ ਉਸ ਥਾਂ ਦੀ ਖੁਦਾਈ ਕੀਤੀ ਤੇ ਠੀਕ ਧਰਤੀ ਵਿਚ ਕੁਝ ਦੂਰੀ ਵਿਚ ਦੱਬੀ, ਧੂਨੀ-ਰਾਖ, ਚਿਮਟਾ-ਖੜਾਵਾਂ ਨਿਕਲ ਆਈਆਂ।

ਜਦ ਪ੍ਰਤੱਖ ਇਹ ਵਸਤੂਆਂ ਨਿਕਲੀਆਂ ਤਾਂ ਬਾਦਸ਼ਾਹ ਤੇ ਮੁਸਲਮਾਨ ਸਾਰੇ ਨਿਰ-ਉੱਤਰ ਹੋ ਗਏ। ਪਰ ਅੰਦਰ ਸ਼ਰਾ ਦੀ ਅੱਗ ਸੁਲਘਦੀ ਹੀ ਰਹੀ।

ਸਤਿਗੁਰੂ— ਕੀ ਇਹ ਸੱਚ ਹੈ ? ਤਾਂ ਤੇ ਸਾਡਾ ਥਾਉਂ ਹੋਇਆ, ਪਰ ਅਸੀਂ ਜਬਰਦਸਤੀ ਨਹੀਂ ਕਰਨੀ, ਧਰਮ ਦਾ ਧੜਾ ਨਹੀਂ ਬਨਾਉਣਾ—ਝਗੜਾ ਨਹੀਂ ਵਧਾਉਣਾ, ਨਾ ਹੀ ਬਿਨਾ ਇਸ ਧਰਤੀ ਦੇ ਦਾਮ ਦਿਤਿਆਂ, ਮੁਫਤ ਵਿਚ ਥਾਂਉ ਲੈਣੀ ਹੈ। ਧਰਮ ਸਭ ਦਾ ਸਤਿਕਾਰ ਕਰਨ ਲਈ ਹੁੰਦਾ ਏ, ਕਿਉਂਕਿ ਧਰਮ ਅਸਥਾਨ ਤੇ ਰੱਬ ਦੀ ਅਬਾਦਤ ਜੂ ਹੁੰਦੀ ਹੈ।

ਹਾਂ ਮੁਸਲਮਾਨ ਵੀਰੋ ! ਤੁਹਾਡੀ ਅਬਾਦਤ ਗਾਹ ਤੋਂ ਤੁਹਾਨੂੰ ਵਾਂਜੇ ਨਹੀਂ ਕਰਨਾ, ਜਿਥੇ ਚਾਹੋ, ਅਸੀਂ ਆਪਣੇ ਖਰਚ ਤੇ ਸੁੰਦਰ ਮਸੀਤ ਬਣਵਾ ਦੇਂਦੇ ਹਾਂ, ਜਦ ਮਸੀਤ ਤਿਆਰ ਹੋ ਜਾਵੇਗੀ, ਤੁਸੀਂ ਨਮਾਜ਼ ਪੜ੍ਹਨ ਲੱਗ ਪਵੋਗੇ, ਤਾਂ ਅਸੀਂ ਫਿਰ ਭੀ ਇਸ ਥਾਂ ਦਾ ਮੁੱਲ ਤਾਰ ਕੇ ਪ੍ਰਾਪਤ ਕਰਾਂਗੇ।

ਸਤਿਗੁਰਾਂ ਦਾ ਸੱਚਖੰਡ ਅਸਥਾਨ ਤੇ ਪਧਾਰਨਾ

ਉਧਰ ਨਵੀਂ ਮਸੀਤ ਤਿਆਰ ਹੋ ਗਈ—ਮੁਸਲਮਾਨ ਬਾ ਖੁਸ਼ੀ ਸਤਿਗੁਰਾਂ ਦੀ ਬਣਾਈ ਮਸੀਤ ਵਿਚ ਨਮਾਜ਼ ਗੁਜ਼ਾਰਨ ਲਗੇ, ਤਾਂ ਸਤਿਗੁਰਾਂ ਨਗੀਨਾ ਘਾਟ ਤੋਂ [ਬੰਦੇ ਨੂੰ ਬੰਦਾ ਬਣਾ—ਪੰਜਾਬ ਢੱਕਾਂ ਸੰਦੇਸ਼ ਭੇਜ] ਇਸ ਤੱਪ ਅਸਥਾਨ ਤੇ ਆ ਆਸਣ ਲਾਏ।

ਗੁਰਦੁਆਰਾ ਬੰਦਾ ਘਾਟ ਸਾਹਿਬ

ਕਸ਼ਮੀਰ ਦੇ ਪੁਣਛ ਇਲਾਕੇ ਵਿਚ ਇਕ ਛੋਟਾ ਜਿਹਾ ਨਗਰ 'ਰਾਜੌਰੀ' ਹੈ। ਜਿਥੇ ੧੬੭੦ ਈ:

ਨੂੰ ਭਾਰਦਵਾਜ ਰਾਜਪੂਤ 'ਰਾਮਦੇਵ' ਦੇ ਘਰ ਲਛਮਣ ਦਾਸ ਦਾ ਜਨਮ ਹੋਇਆ। ਲਛਮਣ ਦਾਸ, ਬਚਪਣ ਤੋਂ ਹੀ ਚੰਗਾ ਸ਼ਿਕਾਰੀ ਅਤੇ ਨਰੋਏ ਜਿਸਮ ਦਾ ਮਾਲਕ ਸੀ। ਇਕ ਦਿਨ ਅਜੇਹੀ ਹਿਰਨੀ ਦਾ ਸ਼ਿਕਾਰ ਕੀਤਾ, ਜੋ ਜਲਦੀ ਬੱਚਿਆਂ ਨੂੰ ਜਨਮ ਦੇਣ ਵਾਲੀ ਸੀ, ਅੱਖਾਂ ਸਾਹਮਣੇ ਬੱਚਿਆਂ ਦਾ ਜਨਮਣਾ, ਤੇ ਤੜਪ-ਤੜਪ ਕੇ ਮਰਨ ਦੇ ਕਰਣਾਮਈ ਦ੍ਰਿਸ਼ ਨੇ ੧੫ ਸਾਲ ਦੇ ਲਛਮਣ ਦਾਸ ਦੇ ਪੱਥਰ ਦਿਲ ਨੂੰ ਪਿਘਲਾ ਕੇ ਰੱਖ ਦਿੱਤਾ।

ਵੈਰਾਗੀ ਹੋਇਆ, ਘਰ-ਬਾਰ ਤਿਆਗ ਕੇ ਘਰੋਂ ਨਿਕਲ ਤੁਰਿਆ। ਇਕ ਜਾਨਕੀ ਦਾਸ ਮਹਾਤਮਾ ਦੀ ਸੰਗਤ ਕੀਤੀ ਤੇ ਲਛਮਣ ਦਾਸ ਤੋਂ ਨਾਮ ਮਾਧੌ ਦਾਸ ਰੱਖ ਦਿਤਾ, ਅਤੇ ਆਪਣੇ ਨਾਲ ਕਸ਼ਮੀਰ ਲੈ ਗਿਆ। ਇਸ ਤਰ੍ਹਾਂ ਫਿਰਦੇ ਫਿਰਾਂਦੇ, ਵੈਸਾਖੀ ਤੇ ਜ਼ਿਲਾ ਲਾਹੌਰ ਦੀ ਤਹਿਸੀਲ ਕਸੂਰ ਦੇ ਨਗਰ 'ਰਾਮ ਥਮਣ' ਪੁਜੇ, ਇਥੇ ਇਕ ਬੈਰਾਗੀ ਸਾਧੂ 'ਰਾਮਦਾਸ' ਨਾਲ ਮਾਧੌ ਦਾਸ ਦਾ ਮੇਲ ਹੋ ਗਿਆ, ਜਿਸ ਨਾਲ ਮਿਲ ਕੇ ਮਾਧੌ ਦਾਸ ਹਿੰਦੁਸਤਾਨ ਦੇ ਤੀਰਥਾਂ ਦਾ ਰਟਨ ਕਰਨ ਲੱਗਾ। ਪੰਚਵਟੀ, (ਜਿਥੇ ਰਾਮ ਚੰਦ੍ ਜੀ ਨੇ ਬਨਬਾਸ ਗੁਜ਼ਾਰਿਆ ਸੀ) ਤੇ ਨਾਸਕ ਆਦ ਅਸਥਾਨਾਂ ਨੇ ਇਸ ਦਾ ਮਨ ਮੋਹਿਤ ਕਰ ਦਿਭਾ। ਨਾਸਕ ਵਿਖੇ ਮਾਧੌ ਦਾਸ ਦਾ ਮੇਲ ਇਕ ਤੰਤ੍ਰਾਂ-ਮੰਤ੍ਰਾਂ ਦੇ ਸਾਧਕ ਜੋਗੀ ਔਘੜ ਨਾਥ ਨਾਲ ਹੋਇਆ, ਇਸ ਦੀ ਤਨੋਂ ਮਨੋਂ ਸੇਵਾ ਕਰਕੇ ਰਿਧੀਆਂ–ਸਿਧੀਆਂ ਸਿਖੀਆਂ, ਔਘੜ ਨਾਥ ਦੇ ਮਰਨ ਤੇ ਇਹ ਉਸ ਡੇਰੇ ਦਾ ਮਹੰਤ ਬਣ ਗਇਆ।

ਪਰ ਇਸ ਦਾ ਮਨ ਮਹੰਤੀ ਤੋਂ ਉਪਰਾਮ ਹੋ ਗਿਆ ਤੇ ਸੰਨ ੧੬੯੨ ਵਿਚ ਨਾਦੇੜ ਦੇ ਮੁਕਾਮ ਤੇ ਗੋਦਾਵਰੀ ਦੇ ਕਿਨਾਰੇ ਕੁਟੀਆ ਪਾ ਕੇ, ਆਸ-ਪਾਸ ਦੇ ਲੋਕਾਂ ਨੂੰ ਆਪਣੀ ਕਲਾ ਨਾਲ ਭਰਮਾਉਣ ਤੇ ਵੱਸ ਕਰਨ ਲੱਗਾ। ਇਸ ਦੀਆਂ ਰਿਧੀਆਂ-ਸਿਧੀਆਂ ਕਾਰਨ ਦੂਰ-ਦੂਰ ਤੋਂ ਸੰਸਾਰੀ ਇਛਾਵਾਂ ਵਾਲੇ ਲੋਕ ਆਉਣ ਲਗ ਪਏ ਤੇ ਮਨੋ-ਇੱਛਾ ਪ੍ਰਾਪਤ ਕਰਕੇ ਸ਼ਰਧਾਲੂ ਬਣ ਗਏ।

ਭੇਖੀ ਸਾਧੂਆਂ ਦੀ ਜੋ ਡੇਰੇ ਤੇ ਆਉਂਦੇ–ਚਰਚਿਤ ਤਰੀਕੇ ਨਾਲ ਮਸਕਰੀ ਕਰਕੇ ਬੇਪਤੀ ਕਰਦਾ। ਇਸ ਬਾਰੇ ਸ੍ਰੀ ਗੁਰੂ ਗੋਬਿੰਦ ਜੀ ਮਹਾਰਾਜ, ਦਾਦੂ ਦੁਆਰੇ ਦੇ ਮਹੰਤ 'ਜੈਤ ਰਾਮ' ਪਾਸੋਂ ਬਹੁਤ ਕੁਝ ਮਾਧੌ ਦਾਸ ਬਾਰੇ ਸੁਣ ਆਏ ਸਨ।

ਨਗੀਨਾ ਘਾਟ ਤੋਂ ਸਤਿਗੁਰਾਂ ਦਾ ਇਸ ਦੇ ਡੇਰੇ ਤੇ ਜਾਣਾ

ਸੰਨ ੧੭੦੮ ਈ: ਜਦ ਸਤਿਗੁਰੂ ਜੀ ਇਸ ਦੇ ਡੇਰੇ ਤੇ ਆਏ, ਤਾਂ ਇਸ ਨੇ, ਆਪਣੀ ਸ਼ਕਤੀ ਦਾ ਹਰ ਤਰਾਂ ਯਤਨ ਕੀਤਾ, ਬੀਰਾਂ ਰਾਹੀਂ–ਜੋ ਇਸ ਨੇ ਵੱਸ ਕੀਤੇ ਹੋਇ ਸਨ–ਜਿਸ ਪਲੰਘ ਤੇ ਸਤਿਗੁਰੂ ਜਾ ਕੇ ਬੈਠੇ ਸਨ–ਉਲਟਾਨ ਲਈ ਆਪਣੀ ਸਾਰੀ ਸ਼ਕਤੀ ਵਰਤ ਕੇ ਸਤਿਗੁਰਾਂ ਤੇ ਪ੍ਰਭਾਵ ਪਾ ਕੇ ਨੀਵਾਂ ਵਿਖਾਉਣ ਦਾ ਹਰ ਸੰਭਵ ਯਤਨ ਕੀਤਾ, ਪਰ ਪਲੰਘ ਸਗੋਂ ਹੋਰ ਹੇਠਾਂ ਦਬਦਾ ਜਾਵੇ, ਤੇ ਉਲਟੇ ਨਾ, ਪ੍ਰੰਤੂ ਬੁਰੀ ਤਰਾਂ ਅਸਫਲ ਹੋ ਗਿਆ। ਅੰਤ ਆਪਣੇ ਸੰਗੀਆਂ-ਸੇਵਕਾਂ ਸਣੇ, ਸਤਿਗੁਰੂ ਜੀ ਦੀ ਚਰਨੀ ਡਿਗਾ, ਅਤੇ ਆਪਣੇ ਗੁਨਾਹਾਂ ਦਾ ਪਸ਼ਚਾਤਾਪ ਕੀਤਾ–

ਹਾਥ ਜੋਰ ਬਿਨੈ ਸਾਥ, ਪ੍ਰੇਮ ਪਾਥ ਨਾਇ ਮਾਥ, ਕਹਯੋ ! ਮੈਂ ਤੋ ਆਪਕਾ ਹੂੰ ਬੰਦਾ ਸੁਨ ਲੀਜੀਏ।
ਕਰੇ ਅਪਰਾਧ ਜੋਊ, ਪੂਰਬ ਅਗਾਧ ਮੈਨੇ, ਸਾਧ ਹੈਂ ਦੁਖਾਏ, ਛਿਮੋ ਆਪ ਸੋ ਕਰੀਜੀਏ।

ਮਿਲੋ ਆਪ ਰਘੁਨਾਥ, ਆਇ ਆਜ ਮੁਝੈ ਨਾਥ ਕੀਜੀਏ ਸੁਨਾਥ ਹਾਥ ਮਾਥ ਪੈ ਧਰੀਜੀਏ ॥
ਦੇਹੁ ਉਪਦੇਸ ਗਰਕ ਕਲੇਸ ਸੇਜ ਕੀਜੈ ॥ ਨਿੱਜ ਸਿੱਖ ਮੋਹਿ ਸਿਖਿਆ ਸੁ ਦੀਜੀਏ ॥
(ਪੰਥ ਪ੍ਰਕਾਸ਼)

ਸਤਿਗੁਰੂ ਜੀ ਨੇ ਸਭ ਭੁੱਲਾਂ ਬਖਸ਼ ਕੇ, ਅੰਮ੍ਰਿਤ ਛਕਾ ਕੇ, ਬੰਦਾ ਸਿੰਘ ਨਾਮ ਰਖਿਆ। ਸਤਿਗੁਰੂ ਜੀ ਦੀ ਸੰਗਤ ਅਤੇ ਸਤਿਗੁਰਾਂ ਨਾਲ ਔਰੰਗਜ਼ੇਬ ਤੇ ਪਹਾੜੀ ਰਾਜਿਆਂ ਦੀ ਕੁਟਲਤਾ, ਅਨੰਦਪੁਰ ਸਾਹਿਬ ਦਾ ਜੰਗ, ਸਾਹਿਬਜ਼ਾਦਿਆਂ ਦੀ ਅਨੋਖੀ ਸ਼ਹਾਦਤ, ਮਾਤਾ ਪਿਤਾ ਦੀ ਸ਼ਹਾਦਤ, ਔਰੰਗਜ਼ੇਬ ਵਲੋਂ ਦਿਲ-ਚਾਹੁ ਜ਼ੁਲਮ ਢਾਹੇ ਜਾਣੇ–ਅਜਿਹੇ ਅਤਿਆਚਾਰ ਸੁਣ ਕੇ ਬੰਦਾ ਸਿੰਘ ਬਹਾਦਰ ਦਾ 'ਰਾਜਪੂਤੀ' ਖ਼ੂਨ ਖੌਲਣ ਲੱਗਾ। ਸੇਵਾ ਲਈ ਸਤਿਗੁਰਾਂ ਪਾਸ ਅਰਜ਼ ਕੀਤੀ–

ਸਤਿਗੁਰੂ ਜੀ ਨੇ ਅਨਿਆਈ ਪਾਪੀਆਂ ਨਵਾਬਾਂ, ਜਲਾਦਾਂ, ਨੂੰ ਨੀਚ ਕਰਮਾਂ ਦਾ ਫਲ ਭੁਗਤਾਉਣ ਲਈ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਬਖਸ਼ੀ ਬੀੜ, ਪੰਜ ਸਿੰਘ (ਪੰਜ ਪਿਆਰੇ ਗੁਰੂ ਤਾਬੇ–ਦਾਰੀ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਬਖਸ਼ੀ ਬੀੜ, ਪੰਜ ਸਿੰਘ (ਪੰਜ ਪਿਆਰੇ ਗੁਰੂ ਤਾਬੇ–ਦਾਰੀ ਜਥੇਦਾਰ* ਬਾਬਾ ਬਿਨੋਦ ਸਿੰਘ ਜੀ, ੨. ਬਾਬਾ ਕਾਹਨ ਸਿੰਘ ਜੀ, ੩, ਬਾਬਾ ਬਾਜ ਸਿੰਘ ਜੀ, ੪. ਬਾਬਾ ਦੇਵ ਸਿੰਘ ਜੀ ਅਤੇ ੫ ਬਾਬਾ ਰਾਮ ਸਿੰਘ ਜੀ। ਇਕ ਨਿਸ਼ਾਨ ਸਾਹਿਬ, ਇਕ ਧੌਂਸਾ ਅਤੇ ਆਪਣੇ ਭੁੱਥੇ ਦੇ ਪੰਜ ਸੁਨਹਿਰੀ ਤੀਰ ਦੇ ਕੇ ਪੰਜਾਬ ਤੋਰਿਆ।

(ਮਾਤਾ ਸਾਹਿਬ ਕੌਰ ਜੀ ਨੂੰ ਪਹਿਲਾਂ ਹੀ ਇਹ ਆਦੇਸ਼ ਦੇ ਕੇ ਭੇਜ ਦਿਤਾ ਹੋਇਆ ਸੀ, ਜੋ ਪੰਥ ਆਪਣੇ ਨੂੰ ਹੁਕਮਨਾਮੇ ਭੇਜ ਕੇ ਬੰਦਾ ਸਿੰਘ ਨਾਲ 'ਨਵਾਬਾਂ' ਦੀ ਸੋਧ ਕਰਨ ਲਈ ਆ ਮਿਲਣ।

ਪੰਜਾਬ ਭੇਜਣ ਸਮੇਂ ਸਤਿਗੁਰੂ ਜੀ ਨੇ ਬੰਦਾ ਸਿੰਘ ਨੂੰ ਇਹ ਉਪਦੇਸ਼ ਫੁਰਮਾਇਆ–

(ੳ) ਜੱਤ ਰੱਖਣਾ (ਅ) ਖਾਲਸੇ ਦੇ ਅਨੁਸਾਰੀ ਹੋ ਕੇ ਰਹਿਣਾ (ੲ) ਆਪਣੇ ਆਪ ਨੂੰ ਗੁਰੂ ਨਾ ਮੰਨਣਾ (ਸ) ਵਰਤਾ ਕੇ ਛੱਕਣਾ (ਹ) ਅਨਾਥਾਂ ਗਰੀਬਾਂ ਦੀ ਸਹਾਇਤਾ ਕਰਨੀ। ਕਿਸੇ ਨਾਹੀ ਮਜ਼ਲੂਮ ਤੇ ਜ਼ੁਲਮ ਕਰਨਾ, ਚਾਹੇ ਕਿਸੇ ਧਰਮ ਦਾ ਹੋਵੇ। ਕੇਵਲ ਜ਼ਾਲਮ ਦੀ ਸੋਧ ਸੁਧਾਈ ਕਰਨੀ।

ਬੰਦਾ ਸਿੰਘ ਬਹਾਦਰ ਮੇਰਠ-ਸਹਾਰਨਪੁਰ ਦੇ ਰਸਤੇ ਜਗਾਧਰੀ [ਯਮਨਾ ਨਗਰ] ਪਾਸੋਂ ਜਮਨਾ ਨਦੀ ਪਾਰ ਕਰ ਕੇ ਪਹਿਲਾਂ [ਜਗਾਧਰੀ, ਲਾਡਵੇ, ਪਿਪਲੀ ਵਾਲੀ) ਸੜਕ ਤੇ ਪਿੰਡ ਦਾਮਲਾ ਫਤਹਿ ਕੀਤਾ। ਇਹ ਪਹਿਲਾਂ ਜ਼ਿਲਾ ਕਰਨਾਲ ਵਿਚ ਸੀ, ਹੁਣ ਜ਼ਿਲਾ ਯਮਨਾ ਨਗਰ (ਹਰਿਆਣੇ) ਵਿਚ ਹੈ।

ਇਸ ਪਿੰਡ ਵਿਚ ਉਹ ਪਠਾਣ ਸਰਦਾਰ ਰਹਿੰਦੇ ਸਨ, ਜਿਨ੍ਹਾਂ ਭੰਗਾਣੀ ਦੇ ਯੁਧ ਵਿਚ ਸ੍ਰੀ ਗੁਰੂ

---

* ਜਥੇਦਾਰ ਬਾਬਾ ਬਿਨੋਦ ਸਿੰਘ ਜੀ–ਸਤਿਗੁਰਾਂ ਵਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਪਹਿਲੇ ਜਥੇਦਾਰ ਥਾਪੇ ਗਏ ਸਨ। ਜਿਨ੍ਹਾਂ ਨੇ ਪੰਥ ਦੀ ਵਾਗ - ਡੋਰ ਸੰਭਾਲਦਿਆਂ ਬੰਦਾ ਸਿੰਘ ਨਾਲ ਮਿਲ ਕੇ ਬਹੁਤ ਜੰਗ ਕੀਤੇ। ਇਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕੁਲ ਵਿਚ 'ਤੇਹਣ' ਸਾਹਿਬਜ਼ਾਦਾ ਸਨ ਅਤੇ ਸ਼ਿਆਲਕੋਟ ਦੀ ਜੰਗ ਵਿਚ ਸ਼ਹੀਦ ਹੋਏ। (ਬੁੱਢੇ ਦਲ ਦੇ ਜਥੇਦਾਰਾਂ ਦਾ ਵੇਰਵਾ ਇਸ ਪੁਸਤਕ ਦੇ ਪਿਛੇ ਦਿਤਾ ਗਿਆ ਹੈ।

[ਜਥੇਦਾਰਾਂ ਦਾ ਪੂਰਨ ਵੇਰਵੇ ਸਹਿਤ ਇਤਿਹਾਸ (ਅਣਛਪਿਆ) ਦਾਸ ਦੀ ਕਲਮ ਤੋਂ ਪਿਆ ਹੈ।]

ਗੋਬਿੰਦ ਸਿੰਘ ਜੀ ਨਾਲ ਧੋਖਾ ਕਰਕੇ ਵੈਰੀ ਨਾਲ ਜਾ ਰਲੇ ਸਨ। ਇਸ ਲਈ ਬੰਦਾ ਬਹਾਦਰ ਨੇ ਕਤਕ ਸੰਮਤ ੧੭੬੮ ਵਿਚ ਇਸ ਪਿੰਡ ਨੂੰ ਬਰਬਾਦ ਕੀਤਾ। ਇਸ ਤਰ੍ਹਾਂ ਸਢੌਰਾ, ਸਮਾਨਾ, ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਢਹਿ ਢੇਰੀ ਕਰ ਦਿਤਾ।

ਸਤਿਗੁਰਾਂ ਦੇ ਹੁਕਮਾਂ ਦੀ ਪਾਲਣਾ ਕਰਦਿਆਂ—ਕਿਸੇ ਰੱਬ ਦੀ ਬੰਦਗੀ ਵਾਲੇ ਅਸਥਾਨ ਮਸੀਤਾਂ, ਮੰਦਰਾਂ, ਪੀਰਾਂ ਦੇ ਥਾਉਂ ਨਹੀਂ ਢਾਹੇ, ਅਜੇ ਉਹ ਖੜ੍ਹੇ ਖਾਲਸਾ ਜੀ ਦੀ ਸਦ ਭਾਵਨਾ—ਸਰਬ ਧਰਮਾਂ ਦਾ ਸਤਿਕਾਰ ਕਰਨ ਦੀ ਸਾਖ ਭਰ ਰਹੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਤਿਲਕ

ਨਿਰੰਕਾਰ ਦੇ ਸੱਦੇ ਦਾ ਸਮਾਂ ਨਜ਼ਦੀਕ ਆ ਰਿਹਾ ਸੀ, ਪੰਚ ਪ੍ਰਵਾਨ ਦੀ ਮਰਯਾਦਾ ਬਣਾਈ ਜਾ ਚੁੱਕੀ ਸੀ, 'ਸੋ ਪੰਚਮ ਖਾਲਸਾ ਸਤਿਗੁਰ ਪੂਰਾ ॥' [ਸ੍ਰੀ ਸਰਬ ਲੋਹ] ਗੁਰੂ ਹੁਕਮ—ਫੁਰਮਾਣ, 'ਗੁਰੂ ਬਾਣੀ' ਨੂੰ ਜ਼ਬਦਾਵਤਾਰ ਸਰੂਪ ਵਿਚ ਜਿਸ ਵਿਚ ਸਤਿਗੁਰਾਂ—

ਆਪਨਪੌ ਸ੍ਰੀ ਖਾਲਸੇ ਸੌਂਪਾ ਦੂਤਿਯ ਰੂਪ ਸਤਿਗੁਰੂ ਗ੍ਰੰਥਾ ॥ [ਸ੍ਰੀ ਸਰਬ ਲੋਹ—ਪਾ: ੧੦

ਆਪਣਾ ਦੂਤਿਯ ਸਰੂਪ (ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਨਿਜ ਸਰੂਪ ਦੂਤਿਯ ਸਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸੌਂਪਣ ਕੀਤਾ) ਤਾਂ ਤੇ— 'ਜੋਤਿ ਓਹਾ ਜੁਗਤਿ ਸਾਇ, ਸਾਹਿ ਕਾਇਆ ਫੇਰ ਪਲਟੀਏ ॥' ਕਾਇਆਂ ਪਲਟ ਦਸਮ ਪਾਤਸ਼ਾਹ—'ਸ਼ਬਾਦਾਵਤਾਰ' ਵਿਚ ਜੋਤ ਸਰੂਪ, ਸੰਮਿਲਿਤ ਹੋ ਕੇ ਅਤੇ ਆਪਣਾ ਪੰਜ ਭੂਤਕ ਸਰੀਰ ਦੀ ਹੋਂਦ 'ਖਾਲਸੇ ਸੌਂਪਾ', ਇਕ ਪੁਰਖੀ ਗੁਰਤਾ ਜੋ ਪੰਜ ਭੂਤਕ ਸਰੀਰ ਦੀ ਨੂੰ ਖਤਮ ਕਰਕੇ 'ਗ੍ਰੰਥ-ਪੰਥ' ਖਾਲਸ ਵਰਤੰਤਾ' [ਸ੍ਰੀ ਸਰਬ ਲੋਹ ਪਾ: ੧੦ ਦਾ ਉਚਾਰਨ ਕੀਤਾ—ਪਿਛੇ ਵਿਸਥਾਰ ਨਾਲ ਆ ਚੁਕਾ ਹੈ] ਦਾ ਪਹਿਰਾ ਅਗੋਂ ਸ਼ੁਰੂਆਤ ਕਰਨ ਲਈ, ਸਿੰਘਾਂ ਦਾ ਇਕੱਠ ਕੱਲ ਹੋਵੇਗਾ, ਹੁਕਮ ਜਾਰੀ ਕਰ ਦਿੱਤਾ।

ਸੌਦਾਗਰ ਵਲੋਂ ਭੇਟ ਕੀਤਾ ਤੀਰ-ਕਮਾਣ ਚਲਾਣ ਨਾਲ ਅੱਲ੍ਹੇ ਜ਼ਖਮਾਂ ਦੇ ਟਾਂਕੇ ਟੁਟ ਗਏ, ਜਿਨਾਂ ਨੂੰ ਦੁਬਾਰਾ ਸਿਉਣ ਤੋਂ ਗੁਰੂ ਜੀ ਨੇ ਸੰਗਤਾਂ ਨੂੰ ਬੰਦ ਕਰ ਦਿੱਤਾ, ਕਿਉਂਕਿ ਜੋ ਖੇਡ-ਭਾਣਾ ਅਕਾਲ ਪੁਰਖ ਦਾ ਵਾਪਰਣਾ ਸੀ, ਸਮਾਂ ਆ ਗਿਆ ਹੈ—ਮਾਤ ਲੋਕ ਨੂੰ ਤਿਆਗਣ ਦਾ।

ਇਹ ਅਟੱਲ ਬਚਨ ਸੁਣ, ਸਿੱਖ ਸੰਗਤਾਂ ਵਿਚ ਸਾਵਨ ਦੀ ਝੜੀ ਵਾਂਗ ਵੈਰਾਗ ਛਮਾ-ਛੱਮ ਵਹਿ ਟੁਰਿਆ—ਪਰ ਸਤਿਗੁਰਾਂ ਸਭ ਨੂੰ ਧੀਰਜ ਦਿੱਤੀ ਅਗਲੇ ਦਿਨ ਕੱਤਕ ਸੁਦੀ ਦੂਜ ਸੰਮਤ ੧੭੬੫ ਵਾਲੇ ਦਿਨ, ਬਹੁਤ ਹੀ ਸੁੰਦਰ ਸਾਮਿਆਣੇ ਹੇਠ ਸੁਨਹਿਰੀ ਚਾਨਣੀ ਲਵਾ, ਅਗੇ ਸਤਿਗੁਰਾਂ ਦਾ ਤਖਤ ਸਜਦਾ ਸੀ ਪਰ ਅੱਜ ਨਵੀਨਤਮ ਰਚਨਾ, ਇਕ ਰਤਨ ਜੜਾਊ—ਤਖਤ ਪੋਸ਼ ਤੇ ਸੁੰਦਰ ਗਲੀਚੇ ਉਪਰ ਪੀੜਾ (ਮੰਜੀ ਸਾਹਿਬ) ਤੇ ਦਮਦਮੀ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸ਼ਬਦਾਵਤਾਰ) ਦਾ ਸੁਭਾਇਮਾਨ ਪ੍ਰਕਾਸ਼ ਕਰਵਾਇਆ ਗਿਆ ਤੇ ਆਪ ਕਲਗੀਧਰ ਜੀ ਖੜੇ ਚੌਰ ਕਰ ਰਹੇ ਹਨ।

ਸੰਗਤਾਂ ਅਸਚਰਜ ਹਨ, ਕੀਰਤਨ ਦੀ ਸਮਾਪਤੀ ਹੋ ਚੁਕੀ ਹੈ, ਸਤਿਗੁਰੂ ਕਿਸੇ ਆਗੰਮੀ ਸੁਹੱਪਣਤਾ ਵਿਚ ਖੜੇ ਸਨ, ਫੁਰਮਾਇਆ—

ਗੁਰੂ ਖਾਲਸਾ ਜੀ ! ਅਕਾਲ ਪੁਰਖ ਦੇ ਹੁਕਮ ਵਿਚ ਚਲੀ ਆ ਰਹੀ ਕਾਰ ਮੁਤਾਬਕ, ਅਗੋਂ ਤੋਂ ਦੇਹਧਾਰੀ ਗੁਰੂ' ਨਹੀਂ ! ਸਗੋਂ— 'ਬਾਣੀ ਗੁਰੂ, ਗੁਰੂ ਹੈ ਬਾਣੀ' ਬਾਣੀ ਗੁਰੂ (ਸਦਾਵਤਾਰ) ਸਰੂਪ, ਜਿਸ ਦਾ ਫੁਰਮਾਣ— 'ਧੁਰ ਕੀ ਬਾਣੀ ਆਈ' ਸਰਬ ਸਾਂਝੀਵਾਲਤਾ ਦੀ ਪ੍ਰਤੀਕ, ਅਤੇ— 'ਖਤ੍ਰੀ ਬ੍ਰਾਹਮਣ ਸੂਦ ਵੈਸ, ਉਪਦੇਸ ਚਹੁ ਵਰਨਾ ਕਉ ਸਾਂਝਾ ॥' ਦੇਣ ਵਾਲੀ, ਜਿਸ ਦਾ ਉਦੇਸ਼ ਹਰ ਪ੍ਰਾਣੀ ਨੂੰ— 'ਏਕ ਪਿਤਾ ਏਕਸ ਕੇ ਹਮ ਬਾਰਕ ॥' ਇਕ ਪਿਤਾ 'ਇਕ ਓਅੰਕਾਰ' ਦੀ ਪੂਜਾ-ਪਾਠ ਦੇਵ-ਸਿਮਰਨ ਕੀਰਤੀ ਦਾ ਸੱਚਾ ਮਾਰਗ ਦਰਸਾਉਂਦੀ ਹੈ—ਜੋ ਸੱਚ ਹੈ ਤੇ ਸੱਚ ਸੁਨਣ ਪੜਨ ਮੰਨਣ ਨਾਲ ਮੁੱਖਸ਼ ਪਦਵੀ ਪ੍ਰਾਪਤ ਹੋਵੇਗੀ, ਕਲਿਜੁਗ ਦੇ ਜੀਵਾਂ ਦਾ ਉਧਾਰ ਇਸ 'ਗੁਰਬਾਣੀ' ਗੁਰਾਂ *ਗੁਰ ਤੋਂ ਹੀ ਹੋਵੇਗਾ।

ਗੁਰਬਾਣੀ ਦੀ ਸ਼ਕਤ— ਇਸੇ ਬਾਣੀ ਦੀ ਸ਼ਕਤ ਬਾਬੇ ਨਾਨਕ ਜੀ ਨੇ ਇਕ ਤਾਰ ਤੇ ਹੀ ਗੁਰ-ਬਾਣੀ ਗਾ ਕੇ ਸਭ ਨੂੰ ਸੁਰ-ਤਾਲ ਵਿਚ ਲੈ ਆਂਦਾ—ਧੰਨ ਗੁਰੂ ਨਾਨਕ ਦੇਵ ਜੀ ਨੇ ਸਾਰੇ ਸੰਸਾਰ ਨੂੰ ਰਬਾਬ ਦੇ ਨਾਲ ਹੀ ਹੱਠੀਆਂ-ਜੱਪੀਆਂ-ਤੱਪੀਆਂ ਜੋਗੀਆਂ ਉਦਾਸੀਆਂ, ਚੋਰਾਂ-ਠੱਗਾਂ, ਜਾਦੂਗਰਾਂ, ਸਯਦਾਂ, ਪੰਡਤਾਂ, ਪੀਰਾਂ, ਫਕੀਰਾਂ, ਕਰਾਮਾਤੀਆਂ, ਪਹਾੜਾਂ ਗੁਫੇਰਾਂ ਤੇ ਉਜਾੜ ਬੀਆਬਾਣਾਂ ਵਿਚ ਵਸਦੇ ਭਿਆਨਕ ਜਾਨਵਰਾਂ, ਬਾਦਸ਼ਾਹਾਂ ਤੇ ਜਗਤ ਦੇ ਗੁਰੂ ਅਖਵਾਉਣ ਵਾਲੇ 'ਗੁਰੂ ਗੋਰਖ ਨਾਥ' ਅਨੇਕਾਂ ਸੂਰਮਿਆਂ ਰਾਖਸ਼ਾਂ ਆਦਿ ਨੂੰ ਨਿਵਾ ਕੇ ਸਿਧੇ ਰਾਹੇ ਪਾ, ਸ਼ਬਦ-ਸ਼ਕਤ ਦਰਸਾਉਣੀ ਕੀਤੀ।

ਇਸੇ ਬਾਣੀ ਦੀ ਸ਼ਕਤ, ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਅਮਰਦਾਸ ਜੀ ਨੇ, ਦੇਗ-ਲੰਗਰ ਪੰਗਤ-ਪੰਗਤ (ਏਕਤਾ) ਦਾ ਮਾਰਗ ਗੁਰਬਾਣੀ ਰਾਹੀਂ ਦਰਸਾਇਆ, ਤੇ ਇਸੇ 'ਗ੍ਰੰਥ' ਗੁਰੂ ਬਾਣੀ ਦੇ ਅਸਥਾਪਣ ਲਈ ਸਰੋਵਰ ਦੀ ਰਚਨਾ ਸ੍ਰੀ ਗੁਰੂ ਰਾਮਦਾਸ ਜੀ ਨੇ ਕੀਤਾ, 'ਸੱਚਖੰਡ ਹਰੀ ਮੰਦਰ' ਦੀ

---

* ਸ਼ਹਿਰ ਨਾਨਦੇੜ ਬਾਰੇ ਵਿਸਥਾਰ ਪੂਰਬਕ ਇਤਿਹਾਸ ਲਿਖਣ ਵਿਚ 'ਦਾਸ' ਨੂੰ ਕੋਈ ਸੰਕੋਚ ਨਹੀਂ। ਕਿਉਂਕਿ ਇਹ ਸਾਰੀ ਜਾਣਕਾਰੀ ਹੈੱਡ ਪੁਜਾਰੀ ਬਾਬਾ ਹੀਰਾ ਸਿੰਘ ਜੀ ਦੀ ਜ਼ਬਾਨੀ ਅਤੇ ਬਾਬਾ ਮਿੱਤ ਸਿੰਘ ਜੀ ਤੋਂ ਸੰਥਾ ਆਦਿ—ਦਸਮ ਦੀ ਪੜ੍ਹਣ ਸਮੇਂ, ਚੰਡੀ ਦੇ ਪ੍ਰਸੰਗ ਸਮੇਂ, ਪੁਛਣ ਤੇ ਹੋਰ ਸਰਬ ਲੋਹ ਗ੍ਰੰਥ 'ਚੋਂ ਬਾਬਾ ਜੀ ਨੇ ਮੰਗਲ [ਪੋਥੀ] ਲਿਖਵਾਈ—ਹੋਰ ਕਈ ਪੋਥੀਆਂ ਲਿਖਵਾਈਆਂ ਅੱਜ ਉਹ ਪੋਥੀਆਂ ਕਈਆਂ ਸਿੰਘਾਂ ਪਾਸ ਹਨ) ਦੁਸਹਿਰਾ ਮਹਾਤਮ ਜੋ ਦੁਬਾਰਾ ਲਿਖ ਭੇਜੀ ਸੀ 'ਦਾਸ ਮਾਸ' ਮਾਤਾ ਜੀ ਦੇ ਅਸਥਾਨ ਤੋਂ ਗੁ: ਮਾਤਾ ਜੀ ਦੀ ਨੀਂਹ ਰੱਖਣ ਸਮੇਂ ਜਦ ਗਏ ਸੀ ਤਾਂ ਬੁੱਢਾ ਦਲ ਨੇ ਦੁਸਹਿਰਾ ਮਹਾਤਮ ਪੋਥੀ ਛਪਵਾਉਣ ਲਈ ਲੈ ਆਂਦੀ ਸੀ ਜੋ ਸੰਮਤ ੨੦੦੧ ਦੀ ਲਿਖੀ ਮੇਰੇ ਪਾਸ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ 'ਗੁਰੂ' ਪਦ ਸੰਮਤ ੧੭੬੫ ਤੋਂ ਲਾਉਣਾ ਅਰੰਭ ਹੋਇਆ, ਜਿਸ ਵੇਲੇ ਅਬਿਚਲ ਨਗਰ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਤਕ ਸੁਦੀ ੨ ਸੰਮਤ ੧੭੬੫ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ' ਗੁਰਤਾ-ਗੱਦੀ ਸਿੱਖ ਧਰਮ ਦੀ ਪਰੰਪਰਾ (ਮਰਯਾਦਾ) ਮੁਤਾਬਕ ਦਿੱਤੀ ਸੀ, ਤਾਂ 'ਗੁਰੂ-ਸ਼ਬਦ' ਦੀ ਮਾਨਤਾ ਮਿਲੀ ਸੀ। [ਮਹਾਨ ਕੋਸ਼—ਪੰਨਾ ੩੨੭]

ਨੀਂਹ ਮੁਸਲਮਾਨ ਫਕੀਰ 'ਮੀਆਂ ਮੀਰ' ਤੋਂ ਰਖਵਾ, ਪਵਿੱਤ੍ਰ ਜਲ 'ਜਲ ਹੀ ਤੇ ਸਬ ਉਪਜੈ' ਵਿਚ ਸੋਹਣਾ ਹਰਮੰਦਰ ਸਾਜ–ਪੰਚਮ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਸਰਬ ਜੀਵਾਂ ਦੇ ਭਲੇ ਲਈ (ਪੰਚ ਪ੍ਰਵਾਨ) ਦੇ ਫੁਰਮਾਣ ਨੂੰ 'ਪੰਚਾਇਣ ਆਪੇ ਹੋਆ' 'ਗ੍ਰੰਥ' ਦੀ ਰਚਨਾ ਰਚ ਕੇ ਹਰੀ ਦੇ ਮੰਦਰ 'ਚ ਸ਼ਬਦ ਧੁਨੀ 'ਗੁਰੂਬਾਣੀ' ਭਾਦਰੋਂ ਸੁਦੀ ਏਕਮ ਸੰਮਤ ੧੬੬੧ ਨੂੰ ਸਥਾਪਤ ਕਰ ਕੇ ਸਮਰਪਣ ਕੀਤਾ, ਤੇ ਗੁਰਬਾਣੀ ਗੁਰ ਕੀਰਤਨ ਦੀ ਮਰਯਾਦਾ ਅਰੰਭੀ–ਇਸ ਗ੍ਰੰਥ ਨੂੰ ਗੁਰਤਾ ਗੁਰੂ ਪਦਵੀ ਦੇ ਪੂਰਨ ਸਰੂਪ ਨੂੰ, ਅਕਾਲ ਪੁਰਖ ਦੀ ਬਖਸ਼ਸ਼ ਦੁਆਰਾ ਸ੍ਰੀ ਦਮਦਮਾ ਸਾਹਿਬ ਸੰਮਤ ੧੭੬੨-੬੩ ਵਿਚ ਅਨੁਭਵੀ ਨਾਲ ਸੰਪੁਨ ਕੀਤਾ।

ਅੱਜ ਖਾਲਸਾ ਮੇਰੋ ਰੂਪ ਹੈ ਖਾਸ (ਸਰਬ ਲੋਹ) ਅਤੇ ਜੋਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਾਨਣਾ ਹੋਵੇਗਾ।

ਇਹ ਗੁਰਬਾਣੀ ਦੀ ਮਹੱਤਤਾ ਦਰਸਾ ਕੇ ਫੁਰਮਾਇਆ–ਅੱਜ ਤੋਂ ਸਾਡੇ ਦਸ ਸਰੂਪ ਗੁਰੂ ਗ੍ਰੰਥ ਸਾਹਿਬ ਹੋਵਣਗੇ, ਨਿਰੰਕਾਰ ਦੀ ਬਾਣੀ 'ਧੁਰ ਕੀ ਬਾਣੀ' ਮਹਾਂ ਪੁਰਖ ਦੀ ਬਾਣੀ ਰਾਹੀਂ ਜਿਸ ਨਿਰੰਕਾਰ ਦੇ ਦਰਸ਼ਨ ਕਰਨੇ ਹੋਵਣਗੇ–ਉਹ ਗੁਰਬਾਣੀ 'ਚੋਂ ਕਰੇ ਤੇ ਇਹੋ ਹੀ ਗੁਰ ਮੰਤ੍ਰ–ਮੂਲ ਮੰਤ੍ਰ ਦੇ ਦੇਣ ਵਾਲੇ ਗੁਰੂ ਸਰੂਪ ਹੋਵਣਗੇ, 'ਗੁਰ ਪ੍ਰਮੇਸਰ ਏਕੋ ਜਾਣ' ਜਿਨਾਂ ਸਾਡੇ ਦਰਸ਼ਨ ਕਰਨੇ ਹੋਵਣ ਗੁਰਬਾਣੀ 'ਚੋਂ ਕਰਨੇ ਹੋਵਣਗੇ ਤੇ ਗੁਰੂ ਜੋਤਯ ਜਾਣ ਪੂਜਾ ਪਾਠ ਸਤਿਕਾਰ ਕਰਨਾ ਹੋਵੇਗਾ, ਗੁਰੂ ਬਾਣੀ ਨੂੰ ਨਾ ਮੰਨਣ ਵਾਲਾ ਗੁਰੂ ਕਾ ਸਿੱਖ ਨਹੀਂ ਅਖਵਾਏਗਾ।

ਪੰਜ ਪੈਸੇ ਨਾਰੀਏਲ (ਪੂਰੰਪਰਾ ਰੀਤ ਮੁਤਾਬਕ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਰੱਖ ਮੱਥਾ ਟੇਕ (ਕਲਗੀ, ਤੋੜਾ, ਸ਼ਸ਼ਤ੍ਰ-ਬਸਤਰ) ਭੀ ਸਮਰਪਣ ਕਰ–ਪੰਚ ਪ੍ਰਕਰਮਾਂ (ਜੋ ਗੁਰੂ ਖਾਲਸੇ ਦੀ ਮਰਯਾਦਾ ਪੰਜਾਂ ਦੀ ਹੈ ਪਿਛੇ ਪ੍ਰਕਰਮਾਂ 'ਚ ਲਿਖ ਚੁਕੇ ਹਾਂ) ਨਮਸ਼ਕਾਰ ਕਰ, 'ਜੋਤੀ-ਜੋਤ ਰਲੇ' ਦੀ ਅਰਦਾਸ ਕਰ, ਕੜਾਹ ਪ੍ਰਸਾਦਿ ਦੀਆਂ ਖੁਲੀਆਂ ਦੇਗਾਂ ਵਰਤੀਆਂ, ਖੁਸ਼ੀਆਂ ਦੇ ਨਾਦ ਸ਼ਾਦਿਆਣੇ ਵਜਾਏ ਗਏ ਤੇ ਬੇਅੰਤ ਖੁਲੇ ਭੰਡਾਰੇ ਗਰੀਬ-ਗੁਰਬੇ ਨੂੰ ਅੰਨ ਬਸਤਰ ਤੇ ਮਨ ਭਾਵਤ ਦਾਨ ਕੀਤਾ ਗਿਆ, ਰਾਤ ਨੂੰ ਬੜਾ ਜਲੋ ਦੀਪਮਾਲਾ ਆਤਸ਼ਬਾਜ਼ੀ ਚਲਾਈ ਗਈ।

ਦੂਸਰੇ ਦਿਨ ਸਤਿਗੁਰੂ ਸਾਦੀ ਪੋਸ਼ਾਕ [ਸਫੇਦ ਬਸਤਰ ਗੁਰਮੁਖੀ ਦਮਾਲਾ ਸਫੈਦ ਪਹਿਣੀ] ਜੋਗ ਤਪ ਤੇ ਬਹੁਤ ਸਮਾਂ [ਹਰਿ ਕੀਰਤ-ਸਿਮਰਨ] ਵਿਚ ਬਿਤਾਨ ਲਗੇ।

ਕਤਕ ਸੁਦੀ ੫, ਸੰਮਤ ੧੭੬੫ ਨੂੰ ਇਕ ਥਾਂ ਚਾਰੋ ਪਾਸੇ ਬੰਦ ਕਨਾਤਾਂ ਲੁਵਾਈਆਂ ਗਈਆਂ, ਚੰਦਨ ਦੀ ਲਕੜੀ ਚਿੱਖਾ ਚਿਣਵਾ, ਆਦੇਸ ਦਿਤਾ, ਸਾਨੂੰ ਅਕਾਲ ਪੁਰਖ ਜੀ ਦਾ ਸੱਦਾ ਆ ਗਿਆ ਹੈ, ਸਾਡੇ ਪਿਛੇ ਗੁਰੂ ਬਾਣੀ ਨੂੰ ਹੀ ਗੁਰੂ ਸਰੂਪ ਮੰਨਣਾ, ਕਿਸੇ ਨੇ ਰੁਦਨ ਨਹੀਂ ਕਰਨਾ, ਤੇ ਨਾ ਹੀ ਸਾਡਾ ਅੰਗੀਠਾ ਫਰੋਲਣਾ, ਸੰਗਤਾਂ ਵਿਚ ਵੈਰਗੀ ਦਿਸ਼ਾ ਛਾ ਗਈ–ਸਤਿਗੁਰੂ ਸ੍ਵੱਛਤਾ ਨਾਲ ਸੁੰਦਰ ਬਸਤਰ ਪਹਿਣ ਘੋੜੇ ਤੇ ਸਵਾਰ ਹੋ, ਕਨਾਤਾਂ ਅੰਦਰ ਦਾਖਲ ਹੋ–ਪਲੋ ਪਲੀ ਅਲੋਪ ਹੋ ਗਏ।

ਜੀ ਹਾਂ– 'ਨਾਨਕ ਕਾ ਪੀਰ ਦਿਸੈ ਜਾਹਿਰਾ' *ਪੰਜ ਭੂਤਕ ਸਰੀਰ (ਚੋਲਾ) ਅਲੋਪ ਕਰ ਗਏ। ਚੰਦਨ ਦੀ ਚਿਖਾ ਬਲਦੀ ਰਹੀ, ਸਿੰਘ ਸੰਗਤਾਂ ਗੁਰੂ ਵਿਛੋੜੇ ਦੀ ਤਾਬ ਨਾ ਝਲਦੀਆਂ ਵਿਜੋਗ ਵਿਚ ਬੈਠੀਆਂ ਸਨ। ਸਿੰਘਾਂ ਦਾ ਧੀਰਜ ਥੰਮਿਆ ਨਾ ਰਿਹਾ, ਅੰਗੀਠਾ ਫੋਲਿਆ ਤਾਂ ਇਕ ਸੀਸ ਦੀ ਛੋਟੀ ਕ੍ਰਿਪਾਨ ਨਿਕਲੀ ਜੋ ਸੱਚਖੰਡ ਤਖਤ ਤੇ ਦਰਸ਼ਨ ਕਰਾਂਦੇ ਹਨ।

ਗੁ: ਮਾਤਾ ਸਾਹਿਬ ਕੌਰਾਂ ਦੇ ਪਹਿਲੇ ਸੇਵਾਦਾਰ

ਮਾਤਾ ਜੀ ਦੇ ਅਸਥਾਨ ਦੀ ਸੇਵਾ ਅਣਗੌਲੀ ਹੀ ਚਲੀ ਆ ਰਹੀ ਸੀ। ਕੋਈ ਬਿਹੰਗਮ ਦੋ ਚਾਰ ਮਹੀਨੇ ਠਹਿਰਦਾ, ਪਰ ਔਕੜਾਂ ਦੇ ਕਾਰਨ ਚਲਾ ਜਾਂਦਾ। ਅਸਥਾਨ ਫਿਰ ਸੇਵਾ - ਰਹਿਤ ਹੋ ਜਾਂਦਾ। ਕਿਉਂਕਿ–

੧. ਇਹ ਅਸਥਾਨ ਪਿੰਡ ਦੀ ਵਸੋਂ ਤੋਂ ਦੁਰੇਡਾ ਸੀ।

੨. ਜੰਗਲ, ਉਜਾੜ ਤੇ ਪਰਾਇਆ ਦੇਸ, ਮਰਹੱਟੇ ਲੋਕ ਜਿਨ੍ਹਾਂ ਦੀ ਬੋਲੀ ਸਮਝ ਤੋਂ ਪੰਜਾਬੀਆਂ ਲਈ ਮੁਸ਼ਕਲ ਸੀ।

੩. ਸਵਾਏ ਗੁਦਾਵਦੀ ਜੋ ੫੦–੬੦ ਫੁਟ ਡੂੰਘੀ ਵਗਦੀ ਹੈ, ਉਪਰ ਜਲ ਪਾਣੀ ਲਿਆ ਕੇ ਵਰਤਣ ਦੀ ਭਾਰੀ ਮੁਸੀਬਤ ਸੀ।

---

* ਪੰਜ ਭੂਤਕ–ਜਿਵੇਂ ਅਕਾਲ ਪੁਰਖ ਦਾ ਸਰੂਪ–ਚਿਹਨ ਚੱਕਰ ਭਗਤਾਂ ਦੇ ਕਾਰਜਾਂ ਲਈ ਜਿਥੇ ਰਹੇ ਪਰਗਟ ਜਾਂ ਅਲੋਪ ਹੋ ਜਾਂਦਾ ਹੈ। ਇਸੇ ਤਰ੍ਹਾਂ ਆਪ ਨਾਰਾਇਣ ਸਰੂਪ ਦੇ ਦਸ ਜਾਮਿਆਂ ਨੇ ਆਦਿ (ਸ੍ਰੀ ਗੁਰੂ ਨਾਨਕ ਦੇਵ ਜੀ), 'ਮੱਧ' (ਸ੍ਰੀ ਗੁਰੂ ਅਰਜਨ ਦੇਵ ਜੀ) ਅਤੇ 'ਅੰਤ' (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਜਾਮੇ) ਸਨਦੇਹ, ਜਗਤ ਰਚਨਾ ਤੋਂ ਅਲੋਪ ਹੋ ਗਏ ਹੋਏ ਹਨ। ਨਾਸਤਕਾਂ ਲਈ ਅਜਿਹੀਆਂ ਸਤਿਗੁਰੂ ਜੀ ਦੇ ਇਤਿਹਾਸ ਵਿਚ ਅਨੇਕਾਂ ਅਜਿਹੀਆਂ ਸਾਖੀਆਂ ਹੈ। ਅਲੋਪ ਹੋ ਜਾਣਾ ਅਤੇ ਫਿਰ ਸ਼ਬਦ ਵਿਚੋਂ ਪਰਗਟ ਹੋ ਜਾਣਾ। ਪਰ ਗਰੰਥ ਵਧਣ ਕਰ ਕੇ ਨਹੀਂ ਲਿਖੀਆਂ। ਗੁਰਸਿਖ ਨੂੰ ਇਤਿਹਾਸ ਪੜ੍ਹਨ ਤੋਂ ਪ੍ਰਤੀਤ ਆ ਜਾਵੇਗੀ।

ਪਰ ਅੱਜ ਅਸੀਂ ਮਨ-ਮੱਤ ਵਿਚ ਗਰੱਸੇ 'ਹਉਮੈ' ਦੀ ਪੱਕੜ ਵਿਚ ਗਰੱਸੇ 'ਧੰਨ ਸ੍ਰੀ ਗੁਰੂ ਨਾਨਕ ਦੇਵ ਜੀ' ਦਾ ਸਰਾਧ ਦਿਨ ਮਨਾਈ ਜਾਂਦੇ ਹਨ। ਸਾਰੇ ਸਤਿਗੁਰਾਂ ਦੇ ਜੋਤੀ ਜੋਤਿ ਸਮਾਉਣ ਦੇ ਦਿਨ ਮਨਾਈ ਜਾ ਰਹੇ ਹਨ। ਜਦ ਕਿ ਗੁਰਬਾਣੀ ਤਾਂ ਫੁਰਮਾਉਂਦੀ ਹੈ–ਕਉਣ ਕਹੈ ? ਸ੍ਰੀ ਗੁਰੂ ਮੋਇਓ ॥

ਸਰਾਧ ਹਿੰਦੂ ਮਤ ਅਨੁਸਾਰ ਮਰਿਆਂ ਦੇ ਮਨਾਈਦੇ ਹਨ। ਕੀ ਅਸੀਂ 'ਜੋਤਿ ਸਰੂਪ ਹਰਿ ਆਪਿ ॥' ਨੂੰ ਮਰੇ ਹੋਣ ਕਰ ਕੇ ਸਰਾਧ ਜਾਂ ਜੋਤੀ ਜੋਤਿ ਦਿਨ ਮਨਾਂਦੇ ਹਾਂ ?

ਅਵਤਾਰ:– ਜਦ 'ਮੈ ਅਪਨਾ ਸੁਤ ਤੋਹਿ ਨਿਵਾਜਾ ॥' ਫਿਰ 'ਦੋ ਤੇ ਏਕ ਰੂਪ ਹੋਇ ਗਇਓ ॥' 'ਕੌਣ ਮੂਆ ਰੇ ਕੌਣ ਮੂਆ ॥'

ਕਲਗੀਧਰ ਜੀ ਨੇ ਜਦ ਆਪਣੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਕਰ ਕੇ 'ਸ਼ਬਦ ਗੁਰੂ' ਦੀ ਪੂਜਾ ਦਾ ਆਦੇਸ਼ ਦਿਤਾ ਹੈ–ਫਿਰ ਦਸੇ ਹੀ ਪਾਤਸ਼ਾਹੀਆਂ ਹਾਜ਼ਰ ਹਨ। ਸਰਾਧ ਜਾਂ ਜੋਤੀ ਜੋਤਿ ਦਿਨ ਮਨਾਣੇ ਭੁੱਲ ਨਹੀਂ ?

੪. ਖਾਸ ਕਰ ਕੇ ਲੰਗਰ (ਰੋਟੀ) ਆਦਿ ਦਾ ਯੋਗ ਪ੍ਰਬੰਧ ਨਾ ਹੋਣ ਕਰ ਕੇ ਅਤੇ ਨਾ ਹੀ ਸੱਚਖੰਡ ਦਫਤਰ ਵਲੋਂ ਕੋਈ ਖਾਸ ਉਚੇਚਾ ਇਥੇ ਸੇਵਾਦਾਰ ਲਈ ਪ੍ਰਬੰਧ ਹੁੰਦਾ। ਨਾ ਰਹਿਣ ਨੂੰ ਥਾਂ, ਨਾ ਲੰਗਰ ਦੀ ਸੁਵਿਧਾ, ਅਤੇ ਨਾ ਹੀ ਸੱਚਖੰਡ ਤਖ਼ਤ ਵਲੋਂ ਕੋਈ ਸੇਵਾਦਾਰ ਨਿਯੁਕਤ ਕੀਤਾ ਜਾਂਦਾ ਸੀ।

੫. ਇਕੱਲ ਵਿਚ ਇਕਲੇ ਦਾ ਰਹਿਣਾ ਅਤਿ ਕੱਠਨ ਸੀ।

੬. ਮਰਹੱਟਿਆਂ ਦੀ ਤੰਗ ਦਿਲੀ ਤੇ ਓਪਰੇ (ਖਾਸ ਕਰਕੇ ਪੰਜਾਬੀ) ਨੂੰ ਵਸਣ ਨਾ ਦੇਣਾ, ਸਗੋਂ ਈਰਖਾ ਭਾਵ ਨਾਲ ਵਰਤਾਓ ਕਰਨਾ।

ਅਜੇਹੀ ਜੀਵਨ ਲਈ ਹੋਰ ਸੁਵਿਧਾਵਾਂ ਨਾ ਹੋਣ ਕਰਕੇ, ਕੋਈ ਭੀ ਬੇਹੰਗਮ ਬਹੁਤ ਸਮਾਂ ਨਹੀਂ ਸੀ ਠਹਿਰਦਾ, ਤੇ ਬਿਹੰਗਮ ਬਿਨਾ ਰਹਿਣਾ ਭੀ ਗ੍ਰਹਿਸਤੀ ਲਈ ਮੁਸ਼ਕਲ ਸੀ। ਸੱਚਖੰਡ ਤੋਂ ੭–੮ ਮੀਲ ਦੀ ਦੂਰੀ ਲੰਗਰ ਲਈ ਇਕ ਸੇਰ ਰੋਜ਼ਾਨਾ ਆਟਾ ਉਹ ਭੀ ਜਾ ਕੇ ਲਿਆਉਣਾ ਪੈਂਦਾ, ਮਹੀਨੇ ਭਰ ਦਾ ਰਾਸ਼ਨ ਇਕੱਠਾ ਸੱਚਖੰਡ ਤੋਂ ਨਾ ਮਿਲਦਾ–ਹਫਤੇ ਭਰ ਦੇ ਰਾਸ਼ਨ ਲਈ ਅੱਠ ਮੀਲ ਜਾਣਾ ਤੇ ਅੱਠ ਮੀਲ ਰਾਸ਼ਨ ਚੁਕ ਕੇ ਆਉਣਾ। ਜਦ ਕਿ ਅੱਜ ਵਾਂਗ ਨਾ ਰਸਤੇ ਨਾ ਸਵਾਰੀ ਦਾ ਕੋਈ ਪ੍ਰਬੰਧ ਸੀ, ਅਜੇਹੇ ਵਾਤਾਵਰਣ 'ਚ ਕੋਈ ਹੱਠੀ-ਤੱਪੀ ਬੇਹੰਗਮ ਭੀ ਉਪਰਾਮ ਹੋ ਜਾਂਦਾ ਸੀ।

ਬਾਬਾ ਮਿੱਤ ਸਿੰਘ ਜੀ, ਬਾਬਾ ਧਰਮ ਸਿੰਘ ਜੀ ਸਾਥੀਆਂ ਸਮੇਤ ਜਦ ਇਹਨਾਂ ਅਸਥਾਨਾਂ ਦੀ ਯਾਤਰਾ ਕਰਕੇ ਰਾਤ ਗੁਰਦੁਆਰਾ ਮਾਤਾ ਸਾਹਿਬ ਕੌਰਾਂ ਦੇ ਅਸਥਾਨ ਤੇ ਹੀ ਆ ਬਿਸਰਾਮ ਕੀਤਾ, ਉਸ ਵਕਤ, ਬੁੱਢੇ ਦਲ ਦਾ ਨਿਹੰਗ ਸਿੰਘ ਬਾਬਾ ਹਰੀ ਸਿੰਘ ਦੂਧਾ ਧਾਰੀ ਜੀ ਚੰਗੇ ਹੱਠੀ-ਤੱਪੀ ਸਿੰਘ ਸੇਵਾ ਕਰਦੇ ਸਨ।

ਸੱਚਖੰਡ ਵਲੋਂ, ਇਹਨਾਂ ਨੂੰ ਨੀਯਤ ਰਸਦ, ਰੋਜ਼ਾਨਾ ਇਕ ਸੇਰ ਆਟਾ ਤੇ ਇਸੇ ਤਰ੍ਹਾਂ ਦਾਲ਼ਾ ਆਦਿ ਮਿਲਦੇ–ਪਰ ਮੁਸ਼ਕਲ ਇਹ ਹੁੰਦੀ, ਕਿ ਇਹ ਨਿਸਚਿਤ ਰਸਦ, ਨਿਸਚਿਤ ਸਮੇਂ ਤੇ ਨਾ ਪਹੁੰਚਦੀ ਜਦ ਕਦੀ ਕੋਈ ਸਿੰਘ ਦਰਸ਼ਨਾਂ ਨੂੰ ਆਉਂਦਾ, ਤਾਂ ਛਾਉਣੀ ਦੇ ਜਥੇਦਾਰ -ਸੱਚਖੰਡੋ ਰਸਦ ਲੈ ਕੇ ਉਹਨਾਂ ਹੱਥ ਭਿਜਵਾ ਦੇਂਦਾ, ਪਰ ਮੁਸ਼ਕਲ ਇਹ ਵਾਪਰਦੀ, ਕਿ ਆਈਆਂ ਸੰਗਤਾਂ ਲਈ ਕੋਈ ਵਾਧੂ (ਲੰਗਰ) ਦਾ ਰਾਸ਼ਨ ਨਾ ਭੇਜਿਆ ਜਾਂਦਾ, ਪੈਦਲ ਚੱਲ ਕੇ ੭–੮ ਮੀਲ ਉਹ ਭੀ ਬਿਖੜਾ ਪੈਂਡਾ ਕਰਕੇ ਪੁੱਜੀ ਸੰਗਤ ਲੰਗਰ ਕਿਥੋਂ ਛਕੇ ?

ਡੇਰੇਦਾਰ ਨੇ ਆਪਣੇ ਫਰਜ਼ ਮੁਤਾਬਕ ਜੋ ਹਾਜ਼ਰ ਵਸਤੂ ਹੁੰਦੀ ਛਕਾ ਕੇ ਸੰਗਤ ਦੀਆਂ ਖੁਸ਼ੀਆਂ ਲੈਣੀਆਂ, ਤੇ ਆਪ ਅਗਲੀ ਰਸਦ ਦੇ ਆਉਣ ਤੱਕ ਕੜਾਕੇ-ਫਾਕੇ ਕੱਟਣੇ, ਇਕ ਦਿਨ ਦਾ ਕੰਮ ਨਹੀਂ ਸੀ, ਅਜੇਹੀ ਕ੍ਰਿਆ ਕੋਈ ਸੂਰਮਾ-ਸੰਤੋਖੀ ਹੀ ਕੱਟਦਾ ਕਈ ਵਾਰੀ ਸੰਗਤ ਦੇ ਮੰਗਣ ਤੇ ਭੀ ਲੰਗਰ ਦੀ ਸੇਵਾ ਰਸਦ ਨਾ ਹੋਣ ਕਰਕੇ, ਭੁਖੀ ਭਾਣੀ ਸੰਗਤ ਦੇ ਟੁਰ ਜਾਣ ਦਾ ਖੇਦ ਆਉਂਦਾ, ਤੇ ਮਨ ਕਰਦਾ ਕਿਸ ਲਈ ਬੈਠੇ ਹਾਂ ? ਜੇ ਸਾਧ ਸੰਗਤ ਦੀ ਸੇਵਾ ਭੀ ਨਹੀਂ ਕਰ ਸਕਣੀ ? ਭੁਖੀ ਸੰਗਤ ਚਲੀ ਜਾਣ ਦੇ ਦੋਸ਼ੀ ਹੁੰਦੇ ਹਾਂ। ਨਾ ਹੀ ਹੀਰਾ ਘਾਟ ਤੇ ਸ਼ਿਕਾਰ ਘਾਟ ਲੰਗਰ ਦਾ ਪ੍ਰਬੰਧ ਸੀ, ਛੋਟੇ

ਅਸਥਾਨ ਤਾਂ ਸਨ–ਪੁਜਾਰੀ ਦੱਖਣੀ ਸਿੰਘ ਖੇਤੀ ਆਦਿ ਕਰਕੇ ਬਾਲ ਬੱਚੇ ਪਾਲਦੇ, ਨੇੜੇ ਵਸੋਂ ਹੋਣ ਕਰਕੇ ਮਸਾਂ ਆਪਣਾ ਗੁਜ਼ਾਰਨ ਹੀ ਕਰਦੇ ਲੰਗਰ ਨਹੀਂ ਸੀ ਚਲਾ ਸਕਦੇ।

ਅੱਜ ਇਹ ਹੀ ਖੇਡ ਵਰਤੀ, ਬਚੀ ਰਸਦ ਦੁਪਹਿਰੇ ਲੰਗਰ 'ਚ ਵਰਤੀ ਗਈ, ਤੇ ਰਾਤ ਸਿੰਘਾਂ ਦੇ ਆਉਣ ਤੇ ਲੰਗਰ ਮਸਤਾਨਾ। ਸਭ ਸਿੰਘ ਕੜਾਕੇ, ਪਰ ਸਾਰੇ ਸਿੰਘ ਕੜਾਕਿਆਂ ਦੀ ਕਸਵੱਟੀ ਦੇ ਚੜ੍ਹੇਦੜ ਸਨ, ਵਾਹਿਗੁਰੂ ਰਜ਼ਾ ਵਿਚ ਚੜ੍ਹਦੀਆਂ ਕਲਾਂ ਵਿਚ ਹੀ ਖੁਸ਼ ਸਨ, ਕੋਈ ਗਿਲਾ ਗੁਜ਼ਾਰੀ ਨਹੀਂ ਕੀਤੀ। ਸ਼ਾਮ ਦਾ ਨਿਤਨੇਮ– ੦ਗੁਰੂ ਤਾਬੇ, ਸਭ ਸਿੰਘਾਂ ਇਕੱਤ੍ਰ ਹੋ ਕੀਤਾ, ਸ਼ਾਮ ਦਾ ਸਮਾਂ ਇਕਾਂਤ-ਚਾਰੋਂ ਪਾਸੇ ਚੁੱਪ, ਮਨ ਦਾ ਟਿਕਾਓ, ਸੁਤੇ ਹੀ ਹੋ ਰਿਹਾ ਸੀ–ਸਿਮਰਨ-ਜੱਸ ਵਿਚ ਐਸਾ ਸਭ ਦਾ ਚਿੱਤ ਇਕਾਗਰ ਹੋਇਆ ਕਿ ਲੰਗਰ ਦਾ ਫੁਰਨਾ ਹੀ ਨਾ ਉਠਿਆ, ਤੇ ਨਾ ਹੀ 'ਦੂਧਾ-ਧਾਰੀ' ਜੀ ਨੇ ਕੋਈ ਉਪਰਾਲਾ ਕੀਤਾ–ਕਰਦੇ ਭੀ ਕਿਥੋਂ ? ਰਸਦ ਤਾਂ ਦੁਪਹਿਰੇ ਹੀ ਚਾਲੇ ਪਾ ਚੁੱਕੀ ਹੋਈ ਸੀ।

ਬਾਬਾ ਦੂਧਾ ਧਾਰੀ– ਸਿੰਘੋ ! ਖਿਮਾ ਕਰਨਾ, ਲੰਗਰ ਮਸਤਾਨਾ ਹੈ, ਪਰ ਮਨ ਨੂੰ ਬੜਾ ਖੇਦ ਦੁਖੀ ਹੋਇਆ ਹੈ, ਜਦ ਸੰਗਤਾਂ ਗੁਰੂ ਕੀਆਂ ਲਾਡਲੀਆਂ ਫੌਜਾਂ–ਮਾਤਾ ਜੀ ਦੀ ਗੋਦ ਵਿਚ ਭੀ ਭੁਖੀਆਂ ਰਹਿਣੀਆਂ ਰਹਿਣ, ਕਦ ਇਹ ਕਸ਼ਟ ਮਾਂ ਕੱਟੇਗੀ ? ਮੈਂ ਸਮਝਦਾ ਹਾਂ ਮੇਰੇ ਵਿਚ ਤੱਪ-ਬਲ ਸ਼ਕਤੀ ਨਹੀਂ ? ਕਿ ਮੈਂ 'ਰੁਠੀ ਮਾਂ' ਨੂੰ ਮਨਾ ਲਵਾਂ, ਆਪ ਹੀ ਸ਼ਕਤ ਪ੍ਰਗਟ ਹੋ ਕੇ, ਮਾਤਾ ਬੱਚਿਆਂ ਦੀ ਭੁੱਖ ਦੂਰ ਕਰ ਦਿਆ ਕਰੇ, ਮੈਂ ਅਸਮਰਥ ਹਾਂ–ਯੋਗਯ ਨਹੀਂ ? ਇਸ ਮਹਾਨ ਸ਼ਕਤੀ ਮਾਤਾ ਜੀ ਦੇ ਅਸਥਾਨ ਦੀ ਸੇਵਾ ਦੇ, ਇਸੇ ਕਰਕੇ ਮੈਂ ਜਥੇਦਾਰ ਸਾਹਿਬ ਬਾਬਾ ਲੱਧਾ ਸਿੰਘ ਜੀ ਪਾਸ ਕਈ ਵਾਰੀ ਜੋਦੜੀਆਂ ਕਰ ਚੁੱਕਾ ਹਾਂ–ਉਹ ਕਹਿ ਦੇਂਦੇ ਹਨ, ਮਾਤਾ ਜੀ ਦੀ ਸੇਵਾ ਤੋਂ ਕਿਉਂ ਘਬਰਾਉਂਦੇ ਹੋ।

[ਬਾਬਾ ਮਿੱਤ ਸਿੰਘ ਜੀ ਦੇ ਮਾਤਾ ਜੀ ਦੇ ਅਸਥਾਨ ਦੇ ਦਰਸ਼ਨ ਤੇ ਮਾਤਾ ਜੀ ਵਲੋਂ ਅਨਭਵੀ ਦ੍ਰਿਸ਼ਟਾਂਤ, ਇਥੋਂ ਉਹ ਅਗੰਮੀ ਅਵਾਜ਼ ਜੋ ਬਾਬਾ ਜੀ ਹੀ ਸੁਣ ਪਾਏ ਅੱਗੇ ਪੜ੍ਹੋ।]

ਗੁਰਦੁਆਰਾ ਮਾਤਾ ਕੌਰਾਂ ਜੀ ਤੇ ਰਹਿਣ ਦੀਆਂ ਔਕੜਾਂ

ਬਾਬਾ ਦੂਧਾ ਧਾਰੀ ਭਾਈ ਹਰੀ ਸਿੰਘ ਜੀ ਨਿਹੰਗ ਸਿੰਘ, ਸੱਚਖੰਡ ਵਲੋਂ ਸਮੇਂ ਸਿਰ ਅਤੇ ਸੰਗਤਾਂ ਦੀ ਕੋਈ ਆਮ ਆਵਾਜਾਈ ਭੀ ਨਹੀਂ ਸੀ ਜਿਸ ਤੋਂ ਗੁਜ਼ਰਾਨ ਦਾ ਸਾਧਨ ਹੋ ਜਾਇਆ ਕਰਦਾ, ਕੇਵਲ ਇਕ ਸਿੰਘ ਦੀ ਨਿਸਚਿਤ ਰਸਦ ਭੀ, ਵੇਲੇ-ਕੁਵੇਲੇ, ਜਾਂ ਕੋਈ ਸਿੰਘ ਦਰਸ਼ਨਾਂ ਨੂੰ ਛਾਉਣੀ ਤੋਂ ਆਉਂਦਾ ਤਾਂ ਜਥੇਦਾਰ ਜੀ ਰਸਦ ਸੱਚਖੰਡੋ ਲੈ ਕੇ ਭੇਜ ਦੇਂਦੇ।

---

੦ ਪ੍ਰਕਾਸ਼ ਅਸਥਾਨ–ਮਾਤਾ ਜੀ ਦੇ ਅਸਥਾਨ 'ਬੜੇ' ਤੋਂ ੧੦–੧੨ ਕਰਮਾ ਤੇ, ਟੀਨਾ ਦਾ ਛੋਟਾ ਜਿਹਾ ਛੱਪਰ, ਜੋ ਬਾਬਾ ਹਰੀ ਸਿੰਘ ਜੀ ਦੂਧਾ ਧਾਰੀ ਨਿਹੰਗ ਸਿੰਘ ਨੇ ਬਣਵਾਇਆ ਸੀ, ਗੁਰੂ ਸਹਾਰਾਜ ਜੀ ਦੇ ਪ੍ਰਕਾਸ਼ ਲਈ ਜਿਸ ਵਿਚ ਹੀ ਬਾਬਾ ਮਿੱਤ ਸਿੰਘ ਜੀ ਤੇ ਬਾਬਾ ਧਰਮ ਸਿੰਘ ਜੀ ਨੇ ਹੋਰ ਵੱਡਾ ਕਰਵਾ ਕੇ ਨਿਤਨੇਮ-ਸੇਵਾ-ਸਿਮਰਨ ਤੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਦੇ ਰਹੇ ਤੇ ਹੁਣ ਤੱਕ ਹੋ ਰਿਹਾ ਹੈ–ਮਾਤਾ ਜੀ ਦਾ ਅਤਿ ਸੁੰਦਰ ਤਖਤ [ਅਸਥਾਨ] ਤਾਂ ਬਣ ਚੁੱਕਿਆ ਹੈ ਪਰ ਮੁਕੰਮਲ ਹੋਣ ਤੇ ਭੀ ਪ੍ਰਕਾਸ਼ ਇਸੇ ਟੀਨਾਂ ਦੇ ਛੱਪਰ ਵਿਚ ਹੀ ਹੋ ਰਿਹਾ ਹੈ। [ਇਸ ਅਸਥਾਨ ਬਾਰੇ ਪਿਛੇ ਆ ਚੁਕਾ ਹੈ]

ਇਸ ਤਰ੍ਹਾਂ ਇਤਨੀ ਕੂ ਰਸਦ, ਆਈਆਂ ਸੰਗਤਾਂ ਲਈ ਲੰਗਰ ਆਦਿ ਚਲਾਉਣ ਵਿਚ ਭਾਰੀ ਔਕੜ ਤੇ ਮੁਸ਼ਕਲਾਂ ਦਾ ਡੇਰੇਦਾਰ ਨੂੰ ਸਾਹਮਣਾ ਕਰਨਾ ਪੈਂਦਾ ਸੀ ਤੇ ਕਈ ਵਾਰੀ ਉਪਰਾਮਤਾ ਹੁੰਦੀ, ਜਦ ਸੰਗਤ ਬਿਨਾਂ ਸੇਵਾ ਕਰਨ ਤੇ ਭੁਖੀ ਭਾਣੀ ਵਾਪਸ ਪਰਤਦੀ।

ਅੱਜ ਭੀ ਇਹ ਹੀ ਖੇਡ ਵਰਤੀ, ਜੋ ਰਸਦ ਸੀ ਦੁਪਹਿਰੀ ਵਰਤੀ ਗਈ, ਰਾਤ ਲੰਗਰ ਮਸਤਾਨਾ (ਸਮਾਪਤ) ਸਭ ਸਿੰਘ ਕੜਾਕੇ–ਪਰ ਵਾਹਿਗੁਰੂ ਦੀ ਰਜ਼ਾ ਵਿਚ ਚੜਦੀਆਂ ਕਲਾ ਵਿਚ ਸਨ, ਸ਼ਾਮ ਦਾ ਨਿਤਨੇਮ ਕੀਤਾ *ਗੁਰੂ ਹਜ਼ੂਰ ਸਾਰੇ ਸਿੰਘ ਬੈਠ ਕੇ ਗੁਰੂ ਜੱਸ ਕਰਦੇ ਰਹੇ। ਬੜਾ ਸੋਹਣਾ ਇਕਾਂਤ ਟਿਕਾਉ ਦਾ ਸਮਾਂ ਬਣ ਜਾਣ ਕਰਕੇ ਸਿੰਘਾਂ ਨੂੰ ਲੰਗਰ ਦੀ ਇੱਛਾ ਹੀ ਨਾ ਰਹੀ।

ਬਾਬਾ ਦੂਧਾ ਧਾਰੀ– ਸਿੰਘੋ ! ਮੈਂ ਅੱਗੇ ਭੀ ਇਸੇ ਦੁਖ ਤੋਂ ਜਥੇਦਾਰ ਬਾਬਾ ਲੱਧਾ ਸਿੰਘ ਜੀ ਨੂੰ ਬੇਨਤੀਆਂ ਕਰ ਚੁੱਕਾ ਹਾਂ, ਮੈਥੋਂ ਸਿੰਘਾਂ ਤੇ ਸੰਗਤਾਂ ਦਾ ਭੁਖੇ ਭਾਣੇ ਜਾਣਾ, ਦੁਖਦਾਈ ਲੱਗਦਾ ਏ, ਪਰ ਮੇਰੇ ਪਾਸ ਬਲ-ਸ਼ਕਤੀ ਭੀ ਨਹੀਂ, ਜਿਸ ਕਰਕੇ ਮੈਂ ਸੇਵਾ ਤੋਂ ਅਸਮਰਥ ਹਾਂ, ਮੇਰਾ ਪਹਿਰਾ ਬਦਲਿਆ ਜਾਵੇ। ਰਸਦ ਨਾ ਹੋਣ ਤੇ ਆਪ ਸਭ ਕੜਾਕੇ ਰਹੇ ਹੋ।

ਜਥੇਦਾਰ ਬਾਬਾ ਲੱਧਾ ਸਿੰਘ ਜੀ ਕਹਿ ਦੇਂਦੇ, ਦੂਧਾ ਧਾਰੀ ਜੀ, ਉਦਾਸ ਕਿਉਂ ਹੁੰਦੇ ਹੋ, ਮਾਂ–ਬਾਪ ਦੀ ਸੇਵਾ ਹੀ ਤਾਂ ਸਾਡਾ ਮੁਖ ਉਦੇਸ਼ ਹੈ, ਆਪੇ ਸਾਰ ਕਰਨਗੇ। ਭਾਈ ਸਿੰਘੋ ! ਮੈਥੋਂ ਸਿੰਘਾਂ ਦੇ ਕੜਾਕੇ ਸਹਿਣ ਨਹੀਂ ਹੁੰਦੇ। ਪਰ ਜਥੇਦਾਰ ਜੀ ਕਹਿ ਦੇਂਦੇ ਹਨ, ਆਪੇ ਜਗਤ ਮਾਤਾ ਆਪਣੀ ਸੇਵਾ ਕਰਾਣ ਲਈ ਆਪਣੇ ਕਿਸੇ ਲਾਡਲੇ ਸਪੂਤ ਨੂੰ ਭੇਜੇਗੀ, ਤੁਸੀਂ ਟਿਕੇ ਰਵੋ, ਅਤੇ ਸੇਵਾ ਕਰੀ ਚੱਲੋ।

ਬਾਬਾ ਮਿੱਤ ਸਿੰਘ ਜੀ– ਭਾਈ ਹਰੀ ਸਿੰਘ ਜੀ ਤੁਸੀਂ ਕਿੰਨੇ ਵਡਭਾਗੇ ਹੋ–ਜੋ ਜਗਤ ਮਾਤਾ ਨੇ ਤੁਹਾਨੂੰ ਆਪਣੇ ਸਤਿਜੁਗੀ ਅਸਥਾਨ ਦੀ ਸੇਵਾ ਕਰਨ ਦਾ ਸੁਭਾਗ ਬਖਸ਼ਿਆ ਹੈ, ਮਾਂ ਪਾਸ ਹੀ ਪੁੱਤ ਨੂੰ ਲਾਡ ਲਡਾਣ ਤੇ ਪਿਆਰੀ ਗੋਦ ਵਿਚ ਮਿੱਠੀਆਂ-ਮਿੱਠੀਆਂ ਲੋਰੀਆਂ ਮਿਲਦੀਆਂ ਹਨ–ਤੇ ਜੇ ਮਾਂ ਦੇ ਪੁੱਤ ਕੜਾਕੇ (ਢਿੱਡੋਂ ਭੁੱਖੇ) ਹਨ ਤਾਂ ਮਾਂ ਕੇਹੜੀ ਰੱਜ ਖਾਂਦੀ ਹੋਵੇਗੀ, ਇਹ ਭਰਮ ਕਿਉਂ ਕਰਦੇ ਹੋ, ਪਰ ਸਾਨੂੰ ਤਾਂ ਲੰਗਰ ਦੀ ਇੱਛਾ ਹੀ ਉਤਪੰਨ ਨਹੀਂ ਹੋਈ ?

oਦੂਧਾ ਧਾਰੀ– ਬਾਬਾ ਮਿੱਤ ਸਿੰਘ ਜੀ, ਆਪ ਪੂਰੇ ਸੂਰੇ ਹੋ, ਮੇਰੇ ਤੇ ਕ੍ਰਿਪਾ ਕਰੋ, ਤੁਸੀਂ ਪਹਿਰਾ ਸਾਂਭੋ, ਤੇ ਮੈਨੂੰ ਛੁਟੀਆਂ ਦਿਓ। ਪਰ ਬਾਬਾ ਜੀ ਨੇ ਕੋਈ ਉੱਤਰ ਨਾ ਦਿੱਤਾ–ਕੇਵਲ ਇਹ ਕਿਹਾ ਕਿ ਦੂਧਾ ਧਾਰੀ ਜੀ–ਤੁਹਾਡਾ ਕੀ ਕਸੂਰ ਹੈ, ਜੇ ਮਾਂ ਪੁਤਾਂ ਨੂੰ ਅੱਜ ਕੜਾਕੇ ਰਖਾ ਰਹੀ ਹੈ ਤਾਂ ਇਸ ਵਿਚ ਭੀ ਭਲਾ ਹੀ ਹੈ। ਸੁਚੇਤ ਹੋ ਕੇ, ਨਿਰਮਲ ਤਾਈ ਨਾਲ ਗੁਰਬਾਣੀ ਦਾ ਜਾਪ ਅਤੇ ਸਿਮਰਨ ਕਰਾਂਗੇ ? ਕਾਫੀ ਰਾਤ ਤੱਕ ਸਤਿਸੰਗ ਤੇ ਵਿਚਾਰਾਂ ਹੁੰਦੀਆਂ ਰਹੀਆਂ।

---

* ਜਿਥੇ–ਜੋ ਬਾਬਾ ਹਰੀ ਸਿੰਘ ਜੀ ਨੇ ਯਤਨ ਕਰਕੇ ਇਕ ਛੋਟਾ ਜਿਹਾ ਟੀਨਾਂ ਦਾ ਅਸਥਾਨ ਬਣਾ ਕੇ, ਗੁਰੂ ਗ੍ਰੰਥ ਸਾ: ਜੀ ਦਾ ਪ੍ਰਕਾਸ਼ ਕੀਤਾ ਕਰਦੇ ਸਨ।

o ਦੂਧਾ ਧਾਰੀ–ਬਾਰੇ ਕਾਫੀ ਖੋਜ ਕੀਤੀ ਹੈ ਪ੍ਰੰਤੂ ਇਹਨਾਂ ਦੇ ਮਾਤਾ-ਪਿਤਾ ਤੇ ਪਿੰਡ ਦਾ ਕੋਈ ਥਹੁ ਪਤਾ ਨਹੀਂ ਮਿਲਿਆ। ਭਾਈ ਮਹਿਤਾਬ ਸਿੰਘ ਜੀ ਪਿੰਡ ਨੌਹਰ (ਨਵਾਂ ਸ਼ਹਿਰ ਪਾਸ) ਅਤੇ ਭਾਈ ਨਿਹਾਲ ਸਿੰਘ ਪਿੰਡ ਪਰੋਜ ਪੁਰ (ਬੇਲਾ–ਚਮਕੌਰ ਸਾਹਿਬ ਪਾਸ) ਇਹਨਾਂ ਦੋਹਾਂ ਨਿਹੰਗ ਸਿੰਘਾਂ ☞

ਸਾਰੇ ਸਿੰਘਾਂ (ਯਾਤਰੀਆਂ) ਕਾਫੀ ਰਾਤ ਸਤਸੰਗ ਵਿਚ ਗੁਜ਼ਾਰਨ ਕੀਤੀ ਤੇ ਫਿਰ ਆਸਣ ਲਾ ਅਰਿੰਗ-ਬਰਿੰਗ (ਬਿਰਾਜਮਾਨ) ਹੋ ਗਏ।

ਪਰ ਅਗੰਮੀ ਰਸ ਦੇ ਮਤਵਾਲੇ, ਜਗਤ ਮਾਤਾ–ਮਾਤਾ ਸਾਹਿਬ ਕੌਰਾਂ ਦੀ ਸੁੰਦਰ ਗੋਦ ਦੇ ਹੁਲਾਸ ਮਾਣਨ ਦੇ ਚਾਹਵਾਣ ਬਾਬਾ ਮਿੱਤ ਸਿੰਘ ਜੀ ਇਥੋਂ ਉਠ ਮਾਤਾ ਜੀ ਦੇ ਅਸਥਾਨ 'ਥੜਾ ਸਾਹਿਬ' ਪਾਸ ਆ ਕੇ ਨਮਸ਼ਕਾਰ ਕਰਕੇ ਅਤੇ ਪੰਜ ਪ੍ਰਕਰਮਾਂ ਕਰਕੇ ਚੰਦ ਦੀ ਚਾਂਦਨੀ–ਤਾਰਿਆਂ ਦੀ ਨਦੀ ਦੇ ਪਾਣੀ ਚ ਪੈਂਦੀ ਡਲਕ, ਸੁੰਦਰ ਚਮਕ ਵਿਚ ਸੁਰਤ-ਸ਼ਬਦ ਦੇ ਇਛਕ ਨੂੰ 'ਪਵਨ'–ਹਾਂ ਹਾਂ ਮਾਲਕ ਦਾ ਸੁਨੇਹਾ ਵਹਲ ਭੀ ਪੱਛਾ ਰਾਤਿ' ਦੇ ਰਹੀ ਸੀ।

ਲੰਮੀਆਂ ਵਾਟਾਂ ਦੇ ਪਾਂਧੀ ਨੂੰ ਕੋਈ ਅਗੰਮੀ ਨਾਦ, ਸ਼ਬਦ ਆਵਾਜ਼ ਸੁਨਾਣ ਲਈ–ਕਿਸੇ ਅਸਤੀ ਵਿਚ ਮਾਤਾ ਜੀ ਦੀ ਗੋਦ ਵਿਦ 'ਆਉ ਸੁਭਾਗੀ ਨੀਦੜੀਏ, ਮਤ ਸਹੁ ਦੇਖਾ ਸੋਇ ॥' ਦੀ ਸੁੱਦ ਕੰਨਾਂ ਵਿਚ ਗੂੰਜਨ ਲਗੀ, ਸਹਿਜੇ-ਸਹਿਜੇ ਰੁਮਕ ਰਹੀ ਸੀ।

☞ ਜੋ ਬਾਬਾ ਮਿੱਤ ਸਿੰਘ ਜੀ ਦੇ ਪਾਸ ਬਹੁਤ ਸਮੇਂ ਸੇਵਾ ਕੀਤੀ ਹੈ। ਤੋਂ ਪਤਾ ਲੱਗਾ ਹੈ, ਕਿ ਦੂਧਾ ਧਾਰੀ ਜੀ ਜਦ ਬਾਬਾ ਮਿੱਤ ਸਿੰਘ ਜੀ ਨੂੰ ਮਾਤਾ ਸਾਹਿਬ ਕੌਰਾਂ ਦਾ ਪਹਿਰਾ ਸੌਂਪ ਆਏ ਸਨ, ਤਾਂ ਪੰਜਾਬ ਆ ਕੇ ਬਹੁਤ ਸਮਾਂ ਚੱਕ੍ਰ ਵਰਤੀ ਫਿਰਦੇ ਰਹੇ, ਫਿਰ ਗੁ: ਝਾੜ ਸਾਹਿਬ ਤੋਂ ਅਗੇ ਸ੍ਰੀ ਚਮਕੌਰ ਸਾਹਿਬ ਤੋਂ ਤੁੰਨੇ ਕਿਲੋ ਮੀਟਰ ਅਗੇ ਪਿੰਡ ਰੇਹਲੋਂ, ਨਹਿਰ ਦੇ ਦੂਸਰੇ ਕੰਢੇ (ਪੱਟੜੀ ਵਾਲੇ ਨਹੀਂ) ਸਗੋਂ ਝਾੜਾਂ ਵਾਲੇ ਪਾਸੇ, ਇਹ ਥਾਂ ਜਿਥੋਂ ਦੂਜੇ ਵਹਿਣ ਹੇਠੋਂ ਨਹਿਰ ਤੇ ਉਪਰੋਂ ਬਾਰਸ਼ੀ ਪਾਣੀ ਲੰਘਦਾ ਹੈ ਝੁੱਗੀ ਪਾ ਕੇ ਰਹਿੰਦੇ ਸਨ।

ਆਪ ਅੰਨ ਨਹੀਂ ਸਨ ਛਕਦੇ ਕੇਵਲ ਦੁੱਧ ਪੀਂਦੇ ਸਨ, ਆਮ ਤੌਰ ਤੇ ਵਰਜਤ ਕਰਦੇ ਸਨ ਕਿ 'ਦੂਧਾ' ਤੇ ਹੋਰ ਕੋਈ ਅਮਲ ਨਾ ਸੇਵਨ ਕਰਿਆ ਕਰੋ। ਕਿਸੇ ਨੂੰ ਝੁੱਗੀ ਵਿਚ ਰਾਤ ਨਹੀਂ ਰਹਿਣ ਦੇਂਦੇ ਸਨ, ਇਕਾਂਤ ਬਿਰਤੀ, ਬਹੁਤ ਹੀ ਹੱਠੀ ਤੱਪੀ-ਜਪੀ ਸਨ।

ਇਕ ਵਾਰੀ ਭਾਈ ਨਿਹਾਲ ਸਿੰਘ ਪਰੋਜ ਪੁਰ ਵਾਲੇ, ਬਾਬਾ ਚੇਤ ਸਿੰਘ ਜੀ ਜਥੇਦਾਰ ਬੁੱਢਾ ਦਲ ਵਲੋਂ ਭੇਜੇ ਚੱਲੇ–ਕਛਹਿਰੇ ਦੇਣ ਗਏ, ਜਾਂਦਿਆਂ ਹੀ ਕਹਿਣ ਲਗੇ–ਜਥੇਦਾਰਾਂ ਭੇਜੇ ਨੇ–ਐਨੇ ਸਾਡੇ ਕਿਸ ਕੰਮ ? ਸ਼ਾਮ ਪੈ ਚੁੱਕੀ ਸੀ ਕਹਿਣ ਲਗੇ ਜਾਓ ! ਮੈਂ ਦੁਚਿੱਤੀ ਵਿਚ ਨਾ ਉਧਰ, ਤੇ ਨਾ ਉਧਰ ਕਾਲੀ ਬੋਲੀ ਰਾਤ, ਨਹਿਰ ਦਾ ਸੁੰਨ-ਸਾਨ ਰਸਤਾ (ਭਾਈ ਨਿਹਾਲ ਸਿੰਘ) ਦਾ ਪਿੰਡ ਭੀ ਕਾਫੀ ਦੂਰ ਬੇਲੇ ਪਾਸ ਸੀ–ਸੋਚੀ ਪੈ ਗਏ, ਪਰ ਬਚਨ ਮੰਨ ਤੁਰ ਪਏ, ਪਰ ਭੈ ਕਾਰਨ, ਵਹਿਣ (ਪੁਲ) ਦੇ ਦੂਜੇ ਪਾਸੇ ਨਹਿਰੀ ਕੰਠੇ ਸਨ, ਇਹਨਾਂ ਦਾ ਸਹਾਰਾ ਜਾਣ ਕੇ ਪੁਲ ਤੇ ਬੈਠਾ ਹੀ ਸਾਂ–ਕਿ ਦੂਧਾ ਧਾਰੀ ਆ ਗਏ, ਕਹਿਣ ਲਗੇ ਗਿਆ ਨਹੀਂ ? ਮੈਂ ਕਿਹਾ ਇਸ ਵੇਲੇ ਕਿਥੇ ਜਾਂਦਾ, ਰਾਤ ਦਾ ਸਮਾਂ ਹੈ, ਰਾਹ ਬਿਖੜਾ ਹੈ, ਦੂਧਾ ਵਿਚ ਆਏ ਤੇ ਰਾਤ ਕਟਨ ਲੈ ਗਏ, ਤੇ ਕਿਹਾ ਅਗੋਂ ਅਜੇਹੇ ਸਮੇਂ ਨਹੀਂ ਆਇਆ ਕਰਨਾ–ਕੁਝ ਸਮਾਂ ਇਸੇ ਤਰਾਂ ਬਿਰਕਤ ਬਿਰਤ ਵਿਚ ਹੀ ਰਹੇ–ਫਿਰ ਉਹਨਾਂ ਦਾ ਪਤਾ ਨਹੀਂ ਲੱਗਾ–ਸੁਹ ਮਿਲਦੀ ਸੀ ਕਿ ੧੯੪੭ ਦੇ ਖੂਨ ਕਾਂਡ ਵਿਚ ਚੜ੍ਹਾਈ ਕਰ ਗਏ ਸਨ।

ਮਾਤਾ ਜੀ ਦੇ ਅਸਥਾਨ ਤੇ ਬਾਬਾ ਜੀ ਦਾ ਅਨੁਭਵੀ ਸੁੰਦਰ ਸੁਪਨਾ

ਸਮਾਂ ਆ ਗਿਆ, ਮੰਜ਼ਲਾਂ ਦੇ ਪਾਂਧੀ ਦੀਆਂ ਮੰਜਲਾਂ ਮੁੱਕਣ ਦਾ, ਕਸਵੱਟੀ ਵਿਚੋਂ ਪੂਰੇ - ਸੂਰੇ ਉਤਰਨ ਵਾਲੇ ਬਾਬਾ ਜੀ, ਜਗਤ ਮਾਤਾ–ਮਾਤਾ ਸਾਹਿਬ ਕੌਰਾਂ ਦੇ ਅਸਥਾਨ ਥੜੇ ਪਾਸ ਚੌਂਕੜਾ ਮਾਰ ਕੇ ਸ਼ੁਕਰਾਨੇ ਵਿਚ ਇਕ ਮਨ - ਸੁਰਤ - ਸ਼ਬਦ ਵਿਚ ਜੁੜ ਬੈਠੇ। ਜਦ ਕਿ ਬਾਕੀ ਦੇ ਸਿੰਘ ਆਪੋ ਆਪਣੇ ਆਸਣਾਂ ਤੇ ਬਿਰਾਜ ਗਏ।

ਗੋਦਾਵਰੀ ਨਦੀ ਦਾ ਕੰਢਾ, ਸੁੰਨ ਮੰਡਲ (ਇਕਾਂਤ) ਤਪੋ ਬਨ ਵਿਚ ਬਾਬਾ ਜੀ ਇਕ - ਸੁਰਤਾ 'ਚ ਜੁੜ ਕੇ ਰੰਗ - ਰਸ ਵਿਚ ਮਗਨ, ਉਚ ਉਡਾਰੀਆਂ ਵਿਚ ਸ਼ਬਦ, ਸੁਰਤ, ਅਨਹਦ ਨਾਦ ''ਤਹ ਅਨੇਕ ਰੂਪ ਨਉ ਨਵ ਨਿਧ'' ਦੀਆਂ ਝਾਕੀਆਂ, ਕੁਦਰਤ ਦੇ ਅਨੇਕਾਂ ਰੰਗ ਮੰਡਲ, ਸੂਰਤਾ ਰਚਨਾ ਵਿਚ ਗੁਰੂ ਬਖਸ਼ਸ਼ ਦਾ ਅਨੰਦ ਮਾਣਦੇ ਰਹੇ। ਮਨੋ ਵਿਚਾਰਾਂ ਤੇ ਪ੍ਰਭੂ ਕਿਰਪਾ ਨੇ ਅਨੁਭਵਤਾ ਵਿਚ ਕੁਝ ਇਉਂ ਸੁਣਾਈ ਦੇ ਰਿਹਾ ਸੀ।

ਅਨੁਭਵੀ ਆਵਾਜ਼– ਮੇਰੇ ਲਾਡਲੇ ਸਪੂਤ! ਤੇਰੀ ਮਾਤਾ (ਮਾਤਾ ਸਾਹਿਬ ਕੌਰਾਂ*) ਦਾ ਇਹ ਅਸਥਾਨ ਇਸੇ ਤਰ੍ਹਾਂ ਕਦ ਤੱਕ ਵੀਰਾਨ, ਇਕੱਲਾ, ਹਰਿ ਜੱਸ, ਹਰਿਕੀਰਤ, ਦੇਗ, ਲੰਗਰ ਅਤੇ ਸੰਗਤ–ਪੰਗਤ ਸੇਵਾ ਤੋਂ ਬਿਨਾਂ ਚੁੱਪ ਚੁੱਪੀਤਾ ਰਹੇਗਾ?

ਇਹ ਅਸਥਾਨ ਸਾਡਾ ਸਤਿਗੁਰਾਂ–ਤੁਹਾਡੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪਹਿਲੇ ਸਾਡੇ ਚੰਡੀ ਦੇ ਅਵਤਾਰ ਵਿਚ ਸੁਮੇਲ ਤੇ ਵਰਦਾਨ ਦਾ ਹੈ। ਦਾਂ ਹੀ ਤੇ ਮੈਂ ਆ ਆਸਣ ਲਾ ਪ੍ਰਗਟ ਕਰ, ਇਥੇ ਹੀ ਲੰਗਰ ਦੇਗ ਦੀ ਰੀਤ ਚਲਾਈ ਰੱਖੀ ਸੀ ਜੋ ਅਨਜਾਣੇ ਲੋਕਾਂ ਬੰਦ ਕਰ ਰੱਖੀ ਸੀ।

ਪਿਤਾ ਦਾ ਤੱਪ ਅਸਥਾਨ, ਦਰਸ਼ਨ ਕੀਤੇ ਜੇ, ਕਿੰਨੀਆਂ ਚੜ੍ਹਦੀਆਂ ਕਲਾਂ ਵਿਚ ਹੈ। ਪਰ ਮਾਂ!

---

* ਪਹਿਲਾਂ ਛੋਟਾ ਥੜਾ ਹੀ ਹੁੰਦਾ ਸੀ। ਬਾਬਾ ਜੀ ਦੇ ਪਹਿਰੇ ਵਿਚ ਇਹ ਅਸਥਾਨ, ਜਦੋਂ ਕਿ ਸ: ਗੁਪਾਲ ਸਿੰਘ ਜੀ ਸੱਚਖੰਡ ਤਖਤ ਦੇ ਸਰਬਰਾਹ ਸਨ, ਉਸ ਵਕਤ ਤਰਨਤਾਰਨ ਦੇ ਇਕ ਠੇਕੇਦਾਰ ਅਤੇ ਇੰਜੀਨੀਅਰ ਦਾ ਆਪਸੀ ਭਾਈਚਾਰੇ ਵਿਚ ਹੇਰਾ ਫੇਰੀ ਕਰ ਕੇ ਕੇਵਲ ਇਕ ਮੰਜ਼ਲ ਛੱਤ ਪਾਈ ਸੀ। ਜੋ ਬਾਬਾ ਮਿੱਤ ਸਿੰਘ ਜੀ ਦੇ ਵਰਜਣ ਤੇ ਭੀ ਹੇਰਾ ਫੇਰੀ ਕਰਨੋਂ ਨਾ ਮੁੜਿਆ। ਨਾਲੇ ਬਾਬਿਆਂ ਨੇ ਬਚਨ ਕੀਤਾ ਕਿ ਇਹ ਆਦਿ ਸ਼ਕਤੀ–ਮਾਤਾ ਜੀ ਦਾ ਤਖਤ ਬਨਣਾ ਹੈ ਤੇ ਬਹੁਤ ਵੱਡਾ ਬਣਨਾ ਹੈ, ਤੂੰ ਛੋਟਾ ਬਣਾ ਰਿਹ' ਹੈ। ਅਜੇ ਸਮਾਂ ਨਹੀਂ ਆਇਆ, ਬੰਦ ਕਰ ਦੇ।

ਪਰ ਉਸ ਨੇ ਆਪਣੀ ਹੂੜ ਮਤ ਵਰਤੀ। ਜਿਸ ਕਰ ਕੇ ਛੱਤ ਤੇ ਥੰਮੇਂ ਪਾਟ ਤੇ ਬਹਿ ਗਏ। ਕਿਉਂਕਿ ਬਾਬਾ ਜੀ ਨੇ ਬਚਨ ਕੀਤਾ ਸੀ ਕਿ ਇਸ ਦੀ ਨੀਂਹ ਨਦੀ ਦੀ ਤਹਿ ਤੋਂ ਆਵੇਗੀ ਤਾਂ ਮੰਦਰ ਉਸਰੇਗਾ।। ਠੇਕੇਦਾਰ ਇਸੇ ਹਾਲਤ ਵਿਚ ਕੰਮ ਛੱਡ ਕੇ ਫਰਾਰ ਹੋ ਗਿਆ। ਉਸ ਦਾ ਸਰੀਰ ਉਵੇਂ ਫੁਟ ਗਿਆ ਜਿਵੇਂ ਛੱਤ ਟੁੱਟ ਫੁੱਟ ਗਈ ਸੀ।

ਫਿਰ ਬਾਬਾ ਜੀ ਨੇ ਥੜੇ ਉਪਰ ਆਰਜ਼ੀ ਇੱਟਾਂ ਉਸਾਰ ਕੇ ਮਾਤਾ ਜੀ ਦੇ ਅਸਥਾਨ ਤੇ ਟੀਨਾਂ ਦਾ ਛੱਪਰ ਧਾ ਕੇ ਸੇਵਾ ਪੂਜਾ ਕਰਦੇ ਰਹੇ। ਨਵ ਉਸਾਰੀ ਅਗੇ ਪੜ੍ਹਨਾ।

ਉਸਾਰ ਬੀਆ ਬਾਨਾਂ ਵਿਚ ਇਕੱਲੀ)। ਸਪੂਤ ਤੇਰੀ ਉਡੀਕ ਸੀ–ਆ ਗਏ ਹੋ, 'ਮਾਣੇ ਰਲੀਆਂ', ਮੈਂ ਭੀ ਹੁਣ ਤੱਕ 'ਪੂਰੇ ਭਰੇ ਭੰਡਾਰ' ਕਿਸੇ ਨੂੰ ਸੌਂਪ ਨਹੀਂ ਸੀ ਰਹੀ, ਆਉਂਦੇ ਟੁਰ ਜਾਂਦੇ, ਪਰ ਕਸਵੱਟੀ ਤੇ ਪੂਰਾ ਕੋਈ ਨਾ ਉਤਰਦਾ–ਤੁਸਾਂ ਤੇ ਕਸਵੱਟੀਆਂ ਪਹਿਲਾਂ ਹੀ ਲੱਗ ਚੁਕੀਆਂ ਹਨ, ਗੁਰਾਂ ਦੀ ਰੱਖਾਂ, ਛਾਵੇਂ ਵਿਚਰ ਲਿਆ, ਹੁਣ ਤੁਹਾਡੇ ਟਿਕਾਓ ਦਾ ਸਮਾਂ (ਪੂਰਨ ਭਾਂਡੇ) ਆ ਗਿਆ ਹੈ। ਮਾਂ ਦੀ ਗੋਦ ਵਿਚ ਪਿਆਰ-ਲਾਡ ਤੇ ਮਿਠੀਆਂ ਲੋਰੀਆਂ (ਗੁਰਬਾਣੀ ਦਾ ਪ੍ਰਵਾਹ) ਲੰਗਰ-ਦੇਗ ਦਾ ਪ੍ਰਵਾਹ ਚਲਾਓ, ਤੇ ਮਾਂ ਦੀ ਗੋਦ ਸੁਭਾਗੀ ਕਰ ਖੁਸ਼ੀਆਂ ਪ੍ਰਾਪਤ ਕਰੋ, ਸਾਡੀ ਤੁਹਾਡੇ ਤੇ ਬੇਅੰਤ ਖੁਸ਼ੀ ਹੋ ਆਈ ਏ।

ਮੇਰੇ ਸੋਹਣੇ ਸਪੂਤ! ਮੈਂ ਤਾਂ ਸਭ ਖਜ਼ਾਨੇ ਬਖਸ਼ੇ ਹਨ ਤੇ ਸਭ ਲਈ ਦਰਵਾਜ਼ੇ ਖੋਹਲ ਰਖਣੇ ਹਨ, ਪਰ ਵਰਤਨ ਵਾਲਾ ਕੋਈ ਨਹੀਂ ਮੈਂ ਮਾਂ ਘੋਲੀ–ਕਿਵੇਂ ਸਹਿਣ ਕਰ ਸਕਦੀ ਸਾਂ, ਮੇਰੀ ਗੋਦ ਦੇ ਰਹਲੇ, ਮੇਰੇ ਪਾਸ ਆ ਭੁੱਖੇ ਭਾਣੇ ਰਹਿਣ, ਵਸਤੂਆਂ ਹੁੰਦੀਆਂ–ਯੋਗ ਵਰਤੋਂ ਵਾਲਾ ਨਾ ਹੋਵੇ।

ਮੇਰੇ ਲਾਡਲੇ, ਤੇ ਅੱਜ ਦੀ ਕੁਰਬਾਨੀ ਤੋਂ ਮੈਂ ਬੜੀ ਪ੍ਰਸੰਨ ਹੋਈ ਹਾਂ, ਕੜਾਕੇ ਹੋਵੇ ਤੇ ਆਖੇ ਮਾਂ ਪੁਤਾਂ ਲਈ ਭਲਾ ਕਰਦੀ ਹੈ, ਸ਼ੁਕਰਾਨੇ ਵਿਚ ਰਜ਼ਾ ਵਿਚ ਰਾਜ਼ੀ, ਇਸੇ ਕਰਕੇ 'ਖਾਵਹੁ ਖਰਚਹੁ ਰਲ ਮਿਲ ਭਾਈ' ਸਭ ਖਜ਼ਾਨੇ ਸੌਂਪ ਰਹੀ ਹਾਂ, ਕਰੋ ਦਲੇਰੀ ਹਾਂ ਹਿੰਮਤ ਨਾਲ ਵੈਰਾਨ ਮਾਂ ਦਾ ਘਰ ਹੁੰਦੀ ਵਿਰਲਾ ਸਪੂਤ ਹੀ ਵਸਾ ਸਕਦਾ ਏ।

ਸਪੂਤ! ਸੁਣ ਤੇ ਯਾਦ ਕਰ ਸਾਡੇ ਪੁਰਾਤਨ ਇਤਿਹਾਸ ਨੂੰ, ਮੈਂ ਚੰਡਕਾ ਦੇ ਰੂਪ ਵਿਚ, ਇਸ ਵੇਂ, ਸਤਿਜੁਗ ਦੇ ਤਪੱਸਵੀ–ਆਪ ਜੀ ਦੇ ਪਿਤਾ (ਜੋ ਇਸੇ ਧਰਤੀ ਤੇ ਮਹਾਨ ਤਪੱਸਵੀ ਸਨ) ਬਚਨ ਦਿਤਾ ਸੀ–ਤੁਸਾਂ ਮੇਰੀ ਸਹਾਇਤਾ ਕੀਤੀ ਹੈ ਕਲਜੁਗ ਵਿਚ ਤੁਹਾਡਾ 'ਸਿੰਘ' ਨਾਮ ਕਰਕੇ ਪੰਥ ਚਲੇਗਾ, ਉਸ ਵਕਤ ਮੈਂ ਜਗਤ ਮਾਤਾ ਬਣ, ਤੁਹਾਡਾ ਸਾਥ ਦੇ ਕੇ ਇਹ ਅਹਿਸਾਣ ਚੁਕਾਵਾਂਗੀ।

ਓਸ ਤੇਜਸਵੀ (ਜੁਗਾਂ ਪ੍ਰਤੀ ਤਪੱਸਵੀ) ਸਤਿਗੁਰੂ ਦੇ ਲਾਡਲੇ ਸਪੂਤ–(ਖਾਲਸੇ ਦੀ ਮਾਤਾ) ਮਾਂ ਦੀ ਗੋਦ ਹਰਿਆਵਲ ਕੌਣ ਕਰੇਗਾ?

ਇਹ ਅਗੰਮੀ 'ਹੁਕਮ' ਕੁਝ ਦਿਨਾਂ ਵਿਚ ਹੀ ਸਾਕਾਰ ਰੂਪ ਧਾਰ ਗਿਆ।

ਅੰਮ੍ਰਿਤ ਵੇਲਾ ਹੋਇਆ–ਸਭ ਨੇ ਗੋਦਾਵਰੀ ਤੇ ਇਸ਼ਨਾਨ ਕੀਤਾ ਨਿਤਨੇਮ ਉਪਰੰਤ ਸਾਦਾ ਸਹ-ਪਾਣੀ ਛੱਕ, ਹੁਣ ਸਿੰਘ ਸੱਚਖੰਡ ਵਾਪਸ ਚਾਲੇ ਪਾਉਣ ਲਗੇ, ਤਾਂ ਬਾਬਾ ਹਰੀ ਸਿੰਘ ਜੀ ਅਗੇ ਹੋ ਬੇਨਤੀ ਕੀਤੀ–ਬਾਬਾ ਮਿੱਤ ਸਿੰਘ ਜੀ ਤੇ ਸਿੰਘੋ ਮਾਫ ਕਰਨਾ, ਰਾਤ ਕੜਾਕੇ ਗੁਜ਼ਾਰੀ–ਸੇਵਾ ਨਾ ਕਰ ਸਕੇ।

ਬਾਬਾ ਮਿੱਤ ਸਿੰਘ ਜੀ– ਭਾਈ ਸਿੰਘ ਸਾਹਿਬ ਜੀ, ਤੁਹਾਡੇ ਕੀ ਵਸ ਹੈ ਸਾਡੇ ਕਰਮਾਂ ਦਾ ਭੋਗ ਹੀ ਅਜੇਹਾ ਹੈ, ਪਰ ਸਾਨੂੰ ਤੇ ਇਸ ਭੁੱਖ ਦਾ ਕੋਈ ਦੁਖ-ਸੰਤਾਪ ਨਹੀਂ ਹੋਇਆ, ਸਗੋਂ ਮਾਤਾ ਜੀ ਦੀਆਂ ਅਪਾਰ ਬਖਸ਼ਸ਼ਾਂ ਸਦਕਾ, ਮਨ ਪ੍ਰਭੂ ਯਾਦ ਵਿਚ ਵਧੇਰੇ ਜੁੜਿਆ ਹੈ–ਹਾਂ ਮਾਲਕ ਦੀ ਰਜ਼ਾ ਵਿਚ ਰਹਿਣਾ ਸਾਡਾ ਫਰਜ਼ ਬਣਦਾ ਹੈ। ਬਿਹੰਗਮ ਭੀ ਬਣੇ ਫਿਰ ਉਹੀ ਸੰਸਾਰਕ ਕਿੱਸਾ ਕੋਤਾ, ਭੁੱਖ-ਤਰੇਹ?

ਬਾਬਾ ਹਰੀ ਸਿੰਘ ਜੀ– ਇਹ ਤਾਂ ਬਹੁਤ ਕਠਨ ਘਾਲ ਹੈ, ਬਾਬਾ ਜੀ 'ਜਿਸ ਨੂੰ ਬਖਸ਼ੇ ਸਿਫਤ ਸਲਾਹ' ਉਹ ਹੀ ਪੁਰਸ਼ 'ਸੋਈ ਪੁਰਖ ਸੁਜਾਨ' ਹੁੰਦਾ ਹੈ। ਆਪ ਜੈਸੇ ਤਾਂ ਮਹਾਂਪੁਰਸ਼ ਇਸ ਮੰਜ਼ਲ

ਦੇ ਅਧਿਕਾਰੀ ਤਾਂ ਬਣ ਸਕਦੇ ਹਨ। ਪਰ ਮੇਰੇ ਜਿਹਾ ਭੁੱਖ-ਤਿਖਾ ਦਾ ਲੋਭੀ-ਲਾਲਚੀ ਤਾਂ ਰੋਜ਼ ਦੇ ਅਜੇਹੇ ਕਸ਼ਟਾਂ ਤੋਂ ਉਪਰਾਮ ਹੋ ਚੁੱਕਾ ਹੈ।

ਬਾਬਾ ਮਿੱਤ ਸਿੰਘ ਜੀ, ਕ੍ਰਿਪਾ ਹੀ ਕਰੋ ਤੇ ਮੈਨੂੰ ਇਹਨਾਂ ਬੰਧਨਾਂ-ਚਿੰਤਾ ਤੋਂ ਮੁਕਤ ਕਰਾਵੋ, ਕਿਤਨਾ ਰਮਣੀਕ ਇਕਾਂਤ ਥਾਉਂ ਹੈ, ਤੇ ਆਪ ਜੈਸੇ ਹੁਕਮੀ ਬੰਦੇ ਹੀ ਰਜ਼ਾ ਵਿਚ ਰਾਜ਼ੀ ਰਹਿ ਸਕਦੇ ਹਨ ਤਾਂ ਤੇ ਇਸ ਅਸਥਾਨ ਦੀ ਸੇਵਾ ਸੰਭਾਲੋ–ਤੇ ਸਾਨੂੰ ਖੁਲੇ ਖਲਾਸੇ ਵਿਚਰਨ ਦਾ ਸਮਾਂ ਬਖਸ਼ੋ। ਬੰਦੀ ਵਿਚ ਤਾਂ ਵਿਰਲਾ ਬੰਦਾ ਹੀ ਰਹਿ ਸਕਦਾ ਹੈ ਜਾਂ ਫਿਰ ਪੂਰਾ ਅਸਥਾਨੀ ਟਿਕੇ।

ਬਾਬਾ ਮਿੱਤ ਸਿੰਘ ਜੀ - ਅਸੀਂ ਪੰਥਕ ਹੁਕਮ ਦਰਸ਼ਨਾਂ ਦੀ ਇੱਛਾ ਲੈ ਕੇ ਆਏ ਹਾਂ–ਇਕ ਅਸਥਾਨ ਦੇ ਸੇਵਾਦਾਰ ਨੂੰ ਕੱਢਨ ਨਹੀਂ ਆਏ ? ਅਤੇ ਨਾ ਹੀ ਕਿਸੇ ਦੇ ਹੱਕ ਦੀ ਤਲਾਫੀ ਕਰਨ ਆਏ ਹਾਂ ? ਅਸੀਂ ਯਾਤਰਾ ਕਰਨ ਆਏ ਹਾਂ, ਇਹ ਕਹਿ ਤਿਆਰੇ ਕਰ ਲਏ, ਗੁਰੂ ਹਜ਼ੂਰ ਅਰਦਾਸ ਕਰ ਸਹਿਜੇ-ਸਹਿਜੇ ਸੱਚਖੰਡ ਨੂੰ ਚਾਲੇ ਪਾ ਦਿਤੇ ਤੇ ਹਜ਼ੂਰ ਦਰਬਾਰ ਪਹੁੰਚ ਨਮਸ਼ਕਾਰ ਕਰ, ਛਾਉਣੀ ਨਿਹੰਗ ਸਿੰਘ ਜਾ ਆਸਣ ਲਾਏ।

ਬਾਬਾ ਜੀ ਨਾਲ ਹੀ ਭਾਈ ਹਰੀ ਸਿੰਘ ਜੀ ਦੂਧਾ ਧਾਰੀ ਭੀ ਚਾਲੇ ਪਾ ਛਾਉਣੀ ਆ ਬਿਰਾਜੇ।

ਦੁਵੱਲੀ ਕਾਰ– ਇਹ ਰਾਤ ਦੇ ਅਨਭਵੀ ਹੁਕਮ–ਪੁੱਤ੍-ਮਾਂ ਦੀ ਗੋਦ ਹਰਿਆਵਲ ਕਰੋ, ਅਜੇ ਤੱਕ ਇਹ ਹੁਕਮ ਸਾਕਾਰ ਦ੍ਰਿਸ਼ ਸਾਹਮਣੇ ਪ੍ਰਤੱਖ ਝਲਕਾਰੇ ਮਾਰਦਾ ਹੈ। ਓਧਰ ਬਾਬਾ ਹਰੀ ਸਿੰਘ ਦੂਧਾ ਧਾਰੀ ਦੇ ਅੰਦਰ ਦੀ ਵੇਦਨ, ਅਰਦਾਸ, ਸਤਿਗੁਰੂ ਕ੍ਰਿਪਾ ਕਰੋ, ਇਸ ਅਸਥਾਨ ਨੂੰ ਵਸਾਉਣ ਵਾਲੇ ਹਠੀ-ਤੱਪੀ, ਲੋੜਾਂ ਦੇ ਸੇਵਕ ਆ ਪੁੱਜੇ ਹਨ, ਬਖਸ਼ਸ਼ ਕਰੋ–ਅਰਜ਼ੋਈ ਮੰਨੋ ਤੇ ਇਹਨਾਂ ਅੰਦਰ ਵਸੋ ਜੋ ਇਹ ਮੰਨ ਜਾਵਣ। ਮੈਂ ਨਾਲਾਇਕ ਪੁਤ੍ ਸੇਵਾ ਕਰਨ ਤੋਂ ਅਸਮਰਥ ਹਾਂ।

ਬਾਬਾ ਹਰੀ ਸਿੰਘ ਜੀ ਦੀ ਜਥੇਦਾਰ ਅਗੇ ਬੇਨਤੀ

ਭਾਵੇਂ ਅੱਗੇ ਕਈ ਵਾਰੀ ਬਾਬਾ ਹਰੀ ਸਿੰਘ ਜੀ ਨੇ ਜ਼ਥੇਦਾਰਾਂ ਨੂੰ ਬੇਨਤੀਆਂ ਕੀਤੀਆਂ ਸਨ ਕਿ ਕੋਈ ਪੰਜਾਬੋ ਸਿੰਘ ਆਵੇ ਤਾਂ ਉਸ ਨੂੰ ਸੇਵਾ ਦੇ ਦਿਓ, ਸਾਥੋਂ ਕਠਨ ਘਾਲ ਨਹੀਂ ਹੁੰਦੀ। ਪਰ ਸਮਾਂ ਢੁਕਵਾਂ ਨਾ ਬਣਦਾ ਤੇ ਨਾ ਹੀ ਅਜੇਹਾ ਹਠੀ-ਤਪੀ ਸਿੰਘ ਹੀ ਮਿਲਿਆ। ਇਸ ਸਬੰਧ ਵਿਚ ਕਈ ਦਿਨ ਵਿਚਾਰਾਂ ਹੁੰਦੀਆਂ ਰਹੀਆਂ ਪਰ ਕੋਈ ਨਤੀਜਾ ਨਾ ਨਿਕਲਿਆ।

ਜਥੇਦਾਰ ਸਾਹਿਬ ਬਾਬਾ ਲੱਧਾ ਸਿੰਘ ਜੀ ਭੀ ਬਾਬਾ ਜੀ ਦੀ ਸਖਸ਼ੀਅਤ ਨੂੰ ਚੰਗੀ ਤਰਾਂ ਜਾਣਦੇ ਸਨ, ਇਸ ਕਰਕੇ ਜ਼ੋਰ ਦੇ ਕੇ ਕਹਿਣ ਦਾ ਹੀਆ ਨਾ ਪੈਂਦਾ–ਜੋ ਪਹਿਰਾ ਬਦਲ ਕੇ ਇਹਨਾਂ ਦਾ ਪਹਿਰਾ ਲਾ ਦਿੱਤਾ ਜਾਵੇ।

ਭਾਈ ਹਰੀ ਸਿੰਘ 'ਦੂਧਾ ਧਾਰੀ' ਨਾਮ ਨਾਲ ਪ੍ਰਸਿੱਧ ਸਨ, ਚੰਗੇ ਜੀਵਨ ਵਾਲੇ ਸੇਵਾ-ਸਿਮਰਨ ਦੇ ਧਾਰਨੀ ਸਨ, ਸਬਰ-ਸੰਤੋਖੀ ਭੀ ਸਨ, ਪਰ ਨਿਤ ਦੀਆਂ ਔਕੜਾਂ ਤੋਂ ਅਸਮਰਥ ਹੋ ਚੁੱਕੇ ਸਨ, ਜਿਸ ਕਰਕੇ ਕਾਫੀ ਉਤਾਵਲੇ ਸਨ ਕਿ ਜਿਵੇਂ-ਕਿਵੇਂ ਪਹਿਰਾ ਬਦਲ ਦਿਤਾ ਜਾਵੇ।

ਸਿੰਘਾਂ ਦੀ ਇਕਤਰਤਾ– ਕੁਦਰਤ ਜਦੋਂ ਕੋਈ ਨਿਯਮ ਉਲੀਕਦੀ ਹੈ ਤਾਂ ਕਾਰਨ ਭੀ ਬਣਾ

ਦੇਂਦੀ ਹੈ। ਅੱਜ ਕੁਦਰਤੀ ਛਾਉਣੀ ਨਿਹੰਗ ਸਿੰਘਾਂ, ਸਿੰਘਾਂ ਦਾ ਇਕੱਠ (ਇਕੱਤਰਤਾ) ਹੋਈ, ਅੰਦਰੋਂ ਸਭ ਸਿੰਘ, ਸਣੇ ਜਥੇਦਾਰ ਸਾਹਿਬ ਜੀ ਚਾਹੁੰਦੇ ਸਨ ਕਿ ਬਾਬਾ ਮਿੱਤ ਸਿੰਘ ਜੀ ਸੇਵਾ ਸੰਭਾਲਨ ਲਈ ਰਜ਼ਾ-ਮੰਦ ਹੋ ਜਾਵਣ, ਅਜੇ ਇਹ ਮਸਲਾ ਅਧੀਨ ਹੀ ਸੀ ਕਿ ਕਾਹਲੀ ਨਾਲ ਬਾਬਾ ਹਰੀ ਸਿੰਘ ਜੀ 'ਦੂਧਾ ਧਾਰੀ', ਗਲ ਪੱਲਾ ਪਾ, ਬੜੀ ਨਿੰਮ੍ਰਤਾ ਸਹਿਤ, ਆਪਣੀ ਦੁੱਖ ਵੇਦਨ ਬੇਨਤੀ ਕੀਤੀ–ਗੁਰੂ ਘਾਲਸਾ ਜੀ, ਮੇਰੇ 'ਚ ਬਲ-ਸ਼ਕਤੀ ਨਹੀਂ ? ਜੋ ਮੈਂ ਜਗਤ ਮਾਤਾ ਜੀ ਦੇ ਅਸਥਾਨ ਦੀ ਸੇਵਾ ਨਿਬਾਹ ਸਕਾਂ, ਮੈਥੋਂ ਸੰਗਤਾਂ ਦਾ ਭੁੱਖੇ ਤੁਰ ਆਉਣਾ, ਬਰਦਾਸ਼ਤ ਨਹੀਂ ਹੁੰਦਾ ਤੇ ਨਾ ਹੀ ਇਸ ਦਾ ਕੋਈ ਸਹਿਜੇ ਹੱਲ ਨਜ਼ਰ ਆ ਰਿਹਾ ਹੈ, ਸੱਚਖੰਡ ਤੋਂ ਲੰਗਰ ਚਲਾਉਣ ਲਈ ਖੁੱਲੀ ਰਸਦ ਨਹੀਂ ਮਿਲ ਸਕਦੀ ? ਪੰਜਾਬੋਂ ਅਨਾਜ ਮੰਗਵਵਾਉਣ ਦਾ ਸਾਧਨ ਭੀ ਨਹੀਂ, ਛਾਉਣੀ ਦੇ ਸਿੰਘਾਂ ਦਾ ਗੁਜ਼ਰਾਨ ਭੀ ਸੱਚਖੰਡ ਤੇ ਨਿਰਭਰ ਕਰਦਾ ਹੈ।

ਅਜੇਹੀਆਂ ਕਠਨਾਈਆਂ ਦਾ ਮੁਕਾਬਲਾ ਕਰਨ ਲਈ ਦਾਸ ਅਸਮਰਥ ਹੈ ? ਕਿਸੇ ਭੀ ਹੋਰ ਸਿੰਘ ਦਾ ਪਹਿਰਾ ਲਾ ਦੇਵੋ, ਦੁਖੀ ਹੋ ਪ੍ਰਾਣ ਤਿਆਗਾਂਗੇ–ਚੰਗਾ ਹੋਵੇਗਾ ?

ਸਾਰੇ ਸਿੰਘ– ਭਾਈ ਹਰੀ ਸਿੰਘ ਜੀ ਦੀ ਇਸ ਵੇਦਨਾ ਨਾਲ ਹੈਰਾਨ ਤੇ ਚਿੰਤਾਤੁਰ ਭੀ ਸਨ, ਪਰ ਕੀਤਾ ਕੀ ਜਾਵੇ, ਸਾਰੇ ਸਿੰਘਾਂ ਦਾ ਵਿਚਾਰ ਸੀ ਕਿ ਬਾਬਾ ਮਿੱਤ ਸਿੰਘ ਜੀ ਤੇ ਬਾਬਾ ਧਰਮ ਸਿੰਘ ਜੀ ਹਰ ਤਰਾਂ ਨਿਪੁੰਨ ਤੇ ਪੂਰਨ ਹਨ ਇਹਨਾਂ ਨੂੰ ਮਾਤਾ ਜੀ ਦੇ ਅਸਥਾਨ ਦਾ ਪਹਿਰਾ ਸੌਂਪਿਆ ਜਾਵੇ–ਸੇਵਕ ਹਨ, ਹਠੀ-ਤਪੀ, ਜਤੀ-ਸਤੀ ਭੀ ਹਨ।

ਜਥੇਦਾਰ ਬਾਬਾ ਲੱਧਾ ਸਿੰਘ ਜੀ– ਬਾਬਾ ਮਿੱਤ ਸਿੰਘ ਜੀ ਭਾਵੇਂ ਸਾਨੂੰ ਸਾਰਿਆਂ ਨੂੰ ਤੁਹਾਡੀ ਸਖਸ਼ੀਅਤ ਜਾਂ ਮਨ ਬਿਰਤੀ ਕਾਰਨ ਹੀਆ ਤਾਂ ਨਹੀਂ ਪੈਂਦਾ ਪਰ ਜਗਤ ਮਾਤਾ (ਸਾਡੀ ਸਾਰਿਆਂ ਦੀ ਮਾਤਾ ਦਾ ਅਸਥਾਨ–ਸਾਡੇ ਨਾਲਾਇਕ ਪੁੱਤਾਂ ਦੇ ਹੁੰਦਿਆਂ) ਇਸ ਤਰ੍ਹਾਂ ਸੁੰਨ-ਸਾਨ ਸੇਵਾ ਰਹਿਤ ਤਾਂ ਰਹੇਂਦਾ ਨਹੀਂ ? ਤੁਸੀਂ ਪੰਥ ਵਿਚ ਇਕ 'ਅਮੋਲਕ ਹੀਰੇ' ਹੋ ਚਮਕੋ ਹੋ, ਕਰੋ ਉਜਾਗਰ ਤੇ ਹਰਿਆਵਲ ਮਾਤਾ ਦੀ ਗੋਦ ਨੂੰ, ਸਪੂਤ ਬਣ, ਮਾਂ ਦੀ ਪ੍ਰਸੰਤਾ ਲਵੋ। ਤੇ ਸੰਭਾਲੋ ਪਹਿਰਾ ਗੁ: ਮਾਤਾ ਸਾਹਿਬ ਕੌਰਾਂ ਦੇ ਅਸਥਾਨ ਦਾ। ਵੇਖ ਰਹੇ ਹੋ, ਦੂਧਾ ਧਾਰੀ ਕਿਤਨੇ ਆਤੁਰ ਹੋ ਚੁੱਕੇ ਹਨ, ਦੁਖੀ ਹਨ, ਨਹੀਂ ਤੁਰ ਸਕਦੇ ਪਹਿਰਾ, ਕਰੋ ਇਹਨਾਂ ਦੀ ਬੰਦ ਖਲਾਸੀ ?

ਬਾਬਾ ਮਿੱਤ ਸਿੰਘ ਜੀ– ਜਥੇਦਾਰ ਸਾਹਿਬ ਜੀ ਅਤੇ ਗੁਰਸਿਖੋ ! ਬੁੱਢੇ ਦਲ ਦੀ ਪੁਰਾਤਨ ਮਰਯਾਦਾ ਚਲੀ ਆ ਰਹੀ ਹੈ, ਉਸ ਅਨੁਸਾਰ ਜਿਸ ਸਿੰਘ ਨੂੰ ਕਿਸੇ ਅਸਥਾਨ ਦੀ ਸੇਵਾ ਸੌਂਪੀ ਜਾਂਦੀ ਹੈ। ਜਥੇਦਾਰ,ਸੇਵਾਦਾਰ ਮਹੰਤ ਥਾਪਿਆ ਜਾਂਦਾ ਹੈ,ਉਸ ਨੂੰ ਹਟਾਇਆ ਨਹੀਂ ਜਾ ਸਕਦਾ,ਜਦੋਂ ਤੱਕ ਕਿ ਉਹ ਜਾਂ ਤੁ ਆਪ ਛੱਡ ਕੇ ਚਲਾ ਜਾਵੇ, ਅਤੇ ਜਾਂ ਰੂਪੋਸ਼ ਹੋ ਜਾਵੇ, ਜਾਂ ਫਿਰ ਚੜ੍ਹਾਈ (ਅਕਾਲ ਚਲਾਣਾ) ਕਰ ਜਾਵੇ।

ਇਸ ਲਈ ਨਾ ਤਾਂ 'ਦੂਧਾ ਧਾਰੀ' ਜੀ ਆਪ ਅਸਾਥਨ ਖਾਲੀ ਕਰਕੇ ਚਲੇ ਗਏ ਹਨ (ਅਸਾਂ ਅਗੇ ਭੀ ਬਚਨ ਕੀਤਾ ਸੀ ਕਿ ਅਸੀਂ ਕਿਸੇ ਦਾ ਹੱਕ ਮਾਰਨ ਨਹੀਂ ਆਏ, ਨਾ ਡੇਰੇ ਤੋਂ ਕਿਸੇ ਸੇਵਾਦਾਰ ਨੂੰ ਕੱਢਣ ਆਏ ਹਾਂ) ਅਤੇ ਨਾ ਹੀ ਦੂਧਾ ਧਾਰੀ ਅਕਾਲ ਚਲਾਣਾ ਕਰ ਗਏ ਹਨ (ਭਾਵ ਮਰ ਗਏ ਹਨ) ਜਿਸ ਤੇ ਅਸਥਾਨ ਖਾਲੀ ਪਿਆ ਹੈ। ਅਸੀਂ ਅਜੇਹੀ ਹਾਲਤ ਵਿਚ ਸੇਵਾ ਨਹੀਂ ਲੈਣੀ।

ਜਥੇਦਾਰ ਸਾਹਿਬ ਜੀ– ਹਾਂ ਬਾਬਾ ਮਿੱਤ ਸਿੰਘ ਜੀ ਨੇ ਜੋ ਬਚਨ ਕੀਤੇ ਹਨ ਯਥਾਰਥ ਸਨ, ਕਿਉਂਕਿ ਪੁਰਾਤਨ ਗੁਰਸਿੱਖ (ਬੁੱਢਾ ਦਲ) ਦੀ ਮਰਯਾਦਾ ਇਹ ਹੀ ਹੈ, ਤਾਂ ਤੇ ਸਾਰੇ ਸਿੰਘ ਅੱਲ੍ਹੇ ਬਚਨਾਂ ਕਰਕੇ ਨਿਰ-ਉੱਤਰ ਹੋ ਚੁੱਪ ਕਰ ਗਏ। ਅਤੇ ਬਾਬਾ ਜੀ ਨੂੰ ਮਜ਼ਬੂਰ ਨਾ ਕਰ ਸਕੇ।

ਭਾਈ ਹਰੀ ਸਿੰਘ ਜੀ– ਜੋ ਹੁਣ ਇਕ ਪਲ ਭੀ ਸੇਵਾ ਕਰਨ ਤੋਂ ਅਸਮਰਥ ਹੋ ਚੁਕੇ ਸਨ, ਤੇ ਮਨ ਵਿਚ ਧਾਰਨ ਕਰ ਲਿਆ ਸੀ ਕਿ ਜਿਵੇਂ ਬਣ ਆਵੇ ਪਹਿਰਾ ਕਿਸੇ ਨੂੰ ਸੌਂਪਿਆ ਜਾਵੇ ਤੇ ਮੈਨੂੰ ਖੁਸ਼ੀਆਂ ਬਖਸ਼ੀਆਂ ਜਾਵਣ। ਗੱਲ ਵਿਚ ਪੱਲਾ ਪਾ ਕੇ ਅਧੀਨਗੀ ਸਹਿਤ ਹੱਥ ਜੋੜ ਕੇ ਅਰਜ਼ ਕੀਤੀ ਸਿੰਘੋ ! ਜਿੰਦਾ ਤਾਂ ਹਾਂ, ਮਾਤਾ ਜੀ ਦੇ ਅਸਥਾਨ ਨੂੰ ਪਿੱਠ ਦੇ ਕੇ ਕਿਵੇਂ–ਬੇਮੁਖ ਹੋ ਕੇ ਚਲਾ ਜਾਂਦਾ, ਆਖਰ ਮੇਰੀ ਭੀ ਤਾਂ ਮਾਤਾ ਦਾ ਅਸਥਾਨ ਹੈ ?

ਪਰ ਅਧੀਨਗੀ ਸਹਿਤ ਬੇਨਤੀ ਹੈ ਕਿ–ਜੋ ਬਚਨ ਬਾਬਾ ਮਿੱਤ ਸਿੰਘ ਜੀ ਨੇ ਗੁਰ ਮਰਯਾਦਾ ਅਨੁਸਾਰ ਕਹੇ ਹਨ, ਮੈਂ ਫੁੱਲ ਚੜ੍ਹਾਦਾਂ ਹਾਂ–ਪਰ ਮੇਰੀ ਬੇਬਸੀ-ਮਜ਼ਬੂਰੀ ਕਾਰਨ ਸੇਵਾ ਤੋਂ ਅਸਮਰਥ ਹਾਂ, ਗੁਰੂ ਖਾਲਸਾ ਮਾਫ ਕਰ ਦੇਵੇ।

'ਮੈਨੂੰ ਮਰ ਗਿਆ ਸਮਝੋ' ? ਤੇ ਅਸਥਾਨ ਵੇਹਲਾ ਪਿਆ ਸਮਝੋ, ਬੱਸ ਇਹ ਕਹਿ ਕੇ ਬਾਬਾ ਹਰੀ ਸਿੰਘ ਜੀ ਝੱਟ ਚਾਦਰਾ ਲੈ ਕੇ (ਛਾਉਣੀ ਨਿਹੰਗ ਸਿੰਘਾਂ–ਸੱਚਖੰਡ) ਧੂੰਪੇ ਨਿਸ਼ਾਨ ਸਾਹਿਬ ਪਾਸ ਲੇਟ ਗਏ, ਤੇ ਕਿਹਾ–ਲਓ ਮੈਂ ਮਰ ਗਿਆ ਸਮਝੋ ?

ਗੁਰਮਤ ਅਨੁਸਾਰ ਭਾਵੇਂ ਚੱਠ ਕਰਨਾ ਮਨ-ਮਤ ਹੈ, ਫੁਰਮਾਨ ਹੈ–

'ਹੱਠ ਕਰ ਮਰੈ ਨਾ ਲੇਖੈ ਪਾਏ ॥' ਪਰ ਦੂਧਾ ਧਾਰੀ ਲਈ ਹੁਣ ਕੋਈ ਹੋਰ ਚਾਰਾ ਭੀ ਤਾਂ ਨਹੀਂ ਸੀ, ਰਾਹ ਤਾਂ ਲਭ ਗਿਆ ਜੋ ਬਾਬਾ ਜੀ ਨੇ ਫੁਰਮਾਇਆ (ਜਾਂ ਕੋਈ ਅਕਾਲ ਚਲਾਣਾ ਕਰ ਜਾਵੇ) ਇਸੇ ਤਰ੍ਹਾਂ ਯੋਗ ਸਮਝ ਹੀ ਉਹਨਾਂ ਅਜੇਹਾ ਕੀਤਾ ਹੋਵੇਗਾ।

ਅਜੇਹੀ ਕਾਰ ਤਿੰਨ ਦਿਨ ਤੱਕ ਚਲਦੀ ਰਹੀ, ਦੂਧਾ ਧਾਰੀ ਜੀ ਨੇ ਨਾ ਕੁਝ ਖਾਧਾ, ਨਾ ਪੀਤਾ, ਨਾ ਸੌਚ-ਇਸ਼ਨਾਨ, ਬਸ ਚਾਦਰ ਤਾਣੀ ਪਏ ਰਹੇ।

ਦੋਹਾਂ ਸਾਥੀਆਂ ਦਾ ਆਪਸੀ ਵਿਚਾਰ

ਬਾਬਾ ਧਰਮ ਸਿੰਘ ਜੀ– ਬਾਬਾ ਮਿੱਤ ਸਿੰਘ ਜੀ ਕੀ ਇਹ ਪਾਪ ਨਹੀਂ ? ਕਿ ਕਿਸੇ ਸਿੰਘ ਦੀ ਇਹ ਕਹਿ ਕੇ ਹੱਤਿਆ ਕਰਵਾ ਦੇਣੀ–ਕਿ ਜਾਂ ਕੋਈ ਮਰ ਗਿਆ ਹੋਵੇ ? ਲਓ ਫਿਰ ਤੁਹਾਡੇ ਬਚਨਾਂ ਨੂੰ ਸਾਕਾਰ ਕਰਨ ਲਈ ਦੂਧਾ ਧਾਰੀ ਪਿਆ ਜੇ–ਜੇ ਇਸੇ ਤਰ੍ਹਾਂ ਤੁਸਾਂ ਭੀ ਹੱਠ ਕਰੀ ਰਖਿਆ ਤੇ ਦੂਧਾ ਧਾਰੀ ਨੇ ਭੀ, ਤਾਂ ਇਹ ਮਹਾਨ ਪਾਪ ਦੇ ਭਾਗੀ ਕੌਣ–ਤੁਸੀਂ ਕਿ ਕੋਈ ਹੋਰ ?

ਬਾਬਾ ਮਿੱਤ ਸਿੰਘ ਜੀ– ਬਾਬਾ ਧਰਮ ਸਿੰਘ ਜੀ, ਬਿਨਾ ਹੁਕਮ ਕੋਈ ਸੇਵਾ ਕਿਵੇਂ ਕਰ ਸਕਦਾ ਹੈ–ਅਸਾਂ ਤਾਂ ਬੁੱਢੇ ਦਲ ਦੀ ਮਰਯਾਦਾ ਅਨੁਸਾਰ ਤੇ ਕੁਦਰਤੀ ਨਿਯਮਾਂ ਅਨੁਸਾਰ ਸੁਤੇ ਬਚਨ ਕੀਤਾ ਸੀ, ਪਰ ਸਿੰਘ ਨੇ ਸੱਚ-ਮੁੱਚ ਹੀ ਹੱਠ ਧਾਰ ਲਿਆ, ਜਿਵੇਂ ਵਾਹਿਗੁਰੂ ਜੀ ਦੀ ਰਜ਼ਾ।

ਬਾਬਾ ਧਰਮ ਸਿੰਘ ਜੀ– ਬਾਬਾ ਮਿੱਤ ਸਿੰਘ ਜੀ ਛੱਡੋ ਹੱਠ, ਜੇ ਸਿੰਘਾਂ ਦਾ (ਸਾਧ-ਸੰਗਤ) ਦਾ ਬਚਨ ਮੰਨੋ, ਸਤਿਗੁਰੂ ਭਲੀ ਕਰਨਗੇ ਹੁਣ ਸਾਨੂੰ ਇਹ ਹੁਕਮ ਹੀ ਲੱਗ ਰਿਹਾ ਹੈ ਫਿਰ ਮਾਤਾ

ਜੀ ਦੇ ਅਸਥਾਨ ਦੀ ਸੇਵਾ ਨਿਸਚਿੰਤ ਹੋ ਕੇ ਸਿੰਘਾਂ ਦਾ ਬਚਨ–'ਗੁਰੂ ਕਾ ਹੀ ਬਚਨ' ਹੈ, ਇਸ ਨੂੰ ਪ੍ਰਵਾਨ ਕਰ ਲਵੋ ਤੇ ਸਿੰਘ ਦੇ ਪ੍ਰਾਣ ਬਚਾਵੋ। ਸੇਵਾ ਹੀ ਕਰਨੀ ਹੈ, ਪੰਥ ਵਿਚ ਵਿਚਰ ਕੇ ਕੀ–ਜਾਂ ਕਿਸੇ ਅਸਥਾਨ ਤੇ ਹੀ ਸਹੀ। ਜੇ ਮਾਲਕ ਦਾ ਹੁਕਮ ਅਜਿਹਾ ਹੀ ਹੈ ਤਾਂ ਮੰਨੋ ਬਚਨ, ਹਾਂ ਕਰ ਦਿਓ।

ਬਾਬਾ ਮਿੱਤ ਸਿੰਘ ਜੀ– ਹਾਂ ਗੁਰਮੁਖ ਜੀ ! ਕਰਨੀ ਤਾਂ ਸੇਵਾ ਹੀ ਹੈ, ਪਰ ਡਰ ਲਗਦਾ ਹੈ ਕਿ ਕਹੀ ਅਵੱਗਿਆ ਨਾ ਹੋ ਜਾਵੇ। ਹੁਕਮ ਦੀ ਪਾਲਣਾ ਨਾ ਕਰ ਸਕੀਏ, ਕਿਉਂਕਿ ਇਹ ਅਤਿ ਕਠਨ ਘਾਲ ਹੈ ਜਦ ਡੇਰੇਦਾਰ ਹੋ ਜਾਈਦਾ ਏ ਤਾਂ ਅਨੇਕਾਂ ਬੰਧਨਾਂ - ਫਿਕਰ ਵਿਚ ਪੈ ਜਾਈਦਾ ਏ। ਅਸੀਂ ਚਾਹੁੰਦੇ ਹਾਂ ਕਿ ਸੁਤੰਤਰ ਜੀਵਨ (ਬੰਧਨ ਰਹਿਤ) ਹੀ ਰਹਿ ਕੇ ਸੇਵਾ ਕਰੀ ਜਾਈਏ। ਇਸ ਵਿਚ ਨਾ ਫਿਕਰ, ਨਾ ਫਾਕਾ, ਨਾਂ ਚਿੰਤਾ ਨਾ ਗਮ, ਨਾ ਕਿਸੇ ਤੋਂ ਲੈਣਾ ਨਾ ਦੇਣਾ। ਨਾ ਲੇਖਾ ਪਾਈਏ ਨਾ ਲੇਖੇ ਜੋਖੇ ਦੇ ਚੱਕਰਾਂ ਵਿਚ ਪਈਏ। ਅਸੀਂ ਤਾਂ ਚਾਹੁੰਦੇ ਹਾਂ ਕਿ ਪਿਛਲਾ ਲੇਖਾ ਹੀ ਮੁੱਕ ਜਾਵੇ। ਨਵਾਂ ਲੇਖਾ ਨਾ ਹੀ ਸ਼ੁਰੂ ਹਵੀਏ। ਪਰ ਉਧਰ ਮਾਤਾ ਜੀ ਦੇ ਅਨੁਭਵੀ ਬਚਨ ਅੰਦਰ ਹੁਲਾਸ ਦੇਂਦੇ ਹਨ। ਪਰ ਮਹ ਨ ਸ਼ਕਤਿ ਅਸਥਾਨ ਦਾ ਭੂ ਲਗਦਾ ਹੈ।

ਬਾਬਾ ਧਰਮ ਸਿੰਘ ਜੀ–ਆਪ ਕੀ ਕਹਿ ਰਹੇ ਹੋ–ਲੇਖੇ ਵਿਚ ਨਾ ਪਵੀਏ ?

ਬਿਨ ਲੇਖੈ ਨਹੀ ਕੋਈ ਜੀਓ ॥ ਲੇਖੇ ਬੋਲਣ ਬੋਲਣਾ ਲੇਖੇ ਖਾਣਾ ਖਾਉ ॥

ਤਾਂ ਤੇ ਅਸੀ ਜੋ ਖਾਣਾ ਖਾਂਦੇ ਹਾਂ ਇਸ ਦਾ ਲੇਖਾ, ਧਰਤੀ ਤੇ ਚਲਦੇ ਹਾਂ, ਪਾਣੀ ਅਨਮੁੱਲਾ ਪੀਂਦੇ ਹਾਂ। ਹਵਾ ਬਿਨਾਂ ਕੀਮਤ ਸਾਡੇ ਪ੍ਰਾਣਾਂ ਦਾ ਅਧਾਰ ਹੈ। ਚੰਦ ਸੂਰਜ ਦੀ ਰੋਸ਼ਨੀ ਦਾ ਲੇਖਾ, ਕਿਥੋਂ ਛੁਟ ਜਾਵਾਂਗੇ ? ਜਿਸ ਪ੍ਰਭੂ ਨੇ ਸੁੰਦਰ ਸਰੀਰ–ਹੱਥ, ਪੈਰ, ਨੱਕ, ਕੰਨ, ਅੱਖਾਂ ਤੇ ਜੁਬਾਨ ਤਾਤ ਬੋਲਣ ਲਈ ਬਖਸ਼ੀ ਹੋਈ ਹੈ। ਬਿਨਾਂ ਯਤਨ ਸਭ ਨੂੰ ਦੇ ਰਿਹਾ ਹੈ। ਤਾਂ ਤੇ ਇਕ ਅਰਦਾਸ (ਲੇਖਾ ਛੋਡ ਅਲੈਖੈ ਛੂਟੇ) ਆਪ ਹੀ ਮਾਤਾ ਜੀ ਕ੍ਰਿਪਾ ਕਰ ਕੇ ਸੇਵਾ ਜਦ ਤਨ ਮਨ ਧਨ ਕਰ ਕੇ ਨਿਰਇੱਛਤ ਹੋ ਕੇ ਕਰਾਂਗੇ ਤਾਂ ਆਪੇ–

ਧਰਮ ਰਾਏ ਦਰ ਕਾਗਦ ਫਾਰੈ ਜਨ ਨਾਨਕ ਲੇਖਾ ਸਮਝਾ ॥

ਲੇਖਾ ਸਮਝਾ ਕੇ ਦਰ ਕਾਗਜ਼ ਪਾੜ ਦੇਣਗੇ। ਕਰੋ ਕਿਰਪਾ ਤੇ ਸੇਵਾ ਲਈ ਮੰਨੋ। ਬਚਨ ਗੁਰੂ ਖਾਲਸਾ ਜੀ ਦਾ ਨਾ ਮੋੜੋ।

ਬਾਬਾ ਮਿੱਤ ਸਿੰਘ ਜੀ–ਹਾਂ, ਸਾਡਾ ਇਕ ਬਚਨ ਮੰਨੋਗੇ ? ਆਪ ਨੇ ਪੰਥਕ ਸੇਵਾ ਵੇਲੇ ਬਚਨ ਦਿਤਾ ਸੀ ਕਿ ਅਸੀਂ ਸਾਰੀ ਉਮਰ ਸਾਥ ਨਿਭਾਵਾਂਗੇ। ਕੀ ਸਾਡਾ ਨਿਭਾਵੋਗੇ ਸਾਥ ? ਇਹ ਉਸ ਤੋਂ ਔਖੀ ਘਾਲ ਹੈ। ਪਤਾ ਨਹੀਂ ਕੀ ਕੀ ਅੰਕੜਾਂ ਦਾ ਸਾਹਮਣਾ ਕਰਨਾ ਪਵੇ। ਕਿਤਨਾ ਸਮਾਂ ਕੜਾਕਿਆਂ, ਫਾਕਿਆਂ ਵਿਚ ਲੰਘਣ ? ਚੋਜੀ ਪਤਾ ਨਹੀਂ ਕੀ ਕੀ ਚੋਜ ਕਰ ਭੁਲਾਵੇ ਦੇਵੇ, ਬੜੀ ਸ਼ਹਿਨਸ਼ੀਲਤਾ, ਸਬਰ ਹਾਂ, "ਸਬਰ ਅੰਦਰ ਸਾਬਰੀ" ਸਾਬਤ ਰਹਿਣਾ ਹੋਵੇਗਾ। ਤੇ 'ਤਨ ਏਵੈ ਜਾਲੇਣ' ਤਨ ,ਦਾ ਪਿਆਰ ਤਿਆਗਣਾ ਪਵੇਗਾ। ਮਨ ਨੂੰ ਕਾਬੂ ਵਿਚ ਰਖ ਕੇ ਪ੍ਰਭੂ ਤੇ ਕਿਸੇ ਵੇਲੇ ਭੀ ਗਿਲਾ ਗੁਜ਼ਾਰੀ ਸ਼ਿਕਵੇ ਨਹੀਂ ਕਰਨੇ ਹੋਣਗੇ। ਤਾਂਤੇ ਹੀ'ਹੋਣ ਨਜੀਕ ਖੁਦਾਏ ਦੇ ਭੇਤ ਨਾ ਕਿਸੇ ਦੇਣ'ਤਾਂਹੀ ਦਰ ਕਬੂਲੀਏ,ਤੇ ਪ੍ਰਭੂਭਗਤੀ (ਵਸਲ) ਮਿਲ ਪਏਗਾ। ਪਰ ਸਭ ਤੋਂ ਵੱਡਾ ਸੰਜਮ, ਜੋ ਕੌਤਕਹਾਰ ਦੇ ਕੌਤਕ (ਚੋਜ) ਵੇਖ ਕੇ ਘਬਰਾਣਾ

ਨਹੀਂ, ਤੇ ਨਾ ਹੀ ਉਸ ਪ੍ਰੀਤਮ ਦੀਆਂ ਖੇਡਾਂ ਦਾ ਭੇਦ ਖੁੱਲੇ, ਇਹ ਰਾਜ਼-ਰਮਜ਼ ਸਾਡੇ ਤੁਹਾਡੇ ਵਿਚ ਹੀ ਰਵੇ। ਕਰੋ ਬਚਨ ? ਕਿ ਕਿਸੇ ਵੇਲੇ ਭੀ ਸਾਥ ਨਹੀਂ ਛੱਡਾਂਗੇ ? ਕਿਉਂਕਿ ਕੁਦਰਤੀ ਨਿਯਮ ਅਨੁਸਾਰ–

'ਦੋਇ ਮਿਲ ਕਾਰਜ ਉਪਜੈ ਰਾਮ-ਨਾਮ ਸੰਜੋਗ' ਹਾਂ ਹਾਂ ਰਾਜ ਤੇ ਜੋਗ ਦਾ ਸਬੰਧ ਤੇ ਫਿਰ ਇਕ-ਇਕ, ਤੇ ਦੋ ਗਿਆਰਾਂ ਹੋ ਕੇ ਇਸ ਮਹਾਨ ਕਾਰਜ ਨੂੰ ਨੇਪਰੇ ਚਾੜ ਸਕਾਂਗੇ। ਕਿਉਂਕਿ ਤੁਹਾਡੇ ਸਾਡੇ ਸੰਜੋਗ ਹਨ। ਸੰਜੋਗ ਨਾਲ ਇਕੱਠੇ ਹੋਇ ਹਾਂ, ਤੇ ਸਾਡੇ ਸੰਜੋਗ–ਰਾਮ-ਨਾਮ ਨਾਲ ਸਬੰਧਤ, ਆਖੀਰ ਤੱਕ ਹਨ। ਨਿਬਾਹੋਂਗੇ ਸੰਜੋਗ ਨਾਲ ਸਾਰਾ ਜੀਵਨ ? ਦਿਓ ਬਚਨ ? ਤਾਂ ਅਸੀਂ ਹੁਕਮ ਮੰਨ ਲੈਂਦੇ ਹਾਂ।

ਹਾਂ ਇਕ ਗੱਲ ਜ਼ਰੂਰੀ, ਜੇ ਸੇਵਾ ਦਾ ਸਾਥ ਦਿਓਗੇ ਤਾਂ ਸਾਰੀ ਉਮਰ ਲਈ, ਸਾਰੀ ਉਮਰ ਮਾਤਾ ਜੀ ਨੂੰ ਅਰਪਣ ਕਰਕੇ ਜਗਤ ਮਾਤਾ ਜੀ ਦੇ ਇਸੇ ਅਸਥਾਨ ਤੇ ਰਹਿੰਦੇ ਸ੍ਵਾਸਾਂ ਤੱਕ ਸੇਵਾ ਵਿਚ ਰਹਿਣਾ ਹੋਵੇਗਾ, ਦੂਧਾ ਧਾਰੀ ਬਾਬੇ ਵਾਂਗ ਹੱਠ ਕਰਕੇ ਗੁਸੇ ਹੋ ਕੇ ਚਲੇ ਨਹੀਂ ਜਾਣਾ ਹੋਵੇਗਾ, ਭਾਮੇਂ ਸੁਭਾ ਤਿਆਗਣਾ ਹੋਵੇਗਾ। ਹਰ ਪੱਖ ਤੋਂ ਬਾਬਾ ਧਰਮ ਸਿੰਘ ਜੀ ਨੂੰ ਚੰਗੀ ਤਰਾਂ ਪੱਕਿਆਂ ਕਰ ਲਿਆ, ਤੇ ਹਰ ਪੱਖ ਤੋਂ ਚੰਗੀ ਤਰਾਂ ਜਾਣੂ ਕਰ ਲਿਆ ਤੇ ਪ੍ਰੇਮ ਬੰਧਨ ਵਿਚ ਬੰਨ ਲਿਆ।

ਬਾਬਾ ਧਰਮ ਸਿੰਘ ਜੀ– ਬਚਨ ਤਾਂ ਅਗੇ ਦਿੱਤਾ ਹੀ ਹੋਇਆ ਹੈ–ਪਰ ਜਿਵੇਂ ਆਪ ਜੀ ਨੇ ਫੁਰਮਾਇਆ ਹੈ–ਹੈ ਤਾਂ ਬਹੁਤ ਕਠਨ ? ਨਾਲੇ ਮੇਰੇ ਸੁਭਾਅ ਨੂੰ ਚੰਗੀ ਤਰਾਂ ਜਾਣਦੇ ਹੋ, ਮੈਨੂੰ ਕੁੜਿਨ ਆ ਜਾਂਦੀ ਹੈ, ਉਸ ਵੇਲੇ ਮੇਰੇ ਮਨ ਨੂੰ ਸ਼ਾਂਤ ਕਰ ਦਿਆ ਕਰਨਾ। ਤੇ ਗੁੱਸਾ ਨਾ ਕਰਨਾ, ਭਾਂਵੇ ਆਪ ਜੀ ਦੀ ਸੰਗਤ ਤੋਂ ਮਨ ਵਿਚ ਕਾਫੀ ਪਰੀਵਰਤਨ ਆ ਚੁੱਕਾ ਹੈ।

ਆਪ ਤਾਂ ਸਦੀਵੀ ਸ਼ਾਂਤ ਸਰੂਪ–ਤੇ ਚੋਜ਼ੀ ਦੇ ਚੋਜ਼ਾਂ ਵਿਚ ਮਸਤ ਚੁੱਪ–ਛੁਪੇ ਰਹਿੰਦੇ ਹੋ, ਕਿਹੜੇ ਬਾਬੇ ਨਾਨਕ ਵਾਂਗੂ ਜਿਵੇਂ ਉਹ ਚੋਜ਼ ਕਰਨ ਲਈ ਮਰਦਾਨੇ ਨੂੰ ਅਗੇ ਕਰ ਦੇਂਦੇ ਸਨ, ਇਸੇ ਤਰਾਂ ਸਾਨੂੰ ਗੁਸੈਲੇ ਸੁਭਾ ਵਾਲੇ ਨੂੰ ਅਗੇ ਕਰਕੇ ਚੋਜ਼ ਹੀ ਨਾ ਕਰੀ ਜਾਣੇ ! ਪਰ ਇਕ ਬਚਨ ਸਾਡਾ ਮੰਨੋਗੇ–ਸਦ ਤੇਜ਼ੀ ਆਵੇ, ਆਪਣੇ ਸੀਤਲ-ਸੁਭਾ ਨਾਲ ਠੱਰਮੇਂ ਨਾਲ ਸੀਤਲ ਚੰਦਨ ਦੀ ਸੁਗੰਧੀ ਦੇ ਕੇ ਠਾਰ ਦਿਆ ਕਰੋਗੇ ? ਅਤੇ ਔਂਕੜਾਂ ਵਿਚ, ਅਰਦਾਸ ਕਰਕੇ ਬਲ ਬੁਧ ਸਤਿਗੁਰੂ ਤੋਂ ਬਖਸ਼ਾ ਦਿਆ ਕਰੋਗੇ ਨਾ ?

ਹਾਂ ਮੇਰੇ ਜੀਵਨ ਸਾਥੀ ਬਾਬਾ ਜੀ ਸਦਕੇ ! ਜੇ ਪੰਥ ਦਾ ਹੁਕਮ ਸੇਵਾ ਕਰਨ ਦਾ ਲਗਦਾ ਹੋਵੇ, ਤਾਂ ਕਰੋ, ਸੱਤਬਚਨ–ਮੈਂ ਕੇਸਾਂ ਸ੍ਵਾਸਾਂ ਤੱਕ ਸਾਥ ਨਿਬਾਹੁਣ ਦਾ ਪੂਰਾ ਯਤਨ ਕਰਾਂਗਾ।

ਸਿੰਘਾਂ ਦੀ ਇਕੱਤ੍ਰਤਾ ਤੇ ਬਾਬਾ ਮਿੱਤ ਸਿੰਘ ਜੀ ਦਾ ਪਹਿਰੇ ਲਈ ਸਵੀਕਾਰਤਾ

ਇਧਰ ਸਿੰਘਾਂ ਦੀ ਫਿਰ ਇਕੱਤ੍ਰਤਾ ਹੋਈ, ਕਿ ਬਾਬਾ ਮਿੱਤ ਸਿੰਘ ਜੀ ਨੂੰ ਜਿਵੇਂ ਰਜਾ-ਮੰਦ ਹੋਵਣ ਮੰਨਾ ਕੇ ਪਹਿਰਾ ਸੌਂਪਿਆ ਜਾਵੇ ?

ਛਾਉਣੀ ਦੇ ਜਥੇਦਾਰ– ਬਾਬਾ ਮਿੱਤ ਸਿੰਘ ਜੀ ਜੋ ਬਚਨ ਆਪ ਜੀ ਨੇ ਕਹੇ ਸਨ, ਉਹ ਚੁਪ ਧਾਰੀ ਕਰਨ ਲਈ ਹੱਠ ਧਾਰ ਲਿਆ ਹੈ, ਪ੍ਰਾਣਾਂ ਦੀ ਬਾਜ਼ੀ ਲਾ ਦਿੱਤੀ ਹੈ, ਆਪ ਵੇਖ ਹੀ ਰਹੇ ਹੋ, ਤਿੰਨ

ਦਿਨ ਜਿਵੇਂ ਪਏ ਸਨ, ਪੈ ਹੋਇ ਨੇ, ਇਹ ਆਪ ਜਾਨਣ ਕਰੋ, ਕਿ ਦੂਧਾ ਧਾਰੀ ਭਾਈ ਹਰੀ ਸਿੰਘ ਜੀ ਅਕਾਲ ਜਾਣਾ ਜੇ ਅੱਜ ਨਹੀਂ ਕੀਤਾ, ਤਾਂ ਹੋਰ ਦੋ-ਚਾਰ ਦਿਨਾਂ ਨੂੰ ਕਰ ਜਾਵਣਗੇ, ਤਾਂ ਫਿਰ ਇਹ ਕਿਸੇ ਨੂੰ ਸੌਂਭੇਗਾ ਨਹੀਂ ? ਨਾਲੇ ਮਹਾਂਪੁਰਸ਼ ਆਪ ਜੈਸੇ 'ਜੀਅ ਦਇਆ' ਕਰਦੇ ਹਨ, ਬਚਾਓ ਪ੍ਰਾਣ ਸਿੰਘ ਦੇ, ਤੇ ਪਹਿਰਾ ਸੰਭਾਲੋ ਜਗਤ ਮਾਤਾ ਜੀ ਦੇ ਅਸਥਾਨ ਦਾ, ਸਾਰੇ ਸਿੰਘ ਇਕ ਸੁਰ ਹੋ ਬੋਲੇ–

ਬਾਬਾ ਜੀ ! ਆਪ ਜੀ ਨੂੰ ਸਿੰਘਾਂ ਦਾ ਬਚਨ ਨਹੀਂ ਮੋੜਨਾ ਚਾਹੀਦਾ, ਇਹ ਜਗਤ ਮਾਤਾ ਦੀ ਆਵਾਜ਼ ਹੀ ਸਮਝੋ ? ਬਾਬਾ ਮਿੱਤ ਸਿੰਘ ਜੀ– ਗਲ ਹਜ਼ੂਰੀਆ ਪਾ ਹੱਥ ਜੋੜ ਖੜੇ ਹੋ ਬਚਨ ਕੀਤਾ, ਹੱਛਾ ! ਗੁਰੂ ਖਾਲਸਾ ਜੀ ਆਪ ਜੀ ਦਾ ਬਚਨ ਤਾਂ ਮੰਨ ਲੈਂਦੇ ਹਾਂ–ਪਰ ਸਤਿਗੁਰੂ ਜੀ ਤੇ ਜਗਤ ਮਾਤਾ ਜੀ ਅਤੇ ਗੁਰੂ ਖਾਲਸਾ ਸਾਡੇ ਸਿਰ ਤੇ ਹੱਥ ਰਖੇਗਾ ਤਾਂ ਹੀ ਇਹ ਸੇਵਾ ਨਿਭਾਹ ਸਕਾਂਗੇ। ਸਾਡੇ ਵਿਚ ਬਲ-ਸ਼ਕਤੀ ਨਹੀਂ ਨਾ ਹੀ ਅਸੀਂ ਸਮਰਥ ਹਾਂ।

ਜਥੇਦਾਰ ਜੀ– ਹਾਂ ਸਤਿਗੁਰੂ ਨੇ ਆਪ ਜੀ ਨੂੰ ਤਾਂ ਅਗੇ ਭੀ ਬਹੁਤ ਬਲ-ਸ਼ਕਤ ਸੇਵਾ ਦਾ ਮਨ ਬਖਸ਼ਿਆ ਹੋਇਆ ਹੈ, ਹੋਰ ਬਖਸ਼ਨਗੇ, ਇਹ ਜ਼ਿੰਦਗੀ ਭਰ ਦਾ ਪਹਿਰਾ–ਗੁਰੂ ਖਾਲਸੇ ਵਲੋਂ ਆਪ ਜੀ ਨੂੰ ਸੌਂਪਿਆ ਜਾਂਦਾ ਹੈ। ਚਲੋ ਉਠਾਵੋ ਭਾਈ ਹਰੀ ਸਿੰਘ ਜੀ ਨੂੰ ਕਰੋ ਪ੍ਰਉਪਕਾਰ–ਪ੍ਰਾਣ ਜਿਵਾਵੋ ਸਿੰਘ ਦੇ–ਲਵੋ ਖੁਸ਼ੀਆਂ ਗੁਰੂ ਕਲਗੀਧਰ ਪਾਤਸ਼ਾਹ ਦੀਆਂ।

ਬਾਬਾ ਮਿੱਤ ਸਿੰਘ ਜੀ ਦਾ ਮਨ ਦ੍ਰਵਿਆ ਤੇ ਮਨ ਹੀ ਮਨ ਵਿਚ– ਕਲਗੀਧਰ ਪਾਤਸ਼ਾਹ ਦਾ ਸਿੰਘ ਸਾਡੇ ਕਾਰਨ ਪ੍ਰਾਣ ਤਿਆਗੇ ! ਦੋਸ਼ੀ ਹੋਵਾਂਗੇ ? ਇਹ ਭੀ ਸਤਿਗੁਰੂ ਜੀ ਦਾ ਹੀ ਹੁਕਮ ਲਗ ਰਿਹਾ ਹੈ। ਦਯਾ-ਧਰਮ ਦੇ ਧਾਰਨੀ ਬਾਬਾ ਜੀ ਹੁਕਮ-ਰਜ਼ਾ ਮੰਨ, ਮਨ ਪਸੀਜ਼ ਗਿਆ–ਜਿਵੇਂ ਗੁਰੂ ਖਾਲਸਾ ਜੀ ਦਾ ਹੁਕਮ ਹੈ, ਸਾਨੂੰ ਪ੍ਰਵਾਨ ਹੈ।

ਸਭ ਸਿੰਘ ਸਣੇ ਬਾਬਾ ਮਿੱਤ ਸਿੰਘ ਜੀ–ਨਿਸ਼ਾਨ ਸਾਹਿਬ ਪਾਸ ਜਿਥੇ ਭਾਈ ਹਰੀ ਸਿੰਘ ਜੀ ਚਾਦਰ ਤਾਣ ਅੜਿੰਗ-ਬੜਿੰਗ ਤਿੰਨ ਦਿਨਾਂ ਤੋਂ ਪਏ ਸਨ ਜਾ ਖੜੇ ਹੋਇ ਤੇ ਜਥੇਦਾਰ ਜੀ ਨੇ ਕਿਹਾ– ਉਠਾਵੋ ਇਹਨਾਂ ਨੂੰ ?

ਬਾਬਾ ਮਿੱਤ ਸਿੰਘ ਜੀ– ਭਾਈ ਹਰੀ ਸਿੰਘ ਜੀ ਦੇ ਚਰਨਾਂ ਵਲ ਖੜੋਕੇ ਹੱਥ ਜੋੜੀ ਗਲ ਪੱਲਾ ਪਾ, ਫਤਹ ਬੁਲਾ ਕੇ ਬਚਨ ਕੀਤਾ ਸਿੰਘ ਸਾਹਿਬ ਜੀ, ਹੱਠ ਤਿਆਗੋ ! ਅਸਾਂ ਗੁਰੂ ਪੰਥ ਖਾਲਸੇ ਦੇ ਹੁਕਮ ਨੂੰ ਸਵੀਕਾਰ ਕਰ ਕੇ, ਮਾਤਾ ਜੀ ਦੇ ਅਸਥਾਨ ਦਾ ਪਹਿਰਾ ਪ੍ਰਵਾਨ ਕਰ ਲਿਆ ਹੈ–ਉਠੋ ! ਸਾਵਧਾਨ ਹੋਵੋ, ਕਰੋ ਸਾਡੇ ਤੇ ਕ੍ਰਿਪਾ ਤੇ ਪ੍ਰਾਣ ਤਿਆਗਣ ਦਾ ਹੱਠ ਛੱਡੋ !

ਕਿਉਂਕਿ ਗੁਰਮਤਿ–ਗੁਰ ਫੁਰਮਾਣ ਇਹ ਆਗਿਆ ਨਹੀਂ ਦੇਂਦਾ ਕਿ–

'ਹਠ ਕਰ ਮਰੈ ਨਾ ਲੇਖੈ ਪਾਇ ॥' ਤੁਸਾਂ ਹੱਠ ਧਾਰ ਲਿਆ ਪਰ ਸਾਡੀ ਆਤਮਾ ਜੋ ਅਗੇ ਹੀ ਬੇਅੰਤ ਗੁਨਾਹਗਾਰ ਹੈ ਹੋਰ ਗੁਨਾਹੀ ਨਹੀਂ ਬਨਣਾ ਚਾਹੁੰਦੀ, ਕਿਉਂਕਿ ਆਪ ਗੁਰੂ ਵਾਲੇ ਹੋ।

ਮੈਂ ਨਵੇਂ ਲੇਖੇ ਨਹੀਂ ਪਾਉਣਾ ਚਾਹੁੰਦਾ, ਅਤੇ ਨਾ ਹੀ ਦੋਸ਼ੀ ਬਨਣਾ ਚਾਹੁੰਦਾ ਹਾਂ–ਪਰ ਤੁਸਾਂ ਤਾਂ ਬਚਨ ਸੱਤ ਕਰ ਵਖਾਇਆ ਏ, ਹੱਛਾ ! ਤੁਸੀਂ ਜਿਤੇ ਅਸੀਂ ਹਾਰੇ। ਜੇ ਤੁਸਾਂ ਹੱਠ ਕਰਕੇ ਸਾਨੂੰ

ਬੰਧਨਾਂ ਵਿਚ ਹੀ ਪਾਉਣਾ ਹੈ। ਤਾਂ ਉਠੋ ! ਅੰਨ-ਜਲ ਛਕੋ, ਅਸਾਂ ਗੁਰੂ ਖਾਲਸੇ ਦਾ ਹੁਕਮ ਮੰਨ ਕੇ ਸੇਵਾ ਸੰਭਾਲਨ ਦਾ ਬਚਨ ਦਿਤਾ ਹੈ, ਜਿਵੇਂ ਮੇਰੇ ਸਤਿਗੁਰੂ ਨੂੰ ਭਾਵੇਗਾ--ਆਪੇ ਪੈਜ ਰੱਖਣਗੇ।

ਬਾਬਾ ਦੂਧਾ ਧਾਰੀ ਜੀ– ਇਹ ਬਚਨ ਸੁਣ, ਭਾਈ ਹਰੀ ਸਿੰਘ ਜੀ ਵਾਹਿਗੁਰੂ-ਵਾਹਿਗੁਰੂ ਕਰਦੇ ਖੁਸ਼ੀ-ਖੇੜੇ ਚਾਓ ਤੇ ਉਮਾਹ ਵਿਚ ਆ ਗਏ ਅਤੇ ਉਠ ਖਲੋਤੇ, ਤੇ ਗੁਰੂ ਖਾਲਸੇ ਨੂੰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਬੁਲਾਈ।

ਸਭ ਸਿੰਘਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ–ਜੈਕਾਰਿਆਂ ਨਾਲ ਧਰਤੀ ਅਸਮਾਨ ਗੂੰਜਾ ਦਿੱਤਾ, ਭਾਵ ਖਿਜ਼ਾਂ ਬਾਹਦ ਬਹਾਰ ਆ ਗਈ, ਬਾਬਾ ਦੂਧਾ ਧਾਰੀ ਜੀ ਨੂੰ ਇਸ਼ਨਾਨ ਆਦਿ ਕਰਵਾ ਅੰਨ-ਜਲ ਛਕਾਇਆ। ਸਭ ਸਿੰਘ ਗੁਰੂ ਹਜ਼ੂਰ ਨਮਸ਼ਕਾਰ ਕਰ ਬੈਠ ਗਏ।

ਬਾਬਾ ਮਿੱਤ ਸਿੰਘ ਜੀ– ਸਤਿਗੁਰੂ ਹਜ਼ੂਰ ਗੁਰੂ ਖਾਲਸਾ ਅਰਦਾਸ ਕਰਨ ਤੋਂ ਪਹਿਲਾਂ ਸਾਡੀ ਬੇਨਤੀ ਪ੍ਰਵਾਨ ਕਰੋ। ਗਲ ਵਿਚ ਹਜ਼ੂਰੀਆ, ਹੱਥ ਜੋੜ ਨਿੰਮ੍ਰਤਾ ਸਹਿਤ ਬੇਨਤੀ ਕੀਤੀ ਅਸਾਂ ਸੰਗਤ ਦਾ ਬਚਨ ਅਟੱਲ (ਹੁਕਮ) ਜਾਣ ਕੇ ਮੰਨ ਲਿਆ ਹੈ–ਪਰ ਇਹ ਤਾਂ ਹੀ ਸਾਕਾਰ ਹੋ ਆਵੇਗਾ ਜੇ ਆਪ ਸਭ ਸਾਡੀ ਪਿੱਠ ਤੇ ਹੱਥ ਰਖੋਗੇ–ਮੈਂ ਇਕੱਲਾ ਇਸ ਮਹਾਨ ਅਸਥਾਨ ਦੀ ਸੇਵਾ ਸੰਭਾਲ ਕਰਨ ਤੋਂ ਅਸਮਰਥ ਹੋਵਾਂਗਾ ਕਿਉਂਕਿ– 'ਸਿਲ ਅਲੂਣੀ ਚਟਣੀ' ਮਹਾਨ ਕਠਨ ਘਾਟੀ ਪਾਰ ਕਰਨੀ, ਪੈਂਡਾ ਦੁਰੇਡਾ ਬਿਖੜਾ ਕਸ਼ਟਾਂ ਭਰਿਆ ਹੈ, ਪਰ ਆਪ ਜੀ ਦੀ ਤੇ ਗੁਰੂ ਕ੍ਰਿਪਾ ਦੁਆਰਾ (ਸਹਾਇਤਾ) ਨਾਲ ਹੀ 'ਬਿਖਮ ਨਦੀ ਜਾਇ ਤਰਨੀ' ਬਿਖਮ ਰਸਤਾ ਤਾਂ ਹੀ ਪਾਰ ਹੋ ਸਕੇਗਾ।

ਸਭ ਸਿੰਘਾਂ ਇਕੱਠ ਹੋ ਕੇ ਇਕ ਅਵਾਜ਼ ਨਾਲ–ਬਾਬਾ ਜੀ ਆਪ ਜੀ ਦਾ ਸਦਾ ਗੁਰੂ ਰਾਖਾ ਤੇ ਜਗਤ ਮਾਤਾ–ਮਾਤਾ ਸਾਹਿਬ ਕੌਰਾਂ ਦੀ ਮਿੱਠੀ ਲੋਰੀ ਪਿਆਰ ਇਸ ਬਿਖਮ ਮੰਜ਼ਲ ਨੂੰ ਸਹਿਜੇ ਹੀ ਸਰ ਕਰ ਲਵੇਂਗੇ।

ਅਰਦਾਸ– ਆਦਿ-ਦਸਮ ਸਰੂਪ ਹਜ਼ੂਰ, ਸਭ ਸਿੰਘ ਸਾਵਧਾਨ ਹੋ ਖੜੇ ਹੋ ਗਏ, ਜਥੇਦਾਰ ਜੀ ਨੇ ਅਰਦਾਸ ਕੀਤੀ–

[ਸ਼ਤਿਗੁਰੂ ਜੀ, ਜਗਤ ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੇ ਪਾਵਨ ਅਸਥਾਨ ਦੀ ਸੇਵਾ, ਸਾਰੀ ਉਮਰ ਕਰਨ ਦੀ ਯਾਚਨਾ, ਆਪ ਜੀ ਦੀ ਬਖਸ਼ਸ਼ ਦੁਆਰਾ ਬਾਬਾ ਮਿੱਤ ਸਿੰਘ ਜੀ ਤੇ ਬਾਬਾ ਧਰਮ ਸਿੰਘ ਜੀ ਕਰ ਰਹੇ ਹਨ, ਇਹਨਾਂ ਦੇ ਸਿਰ ਤੇ ਮੇਹਰ ਭਰਿਆ ਹੱਥ ਰੱਖਣਾ, ਹਰ ਔਕੜ ਵਿਚ ਸਿੰਘਾਂ ਦੇ ਅੰਗ-ਸੰਗ ਰਹਿ ਨਵਿਰਤ ਕਰਨੀ, ਸੇਵਾ ਕਰਨ ਦਾ ਬਲ ਬਖਸ਼ਨਾ–ਆਪਣੇ ਸੇਵਕਾਂ ਦੀ ਸੇਵਾ-ਘਾਲ, ਕੇਸਾਂ ਸਵਾਸਾਂ ਤੱਕ ਨਿਬਾਹੁਣ ਦਾ ਬਲ-ਉਦਮ ਬਖਸ਼ਕੇ ਸੇਵਾ ਥਾਏਂ ਪਾਉਣੀ, ਅਤੇ ਗੁਰੂ ਪੰਥ ਦੇ ਅਮੋਲਕ ਹੀਰਿਆਂ ਨੂੰ ਹਰ ਪ੍ਰਾਣੀ ਅੰਦਰ 'ਚਮਕ' ਰੋਸ਼ਨੀ ਦੀਆਂ ਝਲਕਾਂ ਦੇ ਕੇ, ਗੁਰੂ ਘਰ ਲਈ ਪ੍ਰੇਰਤ ਕਰਨਾ।

ਸਦਾ ਅਸਥਾਨ ਦੀ ਚੜ੍ਹਦੀ ਕਲਾ ਵਿਚ ਵਧ-ਚੜ੍ਹ ਸੇਵਾ ਕਰਨ ਦੀਆਂ ਮੇਹਰਾਂ ਕਰਨੀਆਂ। ਇਹ ਦੇਗ-ਲੰਗਰ 'ਦੇਗ ਤੇਗ ਜਗ ਮਹਿ ਦੋਊ ਚਲੈ ॥' ਦੇ ਮਹਾਂਵਾਕ ਨੂੰ ਸਫਲਾਉਣ-ਨਾਮ ਬਾਣੀ ਦਾ ਪ੍ਰਵਾਹ ਚਲਾਉਣ ਲਈ ਬਲ-ਬੁੱਧ ਬਖਸ਼ਨੀ।

'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।']

ਸਭ ਸਿੰਘਾਂ ਦੇ ਗੁਰੂ ਹਜ਼ੂਰ ਸੀਸ ਝੁਕ ਗਏ, ਨਮਸ਼ਕਾਰ ਕਰ ਬੈਠ ਗਏ, ਹਜ਼ੂਰ ਦਾ ਹੁਕਮ–'ਐਵਕ ਕਉ ਸੇਵਾ ਬਣ ਆਈ ॥' ਖੁਸ਼ੀਆਂ-ਖੇੜੇ ਵਿਚ ਜੈਕਾਰੇ ਗਜਾਏ ਗਏ।

ਬਾਬਾ ਜੀ ਇਹ ਤਾਂ ਦਰਗਾਹੋਂ ਹੀ ਸੇਵਾ ਬਣ ਕੇ ਆਈ ਹੈ, ਕੜਾਹ ਪ੍ਰਸ਼ਾਦਿ ਤੇ ਸ਼ਹੀਦੀ ਦੇਗਾਂ ਵਰਤਾਈਆਂ ਗਈਆਂ। ਜਥੇਦਾਰ ਜੀ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ, ਸੇਵਾ ਸੌਂਪਨ ਲਈ ਬਾਬਾ ਮਿੱਤ ਸਿੰਘ ਜੀ–ਬਾਬਾ ਧਰਮ ਸਿੰਘ ਜੀ ਨੂੰ ਪੰਥ ਵਲੋਂ ਸਿਰੋਪਾ ਦੇਂਦਿਆਂ ਕਿਹਾ–ਆਪ ਜੀ ਦਾ ਸਤਿਗੁਰੂ ਸਦਾ ਸਹਾਈ ਹੋਵਣ ਅਤੇ ਸੇਵਾ ਕਰਨ ਦਾ ਬਲ-ਬੁਧ ਬਖਸ਼ਨ ਤੇ ਸੇਵਕਾਂ ਦੀ ਸਦਾ ਲਾਜ ਰੱਖਣ।

ਸ੍ਰੀ ਸੱਚਖੰਡ ਹਜ਼ੂਰ ਦੀ ਹਾਜ਼ਰੀ ਵਿਚ

ਸਾਰੇ ਸਿੰਘ ਸ੍ਰੀ ਹਜ਼ੂਰ ਸੱਚਖੰਡ ਦਰਬਾਰ ਦੀ ਹਾਜ਼ਰੀ (ਸ਼ੁਕਰਾਨੇ) ਭਰਨ ਅਤੇ ਮੋਹਤ ਮਨ (ਸਰਬਰਾਹ) ਪ੍ਰਬੰਧਕ ਸੱਚਖੰਡ ਤੇ ਹੋਰ ਅਸਥਾਨਾਂ ਦੇ, ਨੂੰ ਦੱਸਣ ਲਈ ਕਿ ਮਾਤਾ ਜੀ ਦੇ ਅਸਥਾਨ ਦਾ ਪਹਿਰਾ ਭਾਈ ਹਰੀ ਸਿੰਘ ਦੀ ਥਾਵੇਂ ਬਾਬਾ ਮਿੱਤ ਸਿੰਘ ਜੀ ਤੇ ਬਾ: ਧਰਮ ਸਿੰਘ ਜੀ ਨੂੰ ਅੱਜ ਤੋਂ ਸੌਂਪਿਆ ਗਿਆ ਹੈ ਆਪ ਅੰਦਰਾਜ ਕਰ ਲੈਣ ਤੇ ਅਗੋਂ ਤੋਂ ਇਹਨਾਂ ਦੋ ਸਿੰਘਾਂ ਦੀ ਰਸਦ ਪਹੁੰਚਾਇਆ ਕਰਨੀ।..ਸਭ ਸਿੰਘ ਗੁਰੂ ਹਜ਼ੂਰ ਪਹੁੰਚ ਨਮਸ਼ਕਾਰ ਕਰ, ਅਰਦਾਸ ਕਰ, ਪ੍ਰਕਰਮਾਂ ਕਰ,ਨਿਸ਼ਾਨ ਸਾਹਿਬ ਦੇ ਦਰਸ਼ਨ ਕਰਕੇ ਦਫ਼ਤਰ ਪੁੱਜੇ। ਸਰਬਰਾਹ (ਮੋਹਿਤਮਿਮ) ਨੂੰ ਜਦੋਂ ਦੱਸਿਆ ਗਿਆ ਕਿ ਪਹਿਰਾ ਬਦਲ ਦਿੱਤਾ ਹੈ। ਤਾਂ ਸਰਬਰਾਹ ਕੁਝ ਰੁੱਖਾ ਜਿਹਾ (ਸਰਕਾਰੀ) ਮੱਧ (ਹੰਕਾਰ) ਵਿਚ ਕਿਹਾ–

ਸਰਬਰਾਹ– ਆਪ ਨੇ ਗੁਰਮਤਾ ਪਾਸ ਕਰਨ ਤੋਂ ਪਹਿਲਾਂ ਸਾਨੂੰ ਪੁੱਛਣਾ ਸੀ, ਆਪ ਨੂੰ ਪਤਾ ਹੈ ਕਿ ਇਹ ਅਸਥਾਨ ਸਰਕਾਰ ਦੇ ਪ੍ਰਬੰਧ ਹੇਠ ਹਨ ਤੇ ਬਿਨਾ ਪ੍ਰਵਾਨਗੀ ਨਿਯੁਕਤੀ ਨਹੀਂ ਹੋ ਸਕਦੀ?

ਜਥੇਦਾਰ ਜੀ– ਪਤਾ ਹੈ ! ਪਰ ਤੂੰ ਸਰਕਾਰੀ ਬੋਲੀ ਆਕੜ ਵਾਲੀ ਨਾ ਬੋਲ, ਤੈਨੂੰ ਪਤਾ ਹੈ ਤੇਰੇ ਸਾਹਮਣੇ ਕੌਣ ਖੜੇ ਹਨ, ਅਸੀਂ ਕਿਸੇ ਦੇ ਮੰਗਤੇ ਨਹੀਂ, ਨਾ ਮੰਗਨ ਕੁਝ ਆਏ ਹਾਂ ਅਤੇ ਨਾ ਸੇਵਾ ਲਈ ਕਿਸੇ ਦੇ ਅਧੀਨ ਹੀ ਹਾਂ, ਕਿ ਆਗਿਆ ਲੈ ਕੇ ਸੇਵਾ ਕਰੀਏ, ਅਸੀਂ ਬਾਪੂ ਤੇ ਮਾਤਾ ਜੀ ਦੇ ਸਪੂਤ ਹਾਂ ਸਾਡਾ ਫਰਜ਼ ਬਣਦਾ ਹੈ ਸੇਵਾ ਕਰੀਏ, ਤੁਸੀਂ ਸੇਵਾ ਤੋਂ ਨਹੀਂ ਰੋਕ ਸਕਦੇ ? ਬਹੁਤਾ ਕਰੋਗੇ ਰਸਦ ਨਾ ਭੇਜੋਗੇ, ਪਰ ਸੇਵਾ ਤਾਂ ਹਰ ਪ੍ਰਾਣੀ ਕਰ ਸਕਦਾ ਹੈ ? ਓਸ ਦਾਤਾਰ ਦੀ ਆਸ ਜੋ ਸਭ ਨੂੰ ਦੇ ਰਿਹਾ ਹੈ–'ਦਾਤਾ ਓਹ ਨ ਮੰਗੀਐ ਮਤ ਪਛੋਤਾਈਏ ॥' ਚਲੋ ਸਿੰਘੋ ! ਮੰਗਤਿਆਂ ਤੋਂ ਕੀ ਮੰਗਣਾ ਹੈ, ਆਪੇ ਜਗਤ ਮਾਤਾ ਰਸਦਾਂ-ਬਸਤਾਂ ਭੇਜਨਗੇ। ਛਡੋ ਸਰਕਾਰੀਆਂ ਦੀ ਆਸ ਨੂੰ।

ਸਰਬਰਾਹ– ਠਹਿਰੋ ! ਜਥੇਦਾਰ ਜੀ, ਮੈਂ ਤਾਂ ਕਿਹਾ ਕਿ ਆਪ ਨੂੰ ਇਕ ਸੇਰ ਰਸਦ, ਇਕ ਸਿੰਘ ਪ੍ਰਤੀ, ਇਕ ਦਿਨ ਦੀ ਦਿੱਤੀ ਜਾਂਦੀ ਹੈ ਉਹ ਹੀ ਦਿੱਤੀ ਜਾਇਆ ਕਰੇਗੀ, ਉਹ ਭੀ ਪੰਦਰਾਂ ਦਿਨ ਲੰਘ ਜਾਣ ਤੋਂ ਬਾਹਦ ਦਿੱਤੀ ਜਾਂਦੀ ਹੈ, ਪੇਸ਼ਗੀ ਰਸਦ ਨਹੀਂ ਦਿੱਤੀ ਜਾਵੇਗੀ, ਰਹਿਣ–ਬਹਿਣ ਦੇ ਵਸੀਲੇ ਆਪ ਨੇ ਆਪਣੀ ਹਿੰਮਤ ਨਾਲ ਵਸੀਲਾ ਢੂੰਡਨਾ ਹੋਵੇਗਾ। ਮਨਜ਼ੂਰੀ ਬਿਨਾ ਅਸਥਾਨ ਵਿਚ ਵਾਧਾ ਜਾਂ ਤਬਦੀਲੀ ਨਹੀਂ ਕਰਨੀ ਹੋਵੇਗੀ। ਆਈ ਸੰਗਤ ਦੀ ਸੇਵਾ ਕਰਨ ਦੀ ਖੁਦ ਉਸ ਸੇਵਾਦਾਰ ਦੀ ਜ਼ੁੰਮੇਵਾਰੀ ਹੋਵੇਗੀ, ਦਫਤਰ ਵਲੋਂ ਕੋਈ ਵਾਧੂ ਸਹਾਇਤਾ ਨਹੀਂ ਦਿੱਤੀ ਜਾਵੇਗੀ।

ਸਰਬਰਾਹ ਨੈ ਭਾਵੇਂ, ਅਤਿ ਕਠੋਰ ਜੇਹੇ ਲਹਿਜ਼ੇ ਵਿਚ, ਉਖੜੇ-ਪਨ ਨਾਲ ਆਖਿਆ, ਜੋ ਹਰ ਹਿਰਦੇ ਨੂੰ ਵਿੰਨ੍ਹ ਰਿਹਾ ਸੀ, ਪਰ ਇਹ ਹੰਕਾਰ ਮੱਤਾ ਕੀ ਜਾਣੇ, ਵਾਹਿਗੁਰੂ ਦੀ 'ਮਿੱਤ' ਨੂੰ, ਇਹ ਕੀ ਜਾਣੇ– 'ਮਾਇਆ ਮਧ ਮਾਤਾ' ਸਰਬਰਾਹ, ਕਿ ਸਤਿਗੁਰੂ ਦੇ ਮਿੱਤ ਹੀ ਆ ਗਏ ਨੇ।

ਇਸ ਨੂੰ ਇਹ ਜਾਣਕਾਰੀ ਹੀ ਨਹੀਂ ਕਿ ਮੈਂ ਨਵਾਬ ਦਾ ਨੌਕਰ (ਸਰਬਰਾਹ) ਹਾਂ, ਪਰ ਚਾਕਰ ਹੋ ਕੇ, ਆਕੜ ਵਿਚ ਕੀ ਤਕਰਾਰ ਕਰ ਰਿਹਾ ਹਾਂ ਤੇ ਕਿੰਨਾਂ ਨਾਲ ਕਰ ਰਿਹਾ ਹਾਂ। ਜਾਂ ਗੁਰੂ ਕਲਗੀਧਰ ਹਾਜ਼ਰ ਹਜ਼ੂਰ ਸ਼ਕਤ ਦੇ ਅਸਥਾਨ ਦਾ ਸੇਵਾਦਾਰ ਸੂਝ ਬਿਨਾ ਇਹ ਮਾਇਆ ਮੱਧ ਵਿਚ ਗ੍ਰਸਿਆ ਹੀ ਜਾਣੇ ਕਿ– 'ਮਾਇਆ ਜਾ ਕੀ ਚੇਰੀ ਭਗਤਾਂ ਕੀ ਕਾਰ ਕਮਾਵੈ ॥' ਹਾਂ ਹਾਂ 'ਕਹੁ ਕਬੀਰ ਜਉ ਤਿਆਗ ਦਈ, ਤਉ ਸੰਤਨ ਕੀ ਚਰਨੀ ਆਇ ਪਈ ॥' ਮਾਲਕ 'ਵਾਹਿਗੁਰੂ' ਦੀ ਆਗਿਆਕਾਰੀ– ਭਗਤਾਂ ਕੀ ਕਾਰ ਕਮਾਵੇ, ਖੁਦ ਆਪਣੇ ਆਪ ਆ ਕੇ ਸੇਵਾ ਲਈ ਹੱਥ ਜੋੜ ਬੇਨਤੀ ਕਰੇਗੀ ਕਿ ਚਰਨੀਂ ਲਾਵੋ ਤੇ ਕਾਰ (ਹੁਕਮ) ਬਖਸ਼ੋ। ਮਾਇਆ ਤਾਂ ਖੁਦ ਚੱਲ ਆਉਂਦੀ ਹੈ, ਜਿਨਾਂ ਦੀ ਖੁਦ ਚਾਕਰੀ ਕਰਦੀ ਹੋਵੇ ਉਹ ਭਲਾ ਕਿਸੇ ਤੋਂ ਮੰਗਣ ਕਦੋਂ ਆਉਂਦੇ ਨੇ ?

ਬਾਬਾ ਮਿੱਤ ਸਿੰਘ ਜੀ– ਇਹ ਸਭ ਤੋਂ ਪਹਿਲਾ ਪਰਚਾ ਪੜ੍ਹ, ਚੇਹਰੇ ਦੀ ਰੌਣਕ ਦੂਣ ਸਵਾਈ–ਚੜ੍ਹਦੀ ਕਲਾ ਵਿਚ ਚੁਪ ਖੜੇ ਵਾਹਿਗੁਰੂ ਦੀ ਖੇਡ ਵੇਖ, ਅੰਦਰ ਹੀ ਅੰਦਰ ਮੇਰੇ ਵੇਖ ਦਿਆਂ ਮਾਂ ਬਾਪ ਚਲੇ ਗਏ, ਕੋਈ ਭੈਣ ਭਾਈਆਂ ਨੈ ਸਾਥ ਨਾ ਦਿੱਤਾ– 'ਸਭੈ ਸਾਕ ਕੁੜਾਵੈ ਡਿਠੈ ਫਿਰ– 'ਬਾਬਾ ਮਾਇਆ ਸਾਥ ਨਾ ਹੋਇ ॥' ਵਾਹਿਗੁਰੂ ਦੀ ਅਜੀਬ ਖੇਡ ਵੇਖੀ ਆ ਰਹੇ ਹਾਂ, ਚੱਲੋ ਅਗੋਂ ਜਿਵੇਂ ਮੇਰੀ ਮਾਤਾ ਜੀ ਦੀ ਰਜ਼ਾ ਹੋਈ ਵੇਖੀ ਜਾਊ ?

ਜਥੇਦਾਰ ਜੀ - ਬਾਬਾ ਜੀ ਦਾ ਚੇਹਰਾ ਮੁਸਕਰਾਹਟ ਖੁਸ਼ ਨੂਰੀ ਚੇਹਰਾ ਵੇਖ ਵਿਸਮਾਦ ਜਿਹਾ ਹੋ, ਸਰਬਰਾਹ ਸਾਹਿਬ ਜੇ ਤੁਹਾਡੇ ਪਾਸ ਸਾਧਨ ਨਹੀਂ–ਜੋ ਤੁਹਾਡਾ ਫਰਜ਼ ਬਣਦਾ ਹੈ–ਜੇ ਨਹੀਂ ਫਰਜ਼ ਨਿਬਾਹ ਰਹੇ ਤਾਂ ਕੋਈ ਗੱਲ ਨਹੀਂ। ਇਸ ਦਾ ਤੁਸਾਂ ਨੂੰ ਆਪੇ ਅਹਿਸਾਸ ਹੋ ਜਾਵੇਗਾ ਚਲੋ ਸਿੰਘੋ ਚਲੀਏ।

ਸਾਰੇ ਸਿੰਘਾਂ ਛਾਉਣੀ ਆ ਕੇ ਜਲ ਪਾਣੀ ਛੱਕਿਆ ਤੇ ਸੱਚਖੰਡ ਪੁਜਣ ਤੋਂ ੧੦–੧੦ ਦਿਨਾਂ ਬਾਹਦ ਪਹਿਰਾ ਸੰਭਾਲਣ ਕੀਤਾ, ੧੫ ਮੱਘਰ ਸੰਮਤ ੧੯੭੫ ਬਿਕ੍ਰਮੀ ਵਿਚ ਸ਼ੁਰੂ ਕੀਤੀ ੧ ਦਸੰਬਰ ਸੰਨ ੧੯੧੮ ਨੂੰ ਕਮਰ-ਕੱਸੇ ਕਰ ਸਿੰਘਾਂ ਨੇ ਬਾਬਾ ਜੀ ਨਾਲ ਜਗਤ ਮਾਤਾ–ਮਾਤਾ ਸਾਹਿਬ ਕੌਰਾਂ ਦੇ ਅਸਥਾਨ ਦੇ ਨੂੰ ਚਾਲੇ ਪਾਏ, ਅਸਥਾਨ ਤੇ ਪਹੁੰਚ, ਮਾਤਾ ਜੀ ਦੇ ਅਸਥਾਨ (ਜੋ ਥੜਾ ਹੀ ਸੀ) ਨਮਸ਼ਕਾਰ ਕੀਤੀ–ਫਿਰ ਪ੍ਰਕਾਸ਼ ਅਸਥਾਨ ਪੁੱਜ ਸਭ ਸਿੰਘਾਂ ਨੇ ਨਮਸ਼ਕਾਰ ਕੀਤੀ, ਗੁਰੂ ਹਜ਼ੂਰ ਅਰਦਾਸ ਭਈ ਹਰੀ ਸਿੰਘ ਦੂਧਾ ਧਾਰੀ ਨੇ, ਅਸਥਾਨ ਦਾ ਪਹਿਰਾ ਸੌਂਪਨ ਦੀ ਕੀਤੀ, ਬਾਬਾ ਮਿੱਤ ਸਿੰਘ ਜੀ ਤੇ ਬਾਬਾ ਧਰਮ ਸਿੰਘ ਜੀ ਨੇ ਯੋਗ ਥਾਂ ਵੇਖ ਆਸਣ ਲਾ ਲਏ–ਬਾਕੀ ਸਿੰਘ ਸ਼ਿਕਾਰ ਘਾਟ ਦੇ ਦਰਸ਼ਨ ਕਰ ਵਾਪਸ ਛਾਉਣੀ ਆ ਗਏ।

ਛਾਉਣੀ ਵਲੋਂ ਜੋ ਰਸਦ ਤੁਰਨ ਲਗਿਆਂ ਦਿੱਤੀ–ਉਹ ਬਾਬਾ ਜੀ ਨੇ ਨਾਲ ਗਏ ਸਿੰਘਾਂ ਤੇ ਆਈਆਂ ਸੰਗਤਾਂ ਨੂੰ ਲੰਗਰ ਬਣਾ ਕੇ ਛਕਾ ਦਿੱਤਾ।

ਸਰਬਰਾਹ ਪਾਸੋਂ ਰਸਦ ਲਿਆਉਣ ਦਾ ਯਤਨ

* ਭਾਈ ਗੁਰਦਿੱਤ ਸਿੰਘ ਜੀ ਨਿਹੰਗ ਸਿੰਘ ਕੁਝ ਦਿਨਾਂ ਬਾਹਦ ਸਰਬਰਾਹ ਪਾਸ ਗਏ ਕਿ ਸੰਗਤਾਂ ਆਉਂਦੀਆਂ ਹਨ ਆਪ ਬਾਬਾ ਜੀ ਲਈ ੧੫ ਦਿਨਾਂ ਦੀ ਅਗਾਊਂ ਰਸਦ ਦੇ ਦਿਓ, ਕਿਉਂਕਿ ਅਜੇ ਵਸੀਲਾ ਨਹੀਂ ਬਣਿਆ ਤੇ ਸਿੰਘ ਕੜਾਕੇ ਵਿਚ ਦਿਨ ਗੁਜਾਰਨ ਕਰ ਰਹੇ ਹਨ ਅਤਿ ਕਠਨ ਹੈ, ਕਿਉਂਕਿ ਪੰਜਾਬ ਤਾਂ ਹੈ ਨਹੀਂ–ਜੋ ਸਿੱਖ-ਸੰਗਤਾਂ ਆਮ ਆ ਜਾਣ, ਇਸ ਦੇਸ਼ ਵਿਚ ਸਿੱਖ-ਸੰਗਤਾਂ ਨਹੀਂ ਹਨ–ਕਦੇਂ ਕੋਈ ਪੰਜਾਬੋਂ ਆਵੇ ਤਾਂ ਸੇਵਾ ਭੇਟਾ ਦੇਵੇ, ਕੀ ਤੱਦ ਤੱਕ ਸਿੰਘ ਭੁੱਖੇ ਭਾਵੇਂ ਤੂੰ ਹੀ, ਕਿਵੇਂ ਕਿਵੇਂ ਗੁਜ਼ਾਰਨਗੇ–ਕੀ ਤੁਸੀਂ ਭੀ ਤਾਂ ਸੇਵਾਦਾਰ ਹੋ ਤੁਸੀਂ ਇਕ ਦਿਨ ਭੁੱਖੇ ਰਹਿ ਕੇ ਵਿਖਾਵੋ, ਕੀ ਤੁਹਾਨੂੰ ਮਨੁਸ਼ ਦੀ ਕੀਮਤੀ ਜ਼ਿੰਦਗੀ ਦਾ ਕੋਈ ਗਿਆਨ ਨਹੀਂ ?

ਸਰਬਰਾਹ– ਉਸੇ ਮੱਧ ਹੋਸ਼ੀ ਵਿਚ ਖਰਵਾ ਜਿਹਾ ਹੋ ਗੁਸੈਲੇ ਕਠੋਰ ਅੱਖਰਾਂ ਵਿਚ, ਜਦ ਤੁਹਾਨੂੰ ਪਹਿਲਾਂ ਕਹਿ ਦਿੱਤਾ ਸੀ ਕਿ ਪੇਸ਼ਗੀ ਰਸਦ ਨਹੀਂ ਦਿੱਤੀ ਜਾਇਆ ਕਰੇਗੀ–ਪੰਦਰਾਂ ਦਿਨ ਗੁਜ਼ਾਰਨ ਤੇ ਦਿੱਤੀ ਜਾਵੇਗੀ–ਤੁਹਾਡੇ ਵਾਸਤੇ ਕੋਈ ਨਵਾਂ ਨਿਯਮ ਨਹੀਂ ਬਨਾਣਾ, ਜੋ ਸ਼ਾਹੀ ਹੁਕਮ ਹੈ ਅਸਾਂ ਉਸ ਦੀ ਪਾਲਣਾ ਕਰਨੀ ਹੈ, ਨਹੀਂ ਪੁੱਗਦਾ ਨਾ ਕਰੋ ਸੇਵਾ। ਉਹ ਆਪਣਾ ਗੁਜ਼ਾਰਾ ਕਰਨ ਲਈ ਆਈਆਂ ਸੰਗਤਾਂ ਤੋਂ ਮੰਗ ਕੇ ਗੁਜ਼ਾਰਾ ਕਰ ਲਿਆ ਕਰਨ, ਜਾਂ ਜਿਵੇਂ ਚਾਹੁੰਣ ਕਰਨ।

ਭਾਈ ਗੁਰਦਿੱਤ ਸਿੰਘ– ਇਹ ਅਤਿ ਰੁਖੇ ਜੇਹੇ ਅਫਸਰ ਸ਼ਾਹੀ ਦੇ ਅੱਖਰ ਸੁਣ–ਭਰੇ ਮਨ ਨਾਲ ਬੁਤ ਬਣੀ ਖੜਾ ਸੋਚ ਰਿਹਾ ਏ, ਕਿ ਇਹ ਭੋਲਾ ਕੀ ਜਾਣੇ, ਕਿ– 'ਨਦਰ ਉਪਠੀ ਜੇ ਕਰੇ ਸੁਲਤਾਨਾ ਘਾਹ ਖੁਵਾਇੰਦਾ ॥' ਵਾਹਿਗੁਰੂ ਜੀ ਦੀ ਕਰਣੀ ਦਾ ਕੀ ਜਾਣੈ ਇਹ ਲੋਕ ਅਜਾਣਾ ਕਿ ਜਿਸ ਨੂੰ ਤੂੰ ਕਹਿ ਰਿਹਾ ਏਂ, ਮੰਗ ਕੇ ਗੁਜ਼ਾਰਾ ਕਰ ਲਿਆ ਕਰਨ, ਉਹ ਮੰਗਨ ਵਾਲੇ ਸਿੰਘ ਨਹੀਂ, ਹੋ ਸਕਦਾ ਕਿਸੇ ਦਿਨ ਨੂੰ ਤੁਸੀਂ ਓਸ ਦਰ ਦੇ ਮੰਗਤੇ ਹੋਵੋ, ਨਵਾਬ ਦਾ ਨੌਕਰ ਕਰਕੇ ਆਕੜ ਕਰ ਰਿਹਾ ਏਂ ?

ਤੂੰ ਕੀ ਜਾਣੇ, ਜਗਤ ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਦੇ ਟਹਿਲੀਏ (ਸੇਵਾਦਾਰ) ਵਰੋਸਾਏ ਬਾਬਾ ਮਿੱਤ ਸਿੰਘ ਜਿਨਾਂ ਤੋਂ ਰਾਜੇ-ਮਹਾਰਾਜੇ, ਨਵਾਬ, ਧਨਾਢ, ਮਾਇਆਧਾਰੀ, ਗਰੀਬ-ਗੁਰਬੇ ਵਰੋਸਾਇਆ ਕਰਣਗੇ–ਕੌਣ ਜਾਣੇ ਪ੍ਰਮੇਸ਼ੂਰ ਦੀ ਲੀਲਾ ਨੂੰ– 'ਘਾਹ ਖਾਣ ਤਿਨਾ ਮਾਸ ਖਵਾਲੈ

'ਮੋਹਤ ਮਮ' ਦੇ ਇਹ ਕਬੋਲ-ਬੋਲ ਚੰਗੇ ਨਾ ਲਗੇ–ਗੱਲ ਭਾਵੇਂ ਥੋੜੀ ਸੀ, ਪਰ ਮੋਹਤ ਮਨ ਨੈ ਆਪਣੀ ਹੱਠ ਧਾਰੀ ਰੱਖੀ। ਭਾਈ ਗੁਰਦਿੱਤ ਸਿੰਘ ਬਾਬਾ ਮਿੱਤ ਸਿੰਘ ਜੀ ਦੀ ਅਵਸਥਾ ਨੂੰ ਭਲੀ ਭਾਂਤ ਸਮਝਦਾ ਸੀ–ਇਸ ਡਰ ਤੋਂ ਬਾਬਾ ਜੀ ਨਰਾਜ਼ ਨਾ ਹੋ ਜਾਵਣ ਜਿਸ ਕਰਕੇ ਕੋਈ ਗੁਸੈਲੇ ਬਚਨਾਂ ਦਾ ਉੱਤਰ ਨਾ ਦਿੱਤਾ, ਕਿਉਂਕਿ ਭਾਈ ਗੁਰਦਿਤ ਸਿੰਘ ਜੀ ਬਾਬਾ ਜੀ ਦੀ ਸਾਰੀ ਉਮਰ ਦੀ ਘਾਲ ਕਮਾਈ ਸੇਵਾ ਭਾਵ ਤੇ ਬ੍ਰਹਮ ਅਵਸਥਾ ਨੂੰ ਚੰਗੀ ਤਰਾਂ ਜਾਣਦਾ ਸੀ ਅਤੇ ਉਹਨਾਂ ਦੀ ਅਗਲੀ ਕਮਾਈ ਹੱਠ-ਤੱਪ ਤੇ (ਭਾਣਾ ਮੰਨਣ) ਦੀ ਸ਼ਕਤ-ਸ਼ਬਦ ਦੀ ਸੁਰਤ ਨੂੰ ਨੇੜੇ ਹੋ ਪਹਿਚਾਣ ਚੁੱਕੇ ਹੋਇ ਸਨ, ਉਹਨਾਂ ਨੂੰ ਵਿਸ਼ਵਾਸ਼ ਸੀ ਕਿ ਬਾਬਾ ਜੀ ਦਾ ਤੱਪ ਨਿਸ਼ਕਾਮ ਸੇਵਾ ਬਿਰਥੀ ਨਹੀਂ ਜਾਵੇਗੀ, ਕਿਉਂਕਿ

* ਦਸਿਆ ਗਿਆ ਹੈ ਕਿ ਇਹ ਸਿੰਘ ਬਾਬਾ ਜੀ ਦਾ ਤੀਜਾ ਸਾਥੀ ਸੀ।

ਸਤਿਗੁਰੂ ਜੀ ਦਾ ਫੁਰਮਾਣ ਹੈ— 'ਇਕ ਤਿਲ ਨਹੀ ਭੰਨੈ ਘਾਲੈ'

ਘਾਲ ਵਿਅਰਥ ਨਹੀਂ ਜਾਣੀ ਤੇ ਸਮਾਂ ਆ ਗਿਆ ਇਹ ਸਾਕਾਰ ਹੋ ਕੇ ਹੀ ਰਵੇਗੀ।

ਮੋਹਤ ਮਮ (ਸਰਬਰਾਹ) ਨੂੰ ਕੋਈ ਦੁਰਬਚਨ ਦਾ ਉੱਤਰ ਨਾ ਦਿੱਤਾ, ਸਗੋਂ ਰੋਹ ਵਿਚ ਵਾਪਸ ਪਰਤਣ ਸਮੇਂ ਸਹਿਜੇ ਹੀ ਬਚਨ ਕਹਿ ਦਿੱਤਾ। ਹੱਛਾ! ਮੋਹਤ ਮਮ ਸਾਹਿਬ—ਤੁਸੀਂ ਮਾਲਕ ਹੋ ਜਿਵੇਂ ਜੀ ਆਵੇ ਕਰੋ, ਅਗੋਂ ਕੋਈ ਸਿੰਘ ਤੁਹਾਡੇ ਪਾਸ ਮਾਤਾ ਜੀ ਦੇ ਅਸਥਾਨ ਵਾਸਤੇ ਰਸਦ ਭੀ ਲੈਣ ਨਹੀਂ ਆਇਆ ਕਰੇਗਾ। ਸਮਾਂ ਦੂਰ ਨਹੀਂ ? ਤੁਸੀਂ ਆਪ ਦੇਵੋਗੇ—ਪਰ ਉਥੇ ਕਬੂਲੀ ਨਹੀਂ ਜਾਣੀ ਤੇ ਆਪ ਤਰਲੇ ਕਢੋਗੇ ਰਸਦ ਭੇਜਣ ਲਈ ਤਰਲੇ-ਮੱਛੀ ਹੋਵੋਗੇ ਤੇ ਮਾਤਾ ਜੀ ਪਾਸੋਂ ਇਨ੍ਹਾਂ ਸਿੰਘਾਂ ਦੀ ਨਿਰਾਦਰੀ ਦੀ ਖਿਮਾਂ ਭੀ ਮੰਗੋਗੇ।

ਸਿੰਘ ਕਹਿੰਦਾ ਕਹਿੰਦਾ ਦੂਰ ਤੁਰ ਗਿਆ, ਪਰ ਬਚਨ ਮੋਹਤ ਮਮ ਦੇ ਦਿਲ ਵਿਚ ਰੜਕਦੇ ਤੇ ਸੁਣਾਈ ਦੇ ਰਹੇ ਸਨ, ਪਰ ਢੀਠਾਂ ਵਾਂਗ ਵੇਖੀ ਜਾਊ—ਅਜੇਹੇ ਕਈ ਬੇਹੰਗਮ ਆਏ ਤੇ ਗਏ। ਪਰ ਸ਼ਾਮ ਤੱਕ ਇਹ ਬਚਨ ਮੁੜ ੨ ਯਾਦ ਆਉਂਦੇ ਤੇ ਬੇਚੈਨ ਕਰ ਰਹੇ ਸਨ। ਬਥੇਰਾ ਭੁੱਲ ਜਾਣ ਲਈ ਮਨ ਨੂੰ ਹੋਰਥੇਂ ਲਾਉਂਦਾ—ਪਰ ਬਚਨ 'ਤੁਸੀਂ ਦੇਵੋਗੇ—ਅਗੇ ਕਬੂਲੀ ਨਹੀਂ ਜਾਣੀ' ਹੈਂ! ਇਹ ਕੀ ਮਾਜਰਾ ਏ, ਸਮਝੋਂ ਪਰੇ ਹੈ ਇਹਨਾਂ ਸੋਚਾਂ ਵਿਚ ਸ਼ਾਮ ਪੈਣ ਵਾਲੀ ਹੋ ਗਈ, ਮਗਰ ਬੇਚੈਨ ਪਰ ਆਪਣੀ ਹੇਠੀ ਸਮਝ, ਕਿਸੇ ਨੂੰ ਦਸੇ ਭੀ ਨਾ।

ਧੰਨ ਸ੍ਰੀ ਗੁਰੂ ਕਲਗੀਧਰ ਪਾਤਸ਼ਾਹ—ਹਾਜ਼ਰਾ ਹਜ਼ੂਰ ਹੈ ਕਦੀ ਆਪਣੇ ਸੇਵਕਾਂ ਦੀ ਨਿਰਾਦਰੀ ਨੂੰ ਸਹਾਰ ਸਕਦੇ ਸਨ, ਕਿੰਨੀ ਛੇਤੀ ਕੁਰਾਹੇ ਪਏ ਮੋਹਤ ਮਮ ਨੂੰ ਰਾਹ ਪਾਣ ਅਤੇ ਕੀਤੇ ਬਚਨ ਸਿੰਘ ਦੇ ਥੋੜੇ ਹੀ ਪੱਲਾਂ ਵਿਚ ਸਾਕਾਰ ਕਰ ਵਖਾਏ। ਜਿਵੇਂ ਸਤਿਗੁਰੂ 'ਆਪਿ ਮੁੰਹੋਂ ਕਢਾਏ' ਹੋਵਣ।

ਸ਼ਹੀਦ ਸਿੰਘਾਂ ਦਾ ਮੋਹਤ ਮਮ ਤੇ ਪਹਿਰਾ ਤੇ ਭੈ-ਭੀਤ ਹੋਣਾ

ਸਤਿਗੁਰਾਂ ਦੀ ਅਸਚਰਜਤਾ—ਅਜੇ ਰਾਤ ਭੀ ਨਾ ਪੈਣ ਦਿੱਤੀ, ਕਿ ਜਿਉਂ ੨ ਸਿੰਘ ਦੇ ਬਚਨ ਸਾਹਮਣੇ ਆ ਪੁਕਾਰਦੇ ਭੈ ਭੀਤ ਹੋਈ ਜਾਵੇ, ਮਿੰਟਾਂ-ਸਕਿੰਟਾਂ ਵਿਚ '*ਸ਼ਹੀਦ ਸਿੰਘਾਂ' ਜਿਨਾਂ ਦਾ ਸੱਚਖੰਡ ਅਸਥਾਨ ਤੇ ਹਮੇਸ਼ਾਂ ਪਹਿਰਾ ਰਹਿੰਦਾ ਹੈ, ਜੋ ਕਿ ਕੋਈ ਨਾਪਾਕ ਇਨਸਾਨ ਇਸ ਪਵਿੱਤ੍ਰ ਅਸਥਾਨ ਨੂੰ ਆਪਵਿੱਤ੍ਰ ਨਾ ਕਰੇ।

* ਪਿਛੇ ਭੀ ਸ਼ਹੀਦ ਸਿੰਘਾਂ ਬਾਰੇ ਲਿਖਿਆ ਜਾ ਚੁਕਾ ਹੈ, ਇਥੇ ਵਾਪਰੀਆਂ ਘਟਨਾਵਾਂ ਦਰਸਾਣਾ ਜ਼ਰੂਰੀ ਕਰਕੇ ਫਿਰ ਲਿਖਿਆ ਹੈ। ਆਮ ਤੌਰ ਤੇ ਅਸੀਂ ਅਨਜਾਣੇ ਇਹ ਮੰਨਣ ਲਈ ਤਿਆਰ ਨਹੀਂ ਕਿ ਸ਼ਹੀਦ ਭਾਂ ਮੁਕਤ ਹੋ ਜਾਂਦੇ ਹਨ, ਫਿਰ ਉਹ ਕਿਉਂ ? ਇਹ ਸਾਡੇ ਮਨ ਦਾ ਵਿਤੰਡ ਤੇ ਹੰਕਾਰ-ਭੁਲੇਖਾ ਹੈ। ਅਕਾਲ ਪੁਰਖ ਨੇ ਸੰਸਾਰਕ ਕ੍ਰਿਆ ਨੂੰ ਗੁਪਤ—ਪ੍ਰਗਟ ਹੋ ਚਲਾਉਣਾ ਹੀ ਹੈ।

ਦਾਸ ਲਿਖਾਰੀ—ਇਕ ਦਿਨ ਸ੍ਰੀ ਮਾਨ ਪੁਜਾਰੀ ਹੀਰਾ ਸਿੰਘ ਜੀ, ਜੋ ਉਸ ਵਕਤ ਤਖਤ ਸ੍ਰੀ ਸੱਚਖੰਡ ਦੀ ਅੰਦਰਲੀ ਕਠਨ ਸੇਵਾ ਕਰਦੇ ਸਨ, ਉਹਨਾਂ ਦੇ ਪੁਜਾਰੀ ਬੁੰਗੇ ਬੈਠੇ ਸਾਂ, ਤਾਂ ਸ਼ਹੀਦਾਂ ਬਾਰੇ ਬਚਨ ਪੁਛਿਆ, ਕਿ ਕੱਲ ਰਹਿਰਾਸ ਦੇ ਪਾਠ ਸਮੇਂ ਇਕ ਨਿਹੰਗ ਸਿੰਘ ਦਰਵਾਜਿਆਂ ਤੋਂ ਬਾਹਰ ☛

ਸ਼ਹੀਦ ਸਿੰਘਾਂ ! ਮੋਹਤ ਮਮ ਨੂੰ ਆ ਦਬੋਚਿਆ, ਡਰਾਇਆ-ਧਮਕਾਇਆ, ਤੂੰ ਸਾਡੇ ਸਿੰਘਾਂ ਨੂੰ ਕਬੱਲ ਬੱਲੇ ਬੱਲੇ ਹਨ—ਨਵਾਬ ਦਾ ਨੌਕਰਿਆ ਤਨਖਾਹੀਆ ਬੋਲ ! ਕਢੀਏ ਤੇਰੀ ਅਫਸਰੀ ! ਦਾਤਾਂ ਸਤਿਗੁਰੂ ਦੀਆਂ ਹੋਵਣ, ਤੇ ਮਾਲਕ ਤੂੰ ਤੇ ਤੇਰਾ ਨਵਾਬ ? ਸੱਦ ਨਵਾਬ ਨੂੰ, ਤੇਰੇ ਨਾਲ ਉਸ ਦੀ ਭੀ ਮੁਰੰਮਤ ਕਰੀਏ। ਅਜੋ ਘਰ ਜਾਣ ਦੀ ਤਿਆਰੀ ਹੀ ਕਰ ਰਿਹਾ ਸੀ ਕਿ ਦਫਤਰ ਵਿਚ ਕੁਰਲਾਹਟ ਮੱਚ ਗਈ—ਹਾਇ ਨਾ ਮਾਰੋ ! ਹਾਇ ਨਾ ਮਾਰੋ !! ਹਾਇ ਨਾ ਮਾਰੋ !!! ਮੈਂ ਭੁਲ ਗਿਆ, ਮਾਫ ਕਰ ਦਿਓ, ਬਖਸ਼ ਲੈਂ, ਮੈਨੂੰ ਬਚਾਓ ! ਸੱਚਖੰਡ ਦੇ ਪੁਜਾਰੀ, ਸੇਵਾਦਾਰ ਨੱਠੇ ਆਏ, ਕੀ ਹੋਇਆ ਸਰਬਰਾਹ ਸਾਹਿਬ—ਕਿਸ ਨੇ ਮਾਰਿਆ ਦਸੋ, ਦੁਸ਼ਟ ਨੂੰ ਸੋਧਾ ਚਾੜੀਏ, ਨਹੀਂ ਨਹੀਂ ਦੁਸ਼ਟ ਨਾ ਕਹੋ ਦੁਸ਼ਟ ਮੈਂ ਹਾਂ, ਸਾਰੀ ਵਿਥਿਆ ਸੁਣੀ ਤੇ ਸੇਵਾਦਾਰਾਂ ਕਿਹਾ ਤੂੰ ਕੀਹ ਜਾਣੇ ਪ੍ਰਭੂ ਦੇ ਬਖਸ਼ੇ ਸਿੰਘਾਂ ਵਿਚ

☛ ਬੜੇ ਤੇ ਮੇਰੇ ਪਾਸ ਅਰਦਾਸ ਸਮੇਂ ਖੜਾ ਸੀ, ਓਹ ਹਾਇ ! ਹਾਇ !! ਕਰਦਾ ਇਕ ਦਮ ਡਿੱਗ ਪਿਆ, ਹਾਇ ਨਾ ਮਾਰੋ—ਹਾਇ ਨਾ ਮਾਰੋ, ਬਖਸ਼ ਲਵੋ, ਗੁਨਾਹੀ ਹਾਂ ਕਦੀ ਐਧਰ, ਕਦੀ ਓਧਰ ਉਸਲਵਟ ਲੈਂਦਾ ਫਿਰਦਾ ਸੀ—[ਮੈਂ ਪਹਿਲੀ ਵਾਰ ਵੇਖ ਰਿਹਾ ਸਾਂ ਤੇ ਅਸਚਰਜ ਸਾਂ] ਇਹ ਕੀ ਖੇਡ ਹੈ ? ਪੁਜਾਰੀ ਸਿੰਘ ਜੀ ਕਹਿਣ ਲਗੇ 'ਲਿਖਾਰੀ ਸਿੰਘ !' ਜੋ ਤੈਨੂੰ ਦਰਗਾਹੀ ਦਾਤ ਬਾਬਾ ਮਿੱਤ ਸਿੰਘ ਜੀ ਤੋਂ ਪ੍ਰਾਪਤ ਹੋਈ ਹੈ ਮਾਤਾ ਜੀ ਦੇ ਅਸਥਾਨ ਤੋਂ, ਤਾਂ ਹੀ 'ਲਿਖਾਰੀ' ਕਹਿ ਪੁਕਾਰਿਆ ਹੈ।

ਸੁਣ ! ਸ਼ਹੀਦਾਂ ਬਾਰੇ, ਇਹ ਸਿੰਘ ਜਿਸ ਨੂੰ ਕੁਟਾਪਾ ਚੜ੍ਹਿਆ ਹੈ ਕੋਈ ਭੁੱਲ ਕਰ ਬੈਠਾ ਹੋਵੇਗਾ, ਇਥੇ ਝੂਠੀ ਅਰਦਾਸ ਕਰਾਨ ਵਾਲੇ ਨੂੰ ਸ਼ਹੀਦ ਸਿੰਘ ਪਕੜ ਕਰ ਲੈਂਦੇ ਹਨ, ਸਾਡੇ ਤੋਂ ਪਹਿਲਾਂ, ਅਤੇ ਪੁਜਾਰੀ ਮਾਨ ਸਿੰਘ ਜੀ ਤੋਂ ਪਹਿਲਾਂ ਤਾਂ ਬਹੁਤ ਹੀ ਸ਼ਹੀਦਾਂ ਦੀ ਸਖਤੀ ਹੋਇਆ ਕਰਦੀ ਸੀ—ਸੱਚਖੰਡ ਸ੍ਰੀ ਹਜ਼ੂਰ ਸਾਹਿਬ [ਸ਼ਹਿਰ ਨਾਨਦੇੜ] ਦੀ ਜੂਹ ਤੋਂ ੨੪—੨੪ ਕੋਹ ਤੱਕ ਸ਼ਹੀਦੀ ਪਹਿਰਾ ਰਹਿੰਦਾ, ਜੇ ਕੋਈ ਮਨ-ਮਤੀਆ, ਕੁਰਹੈਤੀਆ ਜਾਂ ਸ਼ੰਕਾ-ਵਾਦੀ ਜਾਂ ਪਰਖਨ ਲਈ ਆਪਣੇ ਮਨ ਵਿਚ ਧਾਰਦਾ, ਜਾਂ ਸ਼ਰਧਾ-ਭਾਵਨਾ ਤੋਂ ਹੀਣਾ ਜੋ ਕੋਈ ਸਿੱਖ ਆਂਵਦਾ ਤਾਂ ਉਸ ਨੂੰ ੨੪ ਕੋਹ ਤੋਂ ਹੀ ਵਾਪਸ ਮੁੜਣਾ ਪੈਂਦਾ, ਇਹ ਸਭ ਗੁਪਤ (ਸ਼ਹੀਦੀ) ਪਹਿਰਾ ਸੀ।

ਪ੍ਰਉਪਕਾਰੀ ਵਿਰਲੇ ਬੰਦੇ— ਸੰਤ ਬਾਬਾ ਅਤਰ ਸਿੰਘ ਜੀ ਚੀਮੇ (ਸੁਨਾਮ) 'ਮਸਤੂਆਣੇ ਵਾਲੇ' ਜਦ ਸਤਿਗੁਰਾਂ ਦੇ ਪ੍ਰਤੱਖ ਦਰਸ਼ਨਾਂ ਦੀ ਭਾਵਨਾ ਲੈ ਕੇ ਪੁਜੇ, ਪਰ ਮਨ ਵਿਚ ਨਿਰਾਸਾ ਦੇ ਕਾਰਨ ਨਗੀਨਾ ਘਾਟ ਪਾਸ ਗੋਦਾਵਰੀ ਦੇ ਕੰਡੇ ਬੈਠ ਗਏ, ਮਨੋ ਫੁਰਨੇ ਨੇ ਇਹ ਵਿਚਾਰਿਆ ! ਜੇ ਸਤਿਗੁਰੂ ਦੇ ਪ੍ਰਤੱਖ ਦੀਦਾਰ ਨਹੀਂ ਤਾਂ ਜੀਵਣਾ ਕਾਸ ਲਈ ਹੈ, ਰੋਹ ਵਿਚ ਆਏ ਠਾਠਾਂ ਮਾਰਦੀ ਨਦੀ ਵਿਚ ਛਾਲ ਕੱਢ ਮਾਰੀ—ਪਰ ਸਤਿਗੁਰਾਂ ਉਛਾਲਾ ਦੇ ਕੇ ਬਾਹਰ ਕੰਢੇ ਤੇ ਰੱਖ ਦਿੱਤਾ। ਇਹ ਕੌਤਕ ਤਿੰਨ ਵਾਰੀ ਹੋਇਆ, ੬੦—੭੦ ਫੁਟ ਡੂੰਘੀ ਨਦੀ, ਤੇਜ਼ ਵਗਦਾ ਪਾਣੀ ਕੱਦ ਡੋਬਣੇਂ ਛੱਡਦਾ ਸੀ, ਪਰ ਤੀਜੀ ਵਾਰੀ ਅਕਾਸ਼ ਬਾਣੀ ਹੋਈ—ਆਏ ਦਰਸ਼ਨਾਂ ਨੂੰ ਹੋ, ਜਾਂ ਪ੍ਰਤਿਗਿਆ ਲੈਣ, ਪ੍ਰਤੀਤ ਕਰੋ ! ਤਿੰਨ ਵਾਰੀ ਤੁਸਾਂ ਨੂੰ ਆਤਮ ਹਤਿਆ ਜੋ ਗੁਰਮਤਿ ਦੇ ਉਲਟ ਹੈ 'ਆਤਮ ਹਤਿਆ ਮਹਾਂ ਕਸਾਈ' ਨਾ ਬਣੋ ! ਜਾਓ ਅਸੀਂ ਸਦਾ ਅੰਗ ਸੰਗ ਹਾਂ—ਨਾਮ ਬਾਣੀ ਦਾ ਪ੍ਰਚਾਰ ਕਰੋ। ☛

ਸ਼ਬਦ - ਸ਼ਕਤਿ ਹੁੰਦੀ ਹੈ। ਵਾਹਿਗੁਰੂ ਸ਼ਬਦ ਦੀ ਨਿਰਾਦਰੀ ਨਹੀਂ ਜਰਦਾ। ਤਾਂ ਤੇ ਮੱਤ ਦੇਣ ਲਈ ਅਜਿਹੇ ਕੌਤਕ ਕਰਦੇ ਹਨ। ਤੁਸਾਂ ਇਸ ਪਾਵਨ - ਅਸਥਾਨ ਤੇ ਅਜਿਹੇ ਕੌਤਕ ਸ਼ਹੀਦਾਂ ਦੇ ਨਹੀਂ ਦੇਖੇ,

ਭਾਈ ਮਾਨ ਸਿੰਘ ਪੁਜਾਰੀ ਨੂੰ ਤਖਤ ਸੱਚਖੰਡ ਦੀ ਸੇਵਾ ਕਰਦਿਆਂ ਕਾਫੀ ਸਮਾਂ ਹੋ ਗਿਆ ਸੀ। ਇਕ ਦਿਨ ਮਨ ਵਿਚ ਫੁਰਨਾ ਆਇਆ ਕਿ ਰਾਤ ਨੂੰ ਦਾਤਣ ਤੇ ਜਲ ਦਾ ਗਡਵਾ ਤਖਤ ਤੇ ਰੱਖਦੇ ਹਾਂ। ਸਵੇਰੇ ਦਾਤਣ ਫੱਟੀ ਤੇ ਜਲ ਡੁੱਲ੍ਹਿਆ ਹੁੰਦਾ ਹੈ। ਪੁਰਾਤਨ ਰੀਤ ਅਨੁਸਾਰ ਸੁਣਿਆ ਹੈ ਕਿ ਸਤਿਗੁਰੂ ਜੀ ਹਾਜ਼ਰ ਨਾਜਰ ਹੇਠਾਂ ਭੋਹਰੇ ਵਿਚ ਬਿਰਾਜਮਾਨ ਹਨ। ਤਾਂਤੇ ਪ੍ਰਤੱਖ ਦਰਸ਼ਨ ਤਾਂ ਕਰੀਏ।

ਮਨ (ਮਾਇਆ) ਨੇ ਉਲਝਾ ਲਿਆ, ਮਨ ਦੇ ਮਗਰ ਲੱਗ ਗਏ। ਪਰਤੀਤ ਖੋਹ ਲਈ ਤੇ ਇਕ ਦਿਨ ਤੱਤਪਰ ਹੋ ਗਏ ਭੋਹਰੇ ਹੇਠਾਂ ਦਰਸ਼ਨ ਕਰਨ ਲਈ। ਹਰ ਰੋਜ਼ ਦੀ ਮਰਯਾਦਾ ਅਨੁਸਾਰ ਅੰਮ੍ਰਿਤ ਵੇਲੇ ਤਖਤ ਦਾ ਇਸ਼ਨਾਨ, ਕਿਵਾੜ ਬੰਦ ਕਰ ਕੇ ਫਿਰ ਸ਼ਸਤਰ ਸਜਾਉਣੇ ਅਤੇ ਜਦ ਤਕ ਕਿਵਾੜ ਖੁਲ੍ਹਣ ਦੀ ਘੰਟੀ ਬਾਹਰੋਂ ਨਹੀਂ ਵੱਜਦੀ, ਅੰਦਰ ਪੁਜਾਰੀ ਪਰਕਰਮਾਂ ਕਰਦਾ ਤੇ ਚੌਰ ਕਰਦਾ ਰਹਿੰਦਾ, ਪਰ ਅੱਜ ਜਲਦੀ ਨਾਲ ਸਾਰੀ ਸੇਵਾ ਕਰ ਭੋਹਰੇ ਹੇਠਾਂ ਉਤਰ ਗਏ। ਕੀ ਵੇਖਿਆ—ਜੋ ਅੰਦਰ ਮਿੱਠਾ-ਮਿੱਠਾ ਪ੍ਰਕਾਸ਼ ਹੀ ਪ੍ਰਕਾਸ਼ ਤੇ ਪ੍ਰਕਾਸ਼ ਸਰੂਪ ਵਿਚ ਸਤਿਗੁਰੂ ਜੀ ਤਖਤ ਤੇ ਬੈਠੇ, ਸੁਨਹਿਰੀ ਕੇਸ ਜੋ ਸੂਰਜ ਦੀਆਂ ਰਿਸ਼ਮਾਂ ਵਾਂਗ ਚਮਕਾਂ ਮਾਰ ਰਹੇ ਹਨ, ਵਾਹ ਰਹੇ ਹਨ। ਪੰਜ ਪਿਆਰੇ ਤੇ ਚਾਰ ਸਾਹਿਬਜ਼ਾਦੇ ਉਸੇ ਨੂਰੀ ਜਾਮੇ ਵਿਚ ਤਿਆਰ ਬਰ ਤਿਆਰ ਖੜੇ ਹਨ।

ਤਿੰਨ ਕੁ ਪੌੜੀਆਂ ਹੇਠਲੀਆਂ ਰਹਿ ਗਈਆਂ ਤਾਂ ਭਾਈ ਮਾਨ ਸਿੰਘ ਜੀ ਪੁਜਾਰੀ ਬੇ-ਹੋਸ਼ ਹੋ ਕੇ ਗਿਰ ਪਏ।

ਫਿਰ ਕੜਕਵੀਂ ਆਵਾਜ਼ ਹੋਈ—ਓਇ ਨਾ-ਪਾਕ ਸਰੀਰ ਵਿਚ ਕਿਉਂ ਆਏ ਹੋ? ਹੁਕਮ ਮੰਨਣਾ ਸੀ, ਮਾਨ ਸਿੰਘ 'ਮਾਨ' ਵਿਚ ਆ ਗਿਆ ਹੈਂ, ਸਾਨੂੰ ਜਾਨਣ ਨਹੀਂ ਕੀਤਾ, ਕਰ ਲਏ ਨੀ ਦਰਸ਼ਨ? ਚੰਗਾ ਨਹੀਓਂ ਕੀਤਾ, ਸਿੰਘਾਂ ਲਈ ਭੀ ਦਰਵਾਜੇ ਬੰਦ ਕਰਵਾ ਲਏ ਨੀ। ਹੱਡਾ ਸਾਡਾ ਸੇਵਾਦਾਰ ਏਂ, ਤਾਂ ਤੇ ਤੈਨੂੰ ਬਖਸ਼ਦੇ ਹਾਂ। ਪਰ ਸਾਡੇ ਇਸ ਸਰੂਪ ਦੇ ਭੇਦ ਦੀ ਲਖਤਾ ਕਿਸੇ ਨੂੰ ਨਹੀਂ ਕਰਵਾਉਣੀ। ਜਾਓ ਅਜ ਤੋਂ ਇਹ ਪੌੜੀਆਂ ਦਾ ਦਰਵਾਜ਼ਾ ਬੰਦ ਕਰਵਾ ਦਿਓ। ਸਾਨੂੰ ਗੁਪਤ ਰੂਪ ਵਿਚ ਕੁਝ ਸਮਾਂ ਬੈਠਣ ਦਿਓ, ਜਦੋਂ ਸਮਾਂ ਆਵੇਗਾ ਓਦੋਂ ਅਸੀਂ ਆਪੇ ਹੀ ਇਹ ਦਰਵਾਜ਼ਾ ਖੁਲ੍ਹਵਾ ਲਵਾਂਗੇ। ਨਾਲੇ ਸ਼ਹੀਦੀ ਦਰਵਾਜ਼ਾ ਭੀ ਬੰਦ ਕਰ ਦਿਓ। ਸਮਾਂ ਅਗੋਂ ਭਾਵਨਾ ਹੀਣ, ਸ਼ਰਧਾ ਰਹਿਤ ਆ ਰਿਹਾ ਹੈ। ਸਾਡੇ ਪਾਸ ਮਲ - ਮੂਤਰ ਦਾ ਪੰਜ ਭੂਤਕ ਸਰੀਰ ਇਥੇ ਲਿਆਵਣ ਦਾ ਹੁਕਮ ਨਹੀਂ। ਤਾਂ ਹੀ ਅਸੀਂ ਪਿਤਾ ਅਕਾਲ ਪੁਰਖ ਤੋਂ ਚਾਰ ਜੁਗਾਂ ਦਾ ਨਬੇੜਾ ਕਰਨ ਲਈ ਇਸ ਤਖਤ ਲਈ ਆਦੇਸ਼ ਦਿਤਾ ਸੀ ਕਿ ਜੋ ਪ੍ਰਾਣੀ ੬੦ ਸਾਲ ਤੱਕ ਭੀ ਇਸ ਸਚਖੰਡ ਤਖਤ ਦੇ ਆ ਕੇ ਦਰਸ਼ਨ ਕਰੇਗਾ, ਬਖਸ਼ਿਆ ਜਾਵੇਗਾ ਅਤੇ ਅਸੀਂ ਹਾਜ਼ਰ ਹਾਂ।

ਪੁਜਾਰੀ ਮਾਨਸਿੰਘ ਭਾਵੇਂ ਸਥਿਲ ਸਰੂਪ ਬੇਹੋਸ਼ੀ ਵਿਚ ਪਏ ਹਨ, ਪਰ ਬਚਨ ਸਾਰੇ ਸੁਣੇ ਜਾ ਰਹੇ ਹਨ। ਬੇਹੋਸ਼ੀ ਵਿਚ ਹੀ ਚੁੱਕ ਕੇ ਸ਼ਹੀਦ ਸਿੰਘਾਂ ਭੋਹਰੇ ਤੋਂ ਉਪਰਲੀ ਮੰਜ਼ਲ ਤਖਤ ਅਸਥਾਨ ਤੇ

ਤਾਂ ਹੀ ਤੇ ਸ਼ਹੀਦੀ ਦਰਵਾਜ਼ਾ ਮਹਾਂਪੁਰਸ਼ਾਂ ਬੰਦ ਕਰਵਾ ਦਿੱਤਾ ਹੋਇਆ ਹੈ। ਸਤਿਗੁਰੂ ਅਸਥਾਨ ਤੇ ਰਹਿ ਤੁਸਾਂ ਕਠੋਰ ਬਚਨ ਕਿਉਂ ਕਹੇ, ਨਾ ਜਾਣੇ ਕਲਗੀਧਰ ਜੀ ਨੂੰ ਤੁਹਾਡਾ ਰਵਈਆ ਚੰਗਾ ਨਹੀਂ ਲੱਗਾ ਤਾਂ ਹੀ ਸ਼ਹੀਦ ਸਿੰਘਾਂ ਕੂਟਾਪਾ ਚਾੜਿਆ।

ਛੱਡ ਦਿੱਤਾ—ਆਸਾ ਜੀ ਦੀ ਵਾਰ ਦੇ ਭੋਗ ਉਪ੍ਰੰਤ ਜਦ ਕਿਵਾੜ ਖੋਹਲਣ ਦੀ ਘੰਟੀ ਬਾਹਰਲੇ ਪੁਜਾਰੀ ਨੇ ਵਜਾਈ ਤਾਂ ਅੰਦਰੋਂ ਕਿਵਾੜ ਨਾ ਖੁਲ੍ਹੇ—ਬਾਹਰ ਸ਼ੰਕਾ ਹੋਇਆ, ਦਰਵਾਜ਼ੇ ਦੀ ਚੂਥੀ ਪੁੱਟੀ, ਵੇਖਿਆ ਤਾਂ ਪੁਜਾਰੀ ਬੇਹੋਸ਼ ਪਏ ਹਨ, ਚੁੱਕ ਕੇ ਬੁੰਗੇ ਵਿਚ ਬਿਰਾਜਮਾਨ ਕੀਤਾ, ਵੈਦ-ਡਾਕਟਰ ਸੱਦੇ, ਪਰ ਕਈ ਦਿਨ ਬੇਹੋਸ਼ੀ ਨਾ ਉਤਰੀ ਤਾਂ ਮੁੱਖ ਸੇਵਾਦਾਰਾਂ ਨੇ ਗੁਰਮਤਾ ਕੀਤਾ, ਕਿ ਕੋਈ ਭੁੱਲ ਹੋਈ ਹੈ, ਤਾਂ ਤੇ ਜਦ ਭੀ ਕਿਸੇ ਪੁਜਾਰੀ ਸਿੰਘ ਪਾਸੋਂ ਤਖਤ ਅੰਦਰ ਕੋਈ ਭੁੱਲ ਹੁੰਦੀ—ਸਰੀਰ ਨੂੰ ਪਕੜ ਹੁੰਦੀ ਤਾਂ ਪੁਜਾਰੀ ਵਲੋਂ ਪੰਜ ਸਿੰਘਾਂ ਨੂੰ ਪ੍ਰਸ਼ਾਦਾ ਛਕਾਇਆ ਜਾਂਦਾ, ਯਥਾ ਸ਼ਕਤ ਭੇਟਾ ਦਿੱਤੀ ਜਾਂਦੀ ਉਹ ਅਰਦਾਸ ਕਰਦੇ ਤਾਂ ਭੁੱਲ ਬਖਸ਼ੀਂਦੀ ਤਾਂ ਸੇਵਾ ਕਰਨ ਯੋਗ ਪੁਜਾਰੀ ਸਿੰਘ ਹੁੰਦਾ।

ਪੁਜਾਰੀ ਹੀਰਾ ਸਿੰਘ ਜੀ ਸਮੇਂ ਦਾਸ ਨੇ ਕਈ ਵਾਰੀ ਅਜੇਹਾ ਕਰਦਿਆਂ ਵੇਖਿਆ, ਕਿਉਂਕਿ ਤਖਤ ਅੰਦਰ, ਸੱਚ-ਸੁਚ ਰਹਿਣਾ, ਸਾਵਧਾਨ ਰਹਿਣਾ—ਊਂਘਣਾ ਨਹੀਂ? ਸੇਵਾ ਵਿਚ ਢਿੱਲ-ਮੱਠ ਜਾਂ ਹਵਾ ਦਾ ਕਿਸੇ ਵੇਲੇ ਸਰਕਨ ਨਾਲ, ਸ਼ਹੀਦ ਸਿੰਘਾਂ ਦੀ ਪਕੜ ਹੋ ਜਾਇਆ ਕਰਦੀ ਸੀ।

ਪੁਜਾਰੀ ਮਾਨ ਸਿੰਘ ਦੀ ਗਲਤੀ ਦੀ ਮਾਫੀ ਲਈ ਗੁਰ ਮਰਯਾਦਾ ਅਨੁਸਾਰ ਪੰਜਾਂ ਸਿੰਘਾਂ ਨੂੰ ਪ੍ਰਸ਼ਾਦਾ ਛਕਾਇਆ ਗਿਆ, ਅਰਦਾਸ ਹੋਈ, ਗਲਤੀ ਮਾਫ ਹੋਈ ਤਾਂ ਪੁਜਾਰੀ ਸਿੰਘ ਹੋਸ਼ ਵਿਚ ਤਾਂ ਆ ਗਏ ਪਰ ਮਹੀਨਾ, ਸਵਾ ਮਹੀਨਾ ਤਾਬ ਨਾ ਲਾ ਸਕੇ।

ਏਹੋ ਜੇ ਪ੍ਰਤੱਖ ਘਟਨਾਵਾਂ ਨੇ ਜਿਥੇ ਪੁਜਾਰੀ ਮਾਨ ਸਿੰਘ ਦੇ ਦਿਲ ਵਿਚ ਆਉਣ ਵਾਲੇ ਸਮੇਂ, ਕਲਯੁਗ ਦਾ ਵਧੇਰੇ ਮਾਇਆ ਪ੍ਰਭਾਵ ਜੀਵਾਂ ਤੇ, ਸਰਧਾ ਘੱਟ, ਉਧਰ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨਾਲ ਹੋਇਆ ਕੌਤਕ, ਆਪਸੀ ਦੋਵੇਂ ਰਲ ਬੈਠੇ ਤੇ ਵਿਚਾਰ ਕੀਤੀ—ਸ਼ਹੀਦੀ ਪਹਿਰੇ ਦੀ ਸਖਤੀ, ਆਉਣ ਵਾਲਾ ਸਮਾਂ—ਨਿਰਸ਼ਰਧਕ ਕੇਵਲ ਮੇਲਾ ਵੇਖਣ ਦੇ ਭਾਵ ਨਾਲ ਆਉਣ ਵਾਲੇ ਦਰਸ਼ਕਾਂ ਦੀ ਹਾਲਤ ਨੂੰ ਅਨਭਵ ਕਰਦਿਆਂ ਕਿ ਜੇ ਅਜੇਹੀ ੨੪—੨੪ ਕੋਹ ਤੇ ਸੱਚਖੰਡ ਤਖਤ ਤੇ ਸ਼ਹੀਦੀ ਪਹਿਰੇ ਦੀ ਸਖਤੀ ਰਹੀ ਤਾਂ ਸ਼ਾਇਦ ਹੀ ਕੋਈ ਯਾਤਰੀ ਆ ਦਰਸ਼ਨ ਕਰ ਸਕੇਗਾ, ਲੋਕ ਨਾਸਤਕ ਤੇ ਕਈ ਸ਼ੰਕਿਆਂ ਦਾ ਸ਼ਿਕਾਰ ਹੋ ਜਾਣਗੇ ਤੇ ਸੱਚਖੰਡ ਤਖਤ ਦੇ ਦਰਸ਼ਨਾਂ ਤੋਂ ਵਿਰਵੇ ਰਹਿ ਜਾਇਆ ਕਰਨਗੇ।

ਪਰ ਕੀਤਾ ਕੀ ਜਾਵੇ? ਕਿਵੇਂ ਇਸ ਬਾਰੇ ਸਤਿਗੁਰਾਂ ਪਾਸੋਂ ਆਮ ਸੰਗਤਾਂ ਨੂੰ ਬਿਨਾਂ ਰੋਕ-ਟੋਕ ਦਰਸ਼ਨਾਂ ਦੀ ਖੁੱਲ ਪ੍ਰਾਪਤ ਹੋਵੇ, ਕਿਉਂਕਿ 'ਸਤਿਗੁਰ ਨੂੰ ਜਿਹਾ ਕੋ ਇਛਦਾ, ਤੇਹਾ ਫਲ ਪਾਵੈ ਕੋਇ॥' ਜੋ ਜੈਸੀ ਭਾਵਨਾ ਸ਼ਰਧਾ ਨਾਲ ਆਵੇਗਾ, ਤੈਸਾ ਫਲ ਪ੍ਰਾਪਤ ਕਰ ਲਵੇਗਾ।

ਪੁਜਾਰੀ ਮਾਨ ਸਿੰਘ ਜੀ ਨੇ ਕਿਹਾ ਕਿ ਸਤਿਗੁਰਾਂ ਦਾ ਫੁਰਮਾਣ ਹੈ ਕਿ ਜੱਦ ਭੀ ਪੰਥ ਤੇ ਕੋਈ ਭੀੜ ਆਵੇ, ਜਾਂ ਚਲ ਰਹੀ ਮਰਯਾਦਾ ਵਿਚ ਗੁਰੂ ਆਸ਼ੇ ਅਨੁਸਾਰ, ਸਮੇਂ ਨੂੰ ਮੁੱਖ ਰੱਖਦਿਆਂ, ਕੋਈ ਆਗਿਆ ਪ੍ਰਾਪਤ ਕਰਨੀ ਹੋਵੇ, ਅਤੇ ਪ੍ਰਉਪਕਾਰ ਬਦਲੇ, ਲੋਕ ਭਲਾਈ ਦਾ ਮੰਤਵ ਹੋਵੇ ਤਾਂ

ਮੰਨੋ ਭੁਲ ! ਤੇ ਹੁਣੇ ਜਾਂ ਸਵੇਰੇ ਮਾਤਾ ਜੀ ਦੇ ਅਸਥਾਨ ਖੁਦ ਚਲਕੇ ਜਾਵੋ ਤੇ ਭਿਹੰਗਮਾਂ ਨੂੰ ਰਸਦ ਪਹੁੰਚਾਵੋ, ਉਹ ਭੁਖੇ ਬੈਠਣ ਇਹ ਕਿਧਰ ਦਾ ਨਿਯਮ ਹੈ।

ਮੋਹਤ ਮਮ ! ਆਪਣੇ ਕਠੋਰ ਬਚਨਾਂ ਕਾਰਨ ਆਏ ਸੇਵਾਦਾਰ ਦੇ ਬਚਨ ਸੁਣਦਾ, ਇਕ ਦੱਮ ਹਾਇ ਨਾ ਮਾਰੋ–ਬਚਾਵੋ, (ਗੈਬੀ ਅਵਾਜ਼) ਜੇ ਸਵੇਰ ਹੁੰਦੇ ਸਾਰ ਮਾਤਾ ਜੀ ਦੇ ਅਸਥਾਨ ਤੇ ਰਸਦ ਨਾ ਪੁਜੀ ਤਾ

(ਸਾਵਨ-ਭਾਦੋਂ) ਜੋ ਦੋ ਕੜਾਹੇ, ਜਿਹਨਾਂ ਨੂੰ ਮੂਧੇ ਮਾਰਿਆਂ, ਆਦਮੀ ਖਲੋ ਜਾਂਦਾ ਹੈ, ਅਤੇ ਜੋ ਸਤਿਗੁਰਾਂ ਦੇ ਸਮੇਂ ਸੰਗਤਾਂ ਲਈ ਇਕ ਕੜਾਹ ਪ੍ਰਸ਼ਾਦ ਦੀ ਦੇਗ ਤੇ ਦੂਜੇ ਸ਼ਹੀਦੀ ਦੇਗਾਂ ਨਾਲ ਭਰ ਕੇ ਵਰਤਾਏ ਜ਼ਾਂਦੇ ਸਨ–ਜਦ ਇਹਨਾਂ ਨੂੰ ਇਸੇ ਤਰ੍ਹਾਂ ਇਕ ਕੜਾਹ ਪ੍ਰਸ਼ਾਦਿ ਤੇ ਦੂਜਾ ਸ਼ਹੀਦੀ ਦੇਗ ਨਾਲ ਭਰ ਕੇ ਅਰਦਾਸ ਕਰੋਗੇ ਤਾਂ ਗੁਰੂ ਪੰਥ ਖਾਲਸੇ ਦੀ ਕੀਤੀ ਅਰਦਾਸ ਅਸੀਂ ਜ਼ਰੂਰ ਪ੍ਰਵਾਨ ਕਰਾਂਗੇ।

ਤਾਂ ਤੇ ਸੰਤ ਜੀ ਮਹਾਰਾਜ, ਅਜੇਹਾ ਕੀਤਾ ਜਾਵੇ, ਦੋਵੇਂ ਕੜਾਹੇ ਭਰੇ ਗਏ, ਸੰਗਤਾਂ ਗੁਰੂ ਹਜੂਰ ਇਕੱਤ੍ਰ ਹੋਈਆਂ, ਸੰਤ ਬਾਬਾ ਅਤਰ ਸਿੰਘ ਜੀ ਨੇ ਅਰਦਾਸ ਕੀਤੀ–ਹੇ ਪਤਿਤ ਪਾਵਨ, ਕਲਗੀਧਰ ਸਤਿਗੁਰੂ ਜੀ ਆਪ ਜੀ ਦੇ ਫੁਰਮਾਣ ਮੁਤਾਬਕ ਸਮਾਂ ਬੜਾ ਭਿਆਨਕ ਆ ਰਿਹਾ ਹੈ ਲੋਕਾਂ ਵਿਚ ਸ਼ਰਧਾ ਭਾਵਨਾ ਘਟੇਗੀ ਪਰ ਆਪ ਜੀ ਦੇ ਇਸ ਸੱਚਖੰਡ ਦਰਬਾਰ ਦੀ ਮਹੱਤਤਾ ਨੂੰ ਮੁਖ ਰਖਦਿਆਂ, ਇਸ ਅਸਥਾਨ ਦੇ ਦਰਸ਼ਨਾਂ ਲਈ ਆਏ ਯਾਤਰੀਆਂ ਤੇ ਸਖਤ ਸ਼ਹੀਦੀ ਪਹਿਰੇ ਦੀ ਪਾਬੰਦੀ ਦੂਰ ਕਰੋ, ਤੇ ਜੋ ਜਿਹੋ ਜੇਹੀ ਭਾਵਨਾ ਕਰਕੇ ਆਪ ਜੀ ਦੇ ਦਰ ਆਵੇਗਾ, ਉਹ ਆਪਣੀ ਭਾਵਨੀ ਸ਼ਰਧਾ ਅਨੁਸਾਰ ਫਲ ਪ੍ਰਾਪਤ ਕਰ ਲਵੇਗਾ।

'ਕਰ ਮਹਿਰਹਮਤ ਸਾਈ ਕ੍ਰਿਪਾ ਕਰਕੇ ਸ਼ਹੀਦੇ ਪਹਿਰੇ ਦੀ ਸਖਤੀ ਦੂਰ ਕਰਕੇ, ਸਭ ਸੰਗਤਾਂ ਨੂੰ ਅਗੋਂ ਤੋਂ ਖੁਲੇ ਦਰਸ਼ਨ ਦੀਦਾਰ ਕਰਨ ਦੀ ਆਗਿਆ ਬਖਸ਼ੋ !

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

ਓਸੇ ਦਿਨ ਤੋਂ ਹੀ ਉਹ ਸ਼ਹੀਦੀ ਦਰਵਾਜ਼ਾ (ਜੋ ਸੱਚਖੰਡ ਦਰਬਾਰ ਦੇ ਖੱਬੇ ਆਖਰੀ ਗੁੱਠ ਵਿਚ ਦਰਵਾਜ਼ਾ ਹੁੰਦਾ ਸੀ) ਜਿਸ ਵਿਚੋਂ ਜੋ ਪੁਰਸ਼ ਬੇ ਅੰਮ੍ਰਿਤੀਆ ਜਾਂ ਆਕੜ ਨਾਲ–ਕੁਰਹਿਤੀਆ ਲੰਘਦਾ ਤਾਂ ਉਸੇ ਵੇਲੇ ਮੂੰਹ ਪਰਨੇ ਡਿੱਗਦਾ ਤੇ ਸ਼ਹੀਦਾਂ ਵਲੋਂ ਮਾਰ ਕੁਟਾਈ ਦੀ ਕੁਰਲਾਹਟ ਸੁਣੀ ਜਾਂਦੀ। ਜੋ ਪੁਰਸ਼ ਅਦਬ-ਸਤਿਕਾਰ ਨਾਲ ਨਮਸ਼ਕਾਰ ਕਰਕੇ ਲੰਘਦਾ, ਉਸ ਨੂੰ ਕੁਝ ਨਹੀਂ ਸੀ ਹੁੰਦਾ, ਉਹ ਦਰਵਾਜ਼ਾ ਭੀ ਬੰਦ ਕਰ ਦਿੱਤਾ ਗਿਆ।

ਇਉਂ 'ਲਿਖਾਰੀ ਸਿੰਘ' ਸ਼ਹੀਦੀ ਪਹਿਰਾ ਤਾਂ ਹੁਣ ਭੀ ਹੈ, ਤਾਂ ਹੀ ਤੇ ਕਈ ਵਾਰੀ ਸਿੰਘਾਂ ਨੂੰ ਭੀ ਤੇ ਸਾਨੂੰ (ਪੁਜਾਰੀ ਹੀਰਾ ਸਿੰਘ ਜੀ) ਪਕੜ ਹੋ ਜਾਂਦੀ ਹੈ। ਪਰ ਅਰਦਾਸ ਤੋਂ ਪਿਛੋਂ ੨੪ ਕੋਹ ਦੀ ਬੰਦਸ਼ ਬੰਦ ਹੈ, ਤਖਤ ਤੇ ਕਦੀ ਕਦੀ ਪਹਿਰਾ ਹੋ ਜਾਇਆ ਕਰਦਾ ਹੈ। ਹੋ ਸਕਦਾ ਹੈ ਸਹਿਜੇ ਸਹਿਜੇ-'ਭਾਵਨੀਆ ਤੇ ਹਰਿ ਪਾਈਐ ॥' ਵਾਲਾ ਬਚਨ ਹੀ ਸਿੱਧ ਹੋ ਆਵੇ।

ਦਾਸ ਨੇ ਸ਼ਹੀਦੀ ਪਹਿਰੇ ਦੇ ਜ਼ਿੰਦਗੀ ਵਿਚ ਅਨੇਕਾਂ ਕੌਤਕ ਸੱਚਖੰਡ ਭੀ ਤੇ ਹੋਰ ਅਸਥਾਨਾਂ ਤੇ ਵੇਖੇ ਹਨ।

ਤੇਰਾ (ਇੰਤਕਾਲ) ਕੀਰਤਨ ਸੋਹਿਲਾ ਪੜਿਆ ਹੋਵੇਗਾ–ਇਹ ਸ਼ਹੀਦੀ ਬਚਨ ਸੁਣ ਰਿਹਾ ਮੋਹਤ ਮਮ–ਹੱਥ ਜੋੜੀ ਮਾਫ ਕਰ ਦਿਓ, ਹੁਕਮ ਕਰੋ ਹੁਣ ਭੇਜਾਂ ਜਾਂ ਸਵੇਰੇ ?

ਤੈਨੂੰ ਪਤਾ ਨਹੀਂ ਉਹ ਕੌਣ ਹਨ ਮਹਾਂਪੁਰਸ਼ ? ਤੂੰ ਸਭ ਨੂੰ ਇਕੋ ਰਸੇ ਬੰਨੀ ਜਾ ਰਿਹਾ ਏਂ, ਖੋਹਲ ਅੱਖਾਂ ਵੇਖ ! ਮੋਹਤਮਿਮ ਜੀ ਬਖਸ਼ੋ ! ਸਵੇਰੇ ਰਸਦ ਪੁੱਜ ਜਾਵੇਗੀ ? ਹੁਣੇ ਛਾਉਣੀ ਜਾਹ ਤੇ ਕਹੋ–

ਰਸਦ ਭੇਜਣੀ– ਰਾਤ ਹੀ ਮੋਹਤਮਿਮ ਭੈ-ਭੀਤ ਹੋਇਆ–ਖੁਦ ਛਾਉਣੀ ਨਿਹੰਗ ਸਿੰਘਾਂ ਪੁੱਜਾ ਤੇ ਦਰਹਿ ਬੁਲਾਈ। ਜਥੇਦਾਰ ਜੀ– ਆਓ ! ਮੋਹਤਮਿਮ ਸਾਹਿਬ, ਕਿਵੇਂ ਇਸ ਵੇਲੇ ਆਉਣਾ ਹੋਇਆ ?

ਮੋਹਤ ਮਿਮ– ਜਥੇਦਾਰ ਜੀ ! ਬਖਸ਼ ਲਉ–ਮੈਂ ਭੁੱਲ ਗਿਆ !

ਜਥੇਦਾਰ– ਕੀ ਹੋਇਆ ਏ ? ਅਸਾਂ ਤੇ ਤੈਨੂੰ ਕੁਝ ਨਹੀਂ ਆਖਿਆ ? ਤੇ ਨਾ ਹੀ ਸਾਡਾ ਕੁਝ ਤੈਂ ਵਿਗਾੜਿਆ ਏ ?

ਮੋਹਤ ਮਮ– ਸਿੰਘ ਜੀ ! ਵੱਡੀ ਭੁੱਲ ਮੈਂ ਕਰ ਚੁੱਕਾ ਹਾਂ–ਗੁਨਾਹ ਗਾਰ ਹਾਂ, ਤਾਂ ਹੀ ਮਾਰ ਧਾਦੀ ਏ–ਤੇ ਸਾਰੀ ਰਾਤ ਮਾਰ ਮਾਰ ਪਾਸੇ ਭੰਨ ਦਿੱਤੇ ਨੇ ਮੇਰੇ।

ਜਥੇਦਾਰ– ਕਿਸੇ ਸਾਡੇ ਸਿੰਘ ਨੇ ਕੁਝ ਕਿਹਾ ? ਦਸੋ ਹੁਣੇ ਸੋਧਾ ਚਾੜ੍ਹਦੇ ਹਾਂ। ਕਿਉਂ ਭਾਈ ਗੁਰਦਿੱਤ ਸਿੰਘ ਜੀ ਤੁਸੀਂ ਕੱਲ ਰਸਦ ਵਾਸਤੇ ਗਏ ਸੀ, ਤੁਸਾਂ ਮਾਰਾ-ਬਕਾਰਾ ਤਾਂ ਨਹੀਂ ਕੀਤਾ। ਇਹ ਸਰਕਾਰੀਏ ਨੇ, ਵੇਖੀਂ ਕਿਧਰੇ ਕਟਕ ਚੜਾਂਦੇ ਹੋਵਣ, ਨਵਾਬ ਨੂੰ ਕਹਿਕੇ। ਅਗੇ ਨਿਸ਼ਾਨ-ਧੌਂਸੇ ੧੨ ਸਾਲ ਸ਼ੁਬਤ ਕਰਵਾ ਛੱਡੇ ਸਨ ਤੇ ਹੁਣ ਕਿਧਰੇ ਸਿੰਘ ਨੂੰ ਨਾ ਕਢਵਾ ਦੇਣ ?

ਭਾਈ ਗੁਰਦਿੱਤ ਸਿੰਘ– ਜਥੇਦਾਰ ਸਾਹਿਬ ਜੀ, ਮੈਂ ਤਾਂ ਨਾ ਮਾਰਾ-ਬਕਾਰਾ ਕੀਤਾ ਤੇ ਨਾ ਦੁਰਬਚਨ ਹੀ ਕਹੇ ਹਨ। ਇਹ ਬਜ਼ਿੱਦ ਹੋ ਗਏ, ਮੈਂ ਕਠੋਰ ਜੁਵਾਬ ਸੁਣ, ਮੁੜ ਆਇਆਂ ਹਾਂ, ਸਿਰਫ ਆਪ ਜੀ ਤੇ ਬਾਬਾ ਮਿੱਤ ਸਿੰਘ ਜੀ ਦੇ ਡਰ ਕਰਕੇ ਕੋਈ ਉੱਤਰ ਨਹੀਂ ਦਿੱਤਾ।

ਮੋਹਤ ਮਮ– ਨਹੀਂ ਜਥੇਦਾਰ ਜੀ, ਇਹ ਜਦ ਮੈਂ ਕੁੜਿੱਤਨ ਦੇ ਬੋਲ-ਕਬੋਲ ਬੋਲ ਨਿਰਾਦਰੀ ਕਰ ਮੋੜ ਦਿਤੇ ਸੀ, ਤਾਂ ਇਹਨਾਂ ਸੁਤੇ, ਅਜੇਹੇ ਬਚਨਾਂ ਦੇ ਤੀਰ ਮਾਰੇ, ਜਿਨਾਂ ਮੈਨੂੰ ਸ਼ਾਮ ਤੱਕ ਨਹੀਂ ਟਿਕਣ ਦਿੱਤਾ, ਜਦ ਮੈਂ ਰਾਤ ਨੂੰ ਸੌਣ ਲੱਗਾ ਤਾਂ ਹੀ ਪਤਾ ਲੱਗਾ ਕਿ ਨੀਲੇ ਬਾਣਿਆ ਵਾਲੇ (ਸ਼ਹੀਦ ਸਿੰਘ) ਕਈ ਸਿੰਘ ਬਰਛੇ, ਸਲੋਤਰੇ ਪਕੜੀ ਬੜੇ ਰੋਹ ਵਿਚ ਆ ਮੇਰੇ ਦੁਵਾਲੇ ਹੋ ਗਏ ਪਕੜੋ ਦੁਸ਼ਟ ਨੂੰ-ਮਾਰੋ, ਵੇਖਦਿਆਂ ਹੀ ਵੇਖਦਿਆਂ ਕੁਟਾਪਾ ਚਾੜ ਦਿੱਤਾ–ਵੇਖੋ ਮੇਰੇ ਥਾਂ ਥਾਂ ਨੀਲ ਪਏ ਹੋਏ ਹਨ, ਹੁਕਮ ਕੀਤੋ ਨੇ ਸਵੇਰੇ ਹੀ ੧੫ ਦਿਨਾਂ ਦੇ ਰਾਸ਼ਨ ਦੀ ਬਜਾਏ ਖੁੱਲਾ ਰਾਸ਼ਨ ਮਾਤਾ ਜੀ ਦੇ ਅਸਥਾਨ ਤੇ ਪਹੁੰਚਾ ਦਿਓ–ਵਰਨਾ ਆਪਣਾ ਆਪ ਸੋਚ ਲਵੋ, ਵਡੇ ਮਾਲਕ ਤੇ ਪ੍ਰਬੰਧਕ ਬਣੀ ਬੈਠੇ ਹੋ, ਉਥੇ ਖੁਲੇ ਲੰਗਰ ਚਲਣਗੇ, ਆ ਗਏ ਨੇ ਮਾਂ ਦੇ ਲਾਡਲੇ ਸਪੂਤ ਦੇਗ-ਤੇਗ ਦੇ ਧਨੀ–ਜਾਹ ਉਹਨਾਂ ਤੋਂ ਮੰਗ ਮਾਫੀ ਤੇ ਪਹੁੰਚਾ ਰਸਦ ।

ਜਥੇਦਾਰ ਜੀ, ਮੇਰੀ ਤੇ ਸਾਰੀ ਹੋਸ਼ ਭੁਲਾ ਦਿੱਤੀ ਨੇ, ਭੇਜੋ ਸਿੰਘ ਤੇ ਜਿਤਨਾ ਜੀ ਕਰੇ ਰਾਸ਼ਨ ਗੁਰੂ ਖਜ਼ਾਨੇ ਤੋਂ ਲੈ ਕੇ ਮਾਤਾ ਜੀ ਦੇ ਅਸਥਾਨ ਤੇ ਪਹੁੰਚਾਵੋ, ਤਾਂ ਜੋ ਮੈਂ ਸੁਰਖਰੂ ਹੋ ਸਕਾਂ–ਤੇ ਅਗੋਂ

ਜਦ ਭੀ ਸਿੰਘ ਭੇਜੋਗੇ ਰਾਸ਼ਨ ਬਿਨਾਂ ਰੋਕ-ਟੋਕ ਭੇਜ ਦਿੱਤਾ ਜਾਇਆ ਕਰੇਗਾ।

ਮੇਰੇ ਵਲੋਂ ਬਾਬਾ ਜੀ ਦੇ ਚਰਨਾਂ ਤੇ ਸੀਸ ਰੱਖ, ਮਾਫੀ ਮੰਗਣੀ ਕਿ ਮੇਰਾ ਗੁਨਾਹ ਮਾਤਾ ਜੀ ਮਾਫ਼ ਕਰ ਦੇਣ, ਮੈਂ ਅਨਜਾਣ ਸਾਂ ਤੇ ਗੁਨਾਹਗਾਰ ਹਾਂ। ਹੱਠ ਧਰਮੀ ਕੀਤੀ ਹੈ ਸਿੰਘਾਂ ਨਾਲ।

ਜਥੇਦਾਰ ਜੀ– ਹੱਛਾ ! ਇਹ ਕੌਤਕ ਵਰਤਿਆ ਏ ? ਹੋਰ ਸਿੰਘ ਭੀ ਆ ਗਏ ਤੇ ਮੱਥਤ ਮਸ ਨੂੰ ਕਹਿਣ ਲਗੇ–ਕਿਉਂ ਆਕੜ ਭੱਜੀ ਏ ਕਿ ਨਹੀਂ, ਤੁਸੀਂ ਭੀ ਸਿੰਘਾਂ ਨੂੰ ਮਸਕਰੀਆਂ ਕਰਦੇ ਹੁੰਦੇ ਸੀ, ਆ ਗਏ ਨੇ ਨਾ, ਅਗਲਾ ਪਿਛਲਾ ਹਿਸਾਬ ਚੁਕਾਨ, ਹੁਣ ਭੀ ਰਸਦ ਖੁਲੀ ਨਾ ਖਾਂ ਭੇਜੀਂ–ਵੱਡਾ ਬਣਿਆ ਹੈ ਸਰਬਰਾਹ ! ਜਥੇਦਾਰ ਜੀ– ਭਾਈ ਗੁਰਦਿੱਤ ਸਿੰਘ ਜੀ ਜਾਓ ਮੋਹਤ ਮਿਮ ਨਾਲ ਤੇ ਰਸਦ ਲੈ ਕੇ ਜਾਓ, ਮਾਤਾ ਜੀ ਦੇ ਅਸਥਾਨ ਤੇ ਦੇ ਆਵੋ।

ਭਾਈ ਗੁਰਦਿੱਤ ਸਿੰਘ– ਕਾਫੀ ਸਮਾਂ ਨਾਂਹ-ਨੁਕਰ ਕਰਦੇ ਰਹੇ, ਮੈਂ ਨਾ ਜਾਵਾਂ ਇਸ ਮੋਹਤ ਮਸ ਨਾਲ, ਤੇ ਨਾ ਹੀ ਇਸ ਪਾਸੋਂ ਰਸਦ ਲਵਾਂ। ਇਸ ਨੂੰ ਲੋੜ ਹੈ ਆਪ ਦੇ ਆਵੇ, ਆ ਗਈ ਸੂ ਸਮਝ ? ਅਜੇ ਤਾਂ ਰਾਤ ਭੀ ਨਹੀਂ ਬੀਤੀ, 'ਜ਼ਰਾ ਦਿਨ ਕੁਟਾਪਾ ਚੜ੍ਹ ਜਾਣ ਦਿਓ', ਇਹ ਬਿਹੰਗਮਾਂ ਦੀ ਸਾਰ ਕੀ ਜਾਨਣ, ਨਾਲੇ ਇਹਨਾਂ ਦੇ ਮਨ ਵਿਚੋਂ ਮਾਤਾ ਜੀ ਦੇ ਅਸਥਾਨ ਬਾਰੇ ਦੁਬਦਾ ਦੂਰ ਹੋ ਜਾਵੇਗੀ। ਚਲ ਕੇ ਰਸਦ ਦੇ ਆਵੇ ਨਾਲੇ ਦਰਸ਼ਨ ਕਰ ਆਵੇ।

ਜਥੇਦਾਰ ਸਾਹਿਬ– ਭਾਈ ਗੁਰਦਿੱਤ ਸਿੰਘ ਜੀ, ਇਹ ਗੁਰ ਮਰਯਾਦਾ ਹੈ ਜਦ ਕੋਈ ਸ਼ਰਨ ਆ ਜਾਵੇ ਤਾਂ ਲਾਜ ਰੱਖਣੀ ਸਿੰਘਾਂ ਦਾ ਪਰਮ ਧਰਮ ਹੈ। ਸੋ ਤੁਸੀ ਭੀ ਹੱਠ ਨਾ ਕਰੋ ਤੇ ਇਹ ਸਤਿਗੁਰੂ ਦੇ ਚੋਜ਼-ਕੌਤਕ ਜੋ ਸੁਣ ਰਹੇ ਹੋ ਇਸ ਨੂੰ ਭਲੀ ਭਾਂਤ ਸਮਝੋ, ਜਾਓ ! ਲਵੋ ਰਸਦ ਤੇ ਪਹੁੰਚਾਵੋ ਬਾਬਾ ਮਿੱਤ ਸਿੰਘ ਜੀ ਪਾਸ।

ਭਾਈ ਗੁਰਦਿੱਤ ਸਿੰਘ ਜੀ– ਜਿਵੇਂ ਪੰਥ ਖਾਲਸੇ ਦਾ ਹੁਕਮ ਹੋਵੇ, ਸਵੇਰੇ ਹੀ ਮੋਹਤ ਮਿਮ ਪਾਸੋਂ ਰਸਦ ਲੈ ਮਾਤਾ ਜੀ ਦੇ ਪਹੁੰਚਾਈ ਗਈ–ਤੇ ਬਾਬਾ ਜੀ ਨੂੰ ਸਾਰਾ ਬ੍ਰਿਤਾਂਤ ਸੁਣਾਇਆ, ਪਰ ਬਾਬਾ ਜੀ ਸਭ ਕੁਝ ਜਾਣਦੇ ਹੋਏ ਭੀ ਚੁਪ ਗਹਿਰ-ਗੰਭੀਰ ਰਹੇ–ਕਿਉਂਕਿ ਦਾਤਾਰ ਦੇ ਅਜੇਹੇ ਕੌਤਕ ਨੂੰ ਸਹਿਨ-ਸੀਲਤਾ ਨਾਲ ਸਹਿ ਸਕਣ ਦੀ ਅਵਸਥਾ ਤੱਕ ਪਹੁੰਚ ਚੁੱਕੇ ਹੋਇ ਸਨ।

ਉਸ ਤੋਂ ਮਗਰੋਂ ਇਕ ਮਹੀਨਾ ਅਗਾਉਂ ਰਸਦ ਭੇਜੀ ਜਾਣ ਲੱਗੀ, ਪਰ ਕਈ ਵਾਰੀ ਦੇਰੀ ਹੋ ਜਾਂਦੀ–ਕਿਉਂ ਜੋ ਬਾਬਾ ਜੀ ਆਪ ਤਾਂ ਨਹੀਂ ਆਉਂਦੇ ਸਨ, ਕੋਈ ਸਿੰਘ ਦਰਸ਼ਨਾਂ ਲਈ ਜਾਂਦਾ ਤਾਂ ਰਸਦ ਇਕੱਠੀ ਲੈ ਜਾਂਦਾ। ਜਦ ਭੀ ਸੰਗਤ ਦਰਸ਼ਨਾਂ ਨੂੰ ਆਉਂਦੀ ਤਾਂ ਬਾਬਾ ਜੀ ਜੋ ਰਸਦ ਹਾਜ਼ਰ ਛੱਕਾ ਕੇ ਫਿਰ ਰਸਦ ਪੁੱਜਣ ਤੱਕ ਕੜਾਕੇ ਹੀ ਰਹਿੰਦੇ। ਬਾਬਾ ਜੀ ਦੇ ਜੀਵਨ ਦਾ ਕੜਾਕੇ ਰਹਿਣਾ ਇਕ ਅੰਗ ਤੇ ਆਮ ਕਹਾਵਤ ਹੀ ਬਣ ਗਈ ਸੀ–ਨਾ ਜਾਣੇ ਕਿੰਨਾ ਸਮਾਂ ਇਸ ਪੂਰਨਤਾ ਲਈ ਇਮਤਿਹਾਨ ਦੇ ਬਾਕੀ ਸਨ।

ਬਾਬਾ ਜੀ ਸੰਗਤਾਂ ਦੀ ਖੁਸ਼ੀ ਲੈ ਕੇ ਹੀ ਪ੍ਰਸੰਨ ਹੁੰਦੇ, ਆਪ ਕੜਾਕੇ ਰਹਿਕੇ, ਫਾਕੇ-ਮਸਤ ਲੰਗਰ, ਦਾਤੇ ਦੀ ਰਜ਼ਾ-ਭਾਣਾ ਮੰਨ ਹਮੇਸ਼ਾਂ ਸ਼ੁਕਰ ਗੁਜ਼ਾਰਦੇ।

ਬਾਬਾ ਜੀ ਦੀ ਸੰਗਤਾਂ ਦੀ ਸੇਵਾ ਦਾ ਉਮਾਹ

ਬਾਬਾ ਮਿੱਤ ਸਿੰਘ ਜੀ ਦੀ ਮੁੱਢਲੀ ਮਾਤਾ ਪਿਤਾ ਜੀ ਸਮੇਂ ਅਣਥੱਕ ਲੋਕ ਸੇਵਾ, ਪਰਉਪਕਾਰ ਤੋਂ ਲੈ ਕੇ ਗੁਰ ਅਸਥਾਨਾਂ ਦੀ ਸੇਵਾ, ਸਾਧ ਸੰਗਤ ਤੇ ਗੁਰਮਤਿ ਦੀ ਪੁਰਾਤਨ ਯੂਨੀਵਰਸਿਟੀ (ਬੁੱਢਾ ਦਲ) ਵਿਚ ਨਿਸ਼ਕਾਮ ਅਣਥੱਕ ਸੇਵਾ, ਬਿਨ ਬੋਲਿਆਂ ਨਾਮ ਸਿਮਰਨ ਦੀ ਸਿਖਰਤਾ ਦੀ ਛੋਹ ਦੀ ਪ੍ਰਾਪਤੀ ਵਿਚ ਮਸਤ ਰਹਿ ਕੇ ਸੇਵਾ ਦੇ ਮੁੱਢਲੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਅਜਿਹੇ ਮਜੀਠ - ਰੰਗ ਵਿਚ ਰੰਗ ਚੁੱਕੇ ਹੋਏ ਸਨ।

ਹੁਣ (ਬੁੱਢਾ ਦਲ ਦੀ ਕ੍ਰਿਆ) ਨਿੱਤ ਨਵੇਂ ਬਾਵੇਂ ਪੜਾਉ, ਨਿੱਤ ਲੋਹ - ਲੰਗਰ ਲਈ ਚੁਲ੍ਹੇ ਪੁੱਟਣੇ, ਲੰਗਰ ਪਕਾਉਣਾ, ਵਰਤਾਉਣਾ ਤੇ ਗੁਰੂ ਮਹਾਰਾਜ ਦਾ ਤੰਬੂ ਲਾਉਣਾ, ਨਿੱਤ ਨਵੀਆਂ ਸੰਗਤਾਂ ਨਾਲ ਮੇਲ-ਮਿਲਾਪ, ਨਿੱਤ ਕਿਰਿਆ ਵਿਚ ਵਾਧਾ - ਘਾਟਾ, ਹੁਣ ਨਿੱਤ ਨਵੀਂ ਚਾਲ ਢਾਲ ਦੀ ਬਜਾਏ ਸੁਖੈਣ, ਜੀ ਹਾਂ ਨਿਹਚਲ ਆਸਨ–ਟਿਕਾਉ ਅਤੇ ਨਾਲ ਹੀ ਮਨ ਦਾ ਵਧੇਰੇ ਟਿਕਾਓ, ਨਿਤ ਕਰਮ ਵਿਚ ਇਕਸੁਰਤਾ, ਨਿੱਤਨੇਮ, ਸੇਵਾ, ਸਿਮਰਨ ਨਿਯਮ ਬੱਧ ਅਤੇ ਲੰਗਰ ਦੇਗ ਲਈ ਭੀ ਟਿਕਾਉ, ਪ੍ਰਭੂ ਬਖਸ਼ਿਸ਼ ਦੁਆਰਾ ਹਰ ਪੱਖ ਤੋਂ 'ਧਾਵਨ' ਤੋਂ ਛੁਟਕਾਰਾ ਮਿਲ ਗਿਆ।

ਹੁਣ ਦਰਸ਼ਕ ਸੰਗਤਾਂ ਲਈ ਪਿਆਰ ਤੇ ਸੇਵਾ ਦਾ ਚਾਉ ਲਈ ਹਰ ਵੇਲੇ ਤੱਤਪਰ ਰਹਿਣ ਕਾਰਣ ਮਨ ਪਰਚਾ ਵੀ ਟਿੱਕਵਾਂ ਹੋਣ ਲਗ ਪਿਆ।

ਸੰਗਤਾਂ ਦਾ ਸਤਿਕਾਰ––ਜਦੋਂ ਤੇ ਜਿਸ ਵੇਲੇ ਵੀ ਸੰਗਤਾਂ ਦਰਸ਼ਨਾਂ ਨੂੰ ਆਉਂਦੀਆਂ ਬਾਬਾ ਜੀ ਆ ਰਹੀਆਂ ਸੰਗਤਾਂ ਨੂੰ ਅਗੋਂ ਹੋ ਕੇ ਮਿਲਦੇ। 'ਜੀ ਆਇਆਂ' ਸਤਿਕਾਰ, ਅਦਬ ਨਾਲ ਸੰਗਤਾਂ ਦੀ ਅਗਵਾਈ ਕਰ ਕੇ ਗੁਰਦੁਆਰਾ ਸਾਹਿਬ ਲਿਆਉਂਦੇ ਤੇ ਤੱਪੜ, ਦਰੀਆਂ ਜੋ ਭੀ ਹੁੰਦਾ, ਵਿਛਾ ਦੇਂਦੇ। ਹਾਜ਼ਰ ਜਿਹੋ ਜਿਹਾ ਪ੍ਰਬੰਧ ਹੋ ਸਕਦਾ ਜਲ - ਪਾਣੀ ਛਕਾਉਂਦੇ। ਜੇ ਹੋਰ ਕੋਈ ਵਸਤੂ ਹਾਜ਼ਰ ਨਾ ਹੁੰਦੀ, ਤਾਂ ਫੱਕਾ ਜਲ ਹੀ ਛਕਾ ਕੇ ਸੰਗਤਾਂ ਪਾਸੋਂ ਅਧੂਰੀ ਸੇਵਾ ਦੀ ਖਿਮਾਂ ਮੰਗ ਲੈਂਦੇ।

ਆਈਆਂ ਸੰਗਤਾਂ ਨੂੰ ਅਜਿਹਾ ਆਦਰ ਤੇ ਸਤਿਕਾਰ ਕਾਰਨ ਰਸਤੇ ਦਾ ਥਕੇਵਾਂ ਹੀ ਭੁੱਲ ਜਾਂਦਾ, ਮਨ ਵਿਚ ਸ਼ਾਂਤੀ ਤੇ ਪਿਆਰ ਦਾ ਉਮਾਹ ਜਾਗਦਾ। ਭਾਵੇਂ ਰਸਦ ਨਾ ਹੋਣ ਕਾਰਨ ਲੰਗਰ ਆਦਿ ਨਾ ਮਿਲਦਾ ਤਾਂ ਭੀ ਬਾਬਾ ਜੀ ਦੇ ਦਰਸ਼ਨਾਂ ਤੋਂ ਅਜਿਹੇ ਪ੍ਰਭਾਵਤ ਹੁੰਦੇ ਕਿ ਕਿਸੇ ਨੂੰ ਸ਼ਿਕਵਾ - ਸ਼ਿਕਾਇਤ ਕਰਨ ਦਾ ਹੀਆ ਨਾ ਪੈਂਦਾ ਕਿ ਜਾਣ ਬੁਝ ਕੇ ਲੰਗਰ ਜਾਂ ਸੇਵਾ ਨਹੀਂ ਕੀਤੀ। ਭੁੱਖ ਵਿਚ ਭੀ ਸੁੱਖ ਮਨਾਉਂਦੇ ਤੇ ਅਜਿਹੇ ਇਕਾਂਤ ਵਾਤਾਵਰਣ ਵਿਚ ਰਾਤ ਨੂੰ ਬਿਸ਼੍ਰਾਮ ਕਰਨ ਤੋਂ ਭੀ ਜੀਅ ਨਾ ਉਕਤਾਉਂਦੇ, ਸਗੋਂ ਬਾ-ਖੁਸ਼ੀ ਬਾਬਾ ਜੀ ਦੇ ਹੱਠ ਤੱਪ ਸੇਵਾ ਭਾਵ ਵੇਖ, ਆਪਣੇ ਮਨਾਂ ਵਿਚ ਇਕ ਸੱਚੇ, ਸੁੱਚੇ ਗੁਰਸਿੱਖ ਦੀ ਰਹਿਣੀ - ਬਹਿਣੀ, ਕਹਿਣੀ ਤੇ ਸਹਿਣੀ ਦੇ ਪ੍ਰਭਾਵ ਨੂੰ ਸਦੀਵੀ ਆਪਣੇ ਅੰਦਰ ਵਸਾ ਕੇ ਮਾਤਾ ਜੀ ਦੇ ਇਸ ਅਸਥਾਨ ਤੇ ਠੰਢਕ, ਪਿਆਰ, ਮਨ ਦੀ ਇਕਾਗਰਤਾ ਦੀਆਂ ਸਦੀਵੀ ਅਭੁੱਲ ਯਾਦਾਂ ਲੈ ਕੇ ਜਾਂਦੇ ਅਤੇ ਮਨ ਬਣਾਂਦੇ ਕਿ ਅਗੋਂ ਲੰਗਰ ਆਦਿ ਲਈ ਜੋ ਭੀ ਹੋ ਸਕੇ ਵੱਧ ਤੋਂ ਵੱਧ ਮਾਇਆ ਤੇ ਰਸਦ ਆਦਿ ਇਸ ਅਸਥਾਨ ਤੇ ਹੀ ਭੇਜੀਆਂ ਜਾਇਆ ਕਰਨਗੀਆਂ।

ਇਹ ਸੀ ਬਾਬਾ ਜੀ ਦੀ ਸ਼ਖਸ਼ੀਅਤ ਦਾ ਸੁਤੇ ਪ੍ਰਭਾਵ ਮਨਾਂ ਤੇ ਪੈਂਦਾ, ਅਤੇ ਉਹਨਾਂ ਦੇ ਸਵੱਛ ਹਿਰਦੇ ਦੀ ਆਤਮ ਸ਼ਕਤੀ-ਦ੍ਰਿੜ੍ਹ ਵਿਸ਼ਵਾਸ਼ ਦੀਆਂ ਝਲਕਾਂ ਦੇ ਲਿਸ਼ਕਾਰੇ ਹਰ ਪ੍ਰਾਣੀ ਦੇ ਹਿਰਦੇ ਠੰਢ ਨੂੰ ਪਾਉਂਦੇ ਹਨ।

ਗੁਰ ਸੇਵਾ ਦੀ ਮਹਿਕ ਚਾਰੇਂ ਪਾਸੇ ਫੈਲਣੀ

ਬਾਬਾ ਜੀ ਦੀ ਸੇਵਾ ਸਤਿਕਾਰ–ਨਿਆ ਸਵਾਗਤ ਫਿਰ ਸੰਗਤ ਰੂਪ ਹੀ ਹੋਇ ਕੇ ਸੇਵਾਦਾਰ ਦੇ ਭਾਵ ਦੇ ਕਾਰਣ ਜਿਥੇ ਦੂਰ-ਦੁਰੇਡੇ ਵਸਦੀਆਂ ਸੰਗਤਾਂ ਅੰਦਰ ਇਹ ਮਹਿਕ-ਖੁਸ਼ਬੋ ਪਸਰਨ ਲਈ ਹਰ ਆਏ ਯਾਤਰੀ ਦੇ ਅੰਦਰ ਗੁ: ਮਾਤਾ ਸਾਹਿਬ ਕੌਰਾਂ ਦੇ ਦਰਸ਼ਨਾਂ ਦੀ ਤੀਬਰ ਖਿੱਚ ਹੁੰਦੀ, ਕਠਨ ਰਸਤਾ ਅੱਠ ਮੀਲ ਤਹਿ ਕਰਕੇ ਭੀ ਇਸ ਪਾਵਨ ਅਸਥਾਨ ਦੀ ਛੋਹ–ਚਰਨ ਧੂੜ ਜ਼ਰੂਰ ਪ੍ਰਾਪਤ ਕਰ, ਸੱਚਖੰਡ ਦੀ ਯਾਤਰਾ ਨੂੰ ਸਫਲ ਹੋਈ ਸਮਝਦੇ, ਮਹਾਂ ਪੁਰਸ਼ਾਂ ਦੇ ਦਰਸ਼ਨਾਂ ਤੋਂ ਉਸ ਦੇ ਅੰਦਰ ਇਕ ਠੰਢਕ ਦੀ ਰੂਮਕ ਪੈਂਦੀ, ਇਹ ਮਹਿਕ 'ਬੁੱਢਾ ਦਲ' ਤੇ ਤਰਨਾ ਦਲਾਂ ਵਿਚ ਭੀ ਪਹੁੰਚ ਗਈ, ਲਟਬੌਰੇ-ਭੁੱਲੇ ਸ਼ਰਧਾਲੂ-ਬਿਹੰਗਮ ਅਜੇਹੇ ਅਸਥਾਨ ਤੇ ਮਹਾਂ ਪੁਰਸ਼ਾਂ ਦੇ ਦੀਦਾਰਿਆਂ ਲਈ ਆਉਣ ਲੰਗ ਪਏ।

ਔਕੜਾਂ ਦਾ ਸਾਹਮਣਾ ਤੇ ਸਫਲਤਾਵਾਂ

ਯਾਤਰੀ (ਗੁਰਮੁਖ ਸਾਧ-ਸੰਗਤ) ਇਕਾਂਤ ਤੇ ਮਿੱਠਾ ਪਿਆਰ ਮਾਤਾ ਜੀ ਦੇ ਅਸਥਾਨ ਦੀ ਕੀਰਤੀ ਸੁਣ ਕਈ ਵਾਰੀ ਰਾਤ ਬਿਸਰਾਮ ਕਰਨ ਲਈ ਠਹਿਰ ਜਾਂਦੇ, ਜੇ ਢਾਕੇ ਕਾਰਨ ਸਰੀਰਕ ਭੋਜਨ ਨਹੀਂ ਮਿਲਿਆ ਤਾਂ ਆਤਮਕ ਸ਼ਾਂਤੀ–ਨਾਮ ਬਾਣੀ 'ਸਚ ਭੋਜਨ ਭਾਇਆ' ਵਿਚ ਹੀ ਤ੍ਰਿਪਤ ਅੰਦਰ ਅਵਸਥਾ ਵਿਚ ਰੈਣ ਗੁਜ਼ਾਰ ਕੇ ਧੰਨਭਾਗ ਸਮਝਦੇ। ਇਉਂ ਦਿਨ-ਬ-ਦਿਨ ਰੌਣਕ ਵਧਣ ਲੱਗੀ।

ਪਰ ਪਹਿਲਾਂ-ਪਹਿਲ ਕਈ ਔਂਕੜਾਂ ਦਾ ਸਾਹਮਣਾ ਭੀ ਕਰਨਾ ਪੈ ਰਿਹਾ ਸੀ। ਪਰ ਅਡੋਲ ਸ਼ਾਂਤ-ਚਿੱਤ ਗੁਰੂ ਭਰੋਸੇ ਦੇ ਦ੍ਰਿੜ੍ਹ-ਵਿਸ਼ਵਾਸ਼ੀ– 'ਦੇਸੀ ਰਿਜਕ ਸੰਬਾਹੇ ਜਿਨਿ ਉਪਾਈ ਮੇਦਨੀ' ਬਾਬਾ ਜੀ ਦੇ ਅੰਦਰ ਕੋਈ ਨਿਰਾਸਤਾ ਜਾਂ ਉਸਤੇਵਾਂ ਨਹੀਂ ਸੀ, ਉਹ ਜਾਣਦੇ ਸਨ– 'ਤੂ ਕਾਹੇ ਡੋਲੇ ਪ੍ਰਾਣੀਆ ਤੁਧ ਰਾਖੇਗਾ ਸਿਰਜਨਹਾਰ' ਜੀ ਹਾਂ– 'ਪਹਿਲੋ ਦੇ ਤੈ ਰਿਜਕ ਸੰਭਾਹਾ, ਪਿਛੋ ਦੇ ਤੈ ਜੰਤ ਅਪਾਹਾ॥'

ਬਾਬਾ ਜੀ ਅੰਦਰੋਂ ਇਹ ਭਰਮ ਭੁਲੇਖਾ ਜਾ ਚੁਕਾ ਹੋਇਆ ਸੀ ਕਿ ਅਸਾਡੇ ਯਤਨ ਕਰਨ ਨਾਲ ਲੰਗਰ ਦੇਗ ਚਲਨੀ ਹੈ–ਉਹਨਾਂ ਅੰਦਰ ਵਿਸ਼ਵਾਸ਼ ਸੀ ਕਿ– 'ਕਾਹੇ ਰੇ ਮਨ ਚਿਤਵੈ ਉਦਮ, ਜਾ ਆਹਰ ਹਰਿ ਜੀਓ ਪਰਿਆ॥' ਵਾਹਿਗੁਰੂ ਜੀ ਦੀ ਰਜ਼ਾ ਤੇ 'ਸਹਿਜੇ ਹੋਇ ਸੋ ਹੋਇ' ਦੀ ਖੇਡ ਵਿਚ ਭੁਣੇ ਵਿਚ ਰਹਿ ਰਹੇ ਸਨ, ਅਤੇ ਉਸ ਸਮੇਂ ਦੀ ਉਡੀਕ ਵਿਚ ਸਨ ਜਦ ਮਾਤਾ ਜੀ ਖੁਲੇ ਭੰਡਾਰੇ ਵਰਤਾਣਗੇ।

ਔਕੜਾਂ– ੧. ਦੇਗ-ਲੰਗਰ ਦੇ ਪ੍ਰਬੰਧ ਲਈ ਰਸਦਾਂ ਦਾ ਯੋਗ ਪ੍ਰਬੰਧ ਨਾ ਹੋਣਾ, ਸੱਚਖੰਡ ਦਰਬਾਰ ਵਲੋਂ ਗਿਣੀ-ਮਿਣੀ ਰਸਦ ਤੇ ਉਹ ਭੀ ਆਈਆਂ ਸੰਗਤਾਂ ਨੂੰ ਛੱਕਾ ਦੇਣੀ।

੨. ਮਾਤਾ ਜੀ ਦੇ ਅਸਥਾਨ ਦੀ ਤਕਰੀਬਨ ਇਕ ਕਿੱਲਾ ਜ਼ਮੀਨ ਤੋਂ ਸਿਵਾ ਨਾਲ ਲਗਦੇ ਖੇਤ ਮਰਹੱਟਿਆਂ ਦੇ ਹੋਣ ਕਾਰਣ, ਸਿੱਖ-ਸੰਗਤਾਂ ਦੀ ਆਵਾ ਜਾਈ ਉਹਨਾਂ ਨੂੰ ਚੁੱਬਦੀ, ਵੈਸੇ ਭੀ ਉਹ ਗਰੀਬ ਲੋਕ, ਪਰ ਇਕ ਮਜ਼ਬੀ ਜਨੂਨ 'ਸਿੱਖ' ਅਸੀਂ ਮਰਹੱਟੇ ਕਾਰਨ ਇਸ ਅਸਥਾਨ ਦੀ ਪ੍ਰਕ੍ਰਮਾ

ਵੇਖਣ ਲਈ ਜਿਗਰਾ ਕਿਸ ਦਾ ਲਿਆਉਂਦੇ। ਪੱਥਰ ਪੂਜਕ (ਪੱਥਰ ਕਠੋਰ ਦਿਲ) ਹਨੂੰਮਾਨ ਦੇ ਪੁਜਾਰੀ–ਕੱਦ ਚਾਹੁੰਦੇ ਸਨ ਕਿ ਸਿੰਘਾਂ ਦਾ ਇਥੇ ਬੋਲ-ਬਾਲਾ ਹੋ ਜਾਵੇ।

ਇਸ ਹਸਦ ਨਫਰਤ ਦੇ ਕਾਰਨ ਸੰਗਤਾਂ ਨੂੰ ਖੇਤਾਂ ਵਿਚੋਂ (ਭਾਵੇਂ ਖਾਲੀ ਪਏ ਹੁੰਦੇ) ਲੰਘਣ ਤੋਂ ਰੋਕਿਆ ਜਾਂਦਾ, ਤੰਗ ਦਿਲ ਇਤਨੇ ਕਿ ਖੇਤਾਂ ਦੇ ਚਾਰੇਂ ਤਰਫ ਵਾੜਾਂ ਲਾ ਦਿਆ ਕਰਦੇ, ਜਿਸ ਤੇ ਸੰਗਤਾਂ ਤੇ ਮਰਹੱਟਿਆਂ ਵਿਚ ਕਈ ਵਾਰੀ ਲੜਾਈ-ਝਗੜਾ ਹੋ ਪੈਂਦਾ। ਕਿਉਂਕਿ ਮਾਤਾ ਜੀ ਦੇ ਅਸਥਾਨ ਨੂੰ ਹੀਰਾ ਘਾਟ ਜਾਂ ਸ਼ਿਕਾਰ ਘਾਟ ਵਲੋਂ ਸਿਰਫ ਗੋਦਾਵਰੀ ਨਦੀ ਦੇ ਕੰਡੇ ਜਾਂ ਵਿਚੋਂ ਹੀ ਰਾਹ ਸੀ, ਰਾਹ ਵਿਚ ਲੰਮੀਆਂ ਖੱਡਾਂ ਜਿਸ ਰਾਹੀ ਉਤਰਨਾ-ਚੜਨਾ ਬਹੁਤ ਮੁਸ਼ਕਲ ਹੁੰਦਾ ਸੀ, ਯਾਤਰੀ ਤੰਗ ਹੁੰਦੇ ਜਾਂ ਤਾਂ ਨਦੀ ਵਿਚ ਉਹ ਭੀ ਕਿਧਰੇ ਨਾਲੇ ਆ ਜਾਂਦੇ, ਜਾਂ ਫਿਰ ਸਿਧੇ ਖੇਤਾਂ ਵਿਚ ਹੋ ਜਾਂਦੇ ਜਿਸ ਤੇ ਮਰਹੱਟੇ ਖਾਲੀ ਖੇਤਾਂ ਚੋਂ ਭੀ ਲੰਘਣ ਨਾ ਦੇਂਦੇ।

੩. ਲੰਗਰ ਲਈ ਲੱਕੜਾਂ ਲਿਆਵਣ ਵਿਚ ਭਾਰੀ ਮੁਸ਼ਕਲ ਆਉਂਦੀ, ਜੇ ਔਖੇ-ਸੌਖੇ ਲੱਕੜਾਂ ਲੈ ਭੀ ਆਉਣੀਆਂ ਤਾਂ ਮਰਹੱਟੇ ਬਾਬਾ ਜੀ ਦਾ ਕੋਮਲ ਸੁਭਾ ਸਮਝ ਲਕੜਾਂ ਚੁੱਕ ਲਿਜਾਂਦੇ, ਬਾਬਾ ਜੀ ਅੱਖੀਂ ਵੇਖਦੇ ਭੀ ਕੁਝ ਨਾ ਕਹਿੰਦੇ।

੪. ਘੋੜਿਆਂ ਲਈ ਘਾਹ ਖੋਦ ਕੇ ਲਿਆਉਣਾ, ਤਾਂ ਕਈ ਵਾਰੀ ਰਸਤੇ ਵਿਚ ਹੀ ਪੰਡਾਂ (ਮਗਰੇ) ਖੋਹ ਲੈਣੇ–ਕਈ ਵਾਰੀ ਦੁਰਬਚਨ ਭੀ ਬੋਲ ਦੇਣੇ ਅਤੇ ਕਈ ਵਾਰੀ ਘੋੜਿਆਂ ਅਗੋਂ ਘਾਹ ਵੀ ਚੁੱਕ ਕੇ ਲੈ ਜਾਣਾ।

੫. ਸਿਵਾਏ ਨਦੀ (ਗੋਦਾਵਰੀ) ਦੇ ਤੱਟ ਤੋਂ ਹੋਰ ਕਿਸੇ ਪਾਸੇ ਫਿਰਨਾ ਤੁਰਨਾ ਭੀ ਮੁਸ਼ਕਲ ਸੀ, ਮਰਹੱਟੇ ਨਿੱਤ ਨਵੀਂ ਉਪਾਧੀ ਖੜੀ ਕਰਨ ਲਈ ਸੋਚਦੇ ਰਹਿੰਦੇ, ਪਰ ਬਾਬਾ ਜੀ ਸਹਿਣ-ਸ਼ਕਤੀ ਸੰਤੋਖ ਦੇ ਧਾਰਨੀ ਆਪਣੀ ਅਵਸਥਾ ਵਿਚ ਕੋਈ ਬਦਲ ਨਾ ਲਿਆਉਂਦੇ–

'ਸੰਤ ਨਾ ਛਾਡੇ ਸੰਤਈ, ਜਉ ਕੋਟਕ ਮਿਲੈ ਅਸੰਤ॥
ਮਲਯਾਗਰ ਭੁਯੰਗਮ ਬੇਡਿਆ, ਤ ਸੀਤਲਤਾ ਨ ਤਜੰਤ॥'

ਦੇ ਆਸ਼ੇ ਦੀ ਹਮੇਸ਼ਾਂ ਪਰੋੜਤਾ ਕਰਦੇ, ਕਦੀ ਕਿਸੇ ਦਾ ਬੁਰਾ ਨਾ ਲੋਚਦੇ। ਬਾਬਾ ਜੀ ਆਪ ਸਮਦਰਸੀ ਆਪ ਖੇਚਲ ਝਲ ਲੈਂਦੇ–ਪਰ ਵਾਹਿਗੁਰੂ ਦੀ ਖੇਡ ਜਾਣ, ਕਿਸੇ ਨੂੰ ਦੁਖ ਨਾ ਦੇਂਦੇ, ਕਿਉਂਕਿ ਬਾਬਾ ਜੀ ਦੇ ਅੰਦਰੋਂ ਮੈਂ ਤੇ ਮੇਰੀ ਦਾ ਅਭਾਵ ਮਿੱਟ ਚੁੱਕਿਆ ਹੋਇਆ ਸੀ। ਇਸ ਲਈ ਹਰ ਦਿਸ਼ਾ ਵਿਚ ਮਾਲਕ ਦੇ ਚੋਜ ਜਾਣ, ਹੁਕਮ ਰਜ਼ਾ ਵਿਚ ਰਾਜ਼ੀ ਰਹਿਣਾ ਯੋਗ ਸਮਝਦੇ।

੬. ਸੰਗਤਾਂ ਲਈ ਜਲ (ਖੂਹ) ਦਾ ਪ੍ਰਬੰਧ ਨਾ ਹੋਣ ਕਾਰਨ ਗੁਦਾਵਰੀ ਤੋਂ ਜਲ ਲਿਆਉਣ ਦੀ ਵੱਡੀ ਮੁਸ਼ਕਲ ਸੀ, ਪਰ ਬਾਬਾ ਜੀ ਕਦੀ ਘਬਰਾਹਟ ਵਿਚ ਨਾ ਆਉਂਦੇ, ਨਾ ਉਤਾਵਲੇ ਹੁੰਦੇ, ਤੇ ਹੱਸੂ ਹੱਸੂ ਚੇਹਰੇ ਨਾਲ ਆਪ ਗੜਵੇ ਲੈ ਨਦੀ ਤੋਂ ਜਲ ਭਰ ਲਿਆਉਂਦੇ।

੭. ਅਜੇਹੀਆਂ ਅਨੇਕਾਂ ਔਕੜਾਂ ਦੇ ਬਾਵਜੂਦ, ਬਾਬਾ ਜੀ ਅਡੋਲ ਸ਼ਾਂਤ ਚਿਤ ਰਹਿੰਦੇ, ਪਰ ਬਾਬਾ ਧਰਮ ਸਿੰਘ ਜੀ ਜੋ ਕੁਝ ਕੁੜਿੱਤਨ ਸੁਭਾ ਦੇ ਸਨ ਖਫਾ ਹੋ ਜਾਂਦੇ, ਬਾਬਾ ਮਿੱਤ ਸਿੰਘ ਜੀ ਕਈ

ਵਾਰੀ ਆਪਣੇ ਸਾਥੀ ਧਰਮ ਸਿੰਘ ਜੀ ਨੂੰ ਕਹਿ ਲੈਂਦੇ–ਅਸਾਂ ਦਾ ਇਹਨਾਂ ਨਾਲ ਝਗੜਾ ਕਰਨਾ ਨਹੀਂ ਬਣਦਾ, ਇਹ ਅਜੇ ਇਸ ਧਰਤੀ ਦੇ ਮਾਲਕ ਹਨ, ਇਹ ਆਪਣੇ ਦੇਸ਼ ਦਾ ਮਾਨ ਕਰਦੇ ਹਨ, ਅਸੀਂ ਇਸ ਧਰਤੀ ਦੇ ਮਾਲਕ ਨਹੀਂ, ਪ੍ਰਦੇਸੀ ਤੇ ਸੇਵਾਦਾਰ ਹਾਂ। ਹਾਂ ਮਾਲਕ ਕੁਝ ਕਹੇ ਸਾਨੂੰ ਗੁੱਸਾ ਨਹੀਂ ਕਰਨਾ ਲੋੜੀਏ। ਮਾਲਕ ਹੀ ਮਾਲਕ ਨਾਲ ਝਗੜ ਸਕਦਾ ਹੈ–

'ਜੇ ਸਕਤਾ ਸਕਤੇ ਕਉ ਮਾਰੈ, ਤ ਮਨ ਰੋਸ ਨ ਹੋਈ ॥' [ਮ: ੧

ਹਾਂ 'ਮਾਲਕ' ਜਗਤ ਮਾਤਾ ਜੀ ਦਾ ਜਦ ਹੁਕਮ ਹੋਇਆ, ਤਾਂ ਆਪੇ ਇਸ ਧਰਤੀ ਦੀ ਮਾਲਕੀ ਲੈ ਲੈਣਗੇ–ਤੇ ਇਹ ਮਰਹੱਟੇ ਇਸ ਅਸਥਾਨ ਦੇ ਸੇਵਕ ਹੋ ਕਾਰ ਕਰਿਆ ਕਰਨਗੇ, ਤੇ ਇਸ ਅਸਥਾਨ ਤੇ ਲੰਗਰ-ਦੇਗ ਦੇ ਅਥਾਹ ਪ੍ਰਵਾਹ ਚੋਂ ਲੰਗਰ ਮੰਗ ਕੇ ਛੱਕਿਆ ਕਰਨਗੇ, ਬਾਬਾ ਧਰਮ ਸਿੰਘ ਜੀ, ਉਤਾਵਲੇ ਹੋਵਣਾ ਸਾਡਾ ਕਰਮ ਨਹੀਂ ? ਵੇਖੋ ਚੋਜ਼ੀ ਦੇ ਚੋਜ !

ਬਾਬਾ ਧਰਮ ਸਿੰਘ ਜੀ– ਬਾਬਾ ਜੀ ਆਪ ਤਾਂ ਚੋਜ਼ੀ ਦੇ ਚੋਜ ਵੇਖੋ, ਕਹਿ ਕੇ ਟਾਲ ਦੇਂਦੇ ਹੋ, ਕੱਦ ਤੱਕ ਇਹਨਾਂ ਬੁੱਚੜਾਂ–ਸਿਰ ਘਸਿਆਂ ਦੇ ਬੋਲ-ਕਬੋਲ ਸਹਿਣ ਕਰਦੇ ਹੀ ਜਾਵਾਂਗੇ ਆਖਰ ਅਸੀਂ ਭੀ ਰਾਜ-ਜੋਗੀ ਹਾਂ, ਸ਼ਸ਼ਤ੍ਰਧਾਰੀ ਗੁਰੂ ਕਲਗੀਧਰ ਦੇ ਸਪੂਤ ਹਾਂ–ਬਾਣੇ ਨੂੰ ਲਾਜ ਆਉਂਦੀ ਏ, ਇਹਨਾਂ ਦੁਸ਼ਟਾਂ ਨੂੰ ਸੋਧਣਾ ਹੀ ਪਵੇਗਾ।

ਬਾਬਾ ਮਿੱਤ ਸਿੰਘ ਜੀ– ਬਾਬਾ ਧਰਮ ਸਿੰਘ ਜੀ ! ਅਸੀਂ ਸੇਵਾਦਾਰ ਹਾਂ, ਰਾਜੇ ਨਹੀਂ ? ਰਾਜੇ ਹੀ ਰਾਜੇ ਨਾਲ ਵੈਰ ਵਿਰੋਧ ਨਾਲ ਲੜਦੇ ਹਨ, ਜਾਂ ਸੀਮਾਂ ਮਲਣ ਰਾਜ ਖੋਹਣ ਦੀ ਲਾਲਸਾ ਨਾਲ ਲੜ ਦੇ ਝਗੜਦੇ ਹਨ ਪਰ– 'ਪੰਡਿਤ ਮੁਲਾਂ ਛਾਡੇ ਦੋਊ, ਹਮਰਾ ਝਗੜਾ ਰਹਾ ਨਾ ਕੋਊ' ਸਾਡਾ ਕਿਸ ਨਾਲ ਝਗੜਾ ਹੈ ? 'ਨਾ ਕੋ ਬੈਰੀ ਨਹੀ ਬੇਗਾਨਾ' ਬੇਗਾਨਾ ਹੋਵੇ ਤਾਂ ਝਗੜਾ ਕਰਦੇ ਚੰਗੇ ਲੱਗਦੇ ਹਾਂ, ਅਸੀਂ ਤਾਂ ਸਾਰੇ– 'ਏਕ ਪਿਤਾ ਏਕਸ ਕੇ ਹਮ ਬਾਰਕ' ਇਕ ਪਿਤਾ ਦੇ ਸਾਜੇ ਹੋਏ, ਫਿਰ ਝਗੜਾ ਕਿਸ ਨਾਲ ਤੇ ਵੈਰੀ ਕੌਣ ?

ਬਾਬਾ ਧਰਮ ਸਿੰਘ ਜੀ– ਆਪ ਤਾਂ ਮੁੱਢ ਤੋਂ ਇਹੋ ਇਕ ਸੰਥਾ ਰੱਟੀ ਜਾ ਰਹੇ ਹੋ, ਚੋਜ਼ੀ ਦੇ ਚੋਜ ਵੇਖੋ, ਹੁਕਮ ਵਿਚ ਰਵੋ, ਪਰ ਇਹ ਕੱਦ ਤੱਕ, ਕੜਾਕੇ ਫਾਕੇ ਕੱਟੇ, ਰੋਟੀ ਪੱਕਾ ਰੱਖੀ ਤਾਂ ਕੁੱਤਾ ਬਣ ਲੈ ਜਾਂਦਾ ਰਿਹਾ ਤਾਂ ਭੀ ਤੁਸਾਂ ਸੋਟਾ ਨਾ ਮਾਰਨ ਦਿੱਤਾ, ਘਾਹ ਲੱਕੜਾਂ ਮਰਹੱਟੇ ਖੋਹ ਲੈਣ, ਬੋਲ-ਕਬੋਲ ਬੋਲਣ ਤਾਂ ਭੀ ਤੁਸੀਂ ਚੁੱਪ–ਨਿਰਾ ਬੁੱਤ ਬਣ ਕੇ ਨਹੀਂ ਰਿਹਾ ਜਾਂਦਾ। ਕੁਝ ਨਾ ਕੁਝ ਕਰਨਾ ਹੀ ਪਵੇਗਾ, ਲਾਤੋਂ ਕੇ ਭੂਤ, ਬਾਤੋਂ ਸੇ ਨਹੀਂ ਮਾਨਤੇ। ਸੋਧਾ ਚਾਹੜਨਾ ਹੀ ਪਵੇਗਾ।

ਬਾਬਾ ਮਿੱਤ ਸਿੰਘ ਜੀ– ਨਹੀਂ ਸਾਥੀ ਸੱਜਨਾ–ਸੋਧਾ ਮਾਲਕ ਚਾਹੜੇਗਾ ਤੇ ਲੰਗਰ ਦੇਗ ਦਾ ਭੀ ਆਪ ਪ੍ਰਬੰਧ ਕਰੇਗਾ–ਉਸ ਨੂੰ ਸਾਧ-ਸੰਗਤ ਦਾ ਤੇ ਸਾਡਾ ਫਿਕਰ ਹੈ, ਤਾਂ ਤੇ ਵੇਖੋ ਰੰਗ ਦਾਤਾਰ ਦੇ।

ਇਉਂ ਕਈ ਵਾਰੀ ਬਾਬਾ ਧਰਮ ਸਿੰਘ ਜੀ ਦਾ ਬਾਬਾ ਮਿੱਤ ਸਿੰਘ ਜੀ ਨਾਲ ਕਈ ਵਾਰੀ ਵਿਚਾਰਾਂ ਦਾ ਵਾਦ-ਵਿਵਾਦ ਹੁੰਦਾ ਰਹਿੰਦਾ ਸੀ।

ਪਰ 'ਸਾਧ ਬਚਨ ਅਟਲਾਧਾ' ਸਮਾਂ ਆਉਣ ਤੇ ਸੱਚ ਹੋ ਨਿਬੜਿਆ ਅੱਖੀਂ ਵੇਖਿਆ, ਜ਼ਮੀਨਾਂ

ਦੇ ਮਾਲਕ ਅਖਵਾਉਣ ਵਾਲੇ ਮਰਹੱਟੇ, ਆ ਕੇ ਸੇਵਾ ਕਰਦੇ, ਪਾਣੀ ਲਿਆਉਂਦੇ, ਪਸ਼ੂਆਂ ਦੀ ਸੰਭਾਲ ਕਰਦੇ, ਤੇ ਲੰਗਰ ਚੋਂ ਦੂਰ ਬੈਠ ਕੇ ਮੰਗ ਕੇ ਪ੍ਰਸ਼ਾਦਾ ਛੱਕਦੇ, ਵਾਹ ਵਾਹ ਚੋਜ਼ੀ ਦੇ ਚੋਜ਼ਾਂ ਦੀ ਕਿਵੇਂ ਸ੍ਰਵਲਤਾ ਪ੍ਰਾਪਤ ਹੋਈ।

ਘੋੜਿਆਂ ਨੂੰ ਕੜਾਕੇ-ਫਾਕੇ, ਗੋਲੀ ਮਾਰਨ ਦੀ ਅਵਸਥਾ ਤੇ ਅਸਚਰਜ ਕੌਤਕ

ਬਾਬਾ ਜੀ ਜਿਨਾਂ ਦੇ ਘੋੜਿਆਂ ਤੇ ਸਾਮਾਨ ਲੱਦ ਕੇ ਨਾਲ ਲਿਆਏ ਸਨ ਉਹ ਭੀ ਬਾਬਾ ਜੀ ਹੋਰਾਂ ਨਾਲ ਭਾਰੀ ਕੜਾਕਿਆਂ ਦਾ ਸ਼ਿਕਾਰ ਹੋ ਜਾਇਆ ਕਰਦੇ, ਕਿਉਂਕਿ ਮਰਹੱਟਿਆਂ ਵਲੋਂ ਘਾਹ-ਪੱਠਾ ਖੋਹ ਲੈਣਾ ਤੇ ਅਗੋਂ ਚੁੱਕ ਕੇ ਲੈ ਜਾਣਾ। ਬਾਬਾ ਜੀ ਦਾ ਸਹਿਣ-ਸ਼ੀਲਤਾ ਦੇ ਸੁਭਾ ਕਾਰਨ ਅਣਾਕਿਆ (ਘੋੜਿਆਂ) ਨੂੰ ਭੀ ਇਹਨਾਂ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਤੇ ਬਾਬਾ ਜੀ ਵਾਂਗ ਸਬਰ ਸੰਤੋਖ ਨਾਲ ਸਮਾਂ ਬਿਤਾਉਣ ਲੱਗੇ, ਇਕ ਸਮਾਂ ਅਜੇਹਾ ਆਇਆ ਕਿ ਨਾ ਘਾਹ, ਨਾ ਪੱਠਾ, ਨਾ ਦਾਣਾ ਤੇ ਨਾ ਹੀ ਕੋਈ ਹੋਰ ਚਾਰਾ ਹੀ ਸੀ, ਕਈ ਦਿਨਾਂ ਤੋਂ ਕੁਝ ਮਿਲ ਹੀ ਨਹੀਂ ਰਿਹਾ ਸੀ, ਜਿਸ ਕਰਕੇ ਘੋੜੇ ਭੁੱਖੇ ਭਾਣੇ, ਕਮਜ਼ੋਰ ਤੇ ਲਿੱਸੇ ਹੋਣ ਲੱਗ ਪਏ।

ਬਾਬਾ ਧਰਮ ਸਿੰਘ ਜੀ ਤੋਂ ਇਹ ਦੁੱਖ ਸਹਿਣ ਨਾ ਹੋ ਸਕਿਆ, ਬਾਬਾ ਮਿੱਤ ਸਿੰਘ ਜੀ ਨੂੰ ਜਾ ਕਿਹਾ–ਕਿ ਅਸੀਂ ਤਾਂ ਜਿਵੇਂ ਕਿਵੇਂ ਕੜਾਕੇ ਕੱਟ ਹੀ ਰਹੇ ਹਾਂ ਪਰ ਇਹਨਾਂ ਬੇਜ਼ਬਾਨਾਂ ਦਾ ਦੁੱਖ ਵੇਖਿਆ ਨਹੀਂ ਜਾਂਦਾ, ਪੱਠੇ ਮਿਲਣ ਦੀ ਕੋਈ ਕਿਧਰੇ ਆਸ ਨਹੀਂ ? ਭਾਂਵੇ ਮੰਗਣਾ ਸਾਡਾ ਧਰਮ ਨਹੀਂ ? ਜੇ ਇਹਨਾਂ ਲਈ ਕਿਧਰੋਂ ਮੰਗਿਆ ਮਿਲ ਸਕਦੇ ਹੁੰਦੇ ਤਾਂ ਮੈਂ ਉਹ ਭੀ ਕਰ ਲਿਆਉਂਦਾ।

ਇਹਨਾਂ ਮਰ ਤਾਂ ਜਾਣਾ ਹੈ, ਪਰ ਭੁੱਖ ਨਾਲ ਤੜਪ ੨ ਕੇ ਮਰਨਾ (ਸਾਡੇ ਸਾਥੀਆਂ–ਘੋੜਿਆਂ ਜਿਨਾਂ ਸਾਡੇ ਨਾਲ ਹਰ ਹਾਲਤ ਵਿਚ ਸਾਥ ਦਿੱਤਾ ਤੇ ਦੁੱਖ-ਸੁੱਖ ਝੱਲੇ, ਅਤੇ ਝੱਲ ਰਹੇ ਹਨ) ਪਰ ਇਹਨਾਂ ਦੀ ਇਹ ਹਾਲਤ ਵੇਖ ਕੇ ਸਹਾਰਨ ਤੋਂ ਅਸਮਰਥ ਹੋ ਗਏ ਹਾਂ, ਕਿਉਂ ਨਾ ਗੋਲੀ ਮਾਰਕੇ ਇਸ ਦੁੱਖ ਤੋਂ ਇਹਨਾਂ ਦਾ ਛੁਟਕਾਰਾ ਕਰ ਦਈਏ।

ਬਾਬਾ ਮਿੱਤ ਸਿੰਘ ਜੀ ਨੇ ਜੱਦ ਇਹ ਬਚਨ ਸੁਣੇ ਤਾਂ ਚੇਹਰੇ ਤੇ ਕੋਈ ਅਲੌਕਿਕ ਜਲਾਲ ਆ ਗਿਆ–ਨੇਤਰ ਮੁੰਦੇ ਗਏ, ਕਿਸੇ ਵਜਦ ਵਿਚ ਪਰ ਸਹਿਜੇ, ਬੁੱਲਾਂ ਹੀ ਬੁੱਲਾਂ 'ਚ ਧੀਮੀ ਜੇਹੀ ਆਵਾਜ਼ ਆਈ, 'ਇਹ ਕਦਾਚਿੱਤ ਨਹੀਂ ਹੋ ਸਕਦਾ ? ਲੰਮੇ ਪੈਂਡਿਆਂ ਦੇ ਸਾਥੀ ਹਨ, ਮਿੱਤਰ ਹਨ ਤੇ ਦੁੱਖ-ਸੁੱਖ ਦੀ ਸਾਂਝ ਦੇ ਭਾਈਵਾਲ ਹਨ, ਮਾਲਕ ਦੇ ਭੇਜੇ, ਮਾਲਕ ਦੇ ਜੀਵ ਹਨ, ਇਹ ਇਹਨਾਂ ਦਾ ਸਾਡੇ ਵਾਂਗ ਕਰਮ ਭੋਗ ਹੈ, ਕੀ ਅਸੀਂ ਗੋਲੀ ਮਾਰੀਏ ? ਮਿੱਤ੍ਰ ਧਰੋਹੀ ਬਣੀਏ ? ਵਿਸ਼ਵਾਸ਼ ਘਾਤੀ ਬਣੀਏ ? ਇਹ ਕਿਵੇਂ ਹੋ ਸਕਦਾ ਹੈ, 'ਬਾਬਾ ਧਰਮ ਸਿੰਘ ਜੀ'–ਮਾਲਕ ਦੇ ਚੋਜ਼ ਹਨ, ਸਬਰ-ਸ਼ੁਕਰ ਤਾਂ ਕਰੋ, ਆਪਾ ਭਾਵ ਅੱਗੇ ਕਿਉਂ ਲਿਆਉਂਦੇ ਹੋ, ਜਿਸ ਮਾਲਕ ਦੇ ਇਹ ਹਨ, ਉਸ ਨੂੰ ਸਾਡੇ ਨਾਲੋਂ ਵਧੇਰੇ ਚਿੰਤਾ ਹੈ। ਕਰੋ ਅਰਦਾਸ–ਮਾਤਾ ਜੀ ਆਪ ਸਾਰ ਕਰਨਗੇ, ਅਜੇਹੇ ਨਿੱਤ ਕਲੇਸ਼ ਦੁੱਖਾਂ ਤੋਂ ਤਾਂ ਸਾਨੂੰ ਭੀ ਗੋਲੀ ਮਾਰ ਲੈਣੀ ਚਾਹੀਦੀ ਹੈ। ਹਾਂ ਹਾਂ– 'ਜਿਸ ਪਿਆਰੇ ਸਿਉ ਨੇਹੁ, ਤਿਸ ਆਗੈ ਮਰ ਚਲੀਏ ॥'

ਇਹਨਾਂ ਦੇ ਗੋਲੀ ਮਾਰਨ ਤੋਂ ਪਹਿਲਾਂ ਸਾਨੂੰ ਮਾਰੋ। ਅਸੀਂ ਇਹਨਾਂ ਮੁਸੀਬਤਾਂ ਦੇ ਹੀ ਕਾਰਨ ਜੂ ਹਾਂ। ਬਾਬਾ ਧਰਮ ਸਿੰਘ ਜੀ --(ਚਕ੍ਰਿਤ ਜੇਹੇ ਹੋ ਕੇ, ਚੌਂਕ ਕੇ) ਬਾਬਾ ਜੀ ਇਹ ਕੀ ਕਹਿ ਰਹੇ ਹੋ, ਤੁਹਾਨੂੰ ਗੋਲੀ ਮਾਰੀਏ ? ਪਰ ਦਸੋ ! ਹੁਣ ਫਿਰ ਕੀ ਕੀਤਾ ਜਾਵੇ। ਇਹਨਾਂ ਦੀ ਇਹ ਹਾਲਤ, ਦੁੱਖ ਜਰਨਾ ਔਖਾ ਹੋ ਗਿਆ ਹੈ। ਵੇਖੋ ਤਾਂ ਸਹੀ ਕਿਵੇਂ ਭੁੱਖੇ ਧਰਤੀ ਉਤੇ ਮੁਰਦੇਹਾਨ ਵਾਂਗ ਪਏ ਹਨ। ਅੱਖਾਂ ਭੀ ਤਾਂ ਨਹੀਂ ਖੋਲ੍ਹਦੇ।

ਬਾਬਾ ਮਿੱਤ ਸਿੰਘ ਜੀ--ਹੱਛਾ ! ਚੇਹਰੇ ਤੇ ਮੁਸਕਾਨ ਖੇੜਾ ਆਇਆ ਤੇ ਧੀਮੀ ਜੇਹੀ, ਸਹਿਜੇ ਜਿਹੇ ਕਿਹਾ–ਹੱਛਾ ਸਿੰਘਾ ! ਜੇ ਤੈਥੋਂ ਇਹਨਾਂ ਦਾ ਦੁੱਖ ਨਹੀਂ ਸਹਾਰਿਆ ਜਾ ਰਿਹਾ, ਤਾਂ ਵੇਖ ਸਤਿਗੁਰੂ ਜੀ ਦੀ ਅਪਾਰ ਲੀਲ੍ਹਾ, ਹਾਂ ਇਕ ਦਿਨ ਸਬਰ, ਸ਼ੁਕਰ ਨਾਲ ਹੋਰ ਕੱਟੋ। ਦੁੱਖਾਂ ਦਰਦਾਂ ਦਾ ਮਾਲਕ, ਅਤੇ ਮਾਤਾ ਜ਼ੀ ਆਪ ਹੀ ਉਪਾਏ ਕਰਨਗੇ।

ਬਾਬਾ ਧਰਮ ਸਿੰਘ– ਸਤਿਬਚਨ ! ਜਿਵੇਂ ਸਾਈਂ ਦਾ ਹੁਕਮ ਤੇ ਰਜ਼ਾ।

ਬਾਬਾ ਮਿੱਤ ਸਿੰਘ ਜੀ ਤੇ ਬਾਬਾ ਧਰਮ ਸਿੰਘ ਜੀ ਘੋੜਿਆਂ ਪਾਸ ਜਾ ਖਲੋਤੇ। ਮੱ.ਥੇ ਪਲੋਸਦੇ, ਦਿਲਾਸੇ ਦੇਂਦੇ, ਪਾਣੀ ਦੇ ਬਾਟੇ ਅੱਗੇ ਲਿਆ ਧਰਦੇ। ਸਹਿਜੇ ਸਹਿਜੇ ਕਹਿ ਉਠਦੇ–ਸਾਥੀਉ ! ਤੁਸੀਂ ਭੀ ਸਾਡੇ ਨਾਲ ਕਿੰਨੀਆਂ ਔਕੜਾਂ, ਕੜਾਕੇ ਕੱਟ ਰਹੇ ਹੋ। ਤੁਹਾਡਾ ਸਾਡਾ ਕੇਹਾ ਦਰਗਾਹੀ ਸੋਜੋਗ ਹੈ। ਪਰ ਅਸੀਂ ਬੇਬਸ ਹੋ ਚੁੱਕੇ ਹਾਂ। ਮਾਫ ਕਰ ਦੇਣਾ, ਪਰ ਇਕ ਦਿਨ ਹੋਰ ਸ਼ਬਰ ਸ਼ੁਕਰ ਨਾਲ ਕੱਟ ਲਵੋ, ਦਾਤਾਰ ਆਪ ਬਹੁੜੇਗਾ। ਹਾਂ ਤੁਸੀਂ ਧੰਨ ਹੋ, ਤੁਹਾਡਾ ਜਨਮ ਧੰਨ ਹੈ। ਬੜੇ ਸਬਰ ਸ਼ੁਕਰ ਦੇ ਨਾਲ ਦਿਨ ਗੁਜ਼ਰਾਨ ਕੀਤੇ ਜੇ। ਸਾਨੂੰ ਬੜੇ ਸੁੱਖ ਦਿਤੇ ਜੇ। ਪਰ ਅੱਜ ਅਸੀ ਆਪ ਦੇ ਅਹਿਸਾਨ ਦੀ ਦਾਦ ਦੇਣ ਤੋਂ ਵੀ ਅਸਮਰੱਥ ਹਾਂ, ਬੇਬੱਸ ਹਾਂ। ਅਰਦਾਸ ਮਾਲਕ ਅਗੇ ਕੀਤੀ ਏ, ਜ਼ਰੂਰ ਬਹੁੜੀ ਕਰਨਗੇ।

ਮਾਲਕ ਦੀ ਅਸਚਰਜਤਾ ਫੌਜੀ ਬਣ ਆਇਆ

ਸਾਰੀ ਰਾਤ ਘੋੜਿਆਂ ਪਾਸ ਜਾਗਦਿਆਂ ਲੰਘ ਗਈ। ਅੰਮ੍ਰਿਤ ਵੇਲਾ ਹੋਇਆ ਤਾਂ ਇਸ਼ਨਾਨ, ਸੌਚ ਕਰ ਕੇ ਘੋੜਿਆਂ ਪਾਸ ਆ ਬੈਠੇ। ਬਾਬਾ ਪਰਮ ਸਿੰਘ ਜੀ ਨਿੱਤ ਨੇਮ ਕਰ ਰਹੇ ਹਨ। ਪਹੁ ਫੁਟਾਲਾ ਹੋਣ ਹੀ ਵਾਲਾ ਸੀ ਕਿ ਇਕ ਫੌਜੀ ਵਰਦੀ ਵਿਚ

'ਬਹੁ ਰੂਪੀਆ ਚੋਜੀ ਦਾਤਾਰ', 'ਆਪੇ ਹਰਿ ਇਕ ਰੰਗ ਹੈ ਆਪੇ ਬਹੁ ਰੰਗੀ ॥'

ਸੋਹਣਾ ਮਨੁੱਖਾ ਰੂਪ ਹੈ, ਉਚਾ ਲੰਮਾ ਕੱਦ, ਸਢੌਲ, ਅਤਿ ਸੁੰਦਰ ਮਨਮੋਹਨਾ, ਮੱਸ ਫੁੱਟ ਦਾੜ੍ਹਾ, ਕੇਸਾਧਾਰੀ ਗੁਰਸਿੱਖ ਸਾਮ੍ਹਣੇ ਆ ਖਲੋਤਾ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ।

ਬਾਬਾ ਜੀ ! ਆਹ ਲਵੋ ੧੬ ਰੁਪੈ ਲੰਗਰ ਲਈ ਰਸਦ ਤੇ ਘੋੜਿਆਂ ਲਈ ਚਾਰਾ ਪੱਠੇ ਲੈ ਆਉਂਣੇ। ਬੜੇ ਲਿਸੇ ਨੇ ਘੋੜੇ, ਕੀ ਚਾਰਾ ਪੱਠਾ ਨਹੀਂ ਮਿਲਦਾ ? ਬੜਾ ਕਸ਼ਟ ਝੱਲ ਰਹੇ ਹਨ। ਚੰਗਾ ਆਹ ਲਵੋ ਰੁਪੈ, ਮੈਂ ਛੇਤੀ ਮੁੜਨਾ ਹੈ। ਸਮਾਂ ਥੋੜਾ ਹੈ ਹਾਜ਼ਰੀ ਦਾ।

ਬੱਸ ਚੋਜੀ ਦੇ ਚੋਜ ਹੀ ਸਾਮ੍ਹਣੇ ਰਹਿ ਗਏ। ੧੬ ਰੁਪੈ ਪੱਕੜੇ ਹੀ ਸਨ ਕਿ ਪਲੋ ਪਲੀ ਫੌਜੀ ਅਲੋਪ ਹੋ ਗਿਆ। ਬਾਬਾ ਧਰਮ ਸਿੰਘ ਜੀ ਨੇ ਬਾਬਾ ਮਿੱਤ ਸਿੰਘ ਜੀ ਨੂੰ ੧੬ ਰੁਪੈ ਦਿਤੇ ਤੇ ਫੌਜੀ ਬਾਰੇ

ਦੱਸ ਹੀ ਰਹੇ ਸਨ–

[–ਕੜਵੀਆਂ ਦੀਆਂ ਭਰੀਆਂ–]

ਕਿ ਥੋੜੀ ਹੀ ਦੇਰ ਬਾਹਦ ਫੌਜਾਂ ਦਾ ਮਾਲਕ, ਮੁੜ ਰੂਪ ਧਾਰ ਚਿੱਟੇ ਬਸਤਰ ਪਹਿਣੇ, ਤੇੜ ਕਛਹਿਰਾ, ਸਿਰ ਤੇ ਚਿੱਟੀ ਦਸਤਾਰ, ਲੰਮਾ ਚੋਲਾ, ੫ ਭਰੀਆਂ ਕੜਵੀ (ਸੁੱਕੀ ਜੁਵਾਰ) ਦੀਆਂ ਚੁੱਕੀ, ਆ ਗਿਆ ਤੇ ਕਹਿਣ ਲੱਗਾ–ਬਾਬਾ ਜੀ ਤੁਸਾਂ ਨੂੰ ਘੋੜਿਆਂ ਲਈ ਕੜਵੀ ਦੀ ਲੋੜ ਹੈ, ਚਾਰੇ ਬਿਨਾਂ ਕਿੰਨੇ ਲਿੱਸੇ ਹੋ ਗਏ ਨੇ, ਘੋੜਿਆਂ ਲਈ ਲੈ ਲਵੋ ਤੇ ਪਾਵੋ ਇਹਨਾਂ ਨੂੰ।

ਬਾਬਾ ਧਰਮ ਸਿੰਘ ਜੀ– ਅਜੇ ਪਹਿਲੇ ਛੱਲੀਏ ਦੇ ਛੱਲ ਵਿਚ ਛਲਾਂਗਾ ਲਾ ਹੀ ਰਹੇ ਸਨ ਕਿ ਨਹਿਲੇ ਤੇ ਦਹਿਲੇ ਵਾਂਗ, ਇਕ ਤੋਂ ਦੂਜਾ ਛੱਲੀਆ (ਚੋਜੀ) ਚਿੱਟ ਕੱਪੜੀਆ ਕੜਵੀ ਲੈ ਆਇਆ। ਸੋਚਾਂ ਦੇ ਸਮੁੰਦਰ ਵਿਚ, ਅਸਚਰਜਤਾ ਮੰਡਲਾਂ ਦੀਆਂ ਉਡਾਰੀਆਂ ਵਿਚ ਉੱਡਨ ਲੱਗੇ।

ਪੁਛਿਆ ! ਤੁਸੀਂ ਕੌਣ ਹੋ, ਕਿਥੋਂ ਆਏ ਹੋ, ਇਹ ਕੜਵੀ ਕਿਥੋਂ ਲਿਆਏ ਹੋ, ਇਧਰ ਤੇ ਕੋਈ ਜਿੱਥੇ ਜ਼ਿਮੀਂਦਾਰ ਨਹੀਂ ? ਤੁਸਾਂ ਇਹ ਕੜਵੀ ਕਿਥੋਂ ਲਿਆਂਦੀ ਏ ? ਤੇ ਆਪ ਨੂੰ ਕਿਵੇਂ ਪਤਾ ਲੱਗਾ ਕਿ ਇਥੇ ਕੜਵੀ ਚਾਹੀਦੀ ਹੈ ? ਇਕੋ ਸਾਹੇ ਸਾਰੇ ਸ਼ੁਆਲ ਕਰ ਦਿੱਤੇ। ਇਹ ਭੀ ਚੇਤੇ ਆਇਆ ਕਿ ਕੱਲ ਦੀ ਜੋਦੜੀ ਅਰਦਾਸ ਤੇ ਬਾਬਾ ਮਿੱਤ ਸਿੰਘ ਜੀ ਦੇ ਬਚਨ ਕਿ ਇਕ ਦਿਨ ਠਹਿਰੋ, ਮਾਲਕ ਆਪੇ ਉਪਾਏ ਕਰੇਗਾ। ਕੀ ਇਹ ਸੱਚ ਹੋ ਰਿਹਾ ਏ, ਆਹ ਹੁਣੇ ਫੌਜੀ (ਛੱਲੀਆ) ਬਣ ੧੬ ਰੁਪੈ ਦੇ ਗਿਆ ਤੇ ਮਗਰੇ ਮਗਰ ਕੜਵੀ ਚੁੱਕੀ ਆ ਗਿਆ–ਕਿਧਰੇ ਉਹੋ ਛਲੀਆ ਤਾਂ ਨਹੀਂ ਜੋ ਸੱਚਖੰਡ (ਛਾਉਣੀ ਦਾ ਰਸਤਾ ਦੱਸਣ ਲਈ ਦੇ ਸਰੂਪ ਧਾਰ ਕੇ ਇਹਨਾਂ ਘੋੜਿਆਂ ਦੀਆਂ ਵਾਗਾਂ ਫੜੀਆਂ ਸਨ) ਉਹਨਾਂ ਦੀ ਭੁੱਖ ਨਾ ਸਹਾਰਦਾ ਕੜਵੀ ਚੁੱਕ ਆ ਪੁੱਜਾ ਏ !

ਨਿੱਤ ਨਵੇਂ ਚੋਜ– ਕੀ ਸਾਡੇ ਨਾਲ ਹੀ ਲਾਡ-ਲਡਾਨੇ ਆਉਂਦੇ ਸੂ ਹੋਰ ਕੋਈ ਨਹੀਂ ਜਿਸ ਨਾਲ ਚੋਜ ਕਰੇ ? ਹਾਂ ਹਾਂ, ਲਾਡਲੇ ਪੁੱਤਾਂ ਨਾਲ ਪਿਤਾ ਲਾਡ ਕਰਦਾ ਹੀ ਹੁੰਦਾ ਏ, ਕਰੇ ! ਜਮ-ਜਮ ਕਰੇ !! ਪਰ ਐਨੇ ਸਖਤ ਲਾਡ ਨਾ ਲਡਾਇਆ ਕਰੇ ਜੋ ਮੌਤ ਤੱਕ ਪਹੁੰਚਾ ਕੇ ਸਾਰ ਲਵੇ।

ਕਿਵੇਂ ਤਰਸ ਪਿਆ ਸੂ–ਪਹਿਲਾਂ ਫੌਜੀ ਬਣ ਆਇਆ ਤੇ ਅੱਖ ਦੇ ਪਲਕਾਰੇ ਵਿਚ ਅਲੋਪ ਹੋ ਗਿਆ, ਨਾ ਦਸਿਆ, ਨਾ ਪੁਛਿਆ– 'ਕਿਥੋ ਆਇਆ ਕਹਿ ਗਇਆ . . . . . ' ਰੁਪੈ ਫੜਾਏ ਤੇ ਤੁਰਦਾ ਹੋਇਆ। ਪਰ ਕੜਵੀ ਦਾ ਸੌਦਾ ਕਰਨ ਕਰਕੇ ਕੁਝ ਸਮਾਂ ਦੱਸ-ਪੁੱਛ ਦਾ ਮਿਲ ਗਿਆ।

ਚੋਜੀ–(ਸਿੰਘ ਜੀ ਨੇ)– ਉਪਰੋਕਤ ਪੁੱਛਾਂ ਦਾ ਉੱਤਰ ਦੇਂਦਿਆਂ ਕਿਹਾ– ਮੈਂ ਚੋਰ ਹਾਂ ! ਠੱਗ ਹਾਂ, ਚੋਰ ਠੱਗਾਂ ਦਾ ਕੋਈ ਥਾਉਂ-ਨਾਉਂ ਨਹੀਂ ਹੁੰਦਾ–ਜੇ ਲੋੜ ਹੈ ਕੜਵੀ ਦੀ ਲੈ ਲਵੋ, ਨਹੀਂ ਤੇ ਤੁਹਾਡੀ ਮਰਜ਼ੀ। ਬਹੁਤੀ ਤਕਰਾਰ ਕਰਨੀ ਅਸੀਂ ਨਹੀਂ ਜਾਣਦੇ।

ਬਾਬਾ ਧਰਮ ਸਿੰਘ ਜੀ– ਬਾਬਾ ਮਿੱਤ ਸਿੰਘ ਜੀ ਮੁਸਕਾਨ ਚੇਹਰੇ ਨਾਲ ਚੋਜੀ ਦੇ ਚੋਜ ਵੇਖ ਵਿਸਮਾਦ ਹੋ ਰਹੇ ਹਨ ਤਾਂ ਬਾਬਾ ਧਰਮ ਸਿੰਘ ਜੀ ਅਸਚਰਜਤਾ ਵਿਚ ਚੋਰ ਠੱਗ ਹਾਂ (ਠੱਗਾ ਸੇਤੀ ਠਗ ਰਲ ਆਇਆ ਸਾਥ ਭੀ ਇਕੋ ਜੇਹਿਆ) ਹੱਛਾ ! ਕੀ ਲਵੋਗੇ ਪੰਜ ਭਰੀਆਂ ਦਾ ? ਤੋਲਵਾਂ ਮੁੱਲ ਕਰਨਾ ਬੇਹੰਗਮੀ ਡੇਰਾ ਹੈ, ਵਾਦ-ਵਿਵਾਦ ਵਾਲਾ ਸੌਦਾ ਨਾ ਕਰਨਾ। ਗੁਰਮੁਖ ਜਾਪਦੇ ਹੋ, ਗੁਰਮੁਖਾਂ ਵਾਲਾ ਵਿਚਾਰ ਪ੍ਰਗਟਾਣਾ।

ਚੋਜੀ (ਸਿੰਘ ਜੀ)– ਸਾਡਾ ਇਕੋ ਮੁੱਲ, ਇਕੋ ਗੱਲ, ਤੋਲ-ਬੋਲ ਪੂਰਾ ਇਕੋ ਹੁੰਦਾ, ਅਸੀਂ– 'ਨਾ ਘਾਟ ਹੈ ਨਾ ਬਾਡ ਹੈ, ਨਾ ਘਾਟ ਬਾਡ ਹੋਤ ਹੈ ॥' ਦਾ ਸੌਦਾ ਨਹੀਂ ਕਰਦੇ, ਤੇ ਨਾ ਹੀ ਚੋਰਾਂ ਦਾ ਮਾਲ ਡਾਂਗਾਂ ਨਾਲ ਮਿਣਦੇ ਹਾਂ। ਸੌਦਾ ਖਰਾ–ਮੁੱਲ ਸੱਚ– 'ਸੁਚ ਹੋਵੈ ਤਾਂ ਸਚ ਪਾਈਐ' ਸਾਡਾ ਸੌਦਾ ਸੁੱਚ ਹੋ ਕੇ ਸੱਚ ਪਾਇਆ ਜਾਂਦਾ ਹੈ, ਵੇਖਣਾ ਇਕ ਭਰੀ ਨਾਲ ਘੋੜੇ ਪਹਿਲੀ ਅਵਸਥਾ ਵਿਚ ਆ ਦੁਰਤੰਗੇ ਮਾਰਨ ਲੱਗ ਪੈਣਗੇ। ਹੱਛਾ ਛੇਤੀ ਕਰੋ। ਮੈਂ ਚੋਰ ਹਾਂ ਕਿ ਚੋਰੀ ਦੀ ਲਾਧ ਨਾ ਹੋ ਜਾਵੇ ਕੇਵਲ ਪ ਭਰੀਆਂ ਦੇ ੧੬/ਰੁਪੈ ਲੈਣੇ ਹਨ।

ਬਾਬਾ ਮਿੱਤ ਸਿੰਘ ਜੀ– ਬਾਬਾ ਧਰਮ ਸਿੰਘ ਜੀ ਆਹ ਫੜੋ ਸੋਲਾਂ ਰੁਪੈ ਦਿਓ, ਤੇ ਕੜਵੀ ਲੈ ਕੇ ਪਾਵੋ ਘੋੜਿਆਂ ਨੂੰ ਤੇ ਕੜਾਕੇ ਖੋਹਲੋ ?

ਚੋਰਾਂ-ਠੱਗਾਂ ਨਾਲ ਠੱਗੀ ਨਹੀਂ ਹੁੰਦੀ ਤੇ ਨਾ ਹੀ ਬਹਿਸ ਵਿਚ ਪਈਦਾ ਹੈ–ਸਾਨੂੰ ਕੀ ਨਾਮ-ਗ੍ਰਾਮ ਨਾਲ, ਤੁਹਾਡਾ ਕਾਰਜ ਸਾਰ ਦਿੱਤਾ ਨੇ, ਭਲਾ ਮਨਾਵੋ–ਤੇ ਧੰਨਵਾਦ ਕਰੋ, ਚਰਨਾਂ ਤੇ ਸੀਸ ਧਰ ਨਮਸ-ਕਾਰ ਕਰੋ, ਪਤਾ ਨਹੀਂ ਕੇਹੜੇ ਦੇਸੋਂ ਚੱਲ ਆਏ ਨੇ ਇਹਨਾਂ ਬੇ ਜ਼ਬਾਨਾ ਦੀ ਫਰਯਾਦ ਸੁਣ ਕੇ, ਚਿਉ ਪੈਸੇ ਦੇਰੀ ਨਾ ਕਰੋ। ਤੁਸੀਂ ਕੜਵੀ ਲੈ ਘੋੜਿਆਂ ਨੂੰ ਪਾਵੋ, ਅਸੀਂ ਮਾਲਕ ਦਾ ਸ਼ੁਕਰਾਨਾ (ਅਰਦਾਸ) ਕਰ ਲਈਏ। [–ਚੋਜੀ–(ਸਿੰਘ) ਦਾ ਅਲੋਪ ਹੋਣਾ–]

ਸੋਲਾਂ (੧੬) ਰੁਪੈ ਲੈਂਦਾ, ਚੋਜੀ–ਛੱਲੀਆ ਚਿੱਟ ਕੱਪੜੀਆ, ਪੱਲਾਂ ਵਿਚ ਅਲੋਪ ਹੋ ਗਿਆ।

ਨਦੀ ਦੀ ਕਰੋਪੀ– ਭਾਵੇਂ ਸਾਵਣ ਮਹੀਨੇ ਨਦੀ ਗੁਦਾਵਰੀ ਲੱਬਾ-ਲੱਬ (ਸਿਰੇ ਤੱਕ) ਬਾਰਸ਼ਾਂ ਦੇ ਪਾਣੀ ਨਾਲ ਭਰ ਜਾਂਦੀ ਹੈ–ਪਰ ਇਸ ਵਾਰੀ ਤਾਂ ਉਸ ਨੇ ਹੱਦ ਹੀ ਟਪਾ ਦਿੱਤੀ ਤੇ ਧਰਤੀ ਤੋਂ ਪੰਜ-ਛੇ ਫੁੱਟ ਉਪਰ ਪਾਣੀ ਵਹਿ ਟੁਰਿਆ, ਚਾਰੋਂ-ਪਾਸੇ ਪਾਣੀ ਹੀ ਪਾਣੀ ਸੀ–ਦੋ ਘੋੜੇ ਪਾਣੀ ਦੀ ਦਲ-ਦਲ ਵਿਚ ਇਕ ਮਹੀਨਾ ਖੜੇ ਰਹੇ।

ਬਾਬਾ ਮਿੱਤ ਸਿੰਘ ਜੀ ਤੇ ਬਾਬਾ ਧਰਮ ਸਿੰਘ ਜੀ, ਸਤਿਗੁਰਾਂ ਦੇ ਸਰੂਪ ਆਦਿ ਤੇ ਦਸਮ ਚੀਆਂ ਬੀੜਾਂ ਲੈ ਦਰਖਤਾਂ ਤੇ ਤਦੋਂ ਤੱਕ ਬੈਠੇ ਰਹੇ ਜਦ ਤੱਕ ਪਾਣੀ ਉਤਰ ਕੇ ਧਰਤੀ ਤੁਰਨ ਫਿਰਨ ਵਾਲੀ ਨਹੀਂ ਹੋ ਗਈ, ਇਕ ਮਹੀਨਾ ਨਾ ਜਲ ਪਾਣੀ ਨਾ ਲੰਗਰ, ਨਾ ਜੰਗਲ ਪਾਣੀ ਦੀ ਕ੍ਰਿਆ ਤੇ ਨਾ ਇਸ਼-ਨਾਨ ਹੀ ਕੀਤਾ। ਇਹ ਇਕ ਭਾਰੀ ਹੱਠ ਤੇ ਤੱਪ ਕ੍ਰਿਆ ਸਾਧਨ ਸੀ–ਇਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਬਾਬਾ ਮਿੱਤ ਸਿੰਘ ਜੀ ਤੇ ਬਾਬਾ ਧਰਮ ਸਿੰਘ ਜੀ ਦੀ ਸਖਸੀਅਤ ਕੀਹ ਸੀ–

'ਬ੍ਰਹਮ ਗਿਆਨੀ ਸਦਾ ਨਿਰਲੇਪ ॥' [ਸੁਖਮਨੀ ਸਾਹਿਬ

ਲੰਗਰ ਦਾ ਚੋਜ– ਸੰਗਤਾਂ ਦੀ ਆਵਾਜਾਈ ਵਧਣ ਲੱਗੀ ਤੇ ਰਸਦਾਂ ਆਦਿ ਭੀ ਥੋੜੀ ਬਹੁਤ ਹੋ ਜਾਂਦੀ, ਕਈ ਵਾਰੀ ਸੰਗਤਾਂ ਕਾਹਲੀ ਨਾਲ ਦਰਸ਼ਨ ਕਰਕੇ ਮੁੜਨ ਦੀ ਕਰਦੀਆਂ ਜਿਸ ਕਰਕੇ ਜੋ ਰਸਦ ਹੁੰਦੀ ਉਸ ਦਾ ਨਿਤਾ-ਪ੍ਰਤੀ ਲੰਗਰ ਪੱਕਾ ਕੇ ਬਾਬਾ ਜੀ ਇਕ ਡੋਲੀ (ਜਾਲੀ ਵਾਲੀ) ਵਿਚ ਰੱਖ ਦੇਂਦੇ, ਤੇ ਆਏ ਯਾਤਰੀ ਨੂੰ ਛੱਕਾ ਦੇਂਦੇ।

ਕਈ ਵਾਰੀ ਇਕ ਵਡੇ ਆਕਾਰ ਦਾ ਰਿੱਛ ਵਾਂਗ ਕਾਲੇ ਰੰਗ ਦਾ ਕੁੱਤਾ ਆ, ਨਾ ਜਾਣੇ ਕਿਵੇਂ

ਟੁੰਡਾ ਧੋਹਲਦਾ, ਪੱਕੀਆਂ ਰੋਟੀਆਂ ਜਿੰਨੀਆਂ ਵੱਧ ਤੋਂ ਵੱਧ ਮੂੰਹ ਵਿਚ ਆਉਂਦੀਆਂ, ਲੈ ਕੇ ਔਹ ਗਿਆ, ਔਹ ਗਿਆ, ਦੂਰ ਤੱਕ ਜਾਂਦਾ ਦਿਸਦਾ ਤੇ ਕਈ ਵਾਰੀ ਨਜ਼ਰੋਂ ਓਹਲੇ ਭੀ ਹੋ ਜਾਂਦਾ। ਕਈ ਕਦਾਈਂ ਤਾਂ ਪਿਛੋਂ ਇਕ ਪ੍ਰਸ਼ਾਦਾ ਭੀ ਨਾ ਰਹਿ ਜਾਂਦਾ।

ਬਾਬਾ ਧਰਮ ਸਿੰਘ ਜੀ ਕਈ ਵਾਰੀ ਸਲੋਤਰਾ (ਲਾਠੀ) ਲੈ ਕੇ ਮਗਰ ਦੌੜੇ। ਪਰ ਉਹ ਕਾਬੂ ਤੋਂ ਬਾਹਰ ਹੋ ਜਾਂਦਾ। ਬਾਬਾ ਮਿੱਤ ਸਿੰਘ ਜੀ ਕਹਿੰਦੇ–ਬਾਬਾ ਧਰਮ ਸਿੰਘ ਜੀ, ਇਸ ਵਿਚ ਭੀ ਜੀਵ-ਆਤਮਾ ਹੈ, ਜੋਤਿ ਹੈ, ਕੜਾਕੇ (ਭੁੱਖਾ) ਹੋਵੇਗਾ। ਲੋੜਵੰਦ ਹੀ ਦਰ ਤੇ ਆਉਂਦਾ ਹੈ, ਕੀ ਹੋਇਆ ਜੇ ਪ੍ਰਸ਼ਾਦੇ ਲੈ ਗਿਆ ਹੈ। ਮਾਂ ਦੇ ਘਰੋਂ ਹਰ ਇਕ ਲੈ ਜਾਣ ਦਾ ਹੱਕਦਾਰ ਹੈ। ਐਵੇਂ ਛੋਟੀ ਛੋਟੀ ਗੱਲੇ ਖਫਾ ਨਾ ਹੋਇਆ ਕਰੋ। ਕਿੰਨੀ ਵਾਰ ਵੇਖ ਚੁਕੇ ਹੋ ਚੋਜੀ ਦੇ ਚੋਜ, ਪ੍ਰਤੀਤ ਕਰਿਆ ਕਰੋ ਅਤੇ ਖੁਸ਼ ਹੋਇਆ ਕਰੋ। ਵੇਖੋ ਫੇਰ ਤੁਸੀਂ ਭੀ ਸਗੋਂ ਨਿੱਤ ਚੋਜ ਵੇਖਣ ਲਈ ਲੋਚ ਕਰਿਆ ਕਰੋਗੇ ਅਤੇ ਖੁਸ਼ੀ ਖੇੜੇ 'ਚ ਹਮੇਸ਼ਾ ਸ਼ਹਿਸ-ਮਿੱਠ ਰਸ ਦਾ ਰੰਗ ਮਾਣਿਆ ਕਰੋਗੇ।

ਬਾਬਾ ਮਿੱਤ ਸਿੰਘ ਜੀ ਕਈ ਵਾਰੀ ਜਦ ਬਾਬਾ ਧਰਮ ਸਿੰਘ ਜੀ ਨੂੰ ਲਾਠੀ ਚੁੱਕ ਕੇ ਉਸ ਕੁੱਤੇ ਮਗਰ ਭੱਜਦਿਆਂ ਵੇਖ ਲੈਂਦੇ ਤਾਂ ਦਾਲ ਭਾਜੇ ਦਾ ਬਾਲਟਾ ਫੜ ਕੇ ਮਗਰ ਦੌੜਦੇ–ਭਗਵਾਨ ਜੀ ! ਵੇਖਿਓ, ਕਿਤੇ ਰੁੱਖੀ ਨਾ ਖਾਇਓ ! ਆਹ ਲਓ ਦਾਲ਼ਾ ਅਤੇ ਆਹ ਲਓ ਜਲ, ਜੋ ਬਾਬਾ ਜੀ ਦੂਜੇ ਹੱਥ ਗੜਵਾ ਫੜੀ ਲਿਆਂਦੇ ਸਨ।

ਔਉਂ ਕਿਉਂ ਕਰਦੇ ਹੋ ਭਗਵਾਨ ਜੀ, ਕ੍ਰਿਸ਼ਨ ਜੀ ਵਾਂਗ ਚੋਰੀ ਮੱਖਣ ਖਾਣ ਵਾਂਗ, ਹੁਣ ਪ੍ਰਸ਼ਾਦੇ ਭੀ ਚੋਰੀ ਲੈ ਜਾ ਕੇ ਖਾਂਦੇ ਹੋ। ਕੋਈ ਆਪ ਨੂੰ ਮੋੜਦਾ ਤਾਂ ਨਹੀਂ, ਮਾਲਕ ਨੂੰ ਕੌਣ ਰੋਕ ਸਕਦਾ ਹੈ। ਖਾਹ-ਮਖਾਹ ਭੁਲੇਖੇ ਪਾ ਕੇ ਚੋਰ ਬਣ ਭਰਮਾਂਦੇ ਹੋ।

ਠਹਿਰੋ ! ਆਰਾਮ ਨਾਲ ਪ੍ਰਸ਼ਾਦਾ ਛੱਕੋ। ਕਿਹੜਾ ਕੋਈ ਮਗਰ ਪਿਆ ਹੋਇਆ ਏ, ਨਾਲੇ–

'ਜਿਸ ਨੂੰ ਤੂ ਜਣਾਇ ਸੋਈ ਜਨ ਜਾਣੈ ॥

ਤੇਰੀ ਕੁਦਰਤ ਤੋਂ ਬਲਿਹਾਰਨੇ, ਤੂੰ ਆਪਣੀ ਕੁਦਰਤ ਆਪ ਹੀ ਪਛਾਣ ਸਕਦਾ ਹੈਂ, ਅਸੀਂ ਅਲਪੱਗ ਜੀਵ ਕੀ ਜਾਣੀਏ, 'ਕੇਵਡ ਵਡਾ ਡੀਠਾ ਹੋਇ' ਅਸੀਂ ਕਿੰਨਾ ਭੀ ਕਹੀਏ ਪਰ ਤੂੰ–'ਬਹੁਤਾ ਕਹੀਐ ਬਹੁਤਾ ਹੋਇ ॥'

ਕਈ ਵਾਰੀ ਯਾਤਰੀ ਭੀ ਇਹ ਅਸਚਰਜ ਕੌਤਕ ਵੇਖ ਕੇ ਹੈਰਾਨ ਰਹਿ ਜਾਂਦੇ ਪਰ–'ਕਿਆ ਜਾਣੈ ਲੱਕ ਇਵਾਣਾ' ਸੋਚਦੇ ਇਹ ਕੀ ਕੌਤਕ ਹੈ। ਸੰਗਤਾਂ ਲਈ ਇਹ ਦ੍ਰਿਸ਼ ਵਧੇਰੇ ਪ੍ਰਭਾਵਤ ਕਰ ਕੇ ਵਿਸ਼ਵਾਸ ਦਾ ਪਾਤਰ ਬਣਾ ਦੇਂਦਾ।

ਅਜਿਹੇ ਨਿੱਤ ਨਵੇਂ ਕੌਤਕ, ਚੋਜੀ ਦਾਤਾ ਆਪਣੇ ਪਿਆਰੇ ਲਾਡਲੇ ਨਾਲ ਲਾਡ ਕਰਦੇ, ਚੋਹਲ ਕਰਦੇ, ਪਰ ਬਾਬਾ ਜੀ ਲੱਖ ਕੇ ਲੱਖਾਇਕ ਨਾ ਬਣਦੇ, ਸਗੋਂ ਮੁਸਕਾਨ–ਚੁੱਪ ਚਾਪ ਬਿਨਾਂ ਬੋਲਿਆਂ ਜਾਣ ਜਾਂਦੇ। ਅਜਿਹੇ ਚੋਜੀ ਦੇ ਚੋਜਾਂ ਨੂੰ ਵੇਖ ਕੇ ਮਾਲਕ ਦੀ ਖੁਸ਼ੀ [ਪ੍ਰਸੰਨਤਾ] ਪ੍ਰਾਪਤ ਕਰਦੇ।

ਇਕ ਪ੍ਰੇਮੀ ਦਾ ਮੱਕੀ ਤੇ ਮੋਠ ਭੇਟਾ ਕਰਨੇ

ਕੁਝ ਦਿਨ ਗੁਜ਼ਰੇ, ਅਚਾਨਕ ਇਕ ਪ੍ਰੇਮੀ ਮੱਕੀ ਤੇ ਮੋਠ ਲੈ ਕੇ ਆ ਗਿਆ। ਗੁਰੂ ਹਜ਼ੂਰ ਭੇਟਾ ਕਰ ਗਿਆ। ਬਾਬਾ ਜੀ ਨੇ ਬਾਬਾ ਧਰਮ ਸਿੰਘ ਜੀ ਨੂੰ ਕਿਹਾ ਕਿ ਸਮਾਂ ਸੋਹਣਾ ਹੈ। ਇਹ ਮਾਤਾ ਜੀ ਦੇ ਥੜੇ ਪਾਸ ਪਈ ਜ਼ਮੀਨ ਪਾਸ ਬੀਜ ਦੇਈਏ। ਸੰਗਤਾਂ ਦੇ ਕੰਮ ਆਵਣਗੇ, ਰੁੱਤ ਹੈ।

ਸਤਿਬਚਨ! ਜਿਵੇਂ ਹੁਕਮ ਕਰੋ। ਬਾਬਾ ਧਰਮ ਸਿੰਘ ਜੀ ਨੇ ਮੋਠ ਤੇ ਮੱਕੀ ਬੀਜ ਦਿਤੀ।

ਕਮਾਈ ਦੀ ਬਰਕਤ– 'ਤੋਟ ਨਾ ਆਵੈ ਕਾਈ', ਜੀ ਹਾਂ ਮਹਾਂ ਪੁਰਸ਼ਾਂ ਦੀ ਕਮਾਈ ਵੱਧਦੀ ਤੇ ਫੁੱਲਦੀ ਹੈ। ਕਮਾਈ ਵਿਚ ਬਰਕਤ–ਜੋ ਕਰਮ ਬੱਧ ਹੀ ਸਾਕਾਰ ਰੂਪ ਹੋ ਪ੍ਰਗਟੀ ਹੈ। ਜੀ ਹਾਂ ਧਰਤੀ ਮਾਤਾ 'ਕਰਮਾਂ ਉਪਰ ਨਿਬੜੈ' ਕਰਮਾਂ ਕਰ ਕੇ ਹੀ ਫਲ ਪ੍ਰਦਾਨ ਕਰਦੀ ਹੈ। ਫਿਰ ਮਹਾਂਪੁਰਸ਼ਾਂ ਹੱਥੀਂ 'ਵਤਰ ਬੀਜਣ ਨਾਉ' ਵਤਰ ਨਾਲ ਨਾਮ ਰੰਗਣ ਵਿਚ ਬੀਜਿਆ ਕਿਵੇਂ ਨਾ ਵੱਧਦਾ ਫੁੱਲਦਾ।

ਭਾਵੇਂ ਅਜੋਕੀ ਸਾਇੰਸ ਇਹ ਮੰਨਣ ਲਈ ਤਿਆਰ ਨਹੀਂ। ਉਹ ਆਪਣੀ ਹਿਕਮਤ ਸਮਝਦੀ ਹੈ। ਤੇ ਹਥ ਥਾਂ ਹਰ ਰੁੱਤੇ ਨਾ ਹੋਣ ਵਾਲੀ ਫਸਲ ਉਗਾ ਕੇ ਕੁਦਰਤੀ ਨਿਯਮਾਵਲੀ ਤੋਂ ਉਲਟ ਸਮਝੀ ਬੈਠੀ ਹੈ। ਪਰ ਵਾਹਿਗੁਰੂ ਜੀ ਦੀ ਮਰਯਾਦਾ ਵਿਲੱਖਣ ਹੈ। ਕਈ ਸੱਜ਼ਣਾਂ ਨੇ ਆਪਣੀ ਅੱਖੀ ਅਜਿਹਾ ਵੇਖਿਆ ਵੇਖਿਆ ਹੋਵੇਗਾ। ਦਾਸ ਦੇ ਚਸ਼ਮ ਦੀਦ ਵਾਕਿਆ ਹੈ। ਜਿਸ ਜੀਵ ਦੇ ਮੰਦ ਭਾਗ ਕਰਮ ਹੋਵਣ, ਧਰਤੀ ਉਸ ਨੂੰ ਭਾਗ (ਫਲ) ਨਹੀਂ ਦੇਂਦੀ।

ਪਰ ਜਿਥੇ ਜਗਤ ਮਾਤਾ ਜੀ ਦੇ ਚਰਨਾਂ ਦੀ ਪਾਵਨ ਛੋਹ ਨਾਲ ਧਰਤੀ ਸੁਭਾਗੀ ਹੋ ਗਈ ਹੋਵੇ, ਫਿਰ ਸਾਧ ਸੰਗਤ ਦੀ ਸੇਵਾ ਲਈ ਕਾਰਜ ਹੋਵੇ ਅਤੇ ਪ੍ਰਮੇਸ਼ੂਰ ਤੋਂ ਵਰੋਸਾਏ ਮਹਾਂਪੁਰਸ਼ਾਂ ਦਾ ਸੰਗਤਾਂ ਪ੍ਰਤੀ ਪਿਆਰ, ਸੇਵਾ, ਲੰਗਰ, ਦੇਗ ਦੇ ਚਲਾਉਣ ਦੇ ਇੱਛਕ ਕਾਰਨ ਧਰਤੀ ਨੂੰ ਸੁਭਾਗ ਪ੍ਰਾਪਤ ਹੋਇਆ ਹੋਵੇ, ਉਥੇ ਮਹਾਂਪੁਰਸ਼ਾਂ ਹੱਥੀਂ ਬੀਜਿਆ ਬੀਜ 'ਫਿਰ ਤੋਟ ਨ ਆਵੈ ਕਾਈ' ਇਹ ਇਕ ਅਜਿਹਾ ਬੀਜ ਬੀਜਿਆ ਗਿਆ, ਜਿਸ ਦੀ ਫਿਰ ਤੋਟ ਹੀ ਨਹੀਂ ਆ ਸਕਦੀ ਸੀ।

ਮੱਕੀ ਤੇ ਮੋਠਾਂ ਦਾ ਵੱਧਣਾ ਤੇ ਫੁੱਲਣਾ

ਮੱਕੀ ਤੇ ਮੋਠ ਇਸ ਤਰ੍ਹਾਂ ਵੱਧੇ ਫੁੱਲੇ, ਜਿਵੇਂ ਕੰਡੀ ਵੇਲ ਵੱਧਦੀ ਹੈ। ਵੇਖ ਵੇਖ ਕੇ ਅਸਚਰਜਤਾ ਹੁੰਦੀ। ਭਾਵੇਂ ਪਾਣੀ ਦਾ ਕੋਈ ਸਾਧਨ ਨਹੀਂ ਸੀ, ਤਾਂ ਭੀ ਖੇਤੀ ਹਰੀ ਭਰੀ, ਥੋੜੇ ਸਮੇਂ ਵਿਚ ਹੀ ਭਰਭੂਰ ਫਲ, ਛੱਲੀਆਂ (ਕੁੱਕੜੀਆਂ) ਲੱਗ ਗਈਆਂ ਤੇ ਮੋਠਾਂ ਨੂੰ ਫੱਲੀਆਂ।

ਹੋਲਾ ਮਹੱਲਾ ਤੇ ਸਭ ਅਸਥਾਨਾਂ ਦੀ ਯਾਤਰਾ

ਹਰ ਸਾਲ ਹੋਲੇ ਮਹੱਲੇ ਦੇ ਦਿਨਾਂ ਵਿਚ ਤਖਤ ਸ੍ਰੀ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਤੋਂ ਹੈੱਡ ਪੁਜਾਰੀ ਸਹਿਤ–ਸਾਰੇ ਸੇਵਾਦਾਰ, ਸੰਗਤਾਂ ਸਹਿਤ ਪੈਦਲ ਸ਼ਬਦ ਕੀਰਤਨ ਕਰਦੀਆਂ ਸਾਰੇ ਅਸਥਾਨਾਂ–ਸ਼ਹਿਰ ਅਤੇ ਸ਼ਹਿਰੋਂ ਬਾਹਰ ਮਾਲ ਟੇਕਰੀ, ਹੀਰਾ ਘਾਟ, ਗੁ: ਮਾਤਾ ਸਾਹਿਬ ਕੌਰ ਜੀ ਅਤੇ ਸ਼ਿਕਾਰ ਘਾਟ ਦੀ ਯਾਤਰਾ ਕਰ ਕੇ ਵਾਪਸ ਮੁੜਦੀਆਂ।

ਸੰਗਤਾਂ ਦਾ ਸਵਾਗਤ

ਇੱਧਰ ਮੱਕੀ ਤੇ ਮੋਠਾਂ ਦੀ ਫਸਲ ਜੋਬਨ ਤੇ ਆਈ ਹੋਈ ਸੀ। ਉੱਧਰ ਸਭ ਸੰਗਤਾਂ ਯਾਤਰਾ ਕਰਦੀਆਂ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਦੇ ਅਸਥਾਨ ਤੇ ਗੁ: ਹੀਰਾ ਘਾਟ ਦੀ ਯਾਤਰਾ ਕਰ ਕੇ ਨਦੀ ਦੇ ਤੱਟ ਦੇ ਨਾਲ ਨਾਲ ਇਸ ਅਸਥਾਨ ਨੂੰ ਆ ਰਹੀਆਂ ਸਨ। ਸੰਗਤਾਂ ਦੀ ਸ਼ਬਦ ਕੀਰਤਨ, ਜੋ ਢੱਲਕੀ, ਚਿਮਟਿਆਂ, ਛੈਣਿਆਂ, ਖੜਤਾਲਾਂ ਦੀ ਗੁੰਜਾਰ, ਬਾਬਾ ਜੀ ਨੇ ਦੂਰੋਂ ਸੁਣ ਪਾਈ। ਸ਼ਬਦ ਸੰਗਤ ਦਾ ਸਤਿਕਾਰ 'ਮਨਿ ਚਾਓ ਭਇਆ' ਬਾਬਾ ਜੀ ਸ਼ਬਦ ਧੁਨੀ ਸੁਣਦਿਆਂ ਹੀ, ਕੁਝ ਜੋ ਉਥੇ ਸਿੰਘ ਸਨ, ਸਾਰੇ ਨੰਗੀ ਪੈਰੀ' ਸੰਗਤ ਦਾ ਸਵਾਗਤ, ਆਦਰ ਮਾਣ, ਸਤਿਕਾਰ, (ਗੁਰੂ ਸਰੂਪ ਜਾਣ) ਕਰਨ ਲਈ, ਅੱਗੋਂ ਹੋ ਕੇ ਮਿਲੇ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਬੁਲਾ ਕੇ ਧਰਤੀ ਤੇ ਨਮਸ਼ਕਾਰ ਕੀਤੀ, ਭਾਵ ਸੰਗਤਾਂ ਦੇ ਚਰਨ ਪਰਸਣ ਕੀਤੇ। ਭਾਵੇਂ ਹੈਡ ਪੁਜਾਰੀ ਜੀ ਅਤੇ ਹੋਰ ਸੇਵਾਦਾਰ ਬਾਬਾ ਜੀ ਦੇ ਚਰਨ ਪਰਸਣ ਲਈ ਅੱਗੇ ਹੋਏ, ਪਰ ਬਾਬਾ ਜੀ ਨੇ ਫੁਰਤੀ ਨਾਲ ਪਿਛਾਂਹ ਹੱਟ ਕੇ ਕਿਹਾ–ਗੁਰਸਿਖੋ! ਮੈਂ ਤਾਂ ਆਪ ਦਾ ਦਾਸ (ਸੇਵਾਦਾਰ) ਹਾਂ। ਮਾਲਕ (ਸਾਧ ਸੰਗਤ) ਨੂੰ ਨਹੀਂ ਸੋਭਦਾ ਜੋ ਚਾਕਰ ਦੀ ਚਰਨੀਂ ਪਵੇ। ਮੇਰੀ ਗਲਤੀ ਖਿਮਾਂ ਕਰੋ। ਆਓ ਮਾਤਾ ਜੀ ਦੇ ਚਰਨ ਪਰਸੀਏ। ਪੜ੍ਹੋ ਸ਼ਬਦ, ਜੀ ਹਾਂ ਸੰਗਤ ਰੂਪ ਹਰਿ ਹੋਇ ਕੈ' ਬਾਬਾ ਜੀ ਸੰਗਤ ਰੂਪ ਹੋ ਕੇ, ਸ਼ਬਦ ਬਾਣੀ ਪੜ੍ਹਦੇ ਹੋਏ ਮਾਤਾ ਜੀ ਦੇ ਅਸਥਾਨ ਤੇ ਪੁੱਜੇ।

ਬਾਬਾ ਜੀ ਨੇ ਤੱਪੜ, ਜੋ ਹਾਜ਼ਰ ਸੀ ਵਿਛਾ ਦਿਤੇ। ਸੰਗਤਾਂ ਬੈਠ ਕੇ ਗੁਰੂ ਦਰਬਾਰ ਦੀ ਹਾਜ਼ਰੀ ਸ਼ਬਦ - ਕੀਰਤਨ ਦੁਆਰਾ ਭਰਨ ਲੱਗ ਪਈਆਂ। ਜੋ ਹਾਜਰ ਸੀ ਬਾਬਾ ਜੀ ਨੇ ਜਲ - ਪਾਣੀ ਛਕਾਇਆ। ਸੰਗਤਾਂ ਲਈ ਲੰਗਰ, ਰਸਦ ਮਸਤਾਨੀ ਹੋਣ ਕਾਰਨ, ਬਾਬਾ ਜੀ ਨੇ ਸੰਗਤਾਂ ਅਤੇ ਸੱਚਖੰਡ ਤਖਤ ਦੇ ਮੁੱਖ ਸੇਵਾਦਾਰ ਦੀ ਸੇਵਾ ਨੂੰ ਸੁਭਾਗ ਜਾਣ ਅਤੇ ਰੁੱਤ ਮੁਤਾਬਕ ਮੱਕੀ ਦੀਆਂ ਛੱਲੀਆਂ ਛਕਾਉਣ ਨਾਲ ਖੁਸ਼ੀ ਪ੍ਰਗਟ ਕਰਦਿਆਂ, ਬਾਬਾ ਧਰਮ ਸਿੰਘ ਜੀ ਨੂੰ ਕਿਹਾ–ਗੁਰੂ ਸੰਗਤਾਂ ਦੀ ਇਸ ਨਾਲੋਂ ਵਧ ਖੁਸ਼ੀਆਂ ਲੈਣ ਦਾ ਹੋਰ ਕਿਹੜਾ ਅਵਸਰ ਹੋ ਸਕੇਗਾ। ਨਾਲੇ ਹਜ਼ੂਰ ਸਾਹਿਬ ਦੇ ਤਖਤ ਦੇ ਪੁਜਾਰੀ ਤੇ ਸੇਵਾਦਾਰ ਆਏ ਹੋਏ ਨੇ। ਬੀਜੇ ਬੀਜ ਜੋ ਵਧੇ ਤੇ ਫੁੱਲੇ। ਇਹ ਭੀ ਸੰਗਤਾਂ ਲਈ ਹੀ ਬੀਜਿਆ ਸੀ, ਪੱਕਣ ਤੇ ਭੀ ਇਹਨਾਂ ਹੀ ਛੱਕਣਾ ਹੈ। ਪਰ ਰੁੱਤ ਮੁਤਾਬਕ ਹਰੀਆਂ ਛੱਲੀਆਂ ਕਦੋਂ ਛੱਕਣ ਨੂੰ ਮਿਲਣਗੀਆਂ ? ਇਹ ਇਹਨਾਂ ਦੀ ਅਮਾਨਤ ਹੈ। ਕੱਚੀ ਕੀ ਅਤੇ ਪੱਕੀ ਕੀ। ਇਹਨਾਂ ਨੂੰ ਗੁਰੂ ਹਜ਼ੂਰ ਦਰਬਾਰੀਆਂ ਦੀ ਸੇਵਾ ਕਰ ਕੇ ਲੇਖੇ ਲਾ ਦੇਈਏ।

ਮੱਕੀ ਦੀਆਂ ਛੱਲੀਆਂ (ਕੁੱਕੜੀਆਂ) ਸੰਗਤਾਂ ਨੂੰ ਛੱਕਾਉਣੀਆਂ

ਲਿਆਵੋ ਛੱਲੀਆਂ ਤੋੜ ਕੇ, ਭੁੰਨ ਕੇ ਗਰਮਾ ਗਰਮ ਸੰਗਤਾਂ ਨੂੰ ਛੱਕਾਈਆਂ ਜਾਣ। ਰੁੱਤ ਦਾ ਮਿੱਠਾ ਮੇਵਾ ਛੱਕ ਕੇ, ਮਾਤਾ ਜੀ ਦੇ ਅਸਥਾਨ ਦੀ ਮਿੱਠੀ ਯਾਦ ਲੈ ਕੇ ਜਾਵਣਗੇ। ਕੁਝ ਹੋਰ ਸਿੰਘਾਂ ਨੂੰ ਨਾਲ ਲੈ ਕੇ ਪੱਲੋ ਪੱਲੀ ਛੱਲੀਆਂ (ਕੁੱਕੜੀਆਂ) ਦਾ ਢੇਰ ਲੱਗ ਗਿਆ। ਸੰਗਤਾਂ ਸ਼ਬਦ ਕੀਰਤਨ, ਚੌਂਕੜੇ

ਮਾਰੀ ਮਗਨ ਬੈਠੀਆਂ ਹਾਜ਼ਰੀਆਂ ਭਰ ਰਹੀਆਂ ਸਨ।

ਬਾਬਾ ਧਰਮ ਸਿੰਘ ਜੀ ਨੇ ਝੱਟ ਚੰਡਾ (ਅੱਗਨੀ) ਪ੍ਰਜਵਲੱਤ ਕਰ ਕੇ ਛੱਲੀਆਂ ਭੁੰਨ ਭੁੰਨ ਕੇ ਗਰਮਾ ਗਰਮ ਮੱਕੀ ਦੀਆਂ ਕੁੱਕੜੀਆਂ (ਛੱਲੀਆਂ) ਸੰਗਤ ਵਿਚ ਵਰਤਾਣ ਲੱਗ ਪਏ। ਡਾਢਾ ਮਿੱਠ ਰਸ ਭਰਿਆ ਹੋਇਆ ਸੰਗਤਾਂ ਇਸ ਅਨੋਖੇ ਪਦਾਰਥ ਨੂੰ ਛੱਕ ਕੇ ਗੱਦ ਗੱਦ ਹੋ ਰਹੀਆਂ ਸਨ।

ਮੋਠਾਂ ਦੀਆਂ ਫਲੀਆਂ ਦਾ ਭਾਜਾ ਸੰਗਤਾਂ ਨੂੰ ਛੱਕਾਉਣਾ

ਇਧਰ ਬਾਬਾ ਮਿੱਤ ਜੀ ਨੇ ਮੋਠਾਂ ਦੀਆਂ ਫਲੀਆਂ ਦਾ ਭਾਜਾ ਤਿਆਰ ਕਰ ਲਿਆ। ਛੱਲੀਆਂ ਛੱਕਣ ਦੇ ਮਗਰੋਂ ਪੰਗਤਾਂ ਲਾ ਕੇ ਬਾਬਾ ਜੀ ਨੇ ਮੋਠਾਂ ਦੀਆਂ ਫਲੀਆਂ ਦਾ ਭਾਜਾ ਤੇ ਜੋ ਥੋੜੀ ਰਸਦ ਜਵਾਰੀ ਦੀਆਂ ਬਥੇਕ ਦੀਆਂ ਮੋਟੇ ਮੋਟੇ ਪ੍ਰਸ਼ਾਦੇ ਵਰਤਾਏ। ਜਿਉਂ ਜਿਉਂ ਸੰਗਤਾਂ ਛੱਕਦੀਆਂ, ਛੱਤੀ ਪ੍ਰਕਾਰ ਦੇ ਪਦਾਰਥਾਂ ਦਾ ਰਸ ਮਾਣਦੀਆਂ। ਕੀ ਇਹ ਬਿਦਰ ਦਾ ਸਾਗ ਹੈ ਜਾਂ ਕੇਲਿਆਂ ਦੇ ਛਿੱਲਕੇ! ਹੈਂ, ਹੈਂ, ਇਹ ਸੁਦਾਮੇ ਦੇ ਤੰਦਲ (ਚਾਵਲਾਂ) ਤੋਂ ਵੀ ਵੱਧ ਸੁਆਦਲੇ ਹਨ। ਜੀ ਨਹੀਂ, ਭੀਲਣੀ ਦੇ ਪ੍ਰੇਮ ਕੁਠੇ ਰਾਮ ਜੀ ਦੇ ਜੂਠੇ ਬੇਰਾਂ ਨਾਲੋਂ ਕਿਤੇ ਵੱਧ ਸੁਵਾਦੀਕ ਭੋਜਨ ਅਸਾਂ ਅਗੇ ਕਦੇ ਨਹੀਂ ਛੱਕਿਆ।

ਨਵੀਂ ਰੁੱਤ ਨਵਾਂ ਮੇਵਾ–ਸੰਗਤਾਂ ਛੱਕ ਕੇ ਜਿਥੇ ਤ੍ਰਿਪਤ ਹੋ ਰਹੀਆਂ ਸਨ ਉਥੇ ਬਾਬਾ ਜੀ ਦੀ ਇਸ ਸੇਵਾ ਤੋਂ ਅਸਚਰਜ ਵੀ ਹੋ ਰਹੀਆਂ ਸਨ। ਸਾਰੀ ਸੰਗਤ ਵਿਚੋਂ ਆਵਾਜ਼ ਆ ਰਹੀ ਸੀ–ਧੰਨ ਜਗਤ ਮਾਤਾ ਸਾਹਿਬ ਕੌਰਾਂ ਜੀ, ਮਾਂ! ਅਜੇਹਾ ਪਦਾਰਥ ਤਾਂ ਅਸਾਂ ਅਗੇ ਕਦੇ ਨਹੀਂ ਖਾਧਾ। ਧੰਨ ਹੈ ਤੂੰ ਤੇ ਧੰਨ ਤੇਰੇ ਸੇਵਾਦਾਰ।

ਜੋ ਰਸਦ ਸੀ, ਉਹ ਸਾਰੀ ਸੰਗਤਾਂ ਦੀ ਖੁਸ਼ੀ ਲਈ ਪੱਕ ਚੁੱਕੀ ਸੀ। ਸਵੇਰ ਲਈ ਕੋਈ ਚੁਟਕੀ ਭਰ ਰਾਸ਼ਨ ਭੀ ਬਾਕੀ ਨਹੀਂ ਸੀ। ਪਰ ਸਬਰ ਸੰਤੋਖੀ ਭਰੋਸੇ ਵਾਲੇ ਬਾਬਾ ਜੀ 'ਭੋਜਨ ਸਚ ਨਾਉ ॥' ਵਿਚ ਤ੍ਰਿਪਤ - ਖੇੜੇ ਵਿਚ ਸਨ।

ਅਸਥਾਨ ਦੀ ਚੜ੍ਹਦੀ ਕਲਾ ਲਈ ਪੁਜਾਰੀ ਸਿੰਘ ਵਲੋਂ ਅਰਦਾਸ

ਸ਼ਬਦ ਕੀਰਤਨ ਦੀ ਹਾਜ਼ਰੀ ਉਪਰੰਤ ਲੰਗਰ ਛੱਕ ਕੇ ਸੰਗਤਾਂ ਬੇਅੰਤ ਪ੍ਰਸੰਨ ਚਿੱਤ, ਬਾਬਾ ਜੀ ਦਾ ਚਾਉ ਖੇੜਾ, ਖੁਸ਼ੀਆਂ ਤੇ ਅਣਥੱਕ ਸੇਵਾ, ਹਉ ਰਹਿਤ, ਨਿਸ਼ਕਾਮ ਸੇਵਾ ਸਭ ਕੁਝ ਸੰਗਤਾਂ ਦਾ ਜਾਣ ਕੇ ਨਿਛਾਵਰ ਕਰ ਦੇਣਾ, ਨਾ ਆਪਣੇ ਲਈ ਮੱਕੀ ਦੀਆਂ ਛੱਲੀਆਂ ਰੱਖੀਆਂ ਤੇ ਨਾ ਮੋਠਾਂ ਦੀ ਦਾਲ ਅਤੇ ਨਾ ਹੀ ਫਲੀਆਂ ਰੱਖੀਆਂ। ਨਾ ਸਵੇਰ ਦੀ ਫਿਕਰ, ਰਸਦ ਸਾਰੀ ਵਰਤ ਗਈ। ਅਜਿਹੀ ਸਥਿਤੀ ਵੇਖ ਕੇ 'ਜਿਹਾ ਸੁਣਿਆ ਤੇਹਾ ਡਿਠਾ', ਸੰਗਤਾਂ ਜੋ ਬਾਬਾ ਜੀ ਬਾਰੇ ਸੁਣਦੀਆਂ, ਅੱਜ ਸਾਰੇ ਹਜ਼ੂਰ ਦੇ ਦਰਬਾਰੀ ਸੇਵਾਦਾਰਾਂ ਸਹਿਤ ਪੁਜਾਰੀ ਸਿੰਘਾਂ ਦੇ ਮਨਾਂ ਵਿਚ ਕੋਈ ਅਨੋਖਾ ਪ੍ਰਭਾਵ ਪਿਆ ਤੇ ਅੱਜ ਤੋਂ ਬਾਬਾ ਜੀ ਦੀ ਸ਼ਖਸੀਅਤ ਦਾ ਵਧੇਰੇ ਗਿਆਨ ਤੇ ਸਤਿਕਾਰ ਵਧਿਆ।

ਸੱਚਖੰਡ ਤਖਤ ਦੇ ਪੁਜਾਰੀ ਭਾਈ ਹੀਰਾ ਸਿੰਘ ਜੀ ਨੇ ਪ੍ਰਸੰਨਤਾ ਵਿਚ ਆ ਕੇ ਗੁਰੂ ਹਜ਼ੂਰ ਸਭ ਸੰਗਤਾਂ ਸਹਿਤ ਇਸ ਅਸਥਾਨ ਦੀ ਚੜ੍ਹਦੀ ਕਲਾ ਤੇ ਸ਼ੀਘਰ ਹੀ ਇਕ ਦਰਸ਼ਕ ਅਸਥਾਨ ਨਾਮ ਬਾਣੀ

ਦਾ ਪ੍ਰਵਾਹ ਅਤੇ ਇਥੋਂ ਦੇ ਸੇਵਾਦਾਰਾਂ–[ਬਾਬਾ ਮਿੱਤ ਸਿੰਘ ਜੀ ਤੇ ਬਾਬਾ ਧਰਮ ਸਿੰਘ ਜੀ] ਨੂੰ ਵਧੇਰੇ ਸੇਵਾ ਸਿਮਰਨ ਕਰਨ ਦਾ ਬਲ ਬਖਸ਼ਣ, ਸਦਾ ਅੰਗ ਸੰਗ ਹੋ ਕੇ ਗੁਰਸਿੱਖਾਂ ਨੂੰ ਨਾਮ ਦੀ ਦਾਤ, ਦੇਗ ਤੇਗ ਦੀ ਫਤਹਯਾਬੀ ਬਖਸ਼ਣ। ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ, ਦੀ ਅਰਦਾਸ ਕੀਤੀ। ਸਭ ਸੰਗਤਾਂ ਦੇ ਪਰੇਮ ਭਰੇ ਸੱਜਲ ਨੇਤਰ ਭਰੇ ਮੱਥਾ ਧਰਤੀ ਤੇ ਟਿੱਕ ਗਿਆ। ਫਤਹ ਬੁਲਾ ਕੇ ਜੈਕਾਰਾ ਗਜਾਇਆ ਗਿਆ ਤੇ ਆਦਿ ਤੇ ਦਸਮ ਸਰੂਪ ਜੋ ਟੀਨਾਂ ਦੇ ਛੱਪਰ ਹੇਠ ਪ੍ਰਕਾਸ ਸਨ, ਹੁਕਮਨਾਮਾ ਲਿਆ ਗਿਆ ਤੇ ਅਗੇ ਸ਼ਿਕਾਰ ਘਾਟ ਚਾਲੇ ਪਾਣ ਲਈ ਤਿਆਰੇ ਕੀਤੇ।

ਸੰਗਤਾਂ ਵਿਚੋਂ ਤੇ ਪੁਜਾਰੀ ਸਿੰਘ ਪ੍ਰਭਾਵਤ ਹੋਇ ਹੋਇ 'ਧੰਨ ਗੁਰਸਿੱਖੀ','ਧੰਨ ਗੁਰੂ ਕੇ ਸਿੱਖ', ਜਿਹਨਾਂ ਅੰਦਰ ਇਤਨਾ ਪ੍ਰੇਮ, ਲਗਨ ਦਾਤਾਰ ਵਲੋਂ ਵਿਰਸੇ ਵਿਚ ਆਈ ਹੈ। ਵਾਹ! ਵਾਹ !! ਤੇਰੇ ਰੰਗ ਨਿਰਾਲੇ!

ਸੰਗਤਾਂ ਬਾਬਾ ਜੀ ਪਾਸੋਂ ਅਗੇ ਚਾਲੇ ਪਾਣ ਲਈ ਵਿਦਾ ਹੋਣ ਲਈ, ਅਗੇ ਹੋ ਕੇ ਚਰਨ ਪਰਸਣ ਦੌੜੀਆਂ,ਪਰ ਬਾਬਾਜੀ ਮਰਯਾਦਾ ਪ੍ਰਸ਼ੋਤਮ,ਝੱਟ ਇਹ ਜਾਣਕੇ ਸ੍ਰੀ ਹਜ਼ੂਰਸਾਹਿਬ ਦਾ ਪੁਜਾਰੀ ਤੇ ਸੇਵਾਦਾਰ ਹੈ ਪੂਜਕ ਹਨ–ਆਪ ਝਟ ਅੱਗੇ ਹੋ ਕੇ ਪੁਜਾਰੀ ਸਿੰਘ ਦੇ ਚਰਨ ਪਰਸ ਲਏ ਤੇ ਦੋ ਕਦਮ ਪਿਛਾਂਹ ਹੱਟ ਕੇ ਭੀੜ ਵਿਚ 'ਹਜ਼ੂਰੀਆ' ਜੋ ਬਾਬਾ ਜੀ ਸਦਾ ਰਖਦੇ ਸਨ, ਹੱਥ ਜੋੜ ਅਰਜ਼ ਕੀਤੀ–ਤੁਸੀਂ ਮਾਲਕ ਦੇ ਹੋ ਤੇ ਮਾਲਕ ਤੁਹਾਡੇ ਤੇ ਖੁਸ਼ ਹੈ। ਮੈਂ ਨਿਮਾਣਾ ਸੇਵਾਦਾਰ, ਇਸ ਘਰ ਦਾ ਕੂਕਰ ਇਸ ਯੋਗ ਨਹੀਂ, ਸਗੋਂ ਆਪ ਜੀ ਦੀ ਯੋਗ ਸੇਵਾ ਮੈਥੋਂ ਨਹੀਂ ਹੋ ਪਾਈ। ਜਿਸ ਕਰ ਕੇ ਖਿਸਾਂ ਬਖਸ਼ਣੀ। ਮਾਲਕ ਦੇ ਹਜ਼ੂਰੀਏ ਆਵਣ ਤੇ ਮੈਥੋਂ ਸੇਵਾ ਵੀ ਨਾ ਹੋ ਸਕੀ।

ਸੱਚਖੰਡ ਦਾ ਤੇ ਸੇਵਾਦਾਰਾਂ ਦਾ ਸਤਿਕਾਰ

ਤਖਤ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਦਾ ਸਤਿਕਾਰ, ਬਾਬਾ ਜੀ ਸਤਿਗੁਰੂ ਜੀ ਨੂੰ ਉਥੇ ਹਾਜ਼ਰ ਨਾਜ਼ਰ ਜਾਣ ਕੇ ਆਪਣੇ ਮਨ ਵਿਚ ਚੰਗੀ ਤਰ੍ਹਾਂ ਵਸਾ ਚੁੱਕੇ ਹੋਏ ਸਨ। ਪਹਿਲਾਂ ਪਹਿਲ ਬਾਬਾ ਜੀ ਕਦੀ ਕਦਾਈਂ ਸੱਚਖੰਡ ਦਰਬਾਰ ਦੇ ਦਰਸ਼ਨ ਪੈਦਲ ਹੀ ਜਾਂਦੇ ਤੇ ਨਮਸ਼ਕਾਰ ਕਰ ਕੇ ਪੈਦਲ ਹੀ ਵਾਪਸ ਮੁੜਦੇ ਸਨ।

ਬਾਬਾ ਜੀ ਦੀ ਉਪ੍ਰੋਕਤ ਇਸ ਲਾ - ਸਾਨੀ ਸੇਵਾ ਨੇ ਸੱਚਖੰਡ ਦੇ ਪੁਜਾਰੀ ਸਿੰਘ ਦੇ ਹੋਰ ਸੇਵਾਦਾਰਾਂ ਵਿਚ ਇਕ ਪਿਆਰ ਤੇ ਸਤਿਕਾਰ ਦੀ ਨੇਸ਼ਟਾ ਜਗਾ ਦਿਤੀ। ਉਹਨਾਂ ਨੂੰ ਬਾਬਾ ਜੀ ਦੇ ਦਰਸ਼ਨਾਂ ਦੀ ਤਾਂਘ ਲਗੀ ਰਹਿੰਦੀ। ਬਾਬਾ ਜੀ ਚੁੱਪ, ਬਿਨਾਂ ਦਸੇ ਮੱਥਾ ਟੇਕ ਕੇ ਮੁੜਨ ਦੀ ਕਰਦੇ। ਪਰ ਜਦ ਕਦੀ ਕਿਸੇ ਨੂੰ ਪਤਾ ਲੱਗਦਾ ਤਾਂ ਉਹ ਪ੍ਰੇਮ - ਜਜ਼ਬੇ ਵਿਚ ਆ ਕੇ ਬਾਬਾ ਜੀ ਦੇ ਚਰਨ ਪਰਸਣ ਲਈ ਉਮਝਦੇ। ਪੁਜਾਰੀ ਸਿੰਘ ਦਰਸ਼ਨਾਂ ਦੇ ਇਤਨੇ ਮੁਤਲਾਸ਼ੀ ਹੋ ਗਏ ਹੋਏ ਸਨ ਕਿ ਉਹਨਾਂ ਨੇ ਸੇਵਾਦਾਰਾਂ ਨੂੰ ਕਿਹਾ ਹੋਇਆ ਸੀ ਕਿ ਜਦ ਵੀ ਕਦੀ ਬਾਬਾ ਜੀ ਆਵਣ, ਅਸੀਂ ਬਿਰਾਜੇ (ਸੁੱਤੇ) ਹੋਏ ਭੀ ਕਿਉਂ ਨਾ ਹੋਈਏ, ਝੱਟ ਜਗਾ ਕੇ ਦਰਸ਼ਨ ਕਰਵਾਉਣੇ। ਅਜਿਹੇ ਵਰੋਸਾਏ ਹੋਏ ਮਹਾਂ - ਪੁਰਸ਼ਾਂ ਦੇ ਦਰਸ਼ਨ ਕਿਥੋਂ ? ਦਰਸ਼ਨਾਂ ਦਾ ਲਾਭ ਹੁੰਦਾ ਹੈ।

ਸਾਰੇ ਸੇਵਾਦਾਰਾਂ ਸਹਿਤ ਪੁਜਾਰੀ ਸਿੰਘ ਭੀ ਬਾਬਾ ਜੀ ਦਾ ਵੱਧ ਤੋਂ ਵੱਧ ਸਤਿਕਾਰ ਮਾਨ ਕਰਦੇ

ਸਨ। ਪਰ ਬਾਬਾ ਜੀ, ਜਿਨ੍ਹਾਂ ਅੰਦਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ 'ਤਖਤ' ਦਾ ਸਤਿਕਾਰ ਕੁਝ ਹੇਠ ਲਿਖੇ ਤੱਥਾਂ ਤੋਂ ਪਤਾ ਲੱਗਦਾ ਹੈ, ਜੋ ਦਾਸ ਨਾਲ ਇਕ ਸਮੇ਼ ਹੋਏ ਬਚਨ ਬਿਲਾਸ ਅੰਕਿਤ ਹਨ—

ਬਾਬਾ ਜੀ ਦੀ ਜ਼ਬਾਨੀ ਫੁਰਮਾਨ

੧. ਜਦ ਕਦੀ ਸਾਡਾ ਜੀਅ ਉਗਮਦਾ ਹੈ ਕਿ ਸੱਚਖੰਡ ਦਰਬਾਰ ਦੇ ਦਰਸ਼ਨ ਕੀਤੇ ਜਾਵਣ, ਤੇ ਉਥੋਂ ਦੇ ਸੇਵਾਦਾਰ, ਸਹਿਤ ਪੁਜਾਰੀ ਸਾਨੂੰ ਦੁਚਿੱਤੀ ਵਿਚ ਪਾ ਦੇਂਦੇ, ਅਸੀਂ ਸਤਿਗੁਰੂ ਜੀ ਪੂਜਾ, ਪ੍ਰਕਰਮਾ ਨਮਸ਼ਕਾਰ ਲਈ ਜਾਂਦੇ ਹਾਂ, ਪਰ ਸਗੋਂ ਉਹ ਗੁਰਮੁਖ ਸਾਡਾ ਸਤਿਕਾਰ, ਨਮਸ਼ਕਾਰ ਕਰ ਕੇ ਗੁਰੂ ਕਾ ਅਪਮਾਨ ਕਰਵਾਉਂਦੇ ਹਨ। ਜਿਸ ਤੇ ਅਸੀਂ ਦਰਬਾਰ ਵਿਚ ਮਨੁੱਖੀ ਪੂਜਾ [ਜਿਸ ਨੂੰ ਸਤਿਗੁਰੂ ਜੀ ਨੇ ਵਰਜਿਤ ਕੀਤਾ ਹੋਇਆ ਹੈ) ਕਰਵਾ ਕੇ ਗੁਰੂ ਹੁਕਮ ਦੀ ਉਲੰਘਣਾ ਕਿਉਂ ਕਰੀਏ। ਜਿਸ ਕਰ ਕੇ ਸੇਵਾਦਾਰ ਨੂੰ ਬਾਵਜੂਦ ਰੋਕਣ ਦੇ ਭੀ ਉਹ ਨਾ ਰੁਕਣ ਕਾਰਨ ਸਾਨੂੰ ਸੱਚਖੰਡ ਦਰਬਾਰ ਵਿਚ ਨਮਸ਼ਕਾਰ ਕਰਨ ਤੋਂ ਰੁਕਣਾ ਪਿਆ।

ਦਾਸ ਦਾ ਅੱਖੀਂ ਡਿੱਠਾ ਦ੍ਰਿਸ਼—ਇਹ ਸ਼ੰਕਾ ਕਿ ਬਾਬਾ ਜੀ ਸੱਚਖੰਡ ਕਿਉਂ ਨਹੀਂ ਜਾਂਦੇ, ਉਦੋਂ ਨਵਿਰਤ ਹੋਇਆ, ਜਦੋਂ ਇਕ ਪ੍ਰੇਮੀ ਨੇ ੫੦੦/— ਦਾ ਮਨੀਆਰਡਰ ਭੇਜਿਆ। ਕਾਰੋਬਾਰੀ ਭਾਈ ਨੱਥਾ ਸਿੰਘ ਜੀ ਇਸ ਤੋਂ ਘੱਟ ਰਕਮ ਦੇ ਮਨੀਆਰਡਰ ਵਸੂਲਣ ਦੇ ਅਧਿਕਾਰੀ ਸਨ, ਪਰ ਇਹ ਬਾਬਾ ਜੀ ਦੇ ਅਧਿਕਾਰ ਵਿਚ ਸੀ।

ਸਵੇਰ ਦਾ ਨਿੱਤਨੇਮ ਹੋ ਚੁੱਕਾ, ਦੇਗਾਂ ਵਰਤ ਗਈਆਂ ਤਾਂ ਬਾਬਾ ਜੀ ਨੇ ਹੁਕਮ ਕੀਤਾ—'ਲਿਖਾਰੀ ਸਿੰਘ' ਸਾਡੇ ਨਾਲ ਸੱਚ ਖੰਡ ਡਾਕਖਾਨੇ ਚੱਲਣਾ ਹੈ ਤਿਆਰੇ ਕਰੋ। (ਬਾਬਾ ਜੀ ਦੀਆਂ ਅਨੇਕਾਂ ਬਖਸ਼ਸ਼ਾਂ ਦਾ ਵਰਨਣ] ਮੇਰੇ ਉਥੇ ਰਹਿਣ ਸਮੇਂ ਦੇ ਲੇਖ ਅੱਗੇ ਕੀਤਾ ਹੈ।

ਇਹ ਬਾਬਾ ਦਾ ਸਤਿਕਾਰ ਸੱਚਖੰਡ ਪ੍ਰਤੀ ਚਲ ਰਹੇ ਲੇਖ ਕਾਰਨ ਇਥੇ ਅੰਕਿਤ ਕੀਤਾ ਜਾ ਰਿਹਾ ਹੈ ਜੋ ਬਾਬਾ ਜੀ ਦੀ ਜ਼ਬਾਨੀ ਬਚਨ ਸੁਣੇ ਸਨ।

ਦਾਸ ਤੇ ਇਹ ਭਾ: ਸੇਵਾ ਸਿੰਘ (ਕਾਲੀਆਂ) ਜੋ ਖੇਤੀਬਾੜੀ ਦੀ ਸੇਵਾ ਕਰਦਾ ਬੜਾ ਖਾੜਕੂ ਸਿੰਘ ਸੀ, ਅਸੀਂ ਦੋਵੇਂ ਬਾਬਾ ਜੀ ਨਾਲ ਸੱਚਖੰਡ ਜਾਣ ਲਈ ਚਾਲੇ ਪਾਣ ਹੀ ਲੱਗੇ ਸਾਂ, ਮੈਂ ਬੇਨਤੀ ਕੀਤੀ ਕਿ ਬਾਬਾ ਜੀ ਆਪ ਘੋੜੇ ਤੇ ਚੜ੍ਹ ਚਲੋ। ਸਰੀਰ ਬਿਰਦ ਹੈ ਸਫਰ ੮ ਮੀਲ ਜਾਣ ਦਾ ਤੇ ਅੱਠ ਮੀਲ ਆਣ ਦਾ ਹੈ। ਤੁਸੀਂ ਥੱਕ ਜਾਵੋਗੇ, ਅਸੀਂ ਨੌਜਵਾਨ ਹਾਂ ਪੈਦਲ ਚਲੇ ਆਵਾਂਗੇ।

ਬਾਬਾ ਜੀ—ਲਿਖਾਰੀ ਸਿੰਘ! ਮਾਲਕ ਦੇ ਪਾਸ ਅਤੇ ਉਸ ਦੀ ਵਰੋਸਾਈ ਪਾਵਨ ਧਰਤੀ ਤੇ ਪੈਦਲ ਅਤੇ ਨੰਗੇ ਪੈਰੀਂ ਜਾਣਾ ਲੋੜੀਏ। ਘੋੜੇ ਤੇ ਮਾਲਕ ਹੀ ਸਵਾਰੀ ਕਰ ਸਕਦਾ ਹੈ। ਅਸੀਂ ਸੇਵਾਦਾਰ ਹਾਂ ਸਾਡਾ ਪੈਦਲ ਜਾਣਾ ਬਣਦਾ ਹੈ।

ਬਾਬਾ ਜੀ ਦੇ ਇਸ ਰਾਜ਼ - ਰਮਜ਼ ਉਹਨਾਂ ਦੀ ਬਖਸ਼ਿਸ਼ ਦੁਆਰਾ ਸੋਝੀ ਤਾਂ ਆ ਗਈ ਤੇ ਅੱਗੋਂ ਕੁਝ ਕਹਿਣ ਦਾ ਹੀਆ ਨਾ ਪਿਆ

ਬਾਬਾ ਜੀ ਦਾ ਪੈਦਲ ਤੇਜ਼ ਚਲਣਾ

ਅਸੀਂ ਤਿੰਨੇ ਪੈਦਲ ਚਲ ਪਏ, ਪਰ ਬਾਬਾ ਜੀ ਨੇ ਸਾਨੂੰ ਦੋਹਾਂ ਨੂੰ ਚਕ੍ਰਿੱਤ ਕਰ ਦਿਤਾ। ਬਾਬਾ ਜੀ ਦੀ ਵਡੇਰੀ ਉਮਰ, ਮੈਂ ਅਜੇ ਗਬਰੇਟਾ ਸਾਂ, ਬਾਬਾ ਜੀ ਇਤਨਾ ਤੇਜ਼ ਚਲਦੇ ਕਿ ਸਾਡੇ ਕਿਤਨਾ ਹੀ ਯਤਨ ਕਰਨ ਦੇ ਬਾਵਜੂਦ ਭੀ ਅਸੀਂ ਪਿਛੇ ਰਹਿ ਜਾਂਦੇਤੇ ਭੱਜ ਕੇ ਮਿਲਦੇ।ਬਾਬਾ ਜੀ ਮਾਤਾ ਜੀ ਦੇ ਅਸਥਾਨ ਤੋਂ ਸੱਚਖੰਡ ਤੱਕ ਇਕੋ ਚਾਲ ਚੱਲੀ ਗਏ।

ਡਾਕਖਾਨੇ ਤੋਂ ਰਕਮ ਵਸੂਲਣੀ ਤੇ ਬਾਹਰੋਂ ਬਾਹਰ ਆਉਣਾ

ਬਾਹਰੋਂ ਬਾਹਰ, ਅਣਪਛਾਤੇ ਰਸਤੇ ਥੀਂ ਅਸੀਂ ਡਾਕਖਾਨੇ ਪੁਜੇ ਜੋ ਨਾਨਦੇੜ ਸ਼ਹਿਰ ਮੰਡੀ ਵਿਚ ਜੀ। ਮਨੀ ਆਰਡਰ ਤੇ ਦਸਤਖਤ ਕਰ ਕੇ ਉਥੋਂ ਹੀ ਚੁਪਕੇ, ਸਾਨੂੰ ਇਹ ਕਹਿ ਕੇ ਕਿ ਇਹ ਰਕਮ ਸ਼ਹਿਰ ਵਿਚ 'ਮੋਦੀ' ਦੁਕਾਨਦਾਰ ਪਾਸ ਜਮਾਂ ਕਰਵਾ ਕੇ ਫਿਰ ਸੱਚਖੰਡ ਦਰਬਾਰ ਦੇ ਦਰਸ਼ਨ ਕਰਨੇ ਹਨ ਅਤੇ ਸਾਨੂੰ ਬਾਹਰਵਾਰ ਪੁਲ ਪਾਸ ਈਦਗਾਹ [ਮਸੀਤ] ਵਿਚ ਆ ਮਿਲਣਾ, ਅਸੀਂ ਓਥੇ ਹੀ ਤੁਹਾਡੀ ਉਡੀਕ ਕਰਾਂਗੇ।

ਮਨ ਵਿਚ ਵਿਚਾਰ ਆਈ ਕਿ ਕੀ ਬਾਬਾ ਜੀ ਸਚਖੰਡ ਦੀਦਾਰ ਕਰਨ ਨਹੀਂ ਜਾਣਗੇ ? ਕਿਉਂ ? ਇਹ ਪ੍ਰਸ਼ਨ ਪੁੱਛਣ ਦਾ ਬਾਬਾ ਜੀ ਨੇ ਸਮਾਂ ਹੀ ਨਾ ਦਿਤਾ, ਉਸੇ ਇਕਾਂਤ ਰਸਤੇ ਬਾਬਾ ਜੀ ਕਾਹਲੀ ਨਾਲ ਚੱਲ ਪਏ।

ਮੋਦੀ [ਦੁਕਾਨਦਾਰ] ਪਾਸ ਰਕਮ ਜਮਾਂ ਕਰਵਾਉਣੀ ਤੇ ਉਸ ਦੀ ਤੜਪ

ਅਸੀਂ ਦੋਵੇਂ (ਦਾਸ ਤੇ ਭਾਈ ਸੇਵਾ ਸਿੰਘ ਨਿਹੰਗ ਸਿੰਘ) ਦੁਕਾਨਦਾਰ ਪਾਸ ਪੁਜੇ, ਜਿਸ ਤੇ ਬਾਬਾ ਜੀ ਦੀ ਅਪਾਰ ਮੇਹਰੇ - ਨਿਗਾਹ ਹੋਈ ਹੋਈ ਸੀ। ਜਿਸ ਕਰ ਕੇ ਉਹ ਇਤਨਾ ਵਿਸ਼ਵਾਸੀ, ਦ੍ਰਿੜ੍ਹ ਇਰਾਦੇ ਵਾਲਾ ਇਮਾਨਦਾਰ ਦੁਕਾਨਦਾਰ ਸ਼ਾਇਦ ਹੀ ਕੋਈ ਹੋਵੇਗਾ। ਨਾ ਕਦੇ ਬਾਬਾ ਜੀ ਤੋਂ ਮਾਇਆ ਬਾਰੇ ਕੋਈ ਸੁਨੇਹਾ ਆਦਿ ਭੇਜਿਆ ਸੀ। ਉਹ ਤਾਂ ਸਗੋਂ ਇਹ ਹੱਟ ਬਾਬਾ ਜੀ ਦਾ ਹੀ ਸਮਝਦਾ ਸੀ। ਉਸ ਨੂੰ ਇਸ ਗੱਲ ਤੇ ਵਿਸ਼ਵਾਸ ਹੋ ਚੁੱਕਾ ਸੀ ਕਿ ਪਹਿਲਾਂ ਮੈਂ ਇਕ ਛੋਟਾ ਜਿਹਾ ਦੁਕਾਨਦਾਰ ਸਾਂ,ਜਿਸ ਦੀ ਕੋਈ ਪੁੱਛ ਨਹੀਂ ਸੀ, ਮੈਂ ਕਿਸੇ ਗਿਣਤੀ ਵਿਚ ਨਹੀਂ ਸਾਂ। ਪਰ ਅੱਜ ਇਹ ਇਤਨਾ ਵੱਡਾ ਹੱਟ, ਮਾਇਆ ਦਾ ਕੋਈ ਥਾਹ ਨਹੀਂ, ਮਾਨ, ਇਜ਼ਤ ਤੇ ਗਾਹਕਾਂ ਦੀ ਭਰਮਾਰ, ਇਹ ਸਭ ਬਾਬਾ ਜੀ ਦੀ ਕ੍ਰਿਪਾ ਸਦਕਾ, ਜਦ ਤੋਂ ਉਹਨਾਂ ਨਾਲ ਲੈਣ ਦੇਣ ਕੀਤਾ, ਉਹਨਾਂ ਦੀ ਅਜਿਹੀ ਬਖਸ਼ਿਸ਼ ਹੋ ਗਈ ਹੈ ਕਿ ਮੈਂ ਵੱਡਾ ਹੱਟ ਵਾਲਾ ਹੋ ਗਿਆ ਹਾਂ। ਅਜ ਮੈਂ ਧਨਾਢਾਂ ਵਿਚ ਗਿਣਿਆਂ ਜਾਣ ਤਾਂ ਲੱਗਾ ਹਾਂ। ਪਰ ਇਹ ਸਾਰੀ ਬਖਸ਼ਿਸ਼ ਬਾਬਾ ਜੀ ਦੀ ਹੀ ਹੋਈ ਹੈ। ਉਹ ਇਸ ਅਹਿਸਾਨ ਨੂੰ ਕਦਾਚਿਤ ਨਹੀਂ ਭੁੱਲਾ ਰਿਹਾ ਸੀ ਤੇ ਉਸ ਨੂੰ ਬਾਬਾ ਜੀ ਦੇ ਦਰਸ਼ਨਾਂ ਦੀ ਸਦਾ ਤੜਪ ਰਹਿੰਦੀ। ਉਹ ਸਮਝਦਾ ਸੀ ਕਿ ਜਦੋਂ ਤੋਂ ਮਾਤਾ ਜੀ ਦੇ ਅਸਥਾਨ ਤੇ ਸੌਦਾ ਜਾਣ ਲੱਗਾ ਹੈ, ਮੇਰੀ ਕਿਸਮਤ ਵਿਚ ਲੋਹੜੇ ਦਾ ਪਲਟਾ ਆ ਗਿਆ ਹੈ। ਉਹ ੧੫—੨੦ ਹਜ਼ਾਰ ਰੁਪਏ ਉਧਾਰ ਨੂੰ ਮਾਮੂਲੀ ਸਮਝ ਰਿਹਾ ਸੀ।

ਦੁਕਾਨਦਾਰ ਨੂੰ ਬਾਬਾ ਜੀ ਬਾਰੇ ਦੱਸਣ ਤੇ ਉਸਦੀ ਹਾਲਤ

ਜਦੋਂ ਅਸਾਂ ਦੁਕਾਨਦਾਰ ਨੂੰ ੫੦੦ ਰੁਪੈ ਦੇ ਕੇ ਕਿਹਾ ਕਿ ਜਮਾਂ ਕਰ ਲਵੋ । ਗੁ: ਮਾਤਾ ਸਾਹਿਬ ਕੌਰ ਜੀ ਤੋਂ ਬਾਬਾ ਜੀ ਨੇ ਭੇਜੇ ਹਨ ।

ਦੁਕਾਨਦਾਰ ਦੇ ਚੇਹਰੇ ਤੇ ਮੁਸਕਾਨ ਆ ਗਈ । ਉਸ ਨੇ ਪੁਛਿਆ—ਬਾਬਾ ਜੀ ਰਾਜ਼ੀ ਖੁਸ਼ੀ ਹਨ, ਕੀ ਗੱਲ ਕਿ ਨਿਮਾਣਿਆਂ ਨੂੰ ਦਰਸ਼ਨ ਹੁਣ ਕਦੀ ਨਹੀਂ ਦੇਂਦੇ । ਕੀ ਮੈਂ ਗੁਨਾਹੀ ਹਾਂ, ਪਾਪੀ ਹਾਂ, ਤਾਂ ਹੀ ਨਹੀਂ ਆਉਂਦੇ ? (ਅਸਚਰਜਤਾ ਦੀ ਗੱਲ ਇਹ ਸੀ ਕਿ ਉਹ ਮਰਹੱਟਾ ਹੁੰਦਾ ਹੋਇਆ ਭੀ ਸਿਗਰਟ-ਬੀੜੀ ਪੀਣ ਅਤੇ ਵੇਚਣ ਤੋਂ ਭਾਰੀ ਨਫਰਤ ਕਰਦਾ ਸੀ ।)

ਉਸ ਦੀ ਅਜਿਹੀ ਆਜਜ਼ੀ ਭਰੀ ਤੜਪਣ ਸੁਣ ਕੇ ਮੇਰੇ ਮੂੰਹੋਂ ਸਹਿਜੇ ਹੀ ਕਹਿ ਹੋਇਆ ਕਿ ਬਾਬਾ ਜੀ ਅੱਜ ਬਹੁਤ ਦਿਨਾਂ ਬਾਅਦ ਡਾਕਖਾਨੇ ਆਏ ਸਨ ਅਤੇ ਉਥੋਂ ਹੀ ਰੁਪੈ ਵਸੂਲ ਕਰਕੇ ਸਾਨੂੰ ਦੇ ਕੇ ਵਾਪਸ ਮੁੜ ਗਏ ਹਨ ।

ਦੁਕਾਨਦਾਰ ਇਹ ਸੁਣ ਕੇ ਕਿ ਉਹ ਆਏ ਸਨ ? ਮੁੜ ਗਏ ! ਅਜੀਬ ਜੇਹੀ ਰੰਗਤ, ਉਦਾਸੀਨਤਾ, ਹੱਥੋਂ ਤੱਕੜੀ ਡਿੱਗ ਪਈ । ਨੇਤਰਾਂ ਤੋਂ ਨੀਰ (ਪ੍ਰੇਮ - ਅੱਥਰੂ ਵਹਿ ਟੁਰੇ । ਉਹ ਸਿੱਸਕਦੀ, ਬਿੱਥਲੀ ਜਿਹੀ ਆਵਾਜ਼ ਵਿਚ ਕਿਹਾ—ਮੈਂ ਨਿਭਾਗੇ ਨੂੰ ਦਰਸ਼ਨ ਨਹੀਂ ਦੇ ਗਏ । ਕੀ ਮੈਂ ਐਨਾ ਗੁਨਾਹਗਾਰ ਸਾਂ ? ਇਹ ਤਾਂ ਦੁਕਾਨ ਹੀ ਉਹਨਾਂ ਦੀ ਆਪਣੀ ਸੀ । ਮੈਂ ਤਾਂ ਉਹਨਾਂ ਦਾ ਬਰਦਾ (ਗੁਲਾਮ) ਹੁਕਮ ਵਿਚ ਬੈਠਾ ਹੋਇਆ ਹਾਂ । ਇਹ ਤਾਂ ਸਭ ਉਹਨਾਂ ਦੀ ਮਿਹਰ ਦਾ ਸਦਕਾ ਹੀ ਹੈ । ਆਪਣੇ ਗੁਲਾਮ ਤੇ ਇਕ ਝਾਤ ਤੋ ਡਾਲ ਜਾਤੇ ।

ਜਿਵੇਂ ਮਾਂ ਪੁੱਤਰ ਦੇ ਵਿਜੋਗ ਵਿਚ ਪੱਤਨੀ ਪਤੀ ਦੇ ਵਿਜੋਗ ਵਿਚ ਕੁਰਲਾਂਦੀ, ਤੜਪਦੀ, ਸਿਸਕਦੀ ਅਤੇ ਰੋਂਦੀ ਹੈ । ਐਨ ਇਹੋ ਜਿਹੀ ਹਾਲਤ ਇਸ ਮਰਹੱਟੇ ਦੁਕਾਨਦਾਰ ਦੀ ਸੀ । ਉਹ ਹੌਕੇ ਭਰਦਾ ਗੁਣ ਗੁਣਾ ਰਿਹਾ ਸੀ—ਮੇਰੇ ਸਾਈਆਂ ! ਮੁਝ ਸੇ ਕਿਆ ਖਤਾ ਹੂਈ ਹੈ, ਮੁਝੇ ਇਸ ਕਦਰ ਕਰਵਟ ਦੇ ਕਰ ਨਾ ਜਾਣਾ ਥਾ । ਏਕ ਪਲਕ ਭਰ ਹੀ ਦਰਸ਼ਨ ਕਾ ਲਿਸ਼ਕਾਰ ਦੇ ਜਾਤੇ । ਮੈਂ ਜਨਮੋਂ ਕਾ ਭੂਲਾ ਅਪਨੀ ਖਤਾ ਮੁਆਫ ਕਰਵਾ ਲੇਤਾ, ਆਪ ਕੇ ਚਰਨੋਂ ਸੇ ਲਿਪਟ ਕਰ ।

ਉਹ ਕੀ ਕੁਝ ਕਹਿ ਗਿਆ ਅਤੇ ਕਿੰਨਾ ਚਿਰ ਸਨਾਟਾ ਛਾਇਆ ਰਿਹਾ । ਅਜੀਬ ਜਿਹੀ ਸਥਿਤੀ ਬਣ ਗਈ । ਦਰਸ਼ਕ (ਗਾਹਕ) ਭੀ ਸੱਜਲ ਨੇਤ੍ਰ ਬੁੱਤ ਬਣੀ ਆਪਾ ਭੁੱਲੀ ਖੜੇ ਸਨ । ਸੌਦਾ ਕੌਣ ਮੰਗੇ ਅਤੇ ਕੌਣ ਦੇਵੇ । ਤੋਲ, ਬੋਲ ਇਕ ਸੂਰ ਇਕ ਲੀਣ ਹੋ ਚੁੱਕਾ ਸੀ । ਇਸ ਅਸਚਰਜਤਾ ਵਿਚ ਸਹਿਜੇ ਆਵਾਜ਼ ਆਈ—ਕੀ ਹੋਇਆ, ਸੁਖ ਤਾਂ ਹੈ ? ਗਾਹਕ ਪੁਛ ਰਹੇ ਸਨ ।

ਮੈਂ ਤੇ ਭਾਈ ਸੇਵਾ ਸਿੰਘ ਜੀ ਭੀ ਭਾਵੇਂ ਇਸ ਪਰੇਮ ਰੰਗ ਦੇ ਰਸ ਵਿਚ ਸੱਜਲ ਨੇਤਰ ਹੋ ਰਹੇ ਸਾਂ, ਪਰ ਮੈਂ ਬੜੇ ਅਦਬ ਨਾਲ ਕਿਹਾ—ਕੁਛ ਨਹੀਂ, ਇਹ ਮਹਾਂਪੁਰਸ਼ ਬਾਬਾ ਮਿੱਤ ਸਿੰਘ ਜੀ ਜੋ ਗੁ: ਮਾਤਾ ਸਾਹਿਬ ਕੌਰ ਜੀ ਦੇ ਪੁਜਾਰੀ ਹਨ, ਦੇ ਅਨਿੰਨ ਸੇਵਕ ਹਨ, ਪਿਆਰ ਦੀ ਯਾਦ 'ਚ ਬਿਹਬਲ ਹੋ ਗਏ ਹਨ।

ਸੇਠ ਜੀ ! ਸਬਰ ਕਰੋ, ਉਹ ਬਖਸ਼ਿਸ਼ ਕਰਨਗੇ । ਅਸੀਂ ਜਾ ਕੇ ਅਰਜ਼ ਕਰਾਂਗੇ, ਉਹ ਆਪ ਜੀ ਦੀ

ਹਾਜ਼ਰੀ ਕਬੂਲਣਗੇ, ਜ਼ਰੂਰ ਕਬੂਲਣਗੇ । ਆਪ ਧੀਰਜ ਕਰੋ ਅਤੇ ਆਏ ਗਾਹਕਾਂ ਦੀ ਸਾਰ ਲਵੋ ।

ਸੇਠ ਜੀ—ਨਹੀਂ ! ਨਹੀਂ !! ਮੈਂ ਸੇਠ ਨਹੀਂ ? ਗੁਲਾਮ ਘਰ ਕਾ, ਗਰੀਬ, ਕੰਗਾਲ, ਉਸ ਦਰਬਾਰ ਦਾ ਕੂਕਰ ਹਾਂ । ਜਿਨ੍ਹਾਂ ਕੀ ਬਦੌਲਤ ਮੁਝੇ ਯੇਹ ਮਾਨ ਮਿਲਾ ਹੈ । ਇਹ ਸਭ ਬਾਬਾ ਜੀ ਕੀ ਹੀ ਬਖਸ਼ੀ ਵਡਿਆਈ ਹੈ ।

ਦੁਕਾਨਦਾਰ ਨੇ ਵਹੀ ਖਾਤਾ ਚੁਕਿਆ ਤੇ ੫੦੦/—ਰੁਪੈ ਦਰਜ ਕਰ ਲਏ । ਮੈਂ ਸਹਿਜੇ ਹੀ ਪੁਛ ਬੈਠਾ ਕਿ ਕਿੰਨਾ ਕੁ ਲੇਖਾ ਹੈ ਆਪ ਦਾ ? ਮੋਦੀ (ਦੁਕਾਨਦਾਰ) ਚੁਪ ਕਰ ਗਿਆ ।

ਦਾਸ ਨੇ ਕਿਹਾ—ਮੋਦੀ ਜੀ ਚੁਪ ਕਿਉਂ ਕਰ ਗਏ ਹੋ, ਬਹੁਤਾ ਉਧਾਰ ਹੈ ? ਦਸੋ ਤਾਂ ਸਹੀ ।

ਦੁਕਾਨਦਾਰ—ਨਹੀਂ ! ਮਾਲਕ ਹੀ ਉਹ ਹਨ, ਫਿਰ ਉਧਾਰ ਕਾਹਦਾ ? ਉਸ ਅਸਥਾਨ ਤੇ ਬੀਜਿਆ ਕਦੇ ਬਿਰਥਾ ਨਹੀਂ ਜਾਵੇਗਾ । ਮੈਂ ਤਾਂ ਸਗੋਂ ਬਾਬਾ ਜੀ ਦਾ ਕਰਜ਼ਦਾਰ ਹਾਂ, ਜਿਨ੍ਹਾਂ ਨੇ ਅਜਿਹਾ ਖਜ਼ਾਨਾ ਬਖਸ਼ਿਸ਼ ਕੀਤਾ ਹੈ ਕਿ ਤੋਟ ਹੀ ਨਹੀਂ ਆ ਰਹੀ । ਮੈਂ ਤਾਂ ਬ-ਖੁਸ਼ੀ ਇਕ ਦਸਵੰਧ ਵਜੋਂ ਹੀ ਸਮਝਦਾ ਹਾਂ । ਉਹ ਵੀ ਪੂਰਾ ਨਹੀਂ । ਮੇਰੀ ਕਮਾਈ ਵਿਚ ਦੂਣੀ ਚੌਣੀ ਤਾਂ ਕਿਧਰੇ ਰਹੀ, ਦਸ ਗੁਣਾਂ ਤੋਂ ਭੀ ਵਧੇਰੇ ਹਜ਼ਮ ਹੋ ਰਿਹਾ ਹੈ । ਮੈਂ ਕਿਵੇਂ ਆਖਾਂ ਉਧਾਰ ਹੈ, ਗੁਨਾਹੀ ਬਣਾਂ, ਮੈਂ ਤਾਂ ਕਰਜ਼ਦਾਰ ਹਾਂ ਕਰਜ਼ਦਾਰ ਭੀ ਬਾਬਾ ਜੀ ਦਾ । ਬਸ ! ਦਰਸ਼ਨ ਦੀ ਭੁੱਖ ਹੀ ਰਹਿੰਦੀ ਹੈ ।

ਦਾਸ ਵਲੋਂ— (ਸਹਿਜੇ ਹੀ) ਜੇ ਤੁਸੀਂ ਕਰਜ਼ਦਾਰ ਹੋ ਤਾਂ ਤੇ ਕਿੰਨਾ ਬਕਾਇਆ ਹੈ, ਮੈਂ ਪੁੱਛਣ ਵਿਚ ਸਫਲ ਹੋ ਗਿਆ । ਕੇਵਲ ਸੋਲਾਂ ਹਜ਼ਾਰ ਰੁਪਿਆ ਬਕਾਇਆ ਹੈ । ਇਹ ਤਾਂ ਤੁਛ ਮਾਤਰ ਹੈ । ਦੁਕਾਨਦਾਰ ਨੇ ਕਿਹਾ । ਹੱਛਾ ! ਮੈਂ ਹੈਰਾਨ ਜਿਹਾ ਹੋ ਗਿਆ । ਦਿਲ ਹੀ ਦਿਲ ਵਿਚ ਕਿਹਾ—ਵਾਹ ਓ ਮੋਦੀਆ (ਦੁਕਾਨਦਾਰਾ) ਸੱਚ ਪਰਖਿਆ ਈ, ਸੱਚ ਚਿਤ ਲਾਇਆ ਈ । ਕਿਵੇਂ ਤੇ ਕਿਥੋਂ ਉਸ ਨੂੰ ਇਹ ਸੋਝੀ ਹੋ ਆਈ ਏ । ਅਸੀਂ ਕੋਲ ਰਹਿਣ ਵਾਲੇ ਅੰਨ੍ਹੇ, ਬੋਲੇ, ਤੂੰ ਦੂਰ ਬੈਠਾ, ਫਿਰ ਜਾਤ ਗੋਤ ਦਾ ਮੇਲ ਭੀ ਨਹੀਂ, ਮਹਰੱਟਾ ਹੋ ਕੇ ਸੱਚ ਦਾ ਵਪਾਰੀ, ਸੱਚਾ ਸੌਦਾ ਖਰੀਦ ਲਿਆ ਈ ।

ਭਲੇ ਸਮੇਂ ਵਿਚ ੧੬ ਹਜ਼ਾਰ ਰੁਪੈ ਕੁਝ ਅਰਥ ਰੱਖਦੇ ਸਨ, ਪਰ ਦੁਕਾਨਦਾਰ ਦੇ ਚੇਹਰੇ ਤੇ ਜ਼ਰਾ ਮਲਾਲ, ਰੰਜ ਨਹੀਂ, ਕਦੀ ਮੰਗ ਨਹੀਂ ਕੀਤੀ, ਕਦੀ ਜਾ ਕੇ ਪੁੱਛਿਆ ਨਹੀਂ, ਸਗੋਂ ਕਹਿ ਰਿਹਾ ਹੈ ਉਧਾਰ ਨਹੀਂ, ਮੈਂ ਦੇਣਦਾਰ ਕਰਜ਼ਾਈ ਹਾਂ ।

ਮੈਂ ਆਪਣੇ ਵਲੋਂ ਹੌਂਸਲਾ ਦੇਂਦਿਆਂ ਕਿਹਾ—ਫ਼ਿਕਰ ਨਾ ਕਰਨਾ, ਬਾਬਾ ਜੀ ਸਰਬ ਗੁਣ ਨਿਧਾਨ ਹਨ, ਛੇਤੀ ਭੇਜਣਗੇ ।

ਮੋਦੀ— ਨਹੀਂ ! ਮੈਨੂੰ ਕਾਹਦਾ ਫ਼ਿਕਰ ? ਉਹ ਤਾਂ ਅਤੁਟ ਖਜ਼ਾਨੇ ਵਿਚ ਜਮਾਂ ਹਨ ਅਤੇ ਉਹਨਾਂ ਦੇ ਸੂਦ ਨਾਲ ਹੀ ਮੇਰੀ ਦੁਕਾਨ ਵਿਚ ਵਾਧਾ ਹੋ ਰਿਹਾ ਹੈ । ਜਿੰਨਾ ਸੌਦਾ ਭੇਜਦਾ ਹਾਂ, ਗੱਲੇ ਵਿਚ ਸਵਾਏ ਹੋ ਮਿਲਦੇ ਹਨ । ਸਿੰਘਾ ! ਪ੍ਰਤੱਖ ਗੱਲ ਹੈ ਜੋ ਤੈਨੂੰ ਦੱਸ ਰਿਹਾ ਹਾਂ ।

ਅਜੀਬ ਜਹੀ ਸਥਿਤੀ ਵਿਚ ਅਸੀਂ ਮਾਤਾ ਜੀ ਦੇ ਅਸਥਾਨ ਲਈ ਰਸਦ ਦੇਗ ਲੰਗਰ ਲਈ ਲੈਕੇ ਆਪਸੀ ਵਿਚਾਰਾਂ ਕਰਦੇ, ਸ੍ਰੀ ਸੱਚਖੰਡ ਤਖਤ ਹਜ਼ੂਰ ਦੇ ਦੀਦਾਰ ਕਰਨ ਚੱਲ ਪਏ । ਭਾਵੇਂ ਡਾਕਖਾਨੇ ਤੋਂ ਸੱਚਖੰਡ

ਨੇੜੇ ਸੀ ਤੇ ਦੁਕਾਨ ਪੁਰਾਣੇ ਸ਼ਹਿਰ ਦੀ ਆਬਾਦੀ ਵਿਚ ਸੀ। ਪਰ ਬਾਬਾ ਜੀ ਦਾ ਹੁਕਮ ਪਹਿਲਾਂ ਪੈਸੇ ਦੇਣੇ ਫਿਰ ਦੀਦਾਰ ਕਰਨੇ।

ਸੱਚਖੰਡ ਤਖਤ ਦੇ ਦਰਸ਼ਨ ਦੀਦਾਰ, ਨਮਸ਼ਕਾਰ ਕਰ ਕੇ ਪੁਜਾਰੀ ਬੁੰਗੇ ਵਾਲੇ ਰਸਤੇ ਪਿਛਲੇ ਪਾਸਿਓਂ ਅਸੀਂ ਦੌਵੇਂ ਬਾਬਾ ਜੀ ਦੇ ਦਸੇ ਟਿਕਾਣੇ ਈਦਗਾਹ, ਜੋ ਇਕਾਂਤ ਥਾਵੇਂ ਸ਼ਹਿਰੋਂ ਬਾਹਰ ਹੈਦਰਾਬਾਦ ਜਾਣ ਵਾਲੀ ਸੜਕ (ਪੁਲ) ਲਾਗੇ ਸੀ, ਵਿਚ ਜਦ ਪੁੱਜੇ, ਪਿਛਲਾ ਪਹਿਰ, ਸੂਰਜ ਢਲਵਾਂ ਹੋ ਗਿਆ ਸੀ ਤੇ ਪਰਛਾਵੇਂ ਸਾਡੇ ਅਗੇ ਲੰਮੇ ਹੋ ਕੇ ਟੁਰਣ ਲਗੇ ਸਨ, ਤਾਂ ਬਾਬਾ ਜੀ ਝੱਟ ਹੀ ਸਾਵਧਾਨ ਹੋ ਉੱਠ ਖਲੋਤੇ।

ਆ ਗਏ ਹੋ, ਚਲੋ ਚਲੀਏ, ਬੜਾ ਸਮਾਂ ਲਾ ਆਏ ਹੋ। ਸੁਣਾਓ ਸੱਚਖੰਡ ਦੀ।

ਦਾਸਾਂ ਵਲੋਂ— ਬਾਬਾ ਜੀ ! ਅਜਿਹੇ ਅਸਚਰਜ ਕੌਤਕ ਦਿਖਾਉਣ ਲਈ ਹੀ ਸਾਨੂੰ ਪਹਿਲਾਂ ਮੋਦੀ ਪਾਸ ਭੇਜਿਆ ਸੀ। ਉਹ ਆਪ ਜੀ ਦੇ ਦਰਸ਼ਨਾਂ ਦਾ ਤਾਂਘੀ, ਕਿਵੇਂ ਬਿਸਮਿਲ ਮਿਰਗ ਵਾਂਗ ਤੜਪਦਾ ਤੇ ਪਪੀਹੇ ਵਾਂਗ ਪ੍ਰਿਉ ਪ੍ਰਿਉ ਕਰ ਰਿਹਾ ਸੀ। ਇਕ ਪਲਕ ਝਾਤ ਮਾਰ ਕੇ ਉਸ ਨੂੰ ਦੀਦਾਰ ਦੇ ਕੇ ਉਸ ਦੇ ਦੀਦੇ ਠਾਰ ਦੇਂਦੇ। ਉਸ ਦਾ ਵਿਰਲਾਪ ਅਸੀਂ ਤਾਂ ਕੀਹ, ਸਾਰੇ ਗਾਹਕ ਭੀ ਸੱਜਲ ਨੇਤਰ ਹੋਏ ਸਹਾਰ ਨਹੀਂ ਸਕੇ।

ਬਾਬਾ ਜੀ— ਓਇ ਭੋਲੇ ਮੋਦੀ ! ਚੋਜੀ ਪਾਤਸ਼ਾਹ ਦੇ ਸਤਿਜੁਗ ਦੇ ਤਪੋ ਬਨ ਦੀ ਪਾਵਨ ਧਰਤੀ, ਅਤੇ ਸਚਖੰਡ ਹਜ਼ੂਰ ਦੇ ਤਖ਼ਤ ਦੇ ਨਿੱਤ ਦਰਸ਼ਨ, ਧੰਨ ਧਰਤੀ ਹੈ, ਜਿਥੇ ਤੂੰ ਵੱਸ ਰਿਹਾ ਹੈਂ। ਰਾਜੇ ਜਨਕ ਵਾਂਗ ਸਾਰਾ ਨਗਰ ਹੀ ਉਹਨਾਂ ਦੀ ਪਾਵਨ ਛੋਹ ਨਾਲ ਤਰਿਆ ਹੋਇਆ ਏ। ਭੋਲਿਆ ! ਇਸ ਮਿੱਟੀ ਦੇ ਪੰਜ ਭੂਤਕ ਸਰੀਰ, ਜੋ ਦਾਸਾਂ ਦਾ ਦਾਸ ਤੇ ਸੱਚੇ ਪ੍ਰੀਤਮ ਦਾ ਭਿਖਾਰੀ ਹੋਵੇ, ਉਸ ਦੇ ਦਰਸ਼ਨਾਂ ਦੀ ਤੜਪ, ਭੁੱਲ ਹੈ। ਅਸੀਂ ਤਾਂ ਆਪ ਇਸ ਪਾਵਨ ਧਰਤੀ ਦੀ ਛੋਹ ਪ੍ਰਾਪਤ ਕਰਨ (ਚੌਹਾਂ ਜੁਗਾਂ ਦੇ ਮਹਾਨ ਤਪੱਸਵੀ ਤੇ ਚੌਹਾਂ ਜੁਗਾਂ ਦਾ ਨਿਬੇੜਾ ਕਰਣਹਾਰ) ਦਾਤਾਰ ਤੋਂ ਜਨਮਾਂ ਜਨਮਾਂ ਦੇ ਪੈਂਡੇ, ਮੇਲ ਧੋਣ ਆਏ ਹਾਂ। ਆਪ ਧੰਨ ਹੋ ! ਸੁਭਾਗੇ ਹੋ !! ਜਿਹਨਾਂ ਦਾ ਜਨਮ ਇਸ ਪਾਵਨ [ਕਿਨਕਾ ਕਿਨਕਾ] ਪਵਿੱਤਰ ਧਰਤੀ ਤੇ ਹੋਇਆ ਹੈ। ਧੰਨਤਾ ਯੋਗ ਹੋ, ਸਾਡੇ ਦਰਸ਼ਨਾਂ ਵਿਚ ਕੀ ਪਿਆ ਸੀ।

ਏਨੇ ਚਿਰ ਵਿਚ ਅਸੀਂ ਹਸਨਾ* ਨਦੀ ਟੱਪ ਗਏ, ਕੁਝ ਹਨੇਰਾ ਤੇ ਸ਼ਾਮ ਦੇ ਨਿੱਤਨੇਮ ਦਾ ਸਮਾਂ ਹੋ ਰਿਹਾ ਸੀ। ਬਾਬਾ ਜੀ ਤੇਜ਼ ਰਫ਼ਤਾਰ ਨਾਲ ਚਲੀ ਜਾ ਰਹੇ ਸਨ ਅਤੇ ਅਸੀਂ ਭੱਜ ਭੱਜ ਕੇ ਉਹਨਾਂ ਦੇ ਨਾਲ ਰਲਦੇ।

(ਮੋਦੀ) ਦੁਕਾਨਦਾਰ ਦੀ ਦਾਸਤਾਂ ਤੜਪਣ ਬਾਰ ਬਾਰ ਸੋਚ ਫੁਰਦੀ ਕਿ ਬਾਬਾ ਜੀ ਮੋਦੀ ਪਾਸ ਕਿਉਂ ਨਹੀਂ ਗਏ ? ਚਲੋ ਉਸ ਪਾਸ ਨਾ ਸਹੀ—ਪਰ ਸੱਚਖੰਡ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਦੀਦਾਰ ਭੀ ਕਰਨ ਨਹੀਂ ਗਏ ?

ਚਲਦੇ ਚਲਦੇ ਭੱਜਦੇ ਮਿਲਦੇ ਸਾਹੋ ਸਾਹੀ ਬੱਚੇ ਦੀ ਰਿਆੜ ਵਾਂਗ ਆਖਰ 'ਮੂੰਹ ਆਈ ਬਾਤ

* ਹਸਨਾ ਨਦੀ ਬਾਰੇ ਵੱਖਰਾ ਲੇਖ ਪੜ੍ਹੋ, ਕਿੰਨੀ ਖਤਰਨਾਕ ਨਦੀ [ਨਾਲਾ) ਹੈ। ਪਿੱਛੇ ਲਿਖਿਆ ਹੈ।

ਨਾ ਰਹਿੰਦੀ ਏ' ਕਿਉਂਕਿ ਬਾਬਾ ਜੀ ਦਾ ਪਿਆਰ ਮੈਨੂੰ ਪਿਤਾ ਸਮਾਨ ਭਾਸਦਾ ਤੇ ਮੈਂ ਕਈ ਵਿਚਾਰਾਂ ਖੁਲ੍ਹ ਲੈ ਕਰ ਲੈਂਦਾ, ਜੋ ਪਿਛੇ ਦਰਜ ਹਨ। ਇਸੇ ਹੌਂਸਲੇ ਨਾਲ, ਮੈਂ ਥੋੜਾ ਪਿਛੇ ਹੋ ਕੇ ਪੁਛਿਆ—

ਬਾਬਾ ਜੀ ! ਆਪ ਸਚਖੰਡ ਦੀਦਾਰੇ ਕਰਨ ਭੀ ਨਹੀਂ ਗਏ, ਇਸ ਦਾ ਕਾਰਨ ਤਾਂ ਦਸੋ ?

ਬਾਬਾ ਜੀ—ਲਿਖਾਰੀ ਸਿੰਘ ! ਕੀ ਲੈਣਾ ਹੈ ਤੂੰ ਇਸ ਰਾਜ਼ ਨੂੰ ਪੁੱਛ ਕੇ। ਮਾਲਕ ਦਾ ਹੁਕਮ ਹੀ ਅਜਿਹਾ ਹੈ।

ਦਾਸ— ਕਿਸ ਦਾ ਹੁਕਮ ? ਪੁਜਾਰੀ ਸਿੰਘ, ਮੋਹਤਮਿਮ ਜਾਂ ਸੇਵਾਦਾਰਾਂ ਜਾਂ ਨਵਾਬ ਦਾ। ਕੀ ਕਿਸੇ ਸਿੰਘ ਨੂੰ ਸਚਖੰਡ ਦੇ ਦੀਦਾਰ ਕਰਨ ਦੀ ਮਨਾਹੀ ਹੈ ?

ਬਾਬਾ ਜੀ— ਲਿਖਾਰੀ ਸਿੰਘ ਮਨਾਹੀ ਤਾਂ ਨਹੀਂ, ਤੇ ਨਾ ਹੀ ਸਾਨੂੰ ਕਿਸੇ ਵਰਜਿਆ ਹੈ। ਪਰ ਗੁਨਾਹਾਂ ਨੂੰ ਬਖਸ਼ਾਉਣ ਜਾਈਦਾ ਹੈ ਨਾ ਕਿ ਅਸਥਾਨ ਦੀ ਬੇਅਦਬੀ ਕਰਾਣ? 'ਇਕ ਭਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ' ਪਾਪ ਸਿਰ ਚੜ੍ਹਾ ਲਈਏ। ਇਸ ਤਖਤ ਸੱਚਖੰਡ ਦਾ ਜਿੰਨਾਂ ਅਦਬ, ਸਤਿਕਾਰ ਹੋ ਸਕੇ, ਸਾਨੂੰ ਕਰਨਾ ਲੋੜੀਏ।

ਪਰ ਪਹਿਲਾਂ ਪਹਿਲ ਜਦ ਅਸੀਂ ਜਾਇਆ ਕਰਦੇ ਸਾਂ ਤਾਂ ਸਹਿਤ ਪੁਜਾਰੀ ਸਿੰਘ, ਸੇਵਾਦਾਰ, ਸਾਡੇ ਵੱਲ ਧਾ ਕੇ ਸਾਡੇ ਗੋਡਿਆਂ ਤੇ ਚਰਨਾਂ ਨੂੰ ਛੂਹਣ ਦਾ ਯਤਨ ਕਰਦੇ, ਤਾਂ ਸਾਨੂੰ ਨੱਸਣਾ ਪੈਂਦਾ।

ਇਹ ਹਜ਼ੂਰ ਦੀ ਹਾਜ਼ਰੀ ਵਿਚ ਕਿਸੇ ਮਨੁੱਖ ਲਈ ਪੂਜਾ ਕਰਾਉਣੀ ਜਿਥੇ ਭਾਰੀ ਮਨ-ਮਤਿ ਹੈ ਉਥੇ ਮਾਲਕ ਦੀ ਕ੍ਰੋਪੀ ਅਤੇ ਬਖਸ਼ਸ਼ਾਂ ਤੋਂ ਵਿਰਵੇ ਹੋਣਾ ਹੁੰਦਾ ਹੈ। ਉਸ ਦੀ ਯਾਤਰਾ—ਦਰਸ਼ਨ ਕੀਤੇ ਭੀ ਸਫਲ ਨਹੀਂ। ਉਥੇ ਤਖਤ ਦਾ ਅਦਬ ਸਤਿਕਾਰ ਲੋੜੀਏ।

ਮੈਂ ਇਕ ਨਿਮਾਣਾ ਜਿਹਾ ਸੇਵਾਦਾਰ ਭੀ ਨਹੀਂ ਬਣ ਸਕਿਆ। ਕੌਣ ਹੁੰਦਾ ਹਾਂ ? ਜੋ ਹਜ਼ੂਰ ਦੇ ਸੱਚਖੰਡ ਤਖਤ ਦੇ ਹਜ਼ੂਰ ਆਪਣੀ ਪੂਜਾ ਕਰਵਾਵਾਂ, ਗੁਨਾਹੀ ਬਣਾਂ ਅਤੇ ਹਜ਼ੂਰ ਦੀ ਬਾਰਗਾਹ ਵਿਚ ਲੇਖੇਦਾਰ ਹੋ ਕੇ ਲੇਖਾ ਦੇਵਾਂ, ਜਵਾਬਦੇਹ ਹੋਵਾਂ, ਇਹ ਤਾਂ ਕਦਾਚਿਤ ਸ਼ੋਭਦਾ ਨਹੀਂ। ਮਾਲਕ ਨਾਲ ਸੇਵਾਦਾਰ (ਚਾਕਰ) ਦੀ ਬਰਾਬਰੀ ਕਰਨੀ ਮਹਾਨ ਪਾਪ ਹੈ।

ਸਤਿਗੁਰੂ ਦੇ ਹਜ਼ੂਰ ਕਿਸੇ ਮਨੁਖ ਨੂੰ ਆਪਣੀ ਪੂਜਾ ਕਰਾਣ ਦਾ ਕੋਈ ਹੱਕ ਨਹੀਂ। ਪੈਰੀਂ ਪੁਆਵੇ,ਮੱਥੇ ਟਿਕਵਾਵੇ, ਗੁਰੂ ਨਾਲੋਂ ਵੱਡਾ ਬਣ ਕੇ, ਆਸਣ ਵਿਛਾ ਕੇ ਗੁਰੂ ਹਜ਼ੂਰ ਬੈਠੇ। ਇਹ ਸਰਾਸਰ ਨਿਰਾਦਰੀ ਤੇ ਅਪਮਾਨ ਹੈ। ਦਾਸ ਨੂੰ ਦਾਸ ਰੂਪ ਵਿਚ ਹੀ ਰਹਿਣਾ ਸੋਭਦਾ ਹੈ।

ਇਸੇ ਕਾਰਨ ਹੀ ਅਸੀ ਪਿਤਾ ਹਜ਼ੂਰ ਪਾਸੋਂ ਮਾਫੀ ਮੰਗ ਕੇ ਕਿਤਨੇ ਸਮੇਂ ਤੋਂ ਦੀਦਾਰ ਕਰਨ ਨਹੀਂ ਗਏ ਅਤੇ ਅੱਜ ਭੀ ਬਾਹਰੋਂ ਹੀ ਦਾਤਾਰ ਨੂੰ ਨਮਸ਼ਕਾਰ ਕਰ ਕੇ ਹਾਜ਼ਰੀ ਲੁਆ ਲਈ ਸੀ ਅਤੇ ਮੁਆਫੀ ਮੰਗ ਲਈ ਸੀ।

ਬਾਬਾ ਜੀ ਦਾ ਸੱਚਖੰਡ ਤਖ਼ਤ ਸ੍ਰੀ ਹਜ਼ੂਰ ਦਾ ਦਿਲ ਵਿਚ ਸਤਿਕਾਰ

ਬਾਬਾ ਜੀ ਆਪਣੇ ਜੀਵਨ ਕਾਲ ਵਿਚ ਤਖਤ ਸ੍ਰੀ ਸੱਚਖੰਡ ਦਾ ਦਿਲ ਵਿਚ ਪੂਰਨ ਸਤਿਕਾਰ, ਵਡਿਆਈ ਤੇ ਉੱਚਤਮ ਦੇ ਧਾਰਨੀ ਰਹੇ ਅਤੇ ਉਸ ਅਸਥਾਨ ਦੀ ਵਿਸ਼ੇਸ਼ਤਾ, ਮਹੱਤਤਾ ਨੂੰ ਮੁੱਖ ਰਖਦਿਆਂ

ਕੁਝ ਖਾਸ ਮਹੱਤ੍ਵ ਪੂਰਨ ਉਦਾਹਰਣਾਂ ਇਹ ਪਰਗਟ ਕਰਦੀਆਂ ਹਨ ਕਿ ਬਾਬਾ ਜੀ ਭਾਵੇਂ ਮਾਤਾ ਜੀ ਦੇ ਅਸਥਾਨ ਦੇ ਸੰਚਾਲਕ ਸਨ, ਪਰ ਬਰੋਬਰੀ ਨਹੀਂ ਕਰਨਾ ਚਾਹੁੰਦੇ ਸਨ।

ਅੰਮ੍ਰਿਤ ਪਾਨ– ੧. ਜੇ ਕੋਈ ਪ੍ਰੇਮੀ ਬਾਬਾ ਜੀ ਅਗੇ ਅੰਮ੍ਰਿਤ ਪਾਣ ਕਰਨ ਦੀ ਯਾਚਨਾ ਕਰਦਾ, ਚਾਹੇ ਕਿੰਨਾ ਭੀ ਹੱਠ ਕਰਦਾ ਕਿ ਬਾਬਾ ਜੀ ਆਪ ਜੀ ਦੇ ਹੱਥੋਂ ਹੀ ਅੰਮ੍ਰਿਤ ਪਾਣ ਕਰਨਾ ਹੈ, ਪਰ ਬਾਬਾ ਜੀ ਬੜੇ ਨਰਮ ਲਹਿਜੇ ਵਿਚ ਕਹਿੰਦੇ ਕਿ ਤਖਤ ਸੱਚਖੰਡ ਨਾਲੋਂ ਹੋਰ ਕਿਹੜਾ ਉੱਚਤਮ ਅਸਥਾਨ, ਸੂਝ ਅਤੇ ਪਵਿਤਰ ਹੋ ਸਕਦਾ ਹੈ। ਉਥੇ ਜਾ ਕੇ ਅੰਮ੍ਰਿਤ ਪਾਣ ਕਰੋ।

ਗੁਰਮੁਖਾ ! ਹੁਕਮ ਨਹੀਂ, ਮਾਲਕ ਦੀ ਬਰੋਬਰੀ ਇਕ ਸੇਵਾਦਾਰ ਨਹੀਂ ਕਰ ਸਕਦਾ। ਮਾਲਕ ਜੁ ਹਜੂਰ ਆਪ ਤਖਤ ਤੇ ਬੈਠੇ ਹਨ, ਉਹਨਾਂ ਦੀ ਦਾਤ ਉਹਨਾਂ ਤੋਂ ਜਾ ਕੇ ਪ੍ਰਾਪਤ ਕਰੋ।

ਇਸ ਤਰ੍ਹਾਂ ਕਦੀ ਵੀ ਅੰਮ੍ਰਿਤ ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਤੇ ਕਿਸੇ ਨੂੰ ਪਾਣ ਨਹੀਂ ਕਰਵਾਇਆ ਕਰਦੇ ਸਨ। ਸ਼ਾਇਦ ਇਹ ਭੀ ਹੋ ਸਕਦਾ ਹੈ ਜਿਵੇਂ ਅਜ ਕਲ ਜਿਸ ਸੰਪ੍ਰਦਾਇ ਤੋਂ ਅੰਮ੍ਰਿਤ ਪਾਣ ਕੀਤਾ ਜਾਂਦਾ ਹੈ, ਉਹ ਸਿੰਘ ਉਸ ਸੰਪ੍ਰਦਾਇ ਦਾ ਕਹਿਲਾਉਣ ਲੱਗ ਪੈਂਦਾ ਹੈ। ਬਾਬਾ ਜੀ ਇਸ ਗੁਰੂ ਚੇਲਾ ਦੀ ਸੰਦੀ ਤੋਂ ਨਿਰਲੇਪ ਤੇ ਨਿਰਵਿੱਛਕ ਸਨ, ਤਾਹੀਓਂ ਤਾਂ ਉਹ ਇਹ ਰੀਤ ਨਹੀਂ ਚਲਾਉਣੀ ਚਾਹੁੰਦੇ ਸਨ।

ਅਖੰਡ ਪਾਠ– ੨. ਕਈ ਪ੍ਰੇਮੀ ਆਪਣੀਆਂ ਭਾਵਨਾਵਾਂ, ਸ਼ਰਧਾ, ਭਰੋਸਾ ਧਾਰ ਕੇ ਆਪਣੀ ਕ੍ਰਿਤ-ਕਮਾਈ ਸਫਲੀ, ਯੋਗ ਥਾਂਵੇਂ ਸਮਝ, ਬਾਬਾ ਜੀ ਪਾਸ ਆ ਕੇ ਅਰਜ਼ ਕਰਦੇ ਕਿ ਅਸੀਂ ਇਥੇ ਅਖੰਡ ਪਾਠ ਕਰਵਾਉਣਾ ਹੈ। ਬਾਬਾ ਜੀ ਕਹਿੰਦੇ ਪਰੇਮੀ ਜਨੋਂ ਆਓ ! ਜੀ ਸਦਕੇ, ਆਪ ਜੀ ਦਾ ਘਰ ਹੈ। ਪਰ ਤਖਤ ਦੀ ਮਹੱਤਤਾ ਨੂੰ ਮੁੱਖ ਰਖਦਿਆਂ ਕਹਿੰਦੇ ਭਾਈ ਵਧੇਰੇ ਸਫਲਤਾ ਸੱਚਖੰਡ ਦਰਬਾਰ ਤੇ ਅਖੰਡ ਪਾਠ ਕਰਵਾਉਣ ਦੀ ਹੋ ਸਕਦੀ ਹੈ। ਅਸਾਂ ਇਥੇ ਇਹ ਮਰਜ਼ਾਦਾ ਨਹੀਂ ਚਲਾਈ। ਨਾਲੇ ਸਾਡੇ ਪਾਸੋਂ ਪਾਠੀਆਂ ਦਾ ਤੇ ਅਖੰਡ ਪਾਠ ਦੀ ਮਹੱਤਤਾ ਦਾ ਯੋਗ ਪ੍ਰਬੰਧ ਹੋਣਾ ਮੁਸ਼ਕਲ ਹੈ। ਸੋ ਤੁਸੀਂ ਸਚਖੰਡ ਤਖਤ ਤੇ ਅਖੰਡ ਪਾਠ ਕਰਾਵੋ।

ਇਮਾਰਤ ਦੀ ਮਾਇਆ–੩. ਆਮ ਸੰਗਤਾਂ ਵਿਚ ਕਿਸੇ ਦੀ ਸ਼ਰਧਾ ਦੇਗ, ਲੰਗਰ ਲਈ ਮਾਇਆ ਦੇਣ ਦੀ ਹੁੰਦੀ ਹੈ ਤੇ ਕਿਸੇ ਦੀ ਗੁਰ ਅਸਥਾਨ ਦੀਆਂ ਇਮਾਰਤਾਂ ਬਨਾਉਣ ਲਈ, ਕੋਈ ਪਾਠ ਪੂਜਾ ਲਈ ਆਪਣੀ ਕ੍ਰਿਤ ਕਮਾਈ ਦੇ ਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ।

ਪਰ ਬਾਬਾ ਜੀ ਨਿਯਮ-ਬੱਧ, ਨਿਯਮਾਂ ਅਨੁਸਾਰ ਜਾਂ ਜੋ ਮਾਲਕ ਦਾ ਹੁਕਮ ਹੋਵੇ, ਉਸ ਅਨੁਸਾਰ ਸੰਗਤਾਂ ਦੀ ਮਾਇਆ ਲੈਂਦੇ। ਬਾਬਾ ਜੀ ਕੇਵਲ ਲੰਗਰ ਦੇਗ ਤੋਂ ਸਿਵਾ ਹੋਰ ਕਿਸੇ ਕਾਜ ਇਮਾਰਤ ਆਦਿ ਵਾਸਤੇ ਮਾਇਆ ਨਹੀਂ ਲੈਂਦੇ ਸਨ। ਤੇ ਉਸ ਪਰੇਮੀ ਨੂੰ ਕਹਿ ਦੇਂਦੇ ਕਿ ਇਮਾਰਤ ਲਈ ਮਾਇਆ ਦਫ਼ਤਰ–ਸੱਚਖੰਡ ਤਖਤ ਵਿਖੇ ਜਮਾਂ ਕਰਵਾ ਦਿਓ। ਸਾਨੂੰ ਹੁਕਮ ਨਹੀਂ ਇਮਾਰਤਾਂ ਬਨਾਣ ਦਾ।

ਬਾਬਾ ਜੀ ਪਹਿਲਾਂ ਤਾਂ ਜ਼ਬਾਨੀ ਕਹਿ ਦੇਂਦੇ ਸਨ ਪਰ ਬਾਅਦ ਵਿਚ ਦਾਸ ਦੇ ਪਾਸੋਂ ਇਕ ਬੋਰਡ ਲਿਖਵਾ ਕੇ ਮਾਤਾ ਜੀ ਦੇ ਅਸਥਾਨ ਤੇ ਲਗਵਾ ਦਿਤਾ ਕਿ ਇਥੇ ਕੇਵਲ ਦੇਗ ਲੰਗਰ ਦੀ ਮਾਇਆ

ਹੀ ਭੇਟਾ ਕਰੋ। ਇਮਾਰਤ ਜਾਂ ਅਖੰਡ ਪਾਠ ਆਦਿ ਦੀ ਮਾਇਆ ਦਫ਼ਤਰ–ਤਖ਼ਤ ਸ੍ਰੀ ਸੱਚਖੰਡ ਵਿਖੇ ਜਮਾਂ ਕਰਾਵੋ।

ਵਾਹ ! ਵਾਹ !! ਅਜਿਹਾ ਕੌਣ ਡੇਰੇਦਾਰ ਹੋ ਸਕਦਾ ਹੈ ਜੋ ਬੇਅੰਤ ਲੋੜਾਂ ਹੁੰਦਿਆਂ ਹੋਇਆਂ ਭੀ ਬੁਲੰਡ ਹੋਵੇ ਅਤੇ ਜਾਣਦੇ ਹੋਏ ਭੀ ਅਨਜਾਣ ਬਣੇ। ਸੰਗਤਾਂ ਦੀ ਸ਼ਰਧਾ ਭਾਵਨਾਂ ਦੀ ਮਾਇਆ ਯੋਗ ਵਰਤੋਂ ਵਿਚ ਹੀ ਵਰਤੇ। ਧੰਨ ਹਨ ਬਾਬਾ ਮਿੱਤ ਸਿੰਘ ਜੀ–'ਕਲਜੁਗ ਮੇਂ ਸਤਿਜੁਗ ਵਰਤਾਇਓ'ਨਾ ਗੌਲਕ ਦੀ ਗਿਣਤੀ, ਨਾ ਚੋਰੀ–ਨਾ ਤਾਲਾ,ਪਰ ਹਰ ਇਕ ਦੇ ਅੰਦਰ ਭੈ, ਡਰ, ਸੱਪ ਤੋਂ ਭੀ ਜ਼ਿਆਦਾ।

ਇਹ ਸੀ ਬਾਬਾ ਜੀ ਦਾ ਮਾਇਆ ਦਾ ਤਿਆਗ, ਸ਼ਰਧਾ, ਸਤਿਕਾਰ ਤੇ ਦੂਰ ਦ੍ਰਿਸ਼ਟੀ ਦੀਆਂ ਝਲਕਾਂ ਅਤੇ ਤਿਆਗ ਦਾ ਵਡਾ ਸਬੂਤ।

ਅਸਥਾਨ ਦੀ ਸ਼ੋਭਾ– ਅਨੇਕਾਂ ਨਿੱਤ ਪ੍ਰਤੀ ਚੋਜੀ ਦੇ ਚੋਜ, ਜਿਸ ਦੀ ਚਰਚਾ ਦੂਰ ਦੁਰੇਡੇ ਫੈਲਣ ਲਗ ਪਈ। ਗੁਰ ਅਸਥਾਨ ਦੀ ਕੀਰਤੀ, ਪ੍ਰਬੰਧਕੀ ਲਗਨ, ਸਚਿਆਈ, ਪਿਆਰ, ਸੇਵਾ, ਸੰਗਤਾਂ ਦਾ ਸਤਿਕਾਰ, ਆਦਰ, ਮਿੱਠੜਾ ਬੋਲ, ਆਏ ਯਾਤਰੀਆਂ ਦੀ ਸੰਸਾਰਕ ਤੇ ਪ੍ਰਮਾਰਥ ਤ੍ਰਿਪਤੀ–ਇਹ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਮੁੱਢਲੀ ਪ੍ਰਭੁੱਤਾ ਹੈ ਕਿ ਉਸ ਅਸਥਾਨ ਦੀ ਸ਼ੋਭਾ ਸੁਤੇ ਸਿੱਧ ਹੀ ਵੱਧਣ ਤੇ ਸੰਗਤਾਂ ਵਿਚ ਖਿੱਚ ਦਾ ਕਾਰਨ ਬਣ ਜਾਂਦੀ ਹੈ। ਭੌਰੇ–ਪਰੇਮੀ–ਅਭਿਲਾਖੀ, ਗੁਰਸਿੱਖ ਅਜਿਹੀ ਕਣਸੋਂ ਸੁਣ ਕੇ ਉਮਾਹ–ਚਾਅ ਨਾਲ ਦਰਸ਼ਨਾਂ ਲਈ ਉਤਾਵਲੇ ਹੋ ਆਉਂਦੇ ਹਨ।

ਇਹ ਇਕ ਕੁਦਰਤੀ ਅਸੂਲ (ਨਿਯਮ) ਹੈ–'ਜਿਨ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ ॥' ਪ੍ਰਭੂ ਦੀ ਪ੍ਰਾਪਤੀ ਪਰੇਮ, ਸ਼ਰਧਾ ਤੇ ਦ੍ਰਿੜ੍ਹਤਾ ਨਾਲ ਰੀਝਾਉਣ ਤੋਂ ਹੁੰਦੀ ਹੈ। ਜਿਸ ਪਰੇਮੀ ਨੂੰ ਜਿਸ ਅਸਥਾਨ ਤੋਂ ਅਜਿਹਾ ਅਨੂਠਾ ਪਿਆਰ ਆਦਰ ਮਿਲੇ, ਫਿਰ ਉਹ ਆਪ ਅਤੇ ਹੋਰਨਾਂ ਨੂੰ ਪਰੇਰਤ ਕਰਨ ਲਈ ਢੰਡੋਰਚੀ ਬਣ ਜਾਂਦਾ ਹੈ।

ਜੋ ਭੀ ਯਾਤਰੀ ਇਕ ਵਾਰੀ ਇਸ ਅਸਥਾਨ ਤੇ ਆਇਆ, ਉਹ ਸਦਾ ਲਈ ਇਸ ਅਸਥਾਨ ਤੋਂ ਫਿਦਾ (ਕੁਰਬਾਨ) ਹੋਣ ਲਈ ਉਤਸ਼ਾਹਤ ਹੋ ਗਿਆ ਤੇ ਢੰਡੋਰਚੀ ਬਣ ਕੇ ਜਗਤ ਮਾਤਾ ਦੇ ਅਸਥਾਨ ਦੀ ਕੀਰਤੀ ਲਈ ਆਪਣੀ ਲਗਨ ਬਣਾ ਲਈ।

ਭਾਵੇਂ ਅਜੇ ਸੰਗਤਾਂ ਨੂੰ ਲੰਗਰ ਆਦਿ ਦੀ ਪੂਰਤੀ ਦੀਆਂ ਪੂਰਨ ਸੁਵਿਧਾਵਾਂ ਭੀ ਪ੍ਰਾਪਤ ਨਹੀਂ ਹੁੰਦੀਆਂ ਸਨ। ਰਾਤ ਬਿਸਰਾਮ ਲਈ ਕੋਈ ਚੰਗੀਆਂ ਸਹੂਲਤਾਂ [ਤਾਂ ਕੀ, ਨਾ ਕਮਰੇ, ਨਾ ਮੰਜੀਆਂ, ਨਾ ਬਿਸਤਰੇ, ਨਾ ਘਰਾਂ ਵਾਂਗ ਸੁੱਖ ਸਹੂਲਤਾਂ। ਪਰ ਫਿਰ ਭੀ ਸੰਗਤਾਂ ਰਾਤ ਠਹਿਰਨ ਵਿਚ ਭੋਇ ਆਸਣ, ਬਿਨਾਂ ਬਸਤਰਾਂ (ਭਾਵੇਂ ਇਧਰ ਸਾਰਾ ਸਾਲ ਗਰਮ ਰੁਤ ਕਾਰਨ ਸਰਦੀਆਂ ਵਿਚ ਭੀ ਰਜਾਈ ਦੀ ਲੋੜ ਨਹੀਂ ਪੈਂਦੀ। ਕੇਵਲ ਚਾਦਰ ਦੀ ਠੰਢ) ਹੀ ਅਨੰਦ ਮਾਣਦੀਆਂ।

ਸੰਗਤਾਂ ਦੀ ਦਿਨੋਂ ਦਿਨ ਆਵਾਜਾਈ ਤੇ ਚੜ੍ਹਾਵੇ ਤੋਂ ਕੁਝ ਦੇਗ ਲੰਗਰ ਚਲਦਾ ਪਰ ਆਮਦਨ ਨਾਲੋਂ ਖਰਚੇ ਦੇ ਪਲੜੇ ਸਾਂਵੇ ਨਾ ਹੋ ਪਾਂਦੇ, ਪਰ ਬਾਬਾ ਜੀ ਸੰਗਤਾਂ ਤੋਂ ਸਭ ਕੁਝ ਨਿਛਾਵਰ ਕਰ ਕੇ ਭੀ ਖੁਸ਼ੀ ਪ੍ਰਾਪਤ ਕਰਦੇ।

ਸਹਿਜ ਅਵਸਥਾ ਵਿਚ ਵਿਚਰਦੇ, ਚਿਹਰੇ ਤੇ ਮੁਸਕਾਣ ਲਾਲੀ ਹਸੂੰ ਹਸੂੰ ਗੁਲਾਬ ਦੇ ਫੁੱਲ ਵਾਂਗ ਖਿੜੇ ਸਭ ਨੂੰ ਖਿੜਾ ਦਿੰਦੇ, ਖੁਸ਼ਬੋ (ਮਹਿਕ) ਵੰਡਦੇ। ਸੰਗਤਾਂ ਵਿਚ ਸੇਵਕ ਵਾਂਗ ਸੇਵਾ ਕਰਦੇ ਹੁੰਦੇ ਕਦੇ ਨਾ ਅੱਕਦੇ ਨਾ ਥੱਕਦੇ।

ਬਾਬਾਜੀ ਦੀ ਸਹਿਜ ਅਵਸਥਾ–'ਇਸ ਘਰ ਮਹਿ ਹੈ ਸੁ ਤੂ ਢੂੰਢਿ ਖਾਇ।।ਅਉਰ ਕਿਸੀ ਕੇ ਤੂ ਮਹਿ ਜਾਹਿ।।' ਕਿਸੇ ਪਾਸੋਂ ਮੰਗਣਾ ਜਾਂ ਇਸ਼ਤਿਹਾਰ ਬਾਜ਼ੀ ਕਰਨੀ ਇਹ ਗੁਰਸਿਖ ਲਈ ਯੋਗ ਹੀ ਨਹੀਂ। ਜਿਸ ਸ਼ਹਿਨਸ਼ਾਹ ਪਾਸੋਂ ਸਾਰੀ ਲੋਕਾਈ ਝੋਲੀ ਅੱਡ ਕੇ ਨਿੱਤ ਹੀ ਮੰਗਦੀ ਹੋਵੇ,ਉਹਨਾਂ ਮੰਗਤਿਆਂ (ਜਗਿਆਸੂਆਂ) ਪਾਸੋਂ ਮੰਗਣਾ (ਲਾਜ ਨ ਮਰੈ) ਆਪਣੇ ਪਿਤਾ, ਖਜ਼ਾਨਿਆਂ ਦੇ ਮਾਲਕ ਨੂੰ ਲਾਜ ਲਾਉਣੀ ਅਤੇ ਹਾਸੇ ਹੀਣਾ ਹੋਣਾ ਹੁੰਦਾ ਹੈ। ਤਾਂ ਤੇ ਬਾਬਾ ਜੀ ਮੰਗਣ(ਬੇਵਿਸ਼ਵਾਸੀ) ਦੀ ਅਵਸਥਾ ਤੋਂ ਉਪਰ ਸ਼ਰਧਾ,ਵਿਸ਼ਵਾਸ, ਦ੍ਰਿੜ੍ਹਤਾ, ਭਰੋਸਾ ਦੀ ਮੰਜ਼ਲ ਤੇ ਪੂਜ ਚੁਕੇ ਹੋਏ ਸਨ। ਕਦੀ ਕਿਸੇ ਆਏ ਯਾਤਰੀਆਂ ਪਾਸੋਂ ਡੇਰੇ ਲਈ ਕੋਈ ਅਪੀਲ, ਦਲੀਲ ਜਾਂ ਮੰਗ ਨਹੀਂ ਕੀਤੀ ਸੀ। [ਉਪਰ ਪੜ੍ਹ ਆਏ ਹੋ ਇਹ ਕਾਰਨ ਸੀ ਕਿ ਪੰਜ ਹਜ਼ਾਰ ਰੁਪੈ ਉਧਾਰ ਹੋ ਗਿਆ ਸੀ।]

ਨਾ ਹੀ ਡੇਰੇ ਦੀ ਤੰਗੀ ਬਾਰੇ ਕਿਸੇ ਪਾਸ ਕੋਈ ਜ਼ਿਕਰ ਹੀ ਕਰਦੇ, ਅਤੇ ਨਾ ਹੀ ਕਿਸੇ ਯਾਤਰੀ ਨੂੰ ਅਜਿਹਾ ਮਹਿਸੂਸ ਹੋਣ ਦੇਂਦੇ। ਪ੍ਰਭੂ ਰਜ਼ਾ ਵਿਚ ਸਦਾ ਰਾਜ਼ੀ ਰਹਿੰਦੇ।

ਸਤਿਗੁਰੂ ਜੀ ਦੇ ਹੁਕਮ ਵਿਚ ਚਲ ਰਹੀ ਖੇਡ ਕਾਰਨ ਕਦੀ ਕੋਈ ਤ੍ਰਿਸ਼ਨਾ, ਇਛਾ ਦਾ ਪ੍ਰਗਟਾਵਾ ਨਾ ਕਰਦੇ। ਸਮ-ਦ੍ਰਿਸ਼ਟੀ, 'ਬੇਗਮਪੁਰਾ ਸਹਰ' ਵਿਚ ਵਿਚਰਦੇ, ਜਿਥੇ 'ਦੂਖ ਅੰਦੋਹੁ ਨਹੀ ਤਿਹਿ ਠਾਉ।। ਸਦਾ ਉਚ ਉਡਾਰੀਆਂ, ਚੋਜੀ ਦੇ ਚੋਜ, ਰੰਗ ਤਮਾਸ਼ੇ ਤੇ ਪ੍ਰਭੂ ਪਰੇਮ, ਹੁਕਮ, ਰਜ਼ਾ ਵਿਚ ਆਪਣੇ ਜੀਵਨ ਅਧਾਰ ਦੇ ਧਾਰਨੀ ਹੋ ਚੁਕੇ ਹੋਏ ਸਨ।

ਜਿਸ ਕਰ ਕੇ 'ਦਸਮ ਦੁਆਰਾ ਅਗਮ ਆਪਾਰਾ ਪਰਮ ਪੁਰਖ ਕੀ ਘਾਟੀ' ਵਿਚ ਵੱਸਣ ਵਾਲੇ ਮਹਾਂ-ਪੁਰਸ਼ਾਂ ਦਾ ਮਾਇਆ ਨਾਲ ਕੀ ਸੰਗ - ਜੋੜ ਜਾਂ ਲਾਲਸਾ। ਉਹਨਾਂ ਨੂੰ ਚਿੰਤਾ ਤੇ ਪੱਕੜ ਕੀ ਹੋ ਸਕਦੀ ਹੈ, ਜਿਨ੍ਹਾਂ ਪਾਸ–'ਜਿਹ ਭੰਡਾਰ ਗੋਬਿੰਦ ਕਾ ਖੁਲਿਆ' ਹੋਵੇ। ਉਥੇ ਕਿਵੇਂ ਤੋਟ ਆ ਸਕਦੀ ਹੈ। ਸੋ ਬਾਬਾ ਜੀ ਸਦਾ ਸਹਿਜ ਅਵਸਥਾ ਵਿਚ ਹੀ ਰਹਿੰਦੇ ਸਨ।

ਮਾਤਾ ਜੀ ਦੇ ਅਸਥਾਨ ਦੀ ਪਹਿਲਾਂ ਸੇਵਾ - ਪੂਜਾ ਕੌਣ ਕਰਦਾ ਸੀ ਅਤੇ ਕਿਵੇਂ ਹੁੰਦੀ ਸੀ ?

ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਬਾਰੇ ਪੜ੍ਹ ਚੁਕੇ ਹੋ ਸੱਚਖੰਡ ਅਸਥਾਨ ਤੇ ਇਸ ਅਸਥਾਨ ਦਾ ਸਬੰਧ।

ਜਿਨ੍ਹਾਂ ਗੁਰਮੁਖਾਂ ਨੇ ਇਸ ਅਸਥਾਨ ਦੇ ਕਿਧਰੇ ਪਹਿਲਾਂ ਦਰਸ਼ਨ ਕੀਤੇ ਹੋਣਗੇ, ਤਾਂ ਉਹਨਾਂ ਨੂੰ ਚੇਤੇ ਹੋਵੇਗਾ ਕਿ ਉਸ ਸਮੇਂ ਮਾਤਾ ਜੀ ਦੇ ਅਸਥਾਨ ਦੇ ਥੜੇ ਦਵਾਲੇ ਇਕ ਕਿਲੇ ਤੋਂ ਘਟ ਗੁਦਾਵਰੀ ਦੇ ਤੱਟ - ਕੰਢੇ ਹੀ ਇਹ ਥਾਉਂ ਸੀ। ਗੁਦਾਵਰੀ ਕੰਢੇ ਤੋਂ ਚਾਰ ਪੰਜ ਕਰਮਾਂ ਤੇ ਇਕ ਕੱਚਾ ਥੜਾ-

ਮਾਤਾ ਜੀ ਦਾ ਅਸਥਾਨ ਸੀ ਅਤੇ ਛੋਟਾ ਜਿਹਾ ਨਿਸ਼ਾਨ ਸਾਹਿਬ ਹੁੰਦਾ ਸੀ।

ਪਹਿਲੋਂ ਇਸ ਅਸਥਾਨ ਦੀ ਸੇਵਾ ਗੁ: ਹੀਰਾ ਘਾਟ ਦਾ ਪੁਜਾਰੀ ਦੱਖਣੀ ਸਿੰਘ ਕਦੀ ਕਦਾਈਂ ਝਾੜੂ ਕਰ ਆਇਆ ਕਰਦਾ ਸੀ। ਕਦੀ ਕਦਾਈਂ ਕੋਈ ਬਿਹੰਗਮ ਭੀ ਕੁਝ ਦਿਨ ਕੜਾਕੇ ਕੱਟਕੇ ਸੇਵਾ ਕਰ ਜਾਂਦਾ ਜਾਂ ਕੋਈ ਫੌਜੀ, ਯਾਤਰੀ ਤਾਂ ਸ਼ਾਇਦ ਹੀ ਕੋਈ ਵਿਰਲਾ ਪਹੁੰਚਦਾ।

ਸੰਨ ੧੯੨੧–੨੫ ਅਕਾਲੀ ਲਹਿਰ ਨੇ ਸਿੱਖ ਜਗਤ ਦੇ ਜਜ਼ਬਾਤਾਂ ਵਿਚ ਉਭਾਰ ਲਿਆਂਦਾ ਅਤੇ ਸਿਖੀ ਪਰਚਾਰ ਕਾਰਨ ਕਦੀ ਕਦਾਈਂ ਕੋਈ ਬਿਹੰਗਮ ਆ ਜਾਇਆ ਕਰਦਾ।

ਤਖਤ ਸੱਚਖੰਡ ਦੀ ਉਸਾਰੀ–ਮਹਾਰਾਜਾ ਰਣਜੀਤ ਸਿੰਘ ਜੀ ਦੀ ਦੇਣ

ਕਿਉਂਕਿ ਵੱਡੇ ਘੱਲੂਘਾਰੇ (ਕੁੱਪ - ਹਰੀੜੇ) ਅਜ ਕਲ੍ਹ ਜ਼ਿਲਾ ਸੰਗਰੂਰ, ਮਲੇਰਕੋਟਲਾ ਲੁਧਿਆਣਾ ਸੜਕਾਂ ਦੇ ਮੀਲ ਲਹਿੰਦੇ ਤੇ ਕੁਪ ਹਰੀੜ (ਰੇਲਵੇ ਲਾਈਨ ਦੇ ਨਾਲ ਹੈ) ਉਪਰੰਤ ਮੁਸਲਮਾਨੀ ਰਾਜ ਨੇ ਸਿੱਖੀ ਨੂੰ ਮਿਟਾਉਣ ਦੇ ਲੱਕ - ਤੋੜਵੇਂ ਯਤਨ ਕੀਤੇ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਤਾਂ ਡੋਗਰਿਆਂ ਦੀ ਅੰਗਰੇਜ਼ਾਂ ਨਾਲ ਮਿਲੀ ਭੁਗਤ ਕਰਕੇ ਸਿੱਖੀ ਦਾ ਪਰਚਾਰ ਬਿਲਕੁਲ ਹੀ ਮੱਧਮ ਪੈ ਗਿਆ ਸੀ। [ਮੁੱਦਕੀ ਦੀ ਲੜਾਈ ਪਿਛੇ ਪੜ੍ਹੋ]

ਇਸ ਪਾਵਨ ਅਸਥਾਨ ਦੀ ਸੇਵਾ - ਪੂਜਾ ਇਕ ਬੁਝਾਰਤ ਬਣੀ ਹੋਈ ਸੀ। ਮੁਸਲਮਾਨੀ ਰਿਆਸਤ ਹੋਣ ਕਾਰਨ ਅਤੇ ਸਿੱਖ ਆਬਾਦੀ ਨਾ ਹੋਣ ਕਾਰਨ ਇਸ ਅਸਥਾਨ ਦੀ ਸੇਵਾ ਕੌਣ ਕਰਦਾ ? ਇਹਨਾਂ ਅਸਥਾਨਾਂ ਦੀ ਮਹੱਤਤਾ ਦੀ ਜਾਣਕਾਰੀ ਦੇਣ ਦਾ ਕੋਈ ਸਾਧਨ ਨਹੀਂ ਸੀ। ਕੇਵਲ ਕੁਝ ਪ੍ਰਾਚੀਨ ਸੰਪ੍ਰਦਾਵਾਂ ਹੀ ਸਿੱਖੀ ਰਵਾਇਤ, ਪੰਥ ਦੀ ਸ਼ਾਖ ਤੋਰੀ ਆ ਰਹੀਆਂ ਸਨ, ਜੋ ਕੇਵਲ ਨਾਮ ਮਾਤਰ ਹੀ ਸਨ।

ਮਹਾਰਾਜਾ ਰਣਜੀਤ ਸਿੰਘ ਜੀ ਦੀ ਮਹਾਨ ਦੇਣ, ਜਿਹਨਾਂ ਆਪਣੇ ਪਿਤਾ ਗੁਰੂ ਕਲਗੀਧਰ, ਸਰਬੰਸ ਦਾਨੀ ਤੋਂ ਆਪਣਾ ਰਾਜ ਪਾਟ ਵਾਰ ਕੇ ਸਦੀਵੀ ਨਿਸ਼ਾਨ ਕਾਇਮ ਕਰ ਦਿਤਾ।

ਅੰਗਰੇਜ਼ ਜਦ ਸਾਰੇ ਹਿੰਦੁਸਤਾਨ ਤੇ ਕਾਬਜ਼ ਹੁੰਦਾ ਜਾ ਰਿਹਾ ਸੀ ਤਾਂ ਉਹ ਇਕੋ ਇਕ ਸਿੱਖ ਕੌਮ ਦੀ ਬਹਾਦਰੀ ਦਾ ਲੋਹਾ ਮੰਨਦਾ ਸੀ। ਉਹ ਬੜਾ ਸਿਆਣਾ ਤੇ ਸੂਝਵਾਨ, ਨੀਤੀਵਾਨ ਸੀ, ਜਿਸ ਕਰ ਕੇ ਸਾਰਾ ਹਿੰਦੁਸਤਾਨ ਹੀ ਨਹੀਂ, ਸਗੋਂ ਸਾਰੇ ਏਸ਼ੀਆ ਤੇ ਕਾਬਜ਼ ਹੋ ਗਿਆ ਸੀ।

ਅੰਗਰੇਜ਼ ਨੇ ਸਭ ਧਰਮਾਂ ਦੇ ਪੁਸਤਕਾਲਿਜਾਂ ਵਿਚੋਂ ਧਰਮ ਸਬੰਧੀ ਤੇ ਮਜ਼ਹਬੀ ਪਿਆਰ ਜਜ਼ਬੇ ਦਾ ਅਧਿਐਨ ਕੀਤਾ। ਜਿਉਂ ਜਿਉਂ ਉਸ ਨੇ ਹਿੰਦੁਸਤਾਨ ਦੇ ਰਜਵਾੜਿਆਂ ਦੀ ਖਿੱਚੋਤਾਣ ਵੇਖੀ, ਤਾਂ ਉਹਨਾਂ ਦੇ ਰਾਜ ਆਪਣੇ ਕਬਜ਼ੇ ਵਿਚ ਕੀਤੇ। ਹੁਣ ਕੇਵਲ ਸਿੱਖ ਪੰਥ ਇਕ ਅਜਿਹਾ ਸੀ ਜਿਸ ਦੀ ਬੀਰਤਾ ਤੋਂ ਅੰਗਰੇਜ਼ ਖਮ [ਡਰ] ਖਾਂਦਾ ਸੀ। ਅਹਿਮਦ ਸ਼ਾਹ ਅਬਦਾਲੀ ਦੇ ੧੭ ਹਮਲੇ ਤੇ ਉਸ ਨੂੰ ਅਜਿਹਾ ਦੰਦ ਸ਼ਿਕਨ ਸਬਕ ਸਿਖਾਇਆ ਕਿ ਮੁੜ ਹਿੰਦੁਸਤਾਨ ਵਲ ਆਪ ਤਾਂ ਕੀਹ,ਪੁਸ਼ਤਾਂ ਤੱਕ ਵਰਜਿਤ ਕਰ ਗਿਆ। ਅੰਗਰੇਜ਼ ਇਸ ਲੜਾਕੂ ਤੇ ਬਹਾਦਰ ਕੌਮ ਨਾਲ ਲੜਨ ਦੀ ਬਜਾਏ ਰਾਜਨੀਤੀ ਦੇ ਛੱਲ ਨਾਲ ਛੱਲਣਾ ਚਾਹੁੰਦਾ ਸੀ।

ਸਿੰਘਾਂ ਦੀ ਭਗਤੀ, ਸ਼ਕਤੀ, ਦ੍ਰਿੜ੍ਹਤਾ, ਵਿਸ਼ਵਾਸ ਤੇ ਸੱਚ ਸੁੱਚ ਦੇ ਧਾਰਨੀ–
ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਏ ॥

ਸਮਾਨ ਸਮਝ ਕੇ ਪਰਾਏ ਧਨ,ਪਰਾਈ ਇਸਤ੍ਰੀ ਵੱਲ ਕਦੀ ਨਜ਼ਰ ਪੁੱਟ ਕੇ ਭੀ ਵੇਖਣ ਨਾ ਵਾਲੇ ਖਾਲਸੇ ਪੁਤ੍ਰ ਅੰਗਰੇਜ਼ ਨੂੰ ਹੀਆ ਹੀ ਨਹੀਂ ਪੈ ਰਿਹਾ ਸੀ ਕਿ ਪੰਜਾਬ ਤੇ ਚੜ੍ਹਾਈ ਕੀਤੀ ਜਾਵੇ। ਪਰ ਅੰਗਰੇਜ਼ ਕਾਹਲੀ ਵਿਚ ਕਦਮ ਚੁੱਕਣ ਦੀ ਬਜਾਇ ਸੂਝ - ਬੂਝ ਤੇ ਮੈਤ੍ਰੀ ਭਾਵ ਨਾਲ ਮਹਾਰਾਜਾ ਰਣਜੀਤ ਸਿੰਘ ਜੀ ਨਾਲ ਸਬੰਧ ਜੋੜਨ ਨੂੰ ਪਹਿਲ ਦੇ ਰਿਹਾ ਸੀ।

ਮਹਾਰਾਜਾ ਰਣਜੀਤ ਸਿੰਘ ਦਾ ਅਤੇ ਅੰਗਰੇਜ਼ ਲਾਟ ਦਾ ਸਤਿਲੁਜੋਂ ਪਾਰ ਮੇਲ

ਸਤਿਲੁਜ ਦਰਿਆ ਦੇ ਪਾਰ ਦਾ ਇਲਾਕਾ, ਜੋ ਅੰਗਰੇਜ਼ਾਂ ਦੇ ਕਬਜ਼ੇ ਵਿਚ ਸੀ, ਮਿਲਣੀ ਦਾ ਪ੍ਰੋਗਰਾਮ ਉਲੀਕਿਆ ਗਿਆ। ਸ਼ਰਤ ਇਹ ਤਹਿ ਹੋਈ ਕਿ ਬਿਨਾਂ ਫੌਜ, ਬਿਨਾਂ ਹਥਿਆਰ, ਅਸੀਂ ਦੋਵੇਂ ਮੈਤ੍ਰੀ ਭਾਵ ਵਿਚ ਮਿਲੀਏ। ਨੀਯਤ ਕੀਤੇ ਦਿਨ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਦਰਬਾਰ ਵਿਚ ਕੜਾਹ ਪ੍ਰਸ਼ਾਦਿ ਕਰਵਾ ਕੇ, ਅਰਦਾਸ ਕਰ ਕੇ–'ਗੁਰ ਮੇਰੇ ਸੰਗ ਸਦਾ ਹੈ ਨਾਲੇ', ਇਸ ਦ੍ਰਿੜ੍ਹਤਾ ਤੇ ਭਰੋਸੇ ਨਾਲ ਚਾਲੇ ਪਾ ਕੇ ਨਾਲ ਦੇ ਅਹਿਲਕਾਰ ਰਖਵਾਲੇ ਫੌਜੀ ਜਵਾਨਾਂ ਨੂੰ ਸਤਿਲੁਜ ਦੇ ਉਰਲੇ ਕੰਢੇ ਛੱਡਕੇ ਠਾਠਾਂ ਮਾਰਦੇ ਸਤਿਲੁਜ ਦਰਿਆ ਵਿਚ ਘੋੜਾ ਠੇਹਲ ਕੇ ਬੀਰਤਾ ਨਾਲ ਪਾਰ ਹੋ ਗਏ। ਰਾਜਨੀਤੀ ਦੇ ਸੂਝਵਾਨ, ਬਾਹਰ ਮੁਖੀ ਸ਼ਰਤ ਇਹ ਸੀ ਕਿ ਸ਼ਸਤਰ ਨਹੀਂ ਲਿਆਉਣੇ, ਪਰ ਰਾਜਨੀਤੀ ਰਾਜਨ ਨੂੰ ਇਹ ਆਗਿਆ ਕਦ ਦੇਂਦੀ ਸੀ ਉਹਨਾਂ ਆਪਣੇ ਲੱਕ ਦੁਵਾਲੇ ਪੱਟੇਦਾਰ ਤਲਵਾਰ ਕਮਰਕੱਸੇ ਕਰ ਲਈ ਹੋਈ ਸੀ।

ਮਹਾਰਾਜਾ ਸਾਹਿਬ ਦਾ ਬਿਨਾਂ ਬੇੜੀ, ਘੋੜੇ ਤੇ ਸਵਾਰ ਹੋ ਕੇ ਦਰਿਆ ਪਾਰ ਕਰਨਾ ਅੰਗਰੇਜ਼ ਲਾਰਡ ਲਈ ਬੜਾ ਹੈਰਾਨੀ ਕੁੰਨ ਸੀ।

ਬੜੇ ਫੁਰਤੀਲੇ ਅੰਦਾਜ਼ ਨਾਲ ਮਹਾਰਾਜਾ ਸਾਹਿਬ ਘੋੜੇ ਤੋਂ ਉਤਰੇ। ਫੌਜੀ ਅੰਦਾਜ਼ ਨਾਲ ਲਾਰਡ ਨੂੰ ਹੱਥ ਮਿਲਾਇਆ। ਲਾਰਡ ਭੀ ਅੱਗੇ ਹੋ ਕੇ ਮਿਲਿਆ। ਹੱਥ ਮਿਲਾਉਂਦਿਆਂ ਸਾਰ ਲਾਰਡ ਨੇ ਇਹ ਪਰੀਖਿਅਕ ਤਰਕ ਮਾਰੀ–

ਅੰਗਰੇਜ਼ ਲਾਰਡ– ਵੈਲ ! ਮਹਾਰਾਜਾ ਰਣਜੀਤ ਸਿੰਘ ! ਤੁਮ ਬੜੇ ਬਹਾਦਰ ਤੋ ਜ਼ਰੂਰ ਹੋ ! ਲੜ ਭਿੜ ਸਕਦੇ ਹੋ, ਪਰ ਰਾਜ ਕਰਨਾ ਜਾ ਰਾਜਨੀਤੀ ਸੇ ਨਾ-ਵਾਕਫ ਸਮਝੇ ਜਾ ਰਹੇ ਹੋ। ਇਧਰ ਹਮਾਰਾ ਰਾਜ ਔਰ ਔਹ ਦੇਖੋ ? ਦੂਰ ਫੌਜੇਂ ਦਰਯਾਓਂ ਪਾਰ। ਆਪ ਬਿਨਾਂ ਹਥਿਆਰ ਆ ਗਏ ! ਕਿਆ ਬਹਾਦਰੀ ਔਰ ਕਿਆ ਸ਼ਕਤਿ ਲੇਕਰ ਆਏ ਹੋ ?'

ਮਹਾਰਾਜਾ ਰਣਜੀਤ ਸਿੰਘ– ਰਾਜਨੀਤੀ ਨਾਲ ਨਿਪੁੰਨ ਮਹਾਰਾਜਾ ਸਾਹਿਬ ਨੇ ਪਲ ਹੀ ਪਲ ਵਿਚ ਅੰਗਰੇਜ਼ ਲਾਰਡ ਨੂੰ ਚਕ੍ਰਿੱਤ ਕਰ ਦਿਤਾ। ਫੌਰਨ ਹੱਥ ਛੁਡਾਉਂਦਿਆਂ ਕਮਰਕੱਸੇ ਹੇਠੋਂ ਪੱਟੇਦਾਰ (ਤਲਵਾਰ) ਦੇ ਮੁੱਠੇ ਤੇ ਹਥ ਧਰ ਕੇ ਨਾਗ (ਸੱਪ) ਵਾਂਗ ਫੁੰਕਾਰੇ ਮਾਰਦੀ, ਸਰੱਰ ਕਰਦੀ ਭਗਉਤੀ, ਜੋ

ਬਿਜਲੀ ਵਾਂਗ ਚਸਕਦੀ, ਜਦੋਂ ਲਾਰਡ ਦੇ ਸੀਨੇ ਸਾਹਮਣੇ ਕੀਤੀ, ਤਾਂ ਅੰਗਰੇਜ਼ ਲਾਰਡ ਕੰਬ ਗਿਆ, ਪਰ ਉਸ ਨੇ ਸੰਭਲ ਕੇ ਕਿਹਾ–ਓ ਵੈਲ ! ਮਹਾਰਾਜਾ ਸਾਹਿਬ ! ਹਮ ਨੇ ਆਪ ਜੀ ਕੋ ਦੋਸਤੀ ਕੇ ਲੀਏ ਬੁਲਾਇਆ ਹੈ। ਹਮ ਤੋ ਦੋਸਤ ਹੈਂ, ਦੁਸ਼ਮਣ ਨਹੀਂ ?

ਅੰਗਰੇਜ਼ ਜਾਣ ਗਿਆ ਕਿ ਪੰਜਾਬ ਲੜਾਈ ਨਾਲ ਨਹੀਂ, ਕਿਸੇ ਰਾਜਨੀਤੀ 'ਧਰਮ' ਨਾਲ ਹੀ ਜਿਤਿਆ ਜਾ ਸਕਦਾ ਹੈ। ਅੰਗਰੇਜ਼ ਇਸ ਤਾੜ ਵਿਚ ਸੀ ਕਿ ਕੋਈ ਅਜੇਹੀ ਧਰਮ ਸਬੰਧੀ ਖੋਜ ਰਾਹੀਂ, ਇਸ ਰਾਜ ਤੇ ਸਾਡਾ ਕਬਜ਼ਾ ਹੋ ਸਕੇਗਾ।

ਇਉਂ ਕਿਸੇ ਵੇਲੇ ਸ੍ਰੀ ਕਲਗੀਧਰ ਪਾਤਸ਼ਾਹ ਜੀ ਦੇ ਬੀਰਤਾ ਤੇ ਪਰਉਪਕਾਰਾਂ ਦੀ ਵਿਚਾਰ ਹੋ ਰਹੀ ਸੀ। ਅੰਗਰੇਜ਼ ਨੇ ਸਮਾਂ ਤਾੜਿਆ ਤੇ ਤਰਕ ਮਾਰਦਿਆਂ ਕਿਹਾ–ਮਹਾਰਾਜਾ ਸਾਹਿਬ ! ਆਪ ਭਲੇ ਸਿੱਖ ਹੋ, ਜੋ ਆਪਣੇ ਬੀਰ ਯੋਧੇ ਸਤਿਗੁਰੂ ਜੀ ਕੀ ਕੱਚੀ ਯਾਦ ਕੋ ਤੋ ਅਭੀ ਤਕ ਪੱਕਾ ਨਹੀਂ ਕਰਵਾ ਸਕੇ ? ਅਗਰ ਹਮਾਰੇ ਪੈਗੰਬਰ ਐਸੇ ਹੋਤੇ, ਤੋ ਹਮ ਉਨ ਕੀ ਆਖਰੀ ਅਸਥਾਨ ਦੀ ਐਸੀ ਲਾਟ ਬਣਵਾਤੇ ਕਿ ਸਾਰੀ ਦੁਨੀਆਂ ਮੇਂ ਵੂਹ ਦੇਖੀ ਜਾਤੀ। ਮਗਰ ਆਪ ਉਨ ਕੇ ਆਖਰੀ ਅਸਥਾਨ (ਅਬਿਚਲ ਨਗਰ) ਕੋ ਨਹੀਂ ਬਣਵਾ ਪਾਏ।

ਇਹ ਤਰਕ–ਜੋ ਮਹਾਰਾਜਾ ਰਣਜੀਤ ਸਿੰਘ ਜੀ ਦੇ ਦਿਲ ਅੰਦਰ ਘਾ ਕਰ ਗਈ, ਤੜਫ਼ ਅਤੇ ਬੇਚੈਨੀ ਫੈਲਾ ਦਿਤੀ। ਭਾਵੇਂ ਮਹਾਰਾਜਾ ਸਾਹਿਬ ਇਹ ਜਾਣਦੇ ਸਨ ਕਿ ਸਤਿਗੁਰਾਂ ਦਾ ਫੁਰਮਾਨ, ਹੁਕਮ ਤਾਂ ਇਹ ਹੈ ਕਿ ਸਾਡੀ ਕੋਈ ਯਾਦਗਾਰ ਨਹੀਂ ਬਣਾਉਣੀ।

ਪਰ ਇਸ ਤਰਕ ਨੇ ਮਨ ਅੰਦਰ ਇਕ ਤਾਰੀ ਸੋਚ ਪੈਦਾ ਕਰ ਦਿਤੀ, ਕਿ ਉਹ ਸਰਬੰਸ ਦਾਨੀ, ਜੋ ਦੇਸ਼ ਤੇ ਕੌਮ ਤੋਂ ਸਾਰਾ ਸਰਬੰਸ ਵਾਰ ਸਕਦਾ ਹੈ ਤਾਂ ਤੇਰਾ ਰਾਜ - ਬੰਸ ਤਾਂ ਉਸੇ ਦਾਤਾਰ ਦੀ ਹੀ ਦੇਣ ਹੈ। ਆਪਣੇ ਕਲਗੀਧਰ ਪਿਤਾ ਦੀ ਮੇਹਰ, ਬਖਸ਼ਸ਼ ਦੁਵਾਰਾ ਉਹਨਾਂ ਦੇ ਨਕਸ਼ੇ ਕਦਮ ਤੇ ਚਲਣ ਦਾ ਨਿਮਾਣਾ ਯਤਨ ਤਾਂ ਕਰ। ਵਾਰ ਦੇ ਆਪਣਾ ਸਰਬੰਸ, "ਉਸ ਸਰਬੰਸ ਦਾਨੀ ਦੀ ਆਖ਼ਰੀ ਯਾਦਗਾਰ ਤੋਂ।

ਬੱਸ ਧਰਮੀ ਰਾਜੇ ਦਾ ਪ੍ਰੇਮ ਉਛਾਲੇ ਮਾਰਨ ਲੱਗ ਪਿਆ। ਸਵਾ ਲੱਖ ਦੀ ਚਾਨਣੀ ਆਵੇ–ਤੇ ਮਨ ਕਹੇ ਕਾਣਿਆਂ ! ਤੈਨੂੰ ਰਾਜ ਬਖਸ਼ੇ ਸ੍ਰੀ ਗੁਰੂ ਰਾਮਦਾਸ ਜੀ, ਤੇਰੇ (ਸੇਵਕ) ਤੇ ਨਹੀਂ ? ਮਾਲਕ ਦੇ ਦਰਬਾਰ ਵਿਚ ਇਹ ਚਾਨਣੀ ਸ਼ੋਭਦੀ ਹੈ। ਤੂੰ ਇਸ ਦਾ ਹੱਕਦਾਰ ਨਹੀਂ।

੨. ਹਾਂ ਪੋਤਰੇ ਨੌਨਿਹਾਲ ਸਿੰਘ ਦਾ ਸਿਹਰਾ ਸੁਨਹਿਰੀ ਹੀਰੇ ਮੋਤੀਆਂ, ਜੜ੍ਹਤ ਬਣ ਆਵੇ ਤੇ ਸਿੱਖ ਦਾ ਧਿਆਨ ਗੁਰੂ ਦਰਬਾਰ ਨਾਲ ਜਾ ਜੁੜੇ।

ਰਣਜੀਤ ਸਿੰਹਾਂ ! ਤੇਰਾ ਨੌਨਿਹਾਲ ਬਿਨਾਂ ਸਿਹਰੇ ਦੇ ਢੁੱਕ ਸਕਦਾ ਹੈ, ਪਰ ਇਹ ਸਿਹਰਾ ਮੇਰੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਹੀ ਸੁਭਾਇਮਾਨ ਹੋ ਸਕਦਾ ਹੈ।

ਉਹ ਗੁਰੂ ਭਰੋਸੇ ਵਾਲਾ ਸਿੱਖ ! ਮਹਾਰਾਜਾ ਰਣਜੀਤ ਸਿੰਘ ਰਾਜ ਤਾਂ ਕੀਹ, ਆਪਣਾ ਸਭ ਕੁਝ ਹੀ ਗੁਰੂ ਕਾ ਸਮਝਣ ਵਾਲਾ ਸੀ, ਜਿਵੇਂ ਟੋਡਰ ਮਲ ਨੇ ਸਰਹੰਦ ਵਿਚ ਸਾਰੀ ਸੰਪਤੀ ਗੁਰੂ ਦੀ ਸਮਝ ਕੇ

ਸਾਹਿਬਜ਼ਾਦਿਆਂ ਦੇ ਸਸਕਾਰ ਲਈ ਮੋਹਰਾਂ ਵਿਛਾ ਕੇ ਧਰਤੀ ਖਰੀਦ ਕੇ ਸਸਕਾਰ ਕੀਤਾ ਸੀ, ਕੁਰਬਾਨੀ ਕਰ ਕੇ ਸਦਾ ਗੁਰੂ ਕੀ ਗੋਦ ਦਾ ਪਾਤਰ ਬਣਿਆ। ਤਿਵੇਂ ਮਹਾਰਾਜਾ ਸਾਹਿਬ ਨੇ ਝੱਟ ਮਨ ਬਣਾਕੇ ਲਾਰਡ ਨੂੰ ਨਿਡੱਰਤਾ, ਭੈ - ਰਹਿਤ ਹੋ ਕੇ ਕਿਹਾ—ਅੱਛਾ ! ਹਮ ਜਾਤੇ ਹੈਂ।

ਚਿਹਰੇ ਤੇ ਲਾਲੀ ਆ ਗਈ, ਨੇਤਰ ਸੁਰਖ ਹੋ ਗਏ, ਸਰੀਰ ਵਿਚ ਜੋਸ਼, ਪਰ ਹੋਸ਼ ਕਾਇਮ, ਬੜੇ ਅਦਬ ਸਤਿਕਾਰ ਨਾਲ ਗੁਰੂ ਦਰਬਾਰ ਵਿਚ ਪਹੁੰਚ ਕੇ ਨਮਸ਼ਕਾਰ ਕੀਤੀ, ਅਤੇ ਕੜਾਹ ਪ੍ਰਸ਼ਾਦਿ ਕਰਵਾ ਕੇ ਅਰਦਾਸ ਕੀਤੀ—'ਸੱਚੇ ਪਾਤਸ਼ਾਹ ! 'ਗੁਰ ਕੀ ਨਿੰਦਾ ਸੁਣੇ ਨਾ ਕਾਨਿ', ਦੇ ਮਹਾਂਵਾਕ ਅਨੁਸਾਰ ਆਪ ਜੀ ਦੇ ਫੁਰਮਾਨ ਦੀ ਹੁਕਮ ਅਦੂਲੀ ਕਰਨ ਦੀ ਮਾਫੀ ਮੰਗਣ ਆਇਆ ਹਾਂ। ਭਾਵੇਂ ਆਪ ਜੀ ਦਾ ਬਚਨ ਅਟੱਲ ਹੈ, ਪਰ ਜੇ ਮੇਰਾ ਸਰਬੰਸ, ਰਾਜ ਪਾਟ ਆਪ ਜੀ ਆਪਣੇ ਲੇਖੇ ਲਾ.ਲਵੋ ਤਾਂ ਮੈਂ ਸੁਭਾਗਾ ਹੋਵਾਂਗਾ। ਜਿਵੇਂ ਆਪ ਜੀ ਨੇ ਸਰਬੰਸ ਦਾਨ ਕਰ ਕੇ ਸੰਥਾ ਦਿਤੀ ਹੈ, ਉਵੇਂ ਮੈਨੂੰ ਭੀ ਬਲ, ਉਦਮ ਬਖਸ਼ੋ, ਕਿਉਂਕਿ ਦਾਸ (ਰਣਜੀਤ ਸਿੰਘ) ਅੰਗਰੇਜ਼ ਵਿਦੇਸ਼ੀ ਦੀ 'ਤਰਕ' ਭਰੇ ਬੋਲ ਸਹਾਰਨ ਤੋਂ ਅਸਮਰਥ ਹੈ।

ਸੱਚਖੰਡ ਤਖ਼ਤ ਦੀ ਇਮਾਰਤ ਬਨਾਣ ਦੀ ਤਿਆਰੀ

ਮਹਾਰਾਜਾ ਰਣਜੀਤ ਸਿੰਘ ਜੀ ਨੇ ਵਜ਼ੀਰ ਤੇ ਸਲਾਹਕਾਰ, ਅਹਿਲਕਾਰ ਬੁਲਾਏ ਤੇ ਆਪਣੀ ਇੱਛਾ ਪ੍ਰਗਟਾਈ। ਮੇਰੇ ਹਜ਼ੂਰ ਦੇ ਸੱਚਖੰਡ ਤਖਤ ਦੀ ਇਮਾਰਤ ਬਨਾਉਣ ਲਈ ਹਰ ਲੋੜੀਂਦੇ ਪ੍ਰਬੰਧ ਫੌਰਨ ਕਰ ਕੇ, ਇੰਜੀਨੀਅਰ, ਕਾਰੀਗਰ ਤੇ ਮਜ਼ਦੂਰਾਂ ਸਹਿਤ ਕੁਝ ਫੌਜੀ ਜਵਾਨਾਂ ਦੇ ਤਿਆਰੇ ਕਰੋ।

ਹੁਕਮ ਦੀ ਢਿਲ ਸੀ ਕਿ ਅਹਿਲਕਾਰਾਂ, ਚੰਗੇ ਗੁਰਸਿੱਖ, ਨਾਮ ਬਾਣੀ ਦੇ ਰਸੀਏ, ਚੰਗੇ ਕਾਰੀਗਰ ਤੇ ਸ਼ਰਧਾ ਭਾਵਨਾ ਵਾਲੇ ਮਜ਼ਦੂਰ ਲਿਆ ਹਾਜ਼ਰ ਕੀਤੇ। ਮਹਾਰਾਜਾ ਸਾਹਿਬ ਨੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦਾ ਤਖਤ ਤਿਆਰ ਕਰਨ ਲਈ ਕਿਹਾ। ਸ਼ਾਹੀ ਖਜ਼ਾਨੇ ਚੋਂ ਤੁਹਾਡਾ ਤੇ ਤੁਹਾਡੇ ਸਾਰੇ ਪ੍ਰਵਾਰ ਦਾ ਖਰਚਾ ਇਹ ਅਸਥਾਨ ਪੂਰਾ ਹੋਣ ਤੱਕ ਦਿਤਾ ਜਾਵੇਗਾ।

ਪਲੋ ਪਲੀ ਤਿਆਰੀ ਹੋ ਗਈ। ਕਾਰੀਗਰਾਂ, ਸੇਵਾਦਾਰਾਂ ਤੇ ਮੁੰਤਜ਼ਿਮਾਂ, ਪ੍ਰਬੰਧਕਾਂ, ਫੌਜ ਸਹਿਤ ਕੜਾਹ ਪ੍ਰਸ਼ਾਦਿ ਦੇਗ ਕਰਵਾ ਕੇ, ਅਰਦਾਸਾ ਕਰ ਕੇ, ਹੁਕਮਨਾਮਾ ਲੈ ਕੇ, ਸਾਰਾ ਕਾਫ਼ਲਾ ਰਵਾਨਾ ਹੋ ਗਿਆ।

ਮੰਜ਼ਲੋ ਮੰਜ਼ਲੀ ਪਹੁੰਚ ਕੇ, ਸੱਚਖੰਡ ਤਖਤ ਜੋ ਇਸ ਵਕਤ ਦਰਸ਼ਨ ਹੋ ਰਹੇ ਹਨ, ਬਹੁਤ ਜਲਦੀ

---

* ਕਈ ਲੇਖਕ ਇਹ ਦਰਸਾਂਦੇ ਹਨ ਕਿ ਸਤਿਗੁਰਾਂ ਨੇ ਇਹ ਬਚਨ ਕੀਤਾ ਸੀ ਕਿ ਸਾਡਾ ਅੰਗੀਠਾ ਪੱਕਾ ਕਰਨ ਵਾਲੇ ਦਾ ਸਰਬੰਸ (ਕੁਲ) ਨਾਸ ਹੋਵੇਗੀ। ਪ੍ਰੰਤੂ ਘੋਖਿਆ ਜਾਵੇ ਤਾਂ ਮਹਾਰਾਜਾ ਦਲੀਪ ਸਿੰਘ ਜੀ ਨੂੰ (ਜੋ ਛੋਟੀ ਉਮਰੇ ਅੰਗਰੇਜ਼ ਇਹ ਟਪਲਾ ਲਾ ਕੇ ਇੰਗਲੈਂਡ ਲੈ ਗਏ ਸਨ ਕਿ) ਜਬ ਬਾਲਗ ਹੋ ਜਾਏਗਾ ਤਬ ਉਸੇ ਪੰਜਾਬ ਕੀ ਰਾਜ ਗੱਦੀ ਪਰ ਬਿਠਾਇਆ ਜਾਵੇਗਾ।

ਕੀ ਮਹਾਰਾਜਾ ਦਲੀਪ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਔਲਾਦ ਨਹੀਂ ਸੀ? [ਫਿਰ ਖਾਨਦਾਨ ਤਬਾਹ ਕਿਵੇਂ ਹੋਇਆ।] ਫਿਰ ਸਤਿਗੁਰੂ ਜੀ ਨੇ ਸਿੱਖਾਂ ਨੂੰ ਅਜਿਹਾ ਸਰਾਪ ਭੁਲਾ ਕਿਉਂ ਦੇਣਾ ਸੀ ?

ਤਿਆਰ ਹੋ ਗਿਆ। ਮਹਾਰਾਜਾ ਸਾਹਿਬ ਦੇ ਨਿਵਾਸ ਲਈ ਵੱਖਰੀ ਬਾਰਾਂਦਰੀ ਭੀ ਤਿਆਰ ਹੋ ਗਈ। ਪੰਜਾਬ ਮਹਾਰਾਜਾ ਸਾਹਿਬ ਨੂੰ ਸੁਨੇਹਾ ਭੇਜਿਆ ਗਿਆ ਕਿ ਆ ਕੇ ਦਰਸ਼ਨ ਕਰੋ।

ਪਰ ਦਾਤਾਰ ਦਾ ਹੁਕਮ ਜੋ ਸੱਚਖੰਡ ਤਖਤ ਦੇ ਦੀਦਾਰਿਆਂ ਤੋਂ ਪਹਿਲਾਂ ਹੀ ਮਹਾਰਾਜਾ ਸਾਹਿਬ ਅਕਾਲ ਚਲਾਣਾ ਕਰ ਗਏ। ਸਰਬੰਸ ਲੇਖੇ ਲੱਗ ਗਿਆ। ਬਹੁਤ ਸਾਰੇ ਸਿੰਘ ਅਤੇ ਫੌਜ ਤਾਂ ਵਾਪਸ ਮੁੜ ਆਈ, ਪਰ ਕੁਝ ਕੁ ਸਿੰਘ—ਭਾਵਨਾ, ਸ਼ਰਧਾ, ਸੇਵਾ ਭਾਵ ਕਾਰਨ ਰਹਿ ਗਏ, ਜੋ ਸੇਵਾ ਸੰਭਾਲ ਕਰਨ ਲਗ ਪਏ [ਜਿਨ੍ਹਾਂ ਨੂੰ ਦੱਖਣੀ ਸਿੰਘ ਕਰ ਕੇ ਕਿਹਾ ਜਾਂਦਾ ਹੈ)। ਇਹ ਗੋਡਿਆਂ ਦੀ ਚੱਪਣੀ ਤਕ ਕਛਹਿਰੇ ਪਹਿਨਦੇ ਹਨ, ਸ਼ਸਤਰਧਾਰੀ, ਲੜਾਕੇ ਤੇ ਤੀਰ ਬੰਦੂਕ ਦੇ ਬੜੇ ਨਿਸ਼ਾਨਚੀ ਗਜ਼ਬ ਦੇ ਹੁੰਦੇ ਹਨ।

ਪਰ ਪਹਿਲਾਂ ਪਹਿਲ ਪੰਜਾਬੀ ਤੇ ਦੱਖਣੀ ਸਿੰਘਾਂ ਦਾ ਬਹੁਤ ਦੂਰ ਦਾ ਪਾੜਾ ਸਮਝਦੇ। ਕਿਸੇ ਨੂੰ ਘਟ ਹੀ ਟਿਕਣ ਦੇਂਦੇ। ਮਾਰਾ-ਬਕਾਰਾ (ਝਗੜਾ) ਕਰਦੇ। ਪੰਜਾਬੀਆਂ ਨੂੰ ਕਿਸੇ ਹੋਰ ਦੇਸ਼ ਦੇ ਵਸਨੀਕ ਸਮਝ ਕੇ ਆਦਰ ਨਾ ਦਿੰਦੇ। ਜਿਸ ਕਰ ਕੇ ਬਹੁਤਾ ਸਮਾਂ ਇਹ ਅਸਥਾਨ ਅਬਾਦ ਨਾ ਹੋ ਸਕੇ ਸਨ।

ਸੱਚਖੰਡ ਤੇ ਬਾਕੀ ਅਸਥਾਨਾਂ ਦੀ ਸੇਵਾ ਸੰਭਾਲ

ਉਸ ਵਕਤ ਉਪ੍ਰੰਤ ਦੱਖਣੀ ਸਿੰਘ ਹੀ ਸਾਰੇ ਅਸਥਾਨਾਂ ਦੀ ਸੇਵਾ ਕਰਦੇ। ਸੰਗਤਾਂ ਦੀ ਆਵਾਜਾਈ ਬਹੁਤ ਘਟ ਹੁੰਦੀ ਸੀ। ਜਿਸ ਕਰ ਕੇ ਗੁਜ਼ਰਾਨ ਬੜੀ ਮੁਸ਼ਕਲ ਨਾਲ ਹੁੰਦਾ। ਤਖਤ ਸੱਚਖੰਡ ਦਫਤਰ ਵਲੋਂ ਗਿਣਵੀਂ ਮਿਣਵੀਂ ਰਸਦ ਪਹੁੰਚਦੀ। ਇਹਨਾਂ ਆਪਣੇ ਗੁਜਾਰੇ ਲਈ, ਜਿਹਨਾਂ ਅਸਥਾਨਾਂ ਪਾਸ ਪਿੰਡ ਸਨ, ਉਹਨਾਂ ਵਿਚ ਵੱਸਣ ਦਾ ਵਸੀਲਾ ਬਣਾ ਲਿਆ ਤੇ ਖੇਤੀ ਆਦਿ ਨਾਲ ਜੀਵਨ ਦਾ ਨਿਰਬਾਹ ਕਰਨ ਲਗੇ। ਨਾ ਹੀ ਬਾਕੀ ਦੇ ਸਾਰੇ ਅਸਥਾਨ ਹੀ ਬਣੇ ਹੋਏ ਸਨ। ਕਿਸੇ ਸਮੇਂ ਸ਼ਹਿਰ ਦੇ ਅਸਥਾਨ ਤੇ ਬਾਹਰ ਕੇਵਲ ਹੀਰਾ ਘਾਟ ਜਾਂ ਸ਼ਿਕਾਰ ਘਾਟ ਦੀ ਪਰਕਾਸ਼ ਲਈ ਹੀ ਅਸਥਾਨ ਬਣਾਏ ਗਏ। ਗੁ: ਮਾਲ ਟੇਕਰੀ ਤੇ ਗੁ: ਮਾਤਾ ਸਾਹਿਬ ਕੌਰਾਂ ਦੇ ਲਾਗਲੇ ਪਿੰਡ ਨਾ ਹੋਣ ਕਾਰਨ ਪੁਜਾਰੀ ਸਿੰਘ ਦੇ ਠਹਿਰਨ ਦਾ ਕੋਈ ਸਾਧਨ ਨਾ ਹੋਣ ਕਰ ਕੇ ਦੋਵੇਂ ਅਸਥਾਨ ਯਾਦਗਾਰੀ ਥੜੇ ਹੀ ਬਣੇ ਹੋਏ ਸਨ।

ਕਾਸ਼ ! ਮਹਾਰਾਜਾ ਸਾਹਿਬ ਨੂੰ ਦਰਸ਼ਨ ਕਰਨ ਦਾ ਅਵਸਰ ਮਿਲ ਜਾਂਦਾ ਤਾਂ ਹੋ ਸਕਦਾ ਸੀ ਕਿ ਸਾਰੇ ਅਸਥਾਨਾਂ ਦੀ ਸੇਵਾ ਪੂਜਾ ਤੇ ਪੁਜਾਰੀ ਦੇ ਰਹਿਣ ਬਹਿਣ ਅਤੇ ਹਰ ਗੁਰਦੁਆਰੇ ਦੇ ਗੁਜ਼ਰਾਨ ਲਈ ਜਾਗੀਰ ਜ਼ਰੂਰ ਲੁਆਉਂਦੇ।

ਫਿਰ ਬਾਬਾ ਮਿੱਤ ਸਿੰਘ ਜੀ ਇਸ ਉਜਾੜ ਬੀਆਬਾਣ ਧਰਤੀ ਤੇ ਇਸ ਕਦਰ ਕੜਾਕੇ ਨਾ ਝੱਲਦੇ। ਇਸ ਤਰ੍ਹਾਂ ਇਹ ਸਾਰੇ ਅਸਥਾਨ ਸੇਵਾ ਰਹਿਤ ਤੇ ਬੇਆਬਾਦ, ਨਿਸ਼ਾਨੀ ਮਾਤਰ ਹੀ ਸਨ। ਰਹਿਣ ਬਹਿਣ ਦਾ ਕੋਈ ਥਾਉਂ ਨਹੀਂ ਸੀ।

ਮਾਤਾ ਜੀ ਦੇ ਅਸਥਾਨ ਦੀ ਮੁੱਢਲੀ ਦਸ਼ਾ ਤੇ ਇਕ ਝਾਤ

ਖਾਸ ਕਰ ਕੇ ਮਾਤਾ ਜੀ ਦੇ ਅਸਥਾਨ ਲਾਗਲੇ ਪਿੰਡਾਂ—ਬ੍ਰਾਹਮਣਵਾੜਾ (ਹੀਰਾ ਘਾਟ) ਤੇ ਨਦੀ ਪਾਰ ਨਾਗਾਪੁਰ ਆਦਿ ਦੁਰੇਡੇ ਪਿੰਡ ਸਨ। ਕੇਵਲ ਇਕ ਥੜਾ ਤੇ ਦੁਵਾਲੇ ਕੁਝ ਜ਼ਮੀਨ ਸੀ, ਸੇਵਾ ਸੰਭਾਲ,

ਧੂਪ ਦੀਪ ਭੀ ਕੋਈ ਰੋਜ਼ਾਨਾ ਨਾ ਹੁੰਦੀ।

ਭੁੱਲਾ ਭੱਟਕਿਆ ਜੇ ਕੋਈ ਯਾਤਰੀ ਆਉਂਦਾ ਤਾਂ ਬੜੇ ਤੇ ਆਪਣੀ ਸ਼ਰਧਾ ਭੇਟਾ ਚੜ੍ਹਾ ਕੇ ਨਿਰਾਸ ਅਤੇ ਉਦਾਸ ਹੋ ਕੇ ਚਲਾ ਜਾਂਦਾ। ਲਾਗਲੇ ਖੇਤਾਂ ਵਾਲੇ ਮਰਹੱਟੇ ਤਾੜ ਵਿਚ ਹੁੰਦੇ, ਸ਼ਰਧਾਲੂ ਦੀ ਭੇਟਾ ਉਹ ਚੁੱਕ ਕੇ ਲੈ ਜਾਂਦੇ, ਕਿਉਂਕਿ ਇਧਰ ਉਸ ਵਕਤ ਬਹੁਤ ਗਰੀਬੀ ਭੀ ਸੀ।

ਮਰਹੱਟੇ ਕੀ ਜਾਣਦੇ ਸਨ, ਕਿ ਇਹ ਦਾਨ ਉਹਨਾਂ ਨੂੰ ਫਲਣਾ ਨਹੀਂ, ਆਖਰ ਸਮਾਂ ਆਉਣ ਤੇ ਉਹਨਾਂ ਨੂੰ ਜ਼ਮੀਨ ਦੇ ਕੇ ਛੁਟਕਾਰਾ ਕਰਾਉਣਾ ਪੈਣਾ ਹੈ।

ਕਦੀ ਕਦਾਈਂ ਕੋਈ ਬਿਹੰਗਮ ਇਸ ਅਸਥਾਨ ਦੀ ਸੇਵਾ ਕਰਦਾ

ਕਦੀ ਕਦਾਈਂ ਕੋਈ ਹੱਠੀ, ਤੱਪੀ, ਬਿਹੰਗਮ (ਨਿਹੰਗ ਸਿੰਘ) ਖਾਲਸੇ ਦੀ ਮਾਤਾ ਜੀ ਦਾ ਅਸਥਾਨ ਜਾਣ ਕੇ ਕੁਝ ਸਮਾਂ ਤਾਂ ਉਹ ਝਾੜੂ, ਧੂਪ, ਦੀਪ ਆਦਿ ਕਰਦਾ, ਪਰ ਵਧੇਰੇ ਸਾਧਨ ਉਪਲੱਭਤ ਨਾ ਹੋਣ ਕਾਰਨ ਕੜਾਕੇ, ਫਾਕੇ ਕੱਟ ਕੇ, ਆਖਰ ਬੇਵੱਸ ਹੋ ਕੇ ਚਾਲੇ ਪਾ ਜਾਂਦਾ।

ਬਾਬਾ ਜੀ ਦੇ ਪਹਿਰੇ ਤੋਂ ਪਹਿਲਾਂ

ਛਾਉਣੀ ਨਿਹੰਗ ਸਿੰਘਾਂ ਦੇ ਜਥੇਦਾਰ ਵਲੋਂ ਗਾਹੇ - ਬਗਾਹੇ ਯਤਨ ਹੁੰਦਾ ਰਿਹਾ ਅਤੇ ਮੋਹਤਮਿਮ ਤੋਂ ਜੋ ਸੇਵਾਦਾਰ ਸੇਵਾ ਲਈ ਨਿਯੁਕਤ ਹੁੰਦਾ, ਉਸ ਲਈ ਇਕ ਸੇਰ ਰੋਜ਼ਾਨਾ ਰਸਦ ਦਾ ਪ੍ਰਬੰਧ ਭੀ ਕੀਤਾ ਜਾਇਆ ਕਰਦਾ ਸੀ।

ਬਾਬਾ ਜੀ ਦੀ ਇਸ ਅਸਥਾਨ ਦੀ ਸੇਵਾ - ਸੰਭਾਲ ਕਰਨ ਤੋਂ ਪਹਿਲਾਂ ਭਾਈ ਹਰੀ ਸਿੰਘ ਜੀ ਨਿਹੰਗ-ਸਿੰਘ (ਦੂਧਾਧਾਰੀ) ਨੇ ਭੀ ਕਾਫੀ ਹੱਠ, ਤੱਪ ਨਾਲ ਕੁਝ ਸਮਾਂ ਸੇਵਾ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਮਾਤਾ ਜੀ ਦੇ ਅਸਥਾਨ ਤੋਂ ਚੜ੍ਹਦੇ ਪਾਸੇ, ਕੁਝ ਦੂਰੀ ਤੇ ਇਕ ਟੀਨਾਂ ਦਾ ਛੋਟਾ ਜਿਹਾ ਛੱਪਰ ਬਣਾ ਲਿਆ ਅਤੇ ਆਪਣੇ ਲਈ ਨਾਲ ਹੀ ਕੱਖਾਂ ਦੀ ਛੰਨ ਛੱਪਰੀ ਪਾ ਲਈ। ਇਉਂ ਸੇਵਾ ਦਾ ਨਿੱਤ ਪਰਚਾ ਗੁਰਬਾਣੀ ਪੜ੍ਹਨ ਦਾ ਕਾਫੀ ਬਣ ਗਿਆ।

ਪਰ ਲੰਗਰ ਦੇਗ ਦਾ ਪਹਿਰਾ ਢਿੱਲਾ ਹੀ ਰਹਿੰਦਾ, ਜਿਸ ਕਰ ਕੇ ਬਾਬਾ ਹਰੀ ਸਿੰਘ ਜੀ ਜਾਣ ਲਈ ਉਥੋਂ ਉਤਾਵਲੇ ਹੋ ਗਏ। ਪਰ ਉਹ ਪਸਾਰਾ ਪਸਾਰ ਚੁੱਕੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ

ਸਚਖੰਡ ਦਰਬਾਰ ਮਹਾਰਾਜਾ ਨੇ ਬਣਾਉਣਾ

ਇਹ ਲੇਖ ਇਥੇ ਅੰਕਿਤ ਕਰਨ ਦੇ ਕੁਝ ਕਾਰਨ ਸਨ ਜਿਨ੍ਹਾਂ ਕਰ ਕੇ ਇਹ ਲੇਖ ਦੇਣਾ ਪਿਆ ਹੈ-

੧. ਸੱਚਖੰਡ ਦਰਬਾਰ ਦੀ ਸੇਵਾ ਦਾ ਪਰਉਪਕਾਰ।

੨. ਬਾਕੀ ਅਸਥਾਨਾਂ ਦੀ ਸੇਵਾ ਕੌਣ ਕਰਦੇ ਹਨ ?

੩. ਮਾਤਾ ਜੀ ਦਾ ਅਸਥਾਨ, ਦੱਖਣੀ ਸਿੰਘਾਂ ਦੀ ਆਪਸੀ ਨਾ - ਮਿਲਵਰਤਣ ਕਾਰਨ ਆਬਾਦ ਨਾ ਹੋ ਸਕਿਆ।

ਪ੍ਰਕਾਸ਼, ਨਿੱਤਨੇਮ ਕ੍ਰਿਆ ਹੁਣ ਚਲ ਪਈ ਸੀ (ਪਹਿਲਾਂ ਜੋ ਅਗਲੇ ਬਿਹੰਗਮਾਂ ਵਾਂਗ ਜਦ ਚਿੱਤ ਕੀਤਾ, ਉਦੋਂ ਹੀ ਉਹ ਕਮਰਕੱਸਾ ਕਰ ਕੇ ਚਾਲੇ ਪਾ ਜਾਂਦੇ ਰਹੇ।) ਪਰ ਹੁਣ ਇਹ ਪਸਾਰਾ ਪਸਾਰ ਕੇ ਤੇ ਇਸਨੂੰ ਛੱਡ ਕੇ ਨਹੀਂ ਜਾ ਸਕਦੇ ਸਨ।

ਉਹ ਗਾਹੇ - ਬਗਾਹੇ ਜਥੇਦਾਰ ਸਾਹਿਬ ਨੂੰ ਬੇਨਤੀਆਂ ਕਰਦੇ ਰਹਿੰਦੇ ਸਨ ਕਿ ਸਾਡਾ ਪਹਿਰਾ ਬਦਲ ਦਿਓ। ਪਰ ਜਦ ਸਮਾਂ, ਕਾਰਨ ਤੇ 'ਜਿਸ ਨੂੰ ਚੇਵੈ ਦਇਆ ਕਰ', ਜਿਨ੍ਹਾਂ ਨੂੰ ਸੇਵਾ ਦਾ ਸੁਭਾਗ ਮਾਲਕ ਨੇ ਜਦੋਂ ਬਖਸ਼ਣਾ ਹੋਵੇ, ਤਦੋਂ ਹੀ ਉਸ ਅਸਥਾਨ ਦੀ ਪ੍ਰਗਤੀ ਹੋ ਸਕਦੀ ਹੈ।

ਅਸਥਾਨ ਦੀ ਪ੍ਰਗਤੀ

ਬਾਬਾ ਜੀ ਨੇ ਮਘਰ ਸੰਮਤ ੧੯੭੫ ਮੁਤਾਬਕ ਨਵੰਬਰ ੧੯੧੮ ਤੋਂ ਇਸ ਅਸਥਾਨ ਦੀ ਸੇਵਾ ਸੰਭਾਲ ਕਰਨੀ ਅਰੰਭ ਕੀਤੀ। ਜਦੋਂ ਤੋਂ ਬਾਬਾ ਜੀ ਨੇ ਮਾਤਾ ਜੀ ਦੇ ਅਸਥਾਨ ਦੀ ਸੇਵਾ ਸੰਭਾਲੀ ਤਾਂ ਇਸ ਅਸਥਾਨ ਦੀ ਦਿਨ ਦੂਣੀ ਤੇ ਰਾਤ ਚੌਗੁਣੀ ਪ੍ਰਗਤੀ ਹੋਣ ਲਗ ਪਈ।

ਪਹਿਲਾਂ ਪਹਿਲ ਕੜਾਕੇ* ਫਾਕੇ, ਚੋਜ ਤਮਾਸ਼ੇ, ਤੇ "ਆਪੇ ਹਰਿ ਇਕ ਰੰਗ ਹੈ ਆਪੇ ਬਹੁਰੰਗੀ" ਬਹੁਰੰਗੀ ਚਰਿਤਰ ਵਿਸ਼ਵਾਸ ਬੰਧਾਉਂਦਾ, ਪਰ ਉਖੜੇਵੇਂ ਔਕੜਾਂ ਦਾ ਭੀ ਪ੍ਰਭੂ ਨੇ ਕੋਈ ਅੰਤ ਬਾਕੀ ਨਾ ਛੱਡਿਆ।

ਬਾਬਾ ਜੀ ਕੜਾਕੇ ਕੱਟਣ ਦੀ ਸੰਥਾ ਤਾਂ ਬੁੱਢਾ ਦਲ ਦੀ ਪਹਿਲੀ ਸ਼੍ਰੇਣੀ ਵਿਚ ਚੰਗੀ ਤਰ੍ਹਾਂ ਪਾਸ ਕਰ ਚੁੱਕੇ ਸਨ। ਪਰ ਹੁਣ ਸਾਹਿਬ ਦਾ 'ਹੁਕਮ ਰਜਾਈ ਚਲਣਾ' ਹੁਕਮ ਤੇ ਰਜ਼ਾ ਦੀ ਉੱਚ ਸ਼੍ਰੇਣੀ (ਮੰਜ਼ਲ) ਦੀ ਮਸ਼ਕ ਹੋ ਰਹੀ ਸੀ।

ਅਕਾਲ ਪੁਰਖ ਦੀ ਬਖਸ਼ਸ਼

ਪਰ ਮਿਹਰ ਬਖਸ਼ਸ਼ ਤੇ ਦਿਆਲਤਾ ਕਰਨ ਦੀ ਭੀ ਕਲਗੀਧਰ ਪਾਤਸ਼ਾਹ, (ਅਕਾਲ ਪੁਰਖ ਜੀ ਦੇ ਸਪੂਤ) ਨੇ ਕੋਈ ਕਸਰ ਬਾਕੀ ਨਾ ਛੱਡੀ। ਪਰਤੱਖ ਨੂੰ ਪ੍ਰਮਾਣ ਕੀ ? ਪੂਰਨਮਾਸ਼ੀ ਦਾ ਚੰਦਰਮਾ ਖੁਦ ਹੀ ਪੂਰਨ ਪ੍ਰਕਾਸ਼ਮਾਨ ਤੇ ੧੬ ਕਲਾਂ ਸੰਪੂਰਨ ਤੇ ਸੁਤੇ ਸਿਧ ਹੀ ਦ੍ਰਿਸ਼ਟਮਾਨ ਹੋ ਆਉਂਦਾ ਹੈ। ਇਸ ਵਕਤ ਜ਼ਿੰਦਾ ਮਿਸਾਲ ਹੈ। ਤਪੀ ਦਾ ਤੱਪ 'ਮਥੇ ਹੀ ਪ੍ਰਗਟ ਥੀਆ, ਜਿਸ ਤੋਂ ਹਰ ਪਰਾਣੀ ਪ੍ਰਭਾਵਤ ਹੋ ਜਾਂਦਾ ਤੇ 'ਰਤਨ ਲੁਕਾਇਆ ਲੂਕੇ ਨਾਹੀ ਜੇ ਕੋ ਰਖੈ ਲੋਕਾਈ।।' ਕਦੀ ਰਤਨ ਦੀ ਚਮਕ ਭੀ ਲੁਕਾਇਆਂ ਲੁੱਕਦੀ ਹੈ ? ਫੁੱਲਾਂ ਦੀ ਮਹਿਕ ਭਾਵੇਂ ਖੇੜੇ ਵਿਚ ਹੋਵੇ ਜਾਂ ਮੁਸਕਾਨ ਵਿਚ, ਬਿਨਾਂ ਕਿਸੇ ਯਤਨ ਦੇ ਆਪੇ ਹਰ ਇਕ ਨੂੰ ਇਕੋ ਜਿਹੀ ਖੁਸ਼ਬੋ ਦੇ ਕੇ ਮਹਿਕਾ ਦੇਂਦੀ ਹੈ।

ਇਸੇ ਤਰ੍ਹਾਂ ਮਹਾਂਪੁਰਸ਼ਾਂ ਦੀ ਨਿੱਤ ਦੀ ਘਾਲ ਕਮਾਈ ਸਾਕਾਰ ਰੂਪ ਧਾਰਨ ਕਰਨ ਲੱਗ ਪਈ। ਸੰਗਤਾਂ ਦਾ ਰੁਝਾਨ, (ਖਿੱਚ) ਪ੍ਰੇਮ, ਪਿਆਰ ਇਸ ਅਸਥਾਨ ਨਾਲ ਹੋਰ ਵੱਧਣ ਲੱਗਾ।

ਹਾਂ ! ਹਾਂ !! ਵੱਧਦਾ ਭੀ ਕਿਉਂ ਨਾ, ਬਾਬਾ ਜੀ ਦਾ ਨਿੱਘਾ ਸਵਾਗਤ, ਆਦਰ, ਸੇਵਾ, ਮਿਠਾਸ,

* ਕੜਾਕੇ, ਬਾਬਾ ਜੀ ਦਾ ਬੁੱਢਾ ਦਲ ਵਿਚ 'ਪ੍ਰਵੇਸ਼ ਤੇ ਵਿਚਰਣਾ' ਲੇਖ ਵਿਚ ਪਿਛੇ ਪੜ੍ਹੋ।

ਨਾਮ ਬਾਣੀ ਵਿਚ 'ਗੁਰਮੁਖ ਰੋਮ ਰੋਮ ਹਰਿ ਧਿਆਵੈ' ਅਤੇ ਜਾਗਤ ਜੋਤਿ ਤੇ ਜੱਪ ਕਾਰਨ ਕਿਉਂ ਨਾ ਮਹਿਕ (ਖੁਸ਼ਬੋ) ਫੈਲਦੀ ਖੇੜਾ ਤੇ ਖੁਸ਼ੀਆਂ ਦੇਂਦੀ।

ਦਰਗਾਹੀ ਬਰਕਤਾਂ– ਇਸ ਅਸਥਾਨ ਤੇ ਵਾਹਿਗੁਰੂ ਜੀ ਦੀਆਂ ਇਤਨੀਆਂ ਬਰਕਤਾਂ ਵੰਡੀਆਂ ਜਾਣ ਲਗੀਆਂ ਕਿ 'ਤੋਟ ਨ ਆਵੈ ਕਾਈ' ਵਾਲੀ ਅਵਸਥਾ ਹੋ ਗਈ।

ਸੱਚਖੰਡ ਤਖ਼ਤ ਤੇ ੧੫੦/– ਰੁਪੈ ਦਾ ਕੜਾਹ ਪ੍ਰਸ਼ਾਦਿ ਭਲੇ ਸਮੇਂ ਵਿਚ ਤੋਲਾ ੨ ਵਰਤਾਉਣ ਤੇ ਥਾਲ ਉਸੇ ਵੇਲੇ ਖਾਲੀ ਹੁੰਦੇ, ਮੀਲਾਂ ਵਿਚ ਜਾਇਦਾਦ (ਜ਼ਮੀਨ) ਦੀ ਬੇਅੰਤ ਆਮਦਨ, ਨਵਾਬ ਵਲੋਂ ਨਿਆਜ਼ ਦੇ ਹੁੰਦਿਆਂ–ਸੰਗਤਾਂ ਨੂੰ ਆਦਰ ਸਤਿਕਾਰ ਅਤੇ ਲੰਗਰ ਦੀ ਸੁਚੱਜੀ ਸੁਵਿਧਾ ਨਾ ਹੋਣ ਦੇ ਕਾਰਨ ਸੰਗਤਾਂ ਨੂੰ ਉਹ ਖੁਸ਼ੀ ਪ੍ਰਾਪਤ ਨਾ ਹੁੰਦੀ, ਜੋ ਮਾਤਾ ਜੀ ਦੇ ਅਸਥਾਨ ਤੇ 'ਰੁਖੀ ਸੁਕੀ ਖਾਇ ਕੈ ਠੰਢਾ ਪਾਣੀ ਪੀਉ ॥' ਰੁਖੀ ਸੁਕੀ ਖਾਕੇ ਵੀ ਸੰਗਤਾਂ ਤ੍ਰਿਪਤ ਤੇ ਸ਼ਾਂਤ ਚਿਤ ਹੋ ਜਾਂਦੀਆਂ ਸਨ।

ਸ਼ਿਕਵੇ ਭਰੇ ਮਨ ਸੀਤਲ (ਸ਼ਾਂਤ) ਹੋਣੇ

ਸੱਚਖੰਡ ਦਰਬਾਰ ਦੇ ਕਰਮਚਾਰੀਆਂ (ਸੇਵਾਦਾਰਾਂ) ਵਿਚ ਖੁਦ - ਮੁਖਤਾਰੀ [ਮਾਲਕੀ] ਦੀ 'ਹਉਂ' ਕਾਰਨ ਸ਼ਰਧਾ ਭਾਵ ਨਹੀਂ ਸੀ ਅਤੇ ਪਹਿਲਾਂ ਆਮ ਤੌਰ ਤੇ ਪੰਜਾਬੀ ਤੇ ਦੱਖਣੀ ਸਿੰਘਾਂ ਵਿਚ ਬਹੁਤ ਭਾਰੀ ਵਿਤਕਰਾ ਹੁੰਦਾ ਸੀ। ਪਰ ਬਾਅਦ ਵਿਚ ਇਹ ਵਿਤਕਰਾ ਤੇ ਵਿਤੰਡ ਖਤਮ ਹੋ ਕੇ ਆਪਸੀ ਪਿਆਰ ਤੇ ਸਿੰਘ, ਸਿੰਘ ਦੀ ਕਦਰ ਕਰਦੇ ਸਨ।

ਬਾਹਰੋਂ ਆਏ ਯਾਤਰੀ ਕਈ ਤਰ੍ਹਾਂ ਦੇ ਸ਼ੱਕ ਸ਼ੁਭੇ ਤੇ ਸ਼ੰਕੇ ਲੈ ਕੇ ਅਸਥਾਨਾਂ ਦੇ ਦਰਸ਼ਨਾਂ ਨੂੰ ਚਾਲੇ ਪਾਂਦੇ। ਜਿਉਂ ਹੀ ਉਹ ਮਾਤਾ ਜੀ ਦੇ ਅਸਥਾਨ ਦੇ ਨੇੜੇ ਪੁੱਜਦੇ, ਕੁਝ ਠੰਢਕ, ਪ੍ਰੇਮ ਭਿੰਨੀ ਮਹਿਕ, ਨਾਮ ਬਾਣੀ ਦੀ ਅਗੰਮੀ ਝਲਕ ਤੇ ਮਨ ਸ਼ਾਂਤ, ਸ਼ਿਕਵੇ ਪਰ ਲਾ ਉੱਡਦੇ ਨਜ਼ਰ ਆਉਂਦੇ, ਅਤੇ ਕਿਸੇ ਚਾਉ ਵਿਚ ਕਦਮ ਤਿਖੇ ਹੋ ਉਠਦੇ ਤੇ ਮਾਤਾ ਜੀ ਦੇ ਅਸਥਾਨ ਤੇ ਬਾਬਾ ਜੀ ਦੇ ਦਰਸ਼ਨਾਂ ਦੀ ਕੋਈ ਮਿਕਨਾਤੀਸ ਵਾਂਗ ०ਯੂਹ - ਤਾਂਘ ਵਿਚ ਮਨ ਲੋਚਦਾ।

ਯਾਤਰੀਆਂ ਦਾ ਮਨ ਪਸੀਜਣਾ

ਮਾਤਾ ਜੀ ਦੇ ਅਸਥਾਨ ਤੇ ਨਾ ਆਲੀਸ਼ਾਨ ਇਮਾਰਤਾਂ, ਤੇ ਨਾ ਹੀ ਬਾਗ ਬਗੀਚੇ ਸਨ, ਪਰ ਇਸ ਦੇ ਬਾਵਜੂਦ ਦਰਸ਼ਕ (ਪ੍ਰੇਮੀ ਜਨ) ਨਿੱਘਾ ਸੁਆਗਤ, ਲੰਗਰ ਪੰਗਤ ਵਿਚ ਇਕਸੁਰਤਾ, ਇਕ ਦ੍ਰਿਸ਼ਟੀ ਬਿਨਾ ਭਿੰਨ ਭੇਦ ਵਿਤਕਰੇ ਦੇ, ਸਭ ਨੂੰ ਇਕੋ ਜਿਹਾ ਪਿਆਰ, ਆਦਰ ਨਾਲ ਜਵਾਰੀ ਦੇ ਮੋਟੇ ਪ੍ਰਸ਼ਾਦੇ ਤੇ ਮਾਂਹ ਦਾ ਦਾਲਾ–'ਕਹੁ ਨਾਨਕ ਗੁੰਗੇ ਗੁੜ ਖਾਇਆ ਪੂਛੈ ਤੇ ਕਿਆ ਕਹੀਐ' ਇਤਨੇ ਸਵਾਦੀਕ, ਜਿਹਨਾਂ ਨੇ ਛੱਕੇ, ਉਹ ਭੀ ਇਸ ਰਸ ਨੂੰ ਸ਼ਾਇਦ ਨਾ ਦਰਸਾ ਸਕਦੇ। ਉਹ ਇਉਂ ਪਰਤੀਤ ਕਰਦੇ, ਜਿਵੇਂ ਕ੍ਰਿਸ਼ਨ ਮਹਾਰਾਜ ਸੁਦਾਮੇ ਅਤੇ ਬਿਦਰ ਪਾਸੋਂ–'ਤੁਮਰੋ ਦੂਧ ਬਿਦਰ ਕੋ ਪਾਣੋ ਅੰਮ੍ਰਿਤ ਕਰ ਮੈ ਮਾਨਿਆ'

० ਇਹ ਹੱਡ ਬੀਤੀ ਖਿੱਚ ਦਾ ਦ੍ਰਿਸ਼ (ਜੋ ਸਾਡੇ ਪਹਿਲਾਂ ਪਹਿਲ ਪਹੁੰਚਣ ਤੇ ਵਾਪਰੀ ਸੀ]ਇਉਂ ਹਰ ਅੰਦਰ ਦਰਸ਼ਨਾਂ ਤੋਂ ਇਕ ਅਸਚਰਜਤਾ ਭਰੀ ਖਿੱਚ ਪੈਂਦੀ। ਵਿਸਥਾਰ ਅਗੇ ਪੜ੍ਹਨਾ।

ਛਕਿਆ। ਜੋ ਅੰਮ੍ਰਿਤ ਸਵਾਦ, ਛੱਤੀ ਪ੍ਰਕਾਰ ਦੇ ਭੋਜਨ ਤੋਂ ਵੱਧ ਸਵਾਦੀਕ ਲੱਗਦਾ। ਚਾਵਾਂ ਨਾਲ ਫਿਰ ਹੋਰ ਜਵਾਰੀ ਦੇ ਪ੍ਰਸ਼ਾਦੇ ਮੰਗਦੇ ਤੇ ਛਕਦੇ। ਯਾਤਰੀਆਂ ਦੇ ਸਾਰੇ ਸ਼ੰਕੇ ਸੁਤੇ ਸਿਧ ਹੀ ਨਵਿਰਤ ਹੋ ਜਾਂਦੇ ਸਨ। ਮਨ ਪਸੀਜਦਾ ਤੇ ਸਾਰੇ ਦੁੱਖ ਭੁੱਲ ਜਾਂਦੇ। ਚੰਗੇ ਪ੍ਰਬੰਧਕ ਅਤੇ ਸੁਚੱਜੇ ਪ੍ਰਬੰਧ ਕਾਰਨ ਉਸ ਅਸਥਾਨ ਦੀ ਸੁਤੇ ਸਿਧ ਹੀ ਪ੍ਰਗਤੀ ਹੋਣ ਲਗ ਪੈਂਦੀ ਹੈ।

ਰਚਨਾ - ਰਚਨ ਦੀ ਵਿਚਾਰ ਕਰਨੀ

ਅਚਾਨਕ ਇਕ ਦਿਨ, ਨਿਤਨੇਮ ਤੋਂ ਵੇਹਲੇ ਹੋ ਕੇ ਦੋਵੇਂ ਬਾਲ ਸਖਾਈ ਮਿੱਤਰ [ਬਾਬਾ ਮਿੱਤ ਸਿੰਘ ਜੀ ਤੇ ਬਾਬਾ ਧਰਮ ਸਿੰਘ ਜੀ) ਦੇਗਾਂ ਛੱਕ ਰਹੇ ਸਨ। ਇਕਾਂਤ, ਟਿਕਾਓ ਸਮਾਂ ਸੀ। ਇਹਨਾਂ ਦੀ ਆਪਸ ਵਿਚ ਸੰਗਤਾਂ ਦੀ ਆਵਾਜਾਈ ਅਤੇ ਸੇਵਾ ਦੇ ਸਾਧਨਾਂ ਬਾਰੇ ਇਉਂ ਵਾਰਤਾਲਾਪ ਸ਼ੁਰੂ ਹੋ ਗਈ–

ਬਾਬਾ ਮਿੱਤ ਸਿੰਘ ਜੀ– ਗੁਰਮੁਖ ਸੱਜਣਾ ! ਸਾਥੀਆ !! ਹੁਣ ਸੰਗਤਾਂ ਦੀ ਵਧੇਰੇ ਆਵਾਜਾਈ ਦੇ ਕਾਰਨ ਸੇਵਾ ਲਈ ਕੋਈ ਨਵੀਂ ਰੱਚਨਾ ਰੱਚਣੀ ਹੋਵੇਗੀ।

ਬਾਬਾ ਧਰਮ ਸਿੰਘ ਜੀ– ਕੀ ਕੋਈ ਨਵੀਂ ਰਚਨਾ ਕੇਹੜੀ ਰਚੋਗੇ। ਰਚਣਹਾਰ ਵੇਖੋ ਕਿੰਨੇ ਚਿਰ ਤੋਂ ਸਾਡੇ ਨਾਲ ਰਚਨਾ (ਖੇਡਾਂ) ਖੇਡਣ ਵਿਚ ਤਾਂ ਲੱਗਾ ਹੋਇਆ ਏ। ਹਾਂ ਚੋਜੀ ਪਾਤਸ਼ਾਹ ਦਾ ਲੱਖ ਲੱਖ ਸ਼ੁਕਰ ਹੈ, ਕਿ ਉਹ ਭੀ ਵੇਲਾ ਸੀ ਜਦ ਕੜਾਕੇ, ਫਾਕੇ ਕੱਟਦੇ ਹੋਏ ਇਕੱਲੇ ਇਕਾਂਤ ਵਿਚ ਰਹਿ ਰਹੇ ਸਾਂ। ਲੰਗਰ ਲਈ ਲੱਕੜਾਂ ਤੇ ਘੋੜਿਆਂ ਲਈ ਘਾਹ ਭੀ ਉਪਲਭਤ ਨਹੀਂ ਹੁੰਦਾ ਸੀ, ਪਰ ਹੁਣ ਤਾਂ ਸੰਗਤਾਂ ਦੇ ਦਰਸ਼ਨ ਦੀਦਾਰ ਹੁੰਦੇ ਹਨ, ਲੰਗਰ, ਪੰਗਤ ਤੇ ਸੰਗਤ ਦਾ ਪਰਚਾ ਬਣ ਗਿਆ ਹੈ। ਪਰ ਆਪ ਜੀ ਦੇ ਜੋ ਜ਼ੀਅ ਵਿਚ ਮਾਲਕ ਨੇ ਫੁਰਨਾ ਫੋਰਿਆ ਹੈ, ਉਸ ਅਨੁਸਾਰ ਰਚਾਵੋ ਰਚਨਾ ! ਜੋ ਚਿੱਤ ਆਵੇ। ਅਗੇ ਵੇਖਦੇ ਆਏ ਹਾਂ, ਅਗੋਂ ਵੇਖੀ ਜਾਵਾਂਗੇ।

ਬਾਬਾ ਮਿੱਤ ਸਿੰਘ ਜੀ– ਨਹੀਂ ! ਸਿੰਘ ਸਾਹਿਬ ਜੀ, ਅਸੀਂ ਕੌਣ ਹਾਂ ਰਚਨਾ ਰੱਚਣ ਵਾਲੇ, ਸਾਡੇ ਵੱਸ ਹੁੰਦਾ ਤੇ ਇਤਨੇ ਕਸ਼ਟ ਕੜਾਕੇ ਨਾ ਕੱਟਦੇ। ਸੋ 'ਹਮਰੈ ਵਸ ਕਿਛ ਨਾਹਿ' ਆਪ ਨੂੰ ਆਪਣਿਆਂ ਦਾ ਆਪੇ ਫਿਕਰ ਹੈ। 'ਦੇਸੀ ਰਿਜਕ ਸੰਬਾਹੈ ਜਿਨ ਉਪਾਈ ਮੇਦਨੀ' ਪਰ ਜਦੋਂ ਉਸ ਰੱਚਣਹਾਰ ਅੰਦਰ ਕੋਈ ਰਚਨਾ ਦਾ ਫੁਰਨਾ ਪੈਦਾ ਹੁੰਦਾ ਹੈ, ਤਾਂ ਉਹ ਵਿਸਥਾਰ ਕਰ ਲੈਂਦਾ ਹੈ। ਸਾਨੂੰ ਤੁਹਾਨੂੰ ਤਾਂ ਉਸ ਨੇ ਸੇਵਾ ਦੀ ਕਾਰ ਦਿਤੀ ਹੈ. ਉਹ ਭੀ ਜੇ ਕਰਾਵੇ।

'ਜਿਸ ਕਰਾਵੈ ਸੋ ਕਰਨਾ' ਅਤੇ– 'ਆਪੇ ਸੇਵਾ ਲਾਈਅਨ ।।'

ਹਾਂ ਉਸ ਮਾਲਕ ਨੇ ਆਪ ਹੀ ਆਪਣੀ ਮਾਇਆ ਨੂੰ ਹੁਕਮ ਕਰ ਕੇ, ਪ੍ਰੇਰਤ ਕਰ ਕੇ ਹੀ ਰੱਚਨਾ ਰੱਚਾਉਣੀ ਹੈ। ਮਾਇਆ ਦਾਸੀ ਭਗਤਾਂ ਕੀ ਕਾਰ ਕਰਾਵੈ ॥

ਬਾਬਾ ਧਰਮ ਸਿੰਘ ਜੀ—ਹਾਂ ! ਹਾਂ !! ਆਪ ਚੁੱਪ ਚੁੱਪਾਤੇ ਰਹਿੰਦੇ ਹੋ ਤੇ ਸਾਨੂੰ ਖਾਹ ਮਖਾਹ ਭੁਲੇਖੇ ਵਿਚ ਪਾ ਕੇ ਫਿਰ ਕਹਿ ਦੇਂਦੇ ਹੋ–ਵਾਹਿਗੁਰੂ ਦੀ ਰਜ਼ਾ। ਮੇਰੇ ਨਾਲ ਅੱਠਖੇਲੀਆਂ ? ਤੇ ਚੋਜੀ ਨਾਲ ਜੂਝਣਾ ? ਅਗੇ ਨਹੀਂ ਵੇਖਦੇ ਰਹੇ–ਕੁੱਤਾ ਰੋਟੀਆਂ ਲੈ ਜਾਵੇ, ਤੇ ਤੁਸੀਂ ਦਾਲਾ ਮਗਰ ਲੈ ਕੇ ਜਾਵੋ ਅਤੇ

ਆਖੋ–ਭਗਵਾਨ ਜੀ ਰੁੱਖੇ ਪ੍ਰਸ਼ਾਦੇ ਨਾ ਖਾਵੋ। ਤੁਸੀਂ ਮੁਸਕਰਾਵੋ, ਮੈਨੂੰ ਸੋਟੇ ਫੜਾਵੋ ਕਿ ਮਾਰ ਕੁੱਤੇ ਨੂੰ, ਪਰ ਆਪ ਉਸਨੂੰ ਭਗਵਾਨ ਆਖੋ। ਘੜੇ ਰੁੱਖੇ ਮਰਨ ਲਗੇ ਤਾਂ ਕਿਹਾ, ਇਕ ਦਿਨ ਹੋਰ ਠਹਿਰੋ। ਅਜੇ ਭੀ ਕੋਈ ਭੁਲੇਖਾ ਹੈ? ਜਦ ਬਹੁ - ਰੂਪੀਆ ਰੂਪ ਧਾਰ ਕੇ ਆ ਗਿਆ ਅਤੇ ਤੁਹਾਨੂੰ ਰੁਪਏ ਪੂਲੀਆਂ ਦੇ, ਦੇ ਕੇ ਆਪ ਅਲੋਪ ਹੋ ਗਿਆ।

ਹੁਣ ਕਿਹੜੀ ਭੁਲ ਹੈ? ਰਚਨਾ ਜੋ ਚਾਹੋ ਰਚੋ। ਸਾਈਂ ਤੁਹਾਡੀਆਂ ਮੰਨਦਾ ਏ, ਤੁਸੀਂ ਸਾਈਂ ਦੇ ਤੇ ਸਾਈਂ ਤੁਹਾਡਾ। ਜੇ ਸਾਈਂ ਨੇ ਤੁਸਾਂ ਨੂੰ ਰਚਨਾ ਰਚਣ ਦਾ ਫੁਰਨਾ ਉਪਜਾਇਆ ਹੈ, ਤਾਂ ਹੀ ਤੁਸਾਂ ਬਚਨ ਕੀਤਾ ਹੈ। ਅਗੇ ਕਦੇ ਬੋਲਦੇ ਭੀ ਨਹੀਂ ਸੀ।

ਹੱਛਾ! ਜਿਵੇਂ ਰਜ਼ਾ–ਜੋ ਰਚੋਗੇ ਸੋ ਵੇਖਾਂਗੇ, ਪਰ ਮਨ ਅੰਦਰ ਖਿੱਚ, ਉਤਾਵਲਾ-ਪਨ ਸੀ, ਕਿ ਵੇਖੀਏ ਕੀ ਖੇਡ ਖੇਡੀ ਜਾਣ ਲਗੀ ਹੈ।

ਰਚਨਹਾਰ ਦੀ ਰਚਨਾ ਲਈ ਪ੍ਰਾਰਥਨਾ, ਅਰਦਾਸ ਕਰਨ ਲਈ ਬਾਬਾ ਜੀ ਨੇ ਭੀ ਅਸਚਰਜ ਕੌਤਕ ਰਚ ਦਿਤਾ। ਆਪ ਇੰਬਲੀ ਦੇ ਬ੍ਰਿਛ ਹੇਠਾਂ ਚਾਦਰ ਤਾਣ ਕੇ ਬਿਰਾਜ ਗਏ। ਇਹ ਪਹਿਲਾ ਸਮਾਂ ਸੀ ਕਿ ਜਦ ਬਾਬਾ ਜੀ ਦਿਨ ਸਮੇਂ ਬਿਰਾਜੇ ਵੇਖੇ ਗਏ।

ਬਾਬਾ ਧਰਮ ਸਿੰਘ ਜੀ– ਇਹ ਖੇਡ ਵੇਖ ਕੇ ਅਸਚਰਜ ਹੋ ਗਏ ਕਿ ਅੱਜ ਕੀ ਗੱਲ ਏ, ਬਾਬਾ ਜੀ ਅੱਜ ਦਿਨ ਵੇਲੇ ਚਾਦਰਾ ਤਾਣੀ ਪਏ ਹਨ? ਸੁੱਖ ਹੋਵੇ ਸਹੀ! ਉਹਨਾਂ ਦੇ ਚਰਨਾਂ ਵਲ ਖਲੋ ਕੇ ਬੇਤਿਹ ਬੁਲਾਈ ਤੇ ਕਹਿਣ ਲਗੇ–

ਕੀ ਕੋਈ ਨਵੀਂ ਰਚਨਾ ਰਚਣ ਲੱਗੇ ਹੋ? ਵੇਖਣਾ! ਕਿਧਰੇ ਹੋਰ ਹੀ ਕੋਈ ਖੇਡ ਤਾਂ ਨਹੀਂ ਖੇਡ ਚਲੇ। ਅਗੇ ਤਾਂ ਅੱਜ ਤੱਕ ਤੁਸਾਂ ਨੂੰ ਕਦੇ ਦਿਨੇ ਤਾਂ ਕੀਹ, ਰਾਤ ਨੂੰ ਭੀ ਬਿਰਾਜੇ ਨਹੀਂ ਵੇਖਿਆ, ਪਰ ਅਜ ਕਿਧਰ ਦੀ ਨੀਂਦ ਆ ਗਈ ਏ?

ਬਾਬਾ ਧਰਮ ਸਿੰਘ ਜੀ–(ਆਪਣੇ ਆਪ ਨਾਲ) ਮਨਾ ਚੁੱਪ ਕਰ! ਨਾ ਜਾਣੇ ਕਿਸ ਦੇਸ ਮੰਡਲਾਂ ਵਿਚੋਂ ਕੋਈ ਨਵੀ- ਰਚਨਾ ਰਚਣਹਾਰ ਤੋਂ ਵੇਖ ਰਹੇ ਹੋਵਣ?

ਬਾਬਾ ਧਰਮ ਸਿੰਘ ਜੀ ਅਜੇ ਇਸੇ ਉਡੀਕ ਵਿਚ ਖੜੇ ਸਨ ਕਿ ਬਾਬਾ ਜੀ ਕੀ ਉਤਰ ਦੇਂਦੇ ਹਨ? ਕਿ ਅਚਾਨਕ ਗਿਆਨੀ ਰਾਮ ਸਿੰਘ ਜੀ ਸੂਰਮਾ-ਸਿੰਘ ਸੰਗਤ ਸਮੇਤ ਆ ਗਏ।

ਗਿਆਨੀ ਰਾਮ ਸਿੰਘ ਜੀ–ਬਾਬਾ ਮਿੱਤ ਸਿੰਘ ਜੀ ਕਿਥੇ ਹਨ?

ਕਿਸੇ ਸਿੰਘ ਨੇ ਕਿਹਾ ਕਿ ਔਹ ਵੇਖੋ ਜੀ, ਬਾਬਾ ਜੀ ਚਾਦਰ ਤਾਣੀ ਬਿਰਾਜੇ ਹੋਏ ਹਨ ਅਤੇ ਬਾਬਾ ਧਰਮ ਸਿੰਘ ਜੀ ਪਾਸ ਖੜੇ ਹਨ।

ਗਿਆਨੀ ਰਾਮ ਸਿੰਘ ਜੀ ਅਤੇ ਸੰਗਤ ਨੇ ਬਾਬਾ ਜੀ ਦੇ ਆਸਣ ਪਾਸ ਪਹੁੰਚ ਕੇ ਦੋਵੇਂ ਹੱਥ ਜੋੜ ਕੇ

ਗਿਆਨੀ ਰਾਮ ਸਿੰਘ–ਇਹ ਪਿੰਡ ਪਿੰਡੀ ਘੇਬ, ਤਹਿਸੀਲ ਗੁਜਰਖਾਨ ਜ਼ਿਲਾ ਰਾਵਲਪਿੰਡੀ (ਹੁਣ ਪਾਕਿਸਤਾਨ) ਦੇ ਸਨ। ਆਪ ਨੂੰ ਛੋਟੇ ਹੁੰਦਿਆ ਮਾਤਾ ਨਿਕਲੀ ਜਿਸ ਕਰ ਕੇ ਆਪ ਦੇ ਨੇਤਰ ਬੰਦ ਹੋ ਹੋ ਗਏ।ਪਰ ਦਿਮਾਗੀ ਸੂਝ ਬੂਝ ਦੀ ਬਖਸ਼ਸ਼ ਸਤਿਗੁਰਾਂਵਲੋਂ ਇਹਨਾ ਨੂੰ ਅਮੁੱਲੀ ਦਾਤ ਮਿਲੀ ਹੋਈਸੀ।☞

ਵੇਰਹਿ ਬੁਲਾਈ। ਤੇ ਗਿਆਨੀ ਰਾਮ ਸਿੰਘ ਜੀ ਕਹਿਣ ਲੱਗੇ–ਬਾਬਾ ਜੀ!

ਬਾਬਾ ਧਰਮ ਸਿੰਘ ਜੀ–ਆਹ ਵੇਖੋ ਕਿਸੇ ਨਵੀਂ ਰਚਨਾ ਦੇ ਆਹਰ ਵਿਚ ਚਾਦਰ ਤਾਣੀ ਪਏ

ਪਿੰਡ ਘੇਬ ਵਿਚ ਸੰਤ ਮਹਾਂਪੁਰਸ਼ਾਂ ਦੇ ਵਿਦਿਆਲੇ (ਡੇਰੇ] ਚੋਂ ਵਿਦਿਆ-ਅਰਥ ਬੋਧ ਤੇ ਗੁਰਮਤਿ ਦੀ ਚੰਗੀ ਜਾਣਕਾਰੀ ਦੇ ਧਨੀ ਹੋ ਗਏ।

ਆਪ ਜੀ ਪਹਿਲਾਂ ਪਹਿਲ ਲੰਗਰ ਦੀ ਸੇਵਾ ਲਈ ਆਟਾ ਗੁੰਨਿਆ ਕਰਦੇ ਸਨ। ਖਾਸ ਕਰ ਕੇ ਪੜ੍ਹਾਈ ਵਲ ਤਾਂ ਸੇਵਾ ਕਰਦਿਆਂ ਹੋਇਆਂ ਭੀ ਰੁੱਚੀ ਰਹਿਣੀ। ਜੋ ਕੁਝ ਭੀ ਕਿਸੇ ਪਾਸੋਂ ਸੁਣਦੇ ਤਾਂ ਉਸ ਨੂੰ ਸੁਣਦੇ.ਦੇ ਹੀ ਕੰਠ ਕਰੀ ਜਾਂਦੇ।

ਇਸ ਡੇਰੇ ਦੇ ਮਹੰਤ ਸਾਹਿਬ ਦੇ ਅਕਾਲ ਚਲਾਣੇ ਤੋਂ ਬਾਅਦ ਡੇਰੇ ਦੀ ਸੇਵਾ ਗਿਆਨੀ ਰਾਮ ਸਿੰਘ ਜੀ ਨੂੰ ਸੰਭਾਲੀ ਗਈ। ਇਹਨਾਂ ਦਾ ਸੰਕਲਪ ਸੱਚਖੰਡ ਤਖ਼ਤ ਅਤੇ ਹੋਰ ਗੁਰ ਅਸਥਾਨਾਂ ਦੀ ਯਾਤਰਾ ਦਾ ਫੁਰਿਆ। ਇਹਨਾਂ ਨੇ ਉਸ ਸੰਪ੍ਰਦਾਇ ਦੀ ਵਾਗ ਡੋਰ ਸੰਤ ਸੁੱਚਾ ਸਿੰਘ ਜੀ ਨੂੰ ਸੌਂਪ ਕੇ ਆਪ ਯਾਤਰਾ ਲਈ ਨਿਕਲ ਪਏ। ੪੫ ਸਾਲ ਦੀ ਉਮਰ ਸੀ, ਜਦ ਸ੍ਰੀ ਹਜ਼ੂਰ ਸਾਹਿਬ ਵਿਖੇ ਵਿਦਿਆਰਥੀਆਂ ਸਮੇਤ ਆਏ। ਸੱਚਖੰਡ ਦੇ ਪੁਜਾਰੀ ਭਾਈ ਹੀਰਾ ਸਿੰਘ ਜੀ ਨੇ ਇਹਨਾਂ ਦੀ ਕਥਾ ਤੋਂ ਪ੍ਰਭਾਵਤ ਹੋ ਕੇ, ਇਹਨਾਂ ਨੂੰ ਪੂਰਤ ਕਰ ਕੇ ਕਿਹਾ ਕਿ ਆਪ ਇਥੇ ਟਿਕੋ ਅਤੇ ਤਖ਼ਤ ਸੱਚਖੰਡ ਸਾਹਿਬ ਤੇ ਆਦਿ ਅਤੇ ਦਸਮ ਗ੍ਰੰਥ ਜੀ ਦੀ ਕਥਾ ਕਰਿਆ ਕਰੋ।

ਤਖਤ ਸ੍ਰੀ ਹਜ਼ੂਰ ਸਾਹਿਬ ਤੇ ਕਥਾ ਅਤੇ ਹੈੱਡ ਪੁਜਾਰੀ ਵਲੋਂ ਸਨਮਾਨ ਤੇ ਸਤਿਕਾਰ, ਵੱਡੇ ਭਾਗ ਜਾਣ ਕੇ ਸੇਵਾ ਪ੍ਰਵਾਨ ਕਰ ਲਈ। ਇਹਨਾਂ ਦੀ ਰਿਹਾਇਸ਼ ਪੁਜਾਰੀ ਸਾਹਿਬ ਦੇ ਕਬਜ਼ੇ ਵਾਲੇ ਅਸਥਾਨ–(ਲੰਗਰ ਅਸਥਾਨ ਬਾਬਾ ਨਿਧਾਨ ਸਿੰਘ ਜੀ ਤੇ ਨਗੀਨਾ ਘਾਟ ਤੋਂ ਚੜ੍ਹਦੇ, ਸੜਕ ਪਾਰ, ਨਦੀ ਦੇ ਕੰਢੇ ਇਕਾਂਤ ਥਾਵੇਂ ਕਰਵਾ ਦਿਤੀ। ਜਿਥੇ ਇਹ ਨਵੇਕਲੀ ਥਾਵੇਂ ਬਹੁਤ ਖੁਸ਼ ਹੋਏ। ਤੇ ਇਥੇ ਸਤਿਸੰਗ ਦਾ ਪ੍ਰਵਾਹ, ਆਏ ਗਏ ਸੱਜਣਾਂ ਮਿਤਰਾਂ ਤੇ ਸੰਤਾਂ ਮਹੰਤਾਂ ਦੇ ਠਹਿਰਾਓ ਦਾ ਯੋਗ ਪ੍ਰਬੰਧ ਸੀ, ਅਤੇ ਇਸ਼ਨਾਨ ਲਈ ਨਦੀ ਦਾ ਕਿਨਾਰਾ ਸੀ।

ਇਹਨਾਂ ਦੇ ਲੰਗਰ ਦੀ ਸੇਵਾ ਭਾਈ ਜੀਵਨ ਸਿੰਘ ਜੀ ਕਰਿਆ ਕਰਦੇ, ਜੋ ਬਹੁਤ ਪ੍ਰੇਮੀ, ਸ਼ਰਧਾਲੂ ਤੇ ਨਿਸ਼ਕਾਮ ਸੇਵਾ ਦਾ ਹੀ ਰੂਪ ਸਨ।

ਹੁਣ ਸਵੇਰੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਅਤੇ ਸ਼ਾਮ ਨੂੰ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਨੀ ਅਰੰਭ ਕਰ ਦਿਤੀ। ਜ਼ਬਾਨ 'ਚ ਮਿੱਠਾਸ ਤੇ ਢੁੱਕਵੇਂ ਪੂਕਰਣ, ਪ੍ਰਮਾਣ, ਸਾਖੀਆਂ–ਜੋ ਬੜੇ ਪ੍ਰੇਮ ਭਰੇ ਲਹਿਜੇ ਵਿਚ, ਅਡੋਲ, ਸਹਿਜੇ ਉਚਾਰਦੇ। ਇਸ ਨਾਲ ਸੰਗਤਾਂ ਵਿਚ ਵਧੇਰੇ ਖਿੱਚ, ਪਿਆਰ ਉਮਡ ਪਿਆ ਤੇ ਗਿ: ਰਾਮ ਸਿੰਘ ਜੀ ਦਿਨਾਂ ਵਿਚ ਹੀ ਹਰਮਨ ਪਿਆਰੇ ਬਣ ਗਏ।

ਆਪ ਜੀ ਨੂੰ ਇਕ ਦਿਨ ਬਾਕੀ ਦੇ ਗੁਰ ਅਸਥਾਨਾਂ ਦੇ ਦਰਸ਼ਨਾਂ ਦੀ ਚਾਹਨਾ ਹੋਈ। ਆਪਜੀ ਬਾਕੀ ਦੇ ਗੁਰ-ਅਸਥਾਨਾਂ ਦੇ ਦਰਸ਼ਨ ਕਰਕੇ ਜਦ ਮਾਤਾ ਜੀ ਦੇ ਅਸਥਾਨ ਦੇ ਦਰਸ਼ਨਾਂ ਲਈ ਪੁੱਜੇ ਤਾਂ ਇਕ ਅਜੀਬ ਜਹੀ ਅੰਦਰ ਝਲਕ ਵਜੀ। ਸੁਣਦੇ ਸਨ ਕਿ ਮਾਤਾ ਜੀ ਦੇ ਬਿਹੰਗਮ ਨਿਹੰਗ ਸਿੰਘ ਬਾਬਾ ਜੀ ਇਕ ਨੂਰੀ☞

ਹੋਏ ਹਨ। ਪਤਾ ਨਹੀਂ ਕਿਸ ਦੇਸ਼ ਵਿਚ ਪੁੱਜੇ ਹੋਏ ਹਨ, ਕਿਸੇ ਨੂੰ ਪ੍ਰੇਰਤ ਕਰਨ ਵਾਸਤੇ।

ਗਿਆਨੀ ਰਾਮ ਸਿੰਘ ਜੀ– ਜਲਦੀ ਨਾਲ, (ਹੱਥ ਫੜੇ ਹੋਏ ਸਿੰਘ ਨੂੰ ਕਹਿਣ ਲਗੇ) ਬਾਬਾ ਜੀ

ਜੋਤਿ ਜਗਾ ਰਹੇ ਹਨ। ਇਸ ਅੰਤਸ਼ਹ ਕਰਨ ਵਿਚ ਨੂਰੀ ਦੀ ਨੂਰ ਦੇ ਝਲਕਾਰੇ ਨੇ ਹੋਰ ਸ਼ਰਧਾ ਬਣਾ ਦਿਤੀ। (ਨੇਤਰ ਬੰਦ ਸਨ) ਇਸ ਲਈ ਨੈਤਰਾਂ ਦੇ ਦਰਸ਼ਨ ਤਾਂ ਨਾ ਕਰ ਸਕੇ, ਪਰ ਬਾਬਾ ਜੀ ਦਾ ਪਿਆਰ ਆਦਰ, ਸਤਿਕਾਰ ਅੰਦਰ ਤਹਿ ਵਿਚ ਲੰਘ ਗਿਆ ਜੋ ਕਦੀ ਨਿਕਲਣ ਵਾਲਾ ਨਹੀਂ ਸੀ।

ਜੀਅ ਕਰਦਾ ਰਹਿੰਦਾ ਸੀ, ਕਿ ਇਥੇ ਹੀ ਇਹਨਾਂ ਪਾਸ ਟਿਕਿਆਜਾਵੇ ਅਤੇ ਆਤਮ ਰੰਗ ਮਾਣਿਆ ਜਾਵੇ। ਤਖਤ ਸੱਚਖੰਡ ਦੀ ਸੇਵਾ ਤੇ ਆਦਿ ਤੇ ਦਸਮ ਦੀ ਆਰੰਭ ਕੀਤੀ ਕਥਾ, ਇਕ ਦੀਵਾਰ ਬਣ ਕੇ ਖਲੋ ਗਈ ਅਤੇ ਆਪ ਇਸ ਦੁਚਿੱਤੀ ਵਿਚ ਕਿਸੇ ਫੈਸਲੇ ਤੇ ਨਾ ਅੱਪੜ ਪਾਏ, ਕਿ ਸਭ ਕੁਝ ਛੱਡ ਕੇ ਇਥੇ ਹੀ ਸਦੀਵੀ ਟਿਕ ਜਾਈਏ।

ਕੁਝ ਸਮਾਂ ਬਾਬਾ ਜੀ ਨਾਲ ਗਿਆਨ ਗੋਸ਼ਟ ਹੁੰਦੀ ਰਹੀ। ਗਿਆਨੀ ਜੀ ਭਾਵੇਂ ਵਿਦਿਆ ਵਿਚ ਤਾਂ ਕਾਫੀ ਨਿਪੁੰਨ ਸਨ, ਪਰ ਗੁਰਬਾਣੀ, ਗੁਰਮਤਿ ਦੇ ਕਈ ਗੁੰਝਲਦਾਰ ਪ੍ਰਸ਼ਨਾਂ ਦੇ ਉੱਤਰ ਅਗੰਮ ਮੰਡਲ ਦੇ ਬਾਬਾ ਜੀ ਪਾਸੋਂ ਸੁਣੇ, ਤਾਂ ਬਹੁਤ ਹੀ ਪ੍ਰਭਾਵਤ ਹੋ ਗਏ। ਬਾਬਾ ਜੀ ਪ੍ਰਤੀ ਮਨ ਅੰਦਰ ਬਹੁਤ ਹੀ ਪਿਆਰ ਸਤਿਕਾਰ ਉਛਾਲੇ ਮਾਰਨ ਲੱਗ ਪਿਆ,

ਮਾਤਾ ਜੀ ਦੇ ਅਸਥਾਨ ਪ੍ਰਤੀ ਤੇ ਬਾਬਾ ਜੀ ਦੀ ਲਾਭਕਾਰੀ ਸੰਗਤ ਕਾਰਨ ਆਪ ਦੇ ਮਨ ਅੰਦਰ ਦੂਜੇ ਚੌਥੇ ਦਿਨ ਇਸ ਅਸਥਾਨ ਦੇ ਦਰਸ਼ਨਾਂ ਦੀ ਅਭਿਲਾਸ਼ਾ ਵਧਣ ਲਗੀ ਤੇ ਜੋ ਸੇਵਾ–ਪੂਜਾ ਭੇਟਾ ਹੁੰਦੀ, ਉਹ ਇਥੇ ਲਿਆ ਕੇ ਬਾਬਾ ਜੀ ਨੂੰ ਦੇ ਜਾਇਆ ਕਰਦੇ ਸਨ। ਆਪ ਜਾਣਦੇ ਸਨ ਕਿ ਲੰਗਰ ਲਈ ਕੋਈ ਜ਼ਮੀਨ ਜਾਂ ਹੋਰ ਵਸੀਲਾ ਤਾਂ ਹੈ ਨਹੀਂ।

ਇਹਨਾਂ ਦੇ ਕੁਝ ਵਿਦਿਆਰਥੀ–੧. ਗਿ: ਮਿਹਰ ਸਿੰਘ ਜੀ [ਤਖਤ ਸਾਹਿਬ ਦੇ ਗ੍ਰੰਥੀ] ੨. ਜਗਤ ਸ਼ਿੰਘ ਜੀ ਮਾਸਟਰ ੩. ਭਾਈ ਰਾਮ ਸਿੰਘ ਜੀ 'ਸੜਕਿਆ ਪੁਜਾਰੀ' ੪. ਭਾਈ ਹਜੂਰਾ ਸਿੰਘ ਜੀ 'ਸੁਖਈ' ਪ੍ਰੋ ਗਿ: ਖੁਸ਼ਹਾਲ ਸਿੰਘ ਵਲਦ ਸ: ਪ੍ਰਤਾਪ ਸਿੰਘ ਨਾਂਦੇੜ (ਜਿਹਨਾਂ ਦੀ ਜ਼ਬਾਨੀ ਇਹ ਲਿਖਤ ਅੰਕਿਤ ਕੀਤੀ ਹੈ।] ੬. ਭਾਈ ਦੇਵਾ ਸਿੰਘ ੭. ਭਾਈ ਖੇਮ ਸਿੰਘ ਜੀ ਕੰਪਾਊਂਡਰ ਆਦਿ ਨਾਲ

ਗੁਰਦਵਾਰਾ ਮਾਤਾ ਜੀ ਦੇ ਅਸਥਾਨ ਤੇ ਦਰਸ਼ਨਾਂ ਨੂੰ ਪੈਦਲ ਜਾਇਆ ਕਰਨਾ। ਸਵਾਰੀ ਤੇ ਨੇਤਰ ਬੰਦ ਭੀ ਨਹੀਂ ਜਾਂਦੇ ਸਨ। ਅਤੇ ਨਾ ਹੀ ਉਸ ਵਕਤ ਮੋਟਰਾਂ ਆਦਿ ਦੇ ਚਲਣ ਦਾ ਰਸਤਾ ਹੀ ਸੀ, ਸਿਵਾਇ ਪੈਦਲ ਜਾਂ ਘੋੜੇ ਤੇ ਹੀ ਜਾਇਆ ਜਾਂਦਾ ਸੀ। ਆਮ ਕਰ ਕੇ ਯਾਤਰੀ ਪੈਦਲ ਹੀ ਇਹਨਾਂ ਅਸਥਾਨਾਂ ਦੇ ਦਰਸ਼ਨ ਦੀਦਾਰ ਕਰਿਆ ਕਰਦੇ ਸਨ।

ਇਕ ਵਾਰੀ ਜਦ ਭਾਈ ਰਾਮ ਸਿੰਘ ਜੀ ਸੰਗਤ ਨਾਲ ਦਰਸਨਾਂ ਲਈ ਗੁਰਦਵਾਰਾ ਮਾਤਾ ਜੀ ਦੇ ਅਸਥਾਨ ਤੇ ਪੁੱਜੇ, ਤਾਂ ਉਸ ਵਕਤ ਨਦੀ ਚੜ੍ਹੀ ਹੋਈ ਸੀ ਅਤੇ ਪਾਣੀ ਗੰਧਲਾ ਸੀ। ਬਾਬਾ ਜੀ ਨਦੀ 'ਚੋਂ ਜਲ ਭਰਕੇ ਕੁਝ ਸਮਾਂ ਰੱਖ ਦੇਂਦੇ। ਜਦ ਮਿੱਟੀ ਹੇਠਾਂ ਬੈਠ ਜਾਂਦੀ ਤਾਂ ਪਾਣੀ ਨਿਤਾਰਕੇ ਲੰਗਰ ਦੇਗਾਂ'ਚ ਵਰਤਦੇ ਅਤੇ ਸੰਗਤ ਨੂੰ ਭੀ ਇਹੋ ਹੀ ਛਕਾਉਂਦੇ।

ਦੇ ਚਰਨਾਂ ਕੋਲ ਲੈ ਚਲੋ, ਨਮਸ਼ਕਾਰ ਤਾਂ ਕਰੀਏ।

ਅਜੇ ਆਪ ਜੀ ਬਾਬਾ ਜੀ ਦੇ ਚਰਨ ਪਰਸਨ ਲਈ ਅੱਗੇ ਹੀ ਹੋਏ ਸਨ ਕਿ ਬਾਬਾ ਜੀ ਝੱਟ ਸਾਵਧਾਨ ਹੋ ਬੈਠੇ ਤੇ ਛੇਤੀ ਨਾਲ ਗਿਆਨੀ ਰਾਮ ਸਿੰਘ ਜੀ ਦੇ ਚਰਨ ਛੂਹ ਲਏ ਅਤੇ ਫਤਿਹ ਬੁਲਾਈ।

ਗਿਆਨੀ ਰਾਮ ਸਿੰਘ ਜੀ– ਬਾਬਾ ਜੀ! ਇਹ ਕੀ ਕੀਤਾ ਜੇ, ਮੇਰੇ ਨੇਤਰ ਹੀਣ ਹੋਣ ਕਰ ਕੇ, ਮੇਰੇ ਤੇ ਏਡਾ ਵੱਡਾ ਭਾਰ ਕਿਉਂ ਚਾੜ੍ਹਿਆ ਜੇ? ਮੈਂ ਅੱਗੇ ਹੀ ਗੁਨਾਹੀ ਹਾਂ, ਪਾਪੀ ਹਾਂ, ਤਾਂ ਹੀ ਤੇ ਨੇਤ੍ਰ ਹੀਣਾ ਹੋ ਗਿਆ ਹਾਂ ਅਤੇ ਨਾਲ ਹੀ ਆਪ ਜੈਸੇ ਮਹਾਂਪੁਰਸ਼ਾਂ ਤੇ ਸਾਧ ਸੰਗਤ ਦੇ ਦਰਸ਼ਨ ਕਰਨ ਤੋਂ ਭੀ ਵਾਂਝਾ ਹੋ ਗਿਆ ਹਾਂ।

ਬਾਬਾ ਜੀ– [ਸਾਵਧਾਨ ਖੜੇ ਹੋ ਕੇ) ਨਹੀਂ ਗਿਆਨੀ ਜੀ, ਜੋ ਮਾਲਕ ਨੇ ਜਣਾਇਆ ਹੈ, ਉਹੋ

ਜਦ ਗਿਆਨੀ ਰਾਮ ਸਿੰਘ ਜੀ ਨੇ ਇਹ ਜਲ ਛੱਕਿਆ ਤਾਂ ਕੁਸੈਲਾ, ਮਿੱਟੀ ਵਾਲਾ ਸੁਆਦ ਭਾਸਿਆ। ਆਪ ਕਹਿਣ ਲਗੇ–ਬਾਬਾ ਜੀ! ਆਪ ਅਜੇਹਾ ਗੰਧਲਾ ਜਲ ਹੀ ਵਰਤਦੇ ਹੋ? ਗਾਰੇ ਚਿੱਕੜ ਵਿਚੋਂ ਲਿਆਉਣ ਦੀ ਤਾਂ ਹੋਰ ਭੀ ਮੁਸ਼ਕਲ ਹੁੰਦੀ ਹੋਵੇਗੀ?

ਬਾਬਾ ਜੀ– ਹਾਂ ਗਿਆਨੀ ਰਾਮ ਸਿੰਘ ਜੀ, ਜੋ ਹੁਕਮ ਮਾਲਕ ਦਾ ਹੈ, ਜਿਵੇਂ ਰਜ਼ਾ ਹੈ, ਉਸ ਨੂੰ ਪ੍ਰਵਾਨ ਕਰਨਾ ਹੀ ਪੈਂਦਾ ਹੈ।

ਗਿ: ਰਾਮ ਸਿੰਘ ਜੀ– ਇਸ ਤਰਾਂ ਤਾਂ ਤੁਸੀਂ ਬੜੀ ਮੁਸ਼ਕਲ ਨਾਲ ਦਿਨ ਗੁਜ਼ਾਰਨ ਕਰ ਰਹੇ ਹੋਵੋਗੇ। ਕੀ ਲੰਗਰ ਦੇਗ ਵਿਚ ਭੀ ਅਜਿਹਾ ਹੀ ਜਲ ਵਰਤਣਾ ਪੈਂਦਾ ਹੋਵੇਗਾ?

ਬਾਬਾ ਜੀ– ਜੀ ਹਾਂ, ਹੋਰ ਕੋਈ ਅਜਿਹਾ ਸਾਧਨ ਭੀ ਤਾਂ ਨਹੀਂ ਹੈ, ਜਿਥੋਂ ਸਾਫ਼ ਸੁਥਰਾ ਜਲ ਲਿਆ ਕੇ ਲੰਗਰ ਵਿਚ ਵਰਤ ਕੇ ਮਾਤਾ ਜੀ ਨੂੰ ਭੋਗ ਲੁਆ ਸਕੀਏ। ਸਾਡਾ ਚਾਰਾ ਭੀ ਤਾਂ ਕੋਈ ਨਹੀਂ, ਜਿਸੇ ਪ੍ਰਭੂ ਦੀ ਰਜ਼ਾ।

ਗਿ: ਰਾਮ ਸਿੰਘ ਜੀ– ਕੀ ਖੂਹਾ ਨਹੀਂ ਲੁਆਇਆ?

ਬਾਬਾ ਜੀ– ਜਦੋਂ ਮਾਤਾ ਜੀ ਚਾਹੁੰਣਗੇ ਅਤੇ ਜਿਸ ਪਾਸੋਂ ਸੇਵਾ ਕਰਵਾਉਣੀ ਹੋਵੇਗੀ, ਆਪੇ ਹੀ ਬਖਸ਼ਸ਼ ਕਰ ਕੇ 'ਖੂਹੇ' ਦੀ ਸੇਵਾ ਕਰਵਾ ਲੈਣਗੇ। ਅਜੇ ਸ਼ਾਇਦ ਮਾਤਾ ਜੀ ਨੂੰ ਇਸ ਗੋਦਾਵਰੀ - ਜਲ ਨਾਲ ਹੀ ਤ੍ਰਿਪਤੀ ਹੁੰਦੀ ਹੋਵੇਗੀ।

ਗਿ: ਰਾਮ ਸਿੰਘ– ਅਜਿਹੀ ਸ਼ਰਧਾ, ਫਿਰ ਇਤਨੇ ਹੱਠ ਤਪ ਕਰਦਿਆਂ ਰਜ਼ਾ ਵਿਚ ਰਹਿਣਾ, ਬਾਬਾ ਜੀ ਦੇ ਅਜਿਹੇ ਬਚਨਾਂ ਤੋਂ ਪ੍ਰਭਾਵਤ ਹੋ ਕੇ ਆਪ ਜੀ ਸੱਜਲ ਨੇਤਰ, ਦ੍ਰਵੈ ਮਨ ਨਾਲ ਮਾਤਾ ਜੀ ਦੇ ਆਸਣ (ਥੜੇ) ਕੋਲ ਜਾ ਖਲੋਤੇ ਅਤੇ ਲਗੇ ਬੇਨਤੀਆਂ ਕਰਨ–

ਹੇ ਜਗਤ ਮਾਤਾ ਜੀ! ਬਲ ਬਖਸ਼ੋ, ਇਹ ਜੋ ਆਪ ਜੀ ਦਾ ਕੀਟ [ਦਾਸ] ਆਪ ਜੀ ਦੇ ਪਾਵਨ ਅਸਥਾਨ ਤੇ ਨਿਰਮਲ ਜਲ ਲਈ ਖੂਹ ਲੁਵਾਉਣ ਦੀ ਸੇਵਾ ਕਰਵਾ ਸਕੇ। ਭਾਵੇਂ ਦਾਸ ਨਬੀਨਾ (ਅੰਧਾ) ਹਾਂ, ਪਰ ਆਪ ਜੀ ਦੀ ਬਖਸ਼ਸ਼ ਦਾ ਪਾਤਰ ਤਾਂ ਹਾਂ। ਚੁਪਕੇ ਮਨ ਹੀ ਮਨ ਅੰਦਰ ਅਜਿਹੀ ਭਾਵਨਾ ਲੈ ਕੇ ਸੱਚਖੰਡ ਚਾਲੇ ਪਾ ਗਏ।

ਕੁਝ ਹੀ ਜਾਣ ਕੇ ਕੀਤਾ ਹੈ। ਪਰ 'ਪ੍ਰਭੂ - ਪਹਿਚਾਣ' ਤਾਂ ਇਹਨਾਂ ਅੱਖਾਂ ਦਾ ਵਿਸ਼ਾ ਨਹੀਂ।

'ਨਾਨਕ ਸੇ ਅਖੜੀਆਂ ਬਿਅੰਨਿ ਜਿਨਾ ਡਿਸੰਦੋ ਮਾ ਪਿਰੀ' ਇਹ ਅੱਖਾਂ ਤਾਂ 'ਫਰੀਦਾ ਜਿਨ ਲੋਇਣ ਸਹੁ ਸੋਹਿਆ' ਸੰਸਾਰ ਭਰ ਦੇ ਮਨ ਨੂੰ ਮੋਹਨ ਵਾਲੀਆਂ ਹਨ, ਤੁਸੀਂ ਧੰਨਭਾਗੇ ਹੋ ਕਿ ਪ੍ਰਭੂ ਨੇ ਆਪਦੇ ਅੰਤਹਕਰਨ ਦੇ ਨੇਤਰ ਖੋਹਲ ਕੇ ਆਪਣੀ ਜਾਗਰਤੀ, ਗਿਆਨ ਬੋਧ ਤੇ ਸੇਵਾ ਕਰਨ ਦਾ ਬਲ ਬਖਸ਼ਿਆ ਹੋਇਆ ਹੈ। ਫਿਰ ਨਿਸ਼ਕਾਮ ਸੇਵਾ ਦਾ। ਅਸੀਂ ਤਾਂ ਚੰਮ ਦ੍ਰਿਸ਼ਟੀ ਵਾਲੇ ਕੇਵਲ ਸੁੰਦਰਤਾ, ਚੰਗਾ, ਮੰਦਾ ਦੇਖ, ਨਿੰਦਾ ਚੁਗਲੀ ਕਰ ਕੇ, ਭਰਮਾਂ ਵਿਕਾਰਾਂ ਦੀ ਪੰਡ ਹੀ ਸਿਰ ਤੇ ਚਾਈ ਫਿਰਦੇ ਹਾਂ। ਕਿਧਰੇ ਚੰਮ ਨੇਤਰਾਂ ਰਾਹੀਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਫੰਧਿਆਂ ਵਿਚ ਫੱਸ ਜਾਈਦਾ ਹੈ ਤੇ ਜਿਨ੍ਹਾਂ ਤੋਂ ਛੁੱਟਣਾ ਤਾਂ ਕੀ ਹੈ ? ਨਰਕ, ਉਹ ਭੀ ਚਉਰਾਸੀ ਲੱਖ ਜੂਨਾਂ ਦੇ ਭੋਗ ਭੁਗਤਣੇ ਪੈਂਦੇ ਹਨ।

ਹੇ ਗੁਰੂ ਸਵਾਰੇ ! ਇਹਨਾਂ ਵਿਸ਼ਿਆਂ ਦੇ ਉਪਜਣ ਦਾ ਕਾਰਨ ਇਹ ਨੇਤਰ ਹਨ, ਜਿਨ੍ਹਾਂ ਨੂੰ

☜ ਮਨ ਨਾਲ ਦ੍ਰਿੜ ਇਰਾਦਾ ਕਰ ਲਿਆ ਕਿ ਮਾਤਾ ਜੀ ਦੇ ਅਸਥਾਨ ਤੇ ਖੂਹਾ ਲਵਾਇਆ ਜਾਵੇ। ਸਾਧਨ ਜੁਟਾਉਣ ਲਈ ਅੰਦਰੇ ਅੰਦਰ ਫੁਰਨੇ ਉਠਦੇ ਕਿ ਪੰਜਾਬ ਜਾਵਾਂ ਤੇ ਸਿੱਖ ਸੰਗਤਾਂ ਤੋਂ ਭੇਟਾ ਮੰਗ ਕੇ ਲੈ ਆਵਾਂ। ਪਰ ਇਧਰ ਕੱਥਾ ਅੱਧ ਵਿਚਾਲੇ ਛੱਡਣੀ ਕਠਨ ਹੈ, ਉਧਰ ਮਾਤਾ ਜੀ ਦੇ ਅਸਥਾਨ ਦੀ ਕਠਨਾਈ ਸਾਹਮਣੇ ਹੈ। ਇਹਨਾਂ ਸੋਚਾਂ ਵਿਚ ਹੀ ਨਾ ਦਿਨੇ ਚੈਨ ਨਾ ਰਾਤ ਨੂੰ ਚੈਨ।

ਆਪ ਜੀ ਇਕ ਦਿਨ ਬਿਰਾਜੇ ਹੋਏ ਸੋਚ ਮੰਡਲਾਂ ਵਿਚ ਡੂਬੇ ਹੋਇ ਸਨ, ਰਾਤ ਅੱਧੀਓਂ ਵੱਧ ਬੀਤ ਚੁੱਕੀ ਸੀ। ਦੇਵਤਿਆਂ ਦਾ (ਅੰਮ੍ਰਿਤ ਵੇਲੇ) ਪੱਖ ਲੱਗ ਚੁੱਕਾ ਸੀ, ਕਿ ਅਚਾਨਕ ਹੀ ਆਪ ਜੀ ਦੀ ਅੱਖ ਲੱਗ ਗਈ ਅਤੇ ਇਹ ਆਵਾਜ਼ ਕੰਨੀਂ ਪਈ–

ਸਿੱਖਾ ! ਕਰ ਉੱਦਮ, ਕਿਉਂ ਉਦਾਸ ਤੇ ਚਿੰਤਾਤੁਰ ਹੋ ਰਿਹਾ ਏਂ ? ਤੂੰ ਆਪਣੀ ਜ਼ਬਾਨ ਦੀ ਮਿਠਾਸ ਨਾਲ, ਮਿੱਠੇ ਜਲ ਲਈ ਸੰਗਤਾਂ ਵਿਚੋਂ ਪ੍ਰੇਰਣਾ ਦੇਣੀ ਸ਼ੁਰੂ ਕਰ ਦੇ । ਅਸਾਂ ਇਹ ਸੇਵਾ ਤੇਰੇ ਤੋਂ ਹੀ ਲੈਣੀ ਹੈ। ਅਸੀਂ ਸਦਾ ਤੇਰੇ ਅੰਗ ਸੰਗ ਹਾਂ। ਅਸੀਂ ਆਪ ਨਹੀਂ ਕਹਿ ਸਕਦੇ, ਕਿਉਂਕਿ ਸਾਡਾ ਪੰਜ ਭੂਤਕ ਸਰੀਰ ਨਹੀਂ। ਤੁਸੀਂ ਜਦ ਕਥਾ ਵਿਚ ਸੰਗਤ ਨੂੰ ਪ੍ਰੇਰੋਗੇ, ਅਸੀਂ ਆਪ ਵਿਚ ਹੋਵਾਂਗੇ ਅਤੇ ਜੋ ਕੰਮ ਸਾਲਾਂ ਵਿਚ ਹੋਣਾ ਹੈ, ਉਹ ਦਿਨਾਂ ਵਿਚ ਹੋ ਜਾਵੇਗਾ। ਉੱਠ ! ਹਿੰਮਤ ਕਰ, ਤੇ ਇਸ਼ਨਾਨ ਕਰ। ਅੰਮ੍ਰਿਤ ਵੇਲਾ ਹੋ ਆਇਆ ਹੈ। ਕਰ ਸਾਈਂ ਨੂੰ ਯਾਦ, ਹਿੰਮਤ ਆਪ ਦੀ ਹੋਵੇਗੀ ਅਤੇ ਕੰਮ ਅਸੀਂ ਸੁਵਾਰਾਂਗੇ।

ਗਿਆਨੀ ਜੀ ਅਸਚਰਜਤਾ ਵਿਚ ਉੱਠੇ। ਇਹ ਸੁੱਪਨਾ ਹੈ ਕਿ ਪ੍ਰਤੱਖ ? ਸੱਚ!ਇਹ ਹੁਕਮ ਹੈ, ਇਸ ਨੂੰ ਮੰਨੋ। ਤਾਂ ਆਪ ਜੀ ਨੇ ਕਥਾ ਦੀ ਸਮਾਪਤੀ ਤੇ ਸੰਗਤਾਂ ਨੂੰ ਪ੍ਰੇਰਣਾ ਕਰਨੀ ਸ਼ੁਰੂ ਕਰ ਦਿਤੀ। ਕੁਝ ਹੀ ਛਿਨਾਂ ਵਿਚ ਬੇਅੰਤ ਮਾਇਆ ਖੂਹਾ ਲਾਉਣ ਲਈ ਇਕੱਤਰ ਹੋ ਗਈ। ਇਹ ਸਾਰੀ ਮਾਇਆ ਗਿਆਨੀ ਰਾਮ ਸਿੰਘ ਜੀ ਲੈ ਕੇ ਗੁਰਦੁਆਰਾ ਮਾਤਾ ਸਾਹਿਬ ਕੌਰਾਂ ਜੀ ਦੇ ਪੁੱਜੇ।

ਅੱਗੋਂ ਉਪਰ ਵਰਤਿਆ ਕੌਤਕ ਪੜ੍ਹੋ–'ਬਾਬਾ ਜੀ ਦੀ ਰਚਨਾ, ਚਾਦਰਾ ਤਾਣ ਕੇ ਬਿਰਾਜਮਾਨ' ਵਿਚ ਪੰਨਾ ੩੧੮ ਤੇ ਵੇਖੋ !

ਤੁਸੀਂ 'ਹੀਣੇ' ਬੰਦ ਹੋਏ ਸਮਝ ਰਹੇ ਹੋ ਅਤੇ ਵਿਚਾਰਦੇ ਹੋ ਕਿ ਇਹ ਕ੍ਰੋਪੀ ਹੋਈ ਹੈ। ਨਹੀਂ ! ਮਾਲਕ ਜਦ ਤਰੁਠਦਾ ਏ ਤੇ ਦਾਤਾਂ ਬਖਸ਼ਦਾ ਹੈ ਤਾਂ –'ਮੂੰਦਿ ਲੀਏ ਦਰਵਾਜੇ'। ਇਹ ਨੌਂ ਦਵਾਰ ਜੋ ਪ੍ਰਗਟ ਹਨ ਜਦ ਮਾਲਕ ਦਸਮ ਦੁਆਰ ਦੀ ਕੁੰਜੀ ਸੌਂਪਦਾ ਹੈ, ਤਾਂ ਇਹਨਾਂ ਨੌਂ ਦਰਵਾਜ਼ਿਆਂ ਨੂੰ ਤਾਲਾ ਲਾ ਦੇਂਦਾ ਹੈ (ਬੰਦ ਕਰ ਦੇਂਦਾ ਹੈ)। ਫਿਰ–'ਤਉ ਦਿਆਲ ਕਉ ਦਰਸਨ ਕੀਜੈ ॥'

ਅਗੰਮੀ ਬੁਝਾਰਤ– ਕੀ ਇਹ ਸੱਚ ਨਹੀਂ ? ਸੁਣਾਓ ਰਾਤ ਦੀ ਲੀਲ੍ਹਾ ! ਕੀ ਵਰਤੀ ਜੇ, ਵੇਖੀ ਜੇ ਦਸਮ ਦੁਆਰੇ 'ਚ ਦਿਆਲ ਦੀ ਆਵਾਜ਼, ਪਹਿਚਾਣੀ ਜੇ ਰਮਜ਼, ਤੇ ਆ ਜਗਾਇਆ ਜੇ ਸੁਤਿਆਂ ਨੂੰ।

ਸਾਰੀ ਸੰਗਤ– ਕਿਸੇ ਬੇਗਮਪੁਰੇ ਸ਼ਹਿਰ ਵਿਚ ਅਡੋਲ ਮੂਰਤੀਮਾਨ ਹੋ ਕੇ ਖੜੇ ਹਨ ਤੇ ਗਿ: ਰਾਮ ਸਿੰਘ ਜੀ ਸੱਜਲ ਨੇਤਰ, ਹੱਥ ਜੋੜੀ ਕਹਿ ਰਹੇ ਹਨ––ਬਾਬਾ ਜੀ ! ਕਰੋ ਕਿਰਪਾ। ਕਿਉਂ ਇਸ ਨਿਮਾਣੇ ਤੇ ਭਾਰ ਚਾੜ੍ਹੀ ਜਾਂਦੇ ਹੋ ? ਅਰਦਾਸ ਆਪ ਜੀ ਦੀ ! ਤੇ ਅੱਗੇ ਅਸਾਨੂੰ ਕਿਉਂ ਕਰੀ ਜਾ ਰਹੇ ਹੋ ?

ਬਾਬਾ ਧਰਮ ਸਿੰਘ ਜੀ– ਗਿਆਨੀ ਜੀ ! ਕੀ ਹੋਇਆ ਰਾਤ ਨੂੰ, ਦਸੋ ਤਾਂ ਸਹੀ?ਕੀ ਕਹਿ ਰਹੇ ਹਨ ਬਾਬਾ ਜੀ। ਬਾਬਾ ਜੀ ਤੇ ਆਪ ਦੋਵੇਂ ਕੀ ਬੁੱਕਲ ਵਿਚ ਹੀ ਰੋੜੀਆਂ ਭੰਨੀ ਜਾਵੋਗੇ ? ਕੁਝ ਸਾਡੇ ਪਿੜ ਪੱਲੇ ਭੀ ਪਾਵੋਗੇ ਕਿ ਨਹੀਂ ?

ਗਿਆਨੀ ਰਾਮ ਸਿੰਘ ਜੀ– ਮੈਂ ਨਿਮਾਣਾ ਕੀ ਦੱਸਾਂ ਦਸਮੇਸ਼ ਜੀ ਦੀ ਲੀਲ੍ਹਾ ! ਪਰ ਬਾਬਾ ਜੀ, ਇਹ ਕੀ ਲੀਲ੍ਹਾ ! ਦਸਮੇਸ਼ ਜੀ ਨੇ ਰੱਚੀ ਹੋਈ ਸੀ। (ਬੜੀ ਨਿਮਰਤਾ ਨਾਲ ਗਿਆਨੀ ਰਾਮ ਸਿੰਘ ਜੀ ਨੇ ਬਾਬਾ ਜੀ ਨੂੰ ਪੁੱਛਿਆ।)

ਬਾਬਾ ਜੀ– ਹਾਂ ਪਹਿਲਾਂ ਜਲ - ਪਾਣੀ ਛੱਕੋ, ਫਿਰ ਜੋ ਹੁਕਮ ਲੈ ਕੇ ਆਏ ਹੋ ਤਖ਼ਤ ਸੱਚਖੰਡ ਦੇ ਵਾਲੀ ਕਲਗੀਧਰ ਤੋਂ। ਹਾਂ ਕੋਈ ਹੋਰ ਸੇਵਾ ਹੋਵੇ ਤਾਂ ਉਸ ਲਈ ਹੁਕਮ ਕਰੋ ?

ਗਿਆਨੀ ਰਾਮ ਸਿੰਘ ਜੀ– ਸੇਵਾ ਤੇ ਹੁਕਮ ! ਮੈਂ ਨਿਮਾਣਾ ਕਿਥੋਂ ਕਰਨ ਜੋਗ ਹਾਂ। ਹੁਕਮ ਤਾਂ ਮਾਲਕ ਹੀ ਕਰੇ ਤੇ ਸੇਵਾ ਭੀ ਉਹ ਹੀ ਆਪਣੀ ਬਖਸ਼ਸ਼ ਨਾਲ ਕਰਾਉਣ, ਪਰ ਇਸ ਯੋਗ ਤਾਂ ਆਪ ਜੀ ਨੂੰ ਹੀ ਦਸਮੇਸ਼ ਤੇ ਜਗਤ ਮਾਤਾ ਜੀ ਨੇ ਬਖਸ਼ਸ਼ਾਂ ਬਖਸ਼ੀਆਂ ਹਨ ਆਪਣੇ ਚੋਜ ਦਰਸਾਣ ਦੇ।

ਪਰ ਜਦ ਆਪ ਜੀ ਪਾਸੋਂ ਚਿੱਕੜ ਗਾਰੇ ਵਾਲੇ ਧੁੰਧਲੇ ਪਾਣੀ ਦੀ ਵਰਤੋਂ ਲੰਗਰ ਵਿਚ ਕਰਦੇ ਹਾਂ। ਸੁਣ ਕੇ ਗਿਆ ਸੀ, ਬੜੀ ਚਿੰਤਾ ਲਗੀ ਹੋਈ ਸੀ, ਤੇ ਆਪ ਜੀ ਦੀ ਕਠਨਾਈ ਨੇ ਦਿਲ ਵਿਚ ਬੜੀ ਵੇਦਨਾ ਖੜੀ ਕਰ ਰੱਖੀ ਹੋਈ ਸੀ ਕਿ ਮਾਤਾ ਜੀ ਦਾ ਲੰਗਰ ਨਦੀ ਦੇ ਧੁੰਧਲੇ ਪਾਣੀ ਨਾਲ ਪਕਾਇਆ ਜਾਂਦਾ ਹੈ।

ਦਿਲ ਵਿਚ ਕਈ ਦਿਨਾਂ ਦੀਆਂ ਸੋਚਾਂ ਸਨ, ਪਰ ਧੰਨ ਕਲਗੀਧਰ ਪਾਤਸ਼ਾਹ, ਤੇ ਜਗਤ ਮਾਤਾ ਜੀ ਆਪ ਤਰੁਠੇ ਤੇ ਉਹਨਾਂ ਹੀ ਦਾਸ ਨੂੰ ਸੁਝਾਉ ਦਿਤਾ ਅਤੇ ਉਹਨਾਂ ਨੇ ਆਪ ਹੀ ਸੰਗਤਾਂ ਨੂੰ ਬਲ ਬਖਸ਼ਿਆ। ਜਿਸ ਕਰ ਕੇ ਬੇਅੰਤ ਮਾਇਆ ਇਕੱਠੀ ਹੋ ਗਈ ਹੈ। ਪਰ ਜਲ ਛੱਕਣ ਤੋਂ ਪਹਿਲਾਂ ਹੁਕਮ ਦੀ ਪਾਲਣਾ ਕਰਨੀ ਜ਼ਰੂਰੀ ਹੈ, ਕਿ ਜਾ ਕੇ 'ਬੰਤੇ' ਖੂਹ ਦਾ ਟੱਪਾ ਪਹਿਲਾਂ ਲੁਆਵੋ ਤਾਂ ਅੰਨ - ਜਲ ਪਾਣ ਕਰਨਾ।

ਬਾਬਾਂ ਜੀ ਕਰੋ ਕਿਰਪਾ, ਥਾਂ ਨੀਯਤ ਕਰ ਕੇ ਟੱਪਾ ਲਾਵੋ ਤਾਂ ਜੋ ਮੈਂ ਸੁਰਖਰੂ ਹੋ ਸਕਾਂ ਅਤੇ ਮੈਂ ਉਤੋਂ ਇਸ ਸੰਗਤ ਦੀ ਇਕੱਤਰ ਕੀਤੀ ਹੋਈ ਮਾਇਆ ਦਾ ਕਰਜ਼ (ਭਾਰ) ਭੀ ਉਤਰ ਜਾਵੇ। ਸੰਗਤਾਂ ਦੀ ਮਾਇਆ ਸਫ਼ਲੀ ਹੁੰਦੀ ਵੇਖ ਕੇ ਅਗੋਂ ਤੋਂ ਸੁੰਦਰ ਜਲ ਬੰਤੇ ਦਾ ਛੱਕਿਆ ਕਰਨ।

ਬਾਬਾ ਜੀ ! ਮੇਰੀ ਆਤਮਾ ਦਾ ਉਤਨਾ ਚਿਰ ਟਿਕਾਓ ਨਹੀਂ, ਜਦ ਤੱਕ ਆਪ ਟੱਪਾ ਨਹੀਂ ਲਾਉਂਦੇ। ਬਾਕੀ ਅੰਹ ਵੇਖੋ ਸਤਿਗੁਰੂ ਜੀ ਦੇ ਪਹਿਰੇਦਾਰ (ਸ਼ਹੀਦ ਸਿੰਘ) ਸਾਨੂੰ ਛੇਤੀ ਕਰਾਵੇ, ਛੇਤੀ ਕਰਾਵੋ ਲਈ ਪ੍ਰੇਰਤ ਕਰ ਰਹੇ ਹਨ। ਬਾਬਾ ਜੀ ਡਰ ਲਗਦਾ ਏ ਕਿ ਕਿਧਰੇ ਕੋਈ ਗੁਸਤਾਖੀ ਨਾ ਹੋ ਜਾਵੇ। ਆਪ ਛੇਤੀ ਕਰੋ ਤਾਂਜੋ ਦਾਸ (ਰਾਮ ਸਿੰਘ) ਸੁਰਖਰੂ ਹੋ ਜਾਵੇ ਅਤੇ ਦਸਮੇਸ਼ ਪਿਤਾ ਜੀ ਦੇ ਹਜ਼ੂਰ ਹਾਜ਼ਰ ਹੋ ਕੇ ਬਖਸ਼ੀ-ਬਖਸ਼ਸ਼ ਤੇ ਹੁਕਮ ਦੀ ਪਾਲਣਾ ਲਈ ਤਖਤ ਹਜ਼ੂਰ ਸੱਚਖੰਡ ਅਰਦਾਸ ਕਰ ਕੇ ਹੁਕਮ ਦੀ ਪਾਲਣਾ ਕਰ ਸਕਾਂ ।

ਕੋਲ ਖੜੀ ਸੰਗਤ ਅਤੇ ਬਾਬਾ ਧਰਮ ਸਿੰਘ ਜੀ ਸਭ ਚਕ੍ਰਿੱਤ [ਹੈਰਾਨ] ਹੋ ਰਹੇ ਸਨ ਅਤੇ ਸਹਿਜੇ ਸਹਿਜੇ ਅੱਧ ਮੀਟੇ ਨੇਤਰ, ਹੱਥ ਜੋੜੀ, ਆਵਾਜ਼ ਆ ਰਹੀ ਹੈ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਧੰਨ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਜੀ। ਇਹ ਕੀ ਅਸਚਰਜ ਕੌਤਕ ਦਰਸਾ ਰਹੇ ਹੋ।

ਬਾਬਾ ਮਿੱਤ ਸਿੰਘ ਜੀ– ਹਾਂ ਇਹ ਭੀ ਤਾਂ ਗੁਰੂ ਕਾ ਲੰਗਰ ਹੈ, ਇਥੋਂ ਜਲ - ਪਾਣੀ ਛੱਕ ਲਵੋ। ਕਿਹੜੀ ਕਾਹਲ ਹੈ। ਜਦ ਤੁਸੀਂ 'ਮਨਸਾ - ਧਾਰ' ਕੇ ਆ ਹੀ ਗਏ ਹੋ, ਤਾਂ ਇਹ ਕਾਰਜ ਜ਼ਰੂਰ ਕਰਨਾ ਹੀ ਹੈ, ਪਰ ਇਸ ਲਈ ਸਾਮਾਨ ਇਕੱਠਾ ਕਰਨ ਵਿਚ ਤਾਂ ਦੇਰੀ ਲਗੇਗੀ ਹੀ, ਇਹ ਸਹਿਜੇ ਦਾ ਕੰਮ ਹੈ, ਹੋ ਜਾਵੇਗਾ ਤੇ ਆਪ ਸਭ ਲੰਗਰ ਤਾਂ ਛੱਕ ਲਵੋ।

ਗਿ: ਰਾਮ ਸਿੰਘ ਜੀ– ਬਾਬਾ ਜੀ ਆਪ ਜਾਣੇ-ਅਣਜਾਣੇ ਬਣੀ ਬੈਠੇ ਹੋ, ਬੱਚਿਆਂ ਨਾਲ ਲਾਡ ਲਡਾਈ ਜਾਂਦੇ ਹੋ। ਤੁਸੀਂ ਕਹਿ ਰਹੇ ਹੋ ਜਲ - ਪਾਣੀ ਛੱਕੋ। ਕੋਈ ਛੱਕਣ ਭੀ ਦੇਵੇ ? ਪਹਿਲਾਂ ਟੱਪਾ ਖੂਹ ਦਾ ਲਾਓ, ਫਿਰ ਜਲ ਪਾਣੀ ਜੋ ਛੱਕਾਓਗੇ, ਛੱਕਾਂਗੇ।

ਐਹ ਲਓ ਮਾਤਾ ਜੀ ਦੀ ਅਮਾਨਤ–ਮਾਇਆ ਦਾਸੀ, ਜੋ ਭਗਤਾਂ ਕੀ ਕਾਰ ਕਮਾਉਂਦੀ ਹੈ ਤੇ ਸਾਨੂੰ ਅਰਦਾਸ ਕਰ ਕੇ ਸੁਰਖਰੂ ਕਰੋ ਅਤੇ ਸਾਡੀ ਗਲਤੀ ਦੀ ਖਿਮਾਂ ਕਰਾ ਦਿਓ।

ਬਾਬਾ ਧਰਮ ਸਿੰਘ ਜੀ–ਇਸੇ ਲਈ ਬਾਬਾ ਜੀ ਕਲ੍ਹ ਤੋਂ ਕਹਿ ਰਹੇ ਸਨ ਕਿ ਕੋਈ ਰਚਨਾ ਰੱਚੀਏ। ਪਤਾ ਨਹੀਂ ਸੀ, ਆਪ ਇਸੇ ਕਰ ਕੇ ਚਾਦਰ ਤਾਣ ਕੇ ਪਏ ਸੀ। ਵਾਹ ਵਾਹ ਚੋਜੀ ਸਤਿਗੁਰੂ ! ਤੂੰ ਬੜਾ ਬੇਅੰਤ ਹੈਂ। ਜੋ ਸੇਵਕਾਂ ਦੀ ਪੀੜਾ ਜਾਨਣਹਾਰ, ਸੁਘੜ ਸਿਆਣੇ - ਵੈਦ ਸਤਿਗੁਰੂ ਜੀ ਤੁਸੀਂ ਧੰਨ ਹੋ। ਆਪ ਆਪਣੇ ਬਿਰਦ ਬਾਣੇ ਦੀ ਆਖਰ ਲਾਜ ਰੱਖ ਲਈ ਜੇ। ੧੦ ਸਾਲ ਹੋ ਗਏ ਨਦੀ ਤੋਂ ਪਾਣੀ ਢੋਂਦਿਆਂ। ਫਿਰ 'ਆਪੇ ਤਰਸ ਪਇਆ 'ਮਿਹਰਾਮਤਿ' ਕਰ ਕੇ ਤਰਸ ਖਾਧਾ ਜੇ। ਤਰੁਠੇ ਹੋ, ਹੇ ਰਚਨਹਾਰ ਅਕਾਲ ਪੁਰਖ ਜੀ, ਆਪ ਨੇ ਸੰਸਾਰ ਰਚਨਾ ਦੀ ਨਿਯਮਾਵਲੀ ਮੁਤਾਬਕ ਇਸ ਅਸਥਾਨ ਦੀ ਪ੍ਰਗਤੀ ਲਈ 'ਜਲ' ਪ੍ਰਦਾਨ ਕਰਨ ਦੀ ਬਖਸ਼ਸ਼ ਬਖਸ਼ੀ ਹੈ। ਸ਼ੁਕਰ ਹੈ !'ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।'

ਸਚ ਸ ਜ ਕੇ ਇਸ ਤੋਂ ਤ੍ਰਿਭਵਣ ਦਾ ਵਿਸਥਾਰ ਕੀਤਾ ਸੀ।

ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ [ਸਿਰੀ ਰਾਗੁ ਮ: ੧ ਪੰਨਾ ੧੯

ਜਲ ਤੋਂ ਹੀ ਉਤਪਤੀ ਦਾ ਸਾਧਨ ਬਣਾ ਕੇ–

oਜਲ ਹੀ ਤੇ ਸਭ ਉਪਜੈ ਬਿਨੁ ਜਲਿ ਪਿਆਸ ਨ ਜਾਏ ॥ [ਸਲੋਕ ਮ: ੩ ਪੰਨਾ ੧੪੧੯

ਇਸੇ ਕਰ ਕੇ ਜਗਤ - ਬਾਬਾ–ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ ਕਿ 'ਪਵਣੁ ਗੁਰੂ ਪਾਣੀ ਪਿਤਾ' ਹਾਂ ਜੀ 'ਪਾਣੀ ਪਿਤਾ ਜਗਤ ਕਾ' ਪਿਤਾ ਪਾਣੀ ਤੇ 'ਮਾਤਾ ਧਰਤਿ ਮਹਤੁ' ਧਰਤੀ ਨੂੰ ਮਾਂ ਦਾ ਦਰਜਾ ਦੇ ਕੇ ਜਗਤ ਰਚਨਾ ਰੱਚੀ ਸੀ।

---

o ਜਲ– ਜਲ ਨੂੰ ਹਰ ਧਰਮ ਪ੍ਰਮੁਖ ਮੰਨਦਾ ਹੈ। ਹਰ ਕਾਰਜ-ਸਿੱਧੀ ਲਈ, ਪਵਿਤਰਤਾ ਲਈ ਅੱਧੇ ਨੂੰ ਜਾਂ ਕਪੜੇ ਸਾਫ ਕਰਨ ਲਈ, ਸ਼ਹਿਰਾਂ ਪਿੰਡਾਂ ਦੇ ਗੰਦੇ ਨਾਲਿਆਂ ਨੂੰ ਸਾਫ ਕਰਨ ਲਈ ਭੀ ਜਲ ਨੂੰ ਹੀ ਵਰਤਿਆ ਜਾਂਦਾ ਹੈ। ਅਤੇ ਇਸ ਦੇ ਬਿਨਾਂ ਜੀਵ ਦੀ ਨਾ ਤਾਂ ਪਵਿਤਰਤਾ ਹੁੰਦੀ ਹੈ ਤੇ ਨਾ ਹੀ ਉਪਜੀਵਕਾ।

ਪੁਰਾਤਨ ਸੰਪ੍ਰਦਾਇ ਇਸ ਨੂੰ ਪਿਤਾ ਜਾਣ ਕੇ ਹੀ ਹਰ ਸ਼ੁਭ ਅਵਸਰ ਤੇ ਜਿਹਾ ਕਿ ਜੱਪ, ਤੱਪ, ਛੱਜ ਹੋਮ ਆਦਿ ਤੇ ਤੰਤੀ ਲੋਕ ਭੀ ਜਲ ਕੰਢੇ ਜਾਂ ਜਲ ਕੋਲ ਰੱਖ ਕੇ ਜੰਤਰਾਂ ਮੰਤਰਾਂ ਦੀ ਸਿੱਧੀ ਕਰਿਆ ਕਰਦੇ ਹਨ। ਇਸੇ ਤਰ੍ਹਾਂ ਆਤਮ ਗਿਆਨ ਦੀ ਪ੍ਰਾਪਤੀ ਕਰਨ ਵਾਲੇ ਭੀ ਜਲ ਕਿਨਾਰਾ ਭਾਲ ਕੇ ਹੀ ਤੱਪ ਕਰਦੇ ਹਨ।

ਗੁਰੂ ਕਲਗੀਧਰ ਜੀ ਨੇ ਸਤਿਜੁਗ ਵਿਚ ਗੁਦਾਵਰੀ ਨਦੀ, ਤ੍ਰੇਤੇ ਜੁਗ ਵਿਚ ਗੰਗਾ ਨਦੀ ਦੇ ਕੰਢੇ, ਦੁਆਪਰ ਜੁੱਗ ਵਿਚ ਸਤੱਦ੍ਰਵ (ਸਤਿਲੁਜ ਦੇ ਕੰਢੇ) ਅਤੇ ਕਲਜੁੱਗ ਵਿਚ ਹੇਮਕੁੰਟ ਝੀਲ ਤੇ ਤੱਪ ਕੀਤਾ। ਇਸੇ ਰੀਤ ਅਨੁਸਾਰ ਸਿੱਖ ਮਤਿ ਵਿਚ ਕੁਝ ਪੁਰਾਤਨ ਸੰਪ੍ਰਦਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਪਾਠ (ਅਖੰਡ ਜਾਂ ਸਹਿਜ ਪਾਠ) ਸਮੇਂ ਕੁੰਭ ਰੱਖਦੇ ਹਨ। ਪਰ ਅਜੋਕਾ ਸਮਾਂ 'ਗੁਰ ਪੀਰ ਭੂਲ ਨਹੀ ਮਾਨ ਹੈ' ਗੁਰਵਾਕ ਦੀ ਠੀਕ ਪੁਸ਼ਟੀ ਕਰ ਰਿਹਾ ਹੈ ਤੇ ਜਲ 'ਕੁੰਭ' ਨੂੰ ਪੰਡਤਵਾਦ ਕਹਿ ਕੇ ਗੁਰਮਤਿ ਦੀ ਨਿਯਮਾਵਲੀ ਵਿਚੋਂ ਛੇਕ ਦਿਤਾ ਗਿਆ ਹੋਇਆ ਹੈ।

ਇਸੇ ਤਰ੍ਹਾਂ ਜੋਤਿ ਦਾ ਹੈ। ਇਹ ਹੋਰ ਪ੍ਰਕਰਣ ਵਿਚ ਪੜ੍ਹਨਾ। ਪਰ ਜਲ ਦੀ ਇਤਨੀ ਮਹੱਤਤਾ ਹੈ ਕਿ ਕੁਦਰਤੇ ਕਾਨੂੰਨ ਵਲੋਂ ਪਿਤਾ ਦਾ ਸਨਮਾਨ। ਫਿਰ ਗੁਰੂ ਕਲਗੀਧਰ ਪਾਤਸ਼ਾਹ ਜੀ ਤਾਂ ਪਾਣੀ ਪਿਤਾ ਜਗਤ ਦਾ ਕਹਿ ਕੇ ਕੇਡਾ ਸਨਮਾਨ ਤੇ ਸਤਿਕਾਰ ਕਰਦਿਆਂ 'ਅੰਮ੍ਰਿਤ' ਤਿਆਰ ਇਸੇ ਜਲ ਤੋਂ ਕੀਤਾ, ਅਤੇ ਪੰਜ ਬਾਣੀਆਂ ਪੜ੍ਹ ਕੇ ਅਜਿਹੀ ਸ਼ਕਤੀ ਪੈਦਾ ਕਰ ਦਿਤੀ ਕਿ 'ਸਵਾ ਲਾਖ ਸੇ ਏਕ ਲੜਾਊਂ' ਦਾ ਮਹਾਂਵਾਕ ਕਥਨੀ ਨਹੀਂ ? ਸਗੋਂ ਕਰਨੀ ਵਿਚ ਵਿਖਾ ਕੇ ਸੰਸਾਰ ਨੂੰ ਚਕ੍ਰਿੱਤ ਕਰ ਦਿਤਾ। ਪਰ ਅਫਸੋਸ ! ਇਹ ਹਨੇਰਾ ਕਦ ਦੂਰ ਹੋਵੇਗਾ ? ਕਦੋਂ ਅਸੀਂ ਸੱਚ, ਹੁਕਮ, ਗੁਰਬਾਣੀ ਨੂੰ ਸੁਨਣ, ਮੰਨਣ ਅਤੇ ਹੁਕਮਾਂ ਦੀ ਪਾਲਣਾ ਕਰਾਂਗੇ ?

ਜਲ--ਜਿਸ ਨੂੰ ਈਸ਼ੂਰ ਨੇ ਸ੍ਰਿਸ਼ਟੀ ਸਾਜਣ ਤੋਂ ਪਹਿਲਾਂ (ਪਉਣ ਤੋਂ ਪਾਣੀ, ਤੇ ਪਾਣੀ ਤੋਂ ☞

ਇਹਨਾਂ ਦਰਗਾਹੀ ਨਿਯਮਾਂ ਅਨੁਸਾਰ ਹੀ ਬਾਬਾ ਜੀ ਨੇ ਇਸ ਅਸਥਾਨ ਦੀ ਪਰਗਤੀ ਦਾ ਮੂਲ ਮੁੱਢ–ਜਲ (ਬੌੜਾ-ਖੂਹ] ਲਗਣਾ ਭਾਸ ਰਿਹਾ ਸੀ ਕਿ–

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੈ ਜਿਨ ਹਰਿ ਕਾ ਨਾਮੁ ਪਿਆਰਾ ।। [ਸੋਰਠਿ ਮ: ੩ ਪੰਨਾ ੬੩੮

ਅਚਿੰਤੇ ਹੀ ਸਾਰੇ ਕਾਰਜ–ਲੋਹ, ਲੰਗਰ, ਦੇਗ (ਦੇਗ ਤੇਗ ਜਲ ਮਹਿ ਦੋਊ ਚਲੈ) ਦਾ ਫੁਰਮਾਨ ਹੋਂਦੇ ਹੀ ਸਿੱਧ ਹੋ ਆਵਣ ਦਾ ਸਮਾਂ ਆ ਗਿਆ ਹੈ। ਜਦੋਂ– ਹਰਿ ਪੁੰਨ ਬੀਜੈ ਦੀ ਤੋਟਿ ਨਹੀਂ ਆਵਈ। ਕਿਸੇ ਚੀਜ਼ ਦੀ ਤੋਟ ਹੀ ਨਹੀਂ ਆਵੇਗੀ।

ਜਨ ਨਾਨਕ ਹਰਿ ਪੁੰਨੁ ਬੀਜਿਆ, ਫਿਰਿ ਤੋਟਿ ਨ ਆਵੈ ਹਰਿ ਪੁੰਨਿ ਕੇਰੀ ।। ੩ ।।

[ਆਸਾ ਛੰਤ ਮ: ੪, ਪੰਨਾ ੪੩੧

ਗਿਆਨੀ ਰਾਮ ਸਿੰਘ– ਬਾਬਾ ਜੀ ਕਰੋ ਤਿਆਰੇ, ਟੱਪੇ ਲਾਣ ਦੇ, ਤਾਂ ਜੋ ਇਹ ਕਾਰਜ ਜੋ ਗੁਰੂ ਬਖਸ਼ਸ਼ ਦੁਆਰਾ ਸੰਗਤਾਂ ਵਿਚ ਉਤਸ਼ਾਹ ਭਰਿਆ ਹੈ, ਸ਼ੁਰੂਆਤ ਕੀਤੀ ਜਾਵੇ। ਚਲੋ ਗੁਰੂ ਹਜ਼ੂਰ ਅਰਦਾਸ ਕਰੋ ਇਸ ਕਾਰਜ ਦੇ ਲਈ।

ਬਾਬਾ ਮਿੱਤ ਸਿੰਘ ਜੀ– ਚੁੱਪ ਚਾਪ ਨੈਣ ਮੁੰਦੇ, ਹੱਥ ਜੋੜੀ ਚੇਹਰੇ ਦੀ ਨੂਰੀ ਰੰਗਤ ਵਿਚ ਖੜੇ, ਧੰਨ ਗੁਰੂ ਕਲਗੀਧਰ ਜੀ, ਧੰਨ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਜੀ ਦਾ ਸ਼ੁਕਰਾਨਾ ਕਰ ਰਹੇ ਸਨ। ਅਚਾਣਕ ਨੈਣ ਖੁਲ੍ਹੇ, ਜਿਵੇਂ ਟੱਪਾ ਲਾਉਣ ਦੀ ਥਾਂਉਂ ਤੇ ਟੱਪਾ ਲਾਉਣ ਦਾ ਹੁਕਮ ਮਾਲਕ ਵਲੋਂ

☜ ਤ੍ਰੈਭਵਣ ਸਾਜਣ ਕੀਤੇ ਹਨ। ਉਸ 'ਪਾਣੀ ਪਿਤਾ' ਅਤੇ ਇਸ ਨੂੰ ਪਵਿਤ੍ਰ ਸ਼ਕਤਿ ਸਮਝ ਕੇ ਪਾਠਾਂ ਵਿਚ ਕਦੋਂ ਪ੍ਰਯੋਗ ਕਰਨ ਦਾ ਦ੍ਰਿੜ ਸੰਕਲਪ ਧਾਰਨ ਕਰਾਂਗੇ। ਤਾਂ ਜੋ ਵਿੱਧੀ ਸਹਿਤ ਪਾਠ ਕਰਨ ਦਾ ਪੂਰਨ ਭਾਗ ਪ੍ਰਾਪਤ ਹੋ ਸਕੇ।

ਜਨਮ ਤੋਂ ਮਰਨ ਤੱਕ ਸਾਡੇ ਹਰ ਕਾਰਜ ਜਲ ਬਿਨਾਂ ਨਹੀਂ ਸਰਦੇ।

ਮੁਇਆ ਜੀਵਦਿਆ ਗਤਿ ਹੋਵੈ, ਜਾਂ ਸਿਰਿ ਪਾਈਐ ਪਾਣੀ ।। [ਸਲੋਕ ਮ: ੧ ਪੰ:੧੫੦

ਪਾਣੀ ਬਿਨਾਂ ਨਾ ਗਤੀ ਹੈ, ਨਾ ਸਾਡੀ ਉਪਜੀਵਕਾ। ਇਸੇ ਤਰ੍ਹਾਂ ਪਾਠ, ਪੂਜਾ ਦੀ ਵਿਧੀ ਸਹਿਤ ਸਿੱਧੀ ਦਾ ਭਾਵ ਕਿਵੇਂ ਪ੍ਰਾਪਤ ਹੋ ਸਕੇਗਾ ? ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਮਹਾਨ ਪਰਉਪਕਾਰ ਕਰ ਕੇ ਦਰਸਾਇਆ ਹੈ, ਜੋ ਸਰੋਵਰ ਦੀ ਅਸਥਾਪਨਾ ਕਰ ਕੇ ਨਿਰਮਲ ਜਲ ਵਿਚ ਹਰਿਮੰਦਰ ਦੀ ਰਚਨਾ ਰੱਚੀ। ਇਸ ਵਿਚ ਦਰਗਾਹੀ ਬਾਣੀ ਦਾ ਪ੍ਰਕਾਸ਼ ਕਰ ਕੇ, ਹਰ ਵਕਤ ਗੁਰਬਾਣੀ ਪੜ੍ਹਣ ਸੁਨਣ ਨਾਲ ਹੀ ਇਸੇ ਨਿਰਮਲ ਜਲ ਵਿਚ ਬਾਣੀ ਨੇ ਬਦਲ ਕੇ 'ਅੰਮ੍ਰਿਤ ਜਲ' 'ਅੰਮ੍ਰਿਤ ਸਰੋਵਰ' ਨਾਮ ਨਾਲ ਉਚਾਰਨ ਹੋਣ ਲੱਗਾ। ਜਲ ਤੋਂ ਸ਼ਬਦ ਦੀ ਸ਼ਕਤਿ ਕਰ ਕੇ ਅੰਮ੍ਰਿਤ ਬਣ ਗਿਆ ਅਤੇ ਸ਼ਰਧਾਲੂਆਂ ਦੇ ਦੁਖ ਦੂਰ ਕਰਨ ਲਈ ਦੁਖ - ਭੰਜਨ 'ਔਸ਼ਧੀ' ਬਣ ਗਿਆ। ਤਾਂਹੀ ਤੇ ਦਰਗਾਹੀ ਬਾਣੀ ਵਿਚ ਇਸੇ ਜਲ ਅੰਮ੍ਰਿਤ ਸਰੋਵਰ ਦੀ ਮਹਾਨਤਾ ਦਾ ਇਉਂ ਫੁਰਮਾਨ ਕੀਤਾ ਗਿਆ ਹੈ–

ਰਾਮਦਾਸ ਸਰੋਵਰਿ ਨਾਤੇ ।। ਸਭਿ ਉਤਰੇ ਪਾਪ ਕਮਾਤੇ ।। [ਸੋਰਠਿ ਮ: ੫–੬੨੫

ਮਿਲ ਗਿਆ ਹੋਵੇ, ਫਿਰ ਉਹਨਾਂ ਬਚਨ ਕੀਤਾ–

ਬਾਬਾ ਧਰਮ ਸਿੰਘ ਜੀ ! ਤੁਸੀਂ ਸ਼ਹੀਦੀ ਦੇਗਾਂ ਦਾ ਰਗੜਾ ਲਾਵੋ, ਅਸੀਂ ਕੜਾਹ ਪ੍ਰਸਾਦਿ ਦੀ ਦੇਗ ਸਜਾਂਦੇ ਹਾਂ। ਬਾਕੀ ਸੰਗਤ ਗਿਆਨੀ ਜੀ ਨਾਲ ਗੁਰੂ - ਹਜ਼ੂਰ ਬੈਠ ਕੇ ਹਰਿ ਜੱਸ, ਕੀਰਤਨ ਕਰਨ ਲਗ ਜਾਵਣ। ਅਰਦਾਸ ਕਰਕੇ ਅਤੇ ਹੁਕਮ ਲੈ ਕੇ ਕਾਰਜ ਸ਼ੁਰੂ ਕਰਨਾ ਹੋਵੇਗਾ।

ਕੜਾਹ ਪ੍ਰਸ਼ਾਦਿ ਅਤੇ ਸ਼ਹੀਦੀ* ਦੇਗਾਂ ਸਜਾ ਕੇ ਬਾਬਾ ਜੀ ਗੁਰੂ ਹਜ਼ੂਰ ਪਹੁੰਚ ਗਏ। ਅਨੰਦ ਸਾਹਿਬ ਅਤੇ ਮੁੰਦਾਵਣੀ ਦਾ ਪਾਠ ਕਰ ਕੇ, ਬਾਬਾ ਜੀ ਨੇ ਗੁਰੂ ਹਜ਼ੂਰ ਸਨਮੁੱਖ ਹੋ ਕੇ ਅਰਦਾਸ ਕੀਤੀ–

'ਹੇ ਜਗਤ ਮਾਤਾ ਜੀ ! ਜੋ ਆਪ ਜੀ ਨੇ ਅਪਾਰ ਕਿਰਪਾ ਕਰ ਕੇ ਆਪਣੀ ਸਾਧ ਸੰਗਤ ਨੂੰ ਬਲ ਉੱਦਮ ਬਖਸ਼ਿਆ ਨਿਰਮਲ ਜਲ ਲਈ ਖੂਹ ਲਾਣ ਲਈ ਟੱਪਾ ਲਾਉਣ ਦਾ ਹੁਕਮ ਬਖਸ਼ੋ। ਅਤੇ ਇਸ ਕਾਰਜ ਵਿਚ ਆਪ ਸਾਖੀ ਹੋ ਕੇ ਸੰਪੂਰਨ ਕਰਵਾਉਣਾ। ਆਈ ਸੰਗਤ ਦੀ ਹਾਜ਼ਰੀ ਤੇ ਇਸ ਕੰਮ ਲਈ ਇਕੱਤਰ ਕੀਤੀ ਮਾਇਆ ਦਰ ਪ੍ਰਵਾਨ ਕਰਨੀ। ਨਾਨਕ ਨਾਮੁ ਚੜ੍ਹਦੀ ਕਲਾ.....।

ਸਭ ਨੇ ਨਮਸ਼ਕਾਰ ਕਰ ਕੇ ਖੁਸ਼ੀਆਂ ਦੇ ਜੈਕਾਰੇ ਗਜਾਏ। ਆਦਿ ਅਤੇ ਦਸਮ ਸਰੂਪ ਦੇ ਹੁਕਮਨਾਮੇ ਲੈ ਕੇ ਮਰਯਾਦਾ ਨਾਲ ਦੇਗਾਂ ਦਾ ਭੋਗ ਲੁਆਇਆ ਗਿਆ। ਸਤਿਗੁਰਾਂ ਦੇ ਆਦਿ - ਦਸਮ ਸਰੂਪਾਂ ਦੇ ਅਤੇ ਮਾਤਾ ਜੀ ਦੇ ਅਸਥਾਨ ਤੇ ਤਿੰਨ ਬਾਟਿਆਂ ਵਿਚ ਵਰਤਾਰਾ ਕੱਢਿਆ ਪੰਜਾਂ ਪਿਆਰਿਆਂ ਦਾ, ਅਤੇ

---

* ਸੱਚਖੰਡ ਸ੍ਰੀ ਹਜ਼ੂਰ ਸਾਹਿਬ 'ਚ ਦੋ ਵਡੇ ਕੜਾਹੇ, ਜਿਹਨਾਂ ਨੂੰ 'ਸਾਉਣ ਤੇ ਭਾਦਰੋਂ' ਨਾਮ ਨਾਲ ਪੁਕਾਰਿਆ ਜਾਂਦਾ ਹੈ (ਜਿਨ੍ਹਾਂ ਦੇ ਦਾਸ ਨੇ ਦਰਸ਼ਨ ਕੀਤੇ ਹਨ, ਸ਼ਹੀਦਾਂ ਬਾਰੇ ਪਿਛੇ ਨੋਟ ਲਿਖਿਆ ਜਾ ਚੁੱਕਾ ਹੈ।

ਸ਼ਹੀਦੀ ਦੇਗ–ਸ਼ਹੀਦਾਂ ਦੇ ਪੁਰਬ ਤੇ ਤਿਆਰ ਹੋਈ ਦੇਗ, ਸ਼ਹੀਦਾਂ ਦੀ ਯਾਦ ਵਿਚ ਕੀਤਾ ਜੱਗ (ਨਿਹੰਗ ਸਿੰਘਾਂ ਦੇ ਸੰਕੇਤ ਵਿਚ ਮਿੱਠੀ ਸੁੱਖੇ ਦੀ ਦੇਗ)। [ਮਹਾਨ ਕੋਸ਼, ਭਾਈ ਕਾਹਨ ਸਿੰਘ ਜੀ

ਭਾਵੇਂ ਲੇਖਕ ਕੁਝ ਭੀ ਲਿਖਣ, ਪਰੰਤੂ ਇਸ ਅਸਲੀਅਤ ਤਕ ਪਹੁੰਚਣਾ ਕਿਸੇ ਵਿਰਲੇ ਦੀ ਖੋਜ ਦਾ ਵਿਸ਼ਾ ਹੈ। ਆਮ ਲੋਕ 'ਨਿਹੰਗ ਸਿੰਘਾਂ' ਨੂੰ ਬਿਨਾਂ ਸੋਚੇ ਸਮਝੇ ਇਹ ਫਤਵਾ ਦੇਣ ਤੋਂ ਭੀ ਨਹੀਂ ਸੰਕੋਚਦੇ, ਕਿ ਇਹ ਨਿਰੇ ਸੁੱਖੇ ਪੀਣੇ ਹਨ ? ਇਹ ਸੁੱਖਾ ਕਿਉਂ ਪੀਂਦੇ ਹਨ ? ਉਹ ਇਸ ਕਾਰਨ ਨੂੰ ਖੋਜਣ ਦੀ ਬਜਾਇ ਬਿਨਾਂ ਖੋਜ ਪੜਤਾਲ ਕੀਤੇ ਦੂਸ਼ਨ ਲਾ ਦੇਂਦੇ ਹਨ। ਪਰ ਅਸਾਂ ਕਦੀ ਜੇ ਆਪਣੇ ਪੁਰਾਤਨ ਵਿਰਸੇ ਵਲ ਝਾਤ ਮਾਰੀ ਹੋਵੇ, ਤਾਂ ਪਤਾ ਲੱਗ ਜਾਵੇਗਾ ਕਿ ਇਹ ਸੁੱਖਾ ਪੀਣੇ ਕੌਣ ਸਨ। ਅੱਜ ਅਸੀਂ ਐਸ਼ - ਇਸ਼ਰਤ (ਸੁੱਖਾਂ) ਵਿਚ ਪੈ ਕੇ, ਵੱਡ - ਵੱਡੇਰਿਆਂ ਦੇ ਕੀਤੇ ਹੱਠ ਤੱਪ ਅਤੇ ਅਨੇਕਾਂ ਮੁਸ਼ਕਲਾਂ ਭੀੜਾਂ ਵਿਚ ਭੀ ਘੋੜਿਆਂ ਦੀਆਂ ਕਾਠੀਆਂ ਤੇ ਹੀ ਸੌਂ ਜਾਣਾ [ਕੁਝ ਆਰਾਮ ਕਰ ਲੈਣਾ] ਦਰਖਤਾਂ ਦੇ ਪੱਤੇ ਖਾ ਕੇ ਗੁਜ਼ਾਰਾ ਕਰਨਾ। ਕਈ ਕਈ ਦਿਨ ਭੁੱਖੇ (ਕੜਾਕੇ ਕੱਟਣੇ) ਦਿਨ ਗੁਜ਼ਾਰਨੇ। ਭਾਵੇਂ ਸ਼ਬਦ ਦੀ ਸ਼ਕਤੀ ਦਾ ਤਾ ਬੇਸ਼ਕ ਬਹੁਤ ਸਹਾਰਾ ਸੀ, ਪਰ ਸ਼ਰੀਰਕ ਸ਼ਕਤੀ ਲਈ ਅੰਨ ਜ਼ਰੂਰੀ ਹੁੰਦਾ ਹੈ। ਪਰ ਉਹ ਮੁਸੀਬਤਾਂ ਭਰੇ ਮਾਹੌਲ ਵਿਚ ਸ਼ਾਇਦ ਹੀ ਅੰਨ ਉਪਲੱਭਤ ਹੁੰਦਾ ਸੀ। ਇਸ ਕਰਕੇ ਪੁਰਾਤਨ ਸਿੰਘ ਸੁੱਖ ਨਿਧਾਨ ਦੀ ਮੌਜ ਵਿਚ ਮਸਤ ਅਤੇ ਪ੍ਰਭੂ ਨਾਲ ਲਿਵ ਜੋੜੀ, ਕਈ ਕਈ ਦਿਨ ਭੁੱਖੇ ਹੀ ਗੁਜ਼ਰਾਨ ਕਰ ਲੈਂਦੇ ਸਨ। ਭੁੱਖ ਤਿੱਖ ਨੂੰ ਸ਼ਾਂਤ ਕਰਨ ਦੀ ਇੱਛਾ ਹੀ ਨਾ ਉਪਜਦੀ। ਇਸ ਤਰ੍ਹਾਂ 'ਗੁਰੂ ਪੰਥ' ☞

ਜਲ 'ਪਾਣੀ ਪਿਤਾ' ਦਾ ਵਰਤਾਰਾ, ਦੇਗਾਂ ਦਾ ਕੱਢ ਕੇ ਜਿਥੇ ਖੂਹ ਦਾ ਟੱਪਾ ਲਾਉਣਾ ਸੀ (ਜੋ ਟੀਨਾਂ ਦੇ ਛੱਪਰ, ਪ੍ਰਕਾਸ਼ ਅਸਥਾਨ ਤੋਂ ਸਾਹਮਣੇ ਕੁਝ ਦੂਰੀ ਤੇ ਪਹਾੜ ਬਾਹੀ) ਉਸ ਵਕਤ ਲੰਗਰ ਤੋਂ ਕੁਝ ਦੂਰੀ ਤੇ ਸੰਗਤ ਸਹਿਤ ਬਾਬਾ ਜੀ ਜਾ ਖਲੋਤੇ, ਕੜਾਹ ਪ੍ਰਸ਼ਾਦਿ ਤੇ ਸ਼ਹੀਦੀ ਦੇਗਾਂ ਰੱਖਵਾ ਕੇ ਬਾਬਾ ਜੀ ਨੇ ਆਪਣੀਂ ਹੱਥੀਂ ਪਹਿਲਾਂ ਟੱਪਾ ਲਾਇਆ। ਇਸ ਤਰ੍ਹਾਂ ਬਾਬਾ ਧਰਮ ਸਿੰਘ ਜੀ, ਗਿਆਨੀ ਰਾਮ ਸਿੰਘ ਜੀ ਆਦਿ ਪੰਜਾਂ ਸਿੰਘਾਂ ਨੇ ਟੱਪੇ ਲਾ ਕੇ ਇਸ ਮਹਾਨ ਕਾਰਜ 'ਖੂਹ ਦੀ ਸੇਵਾ' ਦਾ ਆਰੰਭ ਕਰ ਦਿਤਾ।

☞ ਖਾਲਸਾ ਦੀ ਸ਼ਬਦ ਸ਼ਕਤਿ ਨੂੰ ਬਰਕਰਾਰ ਰੱਖਦਿਆਂ ਹੋਇਆਂ ਅਬਦਾਲੀ, ਮੀਰ ਮੰ-ਨੂੰ ਤੇ ਵਜ਼ੀਦੇ ਜਿਹੇ ਆਕੜ ਖ਼ਾਨਾਂ ਨੂੰ ਅਜਿਹੇ ਚਣੇ ਚਬਾਏ ਕਿ ਉਹ ਆਪ ਤਾਂ ਕੀ, ਸਗੋਂ ਆਪਣੀ ਉੱਮਤ ਨੂੰ ਭੀ ਸਦਾ ਲਈ ਵਰਜਿਤ ਕਰ ਗਏ ਕਿ ਸਿੰਘਾਂ ਨਾਲ ਪੰਗਾ ਨਾ ਲੈਣਾ। ਇਹ ਬੜਾ ਮਹਿੰਗਾ ਪੈਂਦਾ ਏ। ਇਹ ਤੁਰਤ ਪੈਰ ਤੇ ਹੀ ਅਸਲ ਨਾਲ ਬਿਆਜ ਵੀ ਮੁੜਵਾ ਲੈਂਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਲੈ ਕੇ ਬੰਦਾ ਬਹਾਦਰ, ਤੱਤ ਖਾਲਸਾ, ਦੋਵੇਂ ਘਲੂਘਾਰੇ ਮੁੱਦਕੀ ਅਤੇ ਫੇਰੂ ਸ਼ਾਹ ਦੇ ਮੈਦਾਨਾਂ ਦੀ ਜੰਗ ਜੋ ਸਿੰਘਾਂ ਦੇ ਕਾਰਨਾਮਿਆਂ ਦੀਆਂ ਮੂੰਹ ਬੋਲਦੀਆ ਦਾਸਤਾਨਾ ਹਨ–ਅੱਜ ਭੀ ਫ਼ਖਰੇ - ਕੌਮ ਬਣੀਆਂ ਹੋਈਆਂ ਹਨ। ਕੌਣ ਸਨ ਉਹ ਸਿੰਘ ? ਇਤਿਹਾਸ ਚੁੱਪ ਹੈ। ਸਮੇਂ ਦੇ ਉਹਨਾਂ ਬਹਾਦਰ ਸੂਰਬੀਰਾਂ ਦੀਆਂ ਗਾਥਾਵਾਂ ਹੋਰ ਲੇਖਾਂ ਨਾਲ ਜੋੜ ਕੇ ਆਪਣੇ ਫਰਜ਼ਾਂ ਦੀ ਹੀ ਪੂਰਤੀ ਨਹੀਂ ਕੀਤੀ। ਕਿਉਂਕਿ ਸਮੇਂ ਦੇ ਲਿਖਾਰੀ ਹਮੇਸ਼ਾ ਹੀ ਜੋ ਸਰਪ੍ਰਸਤੀ ਕਰਦਾ ਹੈ ਉਸਦੇ ਇਸ਼ਾਰੇ ਤੇ ਹੀ ਬੋਲੀ ਬੋਲਦੇ (ਕਲਮ ਚਲਾਉਂਦੇ) ਹਨ।

ਪਰ ਹਕੀਕਤ ਕੁਝ ਹੋਰ ਸੀ। ਜੇ ਸਿੰਘ ਉਸ ਵਕਤ ਦੇਗਾਂ ਨਾ ਛੱਕਦੇ ਤਾਂ ਕਿਤਨੇ ਕਿਤਨੇ ਦਿਨ ਕੜਾਕੇ ਕਿਵੇਂ ਕਿਸ ਦੇ ਸਹਾਰੇ ਕੱਟਦੇ। ਅੱਜ ਵਾਂਗ ਨਹੀਂ,ਕਿ ਛੱਕਿਆ ਤਾਂ ਅੰਮ੍ਰਿਤ ਹੈ ? ਪਰ ਦੇਵਤਿਆਂ ਦਾ ਖਾਜ ਛੱਡ ਕੇ, ਦੈਂਤਾਂ ਦਾ ਖਾਜ, ਅਹਾਜ ਸੁਰਾ - ਪਾਨ ਮੱਦ (ਸ਼ਰਾਬ) ਅਤੇ 'ਭੱਖ ਅਭੱਖ ਸਭ ਖਾਏ' ਖਾਈ ਜਾਂਦੇ ਹਨ।

ਮਾਰਾਂ ਮਾਰੀਆਂ ਸ਼ੇਰਾਂ ਦੀਆਂ, ਗਿੱਦੜ ਖਾਈ ਜਾਂਦੇ ਹਨ। ਅਨੇਕਾਂ ਮਹਾਂ ਪੁਰਸ਼ਾਂ ਨਿਹੰਗ ਸਿੰਘਾਂ [ਜਿਹਨਾਂ ਨੂੰ ਸੁੱਖੇ ਪੀਣੇ ਕਿਹਾ ਜਾਂਦਾ ਹੈ] ਪੰਥ ਵਿਚ ਹੋਏ ਹਨ, ਜੋ ਹੱਠੀ, ਤੱਪੀ ਤੇ ਦੇਗ ਤੇਗ ਦੇ ਧਨੀ ਹੋਇ ਹਨ–ਬਾਬਾ ਫੂਲਾ ਸਿੰਘ ਜੀ ਕੌਣ ਸਨ ? ਗੁ: ਪਾਤਸ਼ਾਹੀ ੬, ਸੁਧਾਰ ਦੇ ਪ੍ਰਗਟਾਉਣ ਸਕੂਲ, ਕਾਲਜ ਤੇ ਹਲਵਾਰਾ ਹਵਾਈ ਅੱਡੇ ਦੇ ਨਿਰਮਾਤਾ ਭਾਈ ਸ਼ਮਸ਼ੇਰ ਸਿੰਘ ਜੀ ਨਿਹੰਗ ਸਿੰਘ ਰਾਏ ਕੋਟ ਦੇ ਸਨ। ਜਿਹਨਾਂ ਦੀ ਯਾਦ ਵਿਚ ਕਾਲਜ ਵਿਚ ਬਣਿਆ ਨਿਹੰਗ ਸ਼ਮਸ਼ੇਰ ਸਿੰਘ ਹਾਲ ਸਾਖ ਭਰ ਰਿਹਾ ਹੈ। ਲੇਖ ਵੱਡਾ ਹੋ ਜਾਣ ਕਾਰਨ ਹੋਰ ਨਹੀਂ ਲਿਖਿਆ ਜਾ ਸਕਦਾ।

ਹਾਂ, ਝਾਤ ਮਾਰੋ ਬਾਬਾ ਮਿੱਤ ਸਿੰਘ ਜੀ ਤੇ ਬਾਬਾ ਧਰਮ ਸਿੰਘ ਜੀ ਦੀ ਜੀਵਨੀ ਤੇ ਇਹਨਾਂ ਦੀ ਘਾਲ ਕਮਾਈ ਦੀ ਕਠੋਰ ਘਾਲਣਾ। ਅੱਜ ਸੁੰਦਰ ਮੰਦਰ, ਦੇਗ ਲੰਗਰ, ਜਗਤ ਮਾਤਾ–ਮਾਤਾ ਸਾਹਿਬ ਕੌਰ ਜੀ ਦੇ ਅਸਥਾਨ ਤੇ ਸਾਖ ਭਰ ਰਹੇ ਹਨ, ਇਹ ਭੀ ਨਿਹੰਗ ਸਿੰਘ ਹੀ ਸਨ।

ਇਹ ਟੱਪਾ ਸੰਨ ੧੯੨੮ ਵਿਚ ਬਾਬਾ ਜੀ ਨੇ ਲਾਇਆ ਸੀ। ਜੋ ਅੱਜ ਤੱਕ ਉਹੀ ਖੂਹਾ ਮੰਜੂਦ ਹੈ। ਪਹਿਲਾਂ ਇਸ ਖੂਹੇ ਵਿਚੋਂ ਚੱਕਲੀ - ਲੱਜ ਨਾਲ ਪਾਣੀ ਕੱਢੀਦਾ ਸੀ, ਹੁਣ ਬਿਜਲੀ ਆਵਣ ਤੇ ਮੋਟਰ ਲੱਗੀ ਹੋਈ ਹੈ।

ਬਸ ਸੰਗਤਾਂ ਵਿਚ ਇਕ ਦਮ ਸੇਵਾ ਦੇ ਚਾਓ ਨੇ ਅਜਿਹਾ ਠਾਠਾਂ ਮਾਰਦਾ ਪਿਆਰ ਉਛਾਲੇ ਮਾਰ ਉਠਿਆ!ਕਿ ਦਿਨ ਰਾਤ ਇਕ ਕਰ ਕੇ ਖੂਹ ਦਾ ਪਾੜ ਪੁਟਿਆ ਗਿਆ।

ਪੱਥਰ, ਚੂਨਾ, ਸੀਮਿੰਟ ਆਦਿ ਸਭ ਚੀਜ਼ਾਂ ਆ ਗਈਆਂ। ਰਾਜ ਤੇ ਸੇਵਾਦਾਰ ਵੀ ਆ ਗਏ। ਵਾਰੀ ਨਾ ਆਵੇ। ਬਸ 'ਅਚਿੰਤੇ ਕੰਮ' ਤਾਂ ਹੀ ਪਤਾ ਲੱਗਾ, ਜੋ ਦਿਨਾਂ ਵਿਚ ਖੂਹਾ* ਤਿਆਰ ਹੋ ਗਿਆ। ਇਸੇ ਤਰ੍ਹਾਂ ਇਕ ਖੂਹਾ ਪੁਜਾਰੀ ਬੁੰਗੇ–ਨਗੀਨਾ ਘਾਟ ਪਾਸ ਗਿਆਨੀ ਰਾਮ ਸਿੰਘ ਜੀ ਨੇ ਲੁਵਾਇਆ ਜਿਥੇ ਕਿ ਉਹਨਾਂ ਦੀ ਰਿਹਾਇਸ਼ ਸੀ।

ਹੁਣ ਸੰਗਤਾਂ ਲਈ ਸਭ ਤੋਂ ਪਹਿਲਾਂ ਜਲ - ਪਾਣੀ ਦਾ ਪ੍ਰਬੰਧ ਹੋਣ ਤੇ ਸਭ ਅੰਦਰ ਇਸ ਅਸਥਾਨ

o ਟੱਪਾ ਲਾਣ ਦੀ ਤਾਰੀਖ. ਜਬਾਨੀ ਭਾਈ ਦੇਵਾ ਸਿੰਘ ਜੀ ਸਪੁੱਤਰ ਸ: ਪ੍ਰਤਾਪ ਸਿੰਘ ਜੀ ਨਾਂਦੇੜ ਜੋ ਵਿਦਿਆਰਥੀ ਗਿਆਨੀ ਰਾਮ ਸਿੰਘ ਜੀ ਦੇ ਸਨ, ਉਹਨਾਂ ਤੋਂ ਅੰਕਿਤ ਕੀਤਾ ਹੈ। ਜਦ ਦਾਸ ਬਾਬਾ ਜੀ ਦੀ ਜੀਵਨੀ ਦੀ ਖੋਜ ਕਰਨ ੧੦-੧੧–੧੨ ਸਤੰਬਰ ੧੯੮੮ ਵਿਚ ਸੱਚਖੰਡ ਗਿਆ ਸੀ, ਉਸ ਵਕਤ ਭਾਈ ਦੇਵਾ ਸਿੰਘ ਜੀ ਨੇ ਆਪਣੀ ਉਮਰ ੭੫ ਸਾਲ ਦਸੀ ਸੀ. ਅਤੇ ਜਦ ਖੂਹ ਦੀ ਸੇਵਾ ਹੋਈ ਸੀ, ਉਸ ਵਕਤ ੧੫ ਸ਼ਾਲ ਦੇ ਸਨ। ਇਸ ਤਰ੍ਹਾਂ ੭੫–੧੫=੬੦ ਸਾਲ ਸਤੰਬਰ ੧੯੮੮ ਤਕ ਖੂਹ ਲਗੇ ਨੂੰ ਹੋ ਗਏ ਸਨ, ਭਾਵ ੧੯੮੮–੬੦=੧੯੨੮ ਸੰਨ ਖੂਹ ਦਾ ਟੱਪਾ ਲਾਉਣ ਦਾ ਬਣਦਾ ਹੈ।

* ਖੂਹ ਤਿਆਰ–ਦਾਸ ਨੇ ਬਾਬਾ ਜੀ ਪਾਸ [ਗੁਰਦਵਾਰਾ ਮਾਤਾ ਜੀ ਦੇ) ਪੜ੍ਹਨ ਸਮੇਂ [ਸੰਨ ੧੯੩੯–੪੦ ਸਮੇਂ ਵਿਚ ਇਸ ਖੂਹ ਉਪਰੋਂ ਪੰਜ ਛੇ ਪੱਥਰਾਂ ਦੇ ਵਾਰ ਹੇਠਾਂ ਨੂੰ, ਇਕ ਯਾਦਗਾਰੀ ਪੱਥਰ ਲੱਗਿਆ ਹੋਇਆ ਵੇਖਿਆ ਕਰਦੇ ਸਾਂ। ਪਰ ਬਾਅਦ ਵਿਚ ਇਸ ਦੀ 'ਮਨ' ਦੀ ਸ਼ਾਇਦ ਮੁਰੰਮਤ ਕਰੌਣ ਸਮੇਂ ਇਹ ਪੱਥਰ ਹੁਣ ਨਹੀਂ ਪਾਇਆ ਗਿਆ। ਇਹ ਜਾਣਕਾਰੀ ਨਹੀਂ ਮਿਲੀ ਕਿ ਕਦੋਂ ਤੋਂ ਕਿਉਂ ਇਹ ਪੱਥਰ ਉਥੋਂ ਕੱਢਿਆ ਗਿਆ ਹੋਇਆ ਹੈ।

ਉਸ ਪੱਥਰ ਤੇ ਗਿਆਨੀ ਰਾਮ ਸਿੰਘ ਜੀ ਵਲੋਂ ਇਸ ਖੂਹੇ ਦੀ ਸੇਵਾ ਕਰਵਾਈ ਖੁਦਾਈ ਹੋਈ ਸੀ। ਦਾਸ ਦੀਆਂ ਉਸ ਵੇਲੇ ਦੀਆਂ ਲਿਖੀਆਂ ਡੈਰੀਆਂ ਜੋ ੧੯੪੭ ਵਿਚ ਮੁਲਕ ਦੀ ਵੰਡ ਸਮੇਂ, ਮੇਰੀ ਗੈਰ ਹਾਜ਼ਰੀ ਵਿਚ ਮੇਰੇ ਪਿਤਾ ਜੀ ਨੇ ਬਹੁਤ ਸਾਰੀਆਂ ਹੱਥ ਲਿਖਤਾਂ (ਜੋ ਬਹੁਮੁਲੇ ਇਕੱਤਰ ਕੀਤੇ ਅੰਕੜੇ) ਪਿੰਡ ਛੱਡਣ ਸਮੇਂ ਖੂਹ ਵਿਚ ਸੁੱਟ ਆਏ ਸਨ।

ਮਾਤਾ ਜੀ ਦੇ ਖੂਹ ਦੀ ਮਨ' ਦੁਵਾਲਿਓਂ ਬੈਠ ਜਾਣ ਕਾਰਨ ਬਾਬਾ ਜੀ ਨੇ ਇਸ ਦੀ ਮੁਰੰਮਤ ਕਰਵਾਉਣ ਲਈ ਦਾਸ ਨੂੰ ਹੁਕਮ ਕੀਤਾ, ਪਰ ਸਾਡਾ ਪੰਜਾਬ ਆਉਣ ਦਾ ਜਲਦੀ ਪ੍ਰੋਗਰਾਮ ਬਣ ਜਾਣ ਕਾਰਨ ਮੈਂ ਉਸ ਹੁਕਮ ਦੀ ਪਾਲਣਾ ਨਾ ਕਰ ਸਕਿਆ। ਹੋ ਸਕਦਾ ਹੈ ਬਾਅਦ ਵਿਚ ਇਸ 'ਮਨ' [ਖੂਹ ਦੁਵਾਲੇ ਬੜੇ] ਦੀ ਮੁਰੰਮਤ ਕਰਾਣ ਸਮੇਂ ਇਹ ਪੱਥਰ ਕੱਢਿਆ ਗਿਆ ਹੋਵੇ।

ਦੀ ਬੜੋਤਰੀ ਦੀ ਚਾਹਣਾ ਵਧ ਗਈ। ਯਾਤਰੀਆਂ ਦੇ ਬਿਸਰਾਮ ਲਈ ਭੀ ਭਾਵਨਾ ਵੱਧ ਗਈ। ਹਰ ਯਾਤਰੀ ਜੋ ਇਕ ਵਾਰ ਵੀ ਬਾਬਾ ਜੀ ਤੋਂ ਸਨਮਾਨ ਪ੍ਰਾਪਤ ਕਰ ਕੇ ਜਾਂਦਾ, ਤੇ ਉਹ ਆਪਣੀ ਕ੍ਰਿਤ ਕਮਾਈ ਇਸ ਅਸਥਾਨ ਤੇ ਹੀ ਭੇਟ ਕਰਨ ਦਾ ਮਨ ਬਣਾ ਲੈਂਦਾ।

ਦੂਜੀ ਰਚਨਾ--ਟੀਨਾਂ ਦੇ ਛੱਪਰ ਦਾ ਵਾਧਾ

ਟੀਨਾਂ ਦਾ ਸ਼ੈੱਡ, ਜੋ ਦੂਪਾਧਾਰੀ ਬਾਬਾ ਹਰੀ ਸਿੰਘ ਜੀ ਨੇ ਉਸ ਸਮੇਂ ਦੇ ਅਨਕੂਲ ਛੋਟਾ ਜਿਹਾ ਬਣਾ ਕੇ, ਗੁਰੂ ਮਹਾਰਾਜ ਦਾ ਪ੍ਰਕਾਸ਼ ਕੀਤਾ ਕਰਦੇ ਸਨ।

ਪਰ ਬਾਬਾ ਜੀ ਨੇ ਇਸ ਥਾਂ ਨੂੰ ਲੋੜ ਤੋਂ ਘੱਟ ਸਮਝ ਕੇ ਅਤੇ ਇਸ ਅਸਥਾਨ ਦੀ ਬੜੇਹੀ ਨਾਲ 'ਰਾਜ ਤੇ ਜੋਗ'* ਦੀ ਪੂਜਾ ਪਾਠ ਵਿਚ ਭੀ ਪ੍ਰਗਤੀ ਦਾ ਉਪਰਾਲਾ ਕੀਤਾ। ਆਦਿ ਸਰੂਪ ਦੇ ਨਾਲ ਦਸਮ

* ਰਾਜ ਜੋਗ– ਪ੍ਰਕਰਮਾਂ ਦੇ ਫੁੱਟ ਨੋਟ ਵਿਚ ਲਿਖਿਆ ਜਾ ਚੁੱਕਾ ਹੈ ਕਿ ਜਿਥੇ ਜੋਗ ਦੀ ਪ੍ਰਾਪਤੀ ਦਾ ਮੂਲ ਗੁਰਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਹਨ, ਉਥੇ ਰਾਜ ਲਈ ਸ਼ਕਤਿ–ਕਮਾਈ, ਬਾਹੂ - ਬਲ, ਜੋਸ਼, ਸ਼ਸਤ੍ਰਾਂ ਦੇ ਚਲਾਉਣ ਦੀ ਸ਼ਕਤੀ ਦੀ ਪ੍ਰਾਪਤੀ ਦਾ ਮੂਲ–ਦਸਮੇਸ਼ ਜੀ ਦੀ ਬਾਣੀ ਹੈ। ਪਿਛਲੇ ਸਮਿਆਂ ਵਿਚ ਸ਼ਸਤ੍ਰਾਂ ਦੀ ਸ਼ਕਤਿ, ਵੇਦ ਮੰਤ੍ਰ ਜਾਂ ਦੇਵਤਿਆਂ ਦੀ ਅਰਾਧਨਾ ਕਰਨ ਨਾਲ ਪ੍ਰਾਪਤ ਹੋ ਜਾਂਦੀ ਸੀ। ਜਿਹਨਾਂ ਪਾਸ ਉਹ ਸ਼ਸਤਰ ਹੁੰਦੇ ਸਨ–ਜਿਵੇਂ ਅਗਨ ਬਾਣ, ਮੇਘ ਬਾਣ ਆਦਿ।

ਪਰ ਸ੍ਰੀ ਗੁਰੂ ਕਲਗੀਧਰ ਜੀ ਨੇ ਜਿਥੇ ਮਨੁੱਖ ਨੂੰ ਇਕੋ ਸਮੇਂ ਦੋ ਵਿਮੁਕਤੀਆਂ ਪ੍ਰਦਾਨ ਕੀਤੀਆਂ ਹਨ–'ਰਾਜ ਤੇ ਜੋਗ', ਉਥੇ ਦੋਹਾਂ ਤੋਂ ਸ਼ਕਤਿ ਦੀ ਪ੍ਰਾਪਤੀ ਲਈ ਸ਼ਾਸਤ੍ਰ [ਗ੍ਰੰਥ–ਗੁਰਬਾਣੀ] ਆਦਿ ਅਤੇ ਦਸਮ ਦੀ ਸਥਾਪਨਾ ਕਰ ਕੇ ਦੋਵੇਂ ਗਰੰਥ ਪੂਜਯ ਪ੍ਰਵਾਨ ਕੀਤੇ ਹਨ। ਅਤੇ ਖਾਲਸਾ ਪੰਥ ਨੂੰ ਹਰ ਤਰ੍ਹਾਂ ਭਰਪੂਰ ਸਰਬ ਗੁਣ ਨਿਧਾਨ ਬਣਾ ਕੇ, ਸੰਸਾਰਕ ਤੇ ਪ੍ਰਮਾਰਥਕ ਸ਼ਕਤੀ ਲਈ ਗੁਰੂ ਬਾਣੀਆਂ ਦਾ ਧਾਰਨੀ ਭੀ ਬਣਾਇਆ ਹੈ।

o ਦਸਮ ਸਰੂਪ ਬਾਣੀ– ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ, ਹਰ ਸੂਝਵਾਨ ਤੇ ਸਿਆਣਾ ਪੁਰਸ਼ ਆਪੋ ਆਪਣੇ ਦ੍ਰਿਸ਼ਟੀ ਕੋਣ ਨਾਲ ਦਰਸਾਂਦੇ ਸੁਣੀਦੇ ਹਾਂ। ਕੋਈ ਸੰਪੂਰਨ ਬਾਣੀ ਨੂੰ 'ਦਸਮੇਸ਼ ਪਿਤਾ' ਜੀ ਦੀ ਉਚਾਰਨ ਕੀਤੀ ਮੰਨਦਾ ਹੈ ਅਤੇ ਕੋਈ ਕਵੀਆਂ ਦੀ। ਪਰ ਇਸ ਸੰਦੇਹ ਕਰ ਕੇ ਹੀ ਅਸੀ ਦਸਮੇਸ਼ ਜੀ ਦੀ ਬਾਣੀ ਦਾ ਅਦਬ ਸਤਿਕਾਰ ਕਰਨਾ, ਇਸ ਬਾਣੀ ਨੂੰ ਅੱਖਾ ਸਮਝ ਕੇ ਨਾ ਪੜ੍ਹਨਾ, ਜਿਸ ਕਰ ਕੇ ਅਸੀਂ ਦਸਮੇਸ਼ ਪਿਤਾ ਤੋਂ ਕੋਹਾਂ ਦੂਰ ਹੋ ਰਹੇ ਹਾਂ। ਇਸ ਦਾ ਇਹ ਅਰਥ ਹੋਇਆ ਕਿ ਅਸੀਂ ਗੁਰੂ ਕਲਗੀਧਰ ਜੀ ਦੇ ਸਿੱਖ ਨਹੀਂ। (ਜਦ ਅੰਮ੍ਰਿਤ ਤਾਂ ਦੋ ਆਦਿ ਸਰੂਪ ਦੀਆਂ ਅਤੇ ਤਿੰਨ ਬਾਣੀਆਂ ਦਸਮ ਸਰੂਪ ਵਿਚੋਂ ਅਤੇ ਚੌਥੀ ਨਿੱਤਾ ਪ੍ਰਤੀ ਦੀ ਅਰਦਾਸ ਲੈਂਦੇ ਹਾਂ, ਪਰ ਦਸਮੇਸ਼ ਜੀ ਦੀ ਰਚਤ ਬਾਣੀ ਨੂੰ ਮੰਨਦੇ ਨਹੀਂ ?

ਵੇਖਣ ਵਿਚ ਆਉਂਦਾ ਸੀ, ਜਦ ਕਿ ਸਾਰੇ ਤਖਤਾਂ ਤੇ ਆਦਿ ਸਰੂਪ ਨਾਲ ਹੀ ਦਸਮ ਦਾ ਪ੍ਰਕਾਸ਼ ਭੀ ਹੁੰਦਾ ਸੀ । ਜਥੇਦਾਰ ਸ਼ਿੰਘ ਸਾਹਿਬ ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਬੁੱਢਾ ਦਲ (ਜੋ ਕਿ ਅਕਾਲ ਤਖਤ ਦੇ ਸ਼੍ਰੋਮਣੀ ਕਮੇਟੀ ਬਣਨ ਤੇ ਭੀ ਕੁਝ ਸਮਾਂ ਬਾਅਦ ਜਥੇਦਾਰ ਸਨ)ਦੇ ਸਮੇਂ ਸੰਨ ੧੯੪੦-੪੧

ਸਰੂਪ ਦੇ ਪ੍ਰਕਾਸ਼ ਕਰਨ ਲਈ ਇਹ ਟੀਨਾਂ ਦਾ ਛੱਪਰ ਘੱਟ ਸੀ। ਅਤੇ ਸੰਗਤਾਂ ਦੇ ਬੈਠਣ ਲਈ ਭੀ ਥਾਂ ਘੱਟ ਸੀ। ਜਿਸ ਨੂੰ ਵੱਡਾ ਕਰਨ ਦੀ ਅਜੇ ਵਿਚਾਰ ਹੀ ਮਨ ਵਿਚ ਉਤਪੰਨ ਹੋਈ ਸੀ ਕਿ ਇਕ ਪ੍ਰੇਮੀ-ਯਾਤਰੀ ਆ ਗਿਆ ,ਅਤੇ ਆਪਣੇ ਦਸਵੰਧ ਦੀ ਮਾਇਆ ਭੇਟਾ ਕਰ ਕੇ ਮਾਤਾ ਜੀ ਦੀਆਂ ਖੁਸ਼ੀਆਂ

ਵਿਚ ਸ੍ਰੀ ਅਕਾਲ ਤਖਤ ਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੦੧ ਅਖੰਡ ਪਾਠਾਂ ਦੀ ਅਰਦਾਸ ਕਰ ਕੇ ਸ਼੍ਰੋਮਣੀ ਕਮੇਟੀ ਵਲੋਂ ਅਰੰਭ ਕੀਤੇ ਗਏ। ਪਰੰਤੂ ਪੰਜ ਛੇ ਅਖੰਡ ਪਾਠ ਹੋ ਜਾਣ ਤੇ ਅਰਦਾਸ ਭੰਗ ਕਰ ਕੇ, ਅਖੰਡ ਪਾਠਾਂ ਦੀ ਚੱਲ ਰਹੀ ਲੜੀ ਬੰਦ ਕਰਵਾ ਦਿਤੀ ਗਈ।

ਉਸ ਵਕਤ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਬੁੱਢਾ ਦਲ, ਬੁਰਜ ਬਾਬਾ ਫੂਲਾ ਸਿੰਘ ਜੀ ਆਏ ਹੋਏ ਸਨ। ਜਦ ।ਉਹਨਾਂ ਨੂੰ ਇਹ ਪਤਾ ਲੱਗਾ, ਕਿ ਅਰਦਾਸ ਸ਼੍ਰੋਮਣੀ ਕਮੇਟੀ ਨੇ ਭੰਗ ਕਰ ਦਿਤੀ ਹੈ, ਤਾਂ ਜ: ਬਾਬਾ ਸਾਹਿਬ ਸਿੰਘ ਜੀ ਬੁੱਢਾ ਦਲ ਨੇ ਇਸ ਅਰਦਾਸ ਨੂੰ ਭੰਗ ਕਰਨ ਤੇ ਦਸਮ ਦਾ ਅਖੰਡ ਪਾਠ ਬੰਦ ਕਿਉਂ ਕੀਤਾ ਹੈ ? ਦਾ ਕਾਰਨ ਪੁੱਛਣ ਲਈ, ਪੰਜ ਸਿੰਘ–(ਭਾਈ ਤਾਰਾ ਸਿੰਘ ਜੀ ਸੰਜੋਈਆ, ੨. ਭਾਈ ਹਰਸਾ ਸਿੰਘ ਜੀ ਜੰਬਰੀਆ, ੩. ਮੋਦੀ ਕਿਰਪਾਲ ਸਿੰਘ, ੪. ਇਕ ਹੋਰ ਵਿਦਵਾਨ ਸਿੰਘ, ੫. ਦਾਸ [ਗਿਆਨੀ ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ]। ਸਾਨੂੰ ਗਿ: ਅੱਛਰਾ ਸਿੰਘ ਜੀ [ਜੋ ਉਸ ਵਕਤ ਹੈਡ ਗ੍ਰੰਥੀ ਸਨ) ਨਾਲ ਵਿਚਾਰ ਕਰਨ ਭੇਜਿਆ। ਪਰ ਗਿਆਨੀ ਅੱਅਰਾ ਸਿੰਘ ਜੀ ਸਾਡੇ ਪ੍ਰਸ਼ਨਾਂ ਦਾ ਯੋਗ ਬਾਦਲੀਲ ਉਤਰ ਨਾ ਦੇ ਸਕੇ ਤੇ ਸਾਡੀ ਤਸੱਲੀ ਨਾ ਕਰਾ ਸਕੇ। ਉਹ ਆਪਣੀ ਜ਼ਿੱਦ ਤੇ ਅੜੇ ਰਹੇ। ਤੇ ਪਾਠ ਅਰੰਭ ਕਰਨ ਦੀ ਬਜਾਇ ਦਸਮ ਗ੍ਰੰਥ ਦਾ ਪ੍ਰਕਾਸ਼ ਕਰਨਾ ਭੀ ਬੰਦ ਕਰ ਦਿੱਤਾ ਗਿਆ।

ਸ਼੍ਰੋਮਣੀ ਕਮੇਟੀ ਅਧੀਨ ਕਈ ਗੁਰ ਅਸਥਾਨਾਂ ਤੇ ਜਿਥੇ ਦਸਮ ਬਾਣੀ ਦੇ ਪਰਕਾਸ਼ ਹੁੰਦੇ ਸਨ, ਉਹ ਸਭ ਹਟਾ ਕੇ, ਦਸਮੇਸ਼ ਜੀ ਦੀ ਬਾਣੀ ਤੋਂ ਆਪ ਹੀ ਨਹੀਂ, ਸਗੋਂ ਆਪਣੀ ਅਮੁੱਲੀ ਵਿਰਾਸਤ ਨੂੰ ਸੰਭਾਲਣ ਦੀ ਅਸਫਲਤਾ ਦ੍ਰਸਾ ਕੇ ਸਿੱਖ ਜਗਤ ਨੂੰ ਦਸਮ-ਬਾਣੀ ਤੋਂ ਕੋਹਾਂ ਦੂਰ ਕਰ ਦਿੱਤਾ ਸਗੋਂ ਉਨ੍ਹਾਂ ਕਲਗੀਧਰ ਜੀ ਦਾ ਫੁਰਮਾਨ ਸਾਕਾਰ ਕਰ ਵਿਖਾਇਆ ਹੈ।

ਨਿਹਕਲੰਕੀ ਅਵਤਾਰ ਦੇ ਪ੍ਰਗਟਣ ਤੋਂ ਪਹਿਲਾਂ ਕਲਜੁੱਗੀ ਜੀਵਾਂ ਦੀ ਕੀ ਪ੍ਰਕ੍ਰਿਆ ਹੋਵੇਗੀ ਅਤੇ ਜਗਤ ਚਾਲ ਕੀ ਹੋਵੇਗੀ ? ਫੁਰਮਾਨ ਦਸਮੇਸ਼ ਜੀ –

੧. ਹਿੰਦੂ ਕੋਈ ਨ ਤੁਰਕਾ ਰਹਿ ਹੈ ॥ ਭਿੰਨ ਭਿੰਨ ਘਰ ਘਰ ਮਤਿ ਗਹਿ ਹੈ ॥
ਏਕ ਏਕ ਕੇ ਪੰਥ ਨ ਚਲ ਹੈਂ ॥ ਏਕ ਏਕ ਕੀ ਬਾਤ ਉਥਲ ਹੈ ॥੭॥

੨. ਬੇਦ ਅਉਰ ਕਤੇਬ ਕੋ, ਦੋ ਦੂਖ ਕੈ ਮਤ ਡਾਰ ਹੈਂ ।।
ਹਿਤ ਆਪਨੇ ਤਿਹ ਠਉਰ ਭੀਤਰ ਜੰਤ੍ਰ ਮੰਤ੍ਰ ਉਚਾਰ ਹੈਂ ॥
ਮੁਖ ਬੇਦ ਅਉਰ ਕਤੇਬ ਕੋ, ਕੋਈ ਨਾਮ ਲੇਵ ਨ ਦੇਹਗੋਂ ।।
ਕਿਸਹੂੰ ਨ ਕਉਡੀ ਪੁੰਨ ਤੇ, ਕਬਹੂੰ ਨ ਕਿਉਂ ਹੀ ਦੇਹਗੋਂ ।।

੩. ਸ੍ਰਿਸਟ ਇਸ਼ਟ ਤਜਿ ਦੀਨ, ਕਰਤ ਅਰਿਸਟ ਪੁਸਟ ਸਬ ॥
ਬਿਸਟਿ ਸ੍ਰਿਸ਼ਟ ਤੇ ਮਿਟੀ ਭਈ ਪਾਪਿਸਟ ਤ੍ਰਿਸਟ ਤਬ ॥

ਪ੍ਰਾਪਤ ਕੀਤੀਆਂ।

ਦਿਨਾਂ ਵਿਚ ਹੀ ਸ਼ੈੱਡ (ਟੀਨਾਂ ਦਾ ਛੱਪਰ) ਵੱਡਾ ਤਿਆਰ ਹੋ ਗਿਆ ਤੇ ਕੁਝ ਹਿੱਸੇ ਵਿਚ ਰੇਤਾ ਤੇ ਸਰਬ ਲੋਹ ਦੇ ਭਾਂਡੇ ਰੱਖਣ ਜਾਂ ਬਾਰਸ਼ ਵਿਚ ਭਾਂਡੇ ਸੋਧਣ ਲਈ ਵੱਖਰਾ ਹਿੱਸਾ ਕਰ ਦਿਤਾ ਜੋ ਨਾਲਹੀਬਣਾ ਦਿਤਾ ਗਿਆ ਸੀ।

ਇੱਕ ਇੱਕ ਨਿੰਦ ਹੈਂ ਇਕ ਇਕ ਕਹਿ ਹੱਸ ਚਲੈਂ ॥੭੪॥

੪. ਤਜੀ ਆਨ ਜਹਾਨ, ਕਾਨ ਕਾਹੂ ਨਹੀ ਮਾਨਹਿ ॥ ਤਾਤ ਮਾਤ ਕੀ ਨਿੰਦ, ਨੀਚ ਊਚ ਸਮ ਜਾਨਹਿ ॥
ਧਰਮ ਭਰਮ ਕੋ ਗਇਓ ਭਈ ਇਕ ਬਰਣ ਪ੍ਰਜਾ ਸਬ ॥੭੫॥

੫. ਸਿਖ ਮੁਖ ਮੋਰੈਂ ॥ ਭ੍ਰਿਤ ਨ੍ਰਿਪ ਛੋਰੈਂ ॥ ੯੧॥

੬. ਸੋਰਠਾ ॥ ਧਰਮ ਨ ਕਤਹੂੰ ਰਹਾਨ ॥ ਪਾਪ ਪ੍ਰਚੁਰ ਜਗ ਮੇ ਧਰਾ ॥
ਧਰਮਸਥਾਨ ਬਿਸਰਾਨ ਪਾਪ ਕੰਠ ਸਭ ਜਗ ਕੀਉ ॥੧੧੭॥

੭. ਸਬ ਜਗ ਚਲਤ ਔਰ ਹੀ ਕਰਮ ॥ ਜੱਹ ਤੱਹ ਘਟ ਗਇਓ ਧਰਾ ਤੇ ਧਰਮ ॥੧੨੨॥

੮. ਅਤਿ ਮਾਲਤੀ ਛੰਦ ॥ ਕਹੂੰ ਨ ਪੂਜਾ, ਕਹੂੰ ਨ ਅਰਚਾ ॥
ਕਹੂੰ ਨ ਸ੍ਰੁਤਿ ਧੁਨਿ, ਸਿੰਮ੍ਰਿਤ ਨ ਚਰਚਾ ॥
ਕਹੂੰ ਨ ਹੋਮੰ, ਕਹੂ ਨਾ ਦਾਨੰ ॥ ਕਹੂੰ ਨ ਸੰਜਮ, ਕਹੂੰ ਨ ਇਸਨਾਨੰ ॥੧੨੭॥

੯. ਕਹੂੰ ਨ ਚਰਚਾ ਕਹੂੰ ਨ ਬੇਦੰ ॥ ਕਹੂੰ ਨਿਵਾਜ ਨ ਕਹੂੰ ਕਤੇਬੰ ॥
ਕਹੂੰ ਨ ਤਸਬੀ ਕਹੂੰ ਨ ਮਾਲਾ ॥ ਕਹੂੰ ਨ ਹੋਮੰ, ਕਹੂੰ ਨ ਜ੍ਵਾਲਾ ॥੧੨੮॥

੧੦. ਅਉਰ ਹੀ ਕਰਮੰ ਅਉਰ ਹੀ ਧਰਮੰ ॥ ਅਉਰ ਹੀ ਰੀਤਾ ਅਉਰ ਹੀ ਚਰਚ' ॥
ਅਉਰ ਹੀ ਰੀਤੰ, ਅਉਰ ਹੀ ਅਰਚਾ ॥੧੨੯॥

੧੧. ਅਉਰ ਹੀ ਭਾਤੰ ਅਉਰ ਹੀ ਬਸਤ੍ਰੰ ॥ ਅਉਰ ਹੀ ਬਾਣੀ ਅਉਰ ਹੀ ਅਸਤ੍ਰੰ ॥
ਅਉਰ ਹੀ ਰੀਤਾ ਅਉਰ ਹੀ ਭਾਯੰ ॥ ਅਉ ਹੀ ਰਾਜਾ ਅਉਰ ਹੀ ਨਜਾਯੰ ॥੧੩੦॥

[ਨਿਹਕਲੰਕੀ, ਦਸਮ ਗ੍ਰੰਥ, ਪਾ:੧੦

ਜਦ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੁੰਦਾਵਣੀ ਦੀ ਮੋਹਰ ਛਾਪ ਲੱਗ ਗਈ ਤਾਂ ਬਾਣੀ ਵਿਚਾਲੇ ਭਗਤਾਂ ਦੀ ਅਤੇ ਭੱਟਾਂ ਦੀ ਬਾਣੀ ਵੀ ਮਾਨਜਨੀਕ ਹੋ ਗਈ। ਇਸੇ ਤਰ੍ਹਾਂ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੀਰਲੇ ਚਰਿਤ੍ਰ (ਚੰਡੀ ਦਾ ੪੦੫ ਹੈ) ਅਤੇ ਇਸੇ ਚਰਿਤਰ ਦੇ ਅਖੀਰਲੇ ਅੰਕ ੩੭੭ ਤੋਂ ਕਬਿਯੋ ਬਾਚ ਬੇਨਤੀ ਚੌਪਈ–'ਹਮਰੀ ਕਰੋ ਹਾਥ ਦੈ ਰੱਛਾ ॥.....॥ ਤੇ ਇਹ ਅੰਮ੍ਰਿਤ ਦੀ ਬਾਣੀ ਹੈ ਅਤੇ ਰੋਜ਼ਾਨਾ ਨਿੱਤਨੇਮ ਵਿਚ ਪੜ੍ਹੀਦੀ ਹੈ।

ਇਸ ਉਪਰੰਤ ਜ਼ਫਰਨਾਮਹ ਹੈ 'ਫ਼ਤਿਹ ਦੀ ਚਿਠੀ'। ਦਸਮੇਸ਼ ਪਿਤਾ ਦੀ ਔਰੰਗਜ਼ੇਬ ਨੂੰ ਭੇਜੀ ਕ੍ਰਿਤ ਸ਼ਕਤਿ ਕਲਾ। ਜਿਸ ਦੇ ਪੜ੍ਹਨ ਨਾਲ ਔਰੰਗਜ਼ੇਬ ਨੇ ਆਪਣੇ ਪਾਪਾਂ ਤੋਂ ਸ਼ਰਮਿੰਦਾ ਹੋ ਕੇ ਪ੍ਰਾਣ ਤਿਆਗੇ ਸਨ। ਇਸ ਬਾਣੀ ਤੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ 'ਸਰਬ ਗੁਣ ਨਿਧਾਨੰ' ਦੀ ਪ੍ਰਬੀਨਤਾ ਜ਼ਾਹਿਰ ਹੁੰਦੀ ਹੈ। ਉਸ ਜੋਗ ਦੀ ਸ਼ਕਤਿ ਪ੍ਰਦਾਨ ਕਰਨ ਵਾਲੀ ਦਸਮ ਦੀ ਬਾਣੀ ਤੋਂ ਅਸੀਂ ਮੂੰਹ ਮੋੜੀ ਬੈਠੇ ਹਾਂ।

ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਲਿਖਾਰੀ ਬੁੰਗਿਓਂ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਥ ਲਿਖਤ ਬੀੜ ਮੰਗਵਾ ਕੇ, ਆਦਿ ਸਰੂਪ ਨਾਲ ਦਸਮ ਸਰੂਪ ਜੀ ਦਾ ਪ੍ਰਕਾਸ਼ ਕਰਨ ਸਮੇਂ ਕੜਾਹ ਪ੍ਰਸ਼ਾਦਿ ਅਤੇ ਸ਼ਹੀਦੀ ਦੇਗਾ ਤਿਆਰ ਕੀਤੀਆਂ ਗਈਆਂ। ਹਾਜ਼ਰ ਰਸਦ - ਬਸਤ ਨਾਲ ਖੁਲ੍ਹੇ ਲੰਗਰ ਕੀਤੇ ਗਏ। ਆਦਿ – ਦਸਮ (ਰਾਜ - ਜੋਗ) ਇਕੱਠੇ ਹੀ ਪ੍ਰਕਾਸ਼ਮਾਨ ਕਰ ਕੇ ਬੁੱਢੇ ਦਲ ਤੇ ਪੁਰਾਤਨ ਤਖਤਾਂ ਦੀ ਮਰਯਾਦਾ ਅਰੰਭ ਕਰ ਕੇ ਅਤਿਅੰਤ ਖੁਸ਼ੀ ਮਨਾਈ ਗਈ।

ਨਿੱਤਨੇਮ ਦਾ ਪ੍ਰਵਾਹ

ਹੁਣ ਅਸਥਾਨ ਦੀ ਨਿੱਤ ਦੀ ਮਰਯਾਦਾ ਵਲ ਵਧੇਰੇ ਬਾਬਾ ਜੀ ਦਾ ਰੁਝਾਣ ਹੋ ਗਿਆ, ਕਿਉਂਕਿ ਹਰ ਯਾਤਰੀ ਗੁਰਅਸਥਾਨਾਂ ਦੀ ਮਰਯਾਦਾ ਤੋਂ ਹੀ ਆਪਣੇ ਜੀਵਨ ਦੀ ਸੇਧ, ਨਿਸ਼ਾਨਾ ਤੇ ਕ੍ਰਿਆ ਦੀ ਰੁਝਾਣ ਘੜਦਾ ਹੈ। ਤਾਂਤੇ ਇਹ ਜ਼ਰੂਰੀ ਹੋ ਗਿਆ, ਕਿ ਰੋਜ਼ਾਨਾ ਨਿੱਤਨੇਮ ਜ਼ਰੂਰੀ ਹੋਵੇ। (ਅੱਜ ਕਲ ਵਾਂਗ ਨਹੀਂ ਕਿ ਧਾਰਮਿਕ ਅਸਥਾਨਾਂ ਤੇ ਭੀ ਵੇਖਿਆ ਗਿਆ ਹੈ ਕਿ ਸੁਖਮਨੀ ਸਾਹਿਬ, ਆਸਾ ਦੀ ਵਾਰ, ਨਿਤਨੇਮ, ਸ਼ਾਮ ਨੂੰ ਰਹਰਾਸਿ ਸਾਹਿਬ ਦਾ ਪਾਠ ਆਦਿ ਰੀਕਾਰਡਾਂ ਜਾਂ ਟੇਪਾਂ ਰਾਹੀਂ ਲਾ ਕੇ ਸੇਵਾਦਾਰ ਆਪ ਸੁੱਤੇ ਤੇ ਘੁਰਾੜੇ ਮਾਰ ਰਹੇ ਹੁੰਦੇ ਹਨ। ਜਾਂ ਗੱਪ ਗਪੌੜਾ [ਜੋ ਅਤੀ ਨਿਘਰ ਚੁੱਕੀ ਮਰਯਾਦਾ ਦਰਸਾ ਰਹੀ ਹੈ) ਆਦਿ ਕਰ ਰਹੇ ਹੁੰਦੇ ਹਨ।

ਤਾਂਤੇ ਅੰਮ੍ਰਿਤ ਵੇਲੇ ਇਸ਼ਨਾਨ ਪ੍ਰਕਾਸ਼, ਸੇਵਾ ਨਿੱਤਨੇਮ ਜੋ ਗੁਰੂ ਹਜ਼ੂਰ ਕਰਨਾ ਹੀ ਉਚਿਤ ਹੈ। ਸੋ ਸਵੇਰੇ ਸ਼ਾਮ ਨਿੱਤਨੇਮ ਸ਼ੁਰੂ ਕਰ ਦਿਤਾ ਗਿਆ। ਸਹਿਜੇ ੨ ਸਿੰਘਾਂ ਦੇ ਰਹਿਣ ਦਾ ਪ੍ਰਬੰਧ ਭੀ ਹੋਣਾ ਤੇ ਆਸਾ ਜੀ ਦੀ ਵਾਰ ਦਾ ਕੀਰਤਨ, ਪ੍ਰਕਰਮਾਂ [ਚੌਂਕੀ) ਜੋ ਇਥੋਂ ਟੀਨਾਂ ਦੇ ਛੱਪਰ ਤੋਂ ਚਲ ਕੇ ਮਾਤਾ ਜੀ ਦੇ ਅਸਥਾਨ–ਨਿਸ਼ਾਨ ਸਾਹਿਬ ਦੀ ਸ਼ਬਦ ਪੜ੍ਹਦਿਆਂ ਪ੍ਰਕਰਮਾਂ ਭੀ ਕਰਨ ਲੱਗ ਪਏ। ਇਹ ਰੋਜ਼ਾਨਾ ਦਾ ਨੇਮ - ਬੱਧ ਕਰਮ ਸ਼ੁਰੂ ਹੋਣ ਨਾਲ ਸੰਗਤ ਹੋਰ ਭੀ ਵਧੇਰੇ ਪ੍ਰਭਾਵਤ ਹੋਣ ਲਗੀ।

ਸੰਗਤਾਂ ਤੇ ਬਿਹੰਗਮਾਂ ਦੀ ਆਵਾਜਾਈ

ਹਰ ਪ੍ਰਾਣੀ, ਆਪਣੇ ਜੀਵਨ ਦੀਆਂ ਸਹੂਲਤਾਂ ਜਿਥੇ ਮਿਲਦੀਆਂ ਵੇਖਦਾ ਹੈ, ਉਹ ਉਥੇ ਹੀ ਆਪਣੇ ਮਨ ਨੂੰ ਟਿਕਾ ਲੈਂਦਾ ਹੈ। ਇਸੇ ਤਰਾਂ ਬਾਬਾ ਜੀ ਦਾ ਪਿਆਰ, ਲੰਗਰ, ਜਲ ਪਾਣੀ ਤੇ ਬਿਸਰਾਮ ਆਦਿ ਦੀਆਂ ਸਹੂਲਤਾਂ ਦੀ ਸੋਅ, ਓਥੋਂ ਦਰਸ਼ਨ ਕਰ ਕੇ ਆਏ ਯਾਤਰੀ, ਪੰਜਾਬ ਵਿਚ ਜਾ ਕੇ ਫੈਲਾਣ ਲੱਗ ਪਏ। ਅਤੇ ਇਸ ਤਰ੍ਹਾਂ ਇਹ ਸ਼ੋਭਾ ਜਿਥੇ ਕਿਧਰੇ ਗੁਰੂ ਨਾਨਕ ਨਾਮ ਲੇਵਾ ਸਿਖ ਰਹਿੰਦਾ ਸੀ, ਵਿਸ਼ਵ ਵਿਚ ਵੱਧਣ ਲੱਗੀ।

ਦਸਮ ਗ੍ਰੰਥ ਦੀ ਬਾਣੀ– [੩੩੨ ਸਫਾ ਦੀ ਬਾਕੀ]

ਤਾਂ ਸਤਿਗੁਰੂ ਸ਼ੁਭ ਭਾਵਨਾ ਵਾਲੇ ਪ੍ਰੇਮੀ 'ਜੀਵ' ਅੰਦਰ ਅਗੰਮੀ ਖਿੱਚ ਪਾ ਦੇਂਦੇ ਹਨ ਅਤੇ ਉਹ ਆਪਣੀ ਸੰਪਤੀ ਨੂੰ ਗੁਰੂ ਦੀ ਸੰਪਤੀ ਜਾਣ ਕੇ, ਗੁਰੂ ਦਰਬਾਹ ਲਈ ਨਿਛਾਵਰ ਕਰ ਕੇ, ਗੁਰੂ - ਪਿਤਾ ਜੀ ਨਾਲ ਪੱਕੀ ਪੀਡੀ ਗੰਢ ਪਾ ਲੈਂਦੇ ਹਨ।

ਜਿਥੇ ਸਿੱਖ ਸੰਗਤਾਂ ਦੀ ਆਵਾਜਾਈ, ਯਾਤਰਾ ਕਰਨ ਵਿਚ ਵਾਧਾ ਹੋਇਆ, ਉਥੇ ਚਿਹੜੀਆ (ਨਿਹੰਗ ਸਿੰਘ) ਭੀ, ਮਾਤਾ ਜੀ ਦੇ ਅਸਥਾਨ ਤੇ ਠਹਿਰਨ ਲੱਗ ਪਏ। ਇਉਂ ਅੱਠ ਦੱਸ ਸਿੰਘਾਂ ਦੇ ਲੰਗਰ ਜਲ ਪਾਣੀ ਦਾ ਜਗਤ ਮਾਤਾ ਜੀ ਨੂੰ ਅਚਿੰਤ ਹੀ ਉਪਰਾਲਾ ਕਰਨਾ ਪਿਆ ਤੇ ਸੰਗਤਾਂ ਪ੍ਰੇਰਤ ਹੋਣ ਲਗੀਆਂ ਅਤੇ ਤਨੋਂ ਮਨੋਂ ਲੰਗਰ ਦੇਗ ਦਾ ਨਿਯਮ ਬੱਧ ਪ੍ਰਬੰਧ ਸ਼ੁਰੂ ਹੋ ਗਿਆ।

ਸੋ ਮਾਤਾ ਜੀ ਦੇ ਅਸਥਾਨ ਦੀ ਕੁਝ ਹੀ ਸਮੇਂ ਵਿਚ ਪ੍ਰਗਤੀ, ਰੌਣਕਾਂ, ਲੋਹ - ਲੰਗਰ, ਦੇਗ ਤੇਗ ਚਲਣ ਲੱਗ ਪਿਆ ਤੇ ਹੁਣ ਸ਼ਾਇਦ ਹੀ ਕੋਈ ਅਜੇਹਾ ਸਮਾਂ ਆਉਂਦਾ, ਜਦ ਸੰਗਤਾਂ ਲੰਗਰ, ਜਲ ਪਾਣੀ ਤੋਂ ਨਿਰਾਸੀਆ ਜਾਂਦੀਆਂ। ਕੋਈ ਨਾ ਕੋਈ ਵਸੀਲਾ ਅਵੱਸ਼ਜ ਬਣ ਜਾਂਦਾ। ਸੱਚਖੰਡ ਦੇ ਵਸਨੀਕ ਤੇ ਹੋਰ ਨੇੜੇ ਤੇੜੇ ਦੇ ਕਈ ਪ੍ਰੇਮੀਆਂ ਦਾ ਲਗਾਓ ਵਧੇਰੇ ਕਰ ਕੇ ਮਾਤਾ ਜੀ ਦੇ ਅਸਥਾਨ ਨਾਲ ਸੰਮਿਲਤ ਹੋਣ ਲੱਗ ਪਿਆ ਤੇ ਲੋੜ ਭਾਸਦੀ ਸੀ ਕਿ ਮਾਤਾ ਜੀ ਦਾ ਲੰਗਰ ਦਿਨ ਰਾਤ ਕਿਸ ਤਰਾਂ ਚੱਲ ਸਕਦਾ ਹੈ। ਅਜਿਹੀ ਵਿਚਾਰ ਕਈ ਪਰਉਪਕਾਰੀ ਗੁਰਮੁਖਾਂ ਦੇ ਮਨ ਵਿਚ ਆਉਂਦੀ ਕਿ ਜੇ ਜ਼ਮੀਨ ਬਣ ਜਾਵੇ, ਤਾਂ ਅਵੱਸ਼ ਹੀ ਇਹ ਮਸਲਾ ਹੱਲ ਹੋ ਸਕਦਾ ਹੈ। ਬਹੁਤ ਸਾਰੇ ਹਿੱਤੂ ਸੱਜਣ ਬਾਬਾ ਜੀ ਨਾਲ ਇਸ ਬਾਰੇ ਵਿਚਾਰ ਭੀ ਕਰਦੇ, ਪਰ ਬਾਬਾ ਜੀ ਫੁਰਮਾਂਦੇ ਕਿ ਇਹ ਤਾਂ ਜਗਤ ਮਾਤਾ ਜੀ ਦਾ ਹੀ ਕੰਮ ਹੈ। ਜੇ ਉਹ ਚਾਹੁੰਣਗੇ ਤੇ ਜਦੋਂ ਸਮਾਂ ਆਵੇਗਾ ਤਾਂ ਆਪੇ ਹੀ ਕਿਸੇ ਪ੍ਰੇਮੀ ਨੂੰ ਪ੍ਰੇਰਤ ਕਰ ਲੈਣਗੇ। ਇਹ ਫਿਕਰ ਤਾਂ ਮਾਤਾ ਜੀ ਨੂੰ ਹੈ, ਸਾਨੂੰ ਕਾਹਦਾ ?

ਲੋਹ ਲੰਗਰ ਲਈ ਜ਼ਮੀਨ ਦਾ ਯਤਨ

ਇਸ ਬਾਰੇ ਕੁਝ ਭੀ ਵਿਚਾਰਾਂ ਕਿਉਂ ਨਾ ਹੋਵਣ, ਜਦ ਸਤਿਗੁਰੂ ਜੀ ਵਲੋਂ ਕਿਸੇ ਅਸਥਾਨ ਦੀ ਪ੍ਰਗਤੀ ਕਰਵਾਉਣ ਦਾ ਸਮਾਂ ਹੁੰਦਾ ਹੈ, ਤਾਂ ਉਹ ਆਪੇ ਹੀ ਕਿਰਪਾ ਕਰ ਕੇ ਉਸ ਅਸਥਾਨ ਦੀ ਉਜਾਗਰਤਾ ਲਈ ਸੰਗਤਾਂ ਨੂੰ ਪ੍ਰੇਰਤ ਕਰ ਦੇਂਦੇ ਹਨ, ਬਸ਼ਰਤੇ ਕਿ ਉਸ ਅਸਥਾਨ ਵਿਚ ਗੁਰੂ ਦੀ ਵਡਿਆਈ ਦੀ ਭਾਵਨਾ, ਨਿਸ਼ਕਾਮ ਸੇਵਾ ਤੇ ਆਪਣੇ ਪਿਤਾ ਜੀ ਦੇ ਨਾਮ ਨੂੰ ਰੁਸ਼ਨਾਣ ਲਈ ਅੰਦਰ ਸ਼ੁਭ ਇਛਾਵਾਂ ਹੋਣ।

ਪਿੰਡ ਜੌਲੇ ਵਾਲੀ ਜ਼ਮੀਨ ਗੁ: ਮਾਤਾ ਜੀ ਦੇ ਨਾਮ ਲੱਗਣੀ

ਥੋੜੇ ਜੇਹੇ ਹੀ ਸਮੇਂ ਵਿਚ ਮਾਤਾ ਜੀ ਦੇ ਅਸਥਾਨ ਦੀ ਨਿੱਤ ਨਵੇਂ ਸੂਰਜ ਨਵੀਂ ਪ੍ਰਗਤੀ ਵੇਖਣ ਵਿਚ ਆਉਣ ਲੱਗ ਪਈ। ਹਰ ਪ੍ਰਾਣੀ ਆਪਣੀ ਜਗਤ ਮਾਤਾ ਤੋਂ ਮੁਕਤ ਭੁਗਤ ਲਈ ਮਨ ਖੋਹਲ ਕੇ ਸੇਵਾ ਕਰਨ ਨੂੰ ਉਤਸ਼ਾਹਤ ਹੋ ਰਿਹਾ ਸੀ।

ਭਾਈ ਗੁਲਾਬ ਸਿੰਘ ਜੀ ਆਰਤੀਆ (ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ) ਸਪੁੱਤਰ ਭਾਈ ਅਮਰ ਸਿੰਘ ਜੀ ਆਰਤੀਆ ਅਕਸਰ ਆਪਣੀ ਜ਼ਮੀਨ ਦੀ ਨਿਗਰਾਨੀ ਲਈ ਜੋ ਪਿੰਡ ਮੁਕਟ ਤੇ ਪਿੰਡ ਜੌਲੇ

ਨੋਟ– ਇਸੇ ਭਾਵਨਾ ਅਨੁਸਾਰ ਸੀ ਬਾਬਾ ਜੀ ਨੇ 'ਦਾਸ' (ਲਿਖਾਰੀ) ਨੂੰ ਤੁਰਨ ਸਮੇਂ ਇਹ ਹੁਕਮ ਕੀਤਾ ਸੀ ਕਿ ਗੁਰ ਅਸਥਾਨਾਂ ਦੀ ਸੇਵਾ ਪੂਜਾ, ਆਪਣਾ ਨਿੱਜੀ ਕਾਰਜ ਸਮਝ ਕੇ ਕਰੀਂ ਤੇ ਛੱਡਣ ਦਾ ਮੋਹ ਨਾ ਕਰੀਂ। (ਵਿਸਥਾਰ ਅਗੇ ਪੜ੍ਹਨਾ)।

ਆਦਿ ਆਇਆ ਜਾਇਆ ਕਰਦੇ ਸਨ। ਮਾਤਾ ਜੀ ਦੇ ਅਸਥਾਨ ਦੀ ਦਿਨੋਂ ਦਿਨ ਵੱਧਦੀ ਸ਼ੋਭਾ, ਦੇਗ-ਲੰਗਰ, ਅਤੇ ਬਾਬਾ ਜੀ ਦੇ ਦਰਸ਼ਨਾਂ ਦੀ ਖਿੱਚ ਕਾਰਨ, ਇਹ ਕਈ ਕਈ ਦਿਨ ਬਾਬਾ ਜੀ ਦੇ ਪਾਸ ਹੀ ਠਹਿਰ ਜਾਂਦੇ ਤੇ ਸੇਵਾ ਕਰ ਕੇ ਮਨ ਤ੍ਰਿਪਤ ਕਰਦੇ। ਅਤੇ ਆਪਣੀ ਜ਼ਮੀਨ ਦੀ ਵਟਾਈ ਉਤਨੇ ਦਿਨ ਇਥੇ ਹੀ ਰਹਿ ਕੇ ਕਰਦੇ ਸਨ ਅਤੇ ਦਸਵੰਧ ਵਟਾਈ ਫਸਲਾਂ ਦਾ ਗੁਰਦੁਆਰਾ ਮਾਤਾ ਸਾਹਿਬ ਕੌਰਾਂ ਜੀ ਦੇ ਦੇਣ ਲੱਗ ਪਏ ਸਨ।

ਸ: ਗੁਲਾਬ ਸਿੰਘ ਜੀ ਨੂੰ ਸੁਪਨਾ ਆਉਣਾ

ਇਹਨਾਂ ਦਾ ਮਨ ਮੋਹਿਤ ਹੁੰਦਾ ਚਲਾ ਗਿਆ ਅਤੇ ਮਾਤਾ ਜੀ ਦੇ ਅਸਥਾਨ ਤੇ ਦੇਗ ਲੰਗਰ ਦਾ ਦਿਨੇ ਰਾਤ ਚਲਣ ਦੀਆਂ ਇਛਾਵਾਂ ਮਨ ਅੰਦਰ ਫੁਰਨ ਲੱਗ ਪਈਆਂ। ਭਾ:ਗੁਲਾਬ ਸਿੰਘ ਅਚਾਣਕ ਇਕ ਦਿਨ ਮਾਤਾ ਜੀ ਦੇ ਅਸਥਾਨ ਤੇ ਰਾਤ ਨੂੰ ਸੁੱਤੇ ਪਏ ਸਨ, ਕਿ ਸੁਪਨੇ ਵਿਚ ਮਾਤਾ ਜੀ ਵਲੋਂ ਅਕਾਸ਼ ਬਾਣੀ ਸੁਣ ਰਹੇ ਹਨ––

"ਹੇ ਸਿੱਖਾ ! ਤੂੰ ਕੇਡਾ ਭਾਗਸ਼ਾਲੀ ਹੈਂ। ਕਿਤਨੀ ਜ਼ਮੀਨ ਤੈਨੂੰ ਸਤਿਗੁਰੂ ਜੀ ਨੇ ਬਖਸ਼ੀ ਹੋਈ ਹੈ, ਨਾਲੇ ਤੈਨੂੰ ਆਪਣੇ ਮੁਕਤ ਅਸਥਾਨ ਸੱਚਖੰਡ ਦਾ ਟਹਿਲੀਆ 'ਆਰਤੀਆ' ਹੋਣ ਦੀ ਸੇਵਾ ਬਖਸ਼ੀ ਹੋਈ ਹੈ। ਕੀ ਤੂੰ ਦਾਤਾਰ ਦੇ ਇਸ ਸ਼ੁਕਰਾਨੇ ਵਜੋਂ ਮਾਂ ਦੀ ਪ੍ਰਸੰਨਤਾ ਨਹੀਂ ਪ੍ਰਾਪਤ ਕਰ ਸਕਦਾ ? ਹੁਣ ਸਮਾਂ ਆ ਗਿਆ ਹੈ, ਇਸ ਅਸਥਾਨ ਤੇ ਦਿਨ ਰਾਤ ਲੰਗਰ ਚਲਣ ਦਾ। ਇਹ ਤਾਂ ਹੋ ਸਕਦਾ ਹੈ? ਕਿ ਸਿਖਾ ਕਰ ਕੁਰਬਾਨੀ ਤੇ ਜ਼ਮੀਨ ਦੇ ਕੇ ਕਰ ਪਹਿਲ ਅਤੇ ਸਦੀਵੀ ਆ ਮੇਰੀ ਗੋਦ ਵਿਚ, ਤੈਨੂੰ ਲਾਡ ਲਡਾਵਾਂ।

ਗੁਲਾਬ ਸਿੰਘ ਨੇ ਸੁਪਨਾ ਬਾਬਾ ਜੀ ਨੂੰ ਦੱਸਣਾ

ਅੰਮ੍ਰਿਤ ਵੇਲਾ ਹੋ ਚੁਕਾ ਏ ਨਗਾਰੇ ਤੇ ਚੋਬ (ਸਿੰਘਾਂ ਦੇ ਉੱਠਣ ਲਈ) ਲੱਗ ਗਈ। ਸੁਪਨੇ ਦੇ ਰੰਗਾਂ ਵਿਚ ਮਸਤ ਭਾਈ ਗੁਲਾਬ ਸਿੰਘ ਜੀ ਵਾਹਿਗੁਰੂ ਵਾਹਿਗੁਰੂ ਕਰਦੇ ਉਠੇ। ਪਰ ਮਨ ਵਿਚ ਉਤਾਵਲਾ ਪਨ, [ਪਰ ਘਬਰਾਹਟ ਨਹੀਂ) ਸਗੋਂ ਇਕ ਹੁਕਮ ਤੇ ਸੇਵਾ ਕਰਨ ਦਾ ਅਵਸਰ ਮਿਲਿਆ ਹੈ। ਇਸ ਲਈ ਮਨ ਵਿਚ ਚਾਉ ਹੈ, ਖੁਸ਼ੀ ਹੈ। ਪਰ ਇਹ ਸਾਰਾ ਕੁਝ ਬਾਬਾ ਜੀ ਨੂੰ ਦਸਣ ਲਈ ਮਨ ਉਤਾਵਲਾ ਹੈ ਰਿਹਾ ਏ, ਜੋ ਰਾਤ ਸੁਪਨੇ ਵਿਚ ਮਾਤਾ ਜੀ ਦਾ ਹੁਕਮ ਹੋਇਆ ਹੈ।

ਨਿੱਤਨੇਮ ਤੋਂ ਵਿਹਲੇ ਹੋ ਕੇ, ਜਦ ਸਾਰੇ ਸਿੰਘ ਜਲ - ਪਾਣੀ ਛੱਕਣ ਲੱਗੇ, ਤਾਂ ਭਾਈ ਗੁਲਾਬ ਸਿੰਘ ਜੀ ਨੇ ਬਾਬਾ ਜੀ ਪਾਸ ਜਾ ਕੇ ਰਾਤ ਦੇ ਸੁਪਨੇ ਦੀ ਸਾਰੀ ਦਾਸਤਾਨ ਸੁਣਾਈ। ਬਾਬਾ ਜੀ ਮੁਸਕਰਾਏ ਤੇ ਕਹਿਣ ਲਗੇ–ਆਰਤੀਆ ਸਿੰਘਾ ! ਮਾਂ ਦੀ ਗੋਦ ਵਿਚ ਸਦਾ ਆਪਣੀ ਨਸ਼ਿਸਤ ਕਾਇਮ ਕਰਨ ਦਾ ਤੈਨੂੰ ਅਸਵਰ ਮਿਲਿਆ ਹੈ, ਅਗੋਂ ਤੈਨੂੰ ਜਿਵੇਂ ਚੰਗਾ ਲਗੇ ? ਜਾਣਦੇ ਹੋਏ ਭੀ ਬਾਬਾ ਜੀ ਨੇ ਕੋਈ ਲੋੜ ਨਹੀਂ ਜਣਾਈ।

ਮਹਾਂ ਪੁਰਸ਼ਾਂ ਦੇ ਬਚਨ ਅਤੇ ਸੁਪਨੇ ਦੇ ਬਚਨ ਭਾਈ ਗੁਲਾਬ ਸਿੰਘ ਜੀ ਦੇ ਕੰਨਾਂ ਅੰਦਰ ਗੂੰਜ ਰਹੇ ਸਨ। ਥੋੜੇ ਦੀ ਦਿਨਾਂ ਵਿਚ ਪਿੰਡ ਜੌਲੇ ਵਾਲੀ ਜ਼ਮੀਨ, ਜੋ ਤਕਰੀਬਨ ੮–੧੦ ਏਕੜ ਸੀ, ਉਸ ਦੀ

ਰਜਿਸਟਰੀ ਮਾਤਾ ਜੀ ਦੇ ਲੋਹ ਲੰਗਰ ਦੇ ਨਾਮ ਕਰਵਾ ਕੇ ਰਜਿਸਟਰੀ ਦੇ ਕਾਗਜ਼ਾਤ ਬਾਬਾ ਜੀ ਨੂੰ ਦੇ ਦਿਤੇ ਤੇ ਨਾਲ ਹੀ ਤੁਰੰਤ ਕਬਜ਼ਾ ਵੀ ਦੇ ਦਿਤਾ ਅਤੇ ਭਾਈ ਗੁਲਾਬ ਸਿੰਘ ਜੀ ਆਰਤੀਏ ਨੇ ਇਹ ਜਾਇਦਾਦ ਮਾਤਾ ਜੀ ਦੇ ਅਸਥਾਨ ਭੇਟ ਕਰ ਕੇ ਸਦੀਵੀ ਗੁਰੂ ਚਰਨਾਂ ਦਾ ਭੌਰਾ ਬਣ ਕੇ ਆਪ ਅਤੇ ਆਪਣੀ ਕੁਲ ਨੂੰ ਉਜਾਗਰ ਕਰ ਕੇ ਸਤਿਗੁਰਾਂ ਨਾਲ 'ਪੀਡੀ ਪਾਈ ਗੰਢ' ਸਦੀਵੀ ਪੱਕੀ ਅਤੇ ਪੀਡੀ ਗੰਢ ਪਾ ਲਈ।

ਪਿੰਡ ਮੁਕਟ ਵਾਲੀ ਜ਼ਮੀਨ ਪ੍ਰਾਪਤ ਹੋਈ

ਜੰਲੇ ਵਾਲੀ ਜ਼ਮੀਨ ਭਾਵੇਂ ਬਰਾਨੀ ਸੀ, ਕਿਉਂਕਿ ਇਸ ਦੇਸ਼ ਵਿਚ ਆਮ ਤੌਰ ਤੇ ਬਰਾਨੀ ਫਸਲਾਂ (ਜਵਾਰ, ਮੱਕੀ, ਮਾਂਹ, ਮੂੰਗੀ ਆਦਿ) ਦਾ ਬਾਰਸ਼ ਪੈਣ ਨਾਲ ਹੀ ਪੈਦਾਵਾਰ ਦਾ ਸਾਧਨ ਹੁੰਦਾ ਹੈ। ਪਰ ਫਿਰ ਭੀ ਇਸ ਜ਼ਮੀਨ ਨਾਲ ਮਾਤਾ ਜੀ ਦੇ ਲੋਹ - ਲੰਗਰ ਵਿਚ ਵਧੇਰੇ ਪ੍ਰਗਤੀ ਹੋ ਗਈ। ਅਤੇ ਹੁਣ ਸਿੱਖ ਸੰਗਤਾਂ ਲਈ ਲੰਗਰ ਦੀ ਕਾਫੀ ਲੋੜ ਪੂਰੀ ਹੋਣ ਲਗ ਪਈ।

ਇਸ ਤਰ੍ਹਾਂ ਬਿਹੰਗਮ ਭੀ ਟਿੱਕਣ ਲੱਗ ਪਏ ਅਤੇ ਖੇਤੀ ਦੀ ਉਪਜ ਦੇ ਸਾਧਨ ਬਾਬਾ ਜੀ ਆਪ ਕਰਾਉਣ ਲੱਗ ਪਏ।

ਭਾਈ ਗੁਲਾਬ ਸਿੰਘ† ਆਰਤੀਏ ਤੋਂ ਪਿਛੋਂ ਇਹਨਾਂ ਦੇ ਵੱਡੇ ਸਪੁੱਤਰ ਭਾਈ ਸ਼ੰਕਰ ਸਿੰਘ ਜੀ ਨੇ ਜਿਥੇ ਸੱਚਖੰਡ ਦੇ ਆਰਤੀਏ ਦੀ ਸੇਵਾ ਸੰਭਾਲੀ, ਉਥੇ ਪਿਤਾ (ਗੁਲਾਬ ਸਿੰਘ ਜੀ ਦੇ) ਨਕਸ਼ੇ ਕਦਮ ਤੇ ਚਲਦੇ ਹੋਏ ਆਪਣੀ ਖਾਨਦਾਨੀ ਜੜ੍ਹ ਨੂੰ ਪੱਕਿਆਂ ਕਰਨ ਲਈ ਜਗਤ - ਮਾਤਾ—ਮਾਤਾ ਸਾਹਿਬ ਕੌਰ ਦੇ ਅਸਥਾਨ ਲਈ ਪਿੰਡ ਮੁਕਟ ਵਾਲੀ ਤੇ 'ਗਊ ਮਾਰੀ' ਜ਼ਮੀਨ ਦੀ ਦੇਖ ਭਾਲ ਕਰਨ ਲਈ ਆਇਆ

† ਭਾਈ ਗੁਲਾਬ ਸਿੰਘ ਜੀ ਆਰਤੀਆ— ਭਾਈ ਗੁਲਾਬ ਸਿੰਘ ਜੀ ਇਕ ਬਹੁਤ ਹੀ ਸ਼ਰਧਾਲੂ ਅਤੇ ਗੁਰੂ ਘਰ ਦੇ ਅਨਿੰਨ ਸੇਵਦਾਰ ਸਨ। ਬਾਣੀ ਬਾਣੇ ਦੇ ਧਾਰਨੀ ਅਤੇ ਸੇਵਾ ਭਾਵ ਦੇ ਸਦਾ ਚਾਹਣਾ ਕਰਨ ਵਾਲੇ। ਇਹਨਾਂ ਨੂੰ ਹਮੇਸ਼ਾਂ ਸਿੰਘਾਂ ਦਾ ਪਿਆਰ, ਸਤਿਕਾਰ ਦੀ ਵੱਡੀ ਦਾਤ ਸਤਿਗੁਰੂ ਜੀ ਪਾਸੋਂ ਮਿਲੀ ਹੋਈ ਸੀ। ਉਹ ਰੋਜ਼ਾਨਾ ਸਤਿਗੁਰੂ ਜੀ ਦੇ ਹਜ਼ੂਰ [ਤਖਤ ਸ੍ਰੀ ਸੱਚਖੰਡ ਸਾਹਿਬ] ਆਰਤੀ [ਜੋਤਾਂ ਜਗਾ ਕੇ] ਕਰਨ ਦੀ ਆਪਣੀ ਸੇਵਾ ਨੂੰ ਬੜੇ ਪਿਆਰ, ਉਤਸ਼ਾਹ ਨਾਲ ਨਿਭਾਹੁੰਦੇ ਅਤੇ ਆਰਤੀ ਦਾ ਉਚਾਰ ਵਿਸਮਾਦ ਰੰਗ ਵਿਚ ਉਚਾਰਦੇ। ਜਿਸ ਨੂੰ ਸੁਣ ਕੇ ਯਾਤਰੀ ਬਹੁਤ ਪ੍ਰਸੰਨ ਹੁੰਦੇ ਸਨ।

ਖਾਨਦਾਨੀ ਸ਼ਜਰਾ—

ਗਿਆਨੀ ਅਮਰ ਸਿੰਘ
|
ਭਾਈ ਗੁਲਾਬ ਸਿੰਘ ਆਰਤੀਆ (ਨਾਂਦੇੜ)
|
ਭਾ: ਸ਼ੰਕਰ ਸਿੰਘ ਆਰਤੀਆ | ਭਾ: ਸ਼ਾਹੂ ਸਿੰਘ | ਭਾ: ਸ਼ਮਸ਼ੇਰ ਸਿੰਘ | ਭਾਈ ਧਰਮ ਸਿੰਘ ਆਰਤੀਆ ਜਨਮ ੧੯੩੨

ਕਰਦੇ ਸਨ ਤੇ ਬਾਬਾ ਜੀ ਦੀ ਸ਼ਖਸੀਅਤ ਅਤੇ ਦੇਗ ਲੰਗਰ ਦੇ ਸੁਚੱਜੇ ਪ੍ਰਬੰਧ ਕਾਰਨ ਮਨ ਵਿਚ ਸ਼ਰਧਾ-ਪਿਆਰ ਤੇ ਬਹੁਤ ਸਾਰਾ ਪ੍ਰਭਾਵ ਲੈ ਕੇ ਜਾਂਦੇ। ਪਰ ਜਦ ਇਹ ਵੇਖਦੇ ਕਿ ਜੋ ਲੰਗਰ ਦੇਗ ਲਈ ਪਿਤਾ ਜੀ ਦੀ ਦਿਤੀ ਜ਼ਮੀਨ ਨਾ-ਕਾਫੀ ਹੈ, ਇਸ ਲਈ ਕਿਉਂ ਨਾ ਹੋਰ ਬੀਜ ਬੀਜਿਆ ਜਾਵੇ ਤਾਂ ਜੋ ਇਸ ਦਾ ਫਲ "ਤੁੱਟ ਨ ਆਵੈ ਕਾਈ" ਵਾਲਾ ਹੋਵੇ।

ਅਜੇਹੀਆਂ ਸ਼ੁਭ ਵਿਚਾਰਾਂ ਦੇ ਆਉਂਦਿਆਂ ਹੀ ਭਾਈ ਸ਼ੰਕਰ ਸਿੰਘ ਜੀ ਨੇ ਸੰਨ ੧੯੪੨ ਵਿਚ ੭-੮ ਏਕੜ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਮ ਇੰਤਕਾਲ ਹੀ ਕਰਵਾ ਦਿਤੀ। ਭਾਵੇਂ ਇਹ ਜ਼ਮੀਨ ਪਹਿਲਾਂ ਹੀ ਇਹਨਾਂ ਦੇ ਪਿਤਾ ਜੀ ਨੇ ਬਾਬਾ ਜੀ ਨੂੰ ਵਾਹੁਣ ਲਈ ਵਟਾਈ ਤੇ ਦੇ ਰੱਖੀ ਹੋਈ ਸੀ, ਅਤੇ ਇਸ ਨੂੰ ਬਾਬਾ ਜੀ ਵਲੋਂ ਇਕ ਦੋ ਨਿਹੰਗ ਸਿੰਘਾਂ ਦਾ ਪਹਿਰਾ ਲਾ ਕੇ ਵਾਹੁੰਦੇ ਸਨ।

ਹੁਣ ਮਾਤਾ ਜੀ ਦੇ ਅਸਥਾਨ ਤੇ ਲੰਗਰ ਦਾ, ਜਿਸ ਵੇਲੇ ਵੀ ਸੰਗਤ ਆਉਂਦੀ, ਪ੍ਰਸ਼ਾਦਾ, ਜਲ-ਪਾਣੀ ਦੀਆਂ ਸਾਰੀਆਂ ਸੁਵਿਧਾਵਾਂ ਮਿਲਣੀਆਂ ਪ੍ਰਾਪਤ ਹੋ ਗਈਆਂ।

ਉਸ ਵਕਤ ਤੱਕ ਸਿੰਘਾਂ ਦੀ ਗਿਣਤੀ ਭੀ ੩੦–੪੦ ਹੋ ਗਈ ਸੀ. ਜੋ ਇਥੇ ਹੀ ਰਿਹਾ ਕਰਦੇ ਸਨ, ਅਤੇ ਖੇਤੀ ਆਦਿ ਦਾ ਕੰਮ ਭੀ ਸਿੰਘ ਕਰਨ ਲੱਗ ਪਏ। ਆਦਿ ਅਤੇ ਦਸਮ ਦੀ ਗ੍ਰੰਥ ਸੰਥਾ ਲੈਣ ਵਾਲੇ ਵਿਦਿਆਰਥੀ ਭੀ ਆ ਟਿੱਕੇ।

ਗਊ ਮਾਰੀ ਜ਼ਮੀਨ ਦੀ ਰਜਿਸਟਰੀ

ਮਾਤਾ ਜੀ ਦੇ ਅਸਥਾਨ ਦੀ ਦਿਨੋਂ ਦਿਨ ਪ੍ਰਕਿਰਤੀ ਵਿਚ ਵਾਧਾ ਹੋਣ ਲੱਗ ਪਿਆ। ਜਿਥੇ ਮਾਤਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਨੂੰ ਹਰ ਪ੍ਰਾਣੀ ਅੰਦਰ ਲੋਚ ਲੱਗ ਪਈ, ਉਥੇ ਬਾਬਾ ਜੀ ਦੇ ਪਿਆਰ ਤੋਂ ਸ਼ਾਂਤੀ ਠੰਢਕ ਲੈਣ ਲਈ ਸੇਵਾ ਕਰਨ ਦੀ ਲੋਚਾ ਉਛਾਲੇ ਮਾਰਦੀ।

ਗਊ ਮਾਰੀ ਜ਼ਮੀਨ ੪੦ ਏਕੜ, ਜੋ ਸ: ਗੁਲਾਬ ਸਿੰਘ ਆਰਤੀਏ ਜੀ ਦੀ ਹੀ ਜਾਇਦਾਦ ਸੀ, ਇਹਨਾਂ ਨੇ ਬਾਬਾ ਜੀ ਨੂੰ ਪਹਿਲਾਂ ਕਾਸ਼ਤ ਕਰਨ ਲਈ ਦਿਤੀ ਹੋਈ ਸੀ। ਹੁਣ ਇਹਨਾਂ ਦੇ ਸਭ ਤੋਂ ਛੋਟੇ ਸਪੁਤਰ ਭਾਈ ਧਰਮ ਸਿੰਘ ਆਰਤੀਏ ਨੇ ਭੀ ਮਾਤਾ ਜੀ ਦੇ ਅਸਥਾਨ ਦੀ ਚੜ੍ਹਦੀ ਕਲਾ ਵੇਖ ਕੇ ਅਜਿਹੇ ਪ੍ਰਭਾਵਤ ਹੋਇ, ਕਿ ਉਹਨਾਂ ਇਹ ਜ਼ਮੀਨ ਭੀ ਮਾਤਾ ਜੀ ਦੇ ਅਸਥਾਨ, ਲੋਹ ਲੰਗਰ ਦੇ ਨਾਮ ਸੰਨ ੧੯੫੫ ਵਿਚ ਰਜਿਸਟਰੀ ਕਰਵਾ ਦਿਤੀ।

ਹੁਣ ਹਰ ਵੇਲੇ, ਕਿਸੇ ਵੇਲੇ ਭੀ ਸੰਗਤ ਆਵੇ, ਲੰਗਰ ਦੇਗ ਦਾ ਪਹਿਰਾ ਖੁੱਲ੍ਹਾ ਚਲਣ ਲੱਗ ਪਿਆ। ਦਿਨੋਂ ਦਿਨ ਸੰਗਤਾਂ ਦੀ ਆਵਾਜਾਈ ਭੀ ਵੱਧਣ ਲੱਗ ਪਈ।

ਆਸੀ ਵਾਲੀ ਜ਼ਮੀਨ ਭੀ ਨਾਮ ਲੱਗਣੀ

ਇਸੇ ਤਰ੍ਹਾਂ 'ਆਸੀ ਵਾਲੀ' ਜ਼ਮੀਨ ਸ਼ੀਘਰ ਹੀ ਮਾਤਾ ਜੀ ਦੇ ਲੋਹ ਲੰਗਰ ਦੇ ਨਾਮ ਲੱਗ ਗਈ। ਬਾਬਾ ਜੀ ਨੇ ਲੰਗਰ ਲਈ ਇਕ ਟੀਨਾਂ ਦਾ ਛੱਪਰ ਭੀ ਬਣਵਾ ਲਿਆ।

ਹੋਰ ਜ਼ਮੀਨ ਲੋਹ - ਲੰਗਰ ਦੇ ਨਾਮ ਲੱਗਣੀ

ਪਿੰਡ 'ਉੱਭੇ ਕੀ' ਜ਼ਿਲਾ ਸੰਗਰੂਰ ਕੀ ਰਾਜ ਮਾਤਾ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਨੂੰ ਆਏ। ਸੱਚਖੰਡ ਦੇ ਦੀਦਾਰੇ ਕਰਕੇ,ਹੋਰ ਅਸਥਾਨਾਂ ਦੇ ਦਰਸ਼ਨ ਕਰਨ ਉਪ੍ਰੰਤ ਜਦ ਮਾਤਾ ਜੀ ਦੇ ਅਸਥਾਨ ਪਹੁੰਚੇ। ਤਾਂ ਉਥੇ ਨਿਹੰਗ ਸਿੰਘਾਂ ਦਾ ਪਹਿਰਾ ਦੇਖ ਕੇ ਅਤੀ ਪ੍ਰਸੰਨ ਹੋਏ। ਜਦ ਜਵਾਰੀ ਦੇ ਪ੍ਰਸ਼ਾਦੇ ਅਤੇ ਮੱਥੇ ਦਾ ਦਾਲਾ ਛੱਕਿਆ ਤਾਂ ਰਾਜ ਮਹਿਲ ਦੇ ਛੱਤੀ ਪ੍ਰਕਾਰ ਦੇ ਖਾਣੇ ਭੁੱਲ ਗਏ। ਰਾਜ - ਮਾਤਾ ਦਾ ਦਿਲ ਬਾਬਾ ਜੀ ਦੇ ਦਰਸ਼ਨਾਂ ਨੂੰ ਚਾਹਿਆ।। ਪਤਾ ਲੱਗਣ ਤੇ ਜਦ ਰਾਜ - ਮਾਤਾ ਬਾਬਾ ਜੀ ਦੇ ਚਰਨ ਪਰਸਣ ਲਈ ਉਮਡੇ, ਤਾਂ ਬਾਬਾ ਜੀ ਪਿਛਾਂਹ ਹੱਟ ਗਏ। ਬਾਬਾ ਜੀ ਨੇ ਰਾਜ ਮਾਤਾ ਨੂੰ ਕਿਹਾ–ਰਾਜ ਮਾਤਾ ਜੀ! ਤੁਸੀਂ ਸਤਿਕਾਰ ਯੋਗ ਹੋ, ਤੁਸੀਂ ਜਗਤ - ਮਾਤਾ ਜੀ ਦੇ ਚਰਨ ਪਰਸੋ ? ਜਿਹਨਾਂ ਨੇ ਸਭ ਨੂੰ ਦਾਤਾਂ ਬਖਸ਼ਣੀਆਂ ਹਨ। ਸਾਡੇ ਬਿਹੰਗਮਾਂ ਪਾਸ ਕੀ ਹੈ ? ਨਾਲੇ ਅਸੀਂ ਤਾਂ ਆਪ ਸੇਵਾਦਾਰ ਹਾਂ, ਸੇਵਾਦਾਰ ਕੀ ਦੇ ਸਕਦਾ ਹੈ ਕਿਸੇ ਨੂੰ। ਅਸੀਂ ਆਪ ਮੰਗਤੇ ਹਾਂ ਇਸ ਦਰ ਦੇ।

ਰਾਜ - ਮਾਤਾ ਜੀ ਮਨ ਨੂੰ ਠੰਢਕ ਦੇਣ ਵਾਲੇ ਅਮੋਲਕ ਬਚਨ ਸੁਣ ਕੇ, ਲੰਗਰ ਦੇ ਪ੍ਰਸ਼ਾਦੇ ਦਾ ਕੋਈ ਅਕਹਿ ਰਸ, ਬਾਬਾ ਜੀ ਦੇ ਨੂਰੀ ਚਿਹਰੇ ਦਾ ਪ੍ਰਭਾਵ, ਜਿਸ ਤੇ ਰਾਜ - ਮਾਤਾ ਜੀ ਦਾ ਦਿਲ ਪਸੀਜ ਗਿਆ। ਉਹਨਾਂ ਨੇ ਚਾਹਿਆ ਕਿ ਜਿੰਨੀ ਵੱਧ ਤੋਂ ਵੱਧ ਸੇਵਾ ਹੋ ਸਕੇ, ਕੀਤੀ ਜਾਵੇ। ਕੋਈ ਅਜਿਹੀ ਸੇਵਾ ਕੀਤੀ ਜਾਵੇ,ਜਿਸ ਨਾਲ ਮਾਤਾ ਜੀ ਦੇ ਅਸਥਾਨ ਦਾ ਹਰ ਸਮੇਂ ਲੋਹ ਲੰਗਰ ਚਲਦਾ ਰਵੇ।

ਰਾਜਮਾਤਾ– ਬਾਬਾ ਜੀ ! ਮੇਰਾ ਮਨ ਚਾਹੁੰਦਾ ਹੈ ਕਿ ਕੋਈ ਸੇਵਾ ਕਰਾਂ, ਆਪ ਹੁਕਮ ਕਰੋ।

ਬਾਬਾ ਜੀ– ਇਹ ਅਸਥਾਨ ਤਾਂ ਸਭ ਦਾ ਸਾਂਝਾ ਹੈ, ਹਰ ਕੋਈ ਸੇਵਾ ਕਰ ਸਕਦਾ ਹੈ। ਜੋ ਕਿਸੇ ਦੀ ਭਾਵਨਾ ਹੋਵੇ। ਅਸੀਂ ਕੌਣ ਹਾਂ? ਹੁਕਮ ਕਰਨ ਵਾਲੇ।

ਰਾਜਮਾਤਾ– ਜੀ ਚਾਹੁੰਦਾ ਹੈ ਕਿ ਜੇ ਜ਼ਮੀਨ ਮਿਲਦੀ ਹੋਵੇ ਤਾਂ ਖਰੀਦ ਕੇ ਮਾਤਾ ਜੀ ਦੇ ਅਸਥਾਨ ਦੇ ਨਾਮ ਲੁਵਾਈ ਜਾਵੇ।

ਬਾਬਾ ਜੀ– ਹਾਂ ਜ਼ਮੀਨ ਮਿਲ ਜਾਵੇਗੀ, ਆਹ ਮਾਤਾ ਜੀ ਦੇ ਅਸਥਾਨ ਦੇ ਨਾਲ ਹੀ ਲੱਗਦੀ ਜ਼ਮੀਨ ਹੈ, ਮਿਲ ਜਾਵੇਗੀ। ਤੁਸਾਂ ਦੀ ਇੱਛਾ ਸਤਿਗੁਰੂ ਪੂਰੀ ਕਰਨਗੇ।

ਰਾਜ ਮਾਤਾ– (ਰਾਜ - ਮਾਤਾ ਨੇ ਸੋਨੇ ਦੇ ਮੋਟੇ ਕੜੇ ਦੋ ਲਾਹ ਦਿਤੇ, ਤੇ ਹੋਰ ਗਹਿਣੇ ਭੀ ਲਾਹ ਕੇ ਬਾਬਾ ਜੀ ਦੇ ਹਵਾਲੇ ਕਰਦੇ ਹੋਏ ਕਿਹਾ) ਬਾਬਾ ਜੀ ਇਹਨਾਂ ਨੂੰ ਸਵੀਕਾਰ ਕਰੋ। ਇਹਨਾਂ ਦੀ ਰਕਮ ਵੱਟ ਲਵੋ। ਜੇ ਇਹ ਰਕਮ ਘੱਟ ਰਹੀ ਤਾਂ ਹੋਰ ਦਿਤੀ ਜਾਵੇਗੀ। ਤੁਸੀਂ ਅੱਜ ਹੀ ਇਸ ਜ਼ਮੀਨ ਦਾ ਸੌਦਾ ਕਰ ਲਓ।

ਬਾਬਾ ਜੀ– ਰਾਜ ਮਾਤਾ ! ਇਹ ਕੜੇ ਤੇ ਗਹਿਣੇ ਸਾਡੇ ਕਿਸ ਕੰਮ ਹਨ, ਨਾਲੇ ਸਾਡੇ ਵਿਚੋਂ ਇਨ੍ਹਾਂ ਨੂੰ ਕਿਵੇਂ ਕੋਈ ਵੇਚੇਗਾ?ਕੋਈ ਕਹੇਗਾ ਕਿ ਕੱਲ੍ਹ ਤੇ ਇਥੇ ਕਈ ਕਈ ਦਿਨ ਰੋਟੀ ਨਹੀਂ ਸੀ ਮਿਲਦੀ, ਅਜ ਸੋਨਾ ਕਿਥੋਂ ਲੈ ਆਏ ਹਨ। ਜਰੂਰ ਕਿਧਰੇ ਲੁਟ ਮਾਰ ਕੀਤੀ ਹੋਵੇਗੀ ? ਇਹ ਕਾਰਜ ਸਾਥੋਂ ਨਹੀਂ ਹੋਣਾ। ਇਸ ਲਈ ਇਹਨਾਂ ਨੂੰ ਤੁਸੀਂ ਹੀ ਵੇਚੋ ਜਾਂ ਨਾ ਵੇਚੋ, ਇਹ ਤਾਂ ਆਪ ਦੇ ਕਰਨ ਵਾਲਾ

ਕਾਰਜ ਹੈ, ਅਸਾਂ ਦਾ ਨਹੀਂ।

ਰਾਜ ਮਾਤਾ– ਚੰਗਾ ਬਾਬਾ ਜੀ ! ਜਿਵੇਂ ਆਪ ਦੀ ਰਜ਼ਾ ! ਪਰ ਇਸ ਸਾਰੀ ਜ਼ਮੀਨ ਦੀ ਰਕਮ ਤਾਂ ਇਸ ਜ਼ਮੀਨ ਦੇ ਮਾਲਕ ਮਰਹੱਟੇ ਨੂੰ ਬੁਲਾ ਕੇ ਪੁਛਵਾ ਦਿਓ, ਤਾਂਕਿ ਅਸੀਂ ਰਕਮ ਦਾ ਬੰਦੋਬਸਤ ਕਰ ਕੇ ਇਹ ਜ਼ਮੀਨ ਜ਼ਰੂਰ ਹੀ ਮਾਤਾ ਜੀ ਦੇ ਅਸਥਾਨ ਦੇ ਨਾਮ ਲੁਵਾ ਜਾਣੀ ਹੈ।

ਜ਼ਮੀਨ ਦੇ ਮਾਲਕ ਨੂੰ ਬੁਲਾਇਆ ਗਿਆ। ਰਕਮ ਤਹਿ ਹੋ ਗਈ ਅਤੇ ਬਿਆਨਾ ਰਾਜ ਮਾਤਾ (ਪਟਿਆਲਾ) ਨੇ ਦਿਤਾ। ਦੋ ਚਾਰ ਦਿਨ ਵਿਚ ਹੀ ਪੈਸਿਆਂ ਦਾ ਪ੍ਰਬੰਧ ਕਰ ਕੇ ਇਹ ਜ਼ਮੀਨ ਹੋਰ ਖ਼ਰੀਦ ਕੇ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ, ਲੋਹ ਲੰਗਰ ਦੇ ਨਾਮ ਲੁਵਾ ਦਿਤੀ।

ਬਾਬਾ ਜੀ ਜਦ ਭੀ ਕਿਸੇ ਜ਼ਮੀਨ ਦੀ ਰਜਿਸਟਰੀ ਕਰਾਉਂਦੇ ਸਨ, ਤਾਂ ਲੋਹ - ਲੰਗਰ ਮਾਤਾ ਜੀ ਦੇ ਅਸਥਾਨ ਦੇ ਨਾਮ ਕਰਾਉਂਦੇ ਸਨ, ਆਪਣੇ ਨਾਮ ਨਹੀਂ ਕਰਾਉਂਦੇ ਸਨ ਅਤੇ ਰਜਿਸਟਰੀ ਦਫਤਰ–ਤਖਤ ਸੱਚਖੰਡ ਭੇਜ ਦੇਂਦੇ ਸਨ।

ਇਸ ਤਰ੍ਹਾਂ ਸਿੰਘਾਂ ਦਾ ਮਨ - ਪਰਚਾਵਾ ਵੀ ਖੇਤੀ ਬਾੜੀ ਕਰਨ ਵਿਚ ਹੋਣ ਲੱਗ ਪਿਆ ਅਤੇ ਤਕਰੀਬਨ ਮਾਤਾ ਜੀ ਦੇ ਸੱਤ ਹਲਾਂ ਦੀ ਵਾਹੀ ਅਰੰਭ ਹੋ ਗਈ। ਜਿਸ ਕਰ ਕੇ ਇਤਨੀ ਪੈਦਾਵਾਰ ਹੋਣ ਲੱਗ ਪਈ ਕਿ ਦਿਨ ਰਾਤ ਲੰਗਰ ਚੱਲਣ ਲੱਗ ਪਿਆ।

ਮਰਹੱਟੇ ਅਕਸਰ ਈਰਖਾ ਕਰਦੇ ਰਹਿੰਦੇ ਸਨ ਅਤੇ ਇਸ ਅਸਥਾਨ ਦੀ ਦਿਨੋਂ ਦਿਨ ਚੜ੍ਹਦੀ ਕਲਾ ਹੁੰਦੀ ਵੇਖ ਕੇ ਸਹਾਰ ਨਹੀਂ ਸਕਦੇ ਸਨ। ਜਿਸ ਕਰ ਕੇ ਉਹ ਨਿੱਤ ਹੀ ਕੋਈ ਨਾ ਕੋਈ ਅਪਵਾਦੀ ਖੇਹੜੀ ਰੱਖਦੇ ਸਨ।

ਜੰਗ ਵਾਲਾ ਖੇਤ–ਮਰਹੱਟਿਆਂ ਦਾ ਕਬਜ਼ਾ ਕਰਨ ਦੀ ਵਿਉਂਤ ਅਸਫਲ ਹੋਣੀ

ਜੰਗ ਵਾਲਾ ਖੇਤ ਭਾਵੇਂ ਮਾਤਾ ਜੀ ਦੇ ਅਸਥਾਨ ਦੀ ਮਾਲਕੀ ਵਿਚ ਆ ਚੁਕਿਆ ਸੀ, ਜੋ ਮਾਤਾ ਜੀ ਦੇ ਅਸਥਾਨ ਦੇ ਨਾਲ ਲੱਗਦਾ ਸੀ। ਪਰ ਮਰਹੱਟੇ ਇਸ ਖੇਤ ਦਾ ਕਬਜ਼ਾ ਦੇਣਾ ਨਹੀਂ ਚਾਹੁੰਦੇ ਸਨ। ਇਕ ਦਿਨ ਬਹੁਤ ਸਾਰੇ ਮਰਹੱਟੇ, ਇਕੱਠੇ ਹੋ ਕੇ ਤੇ ਲੜਨ ਦੀਆਂ ਪੂਰੀਆਂ ਤਿਆਰੀਆਂ ਕਰ ਕੇ ਅਤੇ ਹਥਿਆਰ ਲੈ ਕੇ ਖੇਤ ਵਿਚ ਜਾ ਵੜੇ।

ਉਧਰ ਜਦ ਬਾਬਾ ਜੀ ਨੂੰ ਪਤਾ ਲੱਗਾ, ਤਾਂ ਅੱਜ ਪਹਿਲੀ ਵਾਰ ਸੀ ਜਦ ਕਿ ਬਾਬਾ ਜੀ ਖੁਦ ਬੰਦੂਕ ਚੁੱਕ ਕੇ ਸਿੰਘਾਂ ਅੱਗੇ ਹੋ ਟੁਰੇ। ਜਦ ਉਹ ਖੇਤ ਵਿਚ ਪਹੁੰਚੇ ਹੀ ਸਨ, ਤਾਂ ਮਰਹੱਟਿਆਂ ਨੇ ਵੇਖਿਆ ਕਿ ਬਹੁਤ ਸਾਰੇ ਸਿੰਘਾਂ ਦੇ ਅਗੇ ਬਾਬਾ ਜੀ ਆਪ ਬੰਦੂਕ ਚੁੱਕੀ ਆ ਰਹੇ ਹਨ ਤਾਂ ਕੁਝ ਠਠੰਬਰ ਗਏ ਅਤੇ ਆਪੋ ਵਿਚ ਘੁਸ - ਮਸੂਰੀਆਂ ਕਰਨ ਲੱਗੇ।

ਬਾਬਾ ਜੀ ਨੇ ਬੜੇ ਰੋਹ ਵਿਚ ਉਹਨਾਂ ਨੂੰ ਲਲਕਾਰ ਕੇ ਕਿਹਾ–ਆਓ ਕੋਈ ਸੂਰਮਾ ! ਹੈ ਕੋਈ ਮਾਂ ਦਾ ਜਾਇਆ?ਜੋ ਜਗਤ ਮਾਤਾ ਜੀ ਦੀ ਜ਼ਮੀਨ ਤੇ ਹੱਲ ਚਲਾ ਕੇ ਕਬਜ਼ਾ ਕਰ ਕੇ ਦਿਖਾਵੇ। ਅੱਜ ਸਾਡਾ ਤੇ

ਤੁਹਾਡਾ ਨਿੱਤ ਦਾ ਝੱਗੜਾ ਮੁੱਕ ਜਾਵੇਗਾ।

ਜਾਂ ਫਿਰ ਅਸੀਂ ਸਾਰੇ ਸ਼ਹੀਦ ਹੋ ਜਾਵਾਂਗੇ ਤਾਂ ਫਿਰ ਤੁਸਾਂ ਕਬਜ਼ਾ ਕਰ ਲੈਣਾ, ਜਾਂ ਫਿਰ ਤੁਹਾਨੂੰ ਅਸੀਂ ਘਰ ਨੂੰ ਨਹੀਂ ਜਾਣ ਦਿਆਂਗੇ। ਸੋਚ ਲਵੋ ? ਜਿਵੇਂ ਜਿਸ ਰਾਹੇ ਚੱਲਣਾ ਹੈ, ਚੱਲ ਲਵੋ ਮਰਨਾ ਕਿ ਮਾਰਨਾ ! ਅੱਜ ਫੈਸਲਾ ਹੀ ਕਰ ਲੈਣਾ ਹੈ ਇਹ ਨਿੱਤ ਦਾ ਝਗੜਾ ਹੀ ਮੁੱਕ ਜਾਵੇ।

ਬਾਬਾ ਜੀ ਨੇ ਬੰਦੂਕ ਕਿਥੋਂ ਚਲਾਉਣੀ ਸੀ, ਬੰਦੂਕ ਦੀ ਗੋਲੀ ਤਾਂ ਇਕ ਅੱਧ ਨੂੰ ਹੀ ਨਿਸ਼ਾਨਾ ਮਾਰਦੀ ਪਰ ਬਾਬਾ ਜੀ ਦੇ ਬਚਨਾਂ ਨੇ ਸਭ ਨੂੰ ਗੋਲੀ ਮਾਰ ਕੇ ਬਿਸਮਿਲ ਕਰ ਦਿਤਾ। ਹੁਣ ਕੋਈ ਆਤਮਾ ਕਰ ਕੇ ਜ਼ਿੰਦਾ ਹੁੰਦਾ ਤਾਂ ਅੱਗੇ ਵੱਧਦਾ, ਲੜਦਾ ਜਾਂ ਹੱਲ ਚਲਾਂਦਾ।

ਸਾਰੇ ਮਰਹੱਟੇ ਸਿਰ ਸੁੱਟੀ, ਬੁੱਤ ਬਣੀ ਖਲੋਤੇ ਰਹੇ ਤੇ ਸਹਿਜੇ ਸਹਿਜੇ ਖਿਸਕਣੇ ਸ਼ੁਰੂ ਹੋ ਗਏ। ਪਲੋ ਪਲੀ ਖੇਤ ਖਾਲੀ ਹੋ ਗਿਆ ਤੇ ਉਹਨਾਂ ਤੇ ਸਦਾ ਲਈ ਸਿੰਘਾਂ ਦਾ ਐਸਾ ਦਬਾਅ ਪਿਆ ਕਿ ਫਿਰ ਕਦੀ ਅਜਿਹਾ ਝੱਗੜਾ ਐਵੇਂ ਮੁੱਲ ਨਾ ਲੈਂਦੇ, ਸਗੋਂ ਉਹਨਾਂ ਦੇ ਮਨਾਂ ਅੰਦਰ ਬਾਬਾ ਜੀ ਦਾ ਸਤਿਕਾਰ ਵੱਧ ਗਿਆ। ਉਹ ਵੀ ਹੁਣ ਆ ਕੇ ਗੁਰੂ ਦਰਬਾਰ ਦੀ ਸੇਵਾ ਕਰਿਆ ਕਰਦੇ ਸਨ।

ਪਿੰਡ ਮੁਕਟ ਵਾਲੀ ਜ਼ਮੀਨ ਦਾ ਝਗੜਾ

ਇਸੇ ਤਰ੍ਹਾਂ ਪਿੰਡ ਮੁਕਟ ਵਾਲੀ ਜ਼ਮੀਨ ਦੀ ਸੀਮਾਂ ਦਾ ਵੀ ਵਾਦ - ਵਿਵਾਦ ਹੋਇਆ ਸੀ। ਪਿੰਡ ਵਾਲਿਆਂ ਨੇ ਪਟਵਾਰੀ, ਕਾਨੂੰਗੋ ਤੇ ਤਹਿਸੀਲਦਾਰ ਆਪਣੇ ਕਬਜ਼ੇ ਕਰ ਰੱਖੇ ਸਨ। ਸੀਮਾਂ ਵੰਡ ਦੀਆਂ ਬੁੱਤੀਆਂ ਲਾਈਆਂ ਗਈਆਂ। ਸਿੰਘਾਂ ਨੇ ਪੁੱਟ ਕੇ ਉਹਨਾਂ ਨੂੰ ਆਪਣੀ ਅਸਲ ਹੱਦ ਤੇ ਮੁੜ ਗੱਡ ਦਿਤੀਆਂ। ਪਿੰਡ ਵਾਲੇ, ਪਟੱਵਾਰੀ (ਜੋ ਉਹਨਾਂ ਦੇ ਹੱਕ ਵਿਚ ਬੋਲ ਰਿਹਾ ਸੀ ਮਾਤਾ ਜੀ ਦੀ ਜ਼ਮੀਨ 'ਚੋਂ ਬੁੱਤੀਆਂ ਪੁੱਟ ਕੇ ਪਿੰਡ ਵਾਲਿਆਂ ਦੇ ਹੱਕ ਜੱਤਾ ਕੇ ਬੁੱਤੀਆਂ ਮਾਤਾ ਜੀ ਦੀ ਜ਼ਮੀਨ ਵਲ ਲਾ ਦੇਵੇ।

ਅਖੀਰ ਨਿਰਣਾ ਬਾਬਾ ਜੀ ਤੇ ਹੋਣਾ ਨੀਯਤ ਹੋਇਆ। ਬਾਬਾ ਜੀ ਨੇ ਬਚਨ ਕੀਤਾ ਕਿ ਪ੍ਰਮੇਸ਼ੁਰ ਸਭ ਦਾ ਸਾਂਝਾ ਹੈ। ਜੇ ਪੁੱਤਾਂ ਲਈ ਪਿਤਾ ਦਾ ਪਿਆਰ ਹੈ, ਤਾਂ ਮਾਤਾ ਦਾ ਪਿਆਰ ਸਭ ਪੁੱਤਰਾਂ ਲਈ ਵਧੇਰੇ ਹੋਇਆ ਕਰਦਾ ਹੈ। ਕੀ ਹੋਇਆ ਜੇ ਸਰਕਾਰੀ ਕਰਮਚਾਰੀ ਆਪਣੀ ਡਿਊਟੀ ਲੋਭ - ਲਾਲਚ ਕਰ ਕੇ ਮਾਤਾ ਜੀ ਦੇ ਅਸਥਾਨ ਦਾ ਹੱਕ ਗੁਵਾਉਣਾ ਚਾਹੁੰਦੇ ਹਨ, ਤਾਂ ਸਾਨੂੰ ਕੋਈ ਇਤਰਾਜ਼ ਨਹੀਂ। ਜੇ ਮਾਂ ਪੁਤਰਾਂ ਤੋਂ ਹੱਕ ਲੈਣ ਦੇ ਸਮਰੱਥਕ ਤੇ ਹੱਕਦਾਰ ਹਨ, ਤਾਂ ਆਪੇ ਲੈ ਲੈਣਗੇ।

ਕਿਉਂ ਬਈ ਨਗਰ ਨਿਵਾਸੀਓ ! ਅਤੇ ਸਰਕਾਰੀ ਕਰਮਚਾਰੀਓ ! ਉਸ ਪ੍ਰਮਾਤਮਾ ਪਿਤਾ ਦੇ ਸਪੂਤੋ ? ਸੱਚ ਦਾ ਤੋਲ ਜੋ ਤੁਸੀਂ ਆਪਣੇ ਧਰਮ ਨੂੰ ਮੁੱਖ ਰੱਖ ਕੇ ਇਹ ਜੋ ਕੁਝ ਕਰਵਾਕੇ ਤੋਲਿਆ ਹੈ,ਸੋਚ ਲਵੋ ਕੀ ਇਹ ਠੀਕ ਹੈ ?

ਬਾਬਾ ਜੀ ਦੇ ਪ੍ਰਭਾਵ ਅਗੇ ਸਭ ਸਿਰ ਨੀਵਾਂ ਕਰ ਕੇ ਨਿਰੁੱਤਰ ਹੋ ਕੇ ਚੁੱਪ ਕਰ ਗਏ।

ਬਾਬਾ ਜੀ ਬੋਲੇ—ਜੇ ਤੁਸੀਂ ਝੂਠ ਦਾ ਸਹਾਰਾ ਲੈ ਕੇ ਆਪਣਾ ਧਰਮ ਗੰਵਾਣਾ ਚਾਹੁੰਦੇ ਹੋ ਤਾਂ ਅਸੀਂ ਸੱਚ ਦਾ ਕਿਵੇਂ ਤਿਆਗ ਕਰਾਂਗੇ। ਸੋ ਅਸਾਂ ਮਾਤਾ ਜੀ ਦਾ ਹੱਕ ਛੱਡਣਾ ਨਹੀਂ। ਜੇ ਤੁਸੀਂ ਜਗਤ ਮਾਤਾ ਜੀ ਦਾ ਅਹਿਸਾਨ ਭੁੱਲਾ ਕੇ ਕਪੁੱਤਰ ਬਣ ਕੇ ਹੱਕ ਜ਼ਬਰਦਸਤੀ ਛੀਨਣਾ ਚਾਹੋਗੇ ਤਾਂ ਇਸ ਦਾ ਭੁਗਤਾਨ

ਤੁਸਾਂ ਭੁਗਤਣੀ ਹੋਵੇਗੀ ਇਹ ਧਰਮ ਅਸਥਾਨ ਦੀ ਜਾਇਦਾਦ ਹੈ,ਇਹ ਅਸਥਾਨ ਸਭ ਦਾ ਸਾਂਝਾ ਹੈ। ਸੋਚ ਲਵੋ ਫਿਰ ਨਾ ਪਛਤਾਣਾ ?

ਸਾਰੇ ਘੁੱਸਰ ਮੁੱਸਰ ਕਰਨ ਲੱਗ ਪਏ। ਸਰਕਾਰੀ ਕਰਮਚਾਰੀ ਆਪਣੇ ਇਕ ਪੱਖੀ ਝੂਠ ਤੋਂ ਡਰਦੇ ਖਿਸਕ ਗਏ। ਜਦੋਂ ਸੂਕਾਰੀ ਅਫਸਰ ਹੀ ਖਿੱਸਕ ਗਏ ਤਾਂ ਪਿੰਡ ਵਾਲੇ ਭੀ ਆਪੇ ਉਠਕੇ ਚਲੇ ਗਏ। ਅਸਲ ਹੱਦ ਤੇ ਸਿੰਘਾਂ ਦੀਆਂ ਲੱਗੀਆਂ ਬੁੱਤੀਆਂ ਉਸੇ ਤਰਾਂ ਹੀ ਬਰਕਰਾਰ ਰਹੀਆਂ। ਫਿਰ ਕਿਸੇ ਭੀ ਮਰਹੱਟੇ ਦਾ ਗੀਆ ਨਾ ਪਿਆ।

ਹੁਣ ੨੦† ਕਿਲੇ ਹੋਰ ਜ਼ਮੀਨ ਬਾਬਾ ਗੁਰਬਖਸ਼ ਸਿੰਘ ਜੀ ਤੇ ਭਾਈ ਪ੍ਰੇਮ ਸਿੰਘ ਜੀ ਦੇ ਪਹਿਰੇ ਵਿਚ ਸੜਕਾਂ ਪਾਰ, ਨਾਲੇ ਦੇ ਨਾਲ ਖਰੀਦ ਕੀਤੀ ਗਈ ਹੈ। ਹੁਣ ਹੱਲਾਂ ਦੀ ਬਜਾਇ ਟਰੈਕਟਰਾਂ ਨਾਲ ਵਾਹੀ ਹੋ ਰਹੀ ਹੈ।

ਬ੍ਰਹਮ ਗਿਆਨੀ ਦੀ ਭਾਲ

ਜਦ ਕੋਈ ਜੀਵ, ਇਸ਼ਟ ਦੇ ਬਚਨਾਂ ਨੂੰ ਮਨ ਵਿਚ ਦ੍ਰਿੜਤਾ ਨਾਲ ਧਾਰਨ ਕਰ ਕੇ ਉਸ ਨੂੰ ਪੜ੍ਹਦਾ ਸੁਣਦਾ ਹੈ, ਤਾਂ ਅਵੱਸ਼ਜ ਹੀ ਮਨ ਨੂੰ ਸੋਝੀ ਆਉਂਦੀ ਹੈ ਤੇ ਇਸ਼ਟ ਦੀ ਭਾਲ ਕਰਨ ਨੂੰ ਰੁਖ ਕਰਦਾ ਹੈ। ਤੇ ਕਈ ਵਾਰੀ ਉਹ ਮਨੁੱਖ ਮਨ ਦੀ ਤੇਜ਼ ਰਫਤਾਰ ਨਾਲ ਹੀ ਵਹਿ ਜਾਂਦਾ ਹੈ ਇਸ ਉਖੜੇਵੇਂ ਵਿਚ ਸੱਚ ਦਾ ਚਾਨਣ ਹੁੰਦਿਆਂ ਭੀ ਹਨੇਰੇ ਵਿਚ ਹੋਰ ਰਸਤੇ ਟੁਰ ਪੈਂਦਾ ਹੈ। ਫਿਰ ਉਹ ਸੰਸਿਆਂ ਦੇ ਸਾਗਰ ਵਿਚ ਅਜਿਹੇ ਗੋਤੇ ਖਾਣ ਲੱਗ ਜਾਂਦਾ ਹੈ ਫ਼ਿਰ ਉਸ ਨੂੰ ਕਿਨਾਰਾ ਲੱਭਣਾ ਮੁਸ਼ਕਲ ਹੋ ਜਾਂਦਾ ਹੈ।

ਗੁਰਸਿੱਖ ਮਾਰਗ ਵਿਚ ਭੀ ਅਸੀਂ ਆਪਣੀ ਨਿੱਤ ਦੀ ਕ੍ਰਿਆ ਕਰਦੇ, ਮਨ ਚੰਚਲ ਦੀ ਚਾਲ ਨਾ ਸਮਝਦੇ ਹੋਏ, ਅਜਿਹੇ ਸੰਸਿਆਂ ਦਾ ਸ਼ਿਕਾਰ ਹੋ ਜਾਂਦੇ ਹਾਂ ਅਤੇ ਸਾਡੀ ਤੀਖਣ ਬੁੱਧੀ ਹੰਕਾਰ ਦੀ ਪੱਕੜ ਵਿਚ ਆ ਕੇ ਦੇਸ਼ - ਬਿਦੇਸ਼ ਭੌਂਦੀ - ਪਰਖਦੀ ਫਿਰਦੀ ਹੈ।

ਗੁਰਬਾਣੀ ਇਕ ਚਾਨਣ ਮੁਨਾਰਾ ਹੈ। ਜੋ ਪੜ੍ਹਨ, ਸਮਝਣ ਤੇ ਮੰਨ ਕੇ, ਅਮਲ (ਕਰਮ) ਕਰਨ ਤੇ ਜੀਵ ਨੂੰ ਨਿਰਭਰ ਕਰਾਉਂਦੀ ਹੈ ਤੇ ਦ੍ਰਿੜ ਵਿਸ਼ਵਾਸੀ ਨੂੰ ਹਰ ਉਹ ਸੰਸਾ, ਜੋ ਮਨ ਦੀ ਤੀਖਣਤਾ ਨਾਲ

---

† ਕੁਲ ਮਾਤਾ ਜੀ ਦੇ ਅਸਥਾਨ ਦੀ ਜ਼ਮੀਨ ਦਾ ਵੇਰਵਾ

੧.	ਪਿੰਡ ਜੌਲੇ ਵਾਲੀ ਜ਼ਮੀਨ	੪੦ ਕਿਲੇ
੨.	ਪਿੰਡ ਮੁਕਟ ਵਾਲੀ ਜ਼ਮੀਨ	੩੦ ਕਿਲੇ
੩.	ਪਿੰਡ ਗਊ ਮਾਰੀ ਵਾਲੀ ਜ਼ਮੀਨ	੪੦ ਕਿਲੇ
੪.	ਜੰਗਲ ਵਾਲੀ ਤੇ ਹੋਰ ਖਰੀਦੀ	੯੦ ਕਿਲੇ
	ਕੁਲ ਜ਼ਮੀਨ	੨੦੦ ਕਿਲੇ

[ਨੋਟ—ਇਸ ਵਿਚ ਜ਼ਮੀਨ ਜੱਗੂ ਵਾਲਾ, ਬੋਈ ਵਾਲਾ ਤੇ ਗੰਗਾ ਰਾਮ ਵਾਲੀ ੨੦ ਕਿਲੇ ਭੀ ਖਰੀਦ ਕੀਤੇ ਹੋਏ ਹਨ।]

ਕਠੋਰ ਤੋਂ ਕਠੋਰ ਉੱਠਦਾ ਹੈ, ਉਸ ਤੇ ਕਾਬੂ ਪਾ ਦੇਂਦੀ ਹੈ। ਉਸ ਨੂੰ ਦੂਰ ਕਰ ਕੇ ਜੀਵ ਨੂੰ ਨਿਰਉੱਤ ਕਰ ਦੇਂਦੀ ਹੈ। ਅਤੇ ਸੰਸੇ ਨਵਿਰਤ ਕਰ ਕੇ ਸੱਚ ਦੀ ਹੋਂਦ 'ਕੁਦਰਤ ਦਿਸੈ ਕੁਦਰਤ ਸੁਣੀਐ' ਵਿਚ ਪ੍ਰਭੂ ਭਾਲਣ ਦੀ ਸੋਝੀ ਦੇਂਦੀ ਹੈ।

ਰਾਜ ਮਾਤਾ (ਪਟਿਆਲਾ) ਵਲੋਂ ਬ੍ਰਹਮ ਗਿਆਨੀ ਦੀ ਭਾਲ ਅਤੇ ਪਰਖ

ਰਾੜਾ ਸਾਹਿਬ ਵਾਲੀ ਮਾਤਾ ਜੋ ਪਟਿਆਲੇ ਦੇ ਰਾਜ - ਘਰਾਣੇ ਵਿਚ ਵਿਆਹੇ ਹੋਏ ਸਨ, ਜੋ ਆਮ ਤੌਰ ਤੇ ਸਫੈਦ ਬਸਤ੍ਰ ਪਹਿਣਦੇ ਸਨ, ਸਫੈਦ ਉੱਨ ਦੀ ਮਾਲਾ ਅਤੇ ਸਫੈਦ ਉੱਨ ਦਾ ਆਸਣ ਆਪਣੇ 'ਨਾਮ ਸਿਮਰਨ ਲਈ' ਆਪਣੇ ਪਾਸ ਰੱਖਦੇ ਸਨ (ਪ੍ਰਤੀਤ ਹੁੰਦਾ ਸੀ ਕਿ ਜਿਵੇਂ ਨਾਮਧਾਰੀ ਸ਼੍ਰੇਣੀ ਦਾ ਕਾਫੀ ਪ੍ਰਭਾਵ ਸੀ] ਹਰ ਵੇਲੇ ਬਾਣੀ ਪੜ੍ਹਦੇ ਰਹਿਣਾ ਇਹਨਾਂ ਦਾ ਇਕ ਅਤੁੱਟ ਅੰਗ ਸੀ, ਤੇ ਮਾਲਾ ਫੇਰਦੇ ਰਹਿਣਾ, ਇਹਨਾਂ ਦੇ ਜੀਵਨ ਦਾ ਇਕ ਵੱਡਾ ਭਾਗ ਸੀ।

ਇਕ ਵਾਰੀ ਰਾਜ - ਮਾਤਾ, ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਦਿਆ 'ਬ੍ਰਹਮ ਗਿਆਨੀ' ਦੀ ਅੱਠਵੀਂ ਅਸਟਪਦੀ (ਜੋ ਸ੍ਰੀ ਗੁਰੂ ਅਰਜਨ ਦੇਵ ਜੀ ਪੰਚਮ ਪਾਤਸ਼ਾਹ ਨੇ ਸ੍ਰੀ ਸੁਖਮਨੀ ਸਾਹਿਬ‡ ਸੁੱਖਾਂ ਦਾ ਖਜ਼ਾਨਾ' ਉਚਾਰਨ ਕੀਤੀ ਹੈ) ਵਿਚ ਅਜਿਹੇ ਲੀਨ ਹੋਏ ਜਿਵੇਂ ਜਲ ਵਿਚ ਜਲ ਅਭੇਦ ਹੋ ਜਾਂਦਾ ਹੈ। ਬ੍ਰਹਮ ਮੰਡਲ ਦੀ ਉਡਾਰੀ ਵਿਚ 'ਬ੍ਰਹਮ ਗਿਆਨੀ ਆਪਿ ਪਰਮੇਸੁਰ ॥' ਦੇ ਦਰਸ਼ਨਾਂ ਦਾ ਸੰਕਲਪ ਮਨ

‡ ਸ੍ਰੀ ਸੁਖਮਨੀ ਸਾਹਿਬ–ਜਿਵੇਂ ਕਲਜੁੱਗੀ ਜੀਵਾਂ ਦੇ ਉਧਾਰ ਲਈ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸੁਖੈਨਤਾ ਦਾ ਮਾਰਗ–'ਗੁਰਮੁਖ ਗਾਡੀ ਰਾਹ ਚਲਾਇਆ' ਚਲਾਇਆ ਸੀ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਸ੍ਰੀ ਗੋਇੰਦਵਾਲ ਸਾਹਿਬ ਜੀਵਾਂ ਦੀ ਮੁਕਤੀ ਲਈ ਸ੍ਰੀ ਬਾਉਲੀ ਸਾਹਿਬ ਜੀ ਦੀ ਰਚਨਾ ਰੱਚੀ ਤੇ ਪਿੰਡ ਬਾਸਰਕੇ ਗੁ: ਸੰਨ੍ਹ ਸਾਹਿਬ ਨੂੰ ਇਹ ਵਰ ਬਖਸ਼ਿਆ ਕਿ ਜੋ ਇਥੇ ਮੁਕਤ ਦੁਆਰ ਹੈ। ਇਸੇ ਤਰਾਂ ਸ੍ਰੀ ਗੁਰੂ ਰਾਮ ਦਾਸ ਚੌਥੇ ਪਾਤਸ਼ਾਹ ਜੀ ਨੇ 'ਦੁੱਖ ਭੰਜਨੀ' ਦੀ ਅਦੁੱਤੀ ਦੇਣ ਜੀਵਾਂ ਨੂੰ ਬਖਸ਼ੀ ਹੈ–

ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀਅ ਕਾ ॥

ਇਸੇ ਤਰ੍ਹਾਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਅਮੁੱਲੀ ਦਾਤ 'ਸਤਿਗੁਰੂ ਹੈ ਬੋਹਿਥਾ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਬਦਾਵਤਾਰ ਦੀ ਰਚਨਾ 'ਸ਼ਬਦ ਸੁਰਤ ਲਿਵਲੀਨ ਹੋਇ' ਸਾਰੀ ਲੋਕਾਈ ਨੂੰ ਭਵ - ਸਾਗਰ (ਸਮੁੰਦਰ) ਤੋਂ ਪਾਰ ਹੋਣ ਲਈ ਹੋਰ ਭੀ ਸੁਖੈਣ ਮਾਰਗ ਦੀ ਅਮੁੱਲੀ ਰਚਨਾ (ਸ੍ਰੀ ਸੁਖਮਨੀ ਸਾਹਿਬ) ਰੱਚੀ ਤੇ ਜੀਵਾਂ ਦੀ ਦਿਨ ਰਾਤ ਦੀ ਤੱਪਸਿਆ ਦਾ ਫਲ 'ਸ੍ਰੀ ਸੁਖਮਨੀ ਸਾਹਿਬ ਜੀ' ਦੇ ਇਕ ਪਾਠ ਕਰਨ ਵਿਚ ਅੰਕਿਤ ਕਰ ਦਿਤਾ, ਕਿਉਂਕਿ ਦਿਨ ਅਤੇ ਰਾਤ ਵਿਚ ੨੪੦੦੦ (ਚੌਵੀ ਹਜ਼ਾਰ) ਸ੍ਵਾਸ ਜੀਵ ਲੈਂਦਾ ਹੈ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਅੱਖਰ ਭੀ ੨੪੦੦੦ (ਚੌਵੀ ਹਜ਼ਾਰ) ਹੀ ਰਚਨ ਕੀਤੇ ਹਨ। ਤਾਂ ਤੇ ਸਾਰਾ ਦਿਨ ਤੇ ਰਾਤ ਤੱਪ ਦਾ ਫਲ ਪ੍ਰਾਪਤ ਹੁੰਦਾ ਹੈ।

ਵਿਚ ਉਤਪੰਨ ਹੋ ਗਿਆ।

ਗੁਰਬਾਣੀ ਦੇ ਧਨਖ ਨੇ ਅਜਿਹਾ ਬਾਣ ਮਾਰਿਆ ਕਿ ਮਨ ਵੈਰਾਗ ਵਿਚ ਰਹਿਣ ਲੱਗ ਪਿਆ। ਅੰਦਰਲੀ ਖਿੱਚ ਕਿ ਅਜਿਹੇ ਮਹਾਂਪੁਰਸ਼ ਜੋ–

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥੧॥੮॥ ਬ੍ਰਹਮ ਗਿਆਨੀ ਕੈ ਮਿਤ੍ ਸਤ੍ ਸਮਾਨਿ ॥੨॥੮॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥੩॥੮॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥੪॥੮॥ ਬ੍ਰਹਮ ਗਿਆਨੀ ਸਦਾ ਸਦ ਜਾਗਤ ॥੫॥੮॥

[ਸੁਖਮਨੀ ਸਾਹਿਬ, ਪੰ: ੨੭੨–੭੩

ਇਸ ਲਈ ਰਾਜ ਮਾਤਾ ਨੇ 'ਪ੍ਰਮੇਸ਼ੂਰ ਸਰੂਪ' ਬ੍ਰਹਮ ਗਿਆਨੀ ਦੇ ਦਰਸ਼ਨ ਕਰਨ ਲਈ ਯਤਨ ਕਰਨੇ ਅਰੰਭ ਕਰ ਦਿਤੇ, ਤਾਂ ਜੋ 'ਬ੍ਰਹਮ ਗਿਆਨੀ ਕਉ ਸਦਾ ਨਮਸਕਾਰ ॥ ੭ ॥ ੮ ॥' ਕਰ ਕੇ ਆਪਣਾ ਜਨਮ ਸਫਲ ਕਰ ਸਕਾਂ।

ਰਾਜ ਮਾਤਾ ਦੇ ਦਿਨ ਰਾਤ ਸੋਚਾਂ ਵਿਚ ਗੁਜ਼ਰਨ ਲੱਗੇ ਕਿ ਕਿਵੇਂ ਕਿਸ ਉਪਾਏ ਨਾਲ ਬ੍ਰਹਮ ਗਿਆਨੀ ਦੇ ਦਰਸ਼ਨ ਹੋਵਣ। ਫਿਰ ਮਨ ਵਿਚ ਸੋਚ ਫੁਰੀ ਕਿ ਗੁਰਬਾਣੀ ਦੇ ਭਾਵਾਂ ਅਨੁਸਾਰ ਹੀ 'ਬ੍ਰਹਮ ਗਿਆਨੀ' ਦੀ ਭਾਲ ਮੱਖਣ ਸ਼ਾਹ ਲੁਬਾਣੇ ਵਾਂਗ ੫੦੦) ਪੰਜ ਸੌ ਰੁਪੈ ਭੇਟਾ, ਜੋ ਆਪ ਮੇਰੀ ਭਾਵਨਾ ਅਨੁਸਾਰ ਮੰਗ ਲੈਣਗੇ, ਤਾਂ ਮੈਂ ਸਮਝਾਂਗੀ ਜੋ ਪ੍ਰਮੇਸ਼ੂਰ ਸ੍ਵਰੂਪ 'ਘਟ ਘਟ ਕੇ ਅੰਤਰ ਕੀ ਜਾਨਤ' ਜਾਨਣਹਾਰ ਉਹ ਹੀ ਬ੍ਰਹਮ ਗਿਆਨੀ ਹੋਵਣਗੇ।

ਰਾਜ ਮਾਤਾ ਵਲੋਂ ਸੰਤਾਂ ਸਾਧਾਂ ਦੀ ਪਰਖ ਕਰਨੀ

ਇਸੇ ਸੰਕਲਪ ਨੂੰ ਲੈ ਕੇ ਬਹੁਤ ਸਾਰੇ ਸੰਤਾਂ, ਮਹੰਤਾਂ, ਸਾਧਾਂ ਅਤੇ ਅਨੇਕ ਸ਼੍ਰੇਣੀਆਂ ਦੀ ਘੋਖ 'ਬ੍ਰਹਮ ਗਿਆਨੀ' ਦੀ ਖੋਜ ਕਰਨ ਲਈ ਪੰਜ ਪੰਜ ਰੁਪੈ ਮੱਥਾ ਟੇਕ ਦਿਆ ਕਰਨ। ਪਰ ਕਿਧਰੋਂ ਭੀ ਮਨੋਂ-ਭਾਵਨਾ (੫੦੦ ਰੁਪੈ ਸਾਧੂ ਆਪੇ ਮੰਗ ਲੈਣ ਦੀ) ਪੂਰੀ ਨਾ ਹੋਈ। ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਤੇ ਦਰਸ਼ਨ ਕਰਨ ਪੁੱਜੇ। ਹਰ ਸ਼੍ਰੇਣੀ ਦੇ ਸੰਤਾਂ ਮਹੰਤਾਂ ਦੀ ਪੜਚੋਲਨਾ ਲਈ ਸਭ ਨੂੰ ੫–੫ ਰੁਪਏ ਮੱਥਾ ਟੇਕਣਾ ਕੀਤਾ, ਪਰ ਬ੍ਰਹਮ ਗਿਆਨੀ ਦੀ ਕਸਵੱਟੀ ਤੇ ਕੋਈ ਭੀ ਪੂਰਾ ਨਾ ਉਤਰਿਆ। ਰਾਜ ਮਾਤਾ ਦੇ ਮਨ ਵਿਚ ਭਾਰੀ ਉਦਾਸੀ ਛਾ ਗਈ। ਪਰ–

ਨਿਹੁੰ ਵਾਲੇ ਨੈਣਾਂ ਦੀ ਨੀਂਦਰ ਓਇ ਦਿਨੇ ਰਾਤ ਪਏ ਵਹਿੰਦੇ। [ਭਾ: ਵੀਰ ਸਿੰਘ

ਖਿੱਚ ਤੇ ਪਿਆਰ ਦੇ ਪਾਂਧੀਆਂ ਨੂੰ ਕੱਦ ਚੈਨ ਆਉਂਦਾ ਹੈ। ਨਿਹੁੰ ਵਾਲੇ ਮੁਤਲਾਸ਼ੀ ਨੂੰ ਜੀ ਹਾਂ–

ਹਰਿ ਬਿਨ ਨੀਦ ਭੂਖ ਕਹੁ ਕੈਸੀ ਕਾਪੜ ਤਨ ਨ ਸੁਖਾਵਏ ॥

ਕੁਝ ਚੰਗਾ ਨਹੀਂ ਲੱਗਦਾ। ਬੱਸ ਇਕੋ ਧੁਨ ਵਿਚ ਮਗਨ, ਕਿਵੇਂ ਦਰਸ਼ਨ ਹੋਵਨ।

ਤਖ਼ਤ ਸੱਚਖੰਡ ਸਾਹਿਬ ਦੇ ਦੀਦਾਰ

ਰਾਜ ਮਾਤਾ ਨੇ ਅਨੇਕਾਂ ਤੀਰਥ ਗਵਨ ਕੀਤੇ ਅਤੇ ਰਾਤਾਂ ਤਾਰੇ ਗਿਣਦਿਆਂ ਲੰਘਾਈਆਂ। ਮਨ ਦੇ

ਵੈਰਾਗੀ ਵੇਗ ਵਿਚ ਮਸਤ ਹੋਇ ਨੀਂਦਰ ਨੂੰ ਸੁਨੇਹੇ ਦੇਂਦੀ–

ਆਉ ਸੁਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ [ਵਡਹੰਸ ਮ: ੧–੫੫੯

ਰਾਜ ਮਾਤਾ ਨੇ ਇਹ ਵੀ ਸੁਣਿਆ ਸੀ ਕਿ ਸਤਿਗੁਰੂ ਜੀ ਪ੍ਰਤੱਖ ਹਾਜ਼ਰ ਹਨ ਅਤੇ ੬੦ ਸਾਲ ਤੱਕ ਆਪਣੇ ਸਿੱਖ ਨੂੰ ਉਡੀਕਦੇ ਹਨ। ਚਲੋ ਉਥੇ ਭਲਾ ਜੇ ਕਿਰਪਾ ਹੋ ਜਾਵੇ।

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮ ਪਿਆਰਾ ॥ [ਸੂਹੀ ਮ: ੪, ਪੰਨਾ ੭੫੭

ਸ਼ਾਇਦ ਪ੍ਰਭੂ ਦੀ ਕਿਰਪਾ ਨਾਲ ਮਿਲ ਹੀ ਪਵੇ।

ਇਸੇ ਵੇਗ ਵਿਚ ਸ੍ਰੀ ਹਜ਼ੂਰ ਸਾਹਿਬ, ਅਬਿਚਲ ਨਗਰ, ਤਖਤ ਸ੍ਰੀ ਸੱਚਖੰਡ ਨਾਂਦੇੜ (ਹੈਦਰਾਬਾਦ ਦੱਖਣ) ਦੇ ਦੀਦਾਰ ਕਰਨ ਪਹੁੰਚ ਗਏ।

ਸਤਿਗੁਰੂ ਜੀ ਦੇ ਸੱਚਖੰਡ ਦੇ ਦਰਸ਼ਨ ਕਰ ਕੇ ਮਨ ਨੂੰ ਸ਼ਾਂਤੀ, ਤ੍ਰਿਪਤੀ ਤਾਂ ਹੋਈ ਪਰ ਭਾਲ-ਪੜਚੋਲ ਨੇ ਸ਼ਾਂਤੀ ਨੂੰ ਮੁੜ ਅਸ਼ਾਂਤੀ ਵਿਚ ਬਦਲ ਦਿਤਾ। ਹੈੱਡ ਪੁਜਾਰੀ ਸਾਹਿਬ ਤੇ ਹੋਰ ਪਤਵੰਤੇ ਸੱਜਣਾਂ ਦੇ ਉਸੇ ਤਰਾਂ ਪੰਜ ਪੰਜ ਰੁਪੈ ਦੀ ਜੁਗਤ ਨਾਲ ਉਹਨਾਂ ਦੇ ਦੀਦਾਰ ਕੀਤੇ। ਪਰ ਮਨੋ ਭਾਵਨਾ ਪੂਰੀ ਨਾ ਹੋਈ। ਕਿਸੇ ਨੇ ਵੀ ਪੰਜ ਸੌ ਰੁਪੈ ਨਾ ਮੰਗੇ। ਬਾਕੀ ਦੇ ਸਾਰੇ ਅਸਥਾਨਾਂ ਦੇ ਦਰਸ਼ਨ ਦੀਦਾਰ–ਗੁ: ਨਗੀਨਾ ਘਾਟ, ਗੁ: ਬੰਦਾ ਘਾਟ, ਗੁ: ਸੰਗਤ ਸਾਹਿਬ, ਗੁ: ਮਾਲ ਟੇਕਰੀ ਪਾ: ੧, ਬੁੰਗਾ ਬਾਬਾ ਨਿਧਾਨ ਸਿੰਘ ਜੀ ਗੁ: ਸ਼ਿਕਾਰ ਘਾਟ, ਗੁ: ਹੀਰਾ ਘਾਟ ਆਦਿ ਇਹਨਾਂ ਸਾਰੇ ਗੁਰ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰ ਕੇ ਜਦੋਂ ਗੁਰਦੁਆਰਾ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਦੇ ਅਸਥਾਨ ਤੇ ਰਾਜ ਮਾਤਾ ਜੀ ਪੁੱਜੇ, ਤਾਂ ਉਥੇਂ ਦੇ ਵਾਤਾਵਰਣ ਦਾ ਮਨ ਤੇ ਅਜਿਹਾ ਪ੍ਰਭਾਵ ਪਿਆ ਕਿ ਮਨ (ਅੰਤਸ਼ਹ ਕਰਣ) ਵਿਚ ਕੁਝ ਧੀਰਜਤਾ, ਸ਼ਾਂਤੀ ਜੇਹੀ ਭਾਸਣ ਲੱਗੀ। ਮਨ ਵਿਚ ਅਹਿਸਾਸ ਹੋ ਆਇਆ ਕਿ ਸ਼ਾਇਦ ਇਥੇ ਹੀ ਮੇਰੀ ਆਸ਼ਾ ਪੂਰੀ ਹੋ ਜਾਵੇ ?

ਜਦ ਰਾਜ ਮਾਤਾ ਜੀ ਨੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਦੇ ਦਰਸ਼ਨ ਕਰਨ ਲਈ ਪੁੱਛ ਕੀਤੀ ਤਾਂ ਕਿਸੇ ਸਿੰਘ ਨੇ ਦਸਿਆ ਕਿ ਬਾਬਾ ਮਿੱਤ ਸਿੰਘ ਜੀ ਇਥੋਂ ਦੇ ਮੁੱਖੀ ਸੇਵਾਦਾਰ ਹਨ। ਉਹ ਹੀ ਆਪ ਜੀ ਨੂੰ ਅਤੇ ਸੰਗਤਾਂ ਨੂੰ ਅਗੋਂ ਵਾਂਢੀ ਲੈਣ ਆਏ ਸਨ ਅਤੇ ਆਪ ਸਭ ਨੂੰ ਲੰਗਰ ਛੱਕਾਉਣ ਦੀ ਸੇਵਾ ਕਰ ਕੇ, ਜੋ ਉਹਨਾਂ ਦੀ ਮੁੱਢਲੀ ਮਰਯਾਦਾ ਹੈ, ਔਹ ਮਾਤਾ ਜੀ ਦੇ ਤਖਤ (ਅਸਥਾਨ) ਉੱਪਰ ਬੈਠੇ ਸਿੰਘਾਂ ਨੂੰ ਸੰਥਾ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ) ਕਰਵਾ ਰਹੇ ਹਨ।

ਰਾਜ ਮਾਤਾ ਜੀ ਦੀ ਹੈਰਾਨੀ ਦੀ ਹੱਦ ਨਾ ਰਹੀ। ਅੱਜ ਕੱਲ ਤਾਂ ਸਾਧੂ ਸੰਤ, ਡੇਰੇਦਾਰ, ਮਹੰਤ, ਜਥੇਦਾਰ ਤਾਂ ਬੜੀ ਸ਼ਾਨੋ - ਸ਼ੌਕਤ ਨਾਲ, ਠਾਠ - ਬਾਠ ਨਾਲ ਰਹਿੰਦੇ ਹਨ। ਉਹਨਾਂ ਨੇ ਕਈ ਕਈ ਸੇਵਾਦਾਰ ਅੱਗੇ ਪਿਛੇ ਆਪਣੀ ਸੇਵਾ ਲਈ ਰਖੇ ਹੁੰਦੇ ਹਨ। ਹੈਂ ! ਇਹ ਸਾਧੂ, ਇਸ ਅਸਥਾਨ ਦੇ ਮੁੱਖੀ ਹੋ ਕੇ, ਸੰਗਤਾਂ ਨੂੰ ਅੱਗੋਂ ਵਾਂਢੀ ਆਦਰ ਸਤਿਕਾਰ ਨਾਲ ਲੈਣ ਗਏ ਸਨ ਅਤੇ ਤੱਪੜ ਛਾੜ ਵਿਛਾ ਕੇ ਆਪ ਹੀ ਸੰਗਤ ਨੂੰ ਲੰਗਰ ਛੱਕਾਉਣ ਦੀ ਸੇਵਾ ਕਰਦੇ ਰਹੇ ਹਨ। ਇਤਨੀ ਸਾਦਗੀ, ਨਿਮਰਤਾ, ਅਤੇ ਨਾ ਹੀ ਫਿਰ ਸੋਹਣੇ ਸੋਹਣੇ ਕਮਰੇ ਬਣਾ ਕੇ ਗਦੇਲੇ ਨਹੀਂ ਸਗੋਂ ਐਹ ਟੀਨਾਂ ਦੇ ਛੱਪਰ ਹੇਠਾਂ ਗੋਦਾਵਰੀ

ਦੀਆਂ ਮੁਲੈਮ ਗੀਟੀਆਂ [ਪੱਥਰਾਂ ਦੀ ਰੋੜੀ] ਤੇ ਸਰਹਾਣੇ ਪੱਥਰ ਦੀ ਸਿੱਲ ਹਨ, ਕੋਈ ਦਰਵਾਜ਼ਾ ਤਾਲਾ ਭੀ ਨਹੀਂ ? ਤਿੰਨ ਪਾਸੇ ਖੁਲ੍ਹਾ ਹੈ ਇਹਨਾਂ ਦਾ ਰੈਣ ਬਸੇਰਾ ਆਸਨ।

ਰਾਜ ਮਾਤਾ ਦਾ ਮਨ ਦ੍ਰਵ ਗਿਆ। ਨੇਤ੍ਰਾਂ ਤੋਂ ਪ੍ਰੇਮ ਹੰਝੂਆਂ ਦੇ ਤੁੱਪਕੇ ਵਹਿ ਤੁਰੇ। ਮਨ ਵੈਰਾਗੀ ਹੋ ਗਿਆ ਤੇ ਮਨ ਅੰਦਰ ਮਿੱਠੀ ਮਿੱਠੀ ਰਸ - ਭਿੰਨੀ ਆਵਾਜ਼--ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦੀ ਰੌਂ ਚੱਲ ਪਈ।

ਹੁਣ ਰਾਜ ਮਾਤਾ ਦੇ ਮਨ ਵਿਚ ਪਰਖ ਦਾ ਸੰਕਲਪ ਕਾਫੀ ਮੱਧਮ ਪੈ ਚੁੱਕਾ ਸੀ। ਪਰ ਉਹ ਮਿੱਥੀ ਧਾਰਨਾ ਅਨੁਸਾਰ ਉਹ 'ਬ੍ਰਹਮ ਗਿਆਨੀ' ਦੇ ਗੁਣਾਂ ਨੂੰ ਤੋਲਣਾ ਤੇ ਪਰਖਣਾ ਚਾਹੁੰਦੇ ਸਨ। ਉਧਰ ਜੀ ਮਾਤਾ ਜੀ ਦੇ ਅਸਥਾਨ ਤੇ, ਜਿਥੇ ਸਿੰਘ ਸੰਥਾ ਪੜ੍ਹ ਰਿਹਾ ਸੀ, ਰਾਜ ਮਾਤਾ ਜਾ ਪਲੱਥੇ ਤੇ ਹੱਥ ਜੋੜ ਕੇ ਖੜੇ ਰਹੇ। ਜਦ ਸੰਥਾ ਲੈ ਰਿਹਾ ਸਿੰਘ, ਸ਼ਬਦ ਦਾ ਭੋਗ ਪਾ ਚੁੱਕਾ ਸੀ ਤਾਂ ਬਾਬਾ ਮਿੱਤ ਸਿੰਘ ਜੀ ਸਹਿਜੇ ਹੀ ਕਹਿਣ ਲੱਗੇ–

ਆਓ ਰਾਜ ਮਾਤਾ ਜੀ ! ਜਾਓ ਕਿਸੇ ਸਿੰਘ ਪਾਸੋਂ ਅਰਦਾਸ ਕਰਵਾ ਲਵੋ। ਅਸੀਂ ਤਾਂ ਉਤਨੀ ਅਰਦਾਸ ਕਰਨੀ ਹੈ ਜਿਤਨੀ ਤੁਸੀਂ ਸੁੱਖ ਕੇ ਆਏ ਹੋ।

ਬਾਬਾਂ ਜੀ ਦੇ ਚੇਹਰੇ ਤੇ ਕੋਈ ਅਜੀਬ ਜੇਹੀ ਰੰਗਤ ਆਈ ਨੇਤਰਾਂ ਵਿਚ ਜਲਾਲ ਭਰ ਕੇ ਅਤੇ ਸ਼ੇਰ ਵਾਂਗ ਭੱਬਕ ਕੇ ਬੋਲੇ–

ਇਹ ਕੋਈ ਬਾਜ਼ਾਰੀ ਸੌਦਾ ਏ, ਜਿਹੜਾ ਪੰਜ ਰੁਪਏ ਵਿਚ ਖਰੀਦ ਲਓਗੇ ? ਕੀ ਤੁਸਾਂ ਰਾਮ ਰੌਲਿਆ ਜਾਨਾ' ਪੰਜ ਰੁਪੈ ਵਿਚ ਬ੍ਰਹਮ ਗਿਆਨੀ ਦਾ ਦਰਸ਼ਨ ਭਾਲਦੇ ਹੋ ? ਇਤਨਾ ਸੱਸਤਾ ਸੌਦਾ ? ਪੰਜ ਰੁਪੈ ਮੱਥਾ ਟੇਕਿਆ ਤੇ 'ਪ੍ਰਮੇਸ਼ੁਰ' ਦੇ ਦਰਸ਼ਨ ? ਪੰਜ ਸੌ ਰੁਪੈ ਦਾ ਸੱਟਾ ਲਾ ਕੇ ਬ੍ਰਹਮ ਗਿਆਨੀ–ਪਰਮੇਸ਼ੁਰ' ਸੱਚ ਦੀ ਭਾਲ ਮਾਇਆ ਨਾਲ ਭਾਲਦੇ ਹੋ। ਭੋਲੀਏ ਮਾਤਾ–

ਮੈ ਤਉ ਮੋਲ ਮਹਿਗੀ ਲਈ ਜੀਅ ਸਟੇ ॥੧॥ [ਭਗਤ ਰਵਿਦਾਸ

ਜੀ ਹਾਂ 'ਬ੍ਰਹਮ ਗਿਆਨੀ ਆਪੁ ਪਰਮੇਸੁਰ' ਦੇ ਦਰਸ਼ਨ ? ਇਸ ਲਈ ਪਹਿਲਾਂ ਇਸ ਯੂਨੀਵਰ-ਸਿਟੀ ਵਿਚ ਦਾਖਲਾ ਲੈਣ ਲਈ–

ਪਹਿਲਾ ਮਰਣ ਕਬੂਲਿ ਜੀਵਣ ਕੀ ਛਡ ਆਸ ॥

ਹੋਹੁ ਸਭਨਾ ਕੀ ਰੁਣੁਕਾ ਤਉ ਆਉ ਹਮਾਰੈ ਪਾਸਿ ॥੧॥ [ਸਲੋਕ ਮ: ੫–੧੧੦੨

ਪਹਿਲਾਂ ਪ੍ਰਭੂ ਪਿਆਰਿਆਂ ਦੀਆਂ ਪਰਖਾਂ ਕਰਨੀਆਂ, ਤੇ ਫਿਰ ਉਹਨਾਂ ਦੇ ਦਰਸ਼ਨ ਭਾਲਣੇ ? ਇਹ ਤਾਂ ਭਾਰੀ ਮਨ ਮਤਿ ਦਾ ਮਾਰਗ ਤੁਸਾਂ ਅਪਣਾਇਆ ਹੋਇਆ ਹੈ। ਮਾਇਆ ਮਨਮਤਿ ਹੈ–

ਤਨੁ ਮਨੁ ਧਨੁ ਸਭ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥ [ਮ: ੩–੬੧੮

ਤਾਂ ਤੇ– ਊਚਾ ਨਹੀ ਕਹਣਾ ਮਨ ਮਹਿ ਰਹਿਣਾ ਆਪੇ ਜਾਣੈ ਜਾਣੇ ॥ [ਵਡਹੰਸ ਮ: ੧–੫੮੦

ਜੇ ਤੁਹਾਡੇ ਮਨ ਵਿਚ ਬਾਣੀ ਦੀ ਪ੍ਰਤੀਤ, ਵਿਸ਼ਵਾਸ ਅਤੇ ਦ੍ਰਿੜਤਾ ਹੁੰਦੀ ਕਿ ਗੁਰਬਾਣੀ ਗੁਰਵਾਕ ਹੈ ਤਾਂ ਅਜਿਹੀ ਭਟਕਣਾ ਵਿਚ ਕਦੀ ਨਾ ਪੈਂਦੇ। ਕਿਉਂਕਿ 'ਸਤਿਗੁਰ ਸਦਾ ਹਦੂਰ ਹੈ ॥' ਦੀ

ਤੁਹਾਡੇ ਮਨ ਨੂੰ ਪ੍ਰਤੀਤ ਆ ਜਾਂਦੀ। ਜੇ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰਨ ਗੁਰ ਅਵਤਾਰ ਸਮਝ ਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਦੇ ਰਹਿੰਦੇ। ਤੁਹਾਡੀ ਸ਼ਰਧਾ, ਪਿਆਰ, ਭਾਵਨੀ ਤੇ ਪਰਮੇਸ਼ਰ ਆਪ ਤਰੁਠਦੇ, ਅਤੇ–

ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥ ੧੦੪ ॥

[ਸਲੋਕ ਫਰੀਦ, ਪੰਨਾ ੧੩੮੪

ਹੇ ਰਾਜ ਮਾਤਾ ! ਉਹ ਪ੍ਰਮੇਸ਼ਰ ਆਪੇ ਤਰੁੱਠ ਕੇ ਤੁਹਾਨੂੰ ਦੀਦਾਰ ਬਖਸ਼ਦੇ। ਹਾਂ, ਬਖਸ਼ਸ਼ਾਂ ਦੇ ਮਾਲਕ ਜਦੋਂ ਤੁਹਾਡੇ ਵਿਚ–

ਸਬਰ ਅੰਦਰਿ ਸਾਬਰੀ ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥ ੧੧੬ ॥

[ਸਲੋਕ ਫਰੀਦ, ਪੰਨਾ ੧੩੮੪

ਵੇਖਦੇ ਤਾਂ ਤੁਹਾਨੂੰ ਖੁਦ ਉਸੇ ਹੀ ਸਰੂਪ ਦੇ ਆਪੇ ਵਿਚ ਅਤੇ ਹਰ ਪਾਸੇ ਤੂੰ ਹੀ ਤੂੰ ਭਾਸਣ ਲੱਗ ਜਾਂਦਾ। ਤੇ ਬ੍ਰਹਮ ਦਾ ਤੁਹਾਡੇ ਵਿਚ ਹੀ ਗਿਆਨ [ਪ੍ਰਕਾਸ਼] ਹੋ ਜਾਂਦਾ। ਫਿਰ ਭਾਲ ਕਿਸ ਦੀ ਤੇ ਪਰਖ ਕੀਹਦੀ ?

ਰਾਜ - ਮਾਤਾ , 'ਮਾਨਸ ਦਾਤ ਨ ਹੋਇ' ਇਹ ਤਾਂ–

ਕਰਤੇ ਹਥ ਵਡਿਆਈਆ ਪੂਰਬਿ ਲਿਖਿਆ ਪਾਏ ॥੩॥ [ਸਿਰੀਰਾਗੁ ਮ: ੫–੫੨

ਮਨੁੱਸ਼ਾਂ ਵਿਚੋਂ ਪ੍ਰਭੂ ਪ੍ਰਮੇਸ਼ੂਰ ਦੀ ਭਾਲ ਦਾ ਇਹ ਨਿਰਾਰਥ ਅਡੰਬਰ ਕਿਉਂ ਰੱਚਣਾ ਸੀ ? ਨਾਲੇ ਤੁਸਾਂ ਇਹ ਸਮਝਿਆ ਹੋਵੇਗਾ ਕਿ ਇਹ ਮਾਇਆ ਨਾਲ ਖਰੀਦ ਕੀਤਾ ਜਾ ਸਕਦਾ ਏ। ਇਹ ਤਾਂ–

ਪ੍ਰਭ ਮਿਲਣੈ ਕੀ ਏਹ ਨਿਸਾਣੀ ॥ ਮਨਿ ਇਕੋ ਸਚਾ ਹੁਕਮ ਪਛਾਣੀ ॥ [ਮਾਝ ਮ: ੫–੧੦੬

ਲੋਕ ਲਾਜ ਤੇ ਆਪਾ, ਮੱਦ (ਮਾਇਆ), ਵਡਿਆਈ ਦਾ ਹੰਕਾਰ ਤਿਆਗੇ।

'ਤਉ ਤਜ ਦਰਸਨ ਪਾਵੈ ॥'

ਬ੍ਰਹਮ ਗਿਆਨੀ 'ਪ੍ਰਮੇਸ਼ੂਰ' ਦੇ ਦਰਸ਼ਨਾਂ ਲਈ ਇਹ ਅੱਖੀਆਂ ਨਹੀਂ, ਇਹ ਤਾਂ 'ਏ ਨੇਤ੍ਰੇ ਮੇਰਿਓ ਏਹੁ ਵਿਸੁ ਸੰਸਾਰੁ ਤੁਮ ਦੇਖਦੇ', ਇਸ ਨੂੰ ਵਿਹੁ - ਜ਼ਹਿਰ ਵਾਂਗ, ਦ੍ਵੈਤਾ ਦੇ ਭਾਵ ਵਿਚ ਵੇਖਣ ਵਾਲੀਆਂ ਅੱਖਾਂ ਜੇ ਇਹ ਜਾਣ ਸਕਣ ਕਿ 'ਏਹੁ ਹਰਿ ਕਾ ਰੂਪ ਹੈ' ਤਾਂ ਗੁਰੂ ਸ਼ਬਦ ਦੇ ਸਹਾਰੇ–

ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ [ਪੰਨਾ ੧੧੦੨

ਤਦ ਪਿਆਰੇ ਪਰਮੇਸ਼ੂਰ ਦੇ ਦਰਸ਼ਨ ਹੋ ਸਕਦੇ ਸਨ। ਜਦੋਂ ਤਕ 'ਮਨ ਦੇ ਕੋਠੇ' ਦੇ ਤਾਕ (ਦਰਵਾਜ਼ੇ) 'ਹਉ-ਮੈਂ' (ਮਾਇਆ, ਮੱਦ), ਹੰਕਾਰ ਦੇ ਜ਼ੋਰ ਨਾਲ ਭੀੜੇ [ਵੱਜੇ, ਬੰਦ] ਹੋਏ ਹੋਵਣ।

ਗੁਰ ਕੁੰਜੀ ਪਾਹੂ ਨਿਵਲੁ ਮਨਿ ਕੋਠਾ ਤਨੁ ਛਤਿ ॥

ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥ ੧ ॥

[ਸਾਰਗ ਮ: ੪, ਪੰਨਾ ੧੨੩੭

ਇਹ ਗੁਰ ਸ਼ਬਦ ਦੀ ਕੁੰਜੀ ਨਾਲ ਨਿੱਤਾ ਪ੍ਰਤਿ ਸ਼ਬਦ ਜਾਪ, ਸਿਮਰਨ ਦੀ ਧੁਨ ਨਾਲ ਜਦੋਂ ਤੱਕ ਦਸਮ ਦਵਾਰ ਨਹੀਂ ਖੁੱਲ੍ਹਦਾ, ਜਿਥੇ–

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥ [ਭਗਤ ਬੇਣੀ–੯੭੪

ਉਥੇ ਪੁੱਜਣ ਤੇ ਹੀ ਬ੍ਰਹਮ ਦਾ ਗਿਆਨ ਹੋਣ ਨਾਲ ਆਪੇ ਵਿਚ ਹੀ ਬ੍ਰਹਮ ਗਿਆਨੀ ਦੇ ਦਰਸ਼ਨ ਹੋ ਜਾਂਦੇ ਹਨ। ਤਾਂ ਤੇ–

ਬਾਹਿਰ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਹਿ ਦਿਖਾਇਆ ਥਾ ॥

[ਮਾਰੂ ਮਹਲਾ ੫, ਪੰਨਾ ੧੦੦੨

ਤਦੋਂ ਸਹਿਜੇ ਹੀ ਜੀਵ ਦੀ ਭਾਲ ਮੁੱਕ ਜਾਂਦੀ ਹੈ ਅਤੇ ਬ੍ਰਹਮ ਦੇ ਗਿਆਨ ਦਾ ਪ੍ਰਕਾਸ਼ ਹੋਣ ਤੇ ਉਹ 'ਵਸਤੂ' ਜਿਸ ਦੀ ਜੀਵ ਭਾਲ ਕਰਦਾ ਹੈ, ਉਹ ਅੰਦਰ ਹੀ ਦਿੱਸਣ ਲੱਗ ਪੈਂਦੀ ਹੈ ਅਤੇ ਨਾਮ ਨਾਮੀ ਨਾਲ ਮਿਲ ਕੇ 'ਦ੍ਵੈ ਤੇ ਏਕ ਰੂਪ ਹੋਇ ਗਇਓ ॥' ਫਿਰ ਹਰ ਇਕ ਬ੍ਰਹਮ ਦਾ ਪ੍ਰਕਾਸ਼, ਬ੍ਰਹਮ ਦਾ ਗਿਆਨ

ਸਭ ਮਹਿ ਜੋਤਿ ਜੋਤਿ ਹੈ ਸੋਇ ॥ [ਗਉੜੀ ਸੋਹਲਾ ਮਹਲਾ ੧–ਪੰਨਾ ੧੩

ਦ੍ਰਿਸ਼ਟੀ ਆਵਣ ਨਾਲ, ਟੋਹਾਂ. ਭਾਲਾਂ, ਪਰਖਾਂ, ਸੰਕਲਪਾਂ, ਆਸ਼ਾਵਾਂ ਤੋਂ ਜੀਵ ਮੁਕਤ ਹੋ ਕੇ ਨਿਹਚਲ ਆਸਣ 'ਨਿੱਜ - ਘਰ' ਵਿਚ ਹੀ ਸਭ ਸ਼੍ਰਿਸ਼ਟੀ ਬ੍ਰਹਮ ਸਰੂਪ ਦੇ ਗਿਆਨ ਦਾ ਲਖਾਇਕ ਬਣ ਜਾਂਦਾ ਹੈ।

ਰਾਜ ਮਾਤਾ ਸਿਰ ਨਿਵਾਈ, ਹੱਥ ਜੋੜੀ ਖੜੀ, ਸੋਚਾਂ ਦੇ ਸਮੁੰਦਰ ਵਿਚ ਡੁੱਬੀ ਹੋਈ ਸੀ। ਉਸ ਦੀ ਹਉਮੈ ਦਾ ਪੜਦਾ ਲੱਥ ਚੁੱਕਾ ਸੀ, ਨੈਣਾਂ 'ਚੋਂ ਨੀਰ ਛੱਮਾ ਛੱਮ ਵਹਿ ਤੁਰਿਆ। ਬਾਬਾ ਜੀ ਦੇ ਨਿਰਭੈ, ਨਿਧੜਕ ਤੇ ਖਰੇ ਖਰੇ ਬਚਨ ਸੁਣਕੇ ਰਾਜ ਮਾਤਾ ਕੋਲੋਂ ਵੈਰਾਗ ਠੱਲਿਆ ਨਾ ਗਿਆ,ਲੋਕ ਲਾਜ ਪਰ ਲਾਕੇ ਉੱਡ ਗਈ, ਰਾਜ - ਮੱਦ ਭੁੱਲ ਗਿਆ। ਹੌਕੇ ਤੇ ਸਿੱਸਕੀਆਂ ਲੈਂਦੇ ਕਿਹਾ ਹਾਇ–

ਮਨ ਮੇਰੇ ਭੂਲੇ ਕਪਟੁ ਨ ਕੀਜੈ ॥ [ਸੋਰਠਿ ਕਬੀਰ–੬੫੬

ਮੇਰੇ ਮਨ ! ਕਿਉਂ ਕਪਟ ਕੀਤਾ ਈ ਮੇਰੇ ਨਾਲ, ਮੈਨੂੰ ਅਰਸ਼ੀ ਪ੍ਰੀਤਮ ਦੇ ਮਿਲਾਪ ਤੋਂ ਕੁਰਾਹੇ ਪਾਈ ਰਖਿਆ ਈ। ਪਰ 'ਕਉਨੁ ਜਾਣੈ ਪੀਰ ਪਰਾਈ' ਹਾਂ ਇਹ ਤਾਂ ਉਹ ਹੀ ਜਾਣ ਸਕਦਾ ਹੈ। 'ਜਿਸ ਤਨਿ ਲਾਗੇ ਸੋਈ ਜਾਣੈ' ਇਹ ਤਾਂ ਰਾਜ ਮਾਤਾ ਆਪਣੀ ਪੀੜਾ ਨੂੰ ਆਪ ਹੀ ਜਾਣ ਸਕਦੀ ਸੀ, ਜਾਂ ਵੈਦ (ਬਾਬਾ ਜੀ) ਤਾਂ ਹੀ ਤੇ ਉਹਨਾਂ ਸਾਰੇ ਭੇਦ ਖੋਹਲ ਕੇ ਸੱਚ ਦਾ ਮਾਰਗ ਕਿਵੇਂ ਨਿਰਭੈਤਾ ਨਾਲ ਦਰਸਾ ਦਿੱਤਾ

ਰਾਜ ਮਾਤਾ ਨੇ ਆਪਣਾ ਸੰਕਲਪ ੫੦੦ ਰੁਪੈ ਅੱਗੇ ਰੱਖ ਕੇ, ਆਪਣੀ ਗਲਤੀ ਨੂੰ ਵਿਚਾਰਦਿਆਂ ਮਨ ਨੂੰ ਕੋਸਦਿਆਂ ਹੋਇਆਂ ਉਹਨਾਂ ਮਾਫੀ ਦੀ ਯਾਚਨਾ ਕੀਤੀ–ਬਾਬਾ ਜੀ ਮੈਂ ਭੁੱਲੀ, ਮੈਂ ਗੁਨਾਹਗਾਰ ਹਾਂ, ਤੁਸਾਂ ਮੇਰੇ ਮਾਇਆ ਮੱਦ ਨਾਲ ਮੁੰਧੇ ਨੈਣ ਖੋਲ੍ਹੇ ਜੇ। ਮੇਰੀ ਤੁੱਛ ਭੇਟਾ ਪ੍ਰਵਾਨ ਕਰੋ ਅਤੇ ਸਾਡੀ ਯਾਤਰਾ ਦੀ ਅਰਦਾਸ ਕਰ ਕੇ ਹਾਜ਼ਰੀ ਲੁਵਾ ਦਿਓ ਅਤੇ ਜਗਤ - ਮਾਤਾ ਜੀ ਤੋਂ ਭੁੱਲ ਬਖਸ਼ਵਾ ਦਿਓ। ਇਸ ਗਰੀਬਣੀ ਦੀ ਸੰਕਲਪ ਕੀਤੀ ਮਾਇਆ, ਮਾਤਾ ਜੀ ਦਾ ਲੰਗਰ ਸਾਰੀ ਸੰਗਤ ਨੂੰ ਪੱਕੇ ਭੋਜਨ ਰਾਹੀਂ, ਜਲੇਬਾ, ਕੜਾਹ ਪੂਰੀਆਂ ਬਣਵਾ ਕੇ, ਛੱਕਾ ਕੇ ਖੁਸ਼ੀਆਂ ਦੁਵਾਵੋ।

ਬਾਬਾ ਜੀ– ਰਾਜ ਮਾਤਾ ਜੀ ! ਭੁੱਲ ਤੁਸੀਂ ਕਰੋ ਅਤੇ ਅਰਦਾਸ ਅਸੀਂ ਕਰੀਏ, ਅਤੇ ਤੁਹਾਡੀ ਭੁੱਲ ਦੇ ਜ਼ਾਮਨ ਅਸੀਂ ਬਣੀਏ। ਕਿਉਂ ? ਤੁਸੀਂ ਆਪ ਹੀ ਜਗਤ - ਮਾਤਾ ਜੀ ਦੇ ਦਰਬਾਰ ਵਿਚ ਮੱਥਾ ਟੇਕ ਕੇ ਭੁੱਲ ਬਖਸ਼ਾ ਲਵੋ। ਕਿਉਂਕਿ ਸਤਿਗੁਰੂ ਤਾਂ 'ਸਦ ਬਖਸਿੰਦੁ ਸਦਾ ਮੇਹਰਵਾਨਾ' ਹੈ ਅਤੇ ਪਰਮੇਸ਼ੂਰ ਨੇ–

ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥ [ਪ੍ਰਭਾਤੀ ਮ: ੧–੧੩੪੭

ਇਹ ਤਾਂ ਉਸ ਕਰਤੇ ਦੀਆਂ ਵਡਿਆਈਆਂ ਹਨ ਕਿ 'ਅਉਗੁਣ ਕੋ ਨ ਚਿਤਾਰੈ' ਕਿਉਂਕਿ ਜੋ ਜੀਵ ਆਪਣੀ ਭੁੱਲ ਜਾਣ ਕੇ ਸਦਾ ਲਈ 'ਗੁਰ - ਹੁਕਮ' ਰੂਪੀ ਰਜ਼ਾ ਨੂੰ ਮਨ ਵਿਚ ਧਾਰਨ ਕਰ ਕੇ, ਉਸ ਤੇ ਆਪਣੇ ਜੀਵਨ ਨੂੰ ਢਾਲਦਾ ਹੈ, ਅਤੇ ਜੋ ਜੀਵ ਪ੍ਰਭੂ ਦੀ ਸ਼ਰਣ ਦਾ ਆਸਰਾ ਲੈਂਦਾ ਹੈ ਤਾਂ–

ਜੋ ਸਰਣਿ ਆਵੈ ਤਿਸੁ ਕੰਠ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥ [ਬਿਹਾਗੜਾ ਮ: ੫–੫੪੭

ਇਹ ਉਸ ਦੀ ਵਡਿਆਈ ਹੈ।

ਰਾਜ ਮਾਤਾ ਜੀ ! ਮਨ ਦਾ ਭਰਮ ਤਿਆਗੋ। ਜਾਓ, ਜਾ ਕੇ ਮਾਤਾ ਜੀ ਦੇ ਅਸਥਾਨ ਤੇ ਮਾਇਆ ਰੱਖ ਕੇ, ਅਰਦਾਸ ਕਰੋ ਅਤੇ ਆਪਣੇ 'ਮਾਇਆ ਮੱਦ' ਦੇ ਗੁਮਾਨ ਦੀ ਭੁੱਲ ਬਖਸ਼ਾਓ।

ਰਾਜ ਮਾਤਾ ਅਤੇ ਸਾਰੀ ਸੰਗਤ ਨੇ ਟੀਨਾਂ ਦੇ ਛੱਪਰ 'ਮਾਤਾ ਜੀ ਦੇ ਅਸਥਾਨ' ਅੱਗੇ ਭੇਟਾਵਾਂ ਰੱਖ ਕੇ ਅਰਦਾਸ ਕੀਤੀ–ਗ੍ਰੰਥੀ ਸਿੰਘ ਨੇ ਹੁਕਮਨਾਮਾ ਲਿਆ। ਪ੍ਰਸ਼ਾਦਿ ਵਰਤਿਆ। ਬਾਬਾ ਜੀ ਭੀ ਸੰਗਤ ਨਾਲ ਅਰਦਾਸ ਵਿਚ ਸ਼ਾਮਲ ਹੋਏ।

ਰਾਜ ਮਾਤਾ– ਬਾਬਾ ਜੀ ਮੇਰੀ ਭਾਵਨਾ ਸਾਕਾਰ ਕਰੋ ਅਤੇ ਇਸ ਮਾਇਆ ਦੀ ਰਸਦ ਮੰਗਵਾ ਕੇ ਕੜਾਹ ਪੂਰੀ ਜਲੇਬਾ ਆਦਿ ਦਾ ਖੁੱਲ੍ਹਾ ਲੰਗਰ ਕਰਵਾ ਦਿਓ।

ਬਾਬਾ ਜੀ– ਭੋਲੀਏ ਮਾਤਾ ! ਇਹ ਤਾਂ ਤੇਰਾ ਸੰਕਲਪ 'ਬ੍ਰਹਮ ਗਿਆਨੀ' ਦੀ ਪਰਖ ਕਰਨ ਦਾ ਸੀ, ਲੰਗਰ ਦੀ ਭਾਵਨਾ ਦਾ ਤਾਂ ਨਹੀਂ ਸੀ। ਸਾਨੂੰ ਅਮਾਨਤ ਵਿਚ ਖਿਆਨਤ ਕਰਨ ਲਈ ਦੋਸ਼ੀ ਬਨਾਣਾ ਚਾਹੁੰਦੇ ਹੋ ? ਲੰਗਰ ਦੀ ਭਾਵਨਾ ਇਸ ਭੇਟਾ ਨਾਲ ਪੂਰੀ ਨਹੀਂ ਹੋ ਸਕਦੀ।

ਰਾਜ ਮਾਤਾ ਜੋ ਬਾਬਾ ਜੀ ਤੋਂ ਬ੍ਰਹਮ ਗਿਆਨ ਦੀ ਲੱਖਤਾ ਪ੍ਰਾਪਤ ਕਰ ਚੁੱਕੇ ਸਨ, ਝੱਟ ਆਪਣੇ ਤਨ ਦੇ ਸਾਰੇ ਗਹਿਣੇ ਲਾਹ ਦਿਤੇ ਅਤੇ ਹੋਰ ਮਾਇਆ ਭੀ ਭੇਟਾ ਕਰ ਕੇ ਅਰਜ਼ ਕੀਤੀ ਕਿ ਮਾਤਾ ਜੀ ਦੇ ਲੰਗਰ ਲਈ ਮੇਰੀ ਨਿਮਾਣੀ ਦੀ ਭੇਟਾ ਪ੍ਰਵਾਨ ਕਰੋ। ਜਗਤ ਮਾਤਾ–ਮਾਤਾ ਸਾਹਿਬ ਕੌਰਾਂ ਜੀ ਨੂੰ ਭੇਜ ਲੁਆਓ, ਬਾਬਾ ਜੀ ! ਮੇਰੀ ਹਾਜ਼ਰੀ ਜ਼ਰੂਰ ਲੁਵਾ ਦਿਓ। ਤਾਂ ਹੀ ਮੇਰੀ ਭੁੱਲ ਬਖਸੀ ਜਾ ਸਕੇਗੀ।

ਬਾਬਾ ਜੀ– ਰਾਜ ਮਾਤਾ ਜੀ ! ਇਹ ਗਹਿਣੇ ਸਾਡੇ ਕੇਹੜੇ ਕੰਮ ? ਗਲਤੀ ਤੁਸੀਂ ਕਰੋ, ਚੋਰ ਅਸੀਂ ਬਣੀਏ, ਫਿਰ ਉਸ ਦੀ ਸਜ਼ਾ ਅਸੀਂ ਭੁਗਤੀਏ। ਇਸ ਲਈ ਨਾ ਸਾਨੂੰ ਗਹਿਣੇ ਚਾਹੀਦੇ ਹਨ ਅਤੇ ਨਾ ਹੀ ਮਾਇਆ। ਹਾਂ, ਤੁਹਾਡੀ ਜੋ ਲੰਗਰ ਦੀ ਭਾਵਨਾ ਹੈ, ਉਸ ਲਈ ਆਪ ਹੀ ਇਹ ਗਹਿਣੇ ਵੇਚੋ, ਜਾਂ ਮਾਇਆ ਨਾਲ ਰਸਦ ਮੰਗਵਾ ਦਿਓ। ਅਸੀਂ ਜਿਵੇਂ ਤੁਹਾਡੀ ਇੱਛਾ ਹੋਵੇਗੀ, ਲੰਗਰ ਤਿਆਰ ਕਰਵਾ ਕੇ ਸੰਗਤਾਂ ਵਿਚ ਵਰਤਾ ਦਿਆਂਗੇ।

ਬਾਬਾ ਧਰਮ ਸਿੰਘ ਜੀ– ਨਾਲੇ ਰਚਨਾ ਰੱਚਦੇ ਹੋ, ਨਾਲੇ ਪਿਛਾਂਹ ਹੱਟਦੇ ਹੋ। ਪਹਿਲਾਂ ਆਈ ਮਾਇਆ ਨੂੰ ਇਸ ਤਰਾਂ ਠੁਕਰਾ ਕੇ ਰੱਖਦੇ ਸਾਓ। ਕਿਤਨਾਂ ਸਮਾਂ ਕੜਾਕਿਆਂ, ਫਾਕਿਆਂ ਵਿਚ ਹੀ ਆਪ ਲੰਘਾਉਂਦੇ ਰਹੇ ਸੀ।

ਕਹੁ ਨਾਨਕ ਜਉ ਤਿਆਗਿ ਦਈ ਤਬ ਓਹ ਚਰਨੀ ਆਇ ਪਈ ॥ ੧ ॥

[ਰਾਮਕਲੀ ਮ: ੫–੮੯੧

ਹੁਣ ਸ਼ਰਣ ਆਈ ਨੂੰ ਕਿਉਂ ਠੁਕਰਾਂਦੇ ਹੋ, ਕਰੋ ਭਾਵਨਾ ਪੂਰੀ ਰਾਜ ਮਾਤਾ ਦੀ, ਅਤੇ ਲਾਵੋ ਅਰਥ।

ਬਾਬਾ ਜੀ– ਹਾਂ ਜੀਵਨ ਸਾਥੀ ਜੀ ! ਜਿਵੇਂ ਤੁਹਾਡੀ ਰਜ਼ਾ, ਐਹ ਮਾਇਆ ੫੦੦/– ਰੁਪੈ ਅਤੇ ਗਹਿਣੇ ਰਾਜ ਮਾਤਾ ਦੀ ਝੋਲੀ ਵਿਚ ਪਾ ਦਿਓ ਤੇ ਇਹ ਆਪੇ ਰਸਦਾਂ ਮੰਗਵਾ ਦੇਵਣਗੇ। ਅਸੀਂ ਕਿਸੇ ਦੇ ਹਾਰ - ਸ਼ਿੰਗਾਰ ਲੁਹਾ ਕੇ ਦੋਸ਼ੀ ਕਿਉਂ ਬਣੀਏ ? ਜੇ ਨਾਲੇ ਅਸੀਂ ਵੇਚਾਗੇ ਤਾਂ ਲੋਕਾਂ ਵਿਚ ਇਸ ਦੀ ਚਰਚਾ ਚੱਲੇਗੀ।

ਰਾਜ ਮਾਤਾ ਨੇ ਅਹਿਲਕਾਰ ਭੇਜ ਕੇ ਬੇਅੰਤ ਰਸਦਾਂ ਮੰਗਵਾ ਦਿਤੀਆਂ ਤੇ ਇਤਨਾ ਲੰਗਰ–ਕੜਾਹ ਪੂਰੀ, ਜਲੇਬਾਂ ਤੇ ਖੀਰ ਦਾ ਚੱਲਿਆ ਕਿ 'ਤੋਟਿ ਨ ਆਵੈ ਕਾਈ' ਅਨੁਸਾਰ ਨਜ਼ਦੀਕ ਦੇ ਪਿੰਡ ਬਾਹਮਣ-ਵਾੜਾ, ਨਾਗਪੁਰ, ਮੁਕਟ, ਤੇ ਹੋਰ ਦੂਰ ਨੇੜਿਓਂ ਦੇ ਲੋਕ (ਮਰਹੱਟੇ) ਅਤੇ ਸੱਚਖੰਡ ਦੀ ਯਾਤਰਾ ਲਈ ਆਈਆ ਬੇਅੰਤ ਸੰਗਤਾਂ ਨੇ ਰੱਜ ਰੱਜ ਕੇ ਭੋਜਨ ਛੱਕਿਆ। ਫਿਰ ਭੀ ਇਤਨਾ ਲੰਗਰ ਵੱਧ ਗਿਆ ਕਿ ਨੇੜੇ ਦੇ ਪਿੰਡਾਂ ਵਿਚ ਜਾ ਕੇ ਵੰਡਿਆ।

ਮਰਹੱਟੇ ਲੋਕ ਅਜਿਹੇ ਭੋਜਨ ਛੱਕ ਕੇ ਧੰਨ ਮਾਤਾ ਸਾਹਿਬ ਕੌਰਾਂ ਦੇ ਜੱਸ ਗਾਉਂਦੇ ਅਤੇ ਪਰਾਤਾਂ ਭਰ ਭਰ ਲੰਗਰ ਘਰਾਂ ਨੂੰ ਭੀ ਲੈ ਗਏ।

ਅਜੇਹਾ ਸਵਾਦਿਸ਼ਟ ਭੋਜਨ ਮਰਹੱਟਿਆਂ ਨੇ ਜਦ ਛੱਕਿਆ ਤਾਂ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਦੇ ਅਸਥਾਨ ਦੀ ਪ੍ਰੀਤ ਪ੍ਰੇਮ ਉਹਨਾਂ ਦੇ ਮਨਾਂ ਵਿਚ ਵੱਧਣ ਲੱਗੀ। ਜਿਨ੍ਹਾਂ ਮਰਹੱਟਿਆਂ ਨੂੰ ਸਦੀਆਂ ਤੱਕ ਭੀ ਸਿਵਾਏ ਜਵਾਰ ਦੀ ਰੋਟੀ ਤੇ 'ਹਰ ਹਰ' ਦੀ ਦਾਲ ਤੋਂ ਬਿਨਾਂ ਅੱਜ ਤਕ ਅਜੇਹਾ ਵਧੀਆ ਭੋਜਨ ਨਸੀਬ ਨਹੀਂ ਹੋਇਆ ਸੀ, ਪਰ ਅੱਜ ਇਹਨਾਂ ਦੇ ਮਨ ਵਿਚ ਜੋ ਨਫ਼ਰਤ ਸੀ, ਦੂਰ ਹੋ ਗਈ।

ਬਾਬਾ ਜੀ ਦੀ ਬ੍ਰਹਮ ਗਿਆਨਤਾ ਦਾ ਉਪਦੇਸ਼, ਲੰਗਰ ਪੰਗਤ ਦੀ ਏਕਤਾ, 'ਬ੍ਰਹਮ ਗਿਆਨੀ ਸਦਾ ਸਮ ਦਰਸੀ ॥' ਦੀ ਪ੍ਰਤੱਖ ਤਸਵੀਰ ਵੇਖ ਕੇ ਹੱਥੀ ਸੇਵਾ, ਨਿਰਮਾਣਤਾ ਤੇ ਸਾਦਗੀ ਨੇ ਰਾਜ ਮਾਤਾ ਅੰਦਰ ਸ਼ਰਧਾ ਪੈਦਾ ਕਰ ਦਿਤੀ। ਉਹ ਗੁਰੂ ਬਾਣੀ, ਗੁਰਾਂ ਦੀ ਸੇਵਾ, ਜਿਸ ਚੋਂ ਚਾਰ ਪਦਾਰਥ ਹੀ ਪ੍ਰਾਪਤ ਹੁੰਦੇ ਹਨ, ਦਾ ਪੱਕਾ ਵਿਸ਼ਵਾਸ, ਦ੍ਰਿੜ ਭਾਵ ਲੈ ਕੇ ਅਤੇ ਇਸ ਅਸਥਾਨ ਦੀ ਸਦਾ ਸੇਵਾ ਕਰਨ ਦੀ ਲੋਚਾ ਲੈ ਕੇ, ਹਰ ਤਰਾਂ ਦੀ ਪ੍ਰਸੰਨਤਾ ਤੇ ਸਭ ਸੰਗਤਾਂ ਦੀਆਂ ਖੁਸ਼ੀਆਂ ਲੈ ਕੇ ਵਿਦਾ ਹੋਏ ਅਤੇ ਸਦੀਵੀ ਆਪਣਾ ਮਨ ਇਸ ਅਸਥਾਨ ਦੀ ਸੇਵਾ ਕਰਨ ਨਾਲ ਸੰਮਿਲਤ ਕਰ ਲਿਆ। ਵੇਲੇ ਕੁਵੇਲੇ ਮਾਤਾ ਜੀ ਦੇ ਲੰਗਰ ਦੇ ਸਦੀ ਰਸਦਾਂ ਤੇ ਸਿੰਘਾਂ ਲਈ ਬਸਤਰ ਆਦਿ ਭੇਜਣ ਲੱਗ ਪਏ। ਕਿਉਂਕਿ ਉਹਨਾਂ ਅੰਦਰ ਇਹ ਵਿਸ਼ਵਾਸ ਪਰਪੱਕ ਹੋ ਗਿਆ ਸੀ ਕਿ ਦਸਵੰਧ ਯੋਗ ਥਾਵੇਂ ਲੱਗੇ ਤਾਂ ਹੀ ਗੁਰੂ ਲੇਖੇ ਲੱਗਦਾ ਹੈ।

ਰਾਜ ਮਾਤਾ ਨੇ ਬਾਬਾ ਜੀ ਵਾਸਤੇ ਸੁੰਦਰ ਪਲੰਘ ਲੈ ਕੇ ਆਉਣਾ

ਰਾਜ ਮਾਤਾ ਜੀ ਅਤਿ ਪ੍ਰਸੰਨਤਾ ਨਾਲ ਜਦ ਪੰਜਾਬ (ਪਟਿਆਲੇ) ਪੁੱਜੇ ਤਾਂ ਇਹਨਾਂ ਦੇ ਮਨ ਦੀ ਦਸ਼ਾ ਹੀ ਬਦਲ ਚੁੱਕੀ ਸੀ। ਮਨ ਅੰਦਰ ਖੇੜਾ, ਹੁਲਾਸ, ਚਾਉ ਤੇ ਐਉਂ ਭਾਸਦਾ ਸੀ ਕਿ ਜਿਵੇਂ ਕੋਈ ਚਿਰਾਂ ਦੀ ਗੁਆਚੀ ਵਸਤੂ ਲੱਭ ਗਈ ਹੋਵੇ। ਇਸ ਅਮੁੱਲੀ ਦਾਤ, ਗੁਰੂ ਬਖਸ਼ਸ਼ ਨੇ ਮਨ ਅੰਦਰ ਹਉਮੈ ਹੋਂ ਦੀ ਨਵਿਰਤੀ ਕਰ ਕੇ. ਧਨ ਨੂੰ ਗੁਰੂ ਦੀ ਦਾਤ ਸਮਝ ਕੇ, ਗੁਰ ਅਸਥਾਨਾਂ ਦੀ ਸੇਵਾ ਲਈ ਤਾਂਘ,

ਹੁਲਾਸ ਵਿਚ ਮਨ ਦੀ ਰੁੱਚੀ ਨੂੰ ਹੋਰ ਵੀ ਪ੍ਰੇਰਤ ਕਰ ਦਿਤਾ। ਹੁਣ ਇਹਨਾਂ ਦੀ ਸੋਚ ਵਿਚ ਰਾਜ - ਮੁੱ
ਨਹੀਂ ਸਗੋਂ 'ਗਰੀਬੀ ਗਦਾ ਹਮਾਰੀ' ਨਿਮਰਤਾ ਦੇ ਭਾਵ ਵਿਚ ਬਦਲ ਚੁੱਕੀ ਸੀ।

ਹਰ ਵਕਤ ਰਾਜ ਮਾਤਾ ਦੇ ਮਨ ਵਿਚ ਮਾਤਾ ਜੀ ਦੇ ਅਸਥਾਨ ਦੀ ਸ਼ਾਂਤ ਇਕਾਂਤ, ਬਾਬਾ ਜੀ ਦੀ
ਨਿਰਇੱਛਤ ਸੇਵਾ ਦਾ ਦ੍ਰਿਸ਼ ਅੱਖਾਂ ਦੇ ਸਾਹਮਣੇ ਫਿਰਦਾ ਰਹਿੰਦਾ। ਜਿਸ ਕਰ ਕੇ ਦਰਸ਼ਨਾਂ ਦੀ ਭਾਵਨਾ
ਬਣੀ ਰਹਿੰਦੀ।

ਕੁਝ ਸਮੇਂ ਬਾਅਦ ਰਾਜ ਮਾਤਾ ਜੀ ਦੇ ਮਨ ਵਿਚ ਫਿਰ ਜਗਤ ਮਾਤਾ ਜੀ ਅਤੇ ਸੱਚਖੰਡ ਤਖ਼ਤ
ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨ ਕਰਨ ਦੀ ਪ੍ਰੇਮ - ਖਿੱਚ ਲੱਗੀ ਅਤੇ ਬਾਬਾ ਜੀ ਦੇ ਦੀਦਾਰ ਕਰਨ
ਨੂੰ ਮਨ ਉਮਗਿਆ।

ਪਰ ਅੱਗੇ ਤਾਂ ਮਾਇਆ - ਮੱਦ ਕਾਰਨ ੫੦੦) ਰੁਪੈ ਨਾਲ 'ਬ੍ਰਹਮ ਗਿਆਨੀ ਦੀ ਪਰਖ ਦੀ
ਚਾਤੁਰੀ ਵਡਿਆਈ ਸੀ, ਪਰ ਹੁਣ ਦੀ ਦਸ਼ਾ ਵਿਚ ਭਾਰੀ ਸੁਧਾਰ ਆ ਚੁੱਕਾ ਸੀ ਤੇ ਸਗੋਂ ਪਿਛਲੀ ਕੀਤੀ
ਭਾਰੀ ਭੁੱਲ ਨੂੰ ਬਖਸ਼ਾਉਣ ਲਈ ਪ੍ਰੇਮ ਮਾਰਗ, ਸ਼ਰਧਾ ਤੇ ਧਿਆਰ ਨਾਲ ਪ੍ਰੇਮ ਭੇਟਾ, ਜੋ ਭਗਤਿ ਭਾਵਨੀ
ਨਾਲ ਦੇਣ ਦੀ ਇੱਛਾ ਨਾਲ, ਬਾਬਾ ਜੀ ਵਾਸਤੇ ਇਕ ਅਤਿ ਸੁੰਦਰ, ਨਕਾਸ਼ੀਦਾਰ, 'ਰੈਣ ਬਸੇਰੇ (ਅਰਾਮ)
ਕਰਨ ਵਾਸਤੇ ਪਲੰਘ ਤਿਆਰ ਕਰਵਾਇਆ। ਅਤੇ ਬਹੁਤ ਹੀ ਮੁਲੈਮ ਗਦੇਲਾ, ਉਪਰ ਵਿਛੌਣੇ ਲਈ
ਗਲੀਚਾ, ਰੇਸ਼ਮੀ ਚਾਦਰ, ਸਰਹਾਣਾ ਤਿਆਰ ਕਰਵਾ ਕੇ ਅਤੇ ਲੰਗਰ ਲਈ ਰਸਦਾਂ, ਬੇਅੰਤ ਮਾਇਆ ਨੂੰ
ਕੇ ਸੱਚਖੰਡ ਦੇ ਦੀਦਾਰਿਆਂ ਨੂੰ ਤਿਆਰੇ ਕੀਤੇ।

ਸੱਚਖੰਡ ਪਹੁੰਚ ਕੇ (ਹਜ਼ੂਰ) ਦੇ ਦੀਦਾਰ ਕਰ ਕੇ, ਰਾਜਮਾਤਾ ਮਾਤਾ ਜੀ ਦੇ ਅਸਥਾਨ ਦੇ ਦੀਦਾਰ
ਕਰਨ ਪੁੱਜੇ ਅਤੇ ਬਾਬਾ ਜੀ ਅੱਗੇ ਸੁੰਦਰ ਪਲੰਘ ਰਸਦ ਤੇ ਮਾਇਆ ਭੇਟ ਕਰ ਕੇ, ਬੇਨਤੀ ਕੀਤੀ,
ਕਿ ਬਾਬਾ ਜੀ ਮੇਰੀ ਗਰੀਬਣੀ ਦੀ ਤੁੱਛ ਭੇਟਾ ਪ੍ਰਵਾਨ ਕਰੋ ?

ਬਾਬਾ ਜੀ– (ਮਰਯਾਦਾ ਮੁਤਾਬਕ ਆਦਰ ਸਤਿਕਾਰ ਤੇ ਲੰਗਰ, ਜਲ ਪਾਣੀ ਛੱਕਾਇਆ, ਫਿਰ
ਕਿਹਾ) ਆਹ ਕੀ ਲੈ ਆਏ ਹੋ ?

ਰਾਜ ਮਾਤਾ– ਮਹਾਂਪੁਰਸ਼ ! ਐਹ ਤਾਂ ਲੰਗਰ ਲਈ ਰਸਦਾਂ ਹਨ, ਤੇ ਐਹ ਲਵੋ ਮਾਇਆ ਅਤੇ
ਐਹ ਪਲੰਘ, ਗੱਦੇ ਆਦਿ ਆਪ ਜੀ ਦੇ ਵਾਸਤੇ ਹਨ, ਇਹ ਮੇਰੇ ਮਨ ਦੀ ਭਾਵਨਾ ਹੈ, ਆਪ ਜੀ
ਸਵੀਕਾਰ ਕਰੋ।

ਬਾਬਾ ਜੀ (ਗੰਭੀਰਤਾ ਨਾਲ) ਰਾਜ ਮਾਤਾ ! ਇਹ ਪਲੰਘ ਤੇ ਗੱਦੇ ਬੜੇ ਸੁੰਦਰ ਹਨ, ਬੜੀ
ਰੀਝ ਤੇ ਪਿਆਰ ਨਾਲ ਬਣਵਾਏ ਹਨ। ਕਿੰਨੀ ਸ਼ਰਧਾ ਤੇ ਭਾਵਨਾ ਵਾਹਿਗੁਰੂ ਨੇ ਆਪ ਨੂੰ ਬਖਸ਼ੀ ਹੈ।
ਮਾਤਾ ਜੀ ਪ੍ਰਵਾਨ ਕਰਨ।

ਪਰ ਅਜਿਹੇ ਸੁੰਦਰ ਪਲੰਘ ਅਤੇ ਗਲੀਚੇ ਰਾਜਿਆਂ ਮਹਾਰਾਜਿਆਂ ਨੂੰ ਸੋਭਦੇ ਹਨ। ਵਾਹਿਗੁਰੂ
ਜੀ ਕਿਰਪਾ ਕਰਨ, ਸੁੱਖ ਹੰਢਾਉਣੇ ਹੋਵਣ, ਸਤਿਗੁਰੂ ਗੁਰਸਿੱਖਾਂ, ਬਾਣੀ ਦੇ ਰਸੀਆਂ, ਸਤਿਸੰਗ ਦੇ
ਚਾਹਵਾਨਾਂ ਤੇ ਭਾਉ ਭਗਤੀ ਦੀ ਭਾਵਨਾਂ ਵਾਲਿਆਂ ਨੂੰ ਸਦਾ ਅਜੇਹੀਆਂ ਦਾਤਾਂ ਬਖਸ਼ਦੇ ਰਹਿਣ। ਹਾਂ,

ਆਪ ਉਸ ਬੁੰਗੇ ਵਿਚ ਡਾਹ ਕੇ, ਵਿੱਛਾ ਕੇ, ਉਪਰ ਅਰਾਮ ਕਰੋ। ਇਹ ਆਪ ਜੀ ਨੂੰ ਸੋਭਦੇ ਹਨ।

ਰਾਜ ਮਾਤਾ– (ਬੜੀ ਅਸਚਰਜ ਜੇਹੀ ਹੋ ਕੇ) ਸੋਚੀਂ ਪੈ ਗਈ ਕਿ ਸਤਿਗੁਰਾਂ ਠੀਕ ਫੁਰਮਾਇਆ
ਹੈ–'ਬ੍ਰਹਮ ਗਿਆਨੀ ਸਦਾ ਨਿਰਲੇਪ' ਕਿਵੇਂ ਇਤਨੇ ਸੁੰਦਰ ਪਲੰਘ, ਗਲੀਚੇ, ਆਦਿ ਦੀ ਕੋਈ ਇੱਛਾ
ਹੀ ਨਹੀਂ। ਕਿਤਨੀ ਉਦਾਰਤਾ, ਨਿਰਇੱਛਤਾ, ਦਰਸਾ ਰਹੇ ਹਨ, ਪਰ ਕਿਸੇ ਗੂਹੜੇ ਸੋਚਾਂ ਦੇ ਵਹਿਣ ਵਿਚ
ਰੁੜ੍ਹਦੀ ਮਾਤਾ ਨੇ ਆਪਣੇ ਆਪ ਨੂੰ ਸਾਵਧਾਨ ਕਰਦਿਆਂ ਹੱਥ ਜੋੜ ਕੇ ਬੇਨਤੀ ਕੀਤੀ–

ਬਾਬਾ ਜੀ, ਇਹ ਤਾਂ ਆਪ ਜੀ ਦੇ ਸੁੱਖ ਆਰਾਮ ਲਈ ਬਣਵਾ ਕੇ ਲਿਆਂਦੇ ਹਨ। ਵੇਖੋ ! ਆਪ ਦਾ
ਬਿਰਧ ਸਰੀਰ ਰੋੜਾਂ ਤੇ ਰਾਤ ਬਿਸਰਾਮ ਕਰਦੇ ਹੋ। ਕਦੀ ਆਪ ਬਾਹਰ ਖੇਤਾਂ ਵਿਚ ਹੀ ਹਜ਼ੂਰੀਆ ਵਿਛਾ
ਕੇ ਆਰਾਮ ਕਰ ਆਉਂਦੇ ਹੋ। ਇਸ ਕਰ ਕੇ ਮਨ ਵਿਚ ਵਿਚਾਰਿਆ ਕਿ ਇਕ ਤਾਂ ਪਿਛਲੀ ਕੀਤੀ ਭੁੱਲ
ਬਖਸ਼ਵਾ ਲਵਾਂ ਅਤੇ ਆਪ ਦੀ ਸਾਦਗੀ, ਬਿਸਰਾਮਸ਼ਾਲਾ ਵੇਖ ਕੇ ਇਹ ਭਾਵਨਾ ਬਣ ਆਈ ਸੀ। ਸੋ
ਇਹ ਦਰਸ਼ਨ ਭੇਟਾ ਪ੍ਰਵਾਨ ਕਰੋ, ਤਾਂ ਕਿ ਮੇਰੇ ਮਨ ਦਾ ਤੌਖਲਾ ਮਿੱਟ ਜਾਵੇ ਕਿ ਆਪ ਨੇ ਮੇਰੀ ਭੁੱਲ ਬਖਸ਼
ਦਿਤੀ ਹੈ। ਸੋ ਭੇਟਾ ਪ੍ਰਵਾਨ ਕਰੋ।

ਬਾਬਾ ਜੀ– ਇਹ ਅਡੰਬਰ ਮਾਇਆ ਦੇ ਚੋਜ ਆਪ ਜੀ ਨੂੰ ਹੀ ਸ਼ੋਭਦੇ ਹਨ। ਅਸਾਂ ਬਿਹੰਗਮਾਂ
ਨੂੰ ਇਹਨਾਂ ਨਾਲ ਕੀ ਵਾਸਤਾ ? ਨਾਲੇ 'ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ' ਸਾਡੇ ਪਾਸ ਤਾਂ ਇਤਨੀ
ਹਿੰਮਤ ਨਹੀਂ ਜੋ ਅਸੀਂ ਆਪਣੀ ਸਰੀਰਕ ਕ੍ਰਿਆ ਸਾਧਨ ਦੀ ਸਾਧਨਾ ਕਰ ਸਕੀਏ, ਅਤੇ ਅਜੇਹੀਆਂ
ਕੀਮਤੀ ਵਸਤੂਆਂ ਦੀ ਸੰਭਾਲ ਕਿਵੇਂ ਕਰ ਸਕਾਂਗੇ ?

ਹਾਂ, ਆਪ ਦੇ ਮਨ ਦਾ ਸੰਕਲਪ ਮਾਇਆ ਦੇ ਪ੍ਰਪੰਚ ਨਾਲ, ਭੁੱਲ ਦੀ ਮੁਆਫੀ ਤੇ ਇਸ ਦੇ ਜਾਲ
'ਤੋਂ ਛੁੱਟਕਾਰਾ ਪਾਉਣ ਦਾ ਸਾਧਨ ਇਹ ਹੀ ਹੈ ਕਿ ਸੁੱਖ ਅਨੰਦ ਨਾਲ ਜੀਵਨ ਬਤੀਤ ਕਰ ਰਹੇ ਬਿਹੰਗਮਾਂ
ਅੰਦਰ ਮਾਇਆ ਦੀ ਲਾਲਸਾ, ਚੇਸ਼ਟਾ ਪਾ ਕੇ, ਉਸ ਵਾਹਿਗੁਰੂ ਤੋਂ ਬੇਮੁੱਖ ਦੂਰ ਕਰਨਾ ਚਾਹੁੰਦੇ ਹੋ ? ਹਾਂ
'ਮਾਇਆ ਭਰਮ ਭੁਲਾਇਆ' ਉਸ ਮਾਇਆ ਦਾ ਅਡੰਬਰ ਜਿਸ ਲਈ ਜੀਵ ਆਤਮਾ ਨਾਲ ਮਨ ਕਪਟ
ਕਰ ਕੇ, ਸਿਮਰਨ ਭਗਤੀ ਸੇਵਾ ਦਾ ਸਮਾਂ ਗੁਵਾਕੇ ਐਸ਼ ਪ੍ਰਸਤੀ ਲਈ'ਬਹੁ ਪ੍ਰਪੰਚ ਕਰਿ ਪਰ ਧਨੁ ਲਿਆਵੈ'
ਪਰਾਏ ਧਨ, ਚੜ੍ਹਾਵੇ ਨਾਲ ਐਸ਼ - ਪ੍ਰਸਤੀ ਕੀਤੀ ਜਾਵੇ, ਅਜੇਹੇ ਪਰਪੰਚ ਕਰਨ ਦੀ ਸਾਨੂੰ ਕੋਈ
ਲੋੜ ਨਹੀਂ ਹੈ।

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥ [ਮ: ੧, ਵਾਰ ਵਡਹੰਸ–੫੯੦

ਜੋ ਜੀਵ ਲੋਕਾਂ ਦੇ ਧਨ ਦੀ ਆਸ ਚੜ੍ਹਾਵੇ ਤੇ ਐਸ਼ੋ ਇਸ਼ਰਤ ਕਰਦੇ ਹਨ, ਉਹ ਗੁਰੂ ਦੇ ਖਜ਼ਾਨੇ
ਦੀ ਦੁਰ ਵਰਤੋਂ ਕਰਦੇ ਹਨ ਅਤੇ ਅਮਾਨਤ ਵਿਚ ਖਿਆਨਤ ਕਰ ਕੇ ਗੁਰੂ ਤੋਂ ਬੇਮੁੱਖ ਹੋਣ ਦਾ ਮਾਰਗ
ਅਪਣਾਉਂਦੇ ਹਨ।

ਹੇ ਰਾਜ ਮਾਤਾ ਜੀ ! ਸਾਨੂੰ ਮਾਲਕ ਵਲੋਂ ਅਜਿਹੇ ਅਡੰਬਰ ਰੱਚਣ ਦਾ ਹੁਕਮ ਨਹੀਂ। ਜੋ ਹੁਕਮ ਹੈ
ਉਹ–'ਦੇਗ ਤੇਗ ਜਗ ਮਹਿ ਦੋਊ ਚਲੈ' ਅਸੀਂ ਲੰਗਰ ਦੇਗ ਹੀ ਚਲਾ ਸਕਦੇ ਹਾਂ। ਅਤੇ ਦਰਵੇਸ਼ਾਂ
ਦਾ ਕਰਮ–'ਰੁਖਾ ਦੀ ਜੀਰਾਂਦਿ' ਦਾਤੇ ਬਖਸ਼ੀ ਹੋਈ ਹੈ। ਇਸ ਵਿਚ ਬੜਾ ਅਨੰਦ ਹੈ। ਨਾ ਫਿਕਰ ਨਾ ਹੀ

ਚਿੰਤਾ, ਬਸ ਸੁੱਖ ਹੀ ਸੁੱਖ ਹੈ। ਸਾਨੂੰ ਕਿਉਂ ਜੰਜਾਲਾਂ ਵਿਚ ਪਾਣ ਲੱਗੇ ਹੋ।

ਕੀ ਇਸ ਪਲੰਘ ਲਈ ਸੁੰਦਰ ਮਹਿਲ ਬਣਾਵਾਂਗੇ। ਤਾਂ ਤੇ ਸੰਗਤ ਦੀ ਲੰਗਰ ਦੇਗ ਦੀ ਮਾਇਆ ਨੂੰ ਆਪਣੇ ਸੁੱਖ ਆਰਾਮ ਲਈ ਵਰਤ ਕੇ ਅਮਾਨਤ ਵਿਚ ਖਿਆਨਤ ਕਰਾਂਗੇ। ਫਿਰ ਨੌਕਰ ਸਫ਼ਾਈ ਲਈ ਚਾਹੀਦਾ ਹੈ। ਸੌ ਪੁਵਾੜੇ ਸਹੇੜਾਂਗੇ। ਸਾਨੂੰ ਕਿਸ ਸਿਆਣੇ ਨੇ ਦੱਸਿਆ ਹੈ ਕਿ ਖਾਹ ਮਖਾਹ ਬਿਪਤਾ ਵਿਚ ਪਈਏ। ਨਾਲੇ ਅਜਿਹੇ ਸੁੱਖ ਆਰਾਮ ਨਾ ਤਾ ਸਵੇਰੇ ਉੱਠਣ ਦੇਣ। ਇਉਂ ਨਿੱਤਨੇਮ ਕਰਨ ਤੇ ਗੁਰੂ ਕੀ ਸੇਵਾ ਲਈ ਆਲਸ ਪੈਦਾ ਹੋ ਜਾਵੇਗਾ। ਤੁਸੀਂ ਸਾਡੇ ਲਈ ਇਹ ਸੁੱਖ ਸਾਧਨ ਇਕ ਬੇਮੁਖਤਾਈ ਦਾ ਰਸਤਾ ਅਪਣਾ ਕੇ, ਕੀ ਸਾਨੂੰ ਸੇਵਾ ਤੋਂ ਵੰਚਿਤ ਕਰਨਾ ਚਾਹੁੰਦੇ ਹੋ ?

ਫਿਰ ਇਸ ਅਸਥਾਨ ਦੀ ਵਿਰਾਸਤ ਸਰਬੱਤ ਗੁਰੂ ਖਾਲਸੇ ਦੀ ਸਾਂਝੀ ਹੈ, ਮੇਰੇ ਇਕੱਲੇ ਦੀ ਨਹੀਂ ਮੈਂ ਮਾਲਕ ਨਹੀਂ ਸੇਵਾਦਾਰ ਹਾਂ। ਮਾਲਕ ਦੇ ਹਾਜ਼ਰ ਹੁੰਦਿਆਂ, ਸੇਵਕ (ਨੌਕਰ ਚਾਕਰ) ਨੂੰ ਕੀ ਅਧਿਕਾਰ ਹੈ ਕਿ ਉਹ ਮਾਲਕ ਤੋਂ ਵੱਧ ਐਸ਼ - ਇਸ਼ਰਤ ਦੇ ਸਾਧਨਾਂ ਨਾਲ ਗੁਜ਼ਰਾਨ ਕਰੇ। ਜਗਤ ਮਾਤਾ ਜੀ ਦੇ ਸਭ ਸਿੰਘ ਲਾਡਲੇ ਸਪੂਤ ਹਨ। ਫਿਰ ਤੁਸੀਂ ਉਹਨਾਂ ਵਿਚ ਭੇਦ ਭਾਵ ਦਾ ਅਜਿਹਾ ਬੀਜ ਬੀਜਣ ਲੱਗੇ ਹੋ, ਜੋ ਸਭ ਅੰਦਰ ਈਰਖਾ-ਵਾਦ ਵਿਵਾਦ ਖੜਾ ਹੋ ਜਾਵੇਗਾ। ਜਿਵੇਂ ਦੂਸਰੇ ਸਭ ਸਿੰਘ ਸੇਵਾਦਾਰ† ਹਨ, ਅਸੀਂ ਭੀ ਉਸੇ ਤਰ੍ਹਾਂ ਸੇਵਾਦਾਰ ਹਾਂ ਤਾਂ ਤੇ ਸਭ ਸਿੰਘਾਂ ਨੂੰ ਪਲੰਘ ਚਾਹੀਦੇ ਹਨ। ਕੀ ਉਹ ਗੁਰੂ ਦੇ ਸਿੰਘ ਨਹੀਂ ? ਉਹ ਜਗਤ ਮਾਤਾ ਦੇ ਸਪੂਤ ਨਹੀਂ ? ਅਜੇਹਾ ਭੇਦ ਭਾਵ ਨਾ ਵਰਤਾਉ। ਸੇਵਾ ਕਰਨੀ ਸੀ, ਤਾਂ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੀਆਂ ਖੁਸ਼ੀਆਂ ਲਈ, ਸਾਡੀ ਸੇਵਾ ਤੋਂ ਕੀ ਲਾਭ। ਜਾਓ ਲੈ ਜਾਓ ਅਤੇ ਵਿਛਾ ਕੇ ਆਰਾਮ ਕਰੋ।

ਰਾਜ ਮਾਤਾ ! ਆਹ ਵੇਖੋ ਸਾਡੇ ਨਾਲੋਂ ਇਹ ਸਾਰੇ ਸਿੰਘ ਕਿੰਨੇ ਦਰਸ਼ਨੀ ਹੱਠੀ,ਤਪੀ ਸੇਵਾਦਾਰ ਹਨ। ਇਹ ਸਾਰੇ ਕਿੰਨੇ ਸਾਲਾਂ ਤੋਂ ਕੱਖਾਂ ਦੀਆਂ ਝੁੱਗੀਆਂ ਤੇ ਭੋਇੰ ਆਸਣ ਤੇ ਰਹਿ ਰਹੇ ਹਨ, ਪਰ ਕਿਤਨੇ ਉੱਦਮੀ ਉਤਸ਼ਾਹੀ ਤੇ ਬਿਨਾਂ ਭੇਟਾ [ਤਨਖਾਹ] ਕਿਤਨੇ ਚਾਉ, ਪ੍ਰੇਮ ਨਾਲ ਜਗਤ ਮਾਤਾ ਦੇ ਅਸਥਾਨ ਦੀ ਸੇਵਾ ਕਿੰਨੀ ਤਨ ਦੇਹੀ ਨਾਲ ਨਿਭਾ ਰਹੇ ਹਨ। ਅਸੀਂ ਤਾਂ ਇਹਨਾਂ ਦੀ ਕਮਾਈ ਚੋਂ ਹੀ ਖਾ ਰਹੇ ਹਾਂ। ਤਾਂਤੇ ਅਜੇਹੀਆਂ ਵਸਤੂਆਂ ਇਹਨਾਂ ਨੂੰ ਪਹਿਲਾਂ ਚਾਹੀਦੀਆਂ ਹਨ।

† ਸੰਗਤ ਦਾ ਸਨਮਾਨ– ਦਾਸ ਦੇ ਸਮੇਂ ਬਾਬਾ ਜੀ ਦੇ ਪੈਰ ਵਿਚ ਸੂਲ ((ਕੰਡਾ) ਚੁੱਭ ਕੇ ਦੂਸਰ ਲੰਘ ਗਿਆ। ਜਦ ਕੰਡਾ ਕੱਢਿਆ ਗਿਆ ਤਾਂ ਬਾਬਾ ਜੀ ਨੇ ਲਾਲ ਮਿਰਚਾਂ ਰਗੜਵਾ ਕੇ ਉਪਰ ਬੰਨ੍ਹਵਾ ਲਈਆਂ। ਬਾਬਾ ਜੀ ਦਾ ਦਾਰੂ ਲਾਲ ਮਿਰਚਾਂ ਹੀ ਹੁੰਦਾ ਸੀ। ਅੱਖ ਦੁੱਖਣੀ ਆਉਂਦੀ ਤਾਂ ਭੀ ਉਹ ਲਾਲ ਮਿਰਚ ਹੀ ਰੱਗੜਵਾ ਕੇ ਅੱਖਾਂ ਵਿਚ ਪੈ ਲੈਣੀ। ਫਿਨਸੀ ਫੋੜੇ ਤੇ ਵੀ ਲਾਲ ਮਿਰਚ ਲਾਂਦੇ।

ਇਸ ਕੰਡੇ ਨੇ ਬਾਬਾ ਜੀ ਦਾ ਸਰੀਰ ਮਸਤਾਨਾ ਕਰ ਦਿਤਾ। ਪਰ ਬਾਬਾ ਜੀ ਪੀੜ ਨਾ ਜਤਾਉਂਦੇ, ਅਤੇ ਨਾ ਹੀ ਕੋਈ ਹੋਰ ਉਪਾਏ ਕਰਦੇ। ਇਸ ਹਾਲਤ ਵਿਚ ਭੀ ਬਾਬਾ ਜੀ ਲੰਗ ਮਾਰਦੇ ਹੋਏ ਭੀ ਰੋਜ਼ਾਨਾ ਇਸ਼ਨਾਨ ਤੇ ਸੇਵਾ ਦਾ ਨਿਤਨੇਮ ਨਾ ਖੁੰਝਣ ਦਿਤਾ।

ਬਾਬਾ ਜੀ ਨੂੰ ਬੁਖਾਰ ਭੀ ਹੋ ਗਿਆ। ਤਾਂ ਬਾਬੂ ਮਿਹਰ ਸਿੰਘ ਜੀ ਹੈੱਡ ਗ੍ਰੰਥੀ (ਗੁ: ਮਾਤਾ ਜੀ) ਨੇ

ਰਾਜ ਮਾਤਾ ! ਇਹ ਸੁੰਦਰ ਸੋਹਣੇ ਮੰਦਰ ਤੇ ਸੁੱਖ ਆਰਾਮ ਦੇ ਸਾਧਨਾਂ ਲਈ ਅਸਾਂ ਅਜੇਹੇ ਕਰਮ ਨਹੀਂ ਕੀਤੇ,ਤੱਪ ਨਹੀਂ ਕੀਤਾ ਤੇ ਇਸੇ ਪਛੋਤਾਵੇ ਲਈ ਤਾਂ ਤੱਪ ਕਰ ਰਹੇ ਹਾਂ।ਸਾਨੂੰ ਤੱਪ ਸੇਵਾ ਸਿਮਰਨ ਕਰਨ ਦਿਓ। ਇਹ ਪਲੰਘ ਗੱਦੇ ਸਾਡੇ ਕਿਸੇ ਕੰਮ ਨਹੀਂ। ਬੇਹੰਗਮਾਂ ਨੂੰ ਵਾਹਿਗੁਰੂ ਦੀ ਭਗਤੀ ਤੇ ਉਸ ਦੇ ਹੁਕਮ, ਰਜ਼ਾ ਵਿਚ ਜਿਵੇਂ ਤੇ ਜਿਥੇ ਪ੍ਰਭੂ ਰੱਖੇ, ਸਾਨੂੰ ਉਹੀ ਬੈਕੁੰਠ ਹੈ। ਅਜਿਹੇ ਬੈਕੁੰਠ ਦੇ ਸੁੱਖ ਸਾਥੋਂ ਛੀਨਣੇ ਚਾਹੁੰਦੇ ਹੋ।

ਮਹਿਲ - ਮਾੜੀਆਂ ਅਜੇਹੇ ਐਸ਼ ਦੇ ਸਾਧਨ, ਇੱਜ਼ਤ, ਮਾਨ, ਸਤਿਕਾਰ–ਇਹ ਸਭ ਮੋਹ ਮਮਤਾ ਦੀ ਜੜ੍ਹ, ਬੰਧਨ ਹਨ। ਕੀ ਸਾਨੂੰ ਖਲਾਸੇ 'ਖਾਲਸੇ' ਨੂੰ ਬੰਧਨਾਂ ਵਿਚ ਪਾਉਣਾ ਚਾਹੁੰਦੇ ਹੋ ? ਅਸੀਂ ਕਿਉਂ ਮੁਫ਼ਤ ਦੇ ਮਾਲ ਦੀ ਚਿੰਤਾ ਆਪਣੇ ਗਲ ਪਾ ਲਈਏ। ਇਹ ਰਾਜ ਮਹਿਲ ਦੇ ਸੁਹੱਪਣ ਦੇ ਯੋਗ ਹਨ।

ਬਾਬਾ ਜੀ ਲਈ ਚਾਵਲ ਵੱਖਰੇ ਬਣਵਾ ਦਿਤੇ। ਲੰਗਰ ਵਰਤਣ ਲੱਗਾ ਤਾਂ ਸੰਗਤ ਵਿਚ ਜਿਵੇਂ ਬਾਬਾ ਜੀ ਬੈਠਕੇ ਸੰਗਤ ਨੂੰ ਵਰਤਣ ਵਾਲੇ ਲੰਗਰ ਵਿਚੋਂ ਪ੍ਰਸ਼ਾਦਾ ਦਾਲ ਲੈ ਕੇ ਛੱਕਦੇ ਸਨ। ਪਰ ਅੱਜ ਰੋਟੀ (ਪ੍ਰਸ਼ਾਦੇ) ਦੀ ਥਾਵੇਂ ਬਾਬਾ ਜੀ ਨੂੰ ਸਿਰਫ਼ ਚਾਵਲ ਪਾ ਦਿਤੇ, ਪਰ ਬਾਕੀ ਸੰਗਤ ਨੂੰ ਪ੍ਰਸਾਦੇ ਹੀ ਵਰਤਾਏ ਗਏ। ਬਾਬਾ ਜੀ ਚੁੱਪ ਰਹੇ ਤੇ ਇਹ ਵੇਖ ਰਹੇ ਸਨ ਕਿ ਚਾਵਲ ਸੰਗਤ ਨੂੰ ਨਹੀਂ ਵਰਤਾਏ ਗਏ।

ਬਾਬੂ ਮਿਹਰ ਸਿੰਘਜੀ ਨੂੰ ਬੁਲਾ ਕੇ ਬਾਬਾ ਜੀ ਨੇ ਪੁੱਛਿਆ–ਕੀ ਸੰਗਤ ਨੂੰ ਚਾਵਲ ਨਹੀਂ ਵਰਤਾਏ ?

ਬਾਬੂ ਮਿਹਰ ਸਿੰਘ ਜੀ ਨੇ ਕਿਹਾ ਕਿ ਬਾਬਾ ਜੀ ਚਾਵਲ ਆਪ ਜੀ ਵਾਸਤੇ ਹੀ ਬਣਾਏ ਸਨ,ਤਾਂ ਕਿ ਆਪ ਜੀ ਨੂੰ ਬੁਖਾਰ ਸੀ।

ਬਾਬਾ ਜੀ ਨੇ ਕਿਹਾ–ਹਾਂ, ਜੇ ਕਿਸੇ ਸਿੰਘ ਨੂੰ ਬੁਖਾਰ ਹੋ ਜਾਂਦਾ ਹੈ, ਜਾਂ ਹੋ ਜਾਇਆ ਕਰੇਗਾ ਤਾਂ ਉਹਨਾਂ ਲਈ ਭੀ ਅਜਿਹਾ ਕਰਦੇ ਹੋ ?

ਨਿਰਉੱਤਰ ਹੋ ਕੇ ਗਰੰਥੀ ਜੀ ਚੁੱਪ ਖੜੇ ਸਨ। ਬਾਬਾ ਜੀ ਫਿਰ ਬੋਲੇ ਕਿ ਗੁਰੂ ਕਾ ਲੰਗਰ ਕਿਸੇ ਇਕ ਵਾਸਤੇ ਵੱਖਰਾ ਨਹੀਂ ਹੁੰਦਾ। ਇਹ ਸਾਰਿਆਂ ਲਈ ਇਕੋ ਜਿਹਾ ਚਾਹੀਦਾ ਹੈ। ਸਾਰੀ ਸੰਗਤ ਨੂੰ ਚਾਵਲ ਵਰਤਾਵੋ. ਫਿਰ ਅਸੀਂ ਛੱਕਾਂਗੇ, ਨਹੀਂ ਤਾਂ ਇਹ ਚਾਵਲ ਚੁੱਕ ਲਵੋ। ਸਾਨੂੰ ਪ੍ਰਸ਼ਾਦਾ ਹੀ ਦਿਓ। ਇਸ ਤਰ੍ਹਾਂ ਹੀ ਹੋਇਆ, ਚਾਵਲ ਚੁੱਕ ਕੇ ਪਸ਼ੂਆਂ ਨੂੰ ਪਾ ਦਿਤੇ ਤੇ ਬਾਬਾ ਜੀ ਨੇ ਸੰਗਤਾਂ ਨਾਲ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਹੀ ਛੱਕਿਆ।

ਇਹ ਸੀ ਬਾਬਾ ਜੀ ਦੀ ਸਮ - ਦ੍ਰਿਸ਼ਟੀ ਤੇ ਸੰਗਤ ਦਾ ਸਨਮਾਨ ਸਤਿਕਾਰ। ਜੋ ਸਮ ਦ੍ਰਿਸ਼ਟੀ ਨਾਲ ਸਭ ਨੂੰ ਇਕ ਸਮਾਨ ਸਮਝਦੇ ਸਨ।

ਹੋਰ ਭੀ ਅਨੇਕਾਂ ਦ੍ਰਿਸ਼ਟਾਂਤ–ਦਾਸ ਦੇ ਅੱਖੀਂ ਦੇਖੇ ਅਤੇ ਸੁਣੇ ਹਨ, ਅੱਗੇ ਸਮਦ੍ਰਿਸ਼ਟੀ ਤੇ ਮਾਇਆ ਦੇ ਪ੍ਰਪੰਚ ਤੋਂ ਨਿਰਲੇਪਤਾ' ਦੇ ਦਰਜ਼ ਕੀਤੇ ਹਨ, ਅੱਗੇ ਪੜ੍ਹਨਾ।

ਇਥੇ ਕੇਵਲ ਇਕ ਦ੍ਰਿਸ਼ਟਾਂਤ ਅੱਖੀਂ ਵੇਖਿਆ, ਬਾਬਾ ਜੀ ਦੀ ਸਮ ਦ੍ਰਿਸ਼ਟੀ ਦਾ ਦੇਣਾ ਹੀ ਉੱਚਿਤ ਸੀ।

ਕਿਉਂਕਿ ਜੋ ਬਖਸ਼ਸ਼ਾਂ ਵਾਹਿਗੁਰੂ ਨੇ ਕੀਤੀਆਂ ਹੋਈਆਂ ਹਨ। ਇਸ ਵਿਚ 'ਮੈਂ ਮੇਰੀ' ਦੀ ਅੰਤਰਧਿ ਕਰਨ ਵਿਚ ਦਾਖਲ ਹੋਣ ਦੀ ਗੁੰਜਾਇਸ਼ ਹੀ ਨਹੀਂ ਹੁੰਦੀ। ਤਾਂ ਤੇ–

ਭਲੀ ਸੁਹਾਵੀ ਛਾਪਰੀ ਜਾਮਹਿ ਗੁਨੁ ਗਾਏ ॥ [ਸੂਹੀ ਮ: ੫–੭੪੫

ਇਹਨਾਂ ਛੰਨ ਛੱਪਰੀਆਂ ਤੇ ਭੱਇਂ ਆਸਣ ਵਿਚ ਹੀ ਤੁਸਾਂ ਵੇਖਿਆ ਹੈ ਕਿ ਕਿੰਨੀ ਸ਼ਾਂਤਿ, ਸਹਿਜ ਹੈ–

ਸਾਂਤਿ ਸਹਜ ਸੂਖ ਮਨ ਉਪਜਿਓ ਕੋਟ ਸੂਰ ਨਾਨਕ ਪਰਗਾਸ ॥ ੨ ॥ ੫ ॥ ੨੪ ॥ [ਟੋਡੀ ਮ: ੫–੭੧੭

ਫਿਰ ਆਏ ਯਾਤਰੀਆਂ ਦੇ ਮਨਾਂ ਤੇ ਕਿੰਨਾਂ ਸੁੱਖ ਸ਼ਾਂਤੀ ਦਾ ਪ੍ਰਭਾਵ ਪੈਂਦਾ ਹੈ।

ਪਰ ਜੋ ਆਪ ਐਸ਼ਵਰਜ ਦੇ ਸਾਧਨ ਸ਼ੁਰੂ ਕਰਵਾਉਣਾ ਚਾਹੁੰਦੇ ਹੋ, ਇਸ ਨਾਲ ਨਾਮ ਬਾਣੀ, ਸੁੱਖ ਸਹਿਜ ਤੇ ਸ਼ਾਂਤੀ ਦਾ ਵਾਤਾਵਰਣ ਨਹੀਂ ਬਣ ਪਾਏਗਾ। ਸਗੋਂ ਐਸ਼ਵਰਜ ਦੇ ਸਾਧਨਾਂ ਵਿਚ ਈਰਖਾ, ਵੈਰ ਭਾਵ, ਲੜਾਈਆਂ, ਝੱਗੜੇ ਅਤੇ ਮਰਨ ਮਾਰਨ ਦੇ ਈਰਖਾਲੂ ਭਾਵਨਾਵਾਂ, ਸਾਧੂਆਂ, ਨਿਰਇੱਛਤ ਭਾਵ ਵਾਲਿਆਂ, ਸੇਵਾ ਸਿਮਰਨ ਦੇ ਅਭਿਲਾਖੀਆਂ ਅੰਦਰ ਅਜੇਹੀਆਂ ਘਿਰਣਤ ਬ੍ਰਿਤੀਆਂ ਆ ਡੇਰੇ ਲਾਣਗੀਆਂ, ਸੇਵਾ ਸਿਮਰਨ ਦੀ ਪ੍ਰਕ੍ਰਿਆ ਤਿਆਗ ਕੇ ਮਾਇਆ ਦੀ ਦੌੜ ਵਿਚ ਬਿਹੰਗਮ - ਸੈਵਾਦਾਰ ਕੁਕਰਮਾਂ ਦੇ ਪੰਧੇ ਪੈ ਜਾਣਗੇ।

ਰਾਜ ਮਾਤਾ–ਸਮਝ ਤਾਂ ਗਏ, ਪਰ ਅੰਦਰ ਅਜੇ 'ਹਉਂ' ਦਾ ਕੰਡਾ ਨਿਕਲਿਆ ਨਹੀ ? ਜੇ ਵਾਪਸ ਲੈ ਜਾਵਾਂਗੀ ਤਾਂ ਲੋਕ ਕੀ ਆਖਣਗੇ ? ਦੀ ਸੋਚ ਨੇ ਫਿਰ ਹੱਥ ਜੋੜ ਪੱਲਾ ਪਾ ਕੇ ਜੋਦੜੀ ਕੀਤੀ–ਮੈਂ ਕਿਸ ਮੂੰਹ ਨਾਲ ਵਾਪਸ ਮੁੜਾਂਗੀ, ਭੇਟਾ ਪ੍ਰਵਾਨ ਕਰੋ।

ਬਾਬਾ ਜੀ– ਰਾਜ ਮਾਤਾ ! ਹੱਠ ਕਰਨਾ ਗੁਰਮਤਿ ਵਿਚ ਵਿਵਰਜਤ ਹੈ। ਕਿਉਂਕਿ–

ਹਠ ਕਰਿ ਮਰੈ ਨ ਲੇਖੈ ਪਾਵੈ ॥ [ਗਉੜੀ ਮ: ੧–੨੨੬

ਤੁਸੀਂ ਹੱਠ ਨਾ ਕਰੋ, ਤੁਸਾਂ ਆਪਣੀ ਸੋਚਣੀ ਨਾਲ ਸੋਚਿਆ ਹੈ, ਤੇ ਅਸੀਂ ਇਕ ਸੇਵਾਦਾਰ ਦੀ ਹੈਸੀਅਤ ਦੀ ਸੋਚਣੀ ਨਾਲ ਸੋਚਦੇ ਹਾਂ, ਨਾਲੇ ਹੱਠ ਨਾਲ ਕੀਤਾ ਤੱਪ ਦਾਨ ਤੀਰਥ ਯਾਤਰਾ ਭਾਵ ਕੋਈ ਭੀ ਧਰਮ ਕਰਮ ਕੀਤਾ ਲੇਖੇ ਨਹੀਂ ਲੱਗਦਾ। ਪਰ ਜੇ ਗੁਰੂ ਆਸ਼ੇ ਅਨੁਸਾਰ, ਗੁਰਮਤਿ ਦੇ ਸਿਧਾਂਤ ਦੇ ਮੁਤਾਬਕ, ਸੁੱਤੇ ਸਿੱਧ ਕੀਤਾ ਜਾਵੇ ਤਾਂ ਉਹ ਪ੍ਰਵਾਨ ਹੁੰਦਾ ਹੈ। ਸੋ ਤੁਸੀਂ ਹੱਠ ਨਾ ਕਰੋ, ਤੇ ਇਹਨਾਂ ਬਿਹੰਗਮਾਂ ਤੇ ਤਰਸ ਕਰੋ। ਮਾਇਆ ਦਾ ਜਾਲ ਨਾ ਵਿਛਾਵੋ। ਇਸ ਤਰ੍ਹਾਂ ਇਹਨਾਂ ਅੰਦਰ ਅਜੇਹੀ ਇੱਛਾ ਭਾਵਨਾ ਬਣੇਗੀ, ਜਪ ਤੱਪ ਘਟੇਗਾ, ਗੁਰੂ ਮਾਰਗ ਤੋਂ ਉਲਟ ਭਾਵਨਾ ਜਾਗੇਗੀ, ਜਿਸ ਦੇ ਭਾਗੀ ਤੁਸੀਂ ਤੇ ਤੁਹਾਡੀ ਭੇਟਾ ਪਲੰਘ ਹੋਵੇਗਾ।

ਸੋ ਸ਼ਾਂਤ ਸੁੱਖ ਸਹਿਜ ਵਾਤਾਵਰਣ ਨੂੰ ਬਦਲ ਕੇ ਅਗਨ ਕੁੰਡ ਦੀ ਜਵਾਲਾ ਵਿਚ ਸੁੱਟ ਕੇ, ਜਲਦੇ ਰਹਿਣ ਦਾ ਬੇਹੰਗਮਾਂ ਨੂੰ ਇਹ ਅਵਸਰ ਨਾ ਦਿਓ। ਸ਼ਾਂਤ, ਦੁੱਬਦਾ ਰਹਿਤ ਜੀਵਨ ਬਦਲ ਕੇ ਮਾਲਕ ਦੀਆਂ ਬਖਸ਼ਸ਼ਾਂ ਦੀ ਬਜਾਏ, ਦੁੱਖਾਂ, ਕਲੇਸ਼ਾਂ, ਅਸ਼ਾਂਤ ਝਗੜਿਆਂ, ਨਫਰਤ ਦੇ ਘੇਰੇ ਵਿਚ ਫਸਾ ਦੇਣਾ,

ਇਹ ਕੋਈ ਸੁਚੱਜੀ ਸਿਆਣਪ ਤਾਂ ਨਹੀਂ। ਕੀ ਇਹ ਕੋਈ ਪੁੰਨ ਹੈ ਜਾਂ ਪਾਪ ?

ਰਾਜਾ ਮਾਤਾ– (ਅਜਿਹੇ ਬਚਨ ਸੁਣ ਕੇ ਕੰਬ ਉਠੀ] ਤੇ ਬੇਨਤੀ ਕੀਤੀ ਜੀ ਮੈਂ ਭੁੱਲੀ, ਭੁੱਲ ਨੂੰ ਬਖਸ਼ੋ ਤੇ ਜਗਤ ਮਾਤਾ ਜੀ ਦੇ ਅਸਥਾਨ [ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦਾਵਤਾਰ, ਗੁਰਾਂ ਗੁਰ] ਵਾਸਤੇ ਹੀ ਰੱਖ ਲਵੋ। ਭੁੱਲ ਬਖਸ਼ੋ।

ਬਾਬਾ ਜੀ–ਤੁਹਾਡੀ ਸੋਚ ਇਜ਼ਤ, ਮਾਨ, ਮੋਹ, ਮਮਤਾ ਦੀ ਮਾਇਆ ਦੇ ਵੇਹੜ ਦੀ ਹੈ,ਸਾਡੀ ਨਹੀਂ? ਮਾਇਆ ਦਾਸੀ ਨਾਲ ਸਾਡਾ ਦੂਰ ਦਾ ਵੀ ਵਾਸਤਾ ਨਹੀਂ। ਤਾਂ ਤੇ ਇਸ ਨਾਲ ਪਿਆਰ ਕਰਨਾ ਉੱਚਿਤ ਨਹੀਂ ਅਜੇਹੇ ਅਡੰਬਰ ਅਜੇ ਜਗਤ ਮਾਤਾ ਜੀ ਨੂੰ ਰੱਚਣ ਦੀ ਲੋੜ ਨਹੀਂ। ਜਦੋਂ ਅਤੇ ਜਿਸ ਰਾਹੀਂ ਰਚਨਾ ਰੱਚਣੀ ਚਾਹੁੰਣਗੇ, ਆਪੇ ਹੀ ਰਚ ਲੈਣਗੇ। ਸਾਡੇ ਪਾਸ ਅਜੇ ਜੱਗ੍ਹ ਹੀ ਨਹੀਂ, ਜਿਥੇ ਆਪ ਦੀ ਮਾਇਆ 'ਹਉਂ' ਦੀ ਭਾਵਨਾ ਵਿਛਾਈਆਂ ਆਦਿ ਭਾਵ ਪਲੰਘ ਰੱਖੀਏ।

ਬਾਬਾ ਜੀ ਨੇ ਪਲੰਘ ਵਾਪਸ ਮੋੜਨੇ

ਬਾਬਾ ਜੀ ਨੇ ਪਲੰਘ, ਗੱਦੇ, ਗਲੀਚੇ ਸਭ ਵਾਪਸ ਮੋੜ ਦਿਤੇ। ਇਹ ਸੀ ਬਾਬਾ ਜੀ ਦੀ ਉਦਾਰਤਾ ਤਿਆਗ ਅਤੇ ਸਮਦ੍ਰਿਸ਼ਟੀ ਤੇ ਦਰਵੇਸ਼ਾ ਨੂੰ ਲੋੜੀਐ.....।।' ਦੀ ਨਿੱਜੀ ਭਾਵਨਾ, ਮੋਹ ਮਮਤਾ ਤੋਂ ਰਹਿਤ ਜੀਵਨ ਜਾਚ ਦਾ ਇਕ ਵੱਡਮੁੱਲਾ ਅਧਿਆਏ,ਜਿਸ ਨੂੰ ਕਥਨੀ,ਵਿਖਾਵੇ ਦੀ ਜੀਵਨੀ ਨਹੀਂ ? ਸਗੋਂ ਅਸਲੀ ਜਾਮਾ [ਕਰਨੀ ਕਰ ਕੇ] ਸੱਚ ਦੀ ਸਾਨ੍ਹ ਤੇ ਚਾੜ੍ਹ ਕੇ ਸੱਚ ਸਵਰਨ ਕਰ ਵਿਖਾਇਆ। ਅਤੇ ਬਿਹੰਗਮ* ਦੇ ਸਹੀ ਅਰਥ ਜੀਵਣੀ ਰਾਹੀਂ ਦਰਸਾ ਕੇ ਮੋਹ ਜਾਲ ਤੋਂ ਨਿਰਲੇਪ ਰਹਿ ਕੇ ਸਾਰੀ ਆਯੂ ਵਿਰਕਤ ਰਹਿ ਕੇ ਇਕ-ਰਸ†ਰੰਗ ਵਿਚ ਗੁਜ਼ਰਾਨ ਕੀਤੀ।

---

* ਬਿਹੰਗਮ–੧. ਇਹ [ਅਕਾਸ਼] ਵਿਚ ਜੋ ਗਮਨ [ਗਮ ਰਹਿਤ] ਕਰੇ 'ਪੰਛੀ'

੨. ਸੂਰਜ (ਸੂਰਮਾ) ਜੋ ਧਰਮ ਯੁਧ ਦੀ ਹਮੇਸ਼ਾ ਮਨ ਵਿਚ ਚਾਹਨਾ ਰੱਖਦਾ ਹੋਵੇ–

ਮਨਿ ਮਹਿ ਅਰ ਚਿਤਿ ਮਹਿ ਯੁਧ ਵਿਚਾਰੈ ॥

੩. ਪੰਛੀ ਜੇਹੀ ਵ੍ਰਿਤਿ ਵਾਲਾ , 'ਵਿਰਕਤ ਸਾਧੂ'

ਰਹੈ ਬਿਹੰਗਮ ਕਤਹਿ ਨ ਜਾਈ ॥ [ਗਉੜੀ ਬਾਵਨ ਅੱਖਰੀ ਕਬੀਰ ਜੀ

੪. ਤੀਰ। [ਮਹਾਨ ਕੋਸ਼ ਪੰਨਾ ੬੪੭

ਵਿਹੰਗਮ–ਵਿਹ (ਅਕਾਸ਼] ਗਮ (ਗਮਨ) " " " ੬੨੧

ਪੰਛੀ–ਜਿਵੇਂ ਪੰਛੀ ਬੰਧਨ ਰਹਿਤ ਹੋ ਅਕਾਸ਼ ਵਿਚ ਉੱਡਦਾ ਹੈ। ਤਿਵੇਂ ਬਿਹੰਗਮ, ਅਕਾਸ਼ ਉੱਡਾਰੀ, ਸੰਸਾਰਕ ਪਦਾਰਥਾਂ ਨੂੰ ਇਕੱਠਾ ਕਰਨਾ, ਜਮ੍ਹਾਂ [ਸਟੋਰ ਕਰਨਾ] ਨਹੀਂ ਲੋਚਦਾ। ਹਰ ਥਾਂ ਪ੍ਰਭੂ ਦੀ ਕੁਦਰਤ ਨੂੰ ਜਾਣ ਕੇ ਆਪਣਾ ਹੀ ਸਮਝਣਾ, ਵੈਰ ਵਿਰੋਧ, ਹੰਕਾਰ ਰਹਿਤ ਹੋਣਾ, ਈਰਖਾ ਦ੍ਵੈਤ ਦੀ ਅਗਨੀ ਤੋਂ ਕੋਹਾਂ ਦੂਰ ਰਹਿਣਾ, ਸਰੀਰਕ ਕ੍ਰਿਆ ਸੰਸਾਰਕ ਕ੍ਰਿਆ ਤੇ ਮਾਇਆ ਕ੍ਰਿਆ ਤੋਂ ਵਿਰਕਤ ਨਿਰਮੋਹ ਹੋਣਾ ਹੀ ਬਿਹੰਗਮ ਪੰਛੀ ਦੀ ਉਦਾਹਰਣਾਂ ਤੁੱਲ ਹੋ ਸਕਦਾ ਹੈ।

ਰਾਜ ਮਾਤਾ ਸਦਾ ਜੀਵਨ ਭਰ ਲੰਗਰ ਦੇਗ ਦੀ ਸੇਵਾ ਕਰਨ ਲਈ ਹੀ ਆਪਣਾ ਮਨ ਬਣਾਈ ਰੱਖਿਆ। ਜਦੋਂ ਸਮਾਂ ਬਣਦਾ–ਸਿੰਘਾਂ ਲਈ ਬਸਤਰ, ਲੰਗਰ ਦੇਗ ਲਈ ਰਸਦਾਂ ਭੇਜਦੇ ਰਹੇ। ਆਪ ਸਦਾ ਮਾਤਾ ਜੀ ਦੇ ਅਸਥਾਨ ਦੀਆਂ ਖੁਸ਼ੀਆਂ ਲੈਣ ਲਈ ਪਹਿਲ ਦੇਂਦੇ ਰਹੇ।

ਗਊ ਦਾਨ ਹੋਣੀ

ਜ਼ਮੀਨ ਦੀ ਰਚਨਾ ਰੱਚੀ ਗਈ। ਹੁਣ ਅਗਲੀ ਰਚਨਾ–ਕਿ ਇਸ ਨੂੰ ਵਾਹੁਣ, ਜੋਤਨ ਲਈ ਬੈਲ ਚਾਹੀਦੇ ਹਨ। (ਅੱਗੇ ਟਰੈਕਟਰ ਨਹੀਂ ਸਨ ਅਤੇ ਨਾ ਹੀ ਬੋਰਿੰਗ ਟਿਊਬਵੈਲ ਸਨ] ਬਲਦਾਂ, ਖੂਹਾਂ ਜਾਂ ਬਰਾਨੀ ਖੇਤੀ ਹੁੰਦੀ ਸੀ।

ਅਚਾਨਕ ਇਕ ਪ੍ਰੇਮੀ ਇਹਨਾਂ ਹੀ ਦਿਨਾਂ ਵਿਚ ਇਕ ਗਊ (ਜੋ ਅਤੀ ਸੁੰਦਰ ਤੇ ਸਰੀਰ ਭਰਵਾਂ, ਦਰਸ਼ਨੀ ਸੀ) ਲੈ ਕੇ ਆ ਗਿਆ ਤੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਜਗਤ ਮਾਤਾ ਜੀ ਨੇ ਮੇਰੀ ਸ਼ਰਧਾ ਪੂਰੀ ਕਰ ਦਿਤੀ ਹੈ। ਮੈਂ ਸੁੱਖਣਾ ਸੁੱਖੀ ਸੀ ਕਿ ਜੇ ਮੇਰਾ ਕਾਰਜ ਰਾਸ ਹੋ ਜਾਵੇ ਤਾਂ ਮੈਂ ਗਊ ਦਾਨ ਕਰਾਂਗਾ। ਸੋ ਮੇਰੀ ਭਾਵਨਾ, ਸੁੱਖਣਾ ਪ੍ਰਵਾਨ ਕਰੋ।

ਬਾਬਾ ਜੀ– ਗੁਰਮੁਖਾ! ਗਊ ਦਾਨ ਤਾਂ ਪੰਡਤਾਂ ਜਾਂ ਹਿੰਦੂ ਤੀਰਥਾਂ ਦੇ ਪੁਜਾਰੀਆਂ ਨੂੰ ਕਰ ਦਿਓ। ਇਹ ਦਾਨ ਉਹਨਾਂ ਨੂੰ ਹੀ ਫਲਦਾ ਹੈ। ਅਸੀਂ ਅਜਿਹਾ ਸੁੱਖਣਾ ਦਾ ਦਾਨ ਨਹੀਂ ਲੈਣਾ। ਸਾਡੇ ਪਾਸੋਂ ਤਾਂ ਆਹ ਦੋ ਘੋੜਿਆਂ ਲਈ ਘਾਹ ਪੱਠੇ ਦਾ ਭੀ ਕੋਈ ਯਤਨ ਨਹੀਂ ਹੋ ਰਿਹਾ, ਫਿਰ ਇਹ ਗਊ ਦਾ ਜਾਇਆ, ਇਸ ਦੀ ਪਾਲਣ ਪੋਸਣ ਨਾ ਕਰ ਸਕਣ ਤੇ ਦੋਸ਼ੀ ਹੋਵਾਂਗੇ। ਅਸੀਂ ਮੰਗਣਾ ਨਹੀਂ ਜਾਣਦੇ। ਕਿਥੋਂ ਚਾਰਾ, ਪੱਠੇ ਮੰਗਾਂਗੇ। ਨਾਲੇ ਇੱਧਰ ਸਿੱਖ ਤਾਂ ਹੈ ਨਹੀਂ, ਮਰਹੱਟੇ ਹਨ, ਇਹ ਤਾਂ

☜ ਸੰ: ਵਿਰਕਤ, ਵਿ-ਰਕਤ।

ਹਮਰਾ ਮਨ ਬੈਰਾਗ ਬਿਰਕਤ ਭਇਓ ॥ [ਆਸਾ ਮ: ੪

੨. ਵਿਰਕਤ–(ਰੰਗ) ਬਿਨਾ ਭਾਵ ਬਦਲੇ ਹੋਏ ਰੰਗ ਵਾਲਾ। (ਬਿਨਾਂ ਮੋਹ ਮਮਤਾ ਸੰਸਾਰਕ ਪਦਾਰਥਾਂ ਦੀ ਮੁਹੱਬਤ ਤੋਂ ਰਹਿਤ। [ਮਹਾਨ ਕੋਸ਼, ਪੰਨਾ ੬੫੪

†ਇਕ ਰਸ ਰੰਗ–ਜਦੋਂ ਤੋਂ ਬਾਬਾ ਜੀ ਨੇ 'ਬੇਹੰਗਮੀ' ਬਾਣਾ ਪਹਿਨਿਆ, ਤਦੋਂ ਤੋਂ ਹੀ ਸਾਰੀ ਉਮਰ ਤੱਕ ਉਸੇ 'ਬੇਹੰਗਮੀ' ਪਹਿਰਾਵਾ, ਬਿਰਤੀ ਭਾਵ ਸਰੀਰ ਲਈ ਉਹੋ ਬਸਤਰ ਜੋ ਤਨ ਤੇ ਹਨ, ਸੀਸ ਲਈ ਕੇਸਰੀ ਝੁਲਾਏ ਹੋਏ ਫਰਰੇ ਸਹਿਤ ਦੁਮਾਲੇ (ਦਸਤਾਰੇ) ਦੋ ਕਮਰਕੱਸੇ, ਦੋ ਹਜ਼ੂਰੀਏ, ਦੋ ਕਛਹਿਰੇ ਤੇ ਨੰਗੀ ਪੈਰੀਂ। ਨਾ ਵਾਧੂ ਚੋਲਾ, ਦਸਤਾਰ, ਕਛਹਿਰੇ, ਨਾ ਹੀ ਹੋਰ ਹਜ਼ੂਰੀਏ। ਮਸਤਾਨੇ ਹੋਣ ਤੇ ਉਹ ਭੀ ਇੱਛਾ ਕਰ ਕੇ ਨਹੀਂ, ਮਿਲ ਗਏ ਤਾਂ ਬਦਲਣੇ ਤੇ ਜੋ ਬਸਤਰ ਨਿੱਤ ਪਹਿਨਣੇ, ਲੋੜ ਪੈਣ ਤੇ ਉਹਨਾਂ ਨੂੰ ਆਪ ਹੀ ਸਾਫ ਕਰ ਕੇ ਸੁਕਾ ਕੇ ਉਹੋ ਹੀ ਪਹਿਣ ਲੈਣੇ। ਜੁੱਤੀ ਨਾ ਖੜਾਵਾਂ ਤਾਂ ਪਹਿਨਦੇ ਨਹੀਂ ਸਨ। ਵਾਧੂ ਬਸਤਰ ਭੀ ਨਹੀਂ ਸਟੋਰ ਕਰ ਕੇ ਰੱਖਦੇ ਸਨ। ਜੋ ਭੀ ਸ਼ਰਧਾਲੂ ਵਸਤੂਆਂ ਲਿਆਉਂਦੇ, ਆਪ ਉਹਨਾਂ ਨੂੰ (ਬਸਤਰ, ਜੋੜੇ, ਸਫਾਂ) ਉਸੇ ਵੇਲੇ ਬੇਹੰਗਮਾਂ ਨੂੰ ਵੰਡ ਦੇਂਦੇ। [ਵਿਚਾਰ ਅੱਗੇ ਪੜ੍ਹਨਾ]

ਸਾਡੇ ਘੋੜਿਆਂ ਅੱਗੋਂ ਨਦੀ 'ਚੋਂ ਖੋਦ ਕੇ ਲਿਆਂਦਾ ਘਾਹ ਭੀ ਚੁੱਕ ਕੇ ਲੈ ਜਾਂਦੇ ਹਨ, ਭਲਾ ਗਊ ਲਈ ਚਾਰਾ ਕਿਥੋਂ ਦੇਣਗੇ, ਅਤੇ ਨਾ ਹੀ ਸਾਡੇ ਪਾਸ ਮਾਇਆ ਦੇ ਅਜੇ ਸਾਧਨ ਹਨ, ਜੋ ਚਾਰਾ ਖਰੀਦ ਕੇ ਗਊ ਪਾਲਣ ਕਰ ਸਕਾਂਗੇ।

ਸੋ ਅਜੇ ਤੁਸੀਂ ਗਊ ਨੂੰ ਵਾਪਸ ਲੈ ਜਾਵੋ, ਜਦੋਂ ਪ੍ਰਬੰਧ ਹੋ ਗਿਆ ਤਾਂ ਜਿਵੇਂ ਹੁਕਮ ਹੋਵੇਗਾ, ਫਿਰ ਵੇਖਿਆ ਜਾਵੇਗਾ। ਜਾਂ ਫਿਰ ਕਿਸੇ ਬ੍ਰਾਹਮਣ ਨੂੰ ਦਾਨ - ਪੁੰਨ ਕਰ ਦੇਵੋ।

ਪ੍ਰੇਮੀ– ਬਾਬਾ ਜੀ, ਮੈਂ ਇਸ ਨੂੰ ਵਾਪਸ ਲੈ ਜਾਣ ਦੇ ਸੰਕਲਪ ਭਾਵਨਾ ਨਾਲ ਐਡਾ ਪੈਂਡਾ ਚੀਰਦਾ ਤੇ ਕਸ਼ਟ ਝੱਲਦਾ ਹੋਇਆ ਲੈ ਕੇ ਨਹੀਂ ਆਇਆ। ਇਹ ਗਊ ਮਾਤਾ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਦੇ ਅਸਥਾਨ ਲਈ ਹੀ ਅਰਦਾਸ ਕਰ ਚੁੱਕਾ ਹਾਂ। ਅਰਦਾਸ ਕੀਤੀ ਵਾਪਸ ਨਹੀਂ ਹੋ ਸਕੇਗੀ। ਜੇ ਪ੍ਰਵਾਨ ਨਹੀਂ ਕਰੋਗੇ ਤਾਂ ਮੈਂ ਵੀ ਇਸ ਨਾਲ ਹੀ ਭੁੱਖਾ ਬੈਠਾ ਰਵਾਂਗਾ।

ਬਾਬਾ ਧਰਮ ਸਿੰਘ ਜੀ– ਬਾਬਾ ਜੀ! ਇਹ ਪਰੇਮੀ ਪਤਾ ਨਹੀਂ ਕਿਸ ਸ਼ਰਧਾ, ਪਿਆਰ ਨਾਲ ਲਿਆਇਆ ਏ, ਰੱਖ ਲਵੋ, ਇਸ ਦੇ ਦੁੱਧ ਦੇਣ ਨਾਲ ਸੰਗਤਾਂ ਦੇ ਜਲ ਪਾਣੀ ਦਾ ਮਸਲਾ ਭੀ ਹੱਲ ਹੋ ਜਾਵੇਗਾ। ਆਪ ਹੀ ਇਹ ਆਖਿਆ ਕਰਦੇ ਹੋ ਕਿ ਵਾਹਿਗੁਰੂ ਆਪਣਿਆਂ ਦੀ ਆਪੇ ਪਾਲਣ - ਪੋਸਣ ਕਰਦਾ ਹੈ। ਨਾਲੇ–

ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕੁ ਆਗੈ ਕਰਿ ਧਰਿਆ ॥

ਫਿਰ ਸਾਨੂੰ ਸੀਤਗੁਰੂ ਜੀ ਦੇ ਬਚਨਾਂ ਤੇ ਭਰੋਸਾ ਕਰ ਕੇ–

ਕਾਰੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜਿਉ ਪਰਿਆ ॥ (ਗੂਜਰੀ ਮ: ੫–੧੦

ਜਦੋਂ ਮਾਲਕ ਨੂੰ ਆਪੇ ਆਹਰ ਹੈ, ਤਾਂ ਸਾਨੂੰ ਆਹਰ ਕਰਨ (ਯਤਨ) ਦੀ ਕੀ ਲੋੜ ਹੈ। ਜਿਥੇ ਬਾਕੀ ਜੀਵਾਂ ਦੀ ਪਾਲਣਾ ਹੋਵੇਗੀ, ਉਥੇ ਇਸ ਗਊ ਦੀ ਪਾਲਣਾ ਲਈ (ਘੋੜਿਆਂ ਵਾਗ) ਆਪੇ ਕੋਈ ਉਪਾਏ ਹੋ ਆਵੇਗਾ।

ਪਰ ਅਜਿਹੇ ਚੋਜ ਤਮਾਸ਼ੇ ਤੇ ਰਚਨਾ ਰਚਣ ਦੇ ਐਵੇਂ ਪੜਦੇ ਨਾ ਪਾਇਆ ਕਰੋ। ਇਹ ਕਿਥੋਂ ਆਇਆ ਏ, ਕਿਵੇ ਆਇਆ ਏ, ਇਸ ਗੁਰਮੁਖ ਨੂੰ ਪੁੱਛੋ ਤਾਂ ਸਹੀ। ਇਹ ਤਾਂ ਪੁੱਛਦੇ ਭੀ ਨਹੀਂ ? ਅਤੇ ਚੰਜੀ ਦੇ ਚੋਜ, ਰਮਜ਼ਾਂ,ਰਾਜ਼ਾਂ ਵਿਚ ਕਿੰਨੀ ਉਦਾਰਤਾ ਨਿਰਲੇਪਤਾ ਦਿਖਾ ਰਹੇ ਹੋ।ਕੀ ਉਹ ਜਾਣਦਾ ਨਹੀਂ? ਸਾਥੋਂ ਹੁਣ ਕਿਉਂ ਛੁਪਾਂਦੇ ਹੋ ਅਤੇ ਸਾਥੋ ਅਖਵਾਉਂਦੇ ਹੋ ਕਿ ਇਸ ਗੁਰਮੁਖ ਦਾ ਪਹਿਰਾਵਾ ਪੰਜਾਬੀਆਂ† ਵਾਲਾ ਹੈ, ਪਰ ਇੱਧਰ ਨਾਂਦੇੜ ਦੀ ਧਰਤੀ ਵੱਲ ਤਾਂ ਕਿਧਰੇ ਕੋਈ ਅਜਿਹੇ ਪੰਜਾਬੀ ਪਹਿਰਾਵੇ ਵਾਲੇ ਤਾਂ ਦੱਸਦੇ ਹੀ ਨਹੀਂ ?

ਬਾਬਾ ਜੀ ਵੇਖੋ ! ਇਸ ਅਜਨਬੀ ਸਿੰਘ ਦੇ ਚੇਹਰੇ ਤੇ ਕਿੰਨਾ ਜਲਵਾ ਹੈ, ਕਿਤਨਾ ਨੂਰ ਚਮਕਦਾ ਹੈ। ਨੈਣਾਂ ਵਿਚ ਕੋਈ ਅਗੰਮੀ ਸਰੂਰ, ਉੱਚਾ ਲੰਮਾ ਗੱਭਰੂ, ਕਲੀਆਂ ਵਾਲਾ ਚੋਲਾ, ਤੇੜ ਕਛਹਿਰਾ,

---

† ਸੰਨ ੧੯੪੭ ਪਾਕਿਸਤਾਨ ਬਣਨ ਦੇ ਬਾਅਦ ਤਾਂ ਬਹੁਤ ਸਾਰੇ ਪੰਜਾਬੀ ਇੱਧਰ ਆ ਵਸੇ ਹਨ। ਪਰ ਇਹ ਵਾਰਤਾ ਤਾਂ ੧੯੪੭ ਤੋਂ ਕਈ ਸਾਲ ਪਹਿਲਾਂ ਦੀ ਹੈ।

ਗਲ ਵਿਚ ਸਫੈਦ ਰਜੂਰੀਆ, ਸਿਰ ਤੇ ਗੁਰਮੁਖੀ ਸਫੈਦ ਦਸਤਾਰ, ਇਹ ਤਾਂ ਜ਼ਰੂਰ ਦੀ ਗੁਰਮੁਖ ਕਿਧਰ ਆਪ ਹੀ ਤਾਂ ਨਹੀਂ. , . . . ਛਲੀਆ ।

ਇਹ ਗਊ ਭੀ ਤਾ 'ਕਾਮਧੇਨ ਗਊ' ਜਾਪਦੀ ਹੈ। ਪੰਜਾਬ ਦੀਆਂ ਗਊਆਂ ਵਾਂਗ ਤਾਂ ਇਹ ਨਹੀਂ ਜਾਪਦੀ, ਨਾ ਜਾਣੇ ਕਿਸ ਦੇਸ਼ੋਂ ਲਿਆਏ ਨੇ, ਕਿਤਨੀ ਸੁੰਦਰ ਤੇ ਪਿਆਰੀ ਲੱਗਦੀ ਹੈ।

ਪਰ ਮੈਨੂੰ ਤਾਂ ਇਹ ਗੁਰਮੁਖ 'ਬੇਗਮ ਪੁਰਾ ਸਹਰ ਕੋ ਨਾਉ ॥' ਦਾ ਵਾਸੀ ਜਾਪਦਾ ਏ। ਕੀ ਇਹ ਨਾਮਦੇਵ ਵਾਂਗ 'ਦੁਆਰਕਾ ਨਗਰੀ ਕਾਹੇ ਕੇ ਮਗੌਲ' ਵਾਲਾ ਤਾਂ ਨਹੀਂ ।

ਇਉਂ ਜਾਪਦਾ ਜਿਵੇਂ ਸਾਰੇ ਬ੍ਰਹਮੰਡ ਦਾ ਮਾਲਕ ਛੱਲੀਆ, ਛੱਲ ਕਰਨ ਵਾਲਾ ਤਾਂ ਨਹੀਂ ਬਣ ਆਇਆ। ਮੈਨੂੰ ਤਾ ਇਉਂ ਹੀ ਝੰਲਾ ਪੈਂਦਾ ਏ, ਕਿਤਨੇ ਮਿੱਠੇ ਬੋਲੇ ਕਹਿੰਦਾ ਏ, ਮੈਂ ਗਊ ਪੁੰਨ ਕਰਨੀ ਏ ? ਭੱਲਾ ਹੋਰ ਪੁੰਨ ਵਾਲਾ ਥਾਉਂ ਨਹੀਂ ਲੱਭਾ ? ਬਾਬਾ ਜੀ ਕਰੋ ਇਸ ਗੁਰਮੁਖ ਦੀ ਭੇਟ ਪ੍ਰਵਾਨ। ਹੋਰ ਕੋਈ ਨਵੀਂ ਰਚਨਾ ਰਚੋ ?

ਬਾਬਾ ਮਿੱਤ ਸਿੰਘ ਜੀ– ਧਰਮ ਸਿੰਘ ਜੀ ! ਮੱਕੜੀ ਦੇ ਤਾਣੇ ਵਾਂਗ ਜਾਲ ਵਿਚ ਫੱਸ ਗਏ ਹੋ, ਤਾਂ ਆਪ ਨੂੰ ਛੁੱਟਕਾਰਾ ਕਰਾਉਣਾ ਮੁਸ਼ਕਲ ਹੋ ਜਾਵੇਗਾ। ਤੁਸਾਂ ਭੱਜਣਾ ਏ, ਅਸਾਂ ਭੱਜਣ ਨਹੀਂ ਦੇਣਾ ਅਤੇ ਇਸ ਗਊ ਦੀ ਸੇਵਾ ਤੁਸਾਂ ਨੂੰ ਹੀ ਕਰਨੀ ਪਵੇਗੀ ਜਾਂ ਕਰਵਾਉਣੀ ਹੋਵੇਗੀ। ਜੇ ਜਾਣ ਗਏ ਹੋ ਤੁ ਜਾਨਣਹਾਰ ਦੀ ਰਚਨਾ ਦਾ ਇਕ ਭਾਗ ਸਮਝੋ, ਤੇ ਖਰੀਦ ਜ਼ਮੀਨ ਦੇ ਜੋਤਨ ਦਾ ਉਪਰਾਲਾ ਭੀ ਆਪ ਮਾਲਕ ਕਰ ਆਇਆ ਹੈ।

ਪ੍ਰੇਮੀ– ਬਾਬਾ ਜੀ ! ਮੇਰੀ ਸ਼ਰਧਾ ਨੂੰ ਠੇਸ ਵੱਜੇਗੀ। ਆਹ ਲੌ, ਮੈਂ ਗਊ ਬੰਨ੍ਹ ਚੱਲਿਆ ਹਾਂ। ਭੇਟਾ ਸਵੀਕਾਰ ਕਰਨੀ।

ਬਾਬਾ ਧਰਮ ਸਿੰਘ ਜੀ ਨਾਲ ਇਧਰ ਅਜੇ ਆਪਸੀ ਵਾਰਤਾ ਹੋ ਹੀ ਰਹੀ ਸੀ, ਤੇ ਉਧਰ, ਪ੍ਰਦੇਸੀ [ਚੋਜੀ) ਚੋਜ ਵਰਤਾ ਕੇ ਗਊ ਬੰਨ੍ਹ ਕੇ ਅਲੋਪ ਹੋ ਗਿਆ।

ਹੈਂ ਕਿਧਰ ਗਿਆ ਪ੍ਰਦੇਸੀ ? ਜਲ ਪਾਣੀ ਲੰਗਰ ਭੀ ਨਹੀਂ ਛੱਕਿਆ । ਰੁਠ ਗਿਆ ਭਗਵਾਨ ਤੇ ਮਿੰਟਾਂ ਸਕਿੰਟਾਂ ਵਿਚ ਅਲੋਪ ਹੋ ਕੇ ਕਿਧਰ ਚਲੇ ਗਏ ਹਨ, ਭਗਵਾਨ ਜੀ, ਚਲੇ ਗਏ ? ਕਿਧਰ ਨੂੰ, ਕਿਵੇਂ ਬੁਲਾਈਏ ? ਜਾਵੋ ਹੁਣ ਪ੍ਰਸ਼ਾਦੇ ਤੇ ਦਾਲਾ ਲੈ ਕੇ ਮਗਰ, ਤੇ ਆਖੋ–ਤੂੰ ਰੁਠਾ ਮੋਹਿ ਨਾ ਮੁਖਾਵੈ ॥

ਬੜੀ ਅਸਚਰਜਤਾ ਨਾਲ ਬਾਬਾ ਧਰਮ ਸਿੰਘ ਜੀ ਕਹਿ ਰਹੇ ਸਨ ਕੀ ਇਹ ਤੁਹਾਡੀ ਰਚਨਾ ਦਾ ਹੀ ਇਕ ਹੋਰ ਭਾਗ ਸੀ । ਹਾਂ ਜ਼ਮੀਨ ਖਰੀਦ ਤੇ ਵਾਹੁੰਣ ਦੀਆਂ ਸੋਚਾਂ ਫੁਰਦਿਆਂ, ਗਊ ਆ ਗਈ। ਜਾਇ ਵੈਹੜੇ ਦੇਵੇਗੀ, ਬਲਦ ਹੋਣਗੇ ਤੇ ਹਲ ਚਲਾਣਗੇ ।

ਬਾਬਾ ਮਿੱਤ ਜੀ– ਵਾਹ ਵਾਹ ! ਮਾਲਕ ਭੀ ਕਦੀ ਰੁੱਠਦਾ ਹੈ, ਨਾ ਗੁੱਸੇ ਹੁੰਦਾ ਹੈ, ਸਗੋਂ ਉਹ ਤਾ 'ਮੇਹਰਵਾਨ ਸਾਹਿਬ ਮੇਰਾ ਮੇਹਰਵਾਨ' ਫਿਰ 'ਅਉਗੁਣ ਕੋ ਨ ਚਿਤਾਰੈ' ਬਾਬਾ ਧਰਮ ਸਿੰਘ ਜੀ ਉਹ ਸਾਡੇ ਨਾਲ ਕਿਉਂ ਰੁਠੇਗਾ। ਜੇ ਰੁੱਠੇਗਾ ਤਾਂ ਜਗਤ ਮਾਤਾ ਨਾਲ। ਮਾਂ ਜਾਣੇ ਜਾਂ ਬਾਪ ਜਾਣੇ। ਅਸੀਂ ਤਾਂ ਸੇਵਾਦਾਰ ਹਾਂ ਬੱਚੇ ਹਾਂ। ਜਿਵੇਂ ਉਹਨਾਂ ਦੀ ਰਜ਼ਾ–ਸੰਭਾਲੋ ਗਊ ਨੂੰ, ਤੇ ਵੇਖੋ ਚੋਜੀ ਦੇ ਚੋਜ।

ਗਊ ਨੇ ਵੈਹੜੇ ਹੀ ਦੇਣੇ

ਐਸੀ ਸਤਿਗੁਰੂ ਜੀ ਦੀ ਕਿਰਪਾ ਹੋਈ ਕਿ ਉਹ ਗਊ ਜੋ ਵੈਹੜੇ [ਵੱਛੇ) ਹੀ ਦੇਂਦੀ ਗਈ। ਥੋੜੇ ਸਮੇਂ ਵਿਚ ਹੀ ਬੈਲਾਂ ਦੀਆਂ ਜੋੜੀਆਂ ਤਿਆਰ ਹੋ ਗਈਆਂ। ਉਸ ਚੋਜੀ ਪ੍ਰੀਤਮ (ਮਾਲਕ) ਦੀ ਭੇਜੀ ਕਾਮਧੇਨ ਗਊ ਤੋਂ ਇਤਨਾ ਵਾਧਾ ਹੋਇਆ ਕਿ ਥੋੜੇ ਸਮੇਂ ਵਿਚ ਹੀ ਸੌ ਡੇਢ ਸੌ [੧੦੦–੧੫੦) ਗਊਆਂ ਤੇ ਵੱਛੇ ਤੇ ਵੱਛੀਆਂ ਹੋ ਗਈਆਂ।

ਆਖਰ ਇਹਨਾਂ ਦੀ ਸੰਭਾਲ ਲਈ ਵੱਖਰਾ ਤਾਰਾਂ ਵਾਲਾ ਵਾੜਾ (ਵਲੱਗਣ) ਬਣਾਉਣਾ ਪਿਆ। ਜੋ ਮਾਤਾ ਜੀ ਦੇ ਅਸਥਾਨ ਤੋਂ ੪–੫ ਕਿੱਲੇ ਦੀ ਦੂਰੀ ਤੇ ਸੀ। ਜਿਥੇ ਸਾਰੀਆਂ ਗਊਆਂ ਤੇ ਵੱਛੇ ਹੁੰਦੇ ਸਨ। ਭਾਵੇਂ ਇਧਰ ਸ਼ੇਰ ਭੀ ਬਹੁਤ ਸਨ, ਪਰ ਭੈ ਕੋਈ ਨਹੀਂ ਸੀ।

ਸ਼ੇਰ ਨੇ ਗਊ ਦਾ ਵੱਛਾ ਲੈ ਜਾਣਾ

ਇਕ ਵਾਰੀ ਇਕ ਗਊ ਬਾਹਰ ਚਰਦੀ ਹੋਈ ਹੀ ਸੂਅ ਪਈ। ਤੇ ਉਹ ਵੱਛੇ ਦੇ ਚੱਟਣ ਚੁੰਮਣ ਦੇ ਪਿਆਰ ਵਿਚ ਹੀ ਸੀ ਕਿ ਅਚਾਨਕ ਜੰਗਲ ਵਿਚੋਂ ਇਕ ਸ਼ੇਰ ਨਿਕਲ ਆਇਆ। ਤੇ ਨਵੀਂ ਸੂਈ ਗਊ ਦੇ ਵੱਛੇ ਨੂੰ ਚੁੱਕ ਕੇ ਨਦੀ ਵਿਚ ਉਤਰ ਗਿਆ। ਗਊ ਡਰਦੀ ਦੁੜੰਗੇ ਮਾਰਦੀ ਭੱਜੀ। ਗਊ ਨੇ ਅਜੇ ਜਿਊਰ (ਜ਼ੇਰ) ਨਹੀਂ ਸੁੱਟੀ ਸੀ। ਲਮਕਦੀ ਜਿਊਰ ਨਾਲ ਹੀ ਡੇਰੇ ਵੱਲ ਨੂੰ ਦੁੜੰਗੇ ਲਗਾਂਦੀ ਹੋਈ ਆ ਰਹੀ ਸੀ।

ਉਧਰ ਸ਼ੇਰ ਵੱਛੇ ਨੂੰ ਮਾਰ ਕੇ ਖਾਣ ਦੀਆ ਤਿਆਰੀਆਂ ਵਿਚ ਹੀ ਸੀ ਕਿ ਗਊ ਨੂੰ ਚਿੰਘਾੜਦੀ ਸੁਣ ਕੇ ਸਿੰਘਾਂ ਅੰਦਰ ਭੱਜ ਦੌੜ ਮੱਚ ਗਈ। ਮਾਰੋ, ਮਾਰੋ ਲਾਠੀਆਂ, ਭਾਲੇ, ਤਲਵਾਰਾਂ ਜੋ ਸ਼ਸਤਰ ਹੱਥ ਆਇਆ, ਕੋਈ ਕਿਧਰੇ ਕੋਈ ਕਿਧਰੇ ਜੰਗਲ ਵਿਚ ਬੱਛੜੇ ਦੀ ਭਾਲ ਵਿਚ ਨਿਕਲ ਪਏ।

ਬਾਬਾ ਜੀ ਦਾ ਸ਼ੇਰ ਪਾਸ ਪੁੱਜਣਾ

ਅਛੋਪਲੇ ਬਾਬਾ ਜੀ ਨਦੀ ਵਿਚ ਨੂੰ ਉਥੇ ਪਹੁੰਚ ਗਏ, ਜਿਥੇ ਸ਼ੇਰ ਵੱਛੇ ਨੂੰ ਧਰਤੀ ਤੇ ਰੱਖੀ, ਨਿੱਡਰ ਹੋ ਕੇ ਖੜਾ ਸੀ, ਇਉਂ ਜਿਵੇਂ ਕਿਸੇ ਸਾਥੀ ਦੀ ਉਡੀਕ ਕਰ ਰਿਹਾ ਹੋਵੇ।

ਅਚਾਨਕ ਬਾਬਾ ਜੀ ਸਾਹਮਣੇ ਜਾ ਖੜੇ ਹੋਏ। ਨਾ ਕੋਈ ਹਥਿਆਰ, ਨਾ ਬੰਦੂਕ, ਨਾ ਭਾਲਾ, ਬੱਸ ਖਾਲੀ ਹੱਥੀਂ, ਮੁਸਕਰਾਉਂਦੇ ਹੋਏ, ਮੋਢਿਆਂ ਦੇ ਕਮਰ-ਕੱਸੇ ਵਿਚ ਹੱਥ ਪਾਈ ਸ਼ੇਰ ਨੂੰ ਜਾ ਆਵਾਜ਼ ਦਿਤੀ–

ਬਾਬਾ ਜੀ– ਸ਼ੇਰਾ ! ਇਹ ਕੇਹੜੀ ਬਹਾਦਰੀ ਕੀਤੀ ਆ, ਮਾਸੂਮ ਬੱਚੇ [ਵੱਛੇ) ਜਿਸ ਅਜੇ ਮਾਂ ਦਾ ਦੁੱਧ ਭੀ ਨਹੀਂ ਚੁੰਘਿਆ ਜਨਣੀ ਮਾਂ ਦਾ ਸਰੂਪ ਭੀ ਨਹੀਂ ਦੇਖਿਆ। ਅਜੇ ਤਾਂ ਮਾਂ ਨੇ ਬੱਚੇ ਨਾਲ ਰੱਜ ਕੇ ਪਿਆਰ ਭੀ ਨਹੀਂ ਕੀਤਾ ਤੇ ਤੂੰ ਉਨ੍ਹਾਂ ਦੀ ਮੱਮਤਾ ਨੂੰ ਭਾਰੀ ਠੇਸ ਮਾਰਕੇ ਕੇਹੜੇ ਮਾਅਰਕੇ ਵਾਲਾ ਕੰਮ ਕੀਤਾ ਈ। ਜੇ ਭਲਾ ਤੇਰੇ ਬੱਚੇ ਨੂੰ ਇਸ ਤਰਾਂ ਕੋਈ ਜਬਰੀ ਚੁਕ ਕੇ ਲੈ ਜਾਵੇ ਤਾਂ ਤੇਰੇ ਨਾਲ ਕੀ

ਬੀਤੇਗੀ ? ਤੂੰ ਆਪਣੇ ਅੰਦਰ ਆਪਣੀਆਂ ਆਂਦਰਾਂ ਨੂੰ ਪੁੱਛ, ਤੇ ਫਿਰ ਦੱਸ ? ਕੀ ਭਾਅ ਗੁਜ਼ਰੇਗੀ ਤੈਨੂੰ ਨਾਲ, ਵਿੱਲਕਦਾ, ਤੱੜਪਦਾ, ਜੰਗਲ ਦਾ ਕੋਨਾ ਕੋਨਾ ਭਾਲੇਂਗਾ। ਮਨ ਦੀ ਪ੍ਰੇਸ਼ਾਨੀ ਦਾ ਤੂੰ ਆਪ ਹੀ ਅੰਦਾਜ਼ਾ ਲਾ ਲੈ। ਫਿਰ–

ਕਬੀਰ ਜੋਰੁ ਕੀਆ ਸੋ ਜੁਲਮੁ ਹੈ, ਲੇਇ ਜਬਾਬ ਖੁਦਾਇ ॥ (ਸਲੋਕ ਕਬੀਰ)

ਦੇਖ ਲੈ, ਇਹ ਜਗਤ ਮਾਤਾ ਜੀ ਦੀਆਂ ਗਊਆਂ ਹਨ, ਜਿਹਨਾਂ ਦੀ ਤੂੰ ਆਪ ਹੀ ਪ੍ਰਕਰਮਾਂ ਅੰਦਰ ਰਖਵਾਲੀ ਕਰਦਾ ਹੁੰਦਾ ਏਂ। ਅੱਜ ਤੇਰੀਆਂ ਅੱਖਾਂ ਤੇ ਪੜਦਾ ਪੈ ਗਿਆ ਹੈ, ਉਸ ਵਿਚਾਰੀ ਅਬਲਾ ਗਊ ਦਾ ਵੱਛਾ ਚੁੱਕ ਲਿਆਂਦਾ ਈ, ਕੀ ਜਵਾਬ ਦੇਵੇਂਗਾ, ਉਸ ਸੱਚੀ ਦਰਗਾਹ ਵਿਚ ?

ਸ਼ੇਰਾ ! ਤੂੰ ਸੋਚ, ਜਿਵੇਂ ਸ਼ੇਰਨੀ ਤੇ ਤੇਰੀਆਂ ਆਂਦਰਾਂ ਨੂੰ ਪੀੜਾ ਆਪਣਾ ਬੱਚਾ ਚੁੱਕਣ ਤੇ ਹੁੰਦੀ ਹੈ, ਤਿਵੇਂ ਉਹ ਗਊ ਵੱਛੇ ਬਿਨਾਂ ਕਿਵੇਂ ਵਿਲਕਦੀ ਕੁਰਲਾਂਦੀ ਹੋਵੇਗੀ। ਕਿਸੇ ਨੂੰ ਦੁੱਖ ਦੇਣਾ ਕੇਡਾ ਵੱਡਾ ਪਾਪ ਹੈ, ਤੇ ਜਿਸ ਦੀ ਸਜ਼ਾ ਤੈਨੂੰ ਭੁਗਤਣੀ ਹੀ ਪਵੇਗੀ।

ਅਸਚਰਜ ਕੌਤਕ ਵਰਤਿਆ ਹੈ ਜੋ ਸ਼ੇਰ ਬੁਜ਼ਦਿਲਾਂ ਵਾਂਗ ਸਿਰ ਨੀਵਾਂ ਕਰੀ, ਜਿਵੇਂ ਕੀਤੇ ਤੇ ਪੱਛਤਾ ਰਿਹਾ ਹੋਵੇ, ਖੜਾ ਖੜਾ ਬਾਬਾ ਜੀ ਦੀਆਂ ਅਗੰਮੀ ਰਮਜ਼ਾਂ ਨੂੰ ਇਉਂ ਸੁਣਦਾ ਰਿਹਾ, ਜਿਵੇਂ ਕੋਈ ਪਾਪੀ ਪਾਪ ਕਰਨ ਤੋਂ ਬਾਅਦ ਪਛੱਤਾਵੇ (ਮੁਜਰਮ) ਦੀ ਸ਼ਕਲ ਵਿਚ ਸੱਚ ਦੇ ਕਟਹਿਰੇ ਵਿਚ ਲਾ-ਜਵਾਬ ਖੜਾ ਹੋਵੇ।

ਸਿੰਘਾਂ ਦਾ ਪੁੱਜਣਾ

ਸ਼ੇਰ ਨੇ ਬਾਬਾ ਜੀ ਨਾਲ ਅੱਖਾਂ ਦੋ ਚਾਰ ਕੀਤੀਆਂ ਤੇ ਵਾਹੋ ਦਾਹੀ ਤੇਜ਼ੀ ਨਾਲ ਸਿਰ ਨੀਵਾਂ ਕਰੀ ਵੱਛਾ ਛੱਡ ਕੇ ਜੰਗਲ ਨੂੰ ਦੌੜ ਗਿਆ। ਬਾਬਾ ਜੀ ਨੇ ਵੱਛਾ ਮੋਢੇ ਤੇ ਚੁੱਕ ਕੇ ਗਊ ਪਾਸ ਲਿਆ ਰੱਖਿਆ। ਡੇਰੇ ਦੇ ਸਾਰੇ ਸਿੰਘ ਭੀ ਭਾਲ ਕਰਦੇ ਆ ਪੁੱਜੇ। ਤੇ ਇਹ ਅਸਚਰਜ ਕੌਤਕ ਵੇਖ ਕੇ ਸਾਰੇ ਚਕ੍ਰਿੱਤ ਹੋ ਗਏ। ਬਾਬਾ ਜੀ ਗਊ ਅੱਗੇ ਵੱਛਾ ਰੱਖ ਕੇ ਗਊ ਨੂੰ ਪਿਆਰ ਦਿਲਾਸਾ ਦੇਣ ਲੱਗ ਪਏ। ਜਿਵੇਂ ਕਿਸੇ ਸਪੁੱਤ੍ਰ ਗੁੰਮ ਹੋਇਆਂ ਨੂੰ ਕੋਈ ਸਿਆਣਾ ਪੁਰਸ਼ ਦਿਲਾਸਾ ਦੇ ਰਿਹਾ ਹੋਵੇ। ਗਊ ਕਦੀ ਵੱਛੇ ਨੂੰ ਚੱਟਦੀ ਅਤੇ ਕਦੀ ਬਾਬਾ ਜੀ ਦੀ ਕਦਮ ਬੋਸੀ ਕਰਦੀ। ਜਿਵੇਂ ਪਰਉਪਕਾਰ (ਅਹਿਸਾਨ) ਦਾ ਬੱਦਲਾ ਕੋਈ ਚੁਕਾ ਰਿਹਾ ਸ਼ੁਕਰਾਨਾ ਕਰਦਾ ਹੋਵੇ।

ਇਸ ਵੱਛੇ ਨੇ ਸੇਵਾ ਕਰਕੇ ਅਹਿਸਾਨ ਦਾ ਬਦਲਾ ਚੁਕਾਉਣਾ

ਉਹ ਸ਼ੇਰ ਤੋਂ ਛੁਡਵਾਇਆ ਵੱਛਾ ਜਦ ਵੱਡਾ ਹੋ ਗਿਆ, ਹਲ ਜੋਤਨ ਜੋਗ ਬੈਲ ਬਣ ਗਿਆ। ਤਾਂ ਇਸ ਦੇ ਅੰਤਸ਼ਹ ਕਰਣ ਵਿਚੋਂ ਬਾਬਾ ਜੀ ਦਾ ਸ਼ੇਰ ਦੇ ਮੂੰਹੋਂ ਛੁੱਡਵਾ ਕੇ ਜਾਨ ਬਖਸ਼ੀ ਕਰਾਉਣ ਦਾ ਸਦਾ ਇਹ ਉਧਾਰ ਲਾਹੁਣ ਨੂੰ ਹਰ ਵਕਤ ਇਸ ਦਾ ਜੀਅ ਉਮਗਦਾ। ਜਦੋਂ ਭੀ ਪਸ਼ੂਆਂ ਦੀ ਦੇਖ ਭਾਲ ਪਿਆਰ ਕਟਾਖ ਮਾਰਨ ਬਾਬਾ ਜੀ ਵਾੜੇ 'ਚ ਜਾਂਦੇ,ਤਾਂ ਇਸ ਵਛੇ ਦਾ ਬਾਬਾ ਜੀ ਨੂੰ ਵੇਖਕੇ ਉਤਾਵਲਾ ਪਨ ਪਿਆਰ ਭਰੇ ਹਥਾਂ ਦਾ ਪਿੱਠ ਤੇ ਫਿਰਨ ਨੂੰ ਲੋਚਦਾ, ਕੁੱਦਦਾ, ਨੱਚਦਾ, ਰੱਸਾ ਤੁੜਾਉਂਦਾ, ਮੂੰਹ ਬਾਬਾ ਜੀ

ਵਲ ਕਰ ਕੇ ਕੁਝ ਅੰਦਰਲੇ ਪਿਆਰ ਦੀ ਤਾਂਘ ਦਰਸਾਉਂਦਾ। ਬਾਬਾ ਜੀ ਭੀ ਵਾੜੇ ਵਿਚ ਵੜਦਿਆਂ ਉਸ ਦੇ ਪਿਆਰ ਦੀ ਖਿੱਚ ਨੂੰ ਜਾਣ ਜਾਂਦੇ। ਸਭ ਤੋਂ ਪਹਿਲਾਂ ਉਸ ਦੇ ਮੱਥੇ ਤੇ ਪਿੱਠ ਉੱਤੇ ਹੱਥ ਫੇਰਦੇ, ਪਿਆਰਦੇ ਤਾਂ ਉਹ ਸ਼ਾਂਤ ਚਿੱਤ ਹੋ ਕੇ ਸਿਰ ਨੀਵਾਂ ਕਰ ਕੇ ਬਾਬਾ ਜੀ ਦੇ ਚਰਨ ਪਰਸਦਾ।

ਜੀ ਹਾਂ, ਪਿਆਰ ਇਕ ਅਜਿਹਾ ਜਾਦੂ ਹੈ ਜੋ ਪਸ਼ੂ ਪੰਛੀਆਂ ਅਤੇ ਭਿਆਨਕ ਖੂੰ - ਖਾਰ ਜਾਨਵਰਾਂ ਨੂੰ ਭੀ ਵਸੀਕਰਨ ਕਰ ਲੈਂਦਾ ਹੈ। ਇਸੇ ਪ੍ਰੇਮ - ਅਵਸਥਾ ਨੂੰ ਹੀ ਦਸਮ ਪਾਤਸ਼ਾਹ ਫੁਰਮਾਉਦੇ ਹਨ–

ਜਿਨਿ ਪ੍ਰੇਮ ਕੀਉ ਤਿਨ ਹੀ ਪ੍ਰਭ ਪਾਇਓ ॥

ਇਸੇ ਪ੍ਰੇਮ ਦੀ ਕੜੀ ਵਿਚ ਜਦ ਕੋਈ ਪ੍ਰੇਮੀ ਆਪਣੀ ਪ੍ਰੇਮਕਾ (ਵਾਹਿਗੁਰੂ) ਨੂੰ ਵਸੀਕਾਰ ਕਰ ਲੈਂਦਾ ਹੈ ਤਾਂ ਪ੍ਰਮੇਸ਼ੂਰ ਫਿਰ

ਜਹ ਜਹ ਕਾਜ ਕਿਰਿਤਿ ਸੇਵਕ ਕੀ, ਤਹਾ ਤਹਾ ਉਠਿ ਧਾਵੈ ।।੧।। [ਆਸਾ ਮ: ੫–੪੦੨

ਅਕਾਲ ਪੁਰਖ ਸੁਖ ਸ਼ਾਂਤ-ਤਿਆਗ, ਪ੍ਰੇਮ - ਬੰਧਨ ਵਿਚ ਅਜਿਹਾ ਬੱਝ ਜਾਂਦਾ ਹੈ ਕਿ ਛੁੱਟਣ ਦਾ ਕੋਈ ਉਜ਼ਰ ਹੀ ਨਹੀਂ ਕਰ ਸਕਦਾ। ਸਗੋਂ ਮਾਨ ਦੇਂਦਾ ਹੈ, ਉਸ ਭਗਤ ਨੂੰ, ਜੋ ਆਪਣੇ ਪ੍ਰੇਮ - ਬੰਧਨ ਵਿਚ ਪ੍ਰਭੂ ਨੂੰ ਬੰਨ੍ਹ ਲੈਂਦਾ ਹੈ, ਜਿਵੇਂ ਫੁਰਮਾਇਆ ਹੈ–

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੁਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋਹਿ ਪੈ ਜਬਾਬ ਨ ਹੋਇ ॥ ੧ ॥
[ਸਾਰਗ ਨਾਮਦੇਵ ਪੰਨਾ ੧੨੫੨

ਪ੍ਰਭੂ ਪ੍ਰੇਮ ਬੰਧਨ ਵਿਚ ਬੱਧੇ ਹੋਏ ਪਾਸ ਕੋਈ ਜਵਾਬ ਹੀ ਨਹੀਂ।

ਮਨੁੱਸ਼ ਅੰਦਰ 'ਸਭ ਤੇਰੀ ਕੁਦਰਤ' ਜਾਣ ਕੇ 'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਣਬੋ' ਤੇ ਇਹ ਸੰਸਾਰ ਹਰਿ ਕਾ ਰੂਪ ਜਾਣ, ਪਰਉਪਕਾਰੀ ਜੀਵਨ ਵਿਚ ਸਭ ਨੂੰ ਇਕ ਸਮਾਨ ਪ੍ਰੇਮ - ਪਿਆਰ ਕਰੇ, ਤਾਂ ਸਭ ਜੀਵ ਜੰਤੂ ਭੀ ਮਨੁੱਸ਼ ਪਾਸ ਨਿੱਡਰਤਾ ਨਾਲ ਆ ਕੇ ਪ੍ਰੇਮ - ਪਿਆਰ ਪ੍ਰਾਪਤ ਕਰ ਲੈਂਦੇ ਹਨ। ਪਰ ਜੀਵ ਅੰਦਰ ਦੁਏ ਭਾਵ (ਦੁਬਿਧਾ) ਦੇ ਭਰਮ ਭੁਲਾਵਿਆਂ ਕਾਰਨ ਵੈਰ ਭਾਵ ਦੀ ਦ੍ਰਿਸ਼ਟੀ ਨਾਲ ਜਦੋਂ ਤੱਕਦਾ ਹੈ, ਤਾਂ ਦੂਸਰਿਆਂ ਦੇ ਮਨ ਵਿਚ ਭੀ ਵੈਰ ਭਾਵ ਦੀ ਭਾਵਨਾ ਆ ਜਾਂਦੀ ਹੈ। ਨਿਰਵੈਰ ਸ੍ਰੀ ਗੁਰੂ ਨਾਨਕ ਦੇਵ ਜੀ ਉਤੇ ਜੇ ਜ਼ਹਿਰੀਲਾ ਸੱਪ ਛਾਂ ਕਰ ਸਕਦਾ ਹੈ, ਕੌਡੇ ਰਾਖਸ਼ ਵਰਗੇ, ਸੱਜਣ ਠੱਗ ਤੇ ਵਲੀ ਕੰਧਾਰੀ, ਗੋਰਖ ਨਾਥ ਵਰਗੇ ਨਿਵ ਸਕਦੇ ਹਨ, ਤਾਂ ਕਿਉਂ ? ਕਿਉਂਕਿ ਗੁਰੂ ਨਾਨਕ ਦੇਵ ਜੀ ਅੰਦਰ ਸੱਚ ਪ੍ਰਿਆਰ, ਸਭ ਲੋਕਾਈ ਚਾਹੇ ਉਹ ਮਨੁੱਸ਼ ਹੈ, ਚਾਹੇ ਪਸ਼ੂ ਭਾਵ ਚੌਰਾਸੀ ਲੱਖ ਜੀਵਾਂ ਲਈ ਇਕੋ ਜੇਹਾ ਪਿਆਰ, ਸਮ - ਦ੍ਰਿਸ਼ਟੀ ਸੀ ਅਤੇ ਸਾਂਝੀਵਾਲਤਾ ਦਾ ਉਪਦੇਸ਼ ਕਰਦੇ ਸਨ। ਇਸੇ ਕਰ ਕੇ ਹਰ ਭਿਆਨਕ ਤੋਂ ਭਿਆਨਕ ਦਰਿੰਦੇ ਭੀ ਗੁਰ ਚਰਨਾਂ ਵਿਚ ਆ ਕੇ ਚਰਨ - ਬੋਸੀ ਕਰਦੇ ਸਨ।

ਬਾਬਾ ਜੀ ਨੂੰ ਬ੍ਰਹਮ ਅਵੱਸਥਾ ਦੇ ਗਿਆਨ ਕਾਰਨ ਹੀ ਉਹ ਨਿਰਵੈਰ ਬਿਰਤੀ ਵਾਲੇ ਹੋਣ ਕਰ ਕੇ ਸ਼ੇਰ ਦਾ ਨਿਮੋਝੂਣਾ ਹੋ ਕੇ ਵੱਛੇ ਨੂੰ ਛੱਡ ਕੇ ਚਲੇ ਜਾਣ ਦਾ ਮੂਲ ਕਾਰਨ ਸੀ। ਬਾਬਾ ਜੀ ਦੀ ਸ਼ਖਸੀਅਤ ਦਾ ਸਹਿਜ ਇਸੇ ਹੀ ਗੱਲ ਤੋਂ ਅਨੁਭਵ ਹੋ ਆਉਂਦੀ ਹੈ ਕਿ ਬਾਬਾ ਜੀ ਕਿੱਤਨੀ ਉੱਚ ਅਵੱਸਥਾ ਦੇ

ਵਿਚ ਹੁੰਦਿਆਂ ਹੋਇਆਂ ਭੀ–

ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥੧॥ਰਹਾਉ॥ [ਟੋਡੀ ਨਾਮਦੇਵ–੭੧੮

ਪਾ ਕੇ ਭੀ ਚੁੱਪ, ਗੁਪਤ ਰਹਿੰਦੇ ਅਤੇ ਕਿਸੇ ਨੂੰ ਆਪਾ ਜਨਾਉਣਾ ਨਹੀਂ ਸਨ ਚਾਹੁੰਦੇ। ਇਤਨੀ ਵੱਡੀ ਦਾਤ ਨੂੰ ਸੰਭਾਲਣ ਲਈ ਬਹੁਤ ਵੱਡੇ ਜਿਗਰੇ ਤੇ ਚੁੱਪ ਚੀ ਲੋੜ ਹੁੰਦੀ ਹੈ। ਕਿਉਂਕਿ–

ਬਹੁਤਾ ਬੋਲਣ ਝਖਣੁ ਹੋਇ ॥ [ਧਨਾਸਰੀ ਮ: ੧, ਪੰਨਾ ੬੬੧

ਸੱਚ ਨੂੰ ਛੁਪਾ ਕੇ ਰੱਖਣ ਵਾਲਾ ਹੀ ਸੰਸਾਰ ਵਿਚ ਵੱਡਾ ਯੋਧਾ ਗਿਣਿਆ ਜਾਂਦਾ ਹੈ। ਜੋ ਆਪਣੇ ਸੱਚ ਨੂੰ ਛੱਜ ਵਿਚ ਪਾ ਕੇ ਛੱਟਣ ਲੱਗ ਪੈਂਦੇ ਹਨ, ਤੇ ਧਰਮ ਤੇ ਰੱਬ ਦੇ ਠੇਕੇਦਾਰ ਬਣ ਕੇ ਹੋਕੇ ਦੇਂਦੇ ਹਨ ਕਿ 'ਆਓ ! ਮੈਂ ਤੁਹਾਨੂੰ ਰੱਬ ਵਿਖਾਵਾਂ' ਦਾ ਪਾਖੰਡ ਰੱਚ ਕੇ, ਭੋਲੀ ਭਾਲੀ ਲੋਕਾਈ ਨੂੰ ਮਗਰ ਲਾ ਕੇ ਆਪੋ ਆਪਣੀ ਐਸ਼ - ਇਸ਼ਰਤ ਦਾ ਪਰਪੰਚ ਰੱਚ ਲੈਂਦੇ ਹਨ। ਪਰ ਜਿਹਨਾਂ ਅੰਦਰ ਸੱਚ ਹੁੰਦਾ ਹੈ, ਉਹ ਫੁੱਲਾਂ ਦੀ ਖੁਸ਼ਬੂ ਵਾਂਗ ਢੰਡੋਰਾ ਨਹੀਂ ਪਿੱਟਦੇ, ਵਖਾਵੇ ਤੇ ਨਾਟਕ ਚੇਟਕ ਨਹੀਂ ਕਰਦੇ। ਸੱਚ ਤਾ ਆਪੇ ਪ੍ਰਗਟ ਹੋ ਜਾਂਦਾ ਹੈ।

ਰਤਨ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ ॥੪॥ [ਸੋਰਠਿ ਮ: ੪–੬੦੮

ਸਭੈ ਹੀ ਪਰਗਟ ਥਿਆ ॥ (ਮ: ੫, ਵਾਰ ਮਾਰੂ–੧੦੬੬)

ਉਹ ਤਾਂ–

ਪਰ ਸੱਚ ਦੀ ਪਹਿਚਾਣ ਕੋਈ ਜੌਹਰੀ, ਵਣਜਾਰਾ ਹੀ ਕਰ ਸਕਦਾ ਹੈ, ਅਤੇ ਦੂਜੇ ਲਈ ਤਾਂ ਘੁਮਾਰ ਵਾਂਗ ਲਾਲ (ਹੀਰਾ) ਖੱਤੇ ਦੇ ਗਲ ਦਾ ਹੀ ਸ਼ਿੰਗਾਰ ਹੈ। ਕਦੀ ਕੁਨਾਲੀ ਹੇਠਾਂ ਚੰਦ ਭੀ ਛੁਪਾਇਆ ਜਾ ਸਕਦਾ ਹੈ ?

ਇਉਂ ਮਹਾਂ ਪੁਰਸ਼ਾਂ ਤੋਂ ਜੋ ਕਾਰਜ ਸੁਤੇ ਸਿੱਧ, ਸਹਿਜ ਸੁਭਾ, ਨਿਰਵੈਰ, ਨਿਰਛਲ, ਤੇ ਪ੍ਰਭੂ ਦੇ ਜੀਵਾਂ ਦੀ ਸੇਵਾ ਕਰਨ ਦਾ ਭਾਵ ਹੀ ਹੁੰਦਾ ਹੈ, ਜਿਸ ਕਰ ਕੇ ਉਹ ਨਿਡਰ ਹੋ ਕੇ ਹਰ ਇਕ ਜੀਵ ਵਿਚ ਪ੍ਰਭੂ ਦੀ ਜੋਤ (ਕਲਾ) ਜਾਣ ਕੇ ਨਿਰਵੈਰਤਾ ਤੇ ਨਿਧੱੜਕਤਾ ਨਾਲ ਹਰ ਮੁਸ਼ਕਲ ਤੋਂ ਮੁਸ਼ਕਲ ਕਾਰਜ ਵਿਚ 'ਸਤਿਗੁਰੂ ਸੰਗ ਜਾਣ' ਕਰ ਬੇਖੌਫ ਉਸ ਕਾਰਜ ਦੀ ਸਫਲਤਾ ਲਈ ਜਾ ਖਲੋਂਦੇ ਹਨ।

ਇਹ ਸੀ ਬਾਬਾ ਜੀ ਦੀ ਸ਼ਖਸੀਅਤ. ਜਿਹਨਾਂ ਦੀ ਅਵਸਥਾ ਦਾ ਹਰ ਇਕ ਪੁਰਸ਼ ਸਹਿਜੇ ਹੀ ਗਿਆਨ ਅਨੁਭਵ ਕਰ ਸਕਦਾ ਸੀ। ਜਿਸ ਕਰ ਕੇ ਪਾਂਧੀ (ਮਾਰਗੀ) ਪੁਰਸ਼ ਬਾਬਾ ਜੀ ਤੋਂ ਅਚਿੰਤ ਗੁਣਾਂ ਦੀਆਂ ਦਾਤਾਂ ਪ੍ਰਾਪਤ ਕਰਨ ਤੇ ਖੁਸ਼ੀਆਂ ਪ੍ਰਾਪਤ ਕਰਨ ਲਈ, ਦਿਨੇ ਰਾਤ ਤਨ, ਮਨ, ਧਨ ਤੇ ਚਾਉ ਨਾਲ ਸੇਵਾ ਕਰਿਆ ਕਰਦੇ ਸਨ।

ਕਿਸੇ ਨੇ ਸਿੰਘਾਂ ਨੂੰ ਜ਼ਹਿਰ ਦੇਣਾ

ਸੰਸਾਰ ਵਿਚ ਹਰ ਭਾਵ ਦੇ ਜੀਵ ਹੁੰਦੇ ਹਨ। ਕੋਈ ਨਾਸਤਕ (ਪ੍ਰਭੂ ਤੋਂ ਬੇਮੁੱਖ) ਹੁੰਦਾ ਹੈ ਅਤੇ ਕੋਈ ਆਸਤਕ (ਗੁਰਮੁਖ,ਪ੍ਰਭੂ ਸੱਤਾ ਦੇ ਵੈਰਾਗੀ) ਅਜਿਹੇ ਜੀਵ ਭੀ ਹਨ ਜੋ ਆਪਣੇ ਮਨ ਅੰਦਰ ਇਹ ਭਾਵਨਾ ਰੱਖਦੇ ਹਨ ਕਿ–

ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥ [ਭੈਰਉ ਕਬੀਰ–੧੧੫੯

ਮਾਨਸ ਜਨਮ ਦਾ ਲਾਭ, ਇਹ ਹੀ ਜਨਮ ਕੇਵਲ ਸੇਵਾ - ਸਿਮਰਨ ਦੀ ਕਮਾਈ ਕਰਨ ਦਾ ਹੈ, ਪਰ ਕੋਈ ਵਿਰਲੇ ਹੀ ਇਹ ਜਾਣ ਕੇ, ਗੁਰੂ ਕੀ ਸੇਵਾ ਦਾ ਚਾਉ, ਪ੍ਰੇਮ ਨਾਲ ਕਿਸੇ ਅਧਿਕਾਰੀ ਅਸਥਾਨ ਤੇ ਸੇਵਾ ਕਰਨ ਨੂੰ ਲੋਚਦੇ ਹਨ। ਹਾਂ ਸੇਵਾ ਤਾਂ ਭਾਵੇਂ ਕਿਧਰੇ ਕੀਤੀ ਜਾਵੇ, ਪਰ 'ਸੇਵਾ ਕਰਤ ਹੋਇ ਨਿਹਕਾਮੀ ॥' ਸੁਆਮੀ (ਪ੍ਰਭੂ) ਦੀ ਪ੍ਰਾਪਤੀ ਲਈ ਨਿਸ਼ਕਾਮ ਸੇਵਾ ਕੀਤੀ ਬਿਰਥਾ ਨਹੀਂ ਜਾਂਦੀ ਤੇ ਸਤਿਗੁਰੂ 'ਇਕ ਤਿਲੁ ਨਹੀਂ ਭੰਨੈ ਘਾਲੈ' ਸੱਚੇ ਹਿਰਦੇ ਨਾਲ ਕਿਧਰੇ ਭੀ ਕੀਤੀ ਸੇਵਾ ਦਾ ਉਧਾਰ ਸਤਿਗੁਰੂ ਜੀ ਨਹੀਂ ਰੱਖਦੇ, ਸਗੋਂ ਇਕ ਤਿੱਲ ਭਰ ਦੀ ਭੀ ਨਿਸ਼ਕਾਮਨਾ (ਕਾਮਨਾ ਰਹਿਤ) ਕੀਤੀ ਹੋਈ ਸੇਵਾ ਦਾ ਭੀ ਫਲ ਦੇ ਦੇਂਦਾ ਹੈ।

ਪਰ ਜੋ ਸੇਵਾ ਅਸੀਂ ਕਾਮਨਾ - ਅਧੀਨ ਇੱਛਾ ਧਾਰ ਕੇ, ਕਿਸੇ ਨਿੱਜੀ ਸੰਸਾਰਕ ਸੁਆਰਥ ਲਈ ਕੁਝ ਮਨ ਅੰਦਰ ਧਾਰਨਾ ਧਾਰ ਕੇ ਕਰਦੇ ਹਾਂ, ਉਹ ਪ੍ਰਭੂ ਦੀ ਰਜ਼ਾ ਤੇ ਨਿਰਭਰ ਹੈ। ਸ਼ਾਇਦ ਜੋ ਭਾਵਨਾ ਧਾਰ ਕੇ ਕਿਸੇ ਕਾਰਜ ਦੀ ਸਿੱਧਤਾ ਲਈ ਜੀਵ ਧਾਰਦਾ ਹੈ, ਉਹ ਭਾਵੇਂ ਰਜ਼ਾ ਦੇ ਅਨੁਕੂਲ ਨਾ ਹੋਵੇ, ਤਾਂ ਭੀ ਉਹ ਕਈ ਵਾਰੀ ਪੂਰੀ ਹੋ ਜਾਂਦੀ ਹੈ ਤੇ ਕਈ ਵਾਰੀ ਨਹੀਂ ਭੀ ਹੁੰਦੀ। ਹਰ ਪੁਰਸ਼ ਆਪਣੇ ਧਰਮ ਅਨੁਸਾਰ ਮੰਨਣ ਵਾਲੇ ਇਸ਼ਟ ਨੂੰ ਕੋਈ ਮੰਨਤ ਮੰਨ ਕੇ ਕਾਰਜ ਕਰਵਾਉਂਦਾ ਹੈ। ਜੋ ਇਹ ਸਿੱਖ ਅਤੇ ਗੁਰੂ ਵਿਚ ਸੰਦੇਹ (ਸ਼ੰਕਾ) ਦਾ ਕਾਰਨ ਬਣਦਾ ਹੈ, ਕਿਉਂਕਿ ਜੋ ਮੰਨਤ ਇਹ ਮੰਨ ਕੇ ਕਾਰਜ ਸਿੱਧ ਕਰਵਾਉਣਾ ਚਾਹੁੰਦਾ ਹੈ, ਉਸ ਵਿਚ ਮੰਨਤ* ਮੰਨੀ। ਅਵੱਲ ਤਾਂ ਦੇਣ ਤੋਂ ਮੁਨਕਰ ਅਵੇਸਲਾ ਹੀ ਹੋ ਜਾਂਦਾ ਹੈ, ਦੇ ਦਿਆਂਗੇ, ਭਲਾ ਜੇ ਦੇਂਦਾ ਭੀ ਹੈ ਤਾਂ ਉਸ ਮੰਨਤ (ਅਖੰਡ ਪਾਠ, ਲੰਗਰ ਲਈ ਰਸਦਾਂ, ਗਰੀਬਾਂ ਨੂੰ ਬਸਤ੍ਰ ਜਾਂ ਮੰਨਿਆ ਦਾਨ ਭੇਟਾ ਆਪਣੀ ਕਮਾਈ ਸਮਝ ਕੇ, ਹਉਮੈ) ਅੰਦਰ ਧਾਰ ਕੇ ਮੈਂ ਕੀਤਾ' ਦਾ ਭਾਵ ਲੈ ਕੇ ਕਰਦਾ ਹੈ। ਜੋ 'ਹਉਮੈ ਦੀਰਘ ਰੋਗ ਹੈ' ਜਿਸ ਕਾਰਨ ਸਿੱਖ ਤੇ ਗੁਰੂ ਅਤੇ ਪ੍ਰਭੂ ਤੋਂ ਜੀਵ ਦੁਰੇਡਾ ਹੋ ਕੇ ਜੂਨਾਂ ਦਾ ਭਾਗੀ ਬਣਦਾ ਹੈ।

ਜਿੰਨਾਂ ਚਿਰ ਜੀਵ ਅੰਦਰ ਇਹ ਭਾਵਨਾ ਨਹੀਂ ਬਣਦੀ ਕਿ–'ਤੇਰੋ ਕੀਆ ਤੁਝਹਿ ਕਿਆ ਅਰਪਉ' ਅਤੇ ਭਾਵਨੀ ਭਗਤ ਭਾਇ ਨਾਲ ਦਿਤੀ ਭੇਟਾ ਇਕ ਕਉਡੀ ਭੀ ਦੇ ਕੇ ਇਉਂ ਭਾਵ ਮਨ ਅੰਦਰ ਨਹੀਂ ਆਉਂਦਾ ਕਿ–

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥

[ਸਲੋਕ ਕਬੀਰ ੨੦੩, ਪੰਨਾ ੧੩੭੫

ਹਾਂ ਜਾਚਕ ਅੰਦਰ ਨਿਮਰਤਾ ਭਾਵ ਦੀ ਅਰਦਾਸ, ਹੇ ਦਾਤਾਰ 'ਤੇਰਾ ਦੀਆ ਸਭ ਜੰਤ ਖਾਇ ॥' ਅਜਿਹੀ ਭਾਵਨਾ ਨਾਲ ਕੀਤੀ ਭੇਟਾ, ਸੇਵਾ ਦੀ ਬਖਸ਼ਸ਼, ਮੇਹਰ ਕਰ ਕੇ ਸਤਿਗੁਰੂ ਜੀ ਬਖਸ਼ਸ਼ ਕਰਦੇ ਹਨ–

ਤਾਹਿ ਗੁਰੂ ਸਰਬ ਨਿਧਾਨ ਦਾਨ ਦੇਤ ਹੈ ॥ [ਭਾਈ ਗੁਰਦਾਸ ਜੀ

ਇਉਂ ਗੁਰਸਿੱਖ ਗੁਰ ਪ੍ਰੀਤ ਅੰਦਰ ਵਸਾ ਕੇ ਸੇਵਾ ਕਰਦਾ ਹੈ, ਤਾਂ ਸਤਿਗੁਰੂ ਜੀ ਸਿੱਖ ਨੂੰ 'ਨਾਮ' ਦੀ ਦਾਤ ਬਖਸ ਕੇ ਨਦਰੋ ਨਦਰ ਨਿਹਾਲ ਕਰ ਦੇਂਦੇ ਹਨ।

---

* ਮੰਨਤ ਮੰਨੀ ਬਾਰੇ ਪਿਛੇ ਲੇਖ ਆ ਚੁਕਿਆ ਹੈ।

ਇਕ ਪਰੇਮੀ ਦੀ ਸੇਵਾ

ਇਸੇ ਸ਼ਰਧਾ ਭਾਵਨਾ ਵਾਲਾ ਇਕ ਪਰੇਮੀ ਮਾਤਾ ਜੀ ਦੇ ਅਸਥਾਨ ਤੇ ਆ ਗਿਆ, ਤੇ ਦਿਨ ਰਾਤ ਸੇਵਾ ਭਾਵ ਦੇ ਚਾਉ ਨਾਲ ਸਾਰਾ ਦਿਨ ਬੜੇ ਪ੍ਰੇਮ ਨਾਲ ਗਊਆਂ ਚਾਰਦਾ, ਅਤੇ ਵੱਛੇ ਵੱਛੀਆਂ ਦਾ ਹੱਕ, ਦੋ ਥਣਾਂ ਦਾ ਦੁੱਧ ਛੱਡ ਦੇਂਦਾ ਤੇ ਦੋ ਥਣ ਚੋਅ ਲਿਆਉਂਦਾ।

ਲੰਗਰ ਤੋਂ ਵੱਖਰਾ ਚੁੱਲ੍ਹਾ ਬਣਾ ਕੇ ਸਵੇਰੇ ਸ਼ਾਮ ਚਾਹ ਦਾ ਦੇਗਾ ਚੜ੍ਹਾ ਦੇਂਦਾ, ਜੋ ਸਿੰਘ ਜਾਂ ਯਾਤ੍ਰੀ ਚਾਹ ਛੱਕਦੇ ਸਨ, ਬੜੇ ਪਿਆਰ, ਮਿੱਠ ਬੋਲੇ ਨਾਲ ਚਾਹ ਛੱਕਾਉਣੀ, ਇਸ ਸੇਵਾ ਤੋਂ ਇਲਾਵਾ ਜੇ ਭੀ ਸੇਵਾ ਵੇਖਦਾ, ਉਹੋ ਹੀ ਕਰਨ ਲੱਗ ਜਾਂਦਾ (ਲੰਗਰ ਵਿਚ ਬਰਤਨ ਮਾਂਜਣੇ, ਪਾਣੀ ਦਾ ਛਿੜਕਉ ਕਰ ਕੇ ਝਾੜੂ ਦੇਣਾ ਅਤੇ ਦੂਰ ਤੱਕ ਸਫਾਈ ਕਰਨੀ। ਖੇਤੀ ਦੇ ਕੰਮਾਂ ਵਿਚ ਹੱਥ ਵੱਟਾਉਣਾ ਆਦਿ) ਭਾਵ ਉਸ ਪ੍ਰੇਮੀ ਵਿਚ ਇਉਂ ਉਮੰਗ ਉੱਠਦੀ, ਕਿ ਕੋਈ ਅਜਿਹੀ ਸੇਵਾ,ਜਿਸਨੂੰ ਅਧੂਰੀ ਵੇਖਦਾ,ਬਿਨਾਂ ਕਹੇ ਲੱਗ ਜਾਂਦਾ, ਕਿਉਂਕਿ ਸੱਚ ਦਾ ਭਾਲਕ' 'ਨਾਂਹ' ਅੱਖਰ ਆਪਣੇ ਮਨ ਅੰਦਰ ਨਹੀਂ ਲਿਆਉਂਦਾ ਤੇ ਨਾ ਹੀ ਆਲਸ, ਈਰਖਾ, ਦੁੱਬਦਾ ਸਗੋਂ 'ਦਿਨ ਰੈਣ ਸੇਵ ਕਮਾਏ' ਦੀ ਇੱਛਾ ਤਾਂ ਜੋ ਇਸ ਜਨਮ ਦਾ ਮੂਲ ਕਾਰਨ ਹੈ–

ਭਈ ਪ੍ਰਾਪਤ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

[ਆਸਾ ਮ: ੫, ਪੰਨਾ ੧੨

ਤੇ ਇਸ ਵਾਰੀ ਗੋਬਿੰਦ ਨੂੰ ਮਿਲਣ ਲਈ ਗੁਰੂ ਕੀ ਗੁਰ ਸਾਧ ਸੰਗਤ ਦੀ ਸੇਵਾ, ਬਿਨਾਂ ਕਿਸੇ ਦੇ ਕਹੇ ਕਰਨ ਦਾ ਚਾਹਵਾਨ ਸੀ। ਇਸੇ ਧੁਨ ਵਿਚ ਗੁਰੂ ਕੀ ਸੇਵਾ ਚਾਉ ਨਾਲ ਦਿਨੇ ਰਾਤ, ਤਨ ਮਨ ਕਰ ਕੇ ਕਰਦਾ ਰਹਿੰਦਾ। ਇਉਂ ਇਹ ਪਰੇਮੀ ਹਰ ਵੇਲੇ ਕਿਸੇ ਨਾ ਕਿਸੇ ਸੇਵਾ ਦੇ ਰੁਝਾਨ ਵਿਚ ਰੁੱਝਾ ਹੋਇਆ ਹੀ ਨਜ਼ਰੀਂ ਆਉਂਦਾ ਸੀ।

ਇਕ ਈਰਖਾਵਾਦੀ– ਪਰ ਈਰਖਾਲੂ ਪੁਰਸ਼ ਕਿਸੇ ਦੀ ਸੇਵਾ, ਚਾਉ, ਮਨ ਦੇ ਵੇਗ ਨੂੰ ਨਾ ਸਮਝਦਾ ਹੋਇਆ, ਅਪਣੱਤ ਵਿਚ ਆ ਕੇ, ਈਰਖਾ ਭਾਵ ਨਾਲ ਸੋਚਦਾ ਹੈ, ਤੇ ਜਿਸ ਤੇ ਦਾਅਵਾ (ਹੱਕ) ਭੀ ਨਹੀਂ ਹੁੰਦਾ, ਉਸ ਤੇ ਭੀ ਆਪਣਾ ਦਾਹਵਾ ਸਮਝਦਾ ਹੈ, ਜਾਂ ਕਿਸੇ ਸਿੱਖ ਤੋਂ ਪਹਿਲਾਂ, ਕਿਸੇ ਅਸਥਾਨ ਤੇ ਰਹਿਣ ਕਾਰਨ, ਕਿਸੇ ਨਵੇਂ ਆਏ ਸਿੱਖ ਦੀ ਕੀਰਤੀ ਵੇਖ ਕੇ ਸਹਾਰਨ ਸ਼ਕਤੀ ਗੰਵਾ ਕੇ, ਈਰਖਾ ਦੀ ਅੱਗਨੀ ਵਿਚ ਆਪ ਭੀ ਸੜਦਾ ਭੁੱਜਦਾ ਹੈ ਤੇ ਦੂਜਿਆਂ ਲਈ ਭੀ ਦੁੱਖ ਦਾ ਕਾਰਨ ਬਣਕੇ ਉਲਟੀ ਮਨਮੁਖਾਂ ਵਾਲੀਆਂ ਸੋਚਾਂ ਸੋਚਦਾ ਹੈ, ਤਾਂ ਜੋ ਇਸ ਸਿੰਘ ਦੀ ਚੜ੍ਹਤ ਇਜਤ, ਮਾਨ, ਅਤੇ ਸਤਿਕਾਰ ਮਿੱਟੀ ਵਿਚ ਮਿਲ ਜਾਵੇ। ਭਾਵੇਂ ਅਜਿਹਾ ਕਰਨਾ ਗੁਰਮੁਖਤਾ ਤਾਂ ਨਹੀਂ, ਮਨਮੁਖਤਾ ਹੈ। ਸੇਵਾ ਕੋਈ ਕਰੇ, ਅਤੇ ਦਿਨ ਰਾਤ ਬੇਚੈਨ ਕੋਈ ਹੋਵੇ ਤੇ ਈਰਖਾ ਵਿਚ ਐਵੇਂ ਪਿਆ ਸੜੇ।

ਚਾਹ ਦੇ ਕੜਾਹੇ ਵਿਚ ਜ਼ਹਿਰ ਪਾਉਣਾ

ਅਜਿਹਾ ਹੀ ਇਕ ਸਿੰਘ ਜੋ ਪਹਿਲਾਂ ਕਿਸੇ ਸਮੇਂ ਤੋਂ ਮਾਤਾ ਜੀ ਦੇ ਅਸਥਾਨ ਤੇ ਰਹਿੰਦਾ ਸੀ, ਪਰ

ਸੇਵਾ ਭਾਵ ਤੋਂ ਕੋਰਾ ਸੀ,ਦੂਜਿਆਂ ਨੂੰ ਈਰਖਾ ਭਾਵ ਨਾਲ ਤੱਕਦਾ,ਕਿ ਆਹ ਸਿੰਘ ਕੱਲ੍ਹ ਦਾ ਆਯਾ ਕਿਵੇਂ ਹਰ ਕੰਮ ਵਿਚ ਧਾਹ ਮਖਾਹ ਅੱਗੇ ਹੋ ਕੇ ਬਹਿੰਦਾ ਹੈ, ਜਿਵੇਂ ਕੱਲ ਦੀ ਭੂਤਨੀ ਸਿਵਿਆਂ ਵਿਚ ਅੱਧ।

ਇਸੇ ਖਿਆਲ ਨਾਲ, ਜੋ ਨਵਾਂ ਸ਼ਰਧਾਵਾਨ ਸਿੰਘ ਨੇ ਜਦੋਂ ਚਾਹ ਦਾ ਕੜਾਹਾ ਤਿਆਰ ਕਰ ਲਿਆ ਸੀ, ਇਸ ਈਰਖਾਵਾਦੀ ਸਿੰਘ ਨੇ, ਗੁਰੂ ਅਸਥਾਨ ਤੇ ਗੁਰੂ ਕੀ ਸੰਗਤ ਦਾ ਖਿਆਲ ਭੀ ਦਿਲੋਂ ਭੁੱਲਾ ਕੇ, ਨਾ ਬਾਬਾ ਜੀ ਦਾ ਡਰ, ਨਾ ਮਾਤਾ ਜੀ ਦਾ ਭੈ ਹੀ ਮਨ ਵਿਚ ਕੀਤਾ, ਸਭ ਤੋਂ ਅੱਖ ਬਚਾ ਕੇ ਉਸ ਨੇ ਚਾਹ ਦੇ ਕੜਾਹੇ ਵਿਚ ਜ਼ਹਿਰ ਪਾ ਦਿਤਾ। ਜਿਸ ਜਿਸ ਨੇ ਚਾਹ ਛੱਕੀ, ਥੋੜੀ ਦੇਰ ਬਾਅਦ ਉਹਨਾਂ ਦੇ ਪੈਰ ਬਿੱੜਕਣ ਲੱਗ ਪਏ।

ਭਾਈ ਚੇਤ ਸਿੰਘ ਜੀ ਜੋ ਲੰਗਰ ਦੀ ਸੇਵਾ ਕਰਦੇ ਸਨ, ਚਾਹ ਛੱਕ ਕੇ ਜੰਗਲ ਮੈਦਾਨ ਗਏ। ਨਾਗਲੇ ਖੇਤ (ਜੰਗਵਾਲੇ) ਜਿਸ ਵਿਚ ਬਾਰਸ਼ ਹੋਣ ਕਾਰਣ ਦਲਦਲ ਹੋ ਗਈ ਸੀ, ਉਸ ਵਿਚ ਫੱਸ ਗਏ। ਬਥੇਰਾ ਜ਼ੋਰ ਲਾਇਆ, ਕਿਉਂਕਿ ਜ਼ਹਿਰੀਲੀ ਚਾਹ ਛੱਕਣ ਨਾਲ ਨਿਰਬਲਤਾ ਆ ਗਈ ਤੇ ਸਰੀਰ ਡੌਰ ਭੌਰਾ ਹੋ ਗਿਆ ਸੀ। ਬਥੇਰਾ ਜ਼ੋਰ ਲਾਇਆ, ਪਰ ਨਿਕਲਿਆ ਨਾ ਜਾਵੇ, ਜੇ ਇਕ ਪਾਸੇ ਪੈਰ ਕੱਢਦੇ, ਤਾਂ ਅਮਲੀਆਂ ਵਾਂਗ ਦੂਜੇ ਪਾਸੇ ਨੂੰ ਡਿੱਗ ਪੈਂਦੇ। ਇਉਂ ਕਾਫੀ ਸਮਾਂ ਦਲਦਲ ਵਿਚ ਨਿਤਾਣੇ ਹੋਏ ਘੋਲ ਕਰਦੇ ਰਹੇ, ਪਰ ਨਿਕਲ ਨਾ ਸਕੇ।

ਆਪ ਡੇਰੇ ਬੈਠੇ ਹੋਏ ਸਿੰਘਾਂ ਦੀ ਨਜ਼ਰੀਂ ਪੈ ਗਏ ਕਿ ਲਾਗਰੀ ਸਿੰਘ ਕਿਉਂ ਡਿੱਗਦਾ, ਉਠਦਾ ਅਤੇ ਢਹਿ ਪੈਂਦਾ ਏ ਤੇ ਉੱਥੇ ਹੀ ਦਲਦਲ ਵਿਚ ਫੱਸੀ ਜਾ ਰਿਹਾ ਏ। ਸਿੰਘ ਭੱਜੇ ਗਏ ਤੇ ਜਾ ਕੇ ਉਸ ਨੂੰ ਦਲ ਦਲ ਵਿਚੋਂ ਕੱਢ ਲਿਆਂਦਾ।

ਜਦ ਸਾਰੀ ਸੰਗਤ ਲੰਗਰ ਛੱਕਣ ਸਮੇਂ ਇਕੱਤ੍ਰ ਹੋਈ, ਤਾਂ ਭਾਈ ਚੇਤ ਸਿੰਘ ਜੀ ਲਾਂਗਰੀ ਉੱਠ ਕੇ ਪਲੇ ਗਏ ਅਤੇ ਬੜੀ ਦਰਦ - ਭਰੀ, ਦਿਲ - ਚੀਰਵੀਂ, ਵੈਰਾਗੀ ਆਵਾਜ਼ ਵਿਚ ਕਹਿਣ ਲੱਗੇ–

ਭਾ: ਚੇਤ ਸਿੰਘ– ਬਾਬਾ ਜੀ ! ਕ੍ਰਿਪਾ ਕਰ ਕੇ ਸਭ ਸਿੰਘਾਂ ਨੂੰ ਉਂਵ ਹੀ ਛੁੱਟੀਆਂ ਦੇ ਦਿਓ, ਤਾ ਜੋ ਇਥੋਂ ਚਲੇ ਜਾਵਣ, ਇਉਂ ਕਿਉਂ ਮਾਰਨ ਲੱਗੇ ਹੋ ?

ਬਾਬਾ ਜੀ– ਸਿੰਘਾ ! ਕੀ ਹੋਇਆ ਏ ? ਅਸਾਂ ਤਾਂ ਕਿਸੇ ਸਿੰਘ ਨੂੰ ਕਦੇ ਭੀ ਕੁਝ ਨਹੀਂ ਆਖਿਆ। ਸਗੋਂ ਇਹਨਾਂ ਦੀ ਕ੍ਰਿਪਾ ਨਾਲ ਹੀ ਤਾਂ ਸਾਨੂੰ ਭੀ ਦੋ ਵੇਲੇ ਭੋਜਨ ਮਿਲਣ ਲੱਗ ਪਿਆ ਹੈ। ਤੁਸੀਂ ਸਾਰੇ ਆਪਣੀ ਜਗਤ ਮਾਤਾ ਪਾਸ ਆਏ ਹੋ, ਮੈਂ ਕੌਣ ਹਾਂ ਜੋ ਸਭ ਦੀਆਂ ਛੁੱਟੀਆਂ ਕਰ ਦਿਆਂ ? ਇਹ ਤੁਹਾਡਾ ਘਰ ਹੈ।

ਭਾਈ ਚੇਤ ਸਿੰਘ– ਕੀ ਨਹੀਂ ਹੋਇਆ ? ਜੋ ਨਹੀਂ ਹੋਣਾ ਸੀ, ਉਹ ਹੋਇਆ ਹੈ। ਅਸੀਂ ਸਾਰੇ ਮਰ ਜਾਂਦੇ ਤਾਂ ਚੰਗਾ ਸੀ, ਜੇ ਯੋਗ ਨਹੀਂ ਸੀ ਤਾਂ ਵੈਸੇ ਸਾਰਿਆਂ ਦੀ ਚਾਹ ਬੰਦ ਕਰ ਦੇਂਦੇ। ਆਪੇ ਅਸੀਂ ਸਾਰੇ ਚਾਹ ਛੱਡ ਦੇਂਦੇ। ਅੱਗੇ ਭੀ ਜਦੋਂ ਚਾਹ ਨਹੀਂ ਸੀ ਬਣਦੀ ਤਾਂ ਲੋਕ ਛੱਕਦੇ ਭੀ ਨਹੀਂ ਸਨ। ਹੁਣ ਬਣਦੀ ਹੈ ਤਾਂ ਛੱਕ ਲਈਦੀ ਹੈ, ਜੇ ਅਜਿਹਾ ਕਰਨਾ ਸੀ ਤਾਂ ਵੈਸੇ ਹੀ ਚਾਹ ਬੰਦ ਕਰਵਾ ਦੇਂਦੇ, ਜੇ ਗੁਰੂ ਘਰ ਦੀ ਮਰਯਾਦਾ ਨਹੀਂ ਸੀ।

ਆਹ ਵੇਖੋ ! ਜਿਸ ਨੇ ਜ਼ੀ ਚਾਹ ਛੱਕੀ ਹੈ, ਸਾਰਿਆਂ ਦੇ ਪੈਰ ਉੱਖੜ ਰਹੇ ਹਨ, ਫਿਰ ਚੱਕਰਾ ਰਹੇ ਹਨ, ਕਲੇਜੇ ਤੇ ਘਬਰਾਹਟ ਹੈ ਅਤੇ ਦਿਲ ਸੁੰਘੜਦਾ ਜਾ ਰਿਹਾ ਹੈ । ਜਾਪਦਾ ਹੈ, ਕਿਸੇ ਅਨਮੱਤੀਏ ਨੇ ਕੋਈ ਜ਼ਹਿਰੀਲੀ ਚੀਜ਼ ਚਾਹ ਵਿਚ ਪਾ ਦਿਤੀ ਹੋਵੇਗੀ ।

ਬਾਬਾ ਜੀ– ਗੁਰਮੁਖੋ–ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰ ॥
ਆਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥ [ਮ: ੩, ਵਾਰ ਸੋਰਠਿ,–੬੪੯

ਜਿਸ ਨੇ ਭੀ ਅਜਿਹਾ ਕੁਕਰਮ ਈਰਖਾ ਭਾਵ ਨਾਲ ਕੀਤਾ ਹੈ, ਜਿਵੇਂ 'ਯਾਦਵ ਇਹ ਫਲ ਪਾਏ' ਯਾਦਵਾਂ ਨੇ ਮਸ਼ਕਰੀ ਕਰ ਕੇ ਆਪਣੀ ਕੁੱਲ ਡੁੱਬ ਲਈ ਸੀ । ਇਸੇ ਤਰ੍ਹਾਂ ਹੀ ਅਜਿਹਾ ਜਿਸ ਨੇ ਈਰਖਾ ਵਿਚ ਸਨ ਕੇ ਸੰਗਤ ਨਾਲ ਧਰੋਹ ਕੀਤਾ ਹੈ, ਉਹ ਆਪਣਾ ਕੀਤਾ ਛੇਤੀ ਹੀ ਪਾਂ ਲਵੇਗਾ । ਬਾਬਾ ਜੀ ਨੇ ਅਜਿਹੀ ਕਾਰ ਵੇਖ ਕੇ ਸਹਿਜੇ ਹੀ ਬਚਨ ਕਰ ਦਿਤਾ ਕਿ 'ਕੀਤਾ ਪਾਵੇਗਾ' ਜੋ ਸੱਚ ਹੋਇਆ ।

ਬਾਬਾ ਜੀ ਨੇ ਛੇਤੀ ਛੇਤੀ ਹੀ, ਜਿਸ ਜਿਸ ਸਿੰਘ ਨੇ ਚਾਹ ਪੀਤੀ ਸੀ ਉਹਨਾਂ ਨੂੰ ਦੁੱਧ, ਘਿਓ ਛੱਕਾਇਆ, ਜਿਸ ਨਾਲ ਜ਼ਹਿਰੀਲੀ ਚੀਜ਼ ਦਾ ਅਸਰ ਘਟ ਗਿਆ ਤੇ ਸਾਰੇ ਸਿੰਘ ਸਾਵਧਾਨ ਹੋ ਗਏ ।

ਈਰਖਾਲੂ ਸਿੰਘ ਨੇ ਕੀਤੇ ਦਾ ਫਲ ਪਾਣਾ

ਉਸੇ ਹੀ ਦਿਨ ਦੇ ਪਿਛਲੇ ਪਹਿਰ ਸ੍ਰੀ ਸੱਚਖੰਡ ਤਖ਼ਤ ਦੇ ਸੇਵਾਦਾਰ ਭਾਈ ਸ਼ੰਕਰ ਸਿੰਘ ਜੀ 'ਆਰਤੀਆ' ਮਾਤਾ ਜੀ ਦੇ ਅਸਥਾਨ ਦੇ ਦਰਸ਼ਨਾਂ ਨੂੰ ਕਰਨ ਆ ਗਏ । ਨਮਸ਼ਕਾਰ ਕਰ ਕੇ ਉਸੇ ਈਰਖਾਲੂ ਸਿੰਘ (ਜਿਸ ਨੇ ਈਰਖਾ ਕਰ ਕੇ ਚਾਹ ਵਿਚ ਕੋਈ ਜ਼ਹਿਰੀਲੀ ਚੀਜ਼ ਪਾਈ ਸੀ) ਉਸ ਦੇ ਬੁੰਗੇ ਵਿਚ ਜਾ ਬੈਠੇ ।

ਇਹ ਸਿੰਘ ਆਰਤੀਏ ਸਿੰਘ ਦਾ ਜਾਣੂ ਸੀ। ਇਸ ਕਰ ਕੇ ਇਸ ਨੇ ਸੁੱਖ ਨਿਧਾਨ ਦੀ ਦੇਗ ਦਾ ਰੱਗੜਾ ਪਾ ਦਿਤਾ । ਦੇਗ ਤਿਆਰ ਕਰ ਕੇ, ਫਿਰ ਅਰਦਾਸ ਕਰ ਕੇ ਆਰਤੀਏ ਸਿੰਘ ਨੇ ਅਤੇ 'ਈਰਖਾਲੂ ਸਿੰਘ' ਦੋਹਾਂ ਨੇ ਦੇਗ ਛੱਕ ਲਈ ।

ਈਰਖਾਲੂ ਸਿੰਘ ਦਾ ਅਕਾਲ ਚਲਾਣਾ

ਆਰਤੀਆ ਸਿੰਘ ਭਾਈ ਸ਼ੰਕਰ ਸਿੰਘ ਜੀ ਤਾਂ ਉਸੇ ਤਰ੍ਹਾਂ ਤਿਆਰ ਬਰ ਤਿਆਰ ਹੀ ਰਹੇ, ਉਨ੍ਹਾਂ ਤੇ ਦੇਗ ਦਾ ਕੋਈ ਅਜਿਹਾ ਅਸਰ ਨਾ ਹੋਇਆ,ਸਗੋਂ ਉਹ ਅਨੰਦ - ਮਈ ਹੀ ਰਹੇ । ਪਰ ਸੰਗਤ ਨਾਲ ਧਰੋਹ ਕਰਨ ਵਾਲੇ ਸਿੰਘ ਨੇ ਆਪਣੇ ਕੀਤੇ ਦਾ ਫਲ ਉਸੇ ਦਿਨ ਹੀ 'ਸਾਧ ਬਚਨ ਅਟਲਾਧਾ' ਅਨੁਸਾਰ ਪਾ ਲਿਆ ਤੇ ਮਹਾਂਪੁਰਸ਼ਾਂ ਦਾ ਬਚਨ ਸੱਤ ਹੋਇਆ । ਉਹ ਉਸ ਸੁਖ ਨਿਧਾਨ ਦੀ ਦੇਗ ਛੱਕਣ ਨਾਲ ਹੀ ਪ੍ਰਾਣ ਤਿਆਗ ਦਿਤੇ (ਚੜ੍ਹਾਈ ਕਰ ਗਿਆ) ।

ਕੀਤੇ ਦਾ ਫਲ– ਜਿਵੇਂ ਅਕਾਲ ਪੁਰਖ ਦੀ ਖੇਡ ਹੈ ਕਿ 'ਕਾਲ ਆਪਣਾ ਨਾਮੁ ਛਪਾਈ ॥
ਅਉਰਨ ਕੇ ਸਿਰ ਦਈ ਬੁਰਾਈ' ਤਿਵੇਂ ਹੀ ਉਸ ਨੇ ਆਪਣੇ ਕੀਤੇ ਦਾ ਫਲ ਪਾ ਲਿਆ । ਜੋ ਮਹਾਂਪੁਰਸ਼ਾਂ (ਬਾਬਾ ਜੀ ਨੇ) ਜੋ ਬਚਨ ਕੀਤਾ ਸੀ ਕਿ ਆਪਣਾ ਕੀਤਾ ਪਾਏਗਾ' ਸਤਿ ਹੋਇਆ, ਤੇ ਅਕਾਲ ਪੁਰਖ ਨੇ

ਆਪਣਾ ਨਾਮ ਛੁਪਾ ਕੇ, ਸੁੱਖੇ ਦੀ ਦੇਗ ਦਾ ਬਹਾਨਾ ਬਣਾ ਕੇ ਉਸ ਦੇ ਸੰਗਤ ਨਾਲ ਕੀਤੇ ਧਰੋਹ [ਮਸ਼ਕਰੀ] ਦਾ ਫਲ ਪਾ ਲਿਆ ।

ਇਸ ਅਸਚਰਜ ਕੌਤਕ ਦੀ ਸਭ ਸਿੰਘਾਂ ਵਿਚ ਬੜੀ ਹੈਰਾਨੀ ਹੋਈ ਅਤੇ ਸਗੋਂ ਮਹਾਂਪੁਰਸ਼ਾਂ ਤੇ ਹੋਰ ਸ਼ਰਧਾ ਭਾਵਨਾ, ਪਿਆਰ ਨੇ ਭੈ ਅੰਦਰ ਵਸਾ ਕੇ, ਮਾਤਾ ਜੀ ਦੇ ਅਸਥਾਨ ਦੀ ਸੇਵਾ ਹੋਰ ਵੀ ਪਿਆਰ ਨਾਲ ਕਰਨ ਲੱਗ ਪਏ । ਭਾਵੇਂ ਇਸ ਈਰਖਾਲੂ ਸਿੰਘ ਨੇ, ਉਸ ਸ਼ਰਧਾਵਾਨ ਚਾਹ ਤਿਆਰ ਕਰਨ ਵਾਲੇ ਸਿੰਘ ਨੂੰ ਦੋਸ਼ੀ ਬਣਾਉਣ ਦਾ. ਜੇ ਸਿੰਘਾਂ ਵਿਚ ਉਸ ਦਾ ਮਾਣ ਇਜ਼ਤ ਰੋਲਣ ਦਾ ਯਤਨ ਕੀਤਾ ਸੀ ਕਿ ਸਾਰੇ ਸਿੰਘ ਇਸ ਦੇ ਖਿਲਾਫ ਹੋ ਜਾਣਗੇ । ਪਰ–'ਨਿਰਵੈਰੇ ਨਾਲ ਜੇ ਵੈਰ ਰਚਾਏ' ਉਸ ਦਾ ਕਿਵੇਂ ਭਲਾ ਹੋ ਸਕਦਾ ਸੀ ?

ਇਕ ਸਿੰਘ ਨੂੰ ਦੂਜੇ ਸਿੰਘ ਨੇ ਲੱਤ ਮਾਰਨੀ ਤੇ ਕੀਤੇ ਦਾ ਫਲ ਪਾਣਾ

ਆਮ ਤੌਰ ਤੇ ਵੇਖਿਆ ਜਾਂਦਾ ਹੈ ਕਿ ਅਸੀਂ ਘਰ ਬਾਰ, ਮਾਂ, ਬਾਪ, ਭੈਣ, ਭਾਈ ਅਤੇ ਝਗੜੇ ਵਾਲੇ ਸਾਧਨ ਛੱਡ ਕੇ ਬਿਹੰਗਮ, ਸਾਧ, ਜਾਂ ਤਿਆਗੀ ਬਣ ਕੇ ਘਰੋਂ ਨਿਕਲਦੇ ਹਾਂ, ਭਾਵੇਂ ਸਾਡੇ ਉਸ ਵਕਤ ਕਈ ਭਾਵ ਹੁੰਦੇ ਹਨ । ਕੋਈ ਇਸ ਨੂੰ–

ਜਗਤ ਮੈ ਝੂਠੀ ਦੇਖੀ ਪ੍ਰੀਤਿ ॥ [ਦੇਵਗੰਧਾਰੀ ਮ: ੯, ਪੰਨਾ ੫੩੬

ਸਮਝ ਕੇ ਇਸ ਤੋਂ ਕਿਨਾਰਾ ਕਰ ਕੇ ਆਪਣੇ ਜੀਵਨ ਦੇ ਸੁਧਾਰ ਲਈ ਨਿਕਲਦੇ ਹਨ, ਕੋਈ ਸਤਿਸੰਗ, ਸੇਵਾ ਦਾ ਇੱਛਕ, ਘਰਦਿਆਂ ਦੀ ਸੰਮਤੀ ਨਾ ਹੋਣ ਕਰ ਕੇ, ਉਸ ਦੀ ਵਿਚਾਰ ਦੇ ਬਾਕੀ ਜੀਵ ਉਲਟ ਹੋਣ ਕਰ ਕੇ ਤਿਆਗਦਾ ਹੈ । ਅਜਿਹੀ ਭਾਵਨਾ (ਜੀਵਨ ਸੁਧਾਰ) ਦੀ ਆਸ਼ਾ ਨਾਲ ਵਿਰਲੇ ਨਿਕਲਦੇ ਹਨ। ਬਹੁਤੀ ਲੋਕਾਈ ਮਖੱਟੂ, ਆਲਸੀ, ਨਿਕਾਰੇ, ਵਿਹਲੜ, ਰੋਟੀਆਂ ਬੋਚ ਜਾਂ ਦੁਖਾਏ, ਸਤਾਏ, ਘਰ ਛੱਡ ਕੇ ਸਾਧੂ ਬਣ ਜਾਂਦੇ ਹਨ ਤੇ ਸਾਰੀ ਉਮਰ ਈਰਖਾ, ਦ੍ਵੈਤਾ ਤੇ ਮੰਗਤੇ ਬਣ ਕੇ ਗੁਜ਼ਰਾਨ ਕਰਨ ਵਿਚ ਹੀ ਸੁੱਖ ਮੰਨਦੇ ਹਨ । ਪਰ ਗੁਰਸਿੱਖ ਮਾਰਗ ਵਿਚ ਮੰਗਣਾ ਬਹੁਤ ਹੀ ਘ੍ਰਿਣਾਵਤ ਕਰਮ ਮੰਨਿਆ ਹੈ । ਕਿਉਂਕਿ ਜਿਸ ਗ੍ਰਿਹਸਤ, ਮਾਇਆ ਜਾਂ ਹੋਰ ਸਾਧਨਾਂ ਦਾ ਤਿਆਗ ਕਰ ਕੇ ਘਰੋਂ ਨੱਠਦਾ ਹੈ, ਉਸ ਤੋਂ ਭੀ ਵੱਧ ਆਪਣੇ ਗੱਲ ਵਿਚ ਝੁਮੇਲੇ ਪਾ ਲੈਂਦਾ ਹੈ, ਤੇ ਸਰੀਰਕ ਲੋੜਾਂ ਲਈ (ਖਾਣ, ਪਹਿਰਾਣ, ਸੁੱਖ, ਅਰਾਮ) ਜਿਨਾਂ ਨੂੰ ਤਿਆਗਦਾ ਹੈ, ਬਿਹੰਗਮ, ਵਿਰਕਤ ਜਾਂ ਸਾਧੂ ਬਣਦਾ ਹੈ, 'ਫਿਰ ਉਨਹੀ ਕੇ ਘਰੁ ਮੰਗਣ ਜਾਈ' ਉਹਨਾਂ ਦੇ ਘਰਾਂ ਤੋਂ ਮੰਗ ਕੇ ਆਪਣੀ ਲੋੜ ਪੂਰੀ ਕਰਦਾ ਹੈ । ਤਾਂ ਤੇ ਗੁਰਬਾਣੀ ਅਨੁਸਾਰ 'ਕਿਸ ਕਿਸ ਉੱਤਰ ਦੇਈ ।।' ਮੰਗੀ ਹੋਈ ਚੀਜ਼ ਵਾਪਸ ਦੇਣੀ ਪੈਂਦੀ ਹੈ । ਦਾਨ ਵਾਪਸ ਨਾ ਮੁੜਦਾ ਹੈ ਨਾ ਹੀ ਮੰਡਿਆ ਜਾਂਦਾ ਹੈ । ਪ੍ਰੰਤੂ ਦਾਨ ਲੈਣ ਦਾ ਭੀ ਜੇ ਪਾਤਰ ਹੋ ਚੁੱਕਾ ਹੈ, ਜੇ ਬ੍ਰਹਮ ਅਵਸਥਾ ਦਾ ਗਿਆਨ ਆ ਚੁੱਕਾ ਹੈ ਤਾਂ ਉਹ ਦਾਨੀ ਦਾ ਦਾਨ ਸਫਲ ਕਰਨ ਦੀ ਸ਼ਕਤਿ ਰੱਖਦਾ ਹੈ। ਉਸ ਦਾ ਲੇਖਾ ਦੇਣਾ ਪੈਂਦਾ, ਨਾਮ ਬਾਣੀ ਸਿਮਰਨ ਕਰਨ ਵਾਲਾ ਪੁਰਸ਼ ਲੇਖੇ ਵਿਚ ਨਹੀਂ ਹੁੰਦਾ ।

ਪਰ ਜੋ ਕੇਵਲ ਆਪਾ ਸੁਧਾਰਨ ਲਈ ਬੈਹੰਗਮ ਹੋ ਕੇ ਸਿਮਰਨ, ਸੇਵਾ, ਗੁਰਬਾਣੀ ਰਾਹੀਂ ਬਲ-ਸ਼ਕਤੀ ਪ੍ਰਾਪਤ ਨਹੀਂ ਕਰ ਪਾਉਂਦੇ, ਉਹ ਭਾਵੇਂ ਗੁਰੂ ਕਾ ਅੰਮ੍ਰਿਤਧਾਰੀ ਹੋ ਕੇ ਬਾਣੇ ਦਾ ਧਾਰਨੀ ਭੀ ਹੋ

ਜਾਵੇ, ਜਦ ਤਕ ਕਿਸੇ ਦਾਨ ਜਾਂ ਮੰਗ ਕੇ ਲਈ ਵਸਤੂ ਨੂੰ ਗੁਰੂ ਦੀ ਦਰਗਾਹ ਵਿਚ ਪ੍ਰਵਾਨ ਕਰਾਉਣ ਦੀ ਸ਼ਕਤਿ ਹੀ (ਨਾਮ ਬਾਣੀ) ਨਾਲ ਪ੍ਰਾਪਤ ਨਹੀਂ ਕਰ ਸਕਿਆ, ਤਾਂ ਜ਼ਰੂਰ ਹੀ ਉਸ ਦਾ ਉੱਤਰ ਲੇਖਾ ਭੁਗਤਾਣਾ ਪਵੇਗਾ ? ਜੋ ਅਕਾਲ ਪੁਰਖ ਦਾ ਨਿਯਮ ਹੈ–'ਬਿਨੁ ਲੇਖੈ ਨਹੀ ਕੋਈ ਜੀਉ' ਸਾਰੇ ਜੀਵ, ਅਕਾਲ ਪੁਰਖ ਵਲੋਂ ਬਣਾਏ 'ਜ਼ਾਮਨਾਂ' ਜੋ ਜੀਵ ਦੇ ਕਰਮਾਂ ਦੀ ਉਗਾਹੀ ਭਰਨਗੇ [ਅਸ਼ਟ* (ਅੱਠ) ਸਾਖੀ (ਜ਼ਾਮਨ) ਜਿਹਾ ਕਿ ਧਰਤੀ, ਪਉਣ, ਪਾਣੀ, ਅਗਨੀ, ਚੰਦ, ਸੂਰਜ ਆਦਿ] ਇਹਨਾਂ ਦਾ ਭੀ ਲੇਖਾ ਇਸ ਜੀਵ ਦੇ ਸਿਰ ਚੜ੍ਹਦਾ ਜਾਂਦਾ ਹੈ । ਜਿਸ ਕਰ ਕੇ ਹੀ ਉਸ ਦੇ ਲੇਖੇ ਵਿਚ ਸੂਦ ਵੱਧਦਾ, ਜ਼ਾਮਨਾਂ ਪਾਸੋਂ ਨਹੀਂ, ਸਗੋਂ ਜੀਵ ਪਾਸੋਂ ਚਉਰਾਸੀ ਲੱਖ ਜੂਨ ਦੇ ਭੁਗਤਾਨ ਰਾਹੀਂ ਉਸ ਨੂੰ ਭੁਗਤਣਾ ਪੈਂਦਾ ਹੈ।

ਹਾਂ ਧਰਤੀ ਜ਼ਾਮਨੀ ਦੇਵੇਗੀ, ਜਦ ਇਹ ਧਰਤੀ ਤੇ 'ਨਾਮ ਸਿਮਰਨ' ਪ੍ਰਭੂ ਦੀ ਭਗਤੀ, ਸੇਵਾ ਕਰੇਗਾ, ਇਸ ਦੀ ਜ਼ਾਮਨੀ ਤਾਂ ਉਤਰਦੀ ਹੈ। ਪਉਣ ਜੋ ਅਕਾਲ ਪੁਰਖ ਨੇ ਆਪਣੇ ਤੋਂ ਬਾਅਦ ਪਉਣ ਸਾਜੀ ਤੇ ਪਉਣ ਤੋਂ ਜਲ, ਅਤੇ ਜਲ ਤੋਂ ਤ੍ਰੈਭਵਣ ਸਾਜਿਆ ।

ਸਾਚੈ ਤੇ ਪਵਨਾ ਭਇਓ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥
[ਸਿਰੀਰਾਗੁ ਮ: ੧–੧੯

ਪਵਨ ਗੁਰੂ ਸ਼ਬਦ ਰਾਹੀਂ ਨਾਭ ਕਮਲ ਤੋਂ ਹਿਰਦੇ ਕੰਠ ਤੇ ਫਿਰ ਤ੍ਰਿਕੁਟੀ ਤੱਕ ਪਹੁੰਚਣਾ ਅਤੇ ਅੱਗੇ ਇਸੇ ਪਵਨ ਗੁਰੂ ਦੇ ਸਹਾਰੇ ਰੋਜ਼ਾਨਾ ਸਿਮਰਨ ਕਰਨ ਤੇ ਦਸਮ ਦਵਾਰ ਦੀ ਪ੍ਰਾਪਤੀ 'ਪਾਣੀ ਪਿਤਾ' ਰਾਹੀਂ ਉਤਪਤੀ ਦਾ ਸਾਧਨ ਸਮਝ ਕੇ ਇਸ ਦੀ ਸਹਾਇਤਾ ਨਾਲ ਜਿਵੇਂ–'ਮੂਤ ਪਲੀਤੀ ਕਪੜੁ ਹੋਇ ॥

---

* ਅਸ਼ਟ ਸਾਖੀ=ਸੰਗਜਾ–ਅੱਠ ਸਾਖੀ (ਗਵਾਹ) ਦੇਵਤੇ । ਹਿੰਦੂ ਮੱਤ ਦੇ ਗ੍ਰੰਥਾਂ ਵਿਚ ਲਿਖਿਆ ਹੈ ਕਿ ਜੀਵਾਂ ਦੇ ਕਰਮਾਂ ਦੇ ਸਾਖੀ (ਗਵਾਹ) ਅੱਠ ਦੇਵਤੇ ਪਰਮਾਤਮਾਂ ਨੇ ਠਹਿਰਾਏ ।

੧. ਪ੍ਰਿਥਵੀ (ਧਰਤੀ) ੨. ਧਰੁਵ (ਆਕਾਸ਼) ੩. ਚੰਦ੍ਰਮਾ ੪. ਸੂਰਜ ੫. ਅਗਨਿ ੬. ਪਵਨ ੭. ਪ੍ਰਤਜਸ਼ ੮. ਪ੍ਰਭਾਸ । [ਮਹਾਨ ਕੋਸ਼

ਜਦੋਂ ਅਕਾਲੁ ਪੁਰਖ ਨੇ ਹੇਮਕੁੰਟ ਦੇ ਤਪੱਸਵੀ ਨੂੰ ਮਾਤ ਲੋਕ ਤੇ ਜਾਣ ਲਈ ਕਿਹਾ ਤਾਂ ਪ੍ਰਭੂ ਨੇ ਸਾਰੀਆਂ ਭੇਜੀਆਂ ਸ਼ਕਤੀਆਂ ਦਾ ਵਰਨਣ ਕੀਤਾ, ਜਿਸ ਵਿਚ ਮਨੁੱਸ਼ ਦੇ ਗਵਾਹ ਇਹ ਅੱਠ ਦੇਵਤੇ ਬਣਾਏ । ਦਸਮ ਗਰੰਥ ਬਚਿੱਤ੍ਰ ਨਾਟਕ ਪਾ: ੧੦ ਵਿਚ ਅਕਾਲ ਪੁਰਖੁ ਬਾਚ ਦੇ ੧ ਤੋਂ ੨੭ ਅੰਕ ਵਿਚੋਂ ੮ ਤੇ ੯ ਅੰਕ ਵਿਚ ਇਉਂ ਫੁਰਮਾਇਆ ਹੈ–

ਮਹਾਦੇਵ ਅਚੁੱਤ ਕਹਾਯੋ ॥ ਬਿਸਨ ਆਪ ਹੀ ਕੋ ਠਹਿਰਾਯੋ ॥
ਬ੍ਰਹਮਾ ਆਪ ਪ੍ਰਾਬ੍ਰਹਮ ਬਖਾਨਾ ॥ ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ ।੮॥
ਤਾਂ ਤੇ:––ਤਬ ਸਾਖੀ ਪ੍ਰਭ ਅਸਟ ਬਨਾਏ ॥ ਸਾਖ ਨਮਿਤ ਦੇਬੇ ਠਹਿਰਾਏ ॥
ਤੇ ਕਹੈ ਕਰੋ ਹਮਾਰੀ ਪੂਜਾ ॥ ਹਮ ਬਿਨ ਅਵਰੁ ਨ ਠਾਕੁਰ ਦੂਜਾ ॥੯॥
[ਬਚਿਤਰ ਨਾਟਕ ਪਾ: ੧੦

ਦੇ ਸਾਬੂਣ ਲਈਐ ਓਹ ਧੋਇ ॥' ਦੀ ਉਧਾਰਨਾ ਮੁਕਾਬਕ ਸਾਫ ਸੁਥਰਾ ਕਰਨ ਦੀ ਸ਼ਬਦ ਦੀ ਸ਼ਕਤਿ ਨੂੰ ਨਿਰਮਲ ਸਰੇਸ਼ਟ ਜਾਣ ਕੇ, ਪ੍ਰਭੂ ਸੱਤਾ ਲਈ ਸਹਾਇਕ ਜਾਣੇ।

ਸੁੰ ਘਰੋਂ ਨਿਕਲ ਕੇ ਬਣਿਆ ਬੇਹੰਗਮ–

ਪਾਪ ਕਰਹਿ ਪੰਚਾ ਕੇ ਬਸਿ ਰੇ ॥ [ਪ੍ਰਭਾਤੀ ਮ: ੫ ਪੰਨਾ ੧੩੪੮

ਉਹ ਫਿਰ ਪੰਜਾਂ ਦੇ ਵਸੀਕਰਣ ਹੋਇਆ–

ਪੰਜ ਚੰਡਾਲ ਨਾਲੇ ਲੈ ਆਇਆ ।।੪।। [ਪ੍ਰਭਾਤੀ ਮ: ੫, ਪੰਨਾ ੧੩੪੮

ਘਰ ਬਾਰ ਤੇ ਸਾਕ - ਸਬੰਧੀ ਸੰਪਤੀ ਤਾਂ ਤਿਆਗੀ ਪਰ ਅੰਤਸ਼ਹ ਕਰਣ ਵਿਚ ਮਹਾ ਦੁਸ਼ਟ, ਵੈਰੀ, ਚੰਡਾਲ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨਾਲ ਹੀ ਲਈ ਫਿਰਦਾ ਰਿਹਾ।

ਅਜਿਹਾ ਤਿਆਗੀ ਅਖਵਾਉਣ ਵਾਲਾ, ਕਿਸੇ ਭੀ ਇਸ਼ਟ ਅਸਥਾਨ, ਪੂਜਯ ਅਸਥਾਨ, ਭਾਵੇਂ ਕਿਸੇ ਮਹਾਪੁਰਸ਼ਾਂ ਦੀ ਸੰਗਤ ਵਿਚ ਭੀ ਕਿਉਂ ਨਾ ਚਲਾ ਜਾਵੇ। ਉਹ ਆਪਣੇ ਅੰਦਰ ਵਸੇ ਪੰਚ ਚੋਰਾਂ ਰਾਹੀਂ ਕੋਈ ਨਾ ਕੋਈ ਬਖਾਦੀ, ਉਪਾਧੀ ਜ਼ਰੂਰ ਕਰਦਾ ਹੀ ਰਹਿੰਦਾ ਹੈ। ਜਿਸ ਕਰ ਕੇ ਨਾ ਆਪ ਸ਼ਾਂਤਿ-ਚਿਤ ਹੁੰਦਾ ਹੈ ਅਤੇ ਨਾ ਹੀ ਸ਼ੁਭ ਗੁਣ ਜਾਂ ਸਾਧ ਦੇ ਸੰਗ ਤੋਂ ਜੀਵਨ ਜਾਚ ਪ੍ਰਾਪਤ ਕਰ ਸਕਦਾ ਹੈ, ਸਗੋਂ ਦੂਸਰਿਆਂ ਲਈ ਭੀ ਅਸ਼ਾਂਤੀ ਪੈਦਾ ਕਰ ਕੇ, ਸ਼ੁਭ ਗੁਣਾਂ ਦੀ ਬਜਾਇ ਉਲਟਾ ਅਉਗੁਣਾਂ ਦੀ ਪੰਡ ਬੰਨ੍ਹ ਕੇ ਦੁੱਖੀ ਹੁੰਦਾ ਹੈ।

ਲੋਕ ਅਵਗੁਣਾਂ ਕੀ ਬੰਨੈ ਗੰਠੜੀ ਗੁਣ ਨ ਵਿਹਾਝੈ ਕੋਇ ॥
ਗੁਣ ਕਾ ਗਾਹਕ ਨਾਨਕਾ, ਵਿਰਲਾ ਕੋਈ ਹੋਇ ॥
[ਸਲੋਕ ਮ: ੩, ਵਾਰ ਮਾਰੂ, ਪੰਨਾ ੧੦੬੨

ਸਿੰਘ ਦਾ ਝਗੜਾ– ਇਉਂ ਹੀ ਇਕ ਵਾਰੀ, ਕਿਸੇ ਕਾਰਨ ਦੋ ਸਿੰਘ ਆਪਸ ਵਿਚ ਝਗੜ ਪਏ। ਇਕ ਤੱਕੜਾ ਸੀ ਤੇ ਇਕ ਮਾੜਾ । ਮਾੜਾ ਸਿੰਘ, ਤਕੜੇ ਦੀਆਂ ਹਰ ਵਧੀਕੀਆਂ ਸਹਿਣ ਕਰੀ ਜਾ ਰਿਹਾ ਸੀ, ਕਿਉਂਕਿ ਉਸ ਦਾ ਮੁਕਾਬਲਾ ਕਰਨ ਦਾ ਉਸ ਵਿਚ ਬਲ ਨਹੀਂ ਸੀ। ਹਾਂ ਜੇ–

ਜੇ ਸਕਤਾ ਸਕਤੇ ਕਉ ਮਾਰੇ, ਤਾ ਮਨਿ ਰੋਸੁ ਨ ਹੋਈ ॥ [ਆਸਾ ਮ: ੧–੩੬੦

ਬਰੰਬਰੀ ਦੀ ਲੜਾਈ ਵਿਚ ਇਕ ਦੂਜੇ ਨੂੰ ਰੋਸ ਨਹੀਂ ਹੁੰਦਾ, ਪਰ ਜਦ ਇਕ ਸਕਤਾ (ਤੱਕੜਾ) ਕਮਜੋਰ ਨਾਲ ਵਧੀਕੀ ਕਰੇ ਤਾਂ ਰੋਸ ਆਉਂਦਾ ਹੈ।

ਤਕੜੇ ਸਿੰਘ ਨੇ ਹੂਰੇ, ਮੁੱਕੀਆਂ ਤੇ ਕਾਫੀ ਲੱਤਾਂ ਮਾਰੀਆਂ, ਜਿਸ ਤੇ ਉਹ ਬਹੁਤ ਨਿਢਾਲ ਹੋ ਗਿਆ ਤੇ ਜਦ ਉਹ ਲੱਤਾਂ ਮਾਰਨੋਂ ਨਾ ਹੀ ਹਟਿਆ, ਤਾਂ ਮਾੜੇ ਸਿੰਘ ਨੇ ਰੌਲਾ ਪਾਣਾ ਸ਼ੁਰੂ ਕਰ ਦਿਤਾ–ਮੈਨੂੰ ਬੱਚਾਓ, ਮੈਨੂੰ ਮਾਰ ਦਿਤਾ ।

ਅਚਾਨਕ ਬਾਬਾ ਜੀ ਪਹੁੰਚ ਗਏ, ਤੇ ਜਾ ਕੇ ਕਹਿਣ ਲਗੇ, ਸਿੰਘਾ, ਸਿੰਘ ਨੂੰ ਲੱਤਾਂ ਨਹੀਂ ਮਾਰੀ ਦੀਆਂ, ਕਿਉਂਕਿ ਰਹਿਤਨਾਮੇ ਵਿਚ ਹੁਕਮ ਹੈ ਕਿ–'ਸਿੰਘ, ਸਿੰਘ ਤੇ ਵਾਰ ਨ ਕਰੇ' ਫਿਰ ਗੁਰੂ ਕਾ ਬਾਣਾ, ਇਸ ਪਹਿਨਿਆ ਹੋਇਆ ਹੈ, ਬਾਣੇ ਦੀ ਬੇਅਦਬੀ, ਗੁਰੂ ਮਰਯਾਦਾ ਦੇ ਉੱਲਟ ਹੈ। ਅਜਿਹੀ ਹਰਕਤ

ਸਿੱਖ ਦੀ ਗੁਰੂ ਜੀ ਨੂੰ ਨਹੀਂ ਭਾਉਂਦੀ। ਤੇ ਜੋ ਕੋਈ ਗੁਰੂ ਬਾਣੇ ਦੀ, ਲੱਤਾਂ ਮਾਰ ਕੇ ਬੇਅਦਬੀ ਕਰਦਾ ਹੈ, ਉਸ ਦੀ ਲੱਤ ਸਾਬਤ ਨਹੀਂ ਰਹਿੰਦੀ, ਟੁੱਟ ਜਾਂਦੀ ਹੈ।

ਬਾਬਾ ਜੀ ਦੇ ਇਹ ਬਚਨ ਸੁਣ ਕੇ ਉਹ ਕ੍ਰੋਧਤ ਵੱਸ ਸਿੰਘ ਲੱਤਾਂ ਮਾਰਨੋਂ ਨਾ ਹੱਟਿਆ, ਉਹ ਚੰਗੀ ਤਰ੍ਹਾਂ ਤਸੱਲੀ ਕਰ ਕੇ ਥੱਕ ਟੁੱਟ ਕੇ ਹੀ ਹੱਟਿਆ।

ਬਾਬਾ ਜੀ ਨੇ ਮਾਰ ਖਾ ਰਹੇ ਸਿੰਘ ਨੂੰ ਉਠਾਇਆ, ਨਾਲ ਲਿਜਾ ਕੇ ਦੁੱਧ ਪਾ ਛੱਕਾਇਆ, ਸੱਟਾਂ ਤੇ ਸੇਕ ਕਰਵਾਇਆ ਤੇ ਧੀਰਜ ਦਿੰਦਿਆਂ ਕਿਹਾ–ਸਿੰਘਾ–

ਜੇ ਤੈ ਮਾਰਨਿ ਮੁਕੀਆਂ ਤਿਨਾ ਨਾ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥੭॥ [ਸਲੋਕ ਫਰੀਦ–੧੩੭੮

ਸਿੰਘਾ ! ਤੁਸਾਂ ਈਰਖਾ ਭਾਵ ਮਨ ਵਿਚੋਂ ਤਿਆਗ ਦੇਣੀ, ਸਤਿਗੁਰੂ ਆਪੇ ਉਸ ਨੂੰ ਜੋ ਬੀਜਿਆ ਹੈ, ਉਸ ਦਾ ਫਲ ਭੁਗਤਾਉਣਗੇ।

ਕੀਤੇ ਦਾ ਫਲ– ਕੁਝ ਦਿਨ ਹੀ ਬੀਤੇ ਸਨ, ਕਿ ਕ੍ਰੋਧੀ, ਲੱਤਾਂ ਮਾਰਨ ਵਾਲਾ ਸਿੰਘ ਅਚਾਨਕ ਜਾਂਦਾ ਜਾਂਦਾ ਫਿੱਸਲ ਕੇ ਡਿੱਗ ਪਿਆ ਤੇ ਉਹੋ ਹੀ ਲੱਤ ਟੁੱਟ ਗਈ, ਜਿਹੜੀ ਲੱਤ ਨਾਲ ਕਮਜ਼ੋਰ ਸਿੰਘ ਨੂੰ ਮਾਰਦਾ ਸੀ।

ਕ੍ਰੋਧਿਤ ਸਿੰਘ– (ਅਤਿ ਦੁੱਖਤ ਹੋਇਆ ਬਾਬਾ ਜੀ ਪਾਸ ਆ ਕੇ ਗਲ ਵਿਚ ਪੱਲਾ ਪਾ ਕੇ ਮਾਫ਼ੀ ਮੰਗਣ ਲੱਗਾ–ਮੈਨੂੰ ਬਖ਼ਸ਼ ਲਓ, ਮੈਂ ਕ੍ਰੋਧ ਵੱਸ ਹੋਇਆ ਆਪ ਜੀ ਦਾ ਬਚਨ ਨਹੀਂ ਮੰਨ ਸਕਿਆ ਸਾਂ, ਕ੍ਰੋਧ ਵਿਚ ਮੈਂ ਅੰਨ੍ਹਾ ਬੋਲਾ ਹੋ ਗਿਆ ਸਾਂ। ਨਾ ਹੀ ਮੇਰੀਆਂ ਕ੍ਰੋਧਤ ਅੱਖਾਂ ਆਪ ਜੀ ਨੂੰ ਹੀ ਪਹਿਚਾਣ ਸਕੀਆਂ ਤੇ ਨਾ ਹੀ ਮੈਂ ਆਪ ਜੀ ਦੇ ਬਚਨ ਹੀ ਸੁਣੇ। ਠੀਕ ਮੈਂ ਦੁਵੱਲੀ ਉਸ ਗੁਰੂ ਕੇ ਸਿੱਖ ਵਲੋਂ ਭੀ ਤੇ ਵਧੇਰੇ ਕਰ ਕੇ ਆਪ ਜੀ ਦਾ ਵੱਡਾ ਗੁਨਾਹੀ, ਅਪਰਾਧੀ ਹਾਂ। ਜਿਵੇਂ ਹੋਵੇ ਬਖਸ਼ ਲਵੋ, ਮੇਰੀ ਗਲਤੀ ਦੀ ਮਾਫੀ ਬਖਸ਼ੋ।

ਬਾਬਾ ਜੀ– ਗੁਰਮੁੱਖਾ ! ਤੂੰ ਬਚਨ ਮੰਨ ਲੈਂਦੇ, ਸਤਿਗੁਰੂ ਜੀ ਤੈਨੂੰ ਬਖਸ਼ ਦੇਂਦੇ। ਨਾ ਤੇ ਤੂੰ ਅੰਮ੍ਰਿਤਧਾਰੀ ਸਿੰਘ 'ਗੁਰੂ ਕਾ' ਬਾਣਾ ਹੀ ਵੇਖਿਆ, ਤੇ ਤੂੰ ਆਪਣੇ ਹੰਕਾਰ ਕਰ ਕੇ ਸਿੰਘ ਨੂੰ ਨਿਸ਼ਾ ਹੋਣ ਤੱਕ ਲੱਤਾਂ ਮਾਰੀ ਗਿਆ। ਫਿਰ ਤੂੰ ਹੀ ਸੋਚ ਜੇ ਉਸ ਵਕਤ ਸਾਡਾ ਬਚਨ ਮੰਨ ਲੈਂਦੇ, ਤਾਂ ਭੀ ਅਸੀਂ ਸਤਿਗੁਰੂ ਜੀ ਪਾਸ ਤੇਰੀ ਭੁੱਲ ਦੀ ਅਰਦਾਸ ਕਰਦੇ। ਪਰ ਹੁਣ ਤਾਂ ਭਾਈ ਤੂੰ ਜਾਣ, ਜਾਂ ਸਤਿਗੁਰ ਜੀ ਜਾਨਣ। ਬਚਨ ਨਾ ਮੰਨਣ ਤੇ ਹੁਣ ਤਾਂ–

ਆਪੇ ਬੀਜਿ ਆਪੇ ਹੀ ਖਾਹੁ ॥ [ਜਪੁ ਸਾਹਿਬ–੪

ਬੀਜਿਆ ਬੀਜ ਤੁਸਾਂ ਨੇ ਹੀ ਵੱਢਣਾ, ਭੁਗਤਣਾ ਤੇ ਖਾਣਾ ਪੈਣਾ ਹੈ। ਹੁਣ ਸਾਡੇ ਵੱਸ ਕੁਝ ਨਹੀਂ। ਹਾਂ ਇਲਾਜ ਲਈ ਜਿਤਨੀ ਮਾਇਆ ਦੀ ਲੋੜ ਹੈ, ਲੈ ਜਾਵੋ। ਸਿੰਘ ਆਪ ਨੂੰ ਗੱਡੀ ਤੇ ਚੜ੍ਹਾ ਕੇ ਸੱਚਖੰਡ ਲੈ ਜਾ ਕੇ ਹਸਪਤਾਲ ਦਾਖਲ ਕਰਵਾ ਆਉਂਦੇ ਹਨ।

ਕ੍ਰੋਧੀ ਸਿੰਘ– ਬਾਬਾ ਜੀ ! ਇਲਾਜ ਤਾਂ ਆਪ ਜੀ ਪਾਸ ਹੈ, ਜੇ ਬਚਨ ਕਰ ਦਿਓ ਕਿ ਜਾ

ਮਾਫ਼ ਕੀਤਾ। ਤਾਂ ਮੈਨੂੰ ਭਰੋਸਾ ਹੈ ਜੋ ਮੈਂ ਰਾਜ਼ੀ ਹੋ ਗਿਆ। ਜਦੋਂ ਤੱਕ ਆਪ ਮਾਫ਼ੀ ਨਹੀਂ ਬਖਸ਼ੋਗੇ, ਮੈਂ ਰਾਜ਼ੀ ਨਹੀਂ ਹੋ ਸਕਾਂਗਾ। ਭਾਵੇਂ ਵੱਡੇ ਤੋਂ ਵੱਡੇ ਹਸਪਤਾਲਾਂ ਜਾਂ ਡਾਕਟਰਾਂ, ਜਰਾਹਾਂ ਤੋਂ ਇਲਾਜ ਕਰਾਵੋ, ਬੱਸ ਆਪ ਜੀ ਦੀ ਅਸ਼ੀਰਵਾਦ ਹੀ ਮੇਰਾ ਦਾਰੂ ਹੈ।

ਬਾਬਾ ਧਰਮ ਸਿੰਘ ਜੀ– (ਜੋ ਕੋਲ ਖੜੇ ਸਨ) ਹੁਣ ਪਛੋਤਾਵਾ ਕਰਨ ਦਾ ਕੀ ਲਾਭ ?

ਪਛੋਤਾਵਾ ਨਾ ਮਿਲੈ ਜਦ ਚੂਕੈਗੀ ਸਾਰੀ ॥ ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥੩॥
[ਤਿਲੰਗ ਮ: ੧, ਪੰਨਾ ੭੨੫

ਸਾਰੇ ਸਮੇਂ ਤਾਂ ਸਿੰਘਾ ਤੂੰ ਗੰਵਾ ਲਏ ਜਦ ਬਾਬਾ ਜੀ ਪਹੁੰਚ ਗਏ ਸਨ। ਜੇ ਤੇਰੇ ਮਨ ਵਿਚ ਬਾਬਾ ਜੀ ਦਾ ਸਤਿਕਾਰ, ਭੈ, ਡਰ ਹੁੰਦਾ ਜਾਂ ਅਜਿਹਾ ਵਿਸ਼ਵਾਸ ਹੁੰਦਾ ਤਾਂ ਉਸੇ ਵੇਲੇ ਲੱਤ ਮਾਰਨੀ ਛੱਡ ਕੇ ਚਰਨੀਂ ਢਹਿ ਪੈਂਦੋਂ, ਜੇ ਤੂੰ ਕਰੋਧ ਦੀ ਅਗਨੀ ਵਿਚ ਜਲ ਹੀ ਰਿਹਾ ਸੀ ਤਾਂ ਭੀ ਬਾਬਾ ਜੀ ਦੇ ਕਹੇ ਤੇ ਹੀ ਬਾਣੇ ਵਾਲਾ ਸਿੰਘ ਜਾਣ ਕੇ ਲੱਤ ਨਾ ਮਾਰਦੋਂ, ਪਰ ਜਦ ਤੇਰੀ ਨਿਸ਼ਾ ਹੋਈ ਤਾਂ ਤੂੰ ਆਪੇ ਉਸ ਨੂੰ ਛੱਡਿਆ। ਹੁਣ ਬਾਬਾ ਜੀ ਕੀ ਕਰਨ ? ਲੱਤਾਂ ਤੂੰ ਮਾਰੇਂ, ਪਰ ਮੁਆਫ ਬਾਬਾ ਜੀ ਕਰਨ ? ਆਪਣੇ ਬੀਜੇ ਨੂੰ ਵੱਢ, ਭੁਗਤ ਆਪਣੇ ਕੀਤੇ ਦੀ ਸਜ਼ਾ।

ਕਰੋਧੀ ਸਿੰਘ– (ਬਾਬਾ ਧਰਮ ਸਿੰਘ ਜੀ ਦੇ ਬਚਨ ਸੁਣ ਕੇ ਜ਼ਾਰੋ ਜ਼ਾਰ ਰੋਣ ਲੱਗ ਪਿਆ। ਹਾੜੇ ਤੇ ਤਰਲੇ ਮਿੰਨਤਾਂ ਕਰਨਾ, ਸਿੱਸਕੀਆਂ ਤੇ ਹੌਕੇ ਭਰਦਾ, ਅੱਥਰੂ ਪੂੰਝਦਾ ਪੱਛਤਾ ਰਿਹਾ ਸੀ ਤੇ ਕਹਿ ਰਿਹਾ ਸੀ)–ਮੈਂ ਕਰੋਧ ਵੱਸ ਹੋ ਕੇ ਜਿਥੇ ਗੁਰੂ ਜੀ ਦੀ ਕਰੋਪੀ ਦਾ ਅਪਰਾਧੀ ਹੋਇਆ ਹਾਂ, ਉਥੇ ਮਾਤਾ ਜੀ ਦੇ ਅਸਥਾਨ ਦੀ ਮਰਯਾਦਾ ਦੀ ਉਲੰਘਣਾ ਭੀ ਕੀਤੀ ਹੈ ਅਤੇ ਖਾਸ ਕਰ ਕੇ ਬਾਬਾ ਜੀ ਦਾ ਬਚਨ ਨਾ ਮੰਨ ਕੇ, ਇਕ ਮਹਾਨ ਗੁਨਾਹ ਕੀਤਾ ਹੈ।

ਬਾਬਾ ਜੀ–ਜਾਓ ਸਿੰਘੋ ! ਗੱਡੀ ਜੋੜ ਕੇ ਨਾਂਦੇੜ (ਸ਼ਹਿਰ) ਹੱਸਪਤਾਲ ਵਿਚ ਇਸ ਨੂੰ ਦਾਖਲ ਕਰਵਾ ਦਿਓ। ਜੋ ਖਰਚਾ ਇਸ ਦੇ ਇਲਾਜ ਦਾ ਆਵੇਗਾ, ਉਹ ਅਸੀਂ ਦਿਆਂਗੇ। ਭਲਾ ਜੇ ਸਤਿਗੁਰੂ ਜੀ ਬਖਸ਼ ਦੇਣ।

ਸਿੰਘਾ ਨੇ ਗੱਡੀ ਜੋੜ ਕੇ ਉਸ ਕਰੋਧੀ ਸਿੰਘ ਨੂੰ ਉਪਰ ਪਾ ਲਿਆ। ਦੋ ਤਿੰਨ ਸਿੰਘ ਨਾਲ ਗਏ ਅਤੇ ਹਸਪਤਾਲ ਦਾਖਲ ਕਰਵਾ ਦਿਤਾ।

ਪਰ ਮਹਾਂਪੁਰਸ਼ਾਂ ਦੀ ਰਸਨਾਂ ਤੋਂ ਸਹਿਜ - ਸੁਭਾ ਨਿਕਲਿਆ (ਬਾਣ) ਬਚਨ ਕਦ ਵਾਪਸ ਮੁੜਦਾ ਸੀ, ਕਿਉਂਕਿ– ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥'
[ਸਾਰੰਗ ਮ: ੫, ਪੰਨਾ ੧੨੦੪

ਨਾ ਹੀ ਟਲਿਆ। ਬਹੁਤ ਸਮਾਂ ਕਸ਼ਟ ਭੋਗ ਕੇ, ਅਕਾਲ ਚਲਾਣਾ ਕਰ ਗਿਆ।

ਉਪਰ ਵਿਸਥਾਰ ਨਾਲ (ਗੁਰਮੁਖ ਤੇ ਮਨਮੁੱਖ ਦੀ ਕ੍ਰਿਆ ਤੇ ਘਰ ਬਾਰ ਤਿਆਗ ਕੇ ਭੀ ਨਿਰੇ ਖਾਣ ਪੀਣ, ਪੇਟ ਭਰਨਾ ਹੀ ਗੁਰਸਿੱਖੀ ਨਹੀਂ। ਸਾਧ ਸੰਗਤ ਨੂੰ ਜਾਨਣਾ, ਮਹਾਂਪੁਰਸ਼ਾਂ ਤੋਂ ਗਿਆਨ ਦੀ ਯਾਚਨਾ ਤੇ ਜੀਵਨ ਮੁਕਤੀ ਦੇ ਸਾਧਨਾ ਦੀ ਭਾਲ ਕਰਨਾ ਹੀ ਅਸਲ ਬਿਹੰਗਮ, ਸਾਧੂ, ਉਦਾਸੀ,

ਸੰਨਿਆਸੀ ਜਾਂ ਕੋਈ ਭੀ ਬਾਣਾ, ਸਰੂਪ, ਜੋ ਸਾਧ ਜਨਾਂ ਦੇ ਹਨ, ਪਹਿਣ ਕੇ, ਪ੍ਰਭੂ ਭਗਤੀ ਸੇਵਾ, ਦਯਾ ਤੇ ਸਬਰ ਸੰਤੋਖ ਜਾਂ 'ਜੀਅ ਦਇਆ ਪ੍ਰਵਾਨ' ਪ੍ਰਭੂ ਦਰ ਪ੍ਰਵਾਨਗੀ ਲਈ ਜੀਅ ਦਇਆ ਨਹੀਂ ਭਾਲੀ ਅਤੇ ਕਮਾਈ ਨਹੀਂ ਕੀਤੀ, ਤਾਂ ਫਿਰ–

ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ ॥ [ਵਡਹੰਸ ਮ: ੪, ਛੰਤ, ਪੰਨਾ ੫੭੪

ਸਗੋਂ ਇਕ ਸੰਸਾਰ ਤੇ ਧਰਤੀ ਤੇ ਵਾਧੂ ਭਾਰ ਬਣ ਕੇ, ਬਿਰਥਾ ਜਨਮ ਗੰਵਾ ਲਈਦਾ ਹੈ, ਇਸ ਲਈ 'ਲੋਕ ਗਇਓ ਪ੍ਰਲੋਕ ਗਵਾਇਓ ॥' ਇਸੇ ਕਰ ਕੇ ਨਾ ਲੋਕ ਸੰਵਰਿਆ ਤੇ ਨਾ ਪ੍ਰਲੋਕ। ਇਸੇ ਕਰ ਕੇ–

ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ॥ ਸਹੁ ਆਪਣਾ ਕੀਆ ਕਰਾਰਾ ਹੇ ॥ ੧੪ ॥ [ਮਾਰੂ ਮ: ੧, ਪੰਨਾ ੧੦੩੦

ਆਪਣੀ ਕਿਰਤ ਕਮਾਈ ਦਾ ਦੁੱਖ ਸਹਿੰਦਾ ਰਹਿੰਦਾ ਹੈ।

ਚੋਰ ਨੇ ਮੱਝ ਲੈ ਜਾਣੀ ਤੇ ਬਾਬਾ ਜੀ ਨੇ ਉਸ ਤੇ ਦਯਾ ਕਰਨੀ

ਮਰਹੱਟੇ (ਸੱਚਖੰਡ) ਹੈਦਰਾਬਾਦ ਰਿਆਸਤ ਪਰਗਨੇ ਦੇ ਵਸਨੀਕ ਮੁੱਢ ਤੋਂ ਹੀ ਬਾਬਾ ਜੀ ਨਾਲ ਵਧੀਕੀਆਂ ਕਰਦੇ ਰਹਿੰਦੇ ਸਨ। ਕਦੀ ਘਾਹ ਚੁੱਕ ਕੇ ਲੈ ਗਏ, ਤੇ ਕਦੀ ਲੱਕੜਾਂ ਚੁੱਕ ਦਿਤੀਆਂ। ਹਰ ਸਮੇਂ ਉਹ ਇਸ ਲਈ ਤੰਗ ਕਰਦੇ ਰਹਿੰਦੇ ਕਿ ਇਹ ਅਸਥਾਨ ਵੱਸੇ ਹੀ ਨਾ, ਤੇ ਨਾ ਹੀ ਇਥੇ ਕੋਈ ਸੇਵਾਦਾਰ ਰਹਿ ਸਕੇ। ਇਸੇ ਭਾਵ ਨਾਲ ਜਦੋਂ ਆਮ ਪਸ਼ੂ ਹੋ ਗਏ ਤੇ ਉਹ ਖੁਲ੍ਹੇ ਹੀ ਵਾੜੇ ਵਿਚ ਛੱਡ ਦਿਤੇ ਜਾਂਦੇ ਸਨ।

ਇਕ ਮਰਹੱਟਾ ਕਈ ਦਿਨਾਂ ਤੋਂ ਇਸ ਤਾੜ ਵਿਚ ਸੀ ਕਿ ਮੱਝ ਚੋਰੀ ਕਰਨੀ ਹੈ ਜਦੋਂ ਕਦੀ ਆਉਂਦਾ ਜਾਂ ਸਿੰਘ ਜਾਗਦੇ ਹੁੰਦੇ। ਆਮ ਤੌਰ ਤੇ ਬਾਬਾ ਜੀ ਭੀ ਰਾਤ ਨੂੰ ਪਸ਼ੂਆਂ ਵਿਚ ਫਿਰਦੇ ਉਸ ਨੂੰ ਨਜ਼ਰੀਂ ਪੈਂਦੇ ਸਨ, ਉਹ ਵੇਖ ਕੇ ਪਿੱਛੇ ਹੱਟ ਜਾਂਦਾ ਰਿਹਾ।

ਬਾਬਾ ਜੀ ਨੇ ਇਕ ਦਿਨ ਅਜਿਹੀ ਮਾਇਆ ਵਰਤਾਈ ਤੇ ਉਸ ਚੋਰ ਦੀ ਕਾਫੀ ਸਮੇਂ ਤੋਂ ਚੋਰੀ ਦੀ ਨੀਯਤ ਨਾਲ ਮੱਝ ਚੁਰਾਉਣ ਦੀ ਅਭਿਲਾਖਾ ਜਾਣ ਕੇ, ਕਿ ਨਾ ਜਾਣੇ ਕਿੰਨੀ ਇਸ ਦੇ ਮਨ ਅੰਦਰ ਤੀਬਰਤਾ ਹੈ, ਇਸ ਨੂੰ ਪੂਰੀ ਕਰ ਲੈਣ ਦਿਓ।

ਉਸ ਦਿਨ ਨਾ ਕੋਈ ਸਿੰਘ ਹੀ ਜਾਗਦਾ ਸੀ, ਸਗੋਂ ਬਾਬਾ ਜੀ ਵੀ ਚੁੱਪੇ ਜਿਹੇ ਆਪਣੇ ਆਸਣ ਤੇ ਜਾ ਬਿਰਾਜੇ ਤੇ ਉਸ ਚੋਰ ਨੂੰ ਮੌਕਾ ਦੇ ਦਿਤਾ। ਚੋਰ ਨੇ ਸਮਝਿਆ–ਅੱਜ ਦਾਅ ਲੱਗ ਹੀ ਗਿਆ ਏ, ਕੋਈ ਨਹੀਂ ਦੇਖ ਰਿਹਾ, ਇਸ ਲਈ ਉਹ ਚੰਗੀ ਸੋਹਣੀ ਸੱਜਰ ਸੂਈ ਮੱਝ ਕਿੱਲੇ ਤੋਂ ਖੋਹਲ ਕੇ ਚੋਰੀ ਕਰ ਕੇ ਲੈ ਗਿਆ।

ਜਦ ਸਵੇਰੇ ਪਸ਼ੂਆਂ ਦੇ ਸੇਵਾਦਾਰ ਪੱਠੇ ਪਾਣ ਗਏ, ਤਾਂ ਮੱਝ ਨਹੀਂ ਸੀ। ਐਧਰ ਓਧਰ ਚਾਹੁੰ ਪਾਸੇ ਭਾਲਿਆ, ਦਿਨ ਚੜ੍ਹ ਗਿਆ, ਮੱਝ ਨਾ ਮਿਲੀ। ਤਾਂ ਬਾਬਾ ਜੀ ਨੂੰ ਬਾਹਰ ਆ ਕੇ ਕਹਿਣ ਲਗੇ– ਬਾਬਾ ਜੀ ! ਮੱਝ ਗੁਆਚ ਗਈ ਹੈ, ਕੋਈ ਚੋਰ ਲੈ ਲਿਆ ਹੈ, ਅਸਾਂ ਬਥੇਰੀ ਭਾਲ ਕੀਤੀ ਏ, ਪਰ ਸਾਨੂੰ

ਕਿਧਰੇ ਨਹੀਂ ਲੱਭੀ, ਥਾਣੇ ਰੱਪਟ ਕਰ ਦਈਏ ?

ਬਾਬਾ ਜੀ– ਕਿੰਨੇ ਉਦਾਰ ਚਿੱਤ ਸਨ, ਦਇਆ ਦੇ ਸਾਗਰ, ਬੜੇ ਪਿਆਰ ਨਾਲ ਮਿੱਠਾ ਬੋਲੇ–ਭਾਈ ਸਾਧੂਆਂ ਦਾ ਕੰਮ ਥਾਣੇ (ਸਰਕਾਰ) ਤੋਂ ਕੋਈ ਮਦਦ ਲੈਣੀ ਨਹੀਂ ਬਣਦਾ। ਸਾਡਾ ਸਾਹਿਬ ਤਾਂ ਸਭ ਤੋਂ ਉੱਚਾ ਹੈ। ਉਸ ਅੱਗੇ ਹੀ ਫਰਿਆਦ ਕਰਨੀ ਲੋੜੀਏ। ਸਾਨੂੰ ਥਾਣੇ ਜਾਣਾ ਸ਼ੋਭਦਾ ਨਹੀਂ। ਕਿਉਂਕਿ–

ਭਗਤਾ ਤੈ ਸੰਸਾਰੀਆ ਜੋੜ ਕਦੇ ਨ ਆਇਆ ॥ [ਪਉੜੀ, ਵਾਰ ਮਾਝ–੧੪੫

ਸਾਡਾ ਤੇ ਸੰਸਾਰੀ ਜੀਵਾਂ ਦਾ ਫਿਰ ਫਰਕ ਕੀ ਹੋਇਆ ? ਸੰਸਾਰੀਆਂ ਨੂੰ ਲੋੜ ਹੈ ਸਰਕਾਰ ਤੋਂ ਮਦਦ ਮੰਗਣੀ, ਪਰ ਸਾਧੂ, ਫਕੀਰ, ਬਿਹੰਗਮ, ਬਿਰਕਤ ਤਾਂ ਕੇਵਲ ਅਕਾਲ ਪੁਰਖ ਦੀ ਹੀ ਓਟ ਦੇ ਸਹਾਰੇ ਹੁੰਦੇ ਹਨ। ਤਾਂ ਤੇ–

ਤੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ ॥ [ਪਉੜੀ, ਵਾਰ ਵਡਹੰਸ ਮ: ੪–੫੯੦

ਕੀ ਅਸੀਂ ਸਮਝਦੇ ਹਾਂ ਕਿ ਸਾਡੇ ਯਤਨ (ਥਾਣੇ ਰਪਟ ਦੇਣ ਨਾਲ) ਹੀ ਪੂਰੇ ਹੋਣੇ ਹਨ। ਨਹੀਂ ? ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਜੀ ਸਰਬ ਸ਼ਕਤੀਮਾਨ ਹਨ। ਉਹਨਾਂ ਆਪਣੀ ਕਲਾ ਸ਼ਕਤੀ ਨਾਲ ਆਪੇ ਹੀ ਜੇ ਉਸ ਚੋਰ ਨੂੰ ਅਉਝੜ ਪਾਇਆ ਹੈ ਤਾਂ ਆਪੇ ਮਾਰਗ ਭੀ ਪਾ ਦੇਣਗੇ।

ਆਪੇ ਅਉਝੜਿ ਪਾਇਦਾ ਪਿਆਰਾ ਆਪਿ ਵਿਖਾਲੇ ਰਾਹੁ ॥ [ਸੋਰਠਿ ਮ: ੪–੬੦੪

ਫੇਰ ਸਾਡਾ ਯਤਨ ਕਿਸ ਕੰਮ ?

ਸਿੰਘ ! ਤੁਸੀਂ ਆਪਣੀ ਮੱਝ ਨੂੰ ਸਮਝਦੇ ਹੋ ਨਾ, ਭਲਾ ਉਹ ਭੀ ਤਾਂ ਜਗਤ ਮਾਤਾ ਜੀ ਦਾ ਹੀ ਪੁੱਤਰ ਹੈ ਨਾ,। ਉਸੇ ਭਗਵਾਨ ਦੀ ਸ਼ਕਤਿ ਦਾ, ਜੇ ਉਸ ਦੀ ਹੀ ਇਹ ਲੀਲਾ ਹੋਵੇ ਤੇ ਉਸ (ਚੋਰ) ਦੀ ਭੀ ਮਾਤਾ ਜੀ ਦੇ ਦਰਬਾਰ ਵਿਚ ਇਹ ਹੀ ਮੰਗ ਹੋਵੇ ਤਾਂ ਹੋ ਸਕਦਾ ਹੈ ਕਿ ਉਸ ਨੂੰ ਸਾਡੇ ਨਾਲੋਂ ਕੁ ਵਧੇਰੇ ਲੋੜ ਹੋਵੇਗੀ। ਜੇ ਮਾਤਾ ਨੂੰ ਚਾਹਿਆ ਤਾਂ ਮਾਤਾ ਜੀ ਆਪੇ ਹੀ ਪਰੇਰਣਗੇ। ਉਹ ਪੁਰਸ਼ (ਚੋਰ) ਆਪੇ ਹੀ ਮੱਝ ਨੂੰ ਛੱਡ ਜਾਵੇਗਾ।

ਸਾਰੇ ਸਿੰਘ ਇਹ ਬਾਬਾ ਜੀ ਦਾ ਉੱਤਰ ਸੁਣ ਕੇ ਚੁੱਪ ਹੋ ਗਏ ਤੇ ਮੱਝ ਚੋਰੀ ਦੀ ਭਾਲ ਛੱਡ ਦਿਤੀ ਤੇ ਨਾ ਹੀ ਥਾਣੇ ਰਪਟ ਲਿਖਾਈ।

ਮੱਝ ਮਿਲ ਜਾਣੀ

ਇਕ ਸਾਲ ਗੁਜ਼ਰ ਗਿਆ। ਕਿਸੇ ਸਿੰਘ ਨੇ ਮਾਤਾ ਜੀ ਦੇ ਅਸਥਾਨ ਤੋਂ ਚੋਰੀ ਹੋਈ ਮੱਝ ਇਕ ਮਰਹੱਟੇ ਪਾਸ ਸਿਆਣ ਲਈ। ਉਸ ਸਿੰਘ ਨੇ ਮੱਝ ਸਮੇਤ ਮਰਹੱਟੇ ਨੂੰ ਫੜ ਲਿਆਂਦਾ ਅਤੇ ਬਾਬਾ ਜੀ ਦੇ ਲਿਆ ਪੇਸ਼ ਕੀਤਾ।

ਡੇਰੇ ਦੇ ਸਾਰੇ ਸਿੰਘ ਵੇਖ ਕੇ ਅਸਚਰਜ ਹੋ ਗਏ ਅਤੇ ਕਹਿਣ ਲੱਗੇ ਕਿ ਆਖਰ ਜੋ ਬਾਬਾ ਜੀ ਨੇ ਕਿਹਾ ਸੀ, ਉਹ ਸਤਿ ਹੋ ਗਿਆ ਏ। ਬਾਬਾ ਜੀ ! ਹੁਕਮ ਕਰੋ ਚੋਰ ਨੂੰ ਕੀ ਸਜ਼ਾ ਦਿਤੀ ਜਾਵੇ, ਥਾਣੇ ਭੇਜੀਏ ਜਾਂ ਸਿੰਘਾਂ ਵਾਲਾ ਚਾਟਾ ਛੱਕਾਇਆ ਜਾਵੇ ?

ਬਾਬਾ ਜੀ– ਕੋਲ ਖਲੋ ਕੇ ਮੱਝ ਨੂੰ ਪਿਆਰ ਕਰਨ ਲੱਗ ਪਏ। ਉਸ ਦੀ ਪਿੱਠ ਤੇ ਹੱਥ ਫੇਰ ਰਹੇ ਸਨ, ਜਿਵੇਂ ਕਿਸੇ ਵਿਛੜੇ ਨੂੰ ਪਿਆਰ ਦਿਲਾਸਾ ਦੇ ਕੇ ਉਸ ਦਾ ਉਦਰੇਵਾਂ ਦੂਰ ਕਰੀਦਾ ਏ। ਨਾ ਸਾਨੂੰ ਸੰਗਤ ਨੂੰ ਛੱਡ ਗਈ ਸੈ ? ਸੰਗਤ ਦੀ ਸੇਵਾ ਲਈ ਤੁਸਾਂ ਦਾ ਇਕ ਸਾਲ ਦਾ ਉਦਰੇਵਾ ਕਿਵੇਂ ਪੂਰਾ ਹੋਵੇਗਾ। ਹੱਛਾ ਹੋਇਆ ਤੂੰ ਆ ਗਈ ਏਂ, ਸਿਰ ਚੁੱਕ ਮੇਰੀ ਲਾਡਲੀ । ਮਾਤਾ ਨੇ ਤੇਰੀ ਸੇਵਾ ਪ੍ਰਵਾਨ ਕਰ ਲਈ ਏ । ਜਾਓ ਸਿੰਘੋ, ਲੈ ਜਾਓ ਇਸ ਮੱਝ ਨੂੰ ਖੁਰਲੀ ਤੇ ਬੰਨ੍ਹ ਦਿਓ। ਚੰਗਾ ਪੱਠਾ, ਦਾਣਾ ਇਸ ਨੂੰ ਪਾਇਆ ਕਰਨਾ, ਤਾਂ ਜੋ ਇਸ ਦਾ ਉਦਰੇਵਾਂ ਉਤਰ ਜਾਵੇ।

ਬਾਬਾ ਜੀ ਨੇ ਕਿਹਾ– ਇਸ ਸਰਹੱਟੇ ਨੂੰ ਪਹਿਲਾਂ ਲੰਗਰ ਵਿਚੋਂ ਜਲ - ਪਾਣੀ ਛੱਕਾਉ। ਪੈਰੇ ਦਾ ਥੱਕਿਆ ਘਬਰਾਇਆ ਹੋਇਆ ਏ। ਪਰ ਇਸ ਨੂੰ ਕਿਸੇ ਨੇ ਕੁਛ ਨਹੀਂ ਆਖਣਾ। ਇਸ ਨੂੰ ਜਗਤ ਮਾਤਾ ਆਪੇ ਹੀ ਇਸ ਕੀਤੀ ਚੋਰੀ ਦਾ ਅਹਿਸਾਸ ਦੁਆਉਣਗੇ, ਜਿਸ ਤੇ ਅੱਗੋਂ ਤੋਂ ਇਹ ਚੋਰੀ ਦੀ ਆਦਤ ਹੀ ਛੱਡ ਜਾਵੇਗਾ।

ਸਿੰਘਾਂ ਨੇ ਜਦ ਬਾਬਾ ਜੀ ਦੇ ਹੁਕਮ ਮੁਤਾਬਕ ਉਸ ਸਰਹੱਟੇ ਨੂੰ ਜਦ ਲੰਗਰ ਛੱਕਾਇਆ ਤਾਂ ਉਸ ਦੇ ਸਰੀਰ ਵਿਚ ਅਜਿਹਾ ਪ੍ਰੀਵਰਤਣ ਆਇਆ ਕਿ ਲੰਗਰ ਛੱਕਦੇ ਸਾਰ ਹੀ ਬਾਬਾ ਜੀ ਦੀ ਚਰਨੀਂ ਆ ਡਿੱਗਾ–'ਹਮੇਂ ਬਖਸ਼ ਦੋ, ਹਮ ਗੁਨਾਹਗਾਰ ਹੈਂ ? ਹਮ ਨੇ ਪਾਪ ਕੀਆ ਹੈ । ਮੈਨੇ ਚੋਰੀ ਤੇ ਕਰ ਲੀ ਮਗਰ ਸਾਲ ਭਰ ਮੁਝੇ ਚੈਨ ਨਹੀਂ ਆਇਆ। ਨਾ ਹੀ ਖੁਸ਼ ਹੋ ਕਰ ਕਬੀ ਭੈਂਸ ਨੇ ਦੂਧ ਦੀਆਂ ਬਾ। ਮਾਰਨੇ ਕੋ ਡਰ ਆਤਾ। ਕਈ ਦਫਾ ਰਾਤ ਕੋ ਭੀ ਨੀਲੇ ਬਾਣੇ ਵਾਲੇ ਬਰਛੇ (ਭਾਲੇ) ਲੇਕਰ ਡਰਾਤੇ ਔਰ ਜ਼ੋਰ ਸੇ ਪੁਕਾਰਤੇ ਥੇ–ਜਾਹੋ ਭੈਂਸ ਵਹੀ ਛੋੜ ਆਓ, ਨਹੀਂ ਤੋ ਮਾਰ ਡਾਲੇਂਗੇ, ਡਰ ਸੇ ਮੈਂ ਆਤਾ ਨਹੀਂ ਥਾ। ਕਿਸ ਮੂੰਹ ਸੇ ਆਤਾ, ਸ਼ਰਮ ਭੀ ਆਤੀ ਥੀ, ਔਰ ਚੋਰੀ ਕੀ ਸਜ਼ਾ ਬਾਰੇ ਡਰ ਲੱਗਤਾ ਥਾ। ਜੈਸੇ ਭਾਲੇ ਵਾਲੇ ਰਾਤ ਕੋ ਡਰਾਤੇ, ਧਮਕਾਤੇ ਥੇ, ਉਸੀ ਮਾਫਕ ਇਨ ਸਿੰਘੋਂ ਕੇ ਬਸਤਰ ਹੈਂ, ਅਉਰ ਭਾਲੇ ਤਲਵਾਰੇਂ ਭੀ ਹੈਂ।

ਬਾਬਾ ਜੀ ਮੁਝੇ ਮਾਫ ਕਰ ਦੋ, ਮੁਝੇ ਹਨੂੰਮਾਨ* ਕੀ ਕਸਮ। ਮੈਂ ਆਜ ਜੇ ਕਬੀ ਕਿਸੀ ਕੀ ਭੀ ਚੋਰੀ ਨਹੀਂ ਕਰੂੰਗਾ। ਏਕ ਬਾਰ ਮਾਫ ਕਰ ਦੋ।

ਬਾਬਾ ਜੀ– ਭਲੇ ਪੁਰਸ਼ ! ਅਗਰ ਤੁਝੇ ਬੱਚੋਂ ਕੇ ਲੀਏ ਦੂਧ ਕੀ ਜ਼ਰੂਰਤ ਸੀ, ਗਰੀਬੀ ਔਰ ਬੇਬਸੀ ਕੇ ਕਾਰਨ ਖਰੀਦ ਨਹੀਂ ਸਕਤਾ ਥਾ, ਬੱਚੋਂ ਕਾ ਦੁੱਖ ਤੁਝੇ ਸਤਾਤਾ ਥਾ, ਤੋ ਜਗਤ ਮਾਤਾ ਸੇ ਪ੍ਰਾਰਥਨਾ ਕਰ ਕੇ ਮਾਂਗ ਕਰ ਲੇ ਜਾਤਾ, ਚੋਰੀ ਤੋ ਠੀਕ ਨਹੀਂ ? ਫਿਰ–

ਚੋਰ ਕੀ ਹਾਮਾ ਭਰੇ ਨ ਕੋਇ ॥ ਅਤੇ ਫਿਰ–
ਚੋਰ ਕੀਆ ਚੰਗਾ ਕਿਉ ਹੋਇ ॥ [ਧਨਾਸਰੀ ਮ: ੧, ਪੰਨਾ ੬੬੨

ਚੋਰ ਜੋ ਭੀ ਚੁਰਾਏ ਕੋਈ ਚੰਗਾ ਕਾਮ ਤੋ ਨਹੀਂ ਹੈ। ਐਸੇ ਮਨੁਸ਼ ਕੀ ਯਹਾਂ ਭੀ ਔਰ ਆਗੇ ਭੀ ਪ੍ਰਮੇਸ਼ਰ

* ਉਧਰ ਜ਼ਿਆਦਾ ਤਰ ਸਰਹੱਟੇ 'ਹਨੂੰਮਾਨ' ਘਰਾਂ ਵਿਚ, ਖੇਤਾਂ ਵਿਚ ਪੱਥਰਾਂ ਨੂੰ ਹੀ ਸੰਧੂਰ ਲਾ ਕੇ ਪੂਜਾ ਕਰਦੇ ਹਨ।

ਕੀ ਦਰਗਾਹ ਮੇਂ ਕੌਣ ਹਾਮੀ (ਜਾਮਨੀ) ਓਟੇਗਾ। ਵਹਾਂ ਨਾ ਸਾਕ, ਨਾ ਸਨਬੰਧੀ, ਨਾ ਮਿੱਤਰ ਨਾ ਦੋਸਤ, ਕੇਵਲ ਦਰਗਾਹ ਕਾ ਰਖਵਾਲਾ ਹੋਗਾ। ਉਸ ਕਾ ਇਸ਼ਟ, ਜਿਸ ਕੀ ਵੋਹ ਪੂਜਾ ਕਰਦਾ ਹੈ, ਕੈਸੇ ਉਸ ਕੀ ਜਾਮਨੀ ਦੇ ਕਰ ਛੁਡਾਵਾਏਗਾ। ਜਬ ਉਸ ਕੋ ਪਤਾ ਭੀ ਹੈ ਕਿ ਬੇਸ਼ਕ ਮੇਰਾ ਯਹ ਸ਼ਿੱਸ਼ਯ ਹੈ। ਪਰ ਮੈਨੇ ਤੋ ਉਸੇ ਚੋਰੀ ਕੀ ਸਿਖਿਆ ਨਹੀਂ ਦੀ ਥੀ। ਮੈਨੇ ਤੋਂ 'ਕਿਰਤ ਵਿਰਤ ਕਰ ਧਰਮ ਦੀ' ਕਰਨੇ ਦਾ ਉਪਦੇਸ਼ ਦੀਆ ਹੈ, ਅਗਰ ਹਮ ਆਪਣੀ ਮਨ ਮਰਜ਼ੀ ਸੇ ਇਸ਼ਟ ਕੇ ਬਚਨੋਂ ਕੋ ਨਹੀਂ ਮਾਨੇਂਗੇ, ਤੋ ਸੱਚਾ ਇੱਸ਼ਟ ਕਭੀ ਹਮਾਰੀ ਬਾਂਹ ਪੱਕੜ ਕਰ ਸੰਸਾਰ ਸਮੁੰਦਰ ਸੇ ਪਾਰ ਕਰਨੇ ਕੀ ਕਭੀ ਭੀ ਜ਼ਿਮੇਂਵਾਰੀ ਨਹੀਂ ਲੇਗਾ।

ਸਰਹੱਟਾ– (ਬਾਬਾ ਜੀ ਦੇ ਇਹ ਬਚਨ ਸੁਣ ਕੇ ਚਰਨਾਂ ਵਿਚ ਡੰਡਵਤ ਵਾਂਗ ਮੂਧਾ ਪੈ ਗਿਆ) ਜ਼ਾਰ ਜ਼ਾਰ ਰੋ ਰਿਹਾ ਸੀ। ਬਖਸ਼ ਲੋ, ਬਖਸ਼ ਲੋ–

ਅਬ ਕੀ ਬਾਰ ਬਖਸਿ ਬੰਦੇ ਕਉ ॥ [ਮਾਰੂ ਕਬੀਰ–ਪੰਨਾ ੧੧੦੪

ਅਚਾਨਕ ਉਸ ਸਰਹੱਟੇ ਦੇ ਮੂੰਹੋਂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਦੀ ਆਵਾਜ਼ ਆਉਣ ਲੱਗ ਪਈ ਅਤੇ ਜਿਵੇਂ ਕੋਈ ਬੇਸੁਰਤ, ਮੱਦ - ਹੋਸ਼ੀ ਵਿਚ ਪਿਆ ਬੁੜ ਬੁੜਾ ਰਿਹਾ ਹੋਵੇ ।

ਬਾਬਾ ਜੀ ਕੁਛ ਦੂਰੀ ਤੇ ਕਿਸੇ ਵੱਜਦ ਵਿਸਮਾਦ ਵਿਚ ਖੜੇ ਹਨ । ਸਾਰੇ ਸਿੰਘ ਕੋਲ ਚੁੱਪ ਚਾਪ ਖੜੇ, ਮਾਤਾ ਜੀ ਦੀ ਅਸਚਰਜ ਲੀਲਾ ਵੇਖ ਕੇ, ਹੈਰਾਨ ਹੋ ਰਹੇ ਹਨ ਕਿ ਇਹ ਕੀ ਕੌਤਕ ਵਰਤ ਰਿਹਾ ਹੈ।

ਬਾਬਾ ਜੀ– ਉਠ ਭਾਈ, ਜਾਓ ! ਆਪ ਕਾ ਗੁਨਾਹ ਮਾਤਾ ਜੀ ਨੇ ਮਾਫ ਕਰ ਦੀਆ ਹੈ। ਪਰ ਆਗੇ ਸੇ ਐਸਾ ਕਰਮ ਨਹੀਂ ਕਰਨਾ, ਚੋਰੀ ਨਹੀਂ ਕਰਨਾ।

ਸਰਹੱਟਾ ਲੜਖੜਾਂਦਾ ਹੋਇਆ ਉਠਿਆ, ਜਿਵੇਂ ਸਾਹ ਸੱਤ ਹੀ ਨਹੀਂ ਰਹਿ ਗਿਆ । ਸਿਰ ਨੀਵਾਂ ਕਰੀ ਡੁੱਸਕੇ ਭਰਦਾ ਸ਼ਰਮਸਾਰ ਹੁੰਦਾ ਚਲਾ ਗਿਆ ।

ਬਾਬਾ ਜੀ ਦਾ ਕਿੰਨਾ ਵਿਸ਼ਾਲ ਹਿਰਦਾ ਹੈ ਜੋ ਇਤਨੀ ਦਯਾ ਨਾਲ ਉਸ ਦਾ ਸਾਰਾ ਜੀਵਨ ਪਲਾਂ ਵਿਚ ਹੀ ਸੁਧਾਰ ਦਿਤਾ। ਉਹ ਸਰਹੱਟਾ ਫਿਰ ਅਜਿਹਾ ਇਸ ਅਸਥਾਨ ਦਾ ਸ਼ਰਧਾਲੂ ਬਣਿਆ ਕਿ ਹਰ ਆਪਣੀ ਕਮਾਈ ਜਦ ਹੁੰਦੀ, ਸਾਰੇ ਪ੍ਰਵਾਰ ਸਹਿਤ ਹਾਜ਼ਰੀ ਭਰਦਾ ਤੇ ਦੂਜੇ ਚੌਥੇ ਦਿਨ ਆ ਕੇ ਪਸ਼ੂਆਂ ਦੀ ਝਾੜ ਸੇਵਾ ਵੀ ਕਰਦਾ ਰਹਿੰਦਾ। ਇਹ ਹੈ 'ਸਾਧ ਕੈ ਸੰਗਿ ਮੁਖ ਉਜਲ ਹੋਤ'। ਹਾਂ ਹਾਂ ਕਮਾਈ ਵਾਲੇ ਮਹਾਂਪੁਰਸ਼ਾਂ ਦੇ ਸੰਗ ਹੀ–

ਦਰਸਨੁ ਭੇਟਤ ਹੋਤ ਨਿਹਾਲ ॥ [ਸੁਖਮਨੀ ਪੰਨਾ ੨੭੨

ਦਰਸ਼ਨ ਕਰਨ ਨਾਲ ਹੀ ਜਨਮ ਬਦਲ ਦਿਤਾ, ਤੇ ਚੋਰ ਤੋਂ ਸੇਵਕ ਬਣ ਕੇ ਉਹ ਸਰਹੱਟਾ ਸਾਰੀ ਉਮਰ ਸੇਵਾ ਕਰਦਾ ਰਿਹਾ।

ਇਉਂ ਸਾਧੂ ਜਨ ਹਰ ਇਕ ਦਾ ਭਲਾ ਲੋਚਦੇ ਹਨ, ਤੇ ਪ੍ਰਮੇਸ਼ਰ ਰੂਪ ਹੀ ਹੋ ਕੇ ਪਰਉਪਕਾਰ ਕਰਦੇ ਰਹਿੰਦੇ ਹਨ ।

ਇਹ ਹੈ ਸਾਧੂ ਦੇ ਸੰਗਿ ਦੀ ਬਖਸ਼ਸ਼, ਜਿਥੇ ਨਾ ਕੋਈ ਘਾਲ ਕਮਾਈ, ਸਗੋਂ–

ਸਾਧ ਕੈ ਸੰਗਿ ਨਹੀ ਕੁਛ ਘਾਲਿ ॥ [ਸੁਖਮਨੀ

ਗੁਰ ਇਤਿਹਾਸ ਵਿਚ ਅਨੇਕਾਂ ਉਦਾਹਰਨਾਂ ਆਉਂਦੀਆਂ ਹਨ ਅਤੇ ਗੁਰਬਾਣੀ ਤਾਂ ਇਸ ਗੱਲ ਦੀ ਸ਼ਾਹਦ ਹੈ ਕਿ–

ਸਾਧ ਕੀ ਮਹਿਮਾ ਬਰਨੈ ਕਉਨ ਪ੍ਰਾਨੀ ।। (ਸੁਖਮਨੀ–੨੭੧)

ਤਾਂ ਹੀ ਗੁਰਬਾਣੀ ਦਾ ਫੁਰਮਾਣ ਹੈ–

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ।। (ਗੂਜਰੀ ਮ: ੪, ਪੰਨਾ ੧੦)

ਅਤੇ– ਮਹਿਮਾ ਸਾਧੂ ਸੰਗ ਕੀ ਸੁਣਿਹੁ ਮੇਰੇ ਮੀਤਾ ।। (ਬਿਲਾਵਲ ਮ: ੫–੮੦੬

ਤਾਂ ਤੇ ਹਮੇਸ਼ਾ ਸਾਧੂ ਦੀ ਸੰਗਤ ਹੀ ਇਸ ਸੰਸਾਰ ਸਮੁੰਦਰ ਤੋਂ ਪਾਰ ਹੋਣ ਦਾ ਸਭ ਤੋਂ ਆਸਾਨ ਮਾਰਗ ਹੈ ।

ਲੰਗਰ ਦੀਆਂ ਰਸਦਾਂ ਬਾਰੇ

ਸਤਿਗੁਰੂ ਜੀ ਦੀ ਲੀਲਾ ਤਾਂ ਸਤਿਗੁਰੂ ਜੀ ਜਾਣਦੇ ਹਨ ਜਾਂ ਫਿਰ ਕੋਈ ਗੁਰਮੁਖ, ਸਾਧ, ਸੰਤ, ਬ੍ਰਹਮ ਗਿਆਨੀ । ਪਰ ਸੰਸਾਰੀ ਜੀਵ ਕੀ ਜਾਨਣ ਪ੍ਰਭੂ ਦੇ ਰੰਗਾਂ ਨੂੰ । ਗੁਰਬਾਣੀ ਦਾ ਫੁਰਮਾਣ ਹੈ ਕਿ–

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ।। [ਰਾਮਕਲੀ ਮ: ੧–੯੩੦

ਅਸੀਂ ਥੋੜੀ ਮਤਿ ਬੁਧ ਵਾਲੇ ਤਾਂ ਆਪਣੀ ਸੋਚ ਨਾਲ ਸੋਚਦੇ ਹਾਂ ਤੇ ਉਸ ਵਿਚ ਅਣਜਾਣੇ 'ਹਉਂ' ਦਾ ਅੰਸ਼ ਹੁੰਦਾ ਹੈ । ਕਿਉਂਕਿ ਮਨ ਨੂੰ ਪ੍ਰਤੀਤ ਨਹੀਂ ਹੁੰਦੀ, ਜਦ ਤੱਕ ਮਨ ਨੂੰ ਪ੍ਰਤੀਤ, ਭਰੋਸਾ, ਦ੍ਰਿੜ ਨਹੀਂ ਹੁੰਦਾ, ਤਦੋਂ ਤੱਕ ਇਹ ਆਪਣੀ ਚਤੁਰਾਈ ਚੰਚਲ ਬੁਧ ਨਾਲ ਹੀ,ਬੇਭਰੋਸਗੀ ਭੀ ਕਈ ਵਾਰੀ ਸਮੂਹ ਗੁਰੂ ਤੇ ਭੀ ਕਰ ਬੈਠਦਾ ਹੈ ।

ਅਜਿਹੀ ਹੀ ਗੁ: ਮਾਤਾ ਸਾਹਿਬ ਕੌਰਾਂ ਦੇ ਅਸਥਾਨ ਤੇ ਰਹਿਣ ਵਾਲੇ ਸਿੰਘਾਂ ਦੀ ਮੱਤ ਬੁੱਧ ਸੀ । ਲੰਗਰ ਕਈ ਵਾਰੀ ਮਸਤਾਨਾ ਹੋ ਜਾਇਆ ਕਰਦਾ ਤੇ ਸਾਰੀ ਸੰਗਤ ਕੜਾਕੇ ਕੱਟਦੀ । ਜੇ ਸਵੇਰ ਲਈ ਰਸਦ ਹੈ ਤਾਂ ਸ਼ਾਮ ਲਈ ਨਹੀਂ । ਜੇ ਸ਼ਾਮ ਲਈ ਹੈ ਤਾਂ ਸਵੇਰ ਦਾ ਫਿਕਰ । ਇਹ ਇਕ ਲੀਲਾ ਸੀ ਜੋ ਸਿੰਘਾਂ ਨੂੰ ਪ੍ਰਤੀਤ ਕਰਵਾਉਣ ਦੀ ਕਸਵੱਟੀ, ਪਰਖ ਸੀ । ਪਰ ਕੌਣ ਸਮਝੇ ਇਹਨਾਂ ਬੁਝਾਰਤਾਂ ਨੂੰ ।

ਕਈ ਦਿਨ ਕੜਾਕੇ ਫਾਕੇ ਮਸਤਾਨਾ ਲੰਗਰ ਅਜਿਹਾ ਹੋਣ ਕਰ ਕੇ ਮਨਚਲੇ ਸਿੰਘ ਆਤੁੱਰ ਹੋ ਗਏ, ਤੇ ਕਈ ਤਰ੍ਹਾਂ ਦੀਆਂ ਸੋਚਾਂ ਵਿਉਂਤਾਂ ਘਾੜਤਾਂ ਘੜਨ ਲੱਗ ਪਏ ।

ਆਖਰ ਸਾਰੇ ਸਿੰਘ ਇਕ ਦਿਨ ਇਕੱਠੇ ਹੋ ਕੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਲੰਗਰ ਮਸਤਾਨਾ ਰਹਿੰਦਾ ਹੈ । ਯਾਤਰੀ ਤੇ ਸਿੰਘ ਭੁੱਖੇ ਰਹਿੰਦੇ ਹਨ । ਰਸਦ ਭੀ ਅਜੇ ਇਤਨੀ ਨਹੀਂ ਉਤਰਦੀ ਇਸ ਕਰ ਕੇ ਇਕ ਵੇਲੇ ਹੀ ਲੰਗਰ ਸਜਾਇਆ ਕਰੀਏ । ਇਕ ਵੇਲੇ ਨਾ ਸੱਜਾਇਆ ਕਰੀਏ । ਐਉਂ ਬਹੁਤ ਦਿਨਾਂ ਦੇ ਫਾਕੇ ਕੜਾਕੇ ਨਾ ਕੱਟਣੇ ਪਿਆ ਕਰਨਗੇ । ਲੰਗਰ ਦੀ ਰੋਜ਼ਾਨਾ ਦੀ ਮਰਯਾਦਾ ਭੀ ਚਲਦੀ ਰਵੇਗੀ । ਸਾਰਿਆਂ ਸਿੰਘਾਂ ਨੇ ਇਸ ਨਾਲ ਸੰਮਤੀ ਪ੍ਰਗਟ ਕੀਤੀ । ਪਰ ਬਾਬਾ ਜੀ ਚੁੱਪ ਕਰ ਕੇ ਸਾਰਿਆਂ ਸਿੰਘਾਂ ਦੀਆਂ ਤਜਵੀਜ਼ਾਂ ਸੁਣ ਰਹੇ ਸਨ ।

ਬਾਬਾ ਜੀ– (ਅਚਾਨਕ ਚੇਹਰੇ ਤੇ ਜਲਾਲ ਆ ਗਿਆ ਤੇ ਬੋਲੇ) ਵਾਹ ਗੁਰਸਿੱਖੋ ! ਮਾਤਾ ਦੀ

ਮਮਤਿ ਦੀ ਪ੍ਰਤੀਤ ਖੋਹ ਬੈਠੇ ਹੋ ? ਉਹ ਆਪਣਿਆਂ ਲਾਡਲਿਆਂ ਨੂੰ, ਜਿਹਨਾਂ ਨੂੰ ਝੋਲੀ ਵਿਚ ਪੁਵਾਇਆ ਹੈ, ਕੀ ਉਸ ਨੂੰ ਫਿਕਰ ਨਹੀਂ ? ਅਸੀਂ ਖਾਹ - ਮਖਾਹ ਫਿਕਰ ਵਿਚ ਪੈ ਗਏ ਹਾਂ । ਉਹ ਸਮਾਂ ਲੰਘ ਚੁੱਕਾ ਹੈ ਜਦ ਮਾਤਾ ਆਪਣਿਆਂ ਲਾਡਲਿਆਂ ਦਾ ਸਿੱਦਕ ਵੇਖਦੇ ਰਹੇ ਸਨ ।

ਪਰ ਹੁਣ ਤਾਂ ਮਾਤਾ ਜੀ ਸਭ ਕੁਝ ਦੇ ਰਹੇ ਹਨ, ਫਿਰ ਅਸੀਂ ਸ਼ੰਕਾ ਕਰ ਕੇ ਮਾਂ ਤੋਂ ਦੂਰ ਨਾ ਹੋਈਏ । ਕਿਉਂਕਿ 'ਸੰਸਾ ਇਹ ਸੰਸਾਰ ਹੈ' । ਇਹ ਸੰਸਾਰ ਦੋ ਚੀਜ਼ਾਂ ਦਾ ਸੁਮੇਲ ਹੈ 'ਸੰਸਾ+ਰਸ' । ਹਰ ਇਕ ਪ੍ਰਭੂ ਰਚਨਾ ਜੀਵ ਲਈ ਸੰਸਿਆਂ ਦਾ ਮੂਲ ਹੈ । ਇਸੇ ਮਾਇਕ ਸੰਸਾ ਤੇ ਰਸਾਂ ਵਿਚ ਗਲਤਾਨ ਰਹਿਣ ਕਰ ਕੇ ਤਾਂ ਹੀ ਉਸ ਮਾਲਕ - ਸਿਰਜਣਹਾਰ ਦੀ ਲੱਖਤਾ ਤੋਂ ਵੰਚਿਤ ਰਹਿ ਜਾਂਦੇ ਹਾਂ । ਕਿਉਂ ਜੋ–

ਦੇਸੀ ਰਿਜਕੁ ਸਬਾਹਿ ਜਿਨਿ ਉਪਾਈ ਮੇਦਨੀ ।। [ਰਾਗ ਸੂਹੀ ਮ: ੩–੭੫੫

ਅਸੀਂ ਤੁਸੀਂ ਤਾਂ ਫਿਰ ਭੀ ਗੁਰ ਅਸਥਾਨ ਦੀ ਟੇਕ ਲੈ ਬੈਠੇ ਹਾਂ, ਜਿਨ੍ਹਾਂ ਦਾ ਕੋਈ ਸਹਾਰਾ ਨਹੀਂ ਹੁੰਦਾ–

ਗਰੀਬਾ ਅਨਾਥਾ ਤੇਰਾ ਮਾਣਾ ।। [ਮਾਝ ਮ: ੫–੯੮

ਗਰੀਬ ਪ੍ਰਭੂ ਦਾ ਭਾਣਾ ਮੰਨ ਕੇ ਹੀ ਝੌਂਪੜੀਆਂ, ਫੁਟਪਾਥਾਂ, ਤੇ ਬਿਨਾਂ ਸਾਏ ਸਹਾਰੇ ਭੀ ਦਿਨ ਗੁਜ਼ਰਾਨ ਕਰ ਰਹੇ ਹਨ, ਤੇ ਉਹਨਾਂ ਨੂੰ ਭੀ ਵਾਹਿਗੁਰੂ ਦੇ ਰਿਹਾ ਹੈ ।

ਹਾਂ, ਬਾਣਾ ਪਹਿਨਿਆ ਤਾਂ ਹੈ, ਪਰ ਬਾਣੇ ਵਾਲੀ ਬਾਣੀ ਤੇ ਭਰੋਸਾ ਨਹੀਂ । ਕਿਉਂ ? ਇਹ ਸਾਡੀ ਕਮਜ਼ੋਰੀ ਹੈ, ਕਿਉਂਕਿ ਅਸੀਂ ਸ਼ਰਧਾ ਹੀਣੇ ਹੀ ਹਾਂ । ਕੀ ਅਸੀਂ ਸਿਰਫ ਭੇਖ (ਵਿਖਾਵੇ) ਦੇ ਹੀ ਸਿੱਖ ਹਾਂ, ਭਰੋਸੇ ਦੇ ਨਹੀਂ । ਫਿਰ ਅਸੀਂ ਚਿੰਤਾ ਕਿਉਂ ਕਰੀਏ ਜਦ–

ਕਾਹੇ ਰੇ ਮਨ ਚਿਤਵੈ ਉਦਮੁ ਜਾ ਆਹਰਿ ਹਰਿ ਜੀਉ ਪਰਿਆ ।।

ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ।। ੧ ।।

[ਗੂਜਰੀ ਮ: ੫, ਪੰਨਾ ੧੦

ਜਿਸ ਪ੍ਰਭੂ ਨੂੰ ਸਾਰੇ ਜੀਵ - ਜੰਤੂਆਂ, ਚਉਰਾਸੀ ਲੱਖ ਜੂਨ ਜੋ ਪੱਥਰਾਂ, ਜਲ, ਥਲ, ਆਕਾਸ਼ ਵਿਚ ਵੱਸਦੇ ਹਨ, ਸਭ ਨੂੰ ਰੋਜ਼ੀ ਦੇਣ ਦਾ ਆਹਰ (ਫਿਕਰ) ਹੈ । ਉਸ ਪ੍ਰਭੂ ਦੀ ਇਤਨੀ ਵੱਡੀ ਸ਼ਕਤੀ ਤੇ ਤੁਸੀਂ ਬੇਪ੍ਰਤੀਤੀ ਕਿਉਂ ਕਰਦੇ ਹੋ । ਇਹ ਕਦਾਚਿਤ ਨਹੀਂ ਹੋ ਸਕੇਗਾ, ਇਤਨੇ ਭਰੋਸੇ ਹੀਣੇ ਨਾ ਬਣੀਏ ।

ਗੁਰੂ ਕਾ ਲੰਗਰ ਹੁਣ ਦੋਵੇਂ ਵੇਲੇ ਹੀ ਸਜਾਇਆ (ਪਕਾਇਆ) ਜਾਇਆ ਕਰੇਗਾ । ਇਕ ਵੇਲੇ ਕਿਉਂ? ਇਸ ਅਸਥਾਨ ਤੇ ਇਤਨੇ ਸਿੰਘ ਹੁੰਦਿਆਂ ਕੀ ਮਾਤਾ ਜੀ ਨੂੰ ਆਪਣੇ ਬੱਚਿਆਂ ਦਾ ਖਿਆਲ ਨਹੀਂ? ਉਹ ਆਪ ਪ੍ਰਤਿਪਾਲਣਾ ਕਰਨਗੇ । ਭਰੋਸਾ ਕਰੋ, ਵਿਸ਼ਵਾਸ ਬੰਧਾਓ ।

ਬਾਬਾ ਜੀ ਨੇ ਮੋਦੀ ਪਾਸ ਨੌਕਰ ਹੋਣ ਲਈ ਕਹਿਣਾ

ਹਾਂ ਸਿੰਘ ! ਜੇ ਤੁਹਾਡਾ ਮਨ ਅਜੇ ਡਾਵਾਂ ਡੋਲੇ ਖਾਂਦਾ ਹੈ । ਮਨ ਵਿਚ ਭਰੋਸਾ ਤੇ ਟਿਕਾਓ ਨਹੀਂ ਆਉਂਦਾ, ਅਤੇ ਸਮਝਦੇ ਹੋ ਕਿ ਲੰਗਰ ਮਸਤਾਨਾ ਹੀ ਰਵੇਗਾ । ਤਾਂ ਅਸੀਂ ਮੋਦੀ (ਦੁਕਾਨਦਾਰ) ਪਾਸ ਨੌਕਰ ਚੱਲ ਰਹਿੰਦੇ ਹਾਂ ਤੇ ਉਸ ਨੂੰ ਕਹਾਂਗੇ ਕਿ ਸਾਨੂੰ ਆਪਣੀ ਦੁਕਾਨ ਤੇ ਨੌਕਰ ਰੱਖ ਲੈ । ਅਸੀਂ ਤੇਰੀ ਦੁਕਾਨ ਤੇ ਗਾਹਕਾਂ ਲਈ ਸੌਦਾ ਤੈਨੂੰ ਅੰਦਰੋਂ ਲਿਆ ਕੇ ਦਿਆਂ ਕਰਾਂਗੇ, ਪਰ ਸਾਡੀ ਨੌਕਰੀ ਬਦਲੇ,

ਸਿੰਘਾਂ ਨੂੰ ਜਿਤਨੀ ਲੰਗਰ ਵਾਸਤੇ ਰਸਦ ਦੀ ਲੋੜ ਹੋਵੇ, ਦੇ ਦਿਆ ਕਰਨੀ। ਜਦੋਂ ਤੱਕ ਤੇਰਾ ਕਰਮ ਚੁੱਕਤਾ ਨਾ ਹੋ ਜਾਵੇ, ਅਸੀਂ ਤੇਰੀ ਲੰਕਰੀ ਵਿਚ ਰਵਾਂਗੇ।

ਸੋ ਸਿੰਘੋ ! ਤੁਸੀਂ ਜਿੰਨੀ ਲੋੜ ਪਈ, ਲੰਗਰ ਲਈ ਮੋਦੀ ਪਾਸੋਂ ਰਸਦਾਂ ਲਿਆ ਕੇ ਮਾਤਾ ਜੀ ਦੇ ਅਸਥਾਨ ਤੇ ਦਿਨੇ - ਰਾਤ ਲੰਗਰ ਚਲਾਉਣਾ ਅਤੇ ਯਾਤਰੀਆਂ ਨੂੰ ਲੰਗਰ ਦੇ ਖੁਲ੍ਹੇ ਗੱਫੇ ਛਕਾਉਣੇ।

ਸਾਰੇ ਸਿੰਘ– (ਬਾਬਾ ਜੀ ਦਾ ਇਹ ਬਚਨ ਸੁਣ ਕੇ ਨਿੰਮੋਝੂਣੇ, ਚੁੱਪ - ਚਾਪ, ਲਾ - ਜਵਾਬ ਖੜੇ ਰਹੇ। ਕਿਸੇ ਨੂੰ ਕੋਈ ਉੱਤਰ ਨਹੀਂ ਆ ਰਿਹਾ। ਪ੍ਰੇਮੀ, ਸ਼ਰਧਾਵਾਨ ਸਿੰਘ ਤਾਂ ਇਤਨੇ ਵੈਰਾਗੀ ਅਵੱਸਥਾ ਵਿਚ ਆ ਗਏ ਕਿ ਉਹ ਉੱਚੀ ਉੱਚੀ ਭੁੱਬਾਂ ਮਾਰ ਕੇ ਰੋ ਪਏ ਅਤੇ ਕਹਿਣ ਲੱਗੇ–ਬਾਬਾ ਜੀ! ਸਾਡੇ ਪਾਪੀਆਂ ਸਿਰ ਇਤਨਾ ਕਹਿ ਕੇ ਕਿਉਂ ਭਾਰ ਚਾੜ੍ਹਦੇ ਹੋ। ਖਿੱਮਾਂ ਕਰੋ, ਅਸੀਂ ਅਨਜਾਣ ਹਾਂ। ਭੁੱਲ ਹੋ ਗਈ ਹੈ, ਸਾਨੂੰ ਮਾਫ ਕਰ ਦਿਓ।

ਬਾਬਾ ਜੀ–ਬੜੀ ਸੰਜੀਦਗੀ ਨਾਲ ਬੋਲੇ ਸਿੰਘੋ ! ਜਿੰਨਾ ਚਿਰ ਚੋਜੀ ਲੁੱਕਣ ਮੀਟੀਆਂ ਖੇਡਦਾ ਰਿਹਾ ਹੈ ਰਸਦ - ਪਾਣੀ ਕਦੀ ਆ ਗਿਆ, ਕਦੀ ਅਲੋਪ ਹੋ ਗਿਆ। ਤਦੋਂ ਤਕ ਹੀ ਇਹ ਕੜਾਕੇ, ਹਾਰੇ ਚੱਲਦੇ ਰਹੇ, ਪਰ ਕੀ ਅਸਾਂ ਨੂੰ ਹੁਣ ਪ੍ਰਤੀਤ ਨਹੀਂ ਆ ਰਹੀ ? ਜਦ ਕਿ ਨਿੱਤ ਨਵੇਂ ਨਵੇਂ ਚੋਜ, ਚੋਜੀ ਦੇ ਦੇਖਦੇ ਹੋ, ਭਾਵ ਹਾਜ਼ਰ ਨਾਜ਼ਰ ਸਤਿਗੁਰੂ ਬਿਰਾਜਮਾਨ ਹਨ। ਕੀ ਹੁਣ ਇਤਨੇ ਸਪੁੱਤ੍ਰ ਹੁੰਦਿਆਂ ਹੋਇਆਂ ਭੀ ਪਿਤਾ ਨੂੰ ਦੋ ਵਕਤ ਲੰਗਰ ਦਾ ਭੋਗ ਨਾ ਲੁਆ ਸਕਾਂਗੇ ? ਤਾਂ ਫਿਰ ਅਸੀਂ ਕੌਣ ਹਾਂ। ਆਪਣੀ ਮਰਿ ਨਾਲ ਇਕ ਵਕਤ ਲੰਗਰ ਦੀ ਮਰਯਾਦਾ ਚਲਾ ਲਵੀਏ।

ਇਹ ਆਪਣਾ ਲੰਗਰ ਨਾ ਸਮਝੋ, ਤੇ ਨਾ ਹੀ ਆਪ ਕਰਤਾ (ਚਲਾਉਣ ਵਾਲੇ) ਬਣੋ। ਲੰਗਰ ਗੁਰੂ ਕਾ ਸਮਝੋ। ਉਹ ਮਾਲਕ ਆਪਣੇ ਲੰਗਰ ਲਈ ਆਪ ਸਾਰ ਕਰੇਗਾ। ਜੇ ਲੰਗਰ ਗੁਰੂ ਕਾ ਹੈ ਤਾਂ ਅਸੀਂ ਇਕ ਵੇਲੇ ਕਿਵੇਂ ਕਰ ਸਕਦੇ ਹਾਂ ? ਹੁਕਮ ਵਿਚ ਹੀ ਰਾਜ਼ੀ ਰਹਿਣਾ ਚਾਹੀਦਾ ਹੈ। ਸਤਿਗੁਰੂ ਜੀ ਦੀਆਂ ਅਪਾਰ ਬਖਸ਼ਸ਼ਾਂ ਹਨ। ਕਿਉਂ ਘਬਰਾ ਗਏ ਹੋ ? ਸਬਰ ਤਾਂ ਕਰੋ, ਵੇਖੋ ਚੋਜੀ ਦੇ ਚੋਜ।

ਅਸਚਰਜ ਕੌਤਕ

ਇਕ ਦੋ ਦਿਨ ਹੀ ਗੁਜ਼ਰੇ ਸਨ, ਕਿ ਇਕ ਬਾਂਕਾ ਜਵਾਨ, ਮੱਸ - ਫੁੱਟ, ਉੱਚਾ ਲੰਮਾ ਕੱਦ, ਚਿਹਰੇ ਤੇ ਅਜੀਬ ਲਾਲੀ (ਰੌਣਕ) ਸੂਰਜ ਦੀ ਭਾਅ ਵਾਂਗ ਰਿਸ਼ਮਾਂ ਚਮਕੀਲੇ ਕੇਸ, ਗੁਰਮੁੱਖੀ ਪਹਿਰਾਵਾ, ਸਫੈਦ ਲੰਮਾਂ ਚੋਲਾ, ਤੇੜ ਕਛਹਿਰਾ, ਮੋਢੇ ਤੇ ਪਰਨਾ, ਤੇਗ ਪਹਿਨੇ, ਖੱਚਰਾਂ ਤੇ ਲੱਦਿਆਂ ਲੰਗਰ ਦਾ ਸਾਰਾ ਹੀ ਸਮਾਨ ਲੈ ਕੇ ਆ ਗਿਆ।

ਬਾਬਾ ਜੀ ਮਰਯਾਦਾ ਮੁਤਾਬਕ ਅੱਗੋਂ ਵਾਂਢੀ ਹੋ ਕੇ, ਬੜੇ ਪਿਆਰ ਨਾਲ ਫਤਹਿ ਬੁਲਾਈ ਅਤੇ ਆਦਰ ਸਤਿਕਾਰ ਨਾਲ ਬੇਨਤੀ ਕੀਤੀ–ਗੁਰਮੁਖ ਸੱਜਣ ਜੀ ! ਪਹਿਲਾਂ ਜਲ ਪਾਣੀ ਤੇ ਲੰਗਰ ਛੱਕੋ, ਫਿਰ ਆਰਾਮ ਕਰਨਾ। ਸਿੰਘ ਆਪੇ ਰਸਦ ਲਾਹ ਲੈਂਦੇ ਹਨ। ਪਤਾ ਨਹੀਂ ਆਪ ਕਿਤਨਾ ਕੁ ਪੈਂਡਾ ਚੀਰ ਕੇ ਆਏ ਹੋ?

ਚੋਜੀ ਮਾਲਕ– ਬਾਬਾ ਜੀ ! ਆਹ ਲੰਗਰ ਦੀ ਰਸਦ ਹੈ। ਇਹਨਾਂ ਖੱਚਰਾਂ ਦਾ ਭਾਰ ਹੌਲਾ

ਕਰੋ (ਫਿਰ ਸਾਡਾ)। ਹਾਂ ਫਿਰ ਲੰਗਰ ਪਾਣੀ ਛੱਕਾਂਗੇ।

ਵੇਖੋ ਵੇਖੀ ਸਭ ਸਿੰਘ ਆ ਗਏ। ਬਾਬਾ ਜੀ ਨੇ ਕਿਹਾ–ਲਓ ਸਿੰਘੋ ਆ ਬਹੁੜਿਆ ਜੇ ਨਾ ਮਾਲਕ, ਛੇਤੀ ਰੱਸਦਾਂ ਬਸਤਾਂ ਲਾਹੋ ਅਤੇ ਖੱਚਰਾਂ ਨੂੰ ਤਬੇਲੇ ਵਿਚ ਬੰਨ੍ਹ ਕੇ ਪੱਠੇ ਦਾਣਾ ਪਾਓ ਅਤੇ ਅਸੀਂ ਸਿੰਘ ਜੀ ਨੂੰ ਲੰਗਰ ਛੱਕਾਂਦੇ ਹਾਂ।

ਅਜਨਬੀ ਗੁਰਸਿੱਖ– ਬਾਬਾ ਜੀ ਤੁਸੀਂ ਕੋਈ ਖੇਚਲ ਨਾ ਕਰੋ। ਇਹ 'ਖਰ' (ਖੱਚਰਾਂ) ਸਾਡੇ ਹੀ ਕਾਬੂ ਕਰਨ ਵਾਲੀਆਂ ਹਨ। ਐਵੇਂ ਕਿਸੇ ਸਿੰਘ ਨੂੰ ਦੁਲੱਤਾ ਕੱਢ ਮਾਰਨਗੀਆਂ। ਸਿੰਘੋ ! ਆਹ ਸਮਾਨ ਸਾਂਭੋ, ਅਸੀਂ ਇਹਨਾਂ ਨੂੰ ਸਾਂਭਦੇ ਹਾਂ।

ਬਾਬਾ ਧਰਮ ਸਿੰਘ ਜੀ– ਸਿੰਘ ਜੀ ! ਬੜੀ ਦਇਆ ਕੀਤੀ ਜੇ। ਕਈ ਦਿਨਾਂ ਦਾ ਲੰਗਰ ਮਸਤਾਨਾ ਚੱਲ ਰਿਹਾ ਸੀ। ਸਿੰਘ ਕੜਾਕਿਆਂ ਤੇ ਢਾਕਿਆਂ ਤੋਂ ਘਬਰਾਏ ਹੋਏ ਸਨ। ਆਪ ਕਿਥੋਂ ਆਏ ਹੋ, ਕੀ ਨਾਮ ਹੈ ਆਪ ਜੀ ਦਾ ? ਚਲੋ ਫਿਰ ਲੰਗਰ ਤਾਂ ਰਸਨੀਂ ਲਾਵੋ।

ਗੁਰਸਿੱਖ– ਸਾਡਾ ਨਾਮ ਪਤਾ ਬਾਬਾ ਜੀ ਜਾਣਦੇ ਹਨ। ਇਹਨਾਂ ਵਲੋਂ ਤਾਰ ਖੜਕੀ ਸੀ ਕਿ ਮਾਤਾ ਜੀ ਦਾ ਲੰਗਰ ਮਸਤਾਨਾ ਹੋ ਰਿਹਾ ਹੈ, ਸਿੰਘ ਉਤਾਵਲੇ ਹੋ ਰਹੇ ਹਨ। ਪਰ ਸਾਥੋਂ ਕਈ ਦਿਨਾਂ ਦੀ ਦੇਰੀ ਹੋ ਗਈ ਹੈ। ਸਾਨੂੰ ਮੁਆਫ ਕਰਨਾ। ਅਸੀਂ ਛੇਤੀ ਮੁੜਨਾ ਹੈ, ਅਤੇ ਪੈਂਡਾ ਦੂਰ ਦਾ ਹੈ। ਬਾਬਾ ਜੀ ਤੋਂ ਹੀ ਪੁੱਛ ਲੈਣਾ ਸਾਡਾ ਥਹੁ ਪਤਾ।

ਬਾਬਾ ਜੀ– ਮੁਸਕਰਾਂਦੇ ਚਿਹਰੇ, ਚੁੱਪ ਖੜੀ, ਦਰਸ਼ਨ ਕਰ ਕਰ ਗੱਦ ਗੱਦ ਹੋ ਰਹੇ ਸਨ। ਦਰਸ਼ਨਾਂ ਦੇ ਅਨੁਭਵੀ ਰਸ ਨੂੰ ਕਿਵੇਂ ਨੇਤ੍ਰਾਂ ਰਾਹੀਂ ਪੀ ਰਹੇ ਸਨ ਅਤੇ ਮਨ ਖੇੜੇ ਤੇ ਖੁਸ਼ੀਆਂ ਵਿਚ ਸੁੰਦਰ ਫੁੱਲਵਾੜੀ ਵਾਂਗ ਖਿੜਿਆ ਹੋਰਨਾਂ ਨੂੰ ਖੇੜਾ ਦੇ ਰਿਹਾ ਸੀ।

ਸਿੰਘਾਂ ਨੇ ਸ਼ੁਕਰ ਕੀਤਾ ਕਿ ਬੇਅੰਤ ਰਸਦਾਂ ਆ ਗਈਆਂ ਹਨ, ਪਰ ਮਾਇਆ ਮਮਤਾ ਵਿਚ ਕਿਸੇ ਸਿੰਘ ਦੇ ਨੈਣ ਪਛਾਣ ਨਾ ਸਕੇ ਅਤੇ ਨਾ ਹੀ ਅੰਦਰ ਸੋਝੀ ਆਈ ਕਿ ਚੋਜੀ ਮਾਲਕ ਦੇ ਕੋਲ ਦੇ ਘੜੀ ਖਲੋ ਕੇ ਦਰਸ਼ਨ ਕਰ ਲਈਏ ਜਾਂ ਬਚਨ ਬਿਲਾਸ ਹੀ ਕਰ, ਸੁਣ ਲਈਏ। ਪਰ ਰਸਦਾਂ ਨੂੰ ਸਾਂਭਣ ਲਈ ਸਭ ਸਿੰਘ ਰੁੱਝ ਗਏ।

ਖੱਚਰਾਂ ਜੋ ਇਧਰ ਉਧਰ ਦੁਰੰਡ ਗੇ ਮਾਰ ਕੇ ਖਿੱਲਰ ਗਈਆਂ ਸਨ, ਖੇਤਾਂ ਨੂੰ ਭੱਜ ਗਈਆਂ। ਬਾਬਾ ਧਰਮ ਸਿੰਘ ਜੀ ਨੇ ਸਿੰਘਾਂ ਨੂੰ ਆਵਾਜ਼ਾਂ ਦਿਤੀਆਂ ਸਿੰਘੋ ਲਿਆਓ ਖੱਚਰਾਂ। ਪਰ ਇਸ (ਸਭ ਦੇ ਅਣ-ਪਛਾਤੇ ਗੁਰਸਿੱਖ 'ਗੁਰਮੁਖ' ਨੇ ਕਿਹਾ–

ਬਾਬਾ ਜੀ ਇਹਨਾਂ ਨੂੰ ਸੰਭਾਲਣਾ ਸਾਡਾ ਹੀ ਕੰਮ ਹੈ। ਤੁਸੀਂ ਠਹਿਰੋ, ਮੈਂ ਹੁਣੇ ਹੀ ਇਹਨਾਂ ਨੂੰ ਇਕੱਠੀਆਂ ਕਰ ਲਿਆਉਂਦਾ ਹਾਂ। ਮੇਰੀ ਆਵਾਜ਼ ਤੇ ਇਹ ਲੱਗੀਆਂ ਹੋਈਆਂ ਹਨ। ਜੇ ਤੁਸੀਂ ਇਹਨਾਂ ਦੇ ਮਗਰ ਭੱਜੋਗੇ, ਤਾਂ ਇਹ ਹੋਰ ਭੱਜਣਗੀਆਂ ਅਤੇ ਬੇ - ਕਾਬੂ ਹੋ ਜਾਣਗੀਆਂ ਨਾਲੇ ਫਿਰ ਲੱਭਣੀਆਂ ਔਖੀਆਂ ਹੋ ਜਾਣਗੀਆਂ।

ਬਾਬਾ ਧਰਮ ਸਿੰਘ ਜੀ– ਚੰਗਾ ਜਿਵੇਂ ਆਪ ਜੀ ਦੀ ਰਜ਼ਾ। ਖੱਚਰਾਂ ਮੋੜ ਲਿਆਓ ਤੇ ਫਿਰ

ਆ ਜਾਣਾ। ਲੰਗਰ ਜ਼ਰੂਰ ਛੱਕ ਕੇ ਜਾਣਾ। ਕਿਧਰੇ ਛੱਲ ਕਰ ਕੇ ਅਲੋਪ ਨਾ ਹੋ ਜਾਣਾ।

ਗੁਰਮੁੱਖ– ਬਾਬਾ ਜੀ ਅਸੀਂ ਰੋਜ਼ ਲੰਗਰ ਛੱਕਦੇ ਹਾਂ, ਜਦ ਤੁਸੀਂ ਭੋਗ ਲਾਉਂਦੇ ਹੋ। ਮਸਤਨੇ ਲੰਗਰ ਨਾਲ ਸਾਨੂੰ ਭੀ ਤੁਹਾਡੇ ਨਾਲ ਕੜਾਕਾ ਕੱਟਣਾ ਪੈਂਦਾ ਰਿਹਾ ਸੀ। ਹੱਛਾ ! ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ।

ਚੋਜੀ ਪ੍ਰੀਤਮ ਅਲੋਪ ਹੋ ਗਿਆ

ਪਲੋ ਪਲੀ ਔਹ ਗਏ, ਔਹ ਗਏ, ਅਤੇ ਅੱਖਾਂ ਤੋਂ ਅਲੋਪ ਹੋ ਗਏ। ਨਾ ਖੱਚਰਾਂ, ਨਾ ਸਿੰਘ ! ਚੋਜੀ ਚੋਜ ਕਰ ਗਿਆ। ਸਾਰੇ ਵੇਖਦੇ ਹੀ ਰਹਿ ਗਏ।

ਬਾਬਾ ਧਰਮ ਸਿੰਘ ਜੀ– ਕਹਿੰਦੇ ਸਨ ਕਿ ਖੱਚਰਾਂ ਸਾਡੀ ਆਵਾਜ਼ ਤੇ ਲੱਗੀਆਂ ਹੋਈਆਂ ਨੇ, ਮੋੜ ਲਿਆਈਏ, ਫਿਰ ਆ ਜਾਵਾਂਗੇ। ਕੀ ਇਹ ਭੀ ਛਲੀਆ ਛੱਲ ਕਰ ਗਿਆ ਏ, ਚਲਾ ਗਿਆ ਏ? ਕਿੱਧਰ ਭਾਲੀਏ ?

ਸਾਰੇ ਸਿੰਘ– ਬਾਬਾ ਜੀ, ਉਹ ਸਿੰਘ ਜੀ ਕਿੱਧਰ ਗਏ ਹਨ, ਕਿਥੋਂ ਦੇ ਸਨ ? ਅਸਾਂ ਤਾਂ ਰੱਜ ਕੇ ਦਰਸ਼ਨ ਭੀ ਨਹੀਂ ਕੀਤੇ। ਲੰਗਰ ਛੱਕ ਗਏ ਹਨ ਕਿ ਨਹੀਂ।

ਬਾਬਾ ਧਰਮ ਸਿੰਘ ਜੀ– ਸਿੰਘੋ ! ਚੋਜੀ ਚੋਜ ਕਰ ਗਿਆ। ਸਾਡੀਆਂ ਅੱਖੀਆਂ ਤੇ ਉਸ ਨੇ ਅਜਿਹਾ ਪੜਦਾ ਪਾਇਆ ਕਿ ਅਸੀਂ ਸਮਝੇ ਹੀ ਨਹੀਂ। ਖੱਚਰਾਂ ਮੇਰੀ ਬੋਲੀ ਤੇ ਲੱਗੀਆਂ ਹੋਈਆਂ ਹਨ। ਮੈਂ ਹੁਣੇ ਇਕੱਠੀਆਂ ਕਰ ਲਿਆਉਂਦਾ ਹਾਂ। ਜਦ ਪੁੱਛਿਆ ਉਹਨਾਂ ਤੋਂ ਥਾਂ ਟਿਕਾਣਾ ਤਾਂ ਕਹਿੰਦੇ ਸਨ ਕਿ ਬਾਬਾ ਜੀ ਜਾਣਦੇ ਹਨ।

ਸਾਰੇ ਸਿੰਘ– ਬਾਬਾ ਜ਼ੀ ! ਕੌਣ ਸੀ ਏਨਾ ਪਰਉਪਕਾਰੀ ਸਿੰਘ ! ਜੋ ਐਤਨੀਆਂ ਰਸਦਾਂ, ਆਹ ਥੋੜੇ ਦਿਨ ਦੀ ਗੱਲ ਹੈ ਕਿ ਅਸੀਂ ਕਹਿੰਦੇ ਸਾਂ ਲੰਗਰ ਇਕ ਵੇਲੇ ਕਰ ਦਿਓ। ਪਰ ਹੁਣ ਤਾਂ ਭਾਵੇਂ ਦਿਨੇ ਰਾਤ ਚਲਾਈ ਚਲੀਏ।

ਬਾਬਾ ਮਿੱਤ ਸਿੰਘ ਜੀ– ਕਿਸੇ ਮਸਤੀ ਵਿਚ ਅੱਧ ਨੈਣ ਮੁੰਧੇ ਜਿਵੇਂ ਕੋਈ 'ਇਸ਼ਟ' ਦਾ ਸ਼ੁਕਰਾਨਾ ਕਰ ਰਿਹਾ ਹੋਵੇ, ਹੱਥ ਜੋੜੀ, ਅਡੋਲ, ਚੁੱਪ, ਪਰ ਕੁਝ ਮੱਧਮ ਆਵਾਜ਼ ਵਿਚ ਅਰਦਾਸ 'ਸ਼ੁਕਰਾਨਾਂ' ਹੋ ਰਿਹਾ ਏ। ਸਾਰੇ ਚੁੱਪ ਖਲੋਤੇ, ਥੋੜੀ ਦੇਰ ਬਾਅਦ ਨੈਣ ਖੁਲ੍ਹੇ, ਨੇਤ੍ਰਾਂ ਵਿਚ ਕੋਈ ਅਜੀਬ ਮਸਤੀ, ਰੰਗਣ, ਚੇਹਰੇ ਦਾ ਸੁਹੱਪਣ ਝੱਲਿਆ ਨਾ ਜਾਵੇ।

ਸਹਿਜੇ ਹੀ ਬਾਬਾ ਮਿੱਤ ਸਿੰਘ ਜੀ ਨੇ ਕਿਹਾ ਹਾਂ ਗੁਰਮੁੱਖੋ ! ਉਹ 'ਬੇ - ਗ਼ਮ ਪੁਰੇ ਸ਼ਹਿਰ' ਦਾ ਵਾਸੀ ਸੀ। ਜਿਥੋਂ ਆਇਆ ਸੀ, ਉਹ ਉੱਧਰ ਚਲਾ ਗਿਆ ਹੈ। ਉਸ 'ਲਾ - ਮਕਾਨ' ਦਾ ਕਿਹੜਾ ਥਹੁ ਪਤਾ ਦੱਸਾਂ। ਉਹ ਤਾਂ ਅਨੁਭਵ ਹੀ ਹੁੰਦਾ ਹੈ।

ਕਹੁ ਕਬੀਰ ਗੁੰਗੈ ਗੁੜ ਖਾਇਆ ਪੂਛੈ ਤੇ ਕਿਆ ਕਹੀਐ ॥੪॥ [ਗਉੜੀ ਕਬੀਰ–੩੩੪

ਮੈਂ ਕੀ ਦੱਸਾਂ, ਮੈਨੂੰ ਤਾਂ ਆਪਣੇ ਆਪ ਦੀ ਵੀ ਸੋਝੀ ਨਹੀਂ ਹੈ ? ਮੈਂ ਪਰੀਤਮ ਦੇ ਚੋਜਾਂ ਦਾ ਕਿਵੇਂ ਵਰਨਣ ਕਰਾਂ ?

ਬਾਬਾ ਜੀ ਵਜਦ ਵਿਚ ਆ ਗਏ–'ਬੇਅੰਤ ਬੇਅੰਤ ਬੇਅੰਤ ਕਉ ਕਰੰਤ ਪਾਠ ਪੇਖੀਐ ॥' ਨੈਣ ਮੁੰਧ ਗਏ ਤੇ ਆਵਾਜ਼ ਆ ਰਹੀ ਸੀ–'ਜਿਹਵਾ ਏਕ ਕਵਨ ਗੁਨੁ ਕਹੀਐ ॥' ਹੇ ਮੇਰੇ ਮਾਲਕ ! ਤੂੰ ਬੇਅੰਤ ਗੁਣ ਵਾਲਾ ਹੈ, ਜਿਸ ਕਰ ਕੇ ਮੈਂ ਨਿਰਗੁਣ, ਅਪਰਾਧੀ, ਅਥਾਹ ਸਾਗਰ ਦਾ ਅੰਤ ਕਿਵੇਂ ਪਾ ਸਕਦਾ ਹਾਂ। ਕਿਉਂਕਿ ਆਪ ਤਾਂ– ਤੂੰ ਦਰੀਆਉ ਦਾਨਾ ਬੀਨਾ ਮੈ ਮਛਲੀ ਕੈਸੇ ਅੰਤੁ ਲਹਾ ॥

[ਸਿਰੀਰਾਗੁ ਮ: ੧, ਪੰਨਾ ੨੫

ਹੇ ਕਰਤਾਰ ! ਮੈਂ ਇਕ ਜੀਹਬਾ ਵਾਲਾ, ਤੇਰੀਆਂ ਬਖਸ਼ਿਸ਼ਾਂ ਰਹਿਮਤਾਂ ਦਾ ਕਿਵੇਂ ਵਰਨਣ ਕਰ ਸਕਦਾ ਹਾਂ। ਜਦ ਕਿ 'ਸ਼ੇਸ਼ਨਾਗ' ਜੋ ਹਜ਼ਾਰ ਮੂੰਹ ਵਾਲਾ ਹੈ, ਉਹ ਹਰ ਰੋਜ਼ ਹਜ਼ਾਰਾਂ ਨਿੱਤ ਨਵੇਂ ਨਾਮ ਉਚਾਰਨ ਕਰਦਾ ਹੈ, ਉਸ ਕੋਲੋਂ ਭੀ ਆਪ ਜੀ ਦਾ ਅੰਤ ਨਹੀਂ ਪੈ ਰਿਹਾ। ਮੈਂ ਕੀਟ ਆਪ ਜੀ ਦੀ ਕੀ ਸਿਫਤ ਸਲਾਹ ਕਰ ਸਕਦਾ ਹਾਂ।

ਸਿੰਘੋ ! ਜੋ ਸਮਰੱਥ ਸਤਿਗੁਰੂ ਜੀ, ਸਰਬ ਵਿਆਪੀ ਹਨ ਅਤੇ–

ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥੩੮੭॥ [ਚੌਪਈ ਪਾ:੧੦

ਸਰਬ ਕਲਾ ਸੰਪੂਰਨ ਹਨ, ਜਿਸ ਦਾ–

ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥ . . . . .੧ ॥ [ਜਾਪੁ, ਪਾ: ੧੦

ਭਲਾ ਮੈਂ ਅਲਪ ਬੁੱਧੀ ਵਾਲਾ ਕਿਵੇਂ ਦੱਸਾਂ ? ਕਿਸ ਥਾਵੇਂ ਦਾ ਰਹਿਣ ਵਾਲਾ ਸੀ, ਜਿਸ ਦੇ ਅਨੇਕਾਂ ਨਾਮ ਹਨ, ਕੇਹੜਾ ਉਸ ਦਾ ਨਾਮ ਕਹਾਂ ?

ਸੋ ਸਿੰਘੋ ! ਜਾਓ, ਸੇਵਾ ਕਰੋ, ਜਦੋਂ ਉਹ ਆਪ ਜਣਾਇਗਾ, ਜਾਣ ਲੈਣਾ। ਹੁਣ ਖੁਲ੍ਹੇ ਲੰਗਰ ਸਜਾਵੋ ਅਤੇ ਖੂਬ–

ਰਜਿ ਰਜਿ ਭੋਜਨ ਖਾਵਹੁ ਮੇਰੇ ਭਾਈ ॥ [ਬਿਲਾਵਲ ਮ: ੫–੮੦੭

ਗੁਰੂ ਸਵਾਰਿਓ ! ਸਤਿਗੁਰਾਂ–

ਅਖੁਟੁ ਖਜਾਨਾ ਸਤਿਗੁਰ ਦੀਆ ਤੋਟਿ ਨਹੀ ਰੇ ਮੂੜਾ ॥ [ਗਉੜੀ ਮ: ੫–੨੧੫

ਹੁਣ ਤੋਟ ਨਹੀਂ ਆਵੇਗੀ।

ਅਖੁੱਟ ਭੰਡਾਰੇ

ਮਾਲਕ ਦੀ ਅਜਿਹੀ ਬਖਸ਼ਸ਼ ਹੋਈ, ਕਿ ਫਿਰ ਲੰਗਰ ਦੀ ਰਸਦ ਦੀ ਕਦੀ ਤੋਟ ਹੀ ਨਹੀਂ ਆਈ।

ਭੰਡਾਰ ਦਰਬ ਅਰਬ ਖਰਬ ਪੇਖਿ ਲੀਲਾ ਮਨ ਸਧਾਰੇ ॥ [ਰਾਮਕਲੀ ਮ: ੫–੯੦੧

ਸਾਰੇ ਸਿੰਘ ਹੈਰਾਨ ਹੁੰਦੇ, ਜਦੋਂ ਇਹ ਵੇਖਦੇ ਕਿ ਜਿਤਨੀ (ਕੁਠਾਰ) ਵਿਚੋਂ ਰਸਦ ਕੱਢਦੇ, ਉਹ ਫਿਰ ਭਰੇ ਦਾ ਭਰਿਆ ਹੀ ਹੁੰਦਾ।

ਸਤਿਗੁਰਾਂ ਐਸੇ ਭੰਡਾਰ ਭਰ ਦਿਤੇ ਕਿ–

ਅਖੁਟ ਭੰਡਾਰ ਭਰੇ ਕਦੇ ਤੋਟਿ ਨ ਆਵੈ ਸਦਾ ਹਰਿ ਸੇਵਹੁ ਭਾਈ ॥ ੩ ॥

[ਪ੍ਰਭਾਤੀ ਮ: ੩, ਪੰਨਾ ੧੩੩੩

ਲਾਂਗਰੀ ਤੇ ਸੇਵਾਦਾਰ ਇਹ ਅਸਚਰਜ ਲੀਲਾ ਵੇਖ ਵੇਖ ਕੇ ਹੈਰਾਨ ਹੁੰਦੇ ਕਿ 'ਭੰਡਾਰ' ਉਸੇ ਤਰ੍ਹਾਂ

ਭਰੇ ਦੇ ਭਰੇ ਹੀ ਰਹਿੰਦੇ ਹਨ ਭਾਵੇਂ ਕਿਤਨੀ ਰਸਦ ਕੱਢ ਕੇ ਲੰਗਰ ਪਕਾਂਦੇ ਹਾਂ।

ਇਹ ਕੌਤਕ ਵੇਖ ਵੇਖ ਕੇ ਸਾਰੇ ਸਿੰਘ ਮਨ ਵਿਚ ਪਸਚਾਤਾਪ ਕਰਦੇ, ਅਤੇ ਆਪਣੀ ਗਲਤੀ ਦਾ ਮਨ ਵਿਚ ਅਹਿਸਾਸ ਕਰਦੇ ਕਿ ਅਸਾਂ ਬਾਬਾ ਜੀ ਨੂੰ ਕਿਉਂ ਇਹ ਆਖਿਆ ਕਿ ਲੰਗਰ ਇਕ ਵਕਤ ਹੀ ਸਜਾਇਆ ਜਾਵੇ। ਸਾਰੇ ਸਿੰਘ ਬਾਬਾ ਜੀ ਨੂੰ ਆਖਣ ਲਗੇ—

ਸਾਰੇ ਸਿੰਘ— ਬਾਬਾ ਜੀ ! ਸਾਨੂੰ (ਸਾਡੀ ਭੁੱਲ) ਮੁਆਫ ਕਰ ਦਿਓ। ਅਸੀਂ ਅਨਜਾਣ, ਬੇਸਮਝ ਹਾਂ, ਜੋ ਆਪ ਜੀ ਦੀ ਆਤਮਾ ਨੂੰ ਦੁੱਖ ਪੁੱਜਾ ਹੈ। ਆਪ ਜੀ ਨੇ ਜੋ ਮੰਦੀ ਪਾਸ ਲੰਗਰ ਦਿਨੇ ਰਾਤ ਚੱਲਦਾ ਰੱਖਣ ਨੌਕਰ ਰਹਿਣ ਲਈ ਫੁਰਮਾਇਆ ਸੀ। ਸਾਡੀ ਭੁੱਲ ਦੇ ਕਾਰਨ ਹੀ ਆਪ ਜੀ ਨੂੰ ਇਹ ਬਚਨ ਉਚਾਰਨੇ ਪਏ ਸਨ।

ਬਾਬਾ ਜੀ— ਸਿੰਘੋ ! ਮੈਂ ਭੀ ਆਪ ਦੇ ਬਰੋਬਰ ਹੀ ਹਾਂ, ਅਸੀਂ ਸਾਰੇ ਹੀ ਭੁੱਲਣਹਾਰ ਹਾਂ। ਚਲੋ ਮਾਤਾ ਜੀ ਦੇ ਅਸਥਾਨ ਤੇ ਭੁੱਲ ਬਖਸ਼ਾਈਏ।

ਇਉਂ ਸਾਰੇ ਸਿੰਘ ਅਤੇ ਬਾਬਾ ਜੀ ਕੜਾਹ ਪ੍ਰਸ਼ਾਦਿ ਦੀ ਦੇਗ ਸਜਾ ਕੇ ਹਜ਼ੂਰ ਦੀ ਹਾਜ਼ਰੀ ਵਿਚ ਭੁੱਲ ਦੀ ਮਾਫੀ ਦੀ ਅਰਦਾਸ ਕੀਤੀ ਅਤੇ ਕਿਹਾ ਕਿ ਜੋ ਜੀਵ ਵਾਹਿਗੁਰੂ ਤੇ ਪੂਰਨ ਭਰੋਸਾ ਯਕੀਨ, ਵਿਸ਼ਵਾਸ,ਦ੍ਰਿੜਤਾ ਨਾਲ ਜੇ ਉਹ ਗੁਰਬਾਣੀ ਦੇ ਬਚਨਾਂ ਦੀ ਪਾਲਣਾ ਕਰਦਾ ਹੈ, ਤਾਂ ਉਹ ਪਾਂਧੀ (ਮਾਰਗੀ) ਅਵੱਸ਼ਕ ਆਪਣੀ ਮੰਜ਼ਲ ਤੇ ਪਹੁੰਚ ਜਾਂਦਾ ਅਤੇ ਉਸ ਦੇ ਜੀਵਨ ਵਿਚ ਇਕ ਭਾਰੀ ਤਬਦੀਲੀ ਆ ਜਾਂਦੀ ਹੈ ਤੇ ਉਹ ਮਨ ਨਾਲ ਪ੍ਰਪੱਕਤਾ ਕਰ ਲੈਂਦਾ ਹੈ ਕਿ—

ਅਵਰਿ ਕਾਜ ਤੇਰੈ ਕਿਤੇ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮੁ ॥ ੧ ॥

[ਆਸਾ ਮ: ੫, ਪੰਨਾ ੧੨

ਮਾਇਕ ਕਾਰਜਾਂ ਨੂੰ ਮਿਥਿਆ ਜਾਣ ਕੇ, ਸਦਾ ਤਿਆਗ ਕੇ, ਸਾਧ ਸੰਗਤਿ ਦੁਆਰਾ, ਕੇਵਲ ਨਾਮ ਸਿਮਰਨ ਦੀ ਅਮੁੱਲੀ ਵਸਤੂ ਪ੍ਰਾਪਤ ਕਰ ਕੇ ਅਤੇ ਸਵਾਸ ਸਵਾਸ 'ਵਾਹਿਗੁਰੂ' ਗੁਰ ਮੰਤਰ ਜਪ ਕੇ ਪ੍ਰਭੂ ਦੇ ਮਿਲਾਪ ਤੱਕ ਪਹੁੰਚ ਜਾਂਦਾ ਹੈ।

ਸੋ ਅਸੀਂ ਸਾਰੇ ਯਤਨ ਕਰੀਏ ਜੋ ਵਾਹਿਗੁਰੂ ਤੇ ਦ੍ਰਿੜ੍ਹ ਵਿਸ਼ਵਾਸ ਕਰ ਕੇ, ਉਸ ਦਾ ਸਿਮਰਨ ਕਰ ਕੇ ਇਸ ਜੀਵਨ ਦਾ ਲਾਹਾ ਖੱਟੀਏ।

ਇਕ ਮਰਹੱਟੇ ਨੇ ਜ਼ਮੀਨ ਦੇਣੀ

ਸ਼ਿਕਾਰ ਘਾਟ (ਸੱਚਖੰਡ) ਤੋਂ ਕੁਝ ਅੱਗੇ ਨਦੀ ਕਿਨਾਰੇ ਇਕ ਪਿੰਡ ਦਾ ਮਰਹੱਟਾ, ਜਿਸ ਦੀ ਕੋਈ ਔਲਾਦ ਨਹੀਂ ਸੀ, ਉਸ ਨੇ ਆਪਣੇ ਬੁਢੇਪੇ ਦੇ ਦਿਨ ਕੱਟਣ ਲਈ, ਸਾਰੀ ਜ਼ਮੀਨ ਆਪਣੇ ਭਤੀਜਿਆਂ ਦੇ ਨਾਮ ਲੁਵਾ ਦਿਤੀ।

ਪਰ ਕੋਈ ਵਿਰਲਾ ਹੀ ਆਪਣੇ ਧਰਮ ਦੀ ਪਾਲਣਾ ਕਰਦਾ ਹੈ। ਬਿਨਾ ਯਤਨ ਕੀਤੇ ਜ਼ਮੀਨ ਦਾ ਮਿਲ ਜਾਣਾ ਜਾਂ (ਕਿਸੇ ਦੀ ਧਨ ਦੌਲਤ ਮਿਲ ਜਾਵੇ) ਤਾਂ ਇਨਸਾਨ ਵਿਚ ਇਕ ਐਸੀ 'ਹਉ' ਦੀ ਬੀਮਾਰੀ ਪੈਦਾ ਹੋ ਜਾਂਦੀ ਹੈ। ਬੰਦਾ ਜਲਦੀ ਹੀ ਪਿਛੋਕੜ ਨੂੰ ਭੁੱਲ ਜਾਂਦਾ ਹੈ। ਜ਼ਰਾ ਵਡਿਆਈ ਮਿਲੀ ਤਾਂ ਉਹ

ਵਡਿਆਈ ਦੁਆਉਣ ਵਾਲੇ ਨੂੰ ਭੁਲਾ ਦੇਂਦਾ ਹੈ। ਕੁਰਸੀ ਮਿਲੀ ਵੋਟਰ ਵਿਸਰ ਗਏ। ਇਸੇ ਤਰ੍ਹਾਂ ਅਸੀਂ ਦੇਣਹਾਰ ਮਾਲਕ, ਵਾਹਿਗੁਰੂ ਨੂੰ ਭੁੱਲ ਕੇ ਦਾਤੇ ਮਾਲਕ ਆਪ ਬਣ ਬੈਠਦੇ ਹਾਂ।

ਦਾਤਿ ਪਿਆਰੀ ਵਿਸਰਿਆ ਦਾਤਾਰਾ ਜਾਣੈ ਨਾਹੀ ਮਰਣ ਵਿਚਾਰਾ ॥ ੨ ॥

ਦਾਤ ਪਿਆਰੀ ਹੋ ਜਾਂਦੀ ਹੈ। [ਧਨਾਸਰੀ ਮ: ੫, ਪੰਨਾ ੬੭੬

(ਪੁੱਤਰ ਧੀਆਂ,ਧੰਨ ਦੌਲਤ,ਇੱਜ਼ਤ ਮਾਨ ਸੁੱਖ) ਇਹ ਸਭ ਪ੍ਰਭੂ ਦੀ ਦੇਣ ਹਨ।ਪਰ ਅਸੀਂ ਸਭ ਆਪਣੇ ਸਮਝ ਕੇ ਦੁੱਖਾਂ ਦੀ 'ਖਾਣ' ਵਿਚ ਫੱਸ ਕੇ ਜਨਮ ਗੰਵਾ ਕੇ, ਚੌਰਾਸੀ ਲੱਖ ਜੂਨਾਂ ਦੇ ਭਾਗੀ ਬਣ ਜਾਂਦੇ ਹਾਂ ਸੁੱਰਗਾਂ ਪੂਤੀ ਜੂਨਾਂ ਭੋਗਦੇ ਹਾਂ।

ਪਰ ਜੇ, ਧਨ ਦੌਲਤ ਇਜ਼ਤ ਮਾਨ, ਵਡਿਆਈ, ਧੀਆਂ, ਪੁੱਤ੍ਰ, ਸੁੱਖ ਸ਼ਾਂਤੀ, ਹਰ ਤਰ੍ਹਾਂ ਦੇ ਐਸ਼-ਵਰਜ ਮਿਲ ਜਾਣ ਤੇ, ਇਹ ਸਭ ਕੁਝ ਹੇ ਪ੍ਰਭੂ ਤੇਰਾ—

ਜਿਸ ਕਾ ਦੀਆ ਪੈਨੈ ਖਾਇ ॥ ਤਿਸੁ ਸਿਉ ਆਲਸੁ ਕਿਉ ਬਨੈ ਮਾਇ ॥ ੧ ॥

[ਗਉੜੀ ਮ: ੫, ਪੰਨਾ ੧੯੫

ਦਿਤਾ ਹੀ ਹੈ। ਅੱਖ, ਨੱਕ, ਕੰਨ, ਸਰੀਰ ਸਾਰਾ ਪ੍ਰਭੂ ਦੀ ਦੇਣ ਸਮਝੇ ਤਾਂ ਮੋਹ, ਮਮਤਾ, ਹਾਣ, ਲਾਭ ਕਦੀ ਦੁੱਖ ਨਹੀਂ ਦੇ ਸਕਦੇ।

ਜਦ ਇਹਨਾਂ ਭਤੀਜਿਆਂ ਨੂੰ ਬਿਨਾਂ ਮੰਗੇ ਜ਼ਮੀਨ ਮਿਲ ਗਈ, ਤਾਂ ਉਹ ਅੱਖਾਂ ਹੀ ਵੱਟਾ ਗਏ। (ਜਿਵੇਂ ਜੀਵ ਪ੍ਰਭੂ ਤੋਂ ਬੇਮੁਖ ਹੋ ਕੇ ਇਕ ਘੜੀ ਵੀ ਸਿਮਰਨ ਨਹੀਂ ਕਰਦਾ) ਤੇ ਲੱਗੇ ਮਰਹੱਟੇ ਤਾਏ ਚਾਚੇ) ਨਾਲ ਦੇ ਚਾਰ ਹੋਣ, ਪਰ ਇਕ ਭਤੀਜਾ ਕੁਝ ਮਾੜਾ ਮੋਟਾ ਇਸ ਮਰਹੱਟੇ ਦਾ ਹੁੰਗਾਰਾ ਭਰਦਾ, ਪਰ ਉਹ ਭੀ ਨਾਮ ਮਾਤਰ। ਕਈ ਵਾਰੀ ਉਹ ਖਰਚ ਤੋਂ ਤੰਗ ਆ ਜਾਂਦਾ ਤੇ ਉਹਨਾਂ ਵਿਚ ਮੈਂ ਮੈਂ ਤੂੰ ਤੂੰ ਹੋ ਜਾਂਦੀ। ਆਖਰ ਇਹ ਮਰਹੱਟਾ ਤੰਗ ਆ ਗਿਆ।

ਉਸ ਮਰਹੱਟੇ ਨੇ ਸਿਆਣਿਆਂ ਨੂੰ ਪੁੱਛਿਆ ਕਿ ਮੈਂ ਕੀ ਕਰਾਂ ? ਮੈਂ ਤਾਂ ਰੋਟੀ, ਕੱਪੜੇ ਤੇ ਜੁੱਤੀ ਤੋਂ ਤੰਗ ਆ ਗਿਆ ਹਾਂ। ਮੈਂ ਤਾਂ ਖਾਹ ਮਖਾਹ ਪੁਆੜਾ ਹੀ ਸਹੇੜ ਲਿਆ ਏ। ਸਲਾਹਕਾਰਾ ਨੇ ਕਿਹਾ ਕਿ ਜਿਹੜਾ ਭਤੀਜਾ ਤੇਰੀ ਸੇਵਾ ਕਰਦਾ ਹੈ, ਤੂੰ ਉਸ ਨੂੰ ਜ਼ਮੀਨ ਦੇ ਦੇਹ, ਅਤੇ ਦੂਜਿਆਂ ਦੇ ਨਾਮ ਤੋਂ ਜ਼ਮੀਨ ਤੁੜਵਾ ਦੇਹ :

ਜੋ ਭਤੀਜਾ ਉਸ ਮਰਹੱਟੇ ਦੀ ਸੇਵਾ ਕਰਦਾ ਸੀ, ਉਸ ਨੇ ਉਸੇ ਭਤੀਜੇ ਦੇ ਨਾਮ ਜਮੀਨ ਕਰਵਾ ਦਿਤੀ। ਪਰ ਕੁਝ ਹੀ ਦਿਨਾਂ ਬਾਅਦ ਉਸ ਭਤੀਜੇ ਦੀਆਂ ਭੀ ਅੱਖਾਂ ਫਿਰ ਗਈਆਂ। ਮਰਹੱਟਾ ਫਿਰ ਰੋਟੀ ਤੋਂ ਤੰਗ ਹੋਣ ਲੱਗਾ। ਪੁੱਛਦਿਆਂ ਪੁੱਛਦਿਆਂ ਦੱਸ ਪਈ ਕਿ ਮਾਤਾ ਦੇ ਗੁਰਦੁਆਰੇ ਦਿਨ ਰਾਤ ਲੰਗਰ ਚਲਦਾ ਹੈ। ਨਾਲੇ ਲੋੜ ਜ਼ਮੀਨ ਭੀ ਦੇਈ ਜਾਂਦੇ ਹਨ, ਤੂੰ ਭੀ ਆਪਣੀ ਜ਼ਮੀਨ ਉਥੇ ਦੇ ਦੇ। ਨਾਲੇ ਬਾਬਾ ਜੀ ਬੜੇ ਦਿਆਲੂ ਹਨ। ਉਹ ਜ਼ਾਤ ਪਾਤ ਦੇ ਝਗੜਿਆਂ ਵਿਚ ਨਹੀਂ ਆਉਂਦੇ। ਸਭ ਨੂੰ ਇਕ ਨਜ਼ਰ ਨਾਲ ਵੇਖਦੇ ਹਨ। 'ਨਾਲੇ ਪੁੰਨ ਨਾਲੇ ਫਲੀਆਂ' ਨਾਲੇ ਤੇਰਾ ਦਾਨ ਸਫਲ ਹੋ ਜਾਵੇਗਾ ਅਤੇ ਤੂੰ ਸੁੱਖ ਦੀ ਜ਼ਿੰਦਗੀ ਬਤੀਤ ਕਰੇਂਗਾ। ਕਿਉਂ ਮੋਹ ਮੱਮਤਾ ਦੇ ਚੱਕਰ ਵਿਚ ਫੱਸਦਾ ਹੈਂ। ਇਹਨਾਂ ਤੇਰੇ ਨਾਮ ਦਾ ਮਲੀਆਮੇਟ

ਕਰ ਦੇਣਾ, ਉਥੇ ਹਮੇਸ਼ਾ ਤੇਰਾ ਨਾਮ ਰਹੇਗਾ। ਤੇ ਸਦਾ ਪੁੰਨ ਬੀਜਿਆ ਜਾਇਆ ਕਰੇਗਾ, ਜਿਸ ਦੀ ਤੋਟ ਨਹੀਂ ਆਵੇਗੀ।

ਮਰਹੱਟਾ– ਅੱਛਾ ਇਹ ਗੱਲ ਹੈ ਤਾਂ ਮੈਂ ਅੱਜ ਹੀ ਬਾਬਾ ਜੀ ਪਾਸ ਜਾ ਕੇ ਅਰਜ਼ ਕਰਦਾ ਹਾਂ। ਉਸ ਮਰਹੱਟੇ ਨੇ ਬਾਬਾ ਜੀ ਨੂੰ ਆ ਕੇ ਸਾਰੀ ਵਿਥਿਆ ਕਹਿ ਸੁਣਾਈ ਤੇ ਕਿਹਾ ਬਾਬਾ ਜੀ! ਮੇਰੀ ਜ਼ਮੀਨ ਮਾਤਾ ਜੀ ਦੇ ਅਸਥਾਨ ਦੇ ਨਾਮ ਲੁਆ ਲਵੋ। ਮੈਨੂੰ ਤੁਸੀਂ ਰੋਟੀ ਕਪੜਾ ਦੇਈ ਜਾਣਾ। ਮੇਰੇ ਭਤੀਜੇ ਮੈਨੂੰ ਤੰਗ ਕਰਦੇ ਹਨ।

ਬਾਬਾ ਜੀ– ਭਲੇ ਪੁਰਸ਼! ਅਸੀਂ ਨਾ ਕਿਸੇ ਦਾ ਹੱਕ ਛੀਨਣਾ ਚਾਹੁੰਦੇ ਹਾਂ ਤੇ ਨਾ ਹੀ ਸਾਨੂੰ ਅਜਿਹੀ ਜ਼ਮੀਨ ਦੀ ਲੋੜ ਹੈ। ਜਦ ਤੇਰੇ ਭਤੀਜੇ ਹਨ, ਦੇ ਦੇ ਜ਼ਮੀਨ ਉਹਨਾਂ ਨੂੰ। ਅਸੀਂ ਕਿਉਂ ਪਰਾਈ ਅਮਾਨਤ ਲਈਏ। ਇਹ ਜਿਥੇ ਕਿਧਰੇ ਵੀ ਹੋਰ ਤੇਰਾ ਮਨ ਚਾਹੇ, ਤੂੰ ਦੇ ਦੇਹ, ਪਰ ਅਸਾਂ ਇਹ ਜ਼ਮੀਨ ਨਹੀਂ ਲੈਣੀ।

ਮਰਹੱਟਾ– ਬਾਬਾ ਜੀ! ਮੈਂ ਆਜਜ਼ ਸ਼ਰਣ ਆਇਆ ਹਾਂ। ਮੈਂ ਸਭ ਕੁਝ ਵੇਖ ਕੇ ਹੀ ਆਪ ਜੀ ਨੂੰ ਬੇਨਤੀ ਕੀਤੀ ਹੈ। ਮੇਰਾ ਦਾਨ ਹੀ ਕਬੂਲ ਕਰ ਲਵੋ। ਮੇਰੇ ਤੋਂ ਬਾਅਦ ਨਾ ਜਾਣੇ, ਉਹ ਮੇਰਾ ਨਾਮ ਭੀ ਨਾ ਰਹਿਣ ਦੇਣ, ਜੋ ਹੁਣ (ਜਾਇਦਾਦ ਹੁੰਦਿਆਂ ਭੀ) ਮੇਰੀਆਂ ਲੋੜਾਂ ਪੂਰੀਆਂ ਨਹੀਂ ਕਰ ਰਹੇ, ਮੇਰੇ ਨਾਲ ਵਿਗੜ ਖਲੋਤੇ ਹਨ।

ਬਾਬਾ ਜੀ– ਦਯਾਵਾਨ ਹੋ ਕੇ ਸੋਚਣ ਲੱਗੇ ਕਿ ਇਕ ਆਜਜ਼ ਰੋਟੀ ਕਪੜੇ ਲਈ (ਜਾਇਦਾਦ ਦੇ ਹੁੰਦਿਆਂ ਭੀ ਰੁੱਲਦਾ ਭਟਕਦਾ ਹੈ) ਤੰਗ ਹੋਵੇ, ਹੱਡਾ! ਤੂੰ ਸਾਡੇ ਕੋਲ ਰਹੁ। ਰੋਟੀ ਕੱਪੜਾ ਤੈਨੂੰ ਗੁਰੂ ਘਰੋਂ ਸਾਰੀ ਉਮਰ ਮਿਲਦਾ ਰਵੇਗਾ। ਜ਼ਮੀਨ ਜਿਥੇ ਜੀ ਕਰੇ ਦੇ ਦਿਓ, ਅਸਾਂ ਨਹੀਂ ਲੈਣੀ।

ਮਰਹੱਟਾ– ਬਾਬਾ ਜੀ ਦੀ ਉਦਾਰਤਾ ਤੇ ਨਿਰਲੋਭ ਸੇਵਾ ਸਾਰੀ ਉਮਰ ਦਾ ਸਹਾਰਾ ਦੇ ਕੇ ਮੈਨੂੰ ਕਿੰਨੀ ਢਾਰਸ ਦਿਤੀ ਨੇ, ਜ਼ਮੀਨ ਦਾ ਲਾਲਚ ਨਹੀਂ ਕਰਦੇ। ਇਥੇ ਹੀ ਮੇਰੀ ਜ਼ਿੰਦਗੀ ਦੇ ਚਾਰ ਦਿਨ ਸੁੱਖ ਨਾਲ ਕੱਟ ਸਕਦੇ ਹਨ। ਕਿਉਂ ਨਾ ਜ਼ਮੀਨ ਭੀ ਇਥੇ ਹੀ ਦੇ ਦਿਆਂ। ਮਨ ਹੀ ਮਨ ਵਿਚ ਸੋਚਾਂ ਕਰਦਾ ਆਖਰ ਕਹਿਣ ਲੱਗਾ–

ਬਾਬਾ ਜੀ! ਮੈਂ ਗਰੀਬ ਤੇ ਤਰਸ ਕਰੋ। ਮੈਂ ਨਹੀਂ ਚਾਹੁੰਦਾ ਕਿ ਜ਼ਮੀਨ ਕਿਧਰੇ ਹੋਰਵੇਂ ਦੇਵਾਂ। ਤੇ ਰੋਟੀ ਕੱਪੜੇ ਦਾ ਬੋਝ ਗੁਰੂ ਘਰ ਤੇ ਪਾਵਾਂ। ਜੇ ਮੈਂ ਕੁਝ ਦੇ ਨਹੀਂ ਸਕਦਾ ਤਾਂ ਮੈਨੂੰ ਬਿਨਾਂ ਭੇਟਾ ਦੇ ਲੈਣ ਦਾ ਭੀ ਕੀ ਹੱਕ ਹੈ। ਹਾਂ ਜੇ ਤੁਸਾਂ ਰੋਟੀ ਕਪੜੇ ਦਾ ਬਚਨ ਦਿਤਾ ਜੇ। ਮੈਨੂੰ ਉਸਤੇ ਪੂਰਨ ਯਕੀਨ ਭਰੋਸਾ ਆ ਗਿਆ ਏ। ਤੇ ਮੈਂ ਹੁਣ ਕਿੱਧਰੇ ਭੀ ਜਾਣਾ ਨਹੀਂ। ਜਦ ਮੇਰਾ ਸਰੀਰ ਇਥੇ ਰਹਿ ਸਕਦਾ ਹੈ ਤਾਂ ਮੇਰੀ ਸੰਪਤੀ (ਜ਼ਮੀਨ) ਦੀ ਆਮਦਨ ਭੀ ਇਥੇ ਹੀ ਆਵੇਗੀ। ਕਰੋ ਕਿਰਪਾ ਤੇ ਮਾਤਾ ਜੀ ਦੇ ਨਾਮ ਮੇਰੀ ਸੰਪਤੀ (ਜਾਇਦਾਦ – ਜ਼ਮੀਨ) ਲੁਆ ਲਵੋ।

ਬਾਬਾ ਜੀ– ਹਾਂ ਭਾਈ, ਤੂੰ ਬੇਸ਼ਕ ਰਹੁ ਇਥੇ ਸਾਰੀ ਉਮਰ, ਪਰ ਜ਼ਮੀਨ ਜੇ ਤੂੰ ਜ਼ਰੂਰ ਹੀ ਦੇਣੀ ਚਾਹੁੰਦਾ ਹੈਂ ਤਾਂ ਜਾਹ, ਸੱਚਖੰਡ ਤਖਤ ਦੇ ਸਰਬਰਾਹ ਤੇ ਪੁਜਾਰੀ ਸਿੰਘ ਨੂੰ ਮਿਲ ਕੇ ਤਖਤ ਦੇ ਨਾਮ ਜ਼ਮੀਨ

ਲੁਆ ਦੇ। ਰਹੁ ਭਾਵੇਂ ਸਦਾ ਸਾਡੇ ਪਾਸ ਹੀ। ਅਸੀਂ ਜੋ ਬਚਨ ਦੇ ਚੁਕੇ ਹਾਂ, ਉਸ ਤੋਂ ਪਿਛਾਂਹ ਨਹੀਂ ਹੱਟਦੇ। ਇਹ ਤਾਂ ਨਿਥਾਵਿਆਂ ਦਾ ਥਾਂ ਤੇ ਨਿਆਸਰਿਆਂ ਦਾ ਆਸਰਾ ਜਗਤ ਮਾਤਾ ਦਾ ਸਾਰਿਆਂ ਦਾ ਸਾਂਝਾ ਅਸਥਾਨ ਹੈ।

ਮਰਹੱਟਾ ਦੂਸਰੇ ਦਿਨ ਸੱਚਖੰਡ ਗਿਆ। ਸਰਬਰਾਹ ਅਤੇ ਹੋਰ ਮੁਖੀਆਂ ਨੇ ਉਸ ਦੀ ਗੱਲ ਹੀ ਨਾ ਗੌਲੀ, ਸਗੋਂ ਟਿੱਕਚਰਾਂ ਕਰ ਕੇ ਉਸ ਦਾ ਮਨ ਹੀ ਖੱਟਾ ਕਰ ਦਿਤਾ। ਉਹ ਮਰਹੱਟਾ ਇਕ ਪਾਸੇ ਬਾਬਾ ਜੀ ਦਾ ਪਿਆਰ ਤੇ ਉਧਰ ਦੂਜੇ ਪਾਸੇ ਸਚਖੰਡ ਦੇ ਪ੍ਰਬੰਧਕਾਂ ਦੇ ਵਤੀਰੇ ਨੂੰ ਮਨ ਦੇ ਤਰਾਜ਼ੂ ਵਿਚ ਤੋਲਦਾ। ਇਹ ਕੁਝ ਸੋਚਦਾ ਹੋਇਆ ਸ਼ਾਮ ਨੂੰ ਮੁੜ ਮਾਤਾ ਜੀ ਦੇ ਅਸਥਾਨ ਤੇ ਆ ਗਿਆ। ਬਾਬਾ ਜੀ ਨੂੰ ਆ ਕੇ ਸਾਰੀ ਰਾਮ ਕਹਾਣੀ ਦੱਸੀ ਅਤੇ ਸੱਚਖੰਡ ਤਖਤ ਦੇ ਮੁੱਖੀਆਂ ਦਾ ਭੈੜਾ ਵਤੀਰਾ ਬਾਬਾ ਜੀ ਨੂੰ ਸੁਣਾਇਆ।

ਬਾਬਾ ਮਿੱਤ ਸਿੰਘ ਜੀ ਉਸ ਦੇ ਨੇਤ੍ਰਾਂ ਵਿਚੋਂ ਹੰਝੂ, ਤੇ ਬੇਬੱਸੀ ਦੀ ਹਾਲਤ ਨੂੰ ਸੁਣ ਕੇ ਦਰੱਵ ਗਏ। ਉਹਨਾਂ ਨੇ ਮਿਹਰ ਵਿਚ ਆ ਕੇ ਕਿਹਾ–ਭਲੇ ਲੋਕ ਘਬਰਾਈਦਾ ਨਹੀਂ। ਜ਼ਿੰਦਗੀ ਵਿਚ ਬੜੀਆਂ ਔਕੜਾਂ ਆਉਂਦੀਆਂ ਹਨ। ਦੁੱਖੜੇ ਝੱਲਣੇ ਪੈਂਦੇ ਹਨ। ਉਹ ਭੀ ਤਾਂ ਹੈਣ, ਜਿਹਨਾਂ ਪਾਸ ਕੋਈ ਸਹਾਰਾ ਨਹੀਂ ਹੁੰਦਾ, ਪਰ ਉਹਨਾਂ ਦਾ ਭੀ ਪਰਮੇਸ਼ਰ ਰੱਖਵਾਲਾ ਹੁੰਦਾ ਹੈ। ਤੇਰੇ ਪਾਸ ਜ਼ਮੀਨ ਹੈ, ਜਾਇਦਾਦ ਹੈ, ਮਕਾਨ ਹੈ ਫਿਰ ਉਦਾਸੀ ਕਿਉਂ।

ਤੁਹਾਨੂੰ ਇਸ ਤਰ੍ਹਾਂ ਉਦਾਸ ਨਹੀਂ ਹੋਣਾ ਚਾਹੀਦਾ। ਦੇ ਦਿਓ ਜਾਇਦਾਦ ਜਿਸ ਦਾ ਤੁਹਾਡੇ ਮਨ ਤੇ ਬੋਝ ਪਹਾੜ ਜਿੰਨਾ ਬਣ ਕੇ ਦੁੱਖੀ ਕਰ ਰਿਹਾ ਹੈ। ਗੁਰੂ ਕਾ ਲੰਗਰ ਜਿਥੇ ਹੋਰ ਛੱਕਦੇ ਹਨ, ਤੁਸੀਂ ਭੀ ਛੱਕੀ ਚਲੋ। ਇਥੇ ਕੇਹੜੀ ਤੁਹਾਡੇ ਨਾਲ ਥੁੜ ਆ ਚਲੀ ਏ।

ਮਰਹੱਟਾ– ਨਹੀਂ ਬਾਬਾ ਜੀ! ਮੈਂ ਪੱਕੀ ਧਾਰ ਲਈ ਹੈ ਜਦ ਤੱਕ ਜਮੀਨ ਮਾਤਾ ਜੀ ਦੇ ਦਰਬਾਰ ਦੇ ਨਾਮ ਨਹੀਂ ਲੱਗਦੀ, ਮੈਂ ਇਥੇ ਬੈਠਾ ਪਰਾਣ ਤਿਆਗ ਦਿਆਂਗਾ, ਅਤੇ ਅੰਨ - ਪਾਣੀ ਤਦੋਂ ਤੱਕ ਨਹੀਂ ਛੱਕਾਂਗਾ।

ਬਾਬਾ ਮਿੱਤ ਸਿੰਘ ਜੀ ਉਸ ਦਾ ਅਜਿਹਾ ਪਰੇਮ, ਸਿਰੜ, ਸ਼ਰਧਾ ਵੇਖ ਕੇ ਕਹਿਣ ਲੱਗੇ– ਭਲੇ ਪੁਰਸ਼! ਅਜਿਹਾ ਕਰਨਾ ਮਹਾਨ ਪਾਪ ਹੈ। ਇਥੇ ਆਤਿਆਂ ਨੂੰ ਅਸਾਂ ਪਾਪ ਕਰਨ ਦੇ ਰਸਤੇ ਨਹੀਂ ਤੋਰਨਾ, ਸਗੋਂ ਸੱਚ ਦੇ ਮਾਰਗ ਵਲ ਪ੍ਰੇਰਣਾ ਹੈ। ਜੇ ਤੁਹਾਡੀ ਅਜਿਹੀ ਅਭਿਲਾਖਾ ਤਾਂ ਤੁਸੀਂ ਲੰਗਰ ਛੱਕੋ, ਅਸੀਂ ਸਾਰਾ ਬੰਦੋਬਸਤ ਕਰ ਦੇਂਦੇ ਹਾਂ।

ਇਧਰ ਬਾਬਾ ਜੀ ਨੇ ਮਰਹੱਟੇ ਨੂੰ ਬੜੇ ਪ੍ਰੇਮ ਨਾਲ ਲੰਗਰ ਛੱਕਾਇਆ। ਬਸ ਲੰਗਰ ਐਸਾ ਸਵਾਦਿ- ਸ਼ਟ ਭੋਜਨ ਛੱਕ ਕੇ ਉਹ ਤਾਂ ਬਿਲਕੁਲ ਹੀ ਲਟਬੌਰਾ ਹੋ ਗਿਆ ਅਤੇ ਮਾਤਾ ਜੀ ਦੇ ਅਸਥਾਨ ਦਾ ਪਰੇਮੀ ਬਣ ਗਿਆ।

ਉਧਰ ਬਾਬਾ ਮਿੱਤ ਸਿੰਘ ਜੀ ਨੇ ਬਾਬਾ ਧਰਮ ਸਿੰਘ ਜੀ ਨੂੰ ਬੁਲਵਾ ਕੇ ਕਿਹਾ ਕਿ ਹਲ ਤੇ ਸਿੰਘ ਲੈ ਜਾਓ ਨਾਲੇ ਰਸਦ ਬਸਤ ਭੀ ਲੈ ਜਾਓ। ਰਾਤ ਉਥੇ ਹੀ ਲੰਗਰ ਪਾਣੀ ਪਕਾਓ। ਇਸ ਪ੍ਰੇਮੀ ਮਰਹੱਟੇ ਦੇ ਨਾਲ ਜਾ ਕੇ ਇਸ ਦੀ ਜਮੀਨ ਵਾਹ ਕੇ, ਬੀਜ ਕੇ ਆਵੋ। ਉਹ ਜ਼ਮੀਨ ਮਾਤਾ ਜੀ ਦੀ ਹੈ। ਮਤਾਂ ਇਹ

ਖਿਆਲ ਕਰਨਾ ਕਿ ਹੁਣ ਇਸ ਮਰਹੱਟੇ ਦੀ ਮਦਦ ਕਰਨ ਤੇ ਭੇਜਣ ਲੱਗੇ ਹਨ, ਇਹ ਸਮਝ ਕੇ ਕਿਧਰੇ ਇਨਕਾਰ ਕਰ ਦਿਓ।

ਬਾਬਾ ਧਰਮ ਸਿੰਘ ਜੀ ਤੇ ਅੱਠ - ਦੱਸ ਸਿੰਘ ਤਿਆਰ - ਬਰ - ਤਿਆਰ, ਸ਼ਸਤ੍ਰ ਬਸਤ੍ਰ ਨਾਲ ਲੈਸ ਰੱਸਦਾਂ ਰੇਹੜੇ ਤੇ ਰੱਖਕੇ ਅਤੇ ਉੱਪਰ ਹੱਲ ਰੱਖ ਕੇ, ਬੱਲਦਾਂ ਦੀਆਂ ਜੋੜੀਆਂ ਮਰਹੱਟੇ ਨਾਲ ਤੋਰ ਦਿਤੀਆਂ ਅਤੇ ਸਿੰਘਾਂ ਨੇ ਮਰਹੱਟੇ ਦੀ ਜ਼ਮੀਨ ਵਿਚ ਜਾ ਡੇਰੇ ਲਾਏ। ਲੋਕ ਹੱਕੇ ਬੱਕੇ ਰਹਿ ਗਏ। ਇਸ ਮਰਹੱਟੇ ਦੇ ਭਤੀਜੇ ਲੱਗੇ ਦੌੜਨ ਭੱਜਣ। ਬਾਬਾ ਜੀ ਅਸੀਂ ਸੇਵਾ ਕਰਾਂਗੇ, ਸਾਥੋਂ ਲਿੱਖਵਾ ਲਓ।

ਬਾਬਾ ਧਰਮ ਸਿੰਘ ਜੀ ਨੇ ਕਿਹਾ ਭਾਈ ! ਅਸੀਂ ਤਾਂ ਭੇਜੇ ਆਏ ਹਾਂ। ਤੁਸੀਂ ਆਪਣੇ ਚਾਚੇ ਤਾਏ ਨੂੰ ਮੰਨਾ ਲਓ। ਜੇ ਉਹ ਮੰਨਦਾ ਹੈ ਤਾਂ ਅਸੀਂ ਕਿਸੇ ਦਾ ਹੱਕ ਨਹੀਂ ਛੀਨਣਾ ਚਾਹੁੰਦੇ, ਪਰ ਕਿਸੇ ਗਰੀਬ ਅਨਾਥ ਦੀ ਮਦਦ ਕਰਨ ਤੋਂ ਭੀ ਅਸੀਂ ਨਹੀਂ ਸੰਕੋਚਦੇ, ਜੋ ਸਾਡੇ ਧਰਮ ਦਾ ਅਸਲ ਅਸੂਲ ਹੈ।

ਤੁਸਾਂ ਇਸ ਨੂੰ ਲੱਤ ਮਾਰ ਕੇ ਜਾਇਦਾਦ ਸਾਂਭ ਲਈ ਹੈ। ਵਿਚਾਰਾ ਰੋਟੀ ਤੋਂ ਭੀ ਤੁਸਾਂ ਆਤੁਰ ਕਰ ਦਿਤਾ ਹੈ। ਜੇ ਸਮਝ ਵਾਲੇ ਤੁਸੀਂ ਹੁੰਦੇ ਤਾਂ ਏਦਾਂ ਨਾ ਕਰਦੇ। ਇਹ ਤਾਂ ਇਕ ਤੁਹਾਨੂੰ ਆਪਣੀ ਜਾਇਦਾਦ ਦੇਵੇ ਤੇ ਦੂਜਾ ਤੁਸੀਂ ਉਸ ਨੂੰ ਰੋਟੀ ਭੀ ਨਾ ਦੇ ਸਕੋ। ਇਹ ਭੀ ਤਾਂ ਫੈਮਲੀ (ਖਾਨਦਾਨੀ) ਤੁਹਾਡੀ ਦੀ ਹੀ ਮੈਂਬਰ ਹੈ।

ਮਰਹੱਟਾ– ਬਾਬਾ ਜੀ ਜਾਣ ਦਿਓ। ਬੱਸ ਮੇਰਾ ਹੁਣ ਸਿਵਾਏ ਮਾਤਾ ਜੀ ਦੇ ਅਸਥਾਨ ਤੋਂ ਇਸ ਕੋਈ ਸਾਕ - ਸੈਣ ਰਿਸ਼ਤੇਦਾਰ ਭਾਈ ਸਬੰਧੀ ਨਹੀਂ ਰਿਹਾ। ਮੇਰੇ ਸਭ ਕੁਝ ਤੁਸੀਂ ਹੋ? ਜਾਓ ਸੰਸਾਰ ਭਤੀਜਿਓ ! ਮੇਰਾ ਤੁਹਾਡਾ ਕੋਈ ਨਾਤਾ ਨਹੀਂ। ਮੈਂ ਤੁਹਾਨੂੰ ਪਰਖ ਲਿਆ ਹੈ। ਹੁਣ ਮੇਰਾ ਮਰਨ ਜੀਵਨ ਮਾਤਾ ਜੀ ਦੇ ਅਸਥਾਨ ਤੇ ਹੀ ਹੋਵੇਗਾ।

ਦੂਜੇ ਦਿਨ ਸਿੰਘਾਂ ਹੱਲ ਜੋਤ ਕੇ ਸਾਰੀ ਧਰਤੀ ਵਾਹ ਕੇ ਬੀਜ ਆਏ। ਤੇ ਉਹ ਮਰਹੱਟਾ ਸਾਰੀ ਉਮਰ ਇਥੇ ਸੇਵਾ ਕਰਦਾ ਰਿਹਾ ਤੇ ਆਪਣਾ ਜਨਮ ਸਫਲ ਕਰ ਗਿਆ।

ਉਦਾਸੀ ਸਾਧੂਆਂ ਦੀ ਹੈਰਾਨੀ

ਇਕ ਦਿਨ ਕੁਝ ਉਦਾਸੀ ਸਾਧੂਆਂ ਦਾ ਟੋਲਾ ਕੁਝ ਯਾਤਰੀ ਸੰਗਤਾਂ ਦੇ ਨਾਲ, ਮਾਤਾ ਜੀ ਦੇ ਅਸਥਾਨ ਦੇ ਦਰਸ਼ਨਾਂ ਨੂੰ ਆ ਗਏ। ਬਾਬਾ ਜੀ ਸੰਗਤਾਂ ਦੇ ਸਵਾਗਤ ਲਈ ਜਿਵੇਂ ਅੱਗੇ ਸੰਗਤਾਂ ਦੀ ਅਗਵਾਈ ਕਰਨ ਲਈ ਅੱਗੇ ਹੋ ਕੇ ਜਾਇਆ ਕਰਦੇ ਸਨ। ਇਹਨਾਂ ਵਿਚ ਸਾਧੂਆਂ ਦੀ ਮੰਡਲੀ ਹੋਣ ਕਰ ਕੇ ਆਪ ਹੋਰ ਅੱਗੇ ਹੋ ਕੇ ਮਿਲੇ। ਤੇ ਫਤਿਹ ਬੁਲਾ ਕੇ ਬੜੇ ਪਿਆਰ ਨਾਲ ਸੰਗਤਾਂ ਨੂੰ ਲਿਆ ਕੇ ਲੰਗਰ ਪਾਸ ਪੰਗਤ ਲੁਆ ਕੇ ਜਲ - ਪਾਣੀ ਲੰਗਰ ਛਕਾਣ ਲੱਗ ਪਏ।

ਇਹਨਾ ਵਿਚੋਂ ਇਕ ਉਦਾਸੀ ਸਾਧੂ, ਜੋ ਚੰਗੀ ਬਿਰਤੀ ਵਾਲਾ ਸੀ, ਬਾਬਾ ਜੀ ਨੂੰ ਇਕ ਟੱਕ ਵੇਖੀ ਜਾ ਰਿਹਾ ਸੀ, ਜਿਵੇਂ ਉਹ ਆਪਣੇ ਫੁਰਨੇ ਨੂੰ ਸਹੀ ਜਾਣਕਾਰੀ ਦੇ ਰਿਹਾ ਹੋਵੇ,ਸੋਚਦਾ ਇਹ ਹੈ ਕਿ ਬਾਬਾ ਜੀ ਦੇ ਅੱਗੇ ਕਿਧਰੇ ਦਰਸ਼ਨ ਹੋਏ ਹਨ। ਉਹ ਸੰਗਤ ਪੰਗਤ ਵਿਚ ਬੈਠਾ ਕਾਹਲੀ ਨਾਲ ਉਠ ਖਲੋਤਾ ਤੇ ਬੇਨਤੀ ਕਰਨ ਹੀ ਲੱਗਾ ਸੀ ਕਿ ਕੀ ਵੇਖਦਾ ਹੈ ਕਿ ਬਾਬਾ ਜੀ ਸੰਗਤ ਨੂੰ ਲੰਗਰ ਛੱਕਾ ਕੇ ਪਸ਼ੂਆਂ ਵਾਲੇ

ਵਾੜੇ ਪਾਸ ਖੜੇ ਹਨ।

ਸਾਧੂ ਗੱਲ ਵਿਚ ਪੱਲਾ ਪਾਈ ਹੱਥ ਜੋੜੀ ਖੜਾ ਹੋਰ ਭੀ ਅਸਚਰਜ ਹੋ ਰਿਹਾ ਸੀ, ਬੜਾ ਗੰਭੀਰ ਜਿਹੇ ਹੋ ਕੇ ਕਿਹਾ–ਸਾਧ ਸੰਗਤ ! ਔਹ ਬਾਬਾ ਜੀ ਜਿਨ੍ਹਾਂ ਨੇ ਸਾਨੂੰ ਲੰਗਰ ਛੱਕਾਇਆ ਹੈ ਤੇ ਅੱਗਲਵਾਂਢੀ ਮਿਲੇ ਸਨ ਤੇ ਹੁਣ ਫੁਰਨੇ ਵਿਚ ਹੀ ਔਹ ਪਸ਼ੂਆਂ ਪਾਸ ਖੜੇ ਸਨ। ੬ – ੭ ਦਿਨ ਹੋਏ ਹਨ, ਮੈਂ ਇਨ੍ਹਾਂ ਦੇ ਅੰਮ੍ਰਿਤਸਰ ਹਰਿਮੰਦਰ ਸਾਹਿਬ 'ਅੰਮ੍ਰਿਤ' ਵੇਲੇ ਪ੍ਰਕਰਮਾ ਵਿਚ ਦਰਸ਼ਨ ਕੀਤੇ ਸਨ।

ਡੇਰੇ ਦਾ ਇਕ ਸਿੰਘ– ਸਾਧੂ ਜਨੋ ! ਆਪ ਕਿਸੇ ਹੋਰ ਸਿੰਘ ਦੇ ਭੁਲੇਖੇ ਵਿਚ ਹੋਵੋਗੇ। ਆਦਮੀਆਂ ਵਰਗੇ ਆਦਮੀ ਹੁੰਦੇ ਹਨ ਤੇ ਕਈ ਵਾਰੀ ਅਜੇਹਾ ਭੁਲੇਖਾ ਖਾ ਹੀ ਜਾਈਦਾ ਹੈ ਤੇ ਕਈ ਵਾਰ ਵੇਖੇ ਸਰੂਪ ਨੂੰ ਭੁਲੇਖੇ ਨਾਲ ਅਵਾਜ਼ ਮਾਰ ਭੀ ਦਈਦੀ ਏ, ਤੇ ਫਤਿਹ ਭੀ ਬੁਲਾ ਦੇਈ ਦੀ ਏ,ਪਰ ਸਮਝ ਪੈਣ ਤੇ 'ਖਿਮਾ ਕਰਨਾ, ਮੈਨੂੰ ਭੁਲੇਖਾ ਲੱਗਾ ਹੈ' ਕਹਿ ਦਈਦਾ ਹੈ। ਕੀ ਤੁਹਾਨੂੰ ਪੱਕਾ ਯਕੀਨ ਹੈ, ਜਿਨ੍ਹਾਂ ਦੇ ਤੁਸਾਂ ਪ੍ਰਕਰਮਾਂ ਵਿਚ ਦਰਸ਼ਨ ਕੀਤੇ ਹਨ ?

ਸਾਧੂ– ਸਾਧ ਸੰਗਤ ਅਗੇ ਤੇ ਮੰਨ ਲਿਆ, ਅੱਖਾਂ ਨੇ ਭੁਲੇਖਾ ਖਾ ਲਿਆ ਏ, ਭਲਾ ਤੁਸੀਂ ਦੱਸੋ ? ਆਹ ਹੁਣ ਤੇ ਪੰਗਤ ਵਿਚ ਪ੍ਰਸ਼ਾਦੇ ਵਰਤਾ ਰਹੇ ਸਨ ਤੇ ਕਿਸੇ ਨੂੰ ਪੱਤਾ ਲੱਗਾ ਏ ਕਿ ਕਦੋਂ ਔਹ ਜਾ ਕੇ ਖੜੇ ਹੋਏ ਹਨ। ਹੁਣ ਭਲਾ ਭੁਲੇਖੇ ਵਾਲੀ ਕੇਹੜੀ ਗੱਲ ਏ ? ਸੰਗਤ ਵਿਚ ਬੜੀ ਅਸਚਰਜਤਾ (ਹੈਰਾਨੀ) ਛਾ ਗਈ। ਸਾਧੂ ਜਨ ਕਹਿ ਰਹੇ ਸਨ ਕਿ ਮੈਂ ਚੰਗੀ ਤਰ੍ਹਾਂ ਪਹਿਚਾਣ ਲਿਆ ਹੈ। ਮੈਂ ਭੁਲੇਖਾ ਨਹੀਂ ਖਾ ਰਿਹਾ, ਮੈਂ ਝੂਠ ਨਹੀਂ ਬੋਲ ਰਿਹਾ, ਸੱਚ ਕਹਿ ਰਿਹਾ ਹਾਂ। ਬਾਬਾ ਜੀ ਇਕੱਲੇ ਸਨ, ਇਸੇ ਸਰੂਪ ਵਿਚ। ਮੈਂ ਚਲਦੇ ਚਲਦੇ ਨਹੀਂ ਸਗੋਂ ਚੰਗੀ ਤਰਾਂ ਨੀਝ ਨਾਲ ਤੇ ਠਰੰਮੇ ਵਿਚ ਅੰਮ੍ਰਿਤਸਰ ਪ੍ਰਕਰਮਾਂ ਵਿਚ ਇਹਨਾ ਦੇ ਦਰਸ਼ਨ ਕੀਤੇ ਸਨ।

ਡੇਰੇ ਦਾ ਸਿੰਘ– ਇਹ ਗੱਲ ਕਿਵੇਂ ਮੰਨਣ ਵਿਚ ਆ ਸਕਦੀ ਹੈ, ਬਾਬਾ ਜੀ ਤਾਂ ਜਦ ਤੋਂ ਪੰਜਾਬੋਂ ਆਏ ਹਨ, ਆਪਣੇ ਘਰ ਭੀ ਨਹੀਂ ਗਏ, ਉਹਨਾਂ ਅੰਮ੍ਰਿਤਸਰ ਕਿਥੇ ਜਾਣਾ ਸੀ। ਜਦ ਦੇ ਇਥੇ ਆਏ ਹਨ, ਉਹਨਾਂ ਸੱਚਖੰਡ ਜਾਣਾ ਭੀ ਕਿਤਨੇ ਸਮੇਂ ਤੋਂ ਬੰਦ ਕਰ ਦਿਤਾ ਹੋਇਆ ਹੈ। ਤੁਸੀਂ ਕਹਿੰਦੇ ਹੋ ਛੇ ਸਤ ਦਿਨ ਹੋਏ ਨੇ ਕਿ ਅੰਮ੍ਰਿਤਸਰ ਵੇਖੇ ਨੇ।

ਪਰ ਸੰਤ ਜੀ ! ਕੀ ਇਹ ਸੱਚ ਹੈ ਕਿ ਆਪ ਜੀ ਨੇ ਬਾਬਾ ਜੀ ਨੂੰ ਅੰਮ੍ਰਿਤਸਰ ਪ੍ਰਕਰਮਾਂ ਵਿਚ ਦੇਖਿਆ, ਤਾਂ ਤੇ ਕੋਈ ਅਸਚਰਜ ਖੇਡ ਹੀ ਹੋਵੇਗੀ। ਔਹ ਵੇਖੋ ਬਾਬਾ ਜੀ ਆਪੇ ਇੱਧਰ ਆ ਰਹੇ ਹਨ। ਚਲੋ ਪੁੱਛ ਲੈਂਦੇ ਹਾਂ।

ਇਤਨੇ ਨੂੰ ਬਾਬਾ ਜੀ ਨੇ ਫਿਰ ਸੰਗਤ ਪਾਸ ਆ ਕੇ ਕਿਹਾ–ਸਾਧ ਸੰਗਤ ! ਕਿਸੇ ਹੋਰ ਵਸਤੂ ਦੀ ਲੋੜ ਹੋਵੇ ਤਾਂ ਹੁਕਮ ਕਰੋ।

ਸਾਰੀ ਸੰਗਤ ਵਿਚੋਂ ਬੜੀ ਅਸਚਰਜਤਾ ਵਿਚ ਆਵਾਜ਼ ਆਈ ਜੀ ਲੰਗਰ ਛੱਕ ਕੇ ਅਸੀਂ ਅਜਿਹੇ ਤ੍ਰਿਪਤ ਹੋਏ ਹਾਂ ਕਿ ਕਿਸੇ ਕਿਸਮ ਦੀ ਇੱਛਾ ਹੀ ਨਹੀਂ ਰਹੀ। ਅਜਿਹਾ ਰਸ ਤਾਂ ਸਾਨੂੰ ਘਰਾਂ ਵਿਚ ਕਈ ਪ੍ਰਕਾਰ ਦੇ ਭੋਜਨਾਂ ਵਿਚੋਂ ਅੱਜ ਤੱਕ ਨਹੀਂ ਆਇਆ। ਹਾਂ ਇਕ ਸ਼ੰਕਾ ਹੋ ਗਿਆ ਹੈ, ਜੋ ਆਹ ਸਾਧੂ ਜਨ

ਕਹਿ ਰਹੇ ਹਨ, ਨਵਿਰਤ ਕਰੋ।

ਸੰਗਤ ਵਿਚੋਂ– ਜੀ ਇਹ ਕਹਿ ਰਹੇ ਸਨ ਕਿ ਇਹਨਾਂ ਨੇ ਤੁਹਾਡੇ ਦਰਸਨ ਛੇ ਸੱਤ ਦਿਨ ਹੋਏ ਹਨ ਅੰਮ੍ਰਿਤਸਰ ਪ੍ਰਕਰਮਾਂ ਵਿਚ ਕੀਤੇ ਸਨ, ਕੀ ਇਹ ਸੱਚ ਹੈ ?

ਸਾਧੂ– ਬਾਬਾ ਜੀ ਦੇ ਉੱਤਰ ਦੇਣ ਤੋਂ ਪਹਿਲਾਂ ਹੀ ਬੋਲ ਪਿਆ–ਬਾਬਾ ਜੀ ਮੈਂ ਸੱਚ ਕਹਿ ਰਿਹਾ ਹਾਂ ਕਿ ਆਪ ਮੈਨੂੰ ਠੀਕ ਪ੍ਰਕਰਮਾਂ ਵਿਚ ਅੰਮ੍ਰਿਤ ਵੇਲੇ ਮਿਲੇ ਹੋ। ਮੈਂ ਤਾਂ ਅਸਚਰਜ ਹੋ ਰਿਹਾ ਹਾਂ ਕਿ ਆਹ ਤੁਹਾਡਾ ਸਿੰਘ ਕਹਿ ਰਿਹਾ ਏ ਕਿ ਬਾਬਾ ਜੀ ਤਾਂ ਕਦੀ ਕਿਧਰੇ ਗਏ ਹੀ ਨਹੀਂ। ਇਹ ਕਿਵੇਂ ਤੇ ਕਿਸ ਤਰਾਂ ਹੋਇਆ ?

ਮਹਾਂ ਪੁਰਸ਼ ! ਮੈਨੂੰ ਭੁੱਲ ਭੁੱਲਾਈਆਂ ਵਿਚੋਂ ਕੱਢੋ ? ਇਹ ਸੰਸਾ ਦੂਰਕਰੋ। ਮੇਰੇ ਮਨ ਤੇ ਇਕ ਬੋਝ ਬਣ ਗਿਆ ਹੈ ਅਤੇ ਹਮੇਸ਼ਾ ਭਾਰ ਬਣਿਆ ਰਹੇਗਾ। ਅਜਿਹੇ ਸੰਸਿਆਂ ਤੋਂ ਮੁਕਤ ਹੋਣ ਲਈ ਤਾਂ ਆਪ ਜੈਸੇ ਮਹਾਂਪੁਰਸ਼ਾਂ ਦੀ ਸ਼ਰਣ ਆਏ ਹਾਂ। ਇਹ ਭੁਲੇਖਾ ਕੱਢੋ, ਕੀ ਸੱਚ ਆਪ ਅੰਮ੍ਰਿਤਸਰ ਪ੍ਰਕਰਮਾਂ ਵਿਚ ਮਿਲੇ ਸੀ ਕਿ ਮੇਰੇ ਹੀ ਮਨ ਦਾ ਭੁਲੇਖਾ ਹੈ।

ਬਾਬਾ ਜੀ–ਸਾਧੂ!ਜਨੋ ! ਤੁਸਾਂ ਅੰਦਰ ਭਰਮ ਭੁਲੇਵੇਂ ਕਿਉਂ ਹਨ ? ਆਪ ਤਾਂ ਇਹਨਾਂ ਮੰਜ਼ਲਾਂ ਦੇ ਪਾਂਧੀ ਹੋ। ਪਾਂਧੀ ਨੂੰ ਜਦ ਪਾਂਧੀ ਦੀ ਪਛਾਣ ਹੋ ਜਾਵੇ ਤਾਂ ਗੱਲ ਆਪਣੇ ਤੱਕ ਹੀ ਸੀਮਿਤ ਕਰ ਲੈਣੀ ਚਾਹੀਦੀ ਹੈ। ਕਿਸੇ ਦਾ ਪੜਦਾ ਨਹੀਂ ਫੋਲੀਦਾ, ਜਦ ਪਹਿਚਾਣ ਆ ਗਈ--

ਸਮਝਿ ਪਰੀ ਤਉ ਬਿਸਰਿਓ ਗਾਵਨ ॥ [ਆਸਾ ਕਬੀਰ--੪੭੯

ਸੰਸਾਰੀ ਜੀਵ ਜੇ ਪ੍ਰਭੂ ਦੀ ਮਾਮੂਲੀ ਜੇਹੀ ਲਖਤਾ ਪਾ ਕੇ ਵਾਵੇਲਾ ਕਰੇ ਤਾਂ ਉਹਦੇ ਵੱਸ ਦੀ ਗੱਲ ਨਹੀਂ ਹੁੰਦੀ, ਕਿਉਂਕਿ ਉਸ ਅੰਦਰ ਜਰਨ ਸ਼ਕਤੀ ਨਹੀਂ ਹੁੰਦੀ। ਪਰ ਸਾਧੂ ਤਾਂ ਪ੍ਰਭੂ ਦੇ ਰੰਗਾਂ ਨੂੰ ਵੇਖਦਾ ਹੈ। ਉਹ ਉਸ ਨੂੰ ਅੰਦਰ ਹੀ ਘੁੱਟਦਾ (ਸੰਗੁਹਿ ਕਰਦਾ) ਹੈ ਤੇ ਬੁੱਲ੍ਹਾਂ ਤੱਕ ਆਵਾਜ਼ ਕੱਢਣੀ ਭੀ ਉਸ ਲਈ ਗੁਨਾਹ ਹੈ। ਉਹ ਜਾਣਦਾ ਹੈ ਕਿ ਲੋਕਾਂ ਵਿਚ ਵਾਵੇਲਾ ਕਰਨ ਨਾਲ਼ ਉਸ ਜੀਵ ਤੇ ਪ੍ਰਭੂ ਦੀ ਬਖਸ਼ਸ਼ ਤੋਂ ਵਿਵਰਜਿਤ ਹੋਣ ਹੁੰਦਾ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪ ਇਆ ਤੇ ਫਿਰ ਛਿਪਾਇਆ 'ਸਤ ਬਚਨ ਸਾਧੂ ਉਪਦੇਸ਼' ਧਾਰਨ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਸਰੂਪ ਬਣ ਗਏ। ਬਾਬੇ ਗੁਰੂ ਅਮਰਦਾਸ ਜੀ ਨੇ ੧੨ ਸਾਲ ਪਾਣੀ ਢੋਣ ਦੀ ਸੇਵਾ ਚੁੱਪ ਸਾਧੀ - ਸੇਵਾ ਕਰਦੇ ਰਹੇ। ਪਰ ਜਦ ਫਲ ਪੱਕ ਗਿਆ ਤਾਂ ਆਪੇ ਹੀ ਪਰਗਟ ਹੋ ਗਿਆ।

ਸਾਧ ਜਨੋ ! ਜੇ ਪਾਇਆ ਸੀ ਤਾਂ ਛੁਪਾਉਣਾ ਸੀ। ਭਰਮ ਭੁਲੇਖਾ ਅੰਤਸ਼ਹ ਕਰਨ ਦੇ ਗਿਆਨ ਤੋਂ ਆਪੇ ਦੂਰ ਹੋ ਜਾਣਾ ਸੀ। ਅਣਸੁਣਿਆਂ ਨੂੰ ਸੁਣਾਉਣਾ, ਜਿਹਨਾਂ ਨੂੰ ਇਸ ਮੰਜਲ ਦੀ ਸੋਝੀ ਹੀ ਨਹੀਂ, ਕੀ ਆਪਣੀ ਵਡਿਆਈ ਮਾਨ 'ਹਉਂ' ਦੇ ਰੋਗ ਵਿਚ ਗ੍ਰਸੇ ਕੀਤਾ ਜੇ ਕਿ ਲੋਕ ਸਮਝਣ, ਸਾਧੂ ਵਿਚ ਕੁਝ ਕਰਾਮਾਤ ਹੈ। ਸਾਧੂ ਦਾ ਹੈ ਕੀ ? ਮਾਲਕ ਦੇਵੇ ਤਾਂ ਸਾਧੂ 'ਚ ਸ਼ਕਤਿ ਆਉਂਦੀ ਹੈ, ਤੇ ਜੇ ਮਾਲਕ ਵਲੋਂ ਬਖਸ਼ਸ਼ ਐਉਂ ਭੰਡੀਏ, ਤਾਂ ਸਾਧੂ ਵਿਚ ਸ਼ਕਤੀ ਕਿਥੇ ਰਹਿੰਦੀ ਏ। ਹਾਂ ਅਜੀਂ ਸਾਂ। ਮਨ ਕਲਪਤ ਦਰਸ਼ਨਾਂ

ਨੂੰ ਜਦ ਉਮਗਦਾ ਹੈ, ਤਾਂ ਹੋ ਹੀ ਆਈਦਾ ਹੈ।

ਪਰ ਤੁਸੀਂ ਫਿਰ ਇਕ ਹੋਰ ਭੁਲੇਖੇ ਦਾ ਸ਼ਿਕਾਰ ਨਾ ਹੋ ਜਾਣਾ ਏ, ਕਿ ਮਨੁੱਖੀ ਦੇਹ ਕਿਵੇਂ ਇਕ ਥਾਂ ਤੋਂ ਦੂਜੀ ਥਾਂ ਜਾ ਸਕਦੀ ਹੈ, ਜਿਵੇਂ ਅਚੱਲ ਵਟਾਲੇ ਸਿੱਧਾਂ ਨੇ ਰੂਪ ਵਟਾ ਲਏ ਸਨ। ਪਰ ਬਾਬਾ ਨਾਨਕ ਜੀ ਨੇ ਪੰਜੇ ਤੱਤ, ਪੰਜ ਤੱਤਾਂ ਵਿਚ ਮਿਲਾ ਲਏ ਸਨ। ਜਿਵੇਂ–

ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ॥ [ਭਾ: ਗੁਰਦਾਸ

ਭੀ ਬਾਬੇ ਨਾਲ ਮੱਕੇ ਤੋਂ ਮਿੰਟਾਂ ਸਕਿੰਟਾਂ ਵਿਚ ਸੁਲਤਾਨਪੁਰ ਪੁੱਜ ਗਿਆ ਸੀ। ਇਸੇ ਤਰ੍ਹਾਂ ਸਤਿਗੁਰੂ ਜੀ ਚਾਹੁੰਣ ਤਾਂ ਸਿੱਖ ਨੂੰ ਅਜਿਹੀ ਦਾਤ ਬਖਸ਼ਸ਼ ਪ੍ਰਦਾਨ ਕਰ ਸਕਦੇ ਹਨ। ਗੁਰੂ ਅਤੇ ਸਿੱਖ ਵਿਚ ਭੇਦ-ਭਾਵ ਓਦੋਂ ਮੁੱਕ ਜਾਂਦਾ ਹੈ, ਜਦੋਂ ਸਿੱਖ ਗੁਰੂ ਬਖਸ਼ਸ਼ ਨੂੰ ਦ੍ਰਿੜਤਾ ਨਾਲ ਅੰਦਰ ਸੰਭਾਲੇ। ਹਾਂ ਸਾਧੂ ਜਨੋ, ਕੋਈ ਹੋਰ ਭੁਲੇਖਾ ਤਾਂ ਨਹੀਂ ਰਹਿ ਗਿਆ, ਕਿਉਂਕਿ–

ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ [ਸਿਰੀਰਾਗੁ ਮ: ੧–੬੨

ਸਾਧੂ ਤੇ ਸਾਰੀ ਸੰਗਤ ਐਸੀ ਜੁੜ ਬੈਠੀ ਤੇ ਰਾਜ਼ ਰਮਜ਼ਾਂ ਦੇ ਥਹੁ ਪਤੇ ਐਸੇ ਬਾਬਾ ਜੀ ਤੋਂ ਸੁਣ ਕੇ ਚਕ੍ਰਿੱਤ ਹੋ ਰਹੀ ਸੀ। ਮਨ ਵਿਚ ਸ਼ਾਂਤ ਸਹਿਜ ਤੇ ਰਸ ਮਈ ਵਾਤਾਵਰਣ ਨੂੰ ਸਾਰੇ ਅਨੁਭਵ ਕਰਦੇ ਸੋਚ ਰਹੇ ਸਨ। ਸਾਡੀ ਯਾਤ੍ਰਾ ਅੱਜ ਸਫਲੀ ਹੋਈ ਹੈ।

ਤੀਰਥ ਤੀਰਥ ਭਰਮਤੇ ਲਹੈ ਨ ਪਾਰਹੀ ॥ ਜੀ ਹਾਂ–

ਤੀਰਥ ਨਾਵਣ ਜਾਉ ਤੀਰਥ ਨਾਮੁ ਹੈ ॥ [ਧਨਾਸਰੀ ਛੰਤ ਮ: ੧, ਪੰਨਾ ੬੮੭

ਅਨੇਕਾਂ ਤੀਰਥਾਂ ਤੇ ਯਾਤ੍ਰਾ ਕੀਤੀ ਹੈ, ਪਰ ਜੋ ਅਨੰਦ ਲੰਗਰ ਤੇ ਸਤਿਸੰਗ ਦਾ ਇਥੇ ਮਿਲਿਆ ਏ, ਉਹ ਅੱਜ ਤਕ ਨਾ ਮਿਲਿਆ ਹੈ ਤੇ ਨਾ ਹੀ ਮਿਲੇਗਾ। ਸਾਰੀਆਂ ਸੰਗਤਾਂ ਨੇ ਨਮਸ਼ਕਾਰ ਕੀਤੀ। ਸਾਧੂ ਭੀ ਅੱਗੇ ਹੋ ਕੇ ਚਰਨ ਪਰਸਣ ਲੱਗਾ। ਪਰ ਬਾਬਾ ਜੀ ਮਰਯਾਦਾ ਪ੍ਰਸ਼ੋਤਮ ਦੋ ਕਦਮ ਪਿੱਛੇ ਹੱਟ ਗਏ ਅਤੇ ਕਿਹਾ– ਨਹੀਂ, ਸਾਧ ਸੰਗਤ ਜੀ ਨਮਸ਼ਕਾਰ ਕਰੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। ਸਾਧੂ ਜਨ ਤੁਸੀਂ ਆਪਣੇ ਹੀ ਚਰਨ ਪਰਸੋ, ਵੇਖੋ ਕੇਡਾ ਅਨੰਦ ਆਵੇਗਾ। ਦਾਤਾਂ, ਬਖਸ਼ਸ਼ਾਂ, ਮਿਹਰਾਂ ਤਾਂ ਸਤਿਗੁਰੂ ਜੀ ਨੇ ਕਰਨੀਆਂ ਹਨ। ਅਸਾਂ ਪਾਸ ਕੀ ਹੈ ? ਅਸੀਂ ਤਾਂ ਆਪ ਮੰਗਤੇ ਹਾਂ। ਮੰਗਤਾ ਮੰਗਤੇ ਪਾਸੋਂ ਕੀ ਪ੍ਰਾਪਤ ਕਰ ਸਕਦਾ ਹੈ, ਤੇ ਨਾ ਮੰਗਤਾ ਮੰਗਤੇ ਨੂੰ ਕੁਝ ਦੇ ਸਕਦਾ ਹੈ।

ਸਾਰੀ ਸੰਗਤ ਹੈਰਾਨ ਤੇ ਅਸਚਰਜ ਹੋ ਰਹੀ ਸੀ। ਬਾਬਾ ਜੀ ਇਤਨੀ ਵੱਡੀ ਦਾਤ ਪਾ ਕੇ ਭੀ ਲੱਖਤਾ ਨਹੀਂ ਕਰਾਉਂਦੇ। ਕਿਤਨੀ ਉੱਚ ਹੱਸਤੀ ਦੇ ਮਾਲਕ ਹਨ ਤੇ ਕਥਨੀ ਕਰਨੀ ਦੇ ਸੂਰੇ ਪੂਰੇ ਹਨ ਜਣਾ ਵੀ ਗਏ ਹਨ ਤੇ ਜਾਨਣ ਭੀ ਨਹੀਂ ਦਿਤਾ।

ਸੰਗਤਾਂ ਦੇ ਮਨਾਂ ਵਿਚ ਪ੍ਰਸੰਨਤਾ, ਸ਼ਾਂਤਿ - ਸਹਿਜ ਦਾ ਅਜਿਹਾ ਰਸ ਬੱਝਾ ਕਿ ਕਿਸੇ ਦਾ ਉੱਠਣ ਨੂੰ ਜੀਅ ਹੀ ਨਹੀਂ ਸੀ ਕਰਦਾ। ਜਿਵੇਂ ਕੋਈ ਰੋਗੀ ਰੋਗ ਰਹਿਤ ਹੋ ਕੇ ਸੁੱਖ ਆਰਾਮ ਦੀ ਨੀਂਦਰ ਮਾਣ ਰਿਹਾ ਹੋਵੇ।। ਕਈਆਂ ਦੀ ਮਨ - ਬਿਰਤੀ ਅਜਿਹੀ ਅਡੋਲ ਹੋਈ ਕਿ ਚੌਂਕੜੇ ਲੱਗ ਗਏ। ਅੱਧ ਮੀਟੇ ਨੇਤ੍ਰ ਬੁੱਲ੍ਹਾਂ ਵਿਚ ਮੁਸਕਾਨ, ਤੇ ਮੱਧਮ ਮੱਧਮ ਮਿੱਠੀ ਮਿੱਠੀ ਧੁਨ (ਆਵਾਜ਼) ਵਾਹਿਗੁਰੂ ! ਵਾਹਿਗੁਰੂ ! ਵਾਹਿਗੁਰੂ ! ਆਉਣ ਲੱਗ ਪਈ।

ਆਮ ਪੁਰਸ਼ਾਂ ਲਈ ਇਹ ਅਸਚਰਜ ਭੀ ਹੈ ਤੇ ਨਾ ਮੰਨਣ ਵਾਲੀ ਗੱਲ ਭੀ, ਚੂੰਕਿ ਅਜਿਹਾ ਨਾਸਤਕ ਪੁਰਸ਼ ਤਾਂ ਕਦਾਚਿਤ ਹੀ ਮੰਨਣ ਲਈ ਤਿਆਰ ਨਹੀਂ, ਪਰ ਆਸਤਕ ਭੀ ਥੋੜੀ ਸੂਝ ਬੂਝ ਹੋਣ ਕਾਰਨ, ਜਿਵੇਂ ਪਹਿਲੀ ਪੜ੍ਹਦੇ ਬੱਚੇ ਨੂੰ, ਦਸਵੀਂ ਦੀ ਪੜ੍ਹਾਈ ਦਾ ਕੀਹ ਗਿਆਨ, ਸੋਝੀ ਆਉਣ ਤੇ ਹੀ ਜਿਥੇ ਪਹਿਲੀ ਵਿਚ ਉੱਚੀ ਉੱਚੀ ਰੱਟ ਲਾਂਦਾ ਹੈ, ਪਰ ਦਸਵੀਂ ਵਿਚ ਚੁੱਪ ਇਕਾਂਤ ਉਸ ਲਈ ਪੜ੍ਹਾਈ ਦਾ ਅਧਾਰ ਹੁੰਦਾ ਹੈ।

ਇਸੇ ਤਰ੍ਹਾਂ ਆਤਮਿਕ ਸੂਝ ਦਾ ਖੋਜੀ ਜਿਉਂ ਜਿਉਂ ਖੋਜ ਕਰਦਾ ਹੈ ਤਾਂ ਸੁਤੇ ਸਿੱਧ ਹੀ ਇਸ ਮਾਰਗ ਦੀ ਸੋਝੀ ਆਉਣ ਲੱਗ ਪੈਂਦੀ ਹੈ। ਜਿੰਨਾਂ ਚਿਰ ਕਿਸੇ ਚੀਜ਼ ਦਾ ਗਿਆਨ ਨਹੀਂ, ਉਸ ਵਾਸਤੇ ਅਨਹੋਂਦੀ ਭਾਸਦੀ ਹੈ।

ਇਸੇ ਤਰਾਂ ਮਹਾਂਪੁਰਸ਼ ਕਮਾਈ ਵਾਲੇ, ਬੰਦਗੀ ਵਾਲੇ ਵਿਚ ਉਹ ਸਾਰੇ ਗੁਣ ਪ੍ਰਗਟਦੇ ਹਨ, ਜੋ ਪਰਮੇਸ਼ਰ ਵਿਚ ਹਨ ਤਾਂ ਤੇ ਜਿਵੇ ਪ੍ਰਮੇਸ਼ਵਰ ਅਰੂਪ ਹੁੰਦਾ ਹੋਇਆ ਭੀ ਕਈ ਰੂਪਾਂ ਵਿਚ ਵਿਚਰਦਾ ਹੈ।

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ ॥੮੧॥ [ਜਾਪ ਪਾ: ੧੦

ਇਉਂ ਭਗਤ ਜਨ ਜੋ ਚਾਹੁੰਣ, ਜਿਵੇਂ ਚਾਹੁੰਣ, ਜਿਥੇ ਚਾਹੁੰਣ, ਰੂਪ ਧਾਰ ਲੈਂਦੇ ਹਨ। ਉਹਨਾਂ ਵਾਸਤੇ ਫੁਰਨੇ ਦੀ ਹੀ ਗੱਲ ਹੈ। ਜਿਵੇਂ ਅਸੀਂ–

ਗਿਆਨ ਹੀਣੰ ਅਗਿਆਨ ਪੂਜਾ ਅੰਧ ਵਰਤਾਰਾ ਭਾਉ ਦੂਜਾ ॥ ੨੨ ॥
[ਸਲੋਕ ਮ: ੨, ਪੰਨਾ ੧੪੧੨

ਦੇ ਚੱਕਰ ਵਿਚ ਫੱਸ ਕੇ ਅਗਿਆਨ ਵਿਚ ਪੂਜਾ ਕਰ ਕੇ ਗਿਆਨ ਰਹਿਤ ਹੋ ਜਾਂਦੇ ਹਨ। ਮਗਰੋਂ ਉਹ ਪ੍ਰਭੂ ਨੂੰ ਉਲਾਹਮੇ ਦੇਂਦੇ ਹਨ ਕਿ ਅਸੀਂ ਪਾਠ ਕਰਦੇ ਹਾਂ, ਪੂਜਾ ਕਰਦੇ ਹਾਂ, ਗੁਰਦਵਾਰੇ ਜ਼ਾਂਦੇ ਹਾਂ, ਦਾਨ ਭੀ ਕਰਦੇ ਹਾਂ। ਪਰ ਮਨ ਵਿਚ ਪ੍ਰਗਤੀ ਨਹੀਂ ਹੋਵੇ, ਮਨ ਨਹੀਂ ਟਿੱਕਦਾ। ਪ੍ਰਗਤੀ ਹੋਵੇ ਭੀ ਕਿਵੇਂ? ਸਾਡਾ ਪੂਜਾ ਪਾਠ ਭੀ ਤਾਂ ਲੋਕ ਵਿਖਾਵਾ ਚਤੁਰਾਈ ਹੈ। ਤਾਂ ਤੇ–

ਚਤਰਾਈ ਨਾ ਚਤਰਭੁਜੁ ਪਾਈਐ ॥ਰਹਾਉ॥ [ਗਉੜੀ ਕਬੀਰ, ਪੰ: ੩੧੪

ਮਨੁੱਖ ਥੋੜੀ ਜਿਹੀ ਚਾਤਰੀ ਕਰ ਕੇ ਉਸ ਚਤੁਰਭੁਜ ਪ੍ਰਭੂ ਨੂੰ ਕਿਵੇਂ ਪਾ ਲਵੇਗਾ।?

ਪ੍ਰਭੂ ਭਗਤੀ ਲਈ ਇਕੋ ਇਕ ਮਾਰਗ ਜੋ ਗੁਰਬਾਣੀ ਦਾ ਫੁਰਮਾਣ ਹੈ–

੧. ਪਹਿਲਾਂ ਮਰਣੁ ਕਬੂਲ ..... ॥ [ਮਾਰੂ ਮ: ੫–੧੧੦੨
੨. ਜਉ ਤਉ ਪ੍ਰੇਮ ਖੇਲਣ ਕਾ ਚਾਉ..... ॥ [ਸਲੋਕ ਮ: ੧–੧੪੧੨
੩. ਫਿਰ :– ਲੋਕਨ ਕੀ ਚਤਰਾਈ ਉਪਮਾ ਤੇ ਬੈਸੰਤਰਿ ਜਾਰਿ।
੪. ਪ੍ਰਭ ਮਿਲਣੈ ਕੀ ਇਹ ਨਿਸਾਣੀ [ਮਾਝ ਮ:੫–੧੦੬
੫. ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ..... [ਅਨੰਦ ਸਾ: ਪਉੜੀ ੯–੯੧੮
੬. ਹੁਕਮ ਰਜਾਈ ਚਲਣਾ..... [ਜਪੁਜੀ ਸਾਹਿਬ ਪੰਨਾ ੧

੭. ਭਾਣਾ ਮੰਨੈ ਸੋ ਸੁਖ ਪਾਏ ॥ [ਮਾਰੂ ਮ: ੩–੧੦੬੩
੮. ਸ਼ਬਦ ਸੁਰਤਿ ਲਿਵਲੀਣ ਹੋਇ..... [ਭਾ: ਗੁਰਦਾਸ ਜੀ
੯. ਗੁਰਮੰਤ੍ ਹੀਣੰਸ੍ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥ [ਮ: ੫, ਸਹਿਸਕ੍ਰਿਤੀ–੧੩੫੬
੧੦. ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥
ਸਬਦੇ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥ [ਅਨੰਦ ਸਾਹਿਬ ਪੰ: ੯੨੦

ਗੁਰਧਾਰਨੀ, ਗੁਰਸ਼ਬਦ ਦੀ ਕਮਾਈ, ਮਨ ਸੁਰਤ ਨਾਲ ਕਰਨ ਵਾਲਾ ਪੁਰਸ਼ ਹੀ ਹੁਕਮ, ਰਜ਼ਾ 'ਆਪ ਗਵਾਈਐ ਤਾਂ ਸਹੁ ਪਾਇਐ' ਜਾਂਦਾ ਹੈ। ਪ੍ਰੰਤੂ ਜਿੰਨਾਂ ਚਿਰ ਮਨ ਨੂੰ ਕਾਬੂ ਵਿਚ ਨਹੀਂ ਲਿਆਉਂਦਾ। ਤਦ ਤੱਕ ਇਸ ਜੀਵ ਦੀ ਘਾਲ ਕਮਾਈ ਪੂਰਨ ਭਾਗ ਦੀ ਪ੍ਰਾਪਤੀ ਨਹੀਂ ਲੈ ਸਕਦੀ। ਕਿਉਂਕਿ ਇਹ ਘਾੜਤ ਤਾਂ ਘੜੀ ਜਾਣੀ ਹੈ, ਜਦੋਂ–

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ [ਜਪੁ ਸਾਹਿਬ

ਇਹਨਾਂ ਚੌਹਾਂ ਦੀ ਇਕ ਬੈਠਕ ਇਕਸੁਰਤਾ ਇਕ ਆਸ਼ਾ, ਇਕ ਯਕੀਨ, ਦ੍ਰਿੜਤਾ ਤੇ ਵਿਸ਼ਵਾਸ ਜਿੰਨਾ ਚਿਰ ਨਹੀਂ ਬੱਝਦਾ। ਮਨ ਦੀ ਮਤਿ ਅਤੇ ਬੁਧ ਦੀ ਚਾਤੁਰੀ ਤਿਆਗ ਕੇ ਗੁਰਸ਼ਬਦ (ਵਾਹਿਗੁਰੂ) ਨੂੰ ਸੁਰਤ ਮਨ ਸ਼ਬਦ ਦੀ ਇਕ ਸੁਰਤਾ ਵਿਚ ਗੁਰਮਤਿ ਅਨੁਸਾਰ–

ਗੁਰਬਾਣੀ ਇਸੁ ਜਗ ਮਹਿ ਚਾਨਣ ਕਰਮ ਵਸੈ ਮਨਿ ਆਇ ॥ [ਸਿਰੀਰਾਗੁ ਮ: ੩–੬੭

ਗੁਰਬਾਣੀ ਤੋਂ ਰੋਸ਼ਨੀ ਬੁੱਧ ਰਾਹੀ (ਗਿਆਨ) ਪ੍ਰਾਪਤ ਕਰ ਕੇ ਫਿਰ ਆਪਾ ਭਾਵ ਗੰਵਾ ਕੇ–

ਮੁਰਦਾ ਹੋਇ ਮੁਰੀਦ ਤਾ ਗੁਰ ਗੋਰ ਸਮਾਇਸੀ ॥ [ਭਾ: ਗੁਰਦਾਸ ਜੀ

ਇਸ ਜੁਗਤ ਨਾਲ ਪ੍ਰਭੂ ਮਿਲਾਪ ਹੋਣ ਤੇ ਜੀਵਨ ਮੁੱਕਤ ਪਦਵੀ ਪ੍ਰਾਪਤ ਹੋ ਪਾਏਗੀ।

ਜਦ ਸਾਡਾ ਮਨ ਹੀ ਸਰੀਰ ਦਾ ਸਾਥ ਛੱਡ ਕੇ ਘੁੰਮਦਾ ਫਿਰਦਾ ਰਹਿੰਦਾ ਹੈ,ਤੇ ਚੋਰਾਂ ਵਾਂਗ ਸੁੱਤੇ ਪਏ ਸਰੀਰ ਨੂੰ ਤਿਆਗ ਕੇ ਕਈ ਤਰ੍ਹਾਂ ਦੀਆਂ ਸੰਸਾਰਕ ਰੰਗ - ਰਲੀਆਂ ਮਨਾਉਂਦਾ ਫਿਰਦਾ ਹੈ। ਕਿਸੇ ਵੇਲੇ ਭੀ ਟਿਕਾਉ ਵਿਚ ਨਹੀਂ ਆਉਂਦਾ। ਅਸੀਂ ਸੁਪਨਾ ਕਹਿ ਦੇਂਦੇ ਹਾਂ, ਪਰ ਹੈ ਤਾਂ ਸੰਸਾਰ ਭੀ ਇਕ ਸੁਪਨਾ। ਪਰ ਅਸੀਂ ਇਸ ਸੁਪਨੇ ਦੇ ਮਿੱਠੇ ਮੋਹ ਵਿਚ ਫਸੇ ਬੈਠੇ ਹਾਂ। ਸਰੀਰਕ ਮਨ ਦਾ ਸੁਪਨਾ ਭੀ ਤਾਂ ਇਸ ਵੱਡੇ ਸੁੱਪਨੇ ਦਾ ਇਕ ਅੰਸ਼ ਹੈ। ਇਸ ਲਈ ਇਸ ਫੁਰਨੇ ਰਾਹੀਂ ਉਤਪੰਨ ਹੋਇਆ ਸੰਸਾਰ ਤੇ ਇਸ ਦੇ ਮਾਲਕ ਦੀ ਲੱਪਤਾ ਤਾਂ ਹੀ ਹੋ ਸਕਦੀ ਹੈ ਜੋ ਮਨ ਫੁਰਨਾ ਇਸੇ ਦਾ ਚੇਤਨ ਹੈ। ਨਾ ਤਾਂ ਅਸਾਂ ਬੁੱਧ ਮੱਤ ਹੀ ਇਸ ਨੂੰ ਰੋਕਣ ਵਿਚ ਸਫਲਤਾ ਪ੍ਰਾਪਤ ਕਰ ਪਾਈ ਹੈ ਤੇ ਨਾ ਹੀ ਕਦੀ ਗੁਰਬਾਣੀ ਦੁਆਰਾ ਸੰਚਣ ਦਾ ਯਤਨ ਕੀਤਾ ਹੈ ਕਿ ਮਨ ਕੀ ਹੈ ? ਇਸ ਨੂੰ ਵਸੀਕਰਣ ਦੇ ਕੀ ਮੰਤਰ ਹਨ ? ਤੇ ਨਾ ਹੀ ਅਸੀਂ ਇਸ ਖੋਜ ਵਿਚ ਹਾਂ ਕਿ ਮਨ ਤੇ ਕਿਵੇਂ ਕਾਬੂ ਪਾਇਆ ਜਾ ਸਕੇ। ਅਸੀਂ ਗੁਰਬਾਣੀ ਗੁਰ-ਉਪਦੇਸ਼ ਨੂੰ ਸਿਰਫ ਪੜ੍ਹਦੇ ਤੇ ਸੁਣਦੇ ਹਾਂ ਅਤੇ–

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥ ੧੫੮ ॥ [ਸਲੋਕ ਕਬੀਰ–੧੩੭੨

ਵਾਂਗ ਦੁੱਸਰ ਲੰਘਾ ਦੇਂਦੇ ਹਾਂ, ਅਸਰ ਤੇ ਨਾਮ ਮਾਤ੍ਰ ਹੀ ਹੁੰਦਾ ਹੈ। ਪਰ ਪੂਰਨ ਭਾਵ ਨਹੀਂ ਮਿਲਦਾ।
ਸੋ ਗੁਰਸਿੱਖ ਗੁਰਉਪਦੇਸ਼ ਨੂੰ ਸੱਚ ਜਾਣ ਕੇ ਸੱਚ ਤੇ ਟੇਕ ਰੱਖ ਕੇ ਉਸ ਤੇ ਅਮਲੀ ਕਾਰਵਾਈ ਕਰਨ ਨਾਲ
ਸੰਸਾਰ ਗਿਆਨ, ਸਰੀਰ ਗਿਆਨ ਤੇ ਬ੍ਰਹਮ ਗਿਆਨ ਹੀ ਪ੍ਰਾਪਤ ਕਰਨ ਨਾਲ ਹੀ 'ਬ੍ਰਹਮ ਗਿਆਨੀ'
ਅਖਵਾਉਂਦਾ ਹੈ।

ਮਨ ਦੇ ਵਸੀਕਰਣ ਦਾ ਉਪਦੇਸ਼ ਗੁਰਬਾਣੀ ਵਿਚ–

ਮਨ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥ (ਗਉੜੀ ਮ: ੫–੨੬੮)

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ। ਤਾਂ ਮਾਲਕ ਦਾ ਹੀ ਪ੍ਰਭੂ ਦੀ ਪੂਰਨ ਕ੍ਰਿਪਾ ਦੀ ਜੁਕਤ, ਉਸ ਦੇ ਹੁਕਮ ਤੇ ਰਜ਼ਾ ਵਿਚ ਚਲਣਾ ਹੈ। ਤਾਂ ਮਾਲਕ ਦਾ ਹੀ ਬਣਾਇਆ ਮਨ ਜੋ ਸੰਸਾਰਕ ਪਦਾਰਥ ਮਾਇਆ–'ਮਨ' ਦੀ ਦੇਣ ਹੈ। ਪ੍ਰਭੂ ਇਧਰੋਂ ਮੋੜ ਕੇ ਮਨ ਨੂੰ ਸ਼ਬਦ ਸੁਰਤ ਵਿਚ ਜੋੜ ਕੇ, ਪ੍ਰਭੂ - ਭਗਤੀ ਵਿਚ ਲਾ ਲੈਂਦਾ ਹੈ। ਗੁਰੂ ਤੋਂ ਬਿਨਾਂ ਮਨ ਦਾ ਤਾਕ ਨਹੀਂ ਉਘੜਦਾ। ਤਾਂ ਤੇ ਗੁਰੂ ਧਾਰਨਾ ਜ਼ਰੂਰੀ ਹੈ। ਫਿਰ ਉਸ ਦਾ ਬਚਨ, ਉਪਦੇਸ਼, ਸ਼ਬਦ, ਬਾਣੀ ਸੱਚ ਜਾਣ ਕੇ 'ਗੁਰਮੰਤ੍ਰ ਹਿਰਦੇ ਧਾਰ' ਹਿਰਦੇ ਵਿਚ ਸੱਚ ਮੰਤ੍ਰ ਨੂੰ ਧਾਰਨ ਕਰ ਸਬਦ ਦੀ ਕਮਾਈ ਅਰਾਧਨਾ ਕਰਨ ਤੇ ਪ੍ਰਭੂ ਮਿਲਾਪ ਦੇ ਮਾਰਗ ਨੂੰ ਅਪਣਾ ਲੈਂਦਾ ਹੈ। ਪਰ ਵਾਹਿਗੁਰੂ ਦੀ ਖੇਡ ਨੂੰ ਕੋਈ ਵਿਰਲਾ ਗੁਰਮੁਖ, ਜਿਸ ਤੇ ਉਹ ਆਪ ਕ੍ਰਿਪਾ ਕਰੇ, ਹੀ ਬੁੱਝ ਸਕਦਾ ਹੈ।

ਗੁਰਮਤਿ ਵਿਰਲਾ ਬੂਝੈ ਕੋਇ ॥ [ਗਉੜੀ ਮ: ੩ ਪੰ: ੧੬੧

ਚੇਟਕੀ ਸਾਧ ਨੇ ਰਿੱਧ - ਸਿੱਧ ਵਿਖਾਉਣੀ

ਇਕ ਚੇਟਕੀ ਸਾਧੂ–ਭਾਈ ਮਨੀ ਸਿੰਘ ਜੋ ਭਾਈ ਕੇ ਦਿ ਆਲਪੁਰੇ ਦਾ ਸੀ, ਉਸ ਨੇ ਚੇਟਕੀ ਸਾਧਾਂ ਦੀ ਸੰਗਤ ਤੋਂ ਅਜਿਹੀ ਵਿਦਿਆ (ਰਿੱਧੀ ਸਿੱਧੀ) ਸਿੱਖ ਲਈ ਤੇ ਨਾਟਕਾਂ ਚੇਟਕਾਂ ਵਿਚ ਪੈ ਕੇ ਲੋਕਾਂ ਨੂੰ ਭੁਮਾਉਣਾ, ਉਨ੍ਹਾਂ ਨੂੰ ਮਗਰ ਲਾਉਣਾ ਤੇ ਆਪਣੀ ਪ੍ਰਭਤਾ ਦੀ ਭੁੱਖ ਦੇ ਮਾਰੇ ਸਿੱਖ ਲਈ। ਨਾ ਜਾਣੇ ਅਜਿਹੇ ਪੁਰਸ਼ ਅਜੇਹੀ ਚੇਟਕੀ ਧੰਦਿਆਂ ਨੂੰ ਗ੍ਰਹਿਣ ਕਰ ਲੈਂਦੇ ਹਨ। ਹੈਰਾਨੀ ਹੁੰਦੀ ਹੈ ਕਿ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਲਾਏ ਪੰਥ - ਮਾਰਗ ਸਿੱਖੀ ਘਰ ਵਿਚ ਜਨਮ ਲੈ ਕੇ ਭਟਕਣਾ ਤੇ ਅਮੋਲਕ ਜੀਵਨ ਨੂੰ ਕੁਰਾਹੇ ਪਾਉਣਾ ਮੰਦ - ਭਾਗੀ ਹੀ ਹੋ ਸਕਦਾ ਹੈ। ਨਾ ਜਾਣੇ ਅਜਿਹੇ ਪੁਰਸ਼ਾਂ ਅੰਦਰ ਗੁਰਬਾਣੀ ਕਿਉਂ ਨਹੀਂ ਵੱਸਦੀ।

ਇਹਨਾਂ ਪੁਰਸ਼ਾਂ ਨੂੰ ਗੁਰਬਾਣੀ ਤੇ ਟੇਕ ਨਹੀਂ, ਭਰੋਸਾ ਨਹੀਂ, ਵਿਸ਼ਵਾਸ ਨਹੀਂ। ਤਾਂ ਹੀ ਤੇ ਜੀਵ 'ਸਿੱਖ ਸ਼੍ਰੇਣੀ' ਘਰ ਵਿਚ ਜਨਮ ਲੈ ਕੇ ਕਿਉਂ ਕਿਤੇ ਹੋਰ ਦੀ ਚਾਟ ਵਿਚ ਫਸ ਜਾਂਦਾ ਹੈ। ਹੋਰ ਧਰਮਾਂ ਨੂੰ ਅਪਣਾ ਕੇ ਭੀ ਜੇ ਗੁਰਬਾਣੀ ਰਾਹੀਂ ਹੀ ਕਿਸੇ ਮਸਲੇ ਨੂੰ ਸਿਧ ਕਰਨਾ ਹੈ, ਜਿਵੇਂ ਨਿਰੰਕਾਰੀ, ਰਾਧਾ ਸਵਾਮੀ ਜਾਂ ਹੋਰ ਕਈ ਸ਼੍ਰੇਣੀਆਂ ਹਨ। ਤਾਂ ਫਿਰ ਜੋ ਜੀਵ ਗੁਰਬਾਣੀ ਦੀ ਖੋਜ, ਸਮਝ ਤੇ ਅਮਲ ਹੀ ਕਰੇ ਤਾਂ ਫਿਰ– ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥ ੧੫੮ ॥

[ਸਲੋਕ ਕਬੀਰ, ਪੰਨਾ ੧੩੭੨

ਗਲਤੀ ਜੀਵ ਦੀ ਤੇ ਦੋਸ਼ੀ ਸਤਿਗੁਰੂ ? ਕਿਉਂ ? ਮੱਤ ਬੁੱਧ ਤਾਂ ਸਾਡੀ ਕੰਮ ਨਾ ਕਰੇ। ਜੇ ਇਨਸਾਨ ਗੁਰਬਾਣੀ ਪੜ੍ਹੇ, ਸੁਣੇ, ਖੋਜੇ ਅਤੇ ਉਸ ਤੇ ਵਿਸ਼ਵਾਸ ਕਰ ਕੇ ਅਮਲ ਕਰੇ (ਪ੍ਰੈਕਟੀਕਲ ਕਰੇ) ਫਿਰ ਵੇਖੇ ਜੋ ਉਹ ਚਾਹੁੰਦਾ ਹੈ, ਮਿਲਦਾ ਹੈ ਕਿ ਨਹੀਂ ?

ਕਿਉਂਕਿ ਗੁਰਮਤਿ ਅਨੁਸਾਰ–

ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭੁ ਲੋਗਨ ਕੈ ਆਵਤ ਲਾਜਾ ॥ [ਪਾ: ੧੦

ਪ੍ਰਭੂ - ਲੋਕ (ਭਗਤ ਸਾਧ ਸੰਤਾਂ) ਨੂੰ ਸਗੋਂ ਅਜਿਹੇ ਪੁਰਸ਼ ਜੋ ਨਾਟਕ ਚੇਟਕ ਆਦਿ ਕੁਕਾਜ ਕਰਮ, ਸਾਧ-ਬਾਣਾ ਪਹਿਣ ਕੇ ਤੇ ਰਿੱਧੀ ਸਿੱਧੀ ਪ੍ਰਾਪਤ ਕਰਦੇ ਹਨ, ਉਹਨਾਂ ਦੇ ਅਜੇਹੇ ਕੁਕਾਜ ਕੰਮਾਂ ਤੇ ਲੱਜਤ ਹੁੰਦੇ ਹਨ। ਪ੍ਰਭੂ ਲੋਗ (ਭਗਤ) ? ਕਿਉਂਕਿ ਗੁਰਬਾਣੀ ਦਾ ਫੁਰਮਾਨ ਤਾਂ–

ਰਿਧਿ ਸਿਧਿ ਅਵਰਾ ਸਾਦੁ ॥ (ਜਪੁਜੀ) ਹਾਂ ਇਸੇ ਤਰਾਂ ਹੀ–

'ਰਿਧਿ ਸਿਧਿ ਨਾਵੈ ਕੀ ਦਾਸੀ' ਅਤੇ–

ਰਿਧਿ ਸਿਧਿ ਸਭ ਭਗਤਾ ਚਰਨੀ ਲਾਗੀ, ਗੁਰ ਕੈ ਸਹਜਿ ਸੁਭਾਈ ॥੨॥ [ਸੋਰਠਿ ਮ:੩–੬੩੭

ਨਾਮ ਦੀ ਦਾਸੀ ਜਾਣ ਕੇ ਪ੍ਰਭੂ ਲੋਕ (ਭਗਤ) ਇਸ ਨਾਲ ਪ੍ਰੀਤੀ ਨਾਲ ਨਹੀਂ ਲਾਉਂਦੇ। ਉਹ ਸਿੱਧੇ ਪ੍ਰਭੂ ਭਗਤੀ (ਨਾਮ ਸਿਮਰਨ) ਕਰਦੇ ਹਨ। ਜਿਵੇਂ ਹਾਥੀ ਦੇ ਪੈਰ ਵਿਚ ਸਾਰੇ ਪੈਰ ਆ ਸਮਾਉਂਦੇ ਹਨ, ਇੰਵੇਂ ਹੀ ਨਾਮ ਸਿਮਰਨ ਕਰਨ ਵਾਲੇ ਪੁਰਸ਼ ਅੰਦਰ ਇਹ ਸਭ ਕੁਝ–ਰਿੱਧ - ਸਿੱਧ ਆਦਿ ਆ ਜਾਂਦੇ ਹਨ ਉਹ ਇਨ੍ਹਾਂ ਵਿਚ ਭਰਮਦਾ ਨਹੀਂ)।

ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥ [ਗਉੜੀ ਮ: ੫,–੧੮੬

ਸਭ ਤਰ੍ਹਾਂ ਦੇ ਭੰਡਾਰ (ਖਜ਼ਾਨੇ) ਉਹਨਾਂ ਅੰਦਰ ਸਮੋ ਜਾਂਦੇ ਹਨ।

ਇਸ ਚੇਟਕੀ ਸਾਧ ਨੇ ਸਾਧ ਬਣ ਕੇ ਸਿੱਧੇ ਮਾਰਗ ਨੂੰ ਛੱਡ ਕੇ ਅਪੁੱਠੇ ਮਾਰਗ ਨੂੰ ਅਪਣਾ ਲਿਆ ਹੋਇਆ ਸੀ। ਜਿਵੇਂ ਮਾਧੋ ਦਾਸ ਬੈਰਾਗੀ (ਬੰਦੇ ਬਹਾਦਰ) ਨੇ ਇਹ ਚੇਟਕੀ ਰਸਤਾ ਅਖਤਿਆਰ ਕਰ ਲਿਆ ਸੀ। ਪਰ ਉਸ ਨੇ ਪੂਰੇ ਸਤਿਗੁਰੂ ਜੀ ਦੀ ਪਰਖ ਕਰਨੋਂ ਭੀ ਸੰਕੋਚ ਨਾ ਕੀਤਾ। ਕਿਉਂਕਿ ਉਹ ਗਿਆਨ ਮਾਰਗ ਤੋਂ ਵੰਚਿਤ ਹੋ ਚੁਕਾ ਸੀ, ਪ੍ਰਭੂ ਸ਼ਕਤਿ ਵਿਤੰਡ ਰਿੱਧ ਸਿੱਧ ਨੇ ਇਥੇ ਹੀ ਖੜਾ ਕਰ ਦਿਤਾ ਸੀ ਕਿ ਪੱਗ ਲਾਹੋ, ਪੱਤ ਲੁੱਟੋ। ਅਤੇ ਉਹ ਆਪਣੀ ਮਾਨ ਵਡਿਆਈ ਦੀ ਦਲ ਦਲ ਵਿਚ ਫੱਸ ਗਿਆ ਹੋਇਆ ਸੀ। ਪਰ ਬਖਸ਼ਸ਼ਾਂ ਦੇ ਮਾਲਕ ਸਤਿਗੁਰਾਂ ਦੀ ਮਿਹਰ ਨਾਲ ਅਸਲ ਬੰਦੇ ਦੇ ਕਰਮਾਂ ਵਲ ਮੋੜਕੇ ਝੂਠੀ ਮਾਣ ਵਡਿਆਈ ਦੀ ਬਜਾਇ ਸੱਚੀ ਸੋਭਾ ਵਲ ਪ੍ਰੇਰਤ ਕਰ ਕੇ ਉਸ ਨੂੰ ਇਸ ਨਾਟਕੀ ਜਿੱਲਣ ਤੋਂ ਬਚਾਅ ਲਿਆ।

ਨਾਟਕੀ ਸਾਧੂ ਦਾ ਚੇਟਕ ਵਿਖਾਉਣਾ

ਇਸੇ ਤਰ੍ਹਾਂ ਇਹ ਚੇਟਕੀ ਸਾਧੂ ਫਿਰਦਾ ਫਿਰਾਂਦਾ, ਅਜਿਹੇ ਨਾਟਕ ਚੇਟਕਾਂ ਰਾਹੀਂ ਸੰਸਾਰੀ ਜੀਵਾਂ ਨੂੰ ਭਰਮਾਉਂਦਾ ਹੋਇਆ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਪਹੁੰਚ ਗਿਆ। ਏਥੇ ਭੀ ਇਸ ਨੇ ਬਾਬਾ ਨਿਧਾਨ ਸਿੰਘ ਜੀ ਦੇ ਡੇਰੇ ਜਾ ਕੇ ਲੱਡੂਆਂ ਦੇ ਅੰਬਾਰ ਲਾ ਦਿਤੇ। ਜੇਬਾਂ ਚੋਂ ਕੱਢ ਕੱਢ ਕੇ ਲੱਡੂ ਰੱਖੀ

ਗਿਆ। ਬੜੀ ਪ੍ਰਭਤਾ ਮਿਲੀ, ਸਭ ਧੰਨ ਧੰਨ ਕਹਿਣ ਲੱਗ ਪਏ। ਅਨਜਾਣ ਲੋਕ ਮਿੱਢਤਾਂ ਕਰਦੇ ਹੋਏ ਭੇਡ ਚਾਲ ਵਾਂਗ ਮਗਰ ਲੱਗ ਤੁਰੇ।

ਚੇਟਕੀ ਦਾ ਮਾਤਾ ਜੀ ਦੇ ਅਸਥਾਨ ਤੇ ਪੁੱਜਣਾ

ਪਰ ਸੋਨੇ ਦੇ ਸੱਚ ਦਾ ਨਿਖਾਰ (ਪਰਖ)ਤਾਂ ਸੁਨਿਆਰੇ ਪਾਸ ਜਾਂ ਜੌਹਰੀ ਪਾਸ ਜਾ ਕੇ ਲੱਗਦਾ ਹੈ ਕਿ ਇਹ (ਸੋਨਾ ਜਾਂ ਮੋਤੀ) ਸੱਚਾ ਭੂਠਾ ਹੈ ਜਾਂ ਸੱਚਾ ਹੈ। ਬੜੇ ਫ਼ਖਰ ਨਾਲ, ਕੁਝ ਮਗਰ ਲੱਗੂ ਬੇਸਮਝ ਲੋਕ, ਝੋਲੀ ਚੁੱਕ ਨਾਲ ਹਨ, ਸਾਧੂ ਦਾ ਪੈਰ ਧਰਤੀ ਤੇ ਨਹੀਂ ਟਿੱਕ ਰਿਹਾ। ਉਹ ਬਾਹਾਂ ਉਲਾਰ ਕੇ ਆਪਣੇ ਲੰਮੇ ਚੋਲੇ ਨੂੰ ਫੈਲਾਉਂਦਾ ਹੋਇਆ, ਹੱਥ ਵਿਚ ਸੋਨੇ ਦੀਆਂ ਸੰਮਾਂ ਚੜ੍ਹਿਆ ਇਕ ਡੰਡਾ, ਹੱਥਾਂ ਦੀਆਂ ਸਭ ਉਂਗਲੀਆਂ ਤੇ ਸੋਨੇ ਦੀਆਂ ਛਾਪਾਂ ਪਾਈਆਂ ਹਨ। ਗਲ ਵਿਚ ਰੇਸ਼ਮੀ ਚੋਲਾ ਤੇ ਮੋਢੇ ਤੇ ਚਾਦਰ ਹੈ ਅਤੇ ਪੈਰੀਂ ਭਰਵੀਂ ਕੱਢੀ ਤਿਲੇਦਾਰ ਜੁੱਤੀ ਪਹਿਨੀ ਹੈ। ਅਜਿਹਾ ਚੇਟਕੀ ਵੇਸ, ਜੋ ਹਰ ਕਿਸੇ ਨੂੰ ਭਰਮਾਉਣ ਵਾਲਾ ਸੀ। ਉਹ ਚੇਟਕੀ ਸਾਧ ਅਜ ਜਗਤ ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਤੇ ਚੇਲਿਆਂ ਨਾਲ ਪੁੱਜ ਗਿਆ।

ਬਾਬਾ ਜੀ ਨੇ ਆਪਣੇ ਨਿਯਮਾਂ ਮੁਤਾਬਕ ਉਸ ਦਾ ਆਓ ਭਗਤ ਸਤਿਕਾਰ ਕੀਤਾ। ਲੰਗਰ, ਜਲ ਪਾਣੀ ਛਕਾਇਆ। ਉਸ ਸਾਧੂ ਦੀ ਨਾਟਕੀ ਦਸ਼ਾ ਜਾਣਦੇ ਹੋਏ ਭੀ ਬਾਬਾ ਜੀ ਚੁੱਪ ਸਨ।

ਚੇਟਕੀ ਸਾਧ ਦਾ ਨਾਟਕੀ ਖਿਆਲ

ਉਹ ਚੇਟਕੀ ਸਾਧੂ (ਮਨੀ ਸਿੰਘ) ਬਾਬਾ ਜੀ ਦੀ ਅਵੱਸਥਾ ਨਾ ਜਾਣ ਸਕਿਆ। ਉਸ ਨੇ ਇਹ ਹੀ ਸਮਝਿਆ ਕਿ ਆਮ ਨਿਹੰਗ ਸਿੰਘ ਸੁੱਖੇ - ਪੀਣੇ ਹੀ ਹੁੰਦੇ ਹਨ। ਇਹਨਾਂ ਵਿਚ ਕਮਾਈ ਕਰਨ ਵਾਲਾ ਪੁਰਸ਼ ਕਿਥੇ ? ਇਹਨਾਂ ਨੂੰ ਅੱਜ ਅਜਿਹੇ ਚੰਗੇ ਚੰਗੇ ਪਦਾਰਥ ਛਕਾਓ, ਇਹ ਖੁਸ਼ ਹੋਣਗੇ। ਜਿਹੜੇ ਪਦਾਰਥ ਇਹਨਾਂ ਕਦੇ ਖਾਧੇ ਨਹੀਂ ਹੋਣੇ।

ਲੰਗਰ ਛੱਕਣ ਤੇ ਅਨੁਭਵਤਾ

ਪਰ ਇਸ ਨੂੰ ਜੋ ਲੰਗਰ ਦੇ ਛੱਕਣ ਨਾਲ ਛੱਤੀ ਪ੍ਰਕਾਰ ਦੇ ਭੋਜਨਾਂ ਦਾ ਸੁਆਦ ਆ ਰਿਹਾ ਸੀ। ਉਸ ਤੋਂ ਭੀ ਉਸ ਨੂੰ ਆਪਣੀ 'ਹਉ ਪ੍ਰਭਤਾ' ਨੇ ਇਹ ਅਨੁਭਵ ਨਾ ਹੋਣ ਦਿਤਾ ਕਿ ਇਥੇ ਭੀ ਸਤਿਗੁਰੂ ਦੀ ਬਖਸ਼ਸ਼ਾਂ ਦੇ ਪਾਤਰ ਸੇਵਾਦਾਰ ਹਨ।

ਇਸ ਚੇਟਕੀ ਸਾਧ ਨੇ ਸਭ ਨੂੰ ਚਕ੍ਰਿਤ ਕਰਨ ਵਾਲੀ ਖੇਡ ਖੇਡਣੀ ਸ਼ੁਰੂ ਕਰ ਦਿਤੀ ਅਤੇ ਆਪਣੇ ਝੋਲੇ ਵਿਚੋਂ ਹੀ ਅਨੇਕ ਪ੍ਰਕਾਰ ਦੀਆਂ ਮਠਿਆਈਆਂ ਦੇ ਬੁੱਕ ਭਰ ਭਰ ਵੰਡਣ ਲੱਗ ਪਿਆ।

ਬਾਬਾ ਜੀ ਇਸ ਖੇਡ ਨੂੰ ਗੁਰਮਤਿ ਦੇ ਉਲਟ ਜਾਣ ਕੇ, ਇਹ ਜੋ ਕੁਝ ਸਾਧੂ ਕਰ ਰਿਹਾ ਸੀ, ਚੰਗਾ ਨਾ ਸਮਝਿਆ, ਇਸ ਤਰਾਂ ਇਸ ਚੇਟਕੀ ਦਾ ਗੁਰਮਤਿ ਦੇ ਉਲਟ ਸਿੰਘਾਂ ਵਿਚ ਅਜਿਹਾ ਗਲਤ ਪ੍ਰਭਾਵ ਪਾਣਾ ਠੀਕ ਨਹੀਂ? ਗੁਰੂ ਵਿਸ਼ਵਾਸ ਤੋਂ ਹੀਣੇ ਕਰਨਾ ਕਿਸੇ ਦੇ ਮਨ ਤੇ ਉਲਟਾ ਪ੍ਰਭਾਵ, ਜੋ ਗੁਰਮਤਿ

ਮਾਰਗ ਤੋਂ ਉਖਸਾਣ ਦੇ ਚੇਟਕ ਕਰ ਕੇ ਬਿੜਕਾਉਣਾ ਹੈ। ਉਸ ਸਾਧੂ ਦੀ ਅਜਿਹੀ ਕਰਤੂਤ ਬਾਬਾ ਜੀ ਨੂੰ 'ਪੂਤ ਲੱਗਨ ਕੈ ਆਵਤ ਲਾਜਾ' ਭਾਸਦਾ ਸੀ ਤੇ ਅਜਿਹਾ ਇਸ ਅਸਥਾਨ ਤੇ ਕਰਾਮਾਤ ਦਾ ਵਿਖਾਉਣਾ ਭੀ ਤਾਂ ਉੱਚਿਤ ਨਹੀਂ ਸੀ ?ਜੇ ਕਰਾਮਾਤ ਨਾਲ ਡੇਰਾ (ਅਸਥਾਨ) ਵਸਾਉਣਾ ਹੁੰਦਾ, ਤਾਂ ਬਾਬਾ ਜੀ ਪਾਸ ਅਜਿਹੀਆਂ ਰਿੱਧੀਆਂ ਸਿੱਧੀਆਂ ਕਰਾਮਾਤਾਂ ਦੀ ਕੀ ਘਾਟ ਸੀ। ਪਰ ਇਹ ਤਾਂ ਸਭ ਗੁਰਮਤਿ ਦੇ ਵਿਰੁਧ ਮਨਮਤਿ ਦਾ ਰਸਤਾ ਸੀ। ਗੁਰੂ ਕੇ ਹੁਕਮ, ਭਾਣਾ, ਰਜ਼ਾ ਵਿਚ ਰਹਿਣਾ ਹੀ, ਗੁਰੂ ਬਖਸ਼ਸ਼ ਤੇ ਮਿਹਰ ਦੇ ਪਾਤਰ ਬਣ ਕੇ ਸਤਿਗੁਰੂ ਤੋਂ ਸਰਬ ਨਿਧਾਨ (ਸਾਰਿਆਂ ਖਜ਼ਾਨਿਆਂ) ਦੀ ਪ੍ਰਾਪਤੀ ਕਰ ਲੈਣ ਤੇ ਦਯਾ, ਧਰਮ, ਸਤਿ, ਸੰਤੋਖ, ਸਬਰ ਅਤੇ ਸ਼ੁਕਰ ਵਿਚ ਸ਼ਾਂਤਿ - ਅਨੰਦ ਚਿੱਤ ਰਹਿਣਾ ਹੀ ਗੁਰਸਿੱਖੀ ਦਾ ਅਸਲ ਸਿਧਾਂਤ ਹੈ।

ਉਦਾਹਰਣਾਂ-- ਕੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੇ ਕਰਾਮਾਤਾਂ ਜਾਂ ਰਿੱਧ ਸਿੱਧ ਨਾਲ ਰਾਹੁੰਦੇ, ਤਾਂ ਸਾਰੇ ਸੰਸਾਰ ਨੂੰ ਵਸੀਕਰਣ ਕਰ ਕੇ ਇਕ ਹੀ ਪੰਥ ਚਲਾ ਸਕਦੇ ਸਨ। ਕਿਉਂ ਉਹਨਾਂ ਵਲੀ ਕੰਧਾਰੀ ਦੇ ਪੱਥਰ ਦੀ ਮਾਰ ਹੇਠਾਂ ਆਉਣਾ ਸੀ ? ਕਿਉਂ ਉਹਨਾਂ ਮੱਕੇ ਦੇ ਸ਼ਰੀਅਤ ਵਿਚ ਗਲਤਾਨ ਕਾਜ਼ੀ ਪਾਸੋਂ 'ਟੰਗੋ ਪਕੜ ਖਸੀਟਿਆ' ਲੱਤਾਂ ਘਸੀਟ ਕਰਵਾਉਣੀਆਂ ਸਨ ? ਆਪ ਮਰਦਾਨੇ ਨੂੰ ਭੇਡੂ ਬਣਾਉਣ ਵਾਲੀਆਂ ਜਾਦੂਗਰਨੀਆਂ ਤੋਂ ਜਾਦੂ ਕਰਾਮਾਤ ਖਿੱਚ ਸਕਦੇ ਸਨ।

ਕਿਆ ਗੁਰੂ ਗੋਬਿੰਦ ਸਿੰਘ ਜੀ ਦਸਮ ਪਿਤਾ, ਦਸ ਲੱਖ ਦੀ ਫੌਜ ਨੂੰ ਇਕ ਪਲ ਵਿਚ ਭਸਮ ਨਹੀਂ ਸਨ ਕਰ ਸਕਦੇ ? ਕੀ ਲੋੜ ਸੀ ਉਨ੍ਹਾਂ ਨੂੰ ਆਪਣੇ ਬੱਚੇ ਤੇ ਸਿੰਘ ਸ਼ਹੀਦ ਕਰਵਾਉਣ ਦੀ ? ਨਾਸਤਕ ਸਾਲ ਤਾਂ ਕਰਦੇ ਹਨ ! ਪਰ ਉਹ ਇਹ ਨਹੀਂ ਸਮਝ ਪਾਏ ਕਿ ਪ੍ਰਭੂ ਮਿਸ਼ਨ ਰਸਤਾ (ਮਾਰਗ) ਦੀ ਪੜ੍ਹਾਈ ਹੀ ਕੇਵਲ ਹੁਕਮ, ਰਜ਼ਾ ਤੇ ਹੀ ਅਧਾਰਤ ਹੈ, ਆਪਣੀ ਕਰਨੀ ਤੇ ਨਹੀਂ ਉਹ ਮਾਲਕ ਦੇ ਹੁਕਮ ਤੇ ਰਜ਼ਾ ਵਿਚ ਰਹਿ ਕੇ ਜੋ ਅਨੰਦ ਰਸ ਮਾਣਦੇ ਹਨ ! ਜਿਸ ਨਾਲ ਪ੍ਰਭੂ (ਮਾਲਕ ਨਾਲ) ਸੰਧੀ ਪਿਆਰ ਪ੍ਰੇਮ ਬਣਿਆ ਰਹਿੰਦਾ ਹੈ। ਉਲਟੇ ਕਰਾਮਾਤੀ, ਚੇਟਕੀ ਬਣ ਕੇ ਵਾਹਿਗੁਰੂ ਦੇ ਹੁਕਮ ਰਜ਼ਾ ਦੀ ਉਲੰਘਣਾ ਕਰ ਕੇ ਪ੍ਰਭੂ ਤੋਂ ਨਾ ਬਖਸ਼ਸ਼ਾਂ ਤੇ ਨਾ ਹੀ ਮੁਕਤੀ ਦੀ ਪ੍ਰਾਪਤੀ ਕਰ ਸਕਦਾ ਹੈ। ਨਾਟਕੀ ਬੰਦਾ ਪ੍ਰਭੂ ਸ਼ਕਤਿ ਤੋਂ ਅੱਗੇ ਲਈ ਵੰਚਿਤ ਹੋ ਬੈਠਦਾ ਹੈ। ਰਜ਼ਾ ਤੇ 'ਹੁਕਮੀ ਦੇ ਹੁਕਮ' ਵਿਚ ਚੱਲਣ ਵਾਲਾ ਪ੍ਰਭੂ ਪ੍ਰਸੰਨਤਾ ਬਖਸ਼ਸ਼ਾਂ ਦਾ ਪਾਤਰ ਹੀ ਨਹੀਂ ਬਣਦਾ, ਸਗੋਂ ਜਨਮ ਮਰਨ ਦੇ ਸਦੀਵੀ ਦੁਖੜਿਆਂ ਤੋਂ ਭੀ ਨਿਜਾਤ (ਖਲਾਸੀ) ਪਾ ਲੈਂਦਾ ਹੈ। ਅਤੇ ਬੇ - ਗਮ ਪੁਰੇ ਸਹਿਰ ਦਾ ਵਾਸੀ ਹੋ ਕੇ ਸਦਾ ਖੁਸ਼ੀਆਂ ਮਾਣਦਾ ਹੈ।

ਬਾਬਾ ਜੀ ਨੇ ਚੇਟਕੀ ਨੂੰ ਵਰਜਿਤ ਕਰਨਾ

ਇਸ ਅਸਥਾਨ ਦੀ ਮਰਯਾਦਾ ਦਾ ਉਲੰਘਣ ਤੇ ਚੇਟਕੀ ਸਾਧ ਦਾ ਕਰਤੱਵ, ਉਸ ਦੇ ਅਸਰ ਨੂੰ ਸਦਾ ਲਈ ਉਸ ਵਿਚੋਂ ਦੂਰ ਕਰ ਕੇ ਸਿਧੇ ਮਾਰਗ ਨੂੰ ਦਰਸਾਉਣ ਲਈ ਬਾਬਾ ਮਿੱਤ ਸਿੰਘ ਜੀ ਮਿਹਰ ਵਿਚ ਆ ਗਏ ਤੇ ਪਾਸ ਖੜੇ ਭਾ: ਪ੍ਰਤਾਪ ਸਿੰਘ ਜੀ (ਉਰਫ ਮਹਿਤਾਬ ਸਿੰਘ ਜੀ) ਜੋ ਕਿ ਦਸ ਬਾਰਾਂ ਸਾਲ ਤੋਂ ਇਥੇ ਦਰਜ਼ੀ ਦੀ ਸੇਵਾ ਕਰ ਰਹੇ, ਨੂੰ ਬਾਬਾ ਜੀ ਨੇ ਕਿਹਾ–ਜਾਓ ਅਤੇ ਇਸ ਸਾਧੂ ਨੂੰ ਕਹੋ ਕਿ ਸਿੰਘ ਨੂੰ ਅਜਿਹਾ ਕਰਨਾ ਸੋਭਦਾ ਨਹੀਂ। ਨਾਲ ਇਹ ਅਸਥਾਨ ਮਹਾਂ ਕਾਲ ਦੀ ਸ਼ਕਤੀ ਜਗਤ-ਮਾਤਾ–

ਮਾਤਾ ਸਾਹਿਬ ਕੌਰਾਂ ਜੀ ਦਾ ਹੈ। ਸਮਝ ਲੈ, ਸੋਚ ਲੈ, ਕਿਧਰੇ ਵਸਤ ਸੌਦਾ ਬਿਖਰ ਨਾ ਜਾਵੇ ਅਤੇ ਤੈਨੂੰ ਫਿਰ ਪਛਤਾਉਣਾ ਨਾ ਪਵੇ।

ਭਾਈ ਪ੍ਰਤਾਪ ਸਿੰਘ ਜੀ– (ਨੇ ਕੋਲ ਜਾ ਕੇ ਕਿਹਾ ਕਿ) ਬਾਬਾ ਜੀ ਕਹਿ ਰਹੇ ਹਨ ਕਿ ਇਹ ਕਾਰਜ ਸਿੰਘਾਂ ਨੂੰ ਸੋਭਦਾ ਨਹੀਂ, ਸੋ ਲੱਡੂ ਵੰਡਣੇ ਛੱਡ ਦਿਓ।

ਚੇਟਕੀ ਸਾਧ ਸਗੋਂ ਹਉਮੈ ਵਿਚ ਗ੍ਰਸਿਆ ਤੇ ਆਪਣੀ ਸ਼ਕਤੀ ਦੇ ਮਾਣ ਵਿਚ ਬਾਬਾ ਜੀ ਦਾ ਬਚਨ ਸੁਣਿਆ ਅਣਸੁਣਿਆ ਕਰ ਕੇ ਹੋਰ ਬੁੱਕ ਭਰ ਭਰ ਵੰਡੀ ਗਿਆ। ਬਾਬਾ ਜੀ ਜੋ ਪੁਰਾਣੇ ਲੰਗਰ ਦੇ ਪਾਸ ਖੜੇ ਸਨ, ਉਸ ਸਾਧੂ ਦੇ ਕੋਲ ਪੁੱਜ ਗਏ।

ਬਾਬਾ ਜੀ–(ਸਾਧੂ ਅਜੇ ਕੁਝ ਦੂਰੀ ਤੇ ਲੱਡੂ ਵੰਡਦਾ ਹੀ ਪਿਆ ਸੀ ਤੇ ਬਾਬਾ ਜੀ ਪਾਸ ਪਹੁੰਚਣ ਹੀ ਵਾਲੇ ਸਨ) ਕਿ ਬਾਬਾ ਜੀ ਨੇ ਕਿਹਾ ਲਿਆ ਭਾਈ ਸਾਧਾ ਫਿਰ ਸਾਨੂੰ ਭੀ ਮਿਠਾਈਆਂ ਵਰਤਾ। ਤੂੰ ਸਾਡਾ ਬਚਨ ਤਾਂ ਨਹੀਂ ਮੰਨਿਆ। ਇਹ ਤਾਂ ਸਰਬ ਸ਼ਕਤੀਮਾਨ ਮਾਤਾ ਜੀ ਦਾ ਅਸਥਾਨ ਜਾਣ ਲੈਂਦੇ, ਤੁਸਾਂ ਸੱਚਖੰਡ ਤਖਤ ਦੀ ਮਾਨ ਮਰਯਾਦਾ ਦੀ ਮੁੱਖ ਨਹੀਂ ਰੱਖੀ ਸਗੋਂ ਉਥੇ ਭੀ ਸਤਿਗੁਰੂ ਸਰਬ ਸ਼ਕਤੀਮਾਨ ਮਾਨ ਅਗੇ ਆਪਣੇ 'ਮਾਨ' ਦਾ ਪ੍ਰਗਟਾਵਾ ਕੀਤਾ ਏ। ਹੁਣ ਪ੍ਰਭੂ - ਸ਼ਕਤਿ (ਜਗਤ ਮਾਤਾ) ਨੂੰ ਵੰਗਾਰ ਰਹੇ ਹੋ। ਸਿੱਖ ਨੂੰ ਅਜੇਹਾ ਕਰਨਾ ਸ਼ੋਭਦਾ ਨਹੀਂ। ਜਿਨ ਮਾਲਕ ਤੋਂ ਸ਼ਕਤੀ ਪ੍ਰਾਪਤ ਕਰੀਏ ਤੇ ਉਸ ਦੇ ਸਾਹਮਣੇ ਉਸ ਦਾ ਅਪਮਾਨ ਕਰੀਏ, ਆਪਾ ਜਤਾਈਏ, ਤਾਂ ਫਿਰ–

ਮਨਮੁਖ ਕਰਮ ਕਰੇ ਅਹੰਕਾਰੀ ॥ ਜੂਐ ਜਨਮ ਸਭ ਬਾਜੀ ਹਾਰੀ ॥
ਅੰਤਰਿ ਲੋਭ ਮਹਾ ਗੁਬਾਰਾ ਫਿਰਿ ਫਿਰਿ ਆਵਣ ਜਾਵਣਿਆ ॥੭॥ [ਮਾਝ ਮ: ੪–੧੩੦

ਮਾਨਸ ਦੇਹ ਦੀ ਹਾਰ ਹੋਣੀ ਹੈ। ਜੇ ਰਿੱਧੀ ਸਿੱਧੀ ਪ੍ਰਾਪਤ ਕਰ ਭੀ ਲਈ ਫਿਰ ਪ੍ਰਗਟਾਵਾ ਨਹੀਂ ਸੀ, ਕਰਨਾ। ਸਗੋਂ ਇਸ ਸ਼ਕਤੀ ਨੂੰ ਸੇਵਾ, ਸਿਮਰਨ ਤੇ ਪ੍ਰਉਪਕਾਰ ਲੇਖੇ ਲਾਉਣਾ ਸੀ, ਨਾ ਕਿ ਆਪੇ ਦਾ ਪ੍ਰਗਟਾਵਾ ਕਰ ਕੇ ਆਪੇ ਨੂੰ ਅਪਣੱਤ (ਮਾਨ ਵਡਿਆਈ) ਨੂੰ ਹੋਰ ਬਲ ਦੇਣਾ ਸੀ ? ਇਸ 'ਹਉ' ਦੇ ਰੋਗ ਨੂੰ ਤਾਂ ਖਤਮ ਕਰ ਕੇ ਪ੍ਰਭੂ ਪ੍ਰਾਪਤੀ ਕਰਨੀ ਸੀ। ਪਰ ਤੁਸੀਂ ਬਲ ਦੇ ਰਹੇ ਹੋ 'ਹਉਂ ਮੈਂ, ਮੇਰੀ' ਨੂੰ। ਜੇ 'ਮੈਂ ਮੇਰੀ' ਮਾਰ ਕੇ 'ਤੂੰ ਤੇਰਾ' ਦਾ ਭਾਵ ਵਸਾ ਲੈਂਦੇ ਤਾਂ ਕਦੀ ਭੀ ਅਜਿਹਾ ਨਾਟਕ ਨਾ ਖੇਡਦੇ! ਹੱਛਾ ! ਲਿਆਓ ਦਿਓ ਸਾਨੂੰ ਭੀ ਮਠਿਆਈ।

ਚੇਟਕੀ ਸਾਧ– ਬਾਬਾ ਜੀ ਦੇ ਅਜਿਹੇ ਬਚਨ ਸੁਣ ਪ੍ਰਭਾਵਤ ਤਾਂ ਬੜਾ ਹੋਇਆ, ਪਰ 'ਹਉਮੈਂ' ਦਾ ਰੋਗ (ਕੰਡਾ) ਅਜੇ ਭੀ ਉਸ ਦੇ ਅੰਦਰ ਰੜਕ ਰਿਹਾ ਸੀ, ਬੜੀ ਚੌੜ ਤੇ ਸ਼ੇਖੀ ਨਾਲ ਮਾਨਮੱਤੇ ਅੰਦਾਜ਼ ਨਾਲ, ਜਿਸ ਝੋਲੇ ਵਿਚੋਂ ਲੱਡੂ ਕੱਢ ਕੱਢ ਵਰਤਾ ਰਿਹਾ ਸੀ, ਬੁੱਕ ਪਾਇਆ, ਕਿੰਨਾ ਚਿਰ ਟਟੋਲਦਾ ਰਿਹਾ, ਪਰ ਮਠਿਆਈ ਦਾ ਬੁੱਕ ਨਾ ਭਰਿਆ। ਆਪਣੀ ਰਿੱਧ ਸਿੱਧ ਦੇ ਸਾਰੇ ਯਤਨ ਲਾ ਕੇ ਥੱਕ ਗਿਆ। ਆਖਰ ਗਲ ਵਿਚ ਪੱਲਾ ਪਾ ਕੇ, ਸਿਰ ਨਿਵਾ ਕੇ ਬਾਬਾ ਜੀ ਦੀ ਚਰਨੀਂ ਢਹਿ ਪਿਆ। ਬਾਬਾ ਜੀ! ਬਖਸ਼ ਲੈ–

ਮੈਂ ਕੀਤਾ ਨ ਜਾਤਾ ਹਰਾਮ ਖੋਰੁ ॥ ਹਉ ਕਿਆ ਮੁਹੁ ਦੇਸਾ ਦੁਸਟ ਚੋਰੁ ॥
[ਸਿਰੀਰਾਗੁ ਮ: ੧, ਪੰਨਾ ੨੬

ਮੇਰੀਆਂ ਹਉਮੈ ਦੀਆਂ ਸ਼ਕਤੀਆਂ ਨੇ ਮੈਨੂੰ ਆਪ ਜੀ ਦੀ ਪਹਿਚਾਣ ਨਹੀਂ ਹੋਣ ਦਿਤੀ। ਮੈਂ ਅੰਧਾ ਹੋਇਆ ਆਪਣੀ ਹੀ ਸ਼ਕਤੀ ਦਾ ਮੁਜ਼ਾਹਰਾ ਕਰਦਾ ਰਿਹਾ ਹਾਂ। ਆਪ ਜੀ ਦੇ ਮਿੱਠ - ਰਸ, ਅਮੋਲਕ ਬਚਨ ਭੀ ਮੇਰੀ ਚੇਟਕੀ ਬੁੱਧੀ ਅਨੁਭਵ ਨਾ ਕਰ ਸਕੀ, ਮੈਂ ਚੂੰਕਿ ਅੱਜ ਤਕ ਕਿਸੇ ਸਾਧੂ ਪਾਸੋਂ ਹਾਰ ਨਹੀਂ ਸੀ ਖਾਧੀ। ਜਿਸ ਕਰ ਕੇ ਮੈਂ ਆਪਣੀ ਸ਼ਕਤੀ ਵਿਚ ਮਖਮੂਰ (ਗੁਟ) ਹਉਮੈ' ਦੇ ਵਡੇ ਰੋਗ ਵਿਚ ਗ੍ਰਸਿਆ ਹੋਇਆ ਸਾਂ ਤੇ ਗੁਰੂ ਦੀ ਸ਼ਕਤੀ ਅਤੇ ਗੁਰੂ ਅਸਥਾਨਾਂ ਦੀ ਮਹਿਮਾਂ ਨੂੰ ਸਮਝਣ ਤੋਂ ਅਸਮਰਥ ਹੋ ਗਿਆ ਹੋਇਆ ਸਾਂ।

ਚੇਟਕੀ ਸਾਧੂ ਦਾ ਵੈਰਾਗ ਠੱਲਿਆ ਨਾ ਜਾਵੇ। ਉਹ ਭੁੱਬਾ ਮਾਰ ਮਾਰ ਕੇ ਰੋ ਰਿਹਾ ਸੀ। ਬਾਬਾ ਜੀ ! ਤੁਸਾਂ ਮੇਰੀਆਂ ਅੱਖਾਂ ਤੇ ਬੱਧੀਆਂ ਹਉਮੈ ਅਤੇ ਰਿੱਧ ਸਿੱਧ ਦੀ ਸ਼ਕਤੀ ਦੀਆਂ ਪੱਟੀਆਂ ਖੋਹਲ ਕੇ ਮੈਨੂੰ ਇਸ ਜੱਲਣ ਵਿਚੋਂ ਕੱਢਣ ਦਾ ਜੋ ਪਰਉਪਕਾਰ ਕੀਤਾ ਹੈ,ਉਸ ਲਈ ਮੈਂ ਤੁਹਾਡਾ ਸਦਾ ਲਈ ਰਿਣੀ ਹਾਂ। ਮੈਨੂੰ ਬਖਸ਼ ਲਓ, ਮੇਰੇ ਗੁਨਾਹ ਮੁਆਫ ਕਰ ਦਿਓ। ਮੇਰੀ ਗਲਤੀ ਨੂੰ ਖਿਮਾਂ ਕਰ ਦਿਓ। ਮੈਂ ਗੁਨਾਹਗਾਰ ਹਾਂ, ਪਾਪੀ ਹਾਂ।

ਅਜਿਹੀ ਖੇਡ ਇਸ ਦੇ ਨਾਲ ਆਈ ਸੰਗਤ ਤੇ ਹੋਰ ਸੰਗਤਾਂ ਅਤੇ ਡੇਰੇ ਦੇ ਸਿੰਘ (ਜੋ ਮਿਠਾਈਆਂ ਲੈ ਲੈ ਕੇ ਖੁਸ਼ ਹੋ ਰਹੇ ਸਨ) ਸਾਰੇ ਹੀ ਅਸਚਰਜ ਰਹਿ ਗਏ ਕਿ ਇਹ ਕੀ ਖੇਡ ਵਰਤੀ ਹੈ ? ਉਹ ਵੀ ਸਾਰੇ ਹੁਣ ਪਸਚਾਤਾਪ ਕਰ ਰਹੇ ਸਨ–ਬਾਬਾ ਜੀ ! ਸਾਨੂੰ ਬਖਸ਼ ਲਓ। ਅਸਾਂ ਸਾਰਿਆਂ ਨੇ ਹੀ ਭੁੱਲ ਕਰ ਲਈ ਹੈ।

ਬਾਬਾ ਜੀ– ਸਾਧੂ ਜਨਾ ਲੱਗ ਗਿਆ ਪਤਾ ਆਪਣੀ ਸ਼ਕਤੀ ਦਾ ? ਬੱਸ 'ਖੂਹ ਦੇ ਡੱਡੂ' ਵਾਂਗ ਤੁਸੀਂ ਸਮਝ ਚੁੱਕੇ ਸੀ ਕਿ ਏਨੀ ਸ਼ਕਤੀ ਮੈਂ ਹੀ ਪ੍ਰਾਪਤ ਕੀਤੀ ਹੈ। ਤੇ ਇਸੇ ਸ਼ਕਤੀ ਦਾ ਪ੍ਰਗਟਾਵਾ ਕਰ ਕਰ ਕੇ ਖਾਹ - ਮਖਾਹ ਲੋਕਾਂ ਨੂੰ ਗੁਰੂ ਮਾਰਗ (ਸੱਚ) ਤੋਂ ਮੋੜ ਕੇ ਇਸ ਗਲਤ ਰਸਤੇ ਤੇ ਪਾਉਂਦੇ ਰਹੇ ਹੋ। ਕੀ ਤੁਸੀਂ ਗੁਰੂ ਧਰੋਹੀ ਨਹੀਂ ? ਬਾਣਾ ਸਿੱਖੀ ਦਾ, ਤੇ ਪ੍ਰਚਾਰ ਮਨਮਤਿ ਦਾ, ਝੂਠ ਦਾ ? ਤੁਹਾਡੇ ਜੇਹੇ ਸਾਧੂ ਹੀ ਭੋਲੀ ਭਾਲੀ ਲੋਕਾਈ ਦੇ ਪੜਛੇ ਲਾਹ ਕੇ [ਲੁੱਟ ਲੁੱਟ ਕੇ] ਝੂਠੇ ਤਨ ਦੀ ਐਸ਼ ਇਸ਼ਰਤ ਕਰ ਕੇ, ਰੱਬ ਦੇ ਸੱਚੇ ਨਾਮ ਤੋਂ ਬੇਖਬਰ ਕਰ ਕੇ ਉਲਟ ਰਸਤੇ ਪਾ ਰਹੇ ਹਨ। ਅਤੇ ਨਿਰੰਕਾਰ ਤੋਂ ਸਦਾ ਬੇਮੁੱਖਤਾ ਦੇ ਰਾਹੇ ਪੈ ਕੇ ਜਨਮ ਗੰਵਾ ਰਹੇ ਸਨ।

ਹਾਂ, ਆ ਗਈ ਹੋਸ਼ ! ਕਿ ਜਗਤ ਮਾਤਾ ਦਾ ਅਸਥਾਨ ਬੇਅੰਤ ਸ਼ਕਤੀਆਂ ਦਾ ਭੰਡਾਰ (ਖਜ਼ਾਨਾ) ਜੇ ਅੱਖੀਆਂ ਖੁੱਲ੍ਹ ਗਈਆਂ ਹਨ, ਤਾਂ ਜਾਓ ਮਾਤਾ ਜੀ ਦੇ ਅਸਥਾਨ ਤੇ ਆਪਣੀ ਇਸ ਨਾਟਕੀ ਚੇਟਕੀ ਵਾਲੀ ਗਲਤੀ ਦੀ ਮਾਫੀ ਲਈ ਅਰਦਾਸ ਕਰੋ ਤੇ ਅੱਗੋਂ ਤੋਂ ਅਜਿਹੇ ਪਾਵਨ ਪਵਿਤਰ ਅਸਥਾਨਾਂ ਦੇ ਦਰਸ਼ਨ ਸਿੱਖੀ ਭਾਵਨਾ ਨਾਲ ਕਰਨ ਦੀ ਯਾਚਨਾ ਕਰੋ। ਅਤੇ ਜਗਤ ਮਾਤਾ ਤੋਂ ਸੱਚ ਸੁੱਚ ਦੀ ਸੋਝੀ, ਤੇ ਰਿੱਧ ਸਿੱਧ ਦਾਸੀ ਤੋਂ ਛੁੱਟਕਾਰਾ ਕਰਾ ਕੇ 'ਨਾਮ ਸ਼੍ਰੋਮਣ' ਦਾ ਦਾਤ ਦੀ ਬਖਸ਼ ਦੀ ਮੰਗ ਮੰਗੋ। ਮਾਤਾ ਜੀ ਆਪ ਜੀ ਦੇ ਪਵਿਤਰ ਮਾਰਗ ਤੋਂ ਭਟਕਿਆ ਮਨ (ਨਾਟਕੀ ਕਲਾ ਵਿਚ ਗ੍ਰਸਿਆ) ਇਹ ਭਾਵਨਾ ਖਤਮ ਕਰ ਕੇ ਗੁਰਸਿੱਖੀ ਮਾਰਗ ਦੀ ਸੋਝੀ ਬਖਸ਼ ਕੇ, ਗੁਰਮਤਿ ਆਸ਼ੇ ਅਨੁਸਾਰ ਗੁਬਾਣੀ ਦੇ ਉਪਦੇਸ਼ਾਂ ਤੇ

ਚੱਲਣ ਦਾ ਅਤੇ ਕਮਾਈ ਕਰਨ ਦਾ ਬਲ ਬਖਸ਼ੋ। ਸਾਧੂ ਦਾ ਸੰਗ, ਸੇਵਾ ਪਰਉਪਕਾਰ ਵਿਚ ਮਨ ਖੁੱਧੇ ਨੂੰ ਜੋੜੋ, ਸਦਾ ਬਖਸ਼ਿੰਦ ਮਾਂ ਪਾਸੋਂ ਝੋਲੀ ਅੱਡ ਕੇ ਖੈਰ ਮੰਗ ਲਵੋ। ਮਾਂ ਬੜੀ ਦਿਆਲੂ ਹੈ,ਕਰੋ ਅਰਦਾਸ ਜਗਤ ਮਾਤਾ ਪਾਸ, ਜਾਓ ! ਸੁਭਾਗੇ ਜਾਓ।

ਇਉਂ ਸਿਰ ਨਿਵਾਈ ਖੜੇ ਚੇਟਕੀ ਸਾਧ ਤੇ ਇਸ ਦੇ ਸੰਗੀ ਸਾਥੀ (ਮਗਰ ਲੱਗੂ ਚੇਲੇ) ਭੀ ਚੌਂਹ ਹੋ ਰਹੇ ਸਨ ਅਤੇ ਬਾਬਾ ਜੀ ਦੇ ਬਚਨ ਜੋ ਧੁਰ ਅੰਦਰ ਤਕ ਕਲੇਜੇ ਵਿਚ ਤਿੱਖੇ ਤੀਰ ਵਾਂਗ ਵਿੰਨ ਗਏ ਸਨ। ਉਹ ਚੇਟਕੀ ਸਾਧ ਬਖਸ਼ਸ਼ ਤੇ ਮਾਫੀ ਦੇ ਬਚਨ ਸੁਣ ਕੇ ਝੱਟ ਜਗਤ ਮਾਤਾ ਜੀ ਦੇ ਅਸਥਾਨ ਉੱਪਰ ਆਪਣੀ ਸੰਗਤ ਸਮੇਤ ਪਹੁੰਚ ਕੇ, ਨਮਸ਼ਕਾਰ ਕਰ ਕੇ, ਗਲ ਵਿਚ ਪੱਲਾ ਪਾ ਕੇ ਬਖਸ਼ਸ਼ਾਂ ਦੀ ਦਾਤ ਤੇ ਭੁੱਲ ਦੀ ਮਾਫੀ ਲਈ ਅਰਦਾਸ ਕੀਤੀ। ਨੇਤ੍ਰਾਂ ਵਿਚੋਂ ਜਲ ਵਹਿ ਰਿਹਾ ਹੈ ਅਤੇ ਗਲਾ ਘਿਗਿਆਉਂਦਾ ਡੁਸਕੇ ਭਰੀ ਆਵਾਜ਼ ਵਿਚ ਬੇਨਤੀ (ਅਰਦਾਸ) ਕਰ ਰਿਹਾ ਹੈ।

ਹਾਂ, ਜਦ ਜੀਵ ਨੂੰ ਗੁਰੂ ਪ੍ਰਮੇਸ਼ਵਰ ਕਿਰਪਾ ਕਰ ਕੇ ਉਸ ਦੀਆਂ ਭੁੱਲਾਂ ਦੀ ਜਾਣਕਾਰੀ ਦੇਂਦੇ ਹਨ ਤਾਂ 'ਮਨ ਵੈਰਾਗ ਭਇਆ'ਮਨ ਆਪਣੀ 'ਹਉਂ' ਦੀ ਹੇਠੀ ਨਹੀਂ ਸਮਝਦਾ। ਸਗੋਂ ਸੱਚ ਦੀ ਲੋਅ (ਰੋਸ਼ਨੀ) ਵਿਚ ਸ਼ਕਤੀਵਾਨ ਪ੍ਰਭੂ ਦੀ ਕਿਧਰੇ ਵਧੇਰੇ ਸ਼ਕਤੀ ਤੇ ਚੋਜ ਰੰਗ ਤਮਾਸ਼ੇ ਵੇਖਦਾ ਹੈ ਤਾਂ ਦ੍ਰੱਵ ਜਾਂਦਾ ਹੈ। ਵੈਰਾਗ ਹੀ ਇਸ ਦੀ ਪ੍ਰਭੂ ਯਾਦ ਦੀ ਮੁੱਢਲੀ ਸ਼ੁਰੂਆਤ ਹੈ।

ਵੈਰਾਗ ਦੋ ਪਰਕਾਰ ਦਾ ਹੈ–

(੧) ਸੰਸਾਰਕ ਪਦਾਰਥਾਂ–ਮਾਇਆ, ਧੀਆਂ, ਪੁੱਤ੍ਰਾਂ ਆਦਿ ਦਾ ਹੱਥੋਂ ਚਲਾ ਜਾਣਾ, ਉਸ ਝੂਠੇ ਮੋਹ ਮਾਇਆ ਦਾ ਰੁਦਨ (ਵੈਰਾਗ) ਜੋ 'ਝੂਠਾ ਰੁਦਨ ਹੋਇਆ ਦੁਆਲੈ' ਲੋਕ ਵਿਖਾਵੇ ਦਾ ਰੋਣਾ।

(੨) ਦੂਸਰਾ–ਆਤਮਾ ਦਾ ਪ੍ਰਮਾਤਮਾਂ ਦੇ ਵਿਛੋੜੇ ਦਾ ਵੈਰਾਗ। ਪ੍ਰਭੂ ਦੀ ਯਾਦ, ਪਰਮੇਸ਼ਵਰ ਗੁਣਨਵਾਦ, ਸੁਨਣੇ ਜਾਂ ਕਥਨ ਕਰਦਿਆਂ ਆਪਾ ਉਛਲ ਕੇ ਨੇਤ੍ਰਾਂ ਵਿਚ ਆ ਜਾਣਾ ਤੇ ਇਹ ਵੈਰਾਗ–

ਮਨ ਵੈਰਾਗ ਭਇਆ ਪ੍ਰਭ ਮਿਲਨੇ ਕਾ ਚਾਉ॥

ਹਾਂ ਇਸ ਉਦਾਸੀ ਚਿੰਤਾ ਜਾਂ ਹਉਮੈ ਦਾ ਰੋਗ ਨਹੀਂ ਉਤਪੰਨ ਹੁੰਦਾ ਸਗੋਂ ਖੁਸ਼ੀ, ਖੇੜਾ, ਚਉ ਹੁੰਦਾ ਹੈ। ਜਿਵੇਂ ਅਸੀਂ ਕਿਸੇ ਅਤਿ ਪ੍ਰੇਮ ਵਾਲੇ ਸੱਜਣ ਦੀ ਚੰਗਿਆਈ ਸੁਣਦੇ ਹਾਂ, ਤਾਂ ਨੇਤਰਾਂ ਵਿਚ ਪਿਆਰ ਦੇ ਹੰਝੂ ਆ ਜਾਂਦੇ ਹਨ। ਉਹ ਚਿੰਤਾ ਦੇ ਨਹੀਂ ਸਗੋਂ ਸੱਜਣ ਦੇ ਪਿਆਰ ਭਰੇ ਆਂਸੂ ਹੁੰਦੇ ਹਨ। ਸਹਿਜੇ ਸਹਿਜੇ ਇਉਂ ਵੈਰਾਗ ਸਾਰੇ ਸ਼ਿਕਵੇ ਸ਼ਿਕਾਇਤਾਂ ਨੂੰ ਦੂਰ ਕਰ ਕੇ ਨੇਤਰਾਂ ਤੋਂ ਬੁੱਲ੍ਹਾਂ ਅਤੇ ਬੁੱਲ੍ਹਾਂ ਤੋਂ ਅੰਦਰ ਹਿਰਦੇ ਵਿਚ ਹੀ ਸੀਮਤ ਹੋ ਜਾਂਦਾ ਹੈ। ਅੰਦਰੇ ਹੀ ਉਹ ਪ੍ਰਭੂ ਦੀ ਹੋਂਦ ਨੂੰ ਅਨੁਭਵ ਕਰਨ ਲੱਗ ਪੈਂਦਾ ਹੈ। ਜਿਸ ਪ੍ਰਭੂ ਦੇ ਦਰਸ਼ਨਾਂ ਦੀ ਤਾਂਘ ਵਿਚ ਵੈਰਾਗੀ ਹੋਇਆ ਹੁੰਦਾ ਹੈ। ਉਹ ਜਿਸ ਨੂੰ ਢੂੰਡ ਸਮਝਦਾ ਹੈ 'ਨੇਰੇ ਹੂ ਤੇ ਨੇਰੇ' ਹੀ ਨਹੀਂ ਸਗੋਂ–

ਬਾਹਰ ਢੂੰਡਨ ਤੇ ਛੂਟ ਪਰੈ ਗੁਰ ਘਰਿ ਹੀ ਮਾਹਿ ਦਿਖਾਇਆ ਥਾ॥

ਜਦੋਂ ਜੀਵ ਦੇ ਅੰਦਰਲੇ (ਸਰੀਰ ਭਾਂਡੇ) ਵਿਚੋਂ ਹੀ ਦਰਸ਼ਨ ਹੋਣ ਲੱਗ ਪੈਣ ਤਾਂ ਬਾਹਰ ਮੁਖੀ ਵੈਰਾਗ ਖਤਮ ਹੋ ਜਾਂਦਾ ਹੈ।

ਇਹ ਸੀ ਸਾਧੂ ਦੀ ਸੰਗਤ ਦਾ ਫਲ।

ਸਾਧ ਕੈ ਸੰਗ ਨਹੀ ਕਛੁ ਘਾਲਿ॥ ਦਰਸਨ ਭੇਟਤ ਹੋਤ ਨਿਹਾਲ॥ [ਸੁਖਮਨੀ ਸਾਹਿਬ

ਜਿਸ ਨਾਲ ਕੁਰਾਹੇ ਜਾਂਦੇ ਨੂੰ ਪਲਾਂ ਵਿਚ ਰਾਹੇ ਪਾ ਦੇਣਾ ਅਤੇ ਸੱਚ ਦੇ ਜੀਵਨ ਜਾਚ ਮਾਰਗ ਤੇ ਪਾ ਕੇ, ਗੁਰੂ ਚਰਨਾਂ ਨਾਲ ਪ੍ਰੀਤ, ਗੁਰੂ ਰੂਪ ਸਾਧ ਸੰਗਤ ਦੀ ਸੇਵਾ, ਨਾਮ ਜਪਣਾ ਤੇ ਜਪਾਣਾ, ਸੱਚ ਦੀ ਕਮਾਈ ਕਰਨੀ ਤੇ ਕਰਾਉਣੀ। ਇਉਂ ਸੱਚੇ ਹਿਰਦੇ ਨਾਲ ਜੇ ਸਾਧ ਸੰਗਤ ਕਰੀਏ ਤਾਂ–

ਸਾਧ ਕੈ ਸੰਗ ਨਹੀ ਕਛੁ ਘਾਲਿ॥ [ਸੁਖਮਨੀ ਸਾਹਿਬ

ਇਉਂ ਹੀ ਜਿਵੇਂ ਗਨਕਾ ਪਾਪਨ ਤੋਤਾ ਦੇ ਕੇ ਤਾਰੀ–

ਅਜਾਮਲ ਪਾਪੀ ਜਗ ਜਾਨੈ ਨਿਮਖ ਮਾਹਿ ਨਿਸਤਾਰਾ॥

ਕਰ ਦਿਤਾ। ਵਿਰਲਾ ਹੀ ਕੋਈ ਅਜਿਹੀ ਬਖਸ਼ਸ਼ ਦਾ ਪਾਤ੍ਰ ਬਣਨ ਲਈ ਕੇਵਲ'ਸਤਿਬਚਨ ਸਾਧੂ ਉਪਦੇਸ' ਨੂੰ ਧਾਰਨ ਨਾਲ ਜੀਵ, ਬਿਨਾ ਘਾਲਿ ਮੁਸੱਕਤ ਸਹਿਜੇ ਹੀ ਪ੍ਰਭੂ ਮਾਰਗ ਪਾ ਸਕਦਾ ਹੈ। ਭਾਵ ਗੁਰਵਾਕ ਗੁਰਬਾਣੀ ਜੋ ਹੁਕਮ ਸਿੱਖ ਪ੍ਰਤੀ ਦੇ ਰਹੀ ਹੈ–

ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ ਗੁਰਸਿਖਹੁ॥

ਜਦੋਂ ਜੀਵ ਗੁਰਬਾਣੀ ਨੂੰ ਸਤਿ (ਸੱਚ) ਕਰ ਕੇ ਮੰਨ ਲਵੇਗਾ, ਕਮਾਏਗਾ, ਜਾਣੇਗਾ ਤਾਂ ਸਹਿਜੇ ਹੀ ਪਹਿਚਾਣ ਆ ਜਾਏਗੀ। ਤਾਂ ਫਿਰ 'ਸਤਿ ਸੰਗਤ ਸਤਿ ਪ੍ਰਭ ਸੁਣਤਾ॥' ਸਤਿ ਸਤਿ ਸਤਿ ਹੀ ਹਰ ਪਾਸੇ ਸੁਣਾਈ ਦੇਣ ਲੱਗ ਪਵੇਗਾ। ਫਿਰ ਅਜਿਹੀ ਦਸ਼ਾ ਬਦਲ ਜਾਂਦੀ ਹੈ ਕਿ–'ਬੁਰਾ ਨਹੀ, ਸਭ ਭਲਾ ਹੀ ਹੈ' ਫਿਰ ਉਹ ਬੁਰਾਈ ਨਹੀਂ, ਸਗੋਂ ਭਲਾ ਹੀ ਭਲਾ ਤੇ ਸਭ ਜੀਵਾਂ ਲਈ ਭਲੇ ਕਰਨ ਦੀ ਚਾਹਣਾ ਵਿਚ ਹੀ ਜੁੱਟ ਜਾਂਦਾ ਹੈ।

ਇਸ ਚੇਟਕੀ ਸਾਧ ਨੇ 'ਸਹੀ ਸਾਧ' ਦੇ ਲੱਛਣਾਂ ਦੀ ਪ੍ਰਾਪਤੀ ਕਰ ਕੇ ਆਪਣਾ ਸਾਰਾ ਜੀਵਨ ਉਸ ਨੇ ਸਾਧ ਸੰਗਤ ਦੀ ਸੇਵਾ ਵਿਚ ਅਰਪਣ ਕਰ ਦਿਤਾ ਤੇ ਮਾਤਾ ਜੀ ਦੇ ਅਸਥਾਨ ਦੀ ਸੇਵਾ ਲਈ ਹਰ ਵਕਤ ਮਨ ਅੰਦਰ ਇਕ ਭਾਵ ਬਣਿਆ ਰਹਿੰਦਾ। ਉਹ ਸਾਧ ਸਾਲ ਵਿਚ ਇਕ ਦੋ ਵਾਰੀ ਮਾਤਾ ਜੀ ਦੇ ਅਸਥਾਨ ਲਈ ਚੱਕ੍ਰ ਲਗਾਂਦਾ ਤਾਂ ਸਿੰਘਾਂ ਲਈ ਬਸਤਰ, ਉਹਨਾਂ ਦੇ ਪੈਰਾਂ ਲਈ ਜੋੜੇ, ਦਸਤਾਰੇ, ਲੰਗਰ ਲਈ ਰਸਦਾਂ ਲਿਆ ਕੇ ਮਾਤਾ ਜੀ ਦੇ ਪਾਵਨ ਅਸਥਾਨ ਦੀ ਭੇਟਾ ਕਰ ਤੇ ਖੁਸ਼ੀਆਂ ਪ੍ਰਾਪਤ ਕਰਦਾ। ਅਗੇ ਨਾਲੋਂ ਜੀਵਨ ਵਿਚ ਸੇਵਾ ਭਾਵਨਾ ਨਾਲ ਵਧੇਰੇ ਮਨ ਸ਼ਾਂਤ, ਟਿਕਾਓ ਤੇ ਮਨ ਸ਼ਕਤੀਸ਼ਾਲੀ ਹੁੰਦਾ ਗਿਆ। ਚਿਹਰੇ ਤੇ ਇਕ ਰੂਹਾਨਗੀ ਚਮਤਕਾਰ ਭਾਅ ਮਾਰਨ ਲੱਗ ਪਿਆ। ਪਰ ਹੁਣ ਇਹ ਲੋਕ - ਵਿਖਾਵਾ ਨਾਟਕ ਚੇਟਕ ਕਰ ਕੇ ਪ੍ਰਭਤਾ ਦੀ ਭੁੱਖ ਸਦਾ ਲਈ ਮਾਰ ਕੇ, ਪ੍ਰਭੂ ਪ੍ਰਸੰਨਤਾ ਦੇ ਮਾਰਗ ਤੇ ਚੱਲ ਕੇ ਸਦਾ ਖੁਸ਼ੀਆਂ ਖੇੜੇ ਵਿਚ ਮਨ ਨੂੰ ਢਾਲ ਲਿਆ ਹੋਇਆ ਸੀ।

ਇਉਂ ਬਾਬਾ ਜੀ ਦੀ ਸੰਗਤ ਨਾਲ ਅਨੇਕਾਂ ਅਜਿਹੇ ਜੀਵ ਜੋ 'ਲੋਕ ਪਚਾਰਾ ਕਰੈ ਦਿਨ ਰਾਤਿ' ਵਿਚ ਲੱਗੇ ਹੋਏ ਸਨ ਸੱਚ ਦੇ ਮਾਰਗ ਤੋਂ ਭੱਟਕੇ ਹੋਇ ਸਨ, ਗੁਰਮਤਿ ਦੀ ਸੋਝੀ, ਪ੍ਰਭੂ ਭਗਤੀ ਦਾ ਮਾਰਗ ਪਰਾਪਤ ਕਰ ਕੇ ਗੁਰਚਰਨਾਂ ਦੀ ਪ੍ਰੀਤ ਵਾਲੇ ਬਣ ਜਾਂਦੇ, ਇਸੇ ਤਰ੍ਹਾਂ ਅਜਿਹੇ ਸਾਧੂ ਹੀ ਨਹੀਂ

ਸਰੋਂ ਬੜੇ ਬੜੇ ਗੁਣੀ ਗਿਆਨੀ, ਵਿਦਿਵਾਨ, ਸੋਝੀ ਵਾਲੇ ਸੰਤ ਮਹੰਤ ਭੀ ਇਕੋ ਰਮਜ਼ ਇਕੋ ਅੱਖਰ ਨਾਲ ਅਨੇਕਾਂ ਗੁੱਝੀਆਂ ਗੋਝਾਂ, ਗੁਰਮਤਿ ਦੇ ਖੋਜਾਂ ਦੇ ਭਾਵਾਂ ਦੀ ਪੂਰਤੀ ਦੀ ਪ੍ਰਾਪਤੀ ਕਰ ਕੇ ਅਨੰਦਤ ਹੁੰਦੇ। ਅਨੇਕਾਂ ਸੱਚੇ ਮਾਰਗ ਦੇ ਸ਼ੰਕੇ ਅਟਕਾ [ਰੋੜੇ] ਨਵਿਰਤ ਕਰ ਕੇ ਸਿੱਧੇ ਮਾਰਗ ਨੂੰ ਚੱਲ ਪੈਂਦੇ।

ਸੰਤ ਸਮਾਗਮ—ਆਪਸੀ ਵਿਚਾਰਾਂ

ਪਰਉਪਕਾਰੀ, ਸ਼ੰਤ ਸਾਧੂ, ਮਹਾਂ ਪੁਰਸ਼, ਸੰਗਤਾਂ ਦਾ ਪ੍ਰੇਮ ਪਿਆਰ, ਉਤਸ਼ਾਹ ਗੁਰੂ ਘਰ ਨਾਲ ਜੋੜੀ ਰਖਣ ਅਤੇ ਹੋਰ ਵਧਾਉਣ ਲਈ, ਹਮੇਸ਼ਾਂ ਕੋਈ ਨਾ ਕੋਈ ਸਮਾਗਮ ਜਾਂ ਧਾਰਮਿਕ ਦੀਵਾਨਾਂ, ਗੁਰਬਾਣੀ ਦੀ ਕਥਾ ਜਾਂ ਉਪਦੇਸ਼ਾਂ ਜਾਂ ਹੋਰ ਉਪਰਾਲੇ ਕੀਤੇ ਜਾਂਦੇ ਹਨ। ਜਿਨ੍ਹਾਂ ਕਰ ਕੇ ਸਾਧ ਸੰਗਤਿ ਨੂੰ

ਹੋਇ ਇਕਤ੍ਰ ਮਿਲਹੁ ਮੇਰੇ ਭਾਈ ॥ ਦੁਬਿਦਾ ਦੂਰਿ ਕਰਹੁ ਲਿਵਲਾਇ ॥
[ਬਸੰਤ ਮ: ੫, ਪੰਨਾ ੧੨੮੫

ਭਾਈ ਬਣ ਕੇ [ਇਕਤਰਤਾ] ਸੰਗਤ ਕਰ ਕੇ ਮਨਾਂ ਵਿਚੋਂ ਦੂਈ-ਦ੍ਵੈਤ ਦਾ ਪਾੜਾ ਦੂਰ ਕਰ ਕੇ, ਇਹ ਸੂਝ ਕਿ ਅਸੀਂ ਸਾਰੇ–

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ [ਸੋਰਠਿ ਮ: ੫–੬੧੧

ਇਸ ਤਰ੍ਹਾਂ ਇਹ ਜਾਣਕਾਰੀ ਦੇਣ ਲਈ ਕਿ–

ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥ ੧ ॥
[ਬਸੰਤ ਮ: ੫, ਪੰਨਾ ੧੨੮੫

ਹਰਿ ਨਾਮ ਦੇ ਜੋਟੀਦਾਰ ਬਣ ਕੇ ਨਾਮ ਬਾਣੀ ਨਾਲ ਹਮੇਸ਼ਾਂ ਜੋੜਨ ਦੇ ਸਾਧਨ ਉਲੀਕਦੇ ਹਨ। ਜਿਨ੍ਹਾਂ ਕਰਕੇ ਜਗਿਆਸੂ ਕਿਸੇ ਬਹਾਨੇ ਪ੍ਰਭੂ ਦੀ ਕ੍ਰਿਤ ਕਲਾਂ ਤੋਂ ਪ੍ਰਭਾਵਤ ਹੋ ਕੇ ਵਾਹਿਗੁਰੂ ਦੇ ਸਿਮਰਨ ਵਿਚ ਲੱਗੇ। ਸਿਮਰਨ ਕਰਨ ਦੀ ਦ੍ਰਿੜਤਾ, ਵਿਸ਼ਵਾਸ ਬੰਧਾਉਣ ਲਈ ਪਰਉਪਕਾਰੀ ਸੰਤ ਜਨ, ਜੀਵਾਂ ਨੂੰ ਗੁਰ ਅਸਥਾਨਾਂ ਦੇ ਦਰਸ਼ਨ ਕਰਾਉਣ ਲਈ ਉਪਰਾਲੇ ਕਰਦੇ ਹਨ ਅਤੇ ਜੀਵਾਂ ਦੀ ਕਿਰਤ ਕਮਾਈ ਭੀ ਇਸੇ ਤਰਾਂ ਸਫਲੀ ਹੋਣ ਲਈ ਜਗਿਆਸੂ ਦਾ ਭਲਾ ਲੋਚਦੇ ਹਨ।

ਪਰਉਪਕਾਰੀ ਸੰਤ ਜਨ

ਸੰਨ ੧੯੪੦ ਈ: ਮੁਤਾਬਕ ਸੰਮਤ ੧੯੯੭ ਬਿਕ੍ਰਮੀ ਵਿਚ ਸ੍ਰੀ ਮਾਨ ਸੰਤ ਨਿਸਚਲ ਸਿੰਘ ਜੀ-ਮੰਡੀ ਬਹਾਉਦੀਨ [ਜੇਹਲਮ, ਪਾਕਿਸਤਾਨ] ਸੇਵਾ ਪੰਥੀ ਭਾ: ਘਨਈਆ ਜੀ ਦੀ ਸੰਪ੍ਰਦਾਏ ਦੇ ਪਰਧਾਨ ਸਨ। ਸਾਰੇ ਹਿੰਦੁਸਤਾਨ ਦੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਰੇਲ ਗੱਡੀ ਰਾਹੀਂ ਯਾਤ੍ਰਾ ਕਰਨ ਦਾ ਪ੍ਰਬੰਧ ਕੀਤਾ।

ਇਹਨਾ ਨਾਲ ਸ਼੍ਰੀ ਮਾਨ ਸੰਤ ਸੁੰਦਰ ਸਿੰਘ ਜੀ, 'ਅਲੀਬੇਗ' ਜ਼ਿਲਾ ਮੀਰਪੁਰ ਰਿਆਸਤ ਜੰਮੂ-ਕਸ਼ਮੀਰ (ਹੁਣ ਪਾਕਿਸਤਾਨ) ਵਾਲਿਆਂ ਸੰਗਤਾਂ ਲਈ ਇਕ ਰੇਲ ਦਾ ਡੱਬਾ ਬੁੱਕ ਕਰਾ ਲਿਆ ਕਿਉਂਕਿ ਸੰਤ ਸੁੰਦਰ ਸਿੰਘ ਜੀ ਹਰ ਸਾਲ ਹੋਲੇ ਮਹੱਲੇ ਤੇ ਸ੍ਰੀ ਸੱਚਖੰਡ ਦੀਦਾਰਿਆਂ ਲਈ ਜਾਇਆ ਕਰਦੇ ਸਨ।

ਇਸੇ ਤਰ੍ਹਾਂ ਸੰਤ ਭਾਗ ਸਿੰਘ ਜੀ ਜਿਨ੍ਹਾਂ ਨਾਲ ਉਹਨਾਂ ਦੇ ਸੇਵਕ ਸੰਤ ਕਰਤਾਰ ਸਿੰਘ ਜੀ† ਸਨ, ਇਹਨਾਂ ਭੀ ਸੰਗਤਾਂ ਨੂੰ ਪੂਰੇ ਕੇ ੭੫ ਯਾਤਰੂਆਂ ਲਈ ਇਕ ਡੱਬਾ ਰੇਲ ਦਾ ਬੁੱਕ ਕਰਵਾ ਲਿਆ ਅਤੇ ਰਸਤੇ ਵਿਚ ਗੁਰ ਅਸਥਾਨਾਂ ਦੇ ਦਰਸ਼ਨ ਕਰਦੇ ਵਿਸਾਖੀ ਦੇ ਪੁਰਬ ਤੇ ਗੱਡੀ* ਰਾਹੀਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਅਬਿਚਲ ਨਗਰ) ਨਾਂਦੇੜ ਪੁਜ ਗਏ।

ਸਾਰੀਆਂ ਸੰਗਤਾਂ ਨੇ ਖੁੱਲ੍ਹੇ ਦਰਸ਼ਨ ਦੀਦਾਰ ਸੱਚਖੰਡ ਤਖਤ ਤੇ ਹੋਰ ਅਸਥਾਨਾਂ ਦੇ ਦਰਸ਼ਨ ਦੀਦਾਰ ਕੀਤੇ ਤੇ ਫਿਰ ਹੀਰਾ ਘਾਟ, ਸ਼ਿਕਾਰ ਘਾਟ ਦਰਸ਼ਨ ਕਰ ਕੇ, ਮਾਤਾ ਜੀ ਦੇ ਅਸਥਾਨ ਦੇ ਦਰਸ਼ਨ ਦੀਦਾਰ ਅਤੇ ਲੰਗਰ ਛੱਕਣ ਦੇ ਪ੍ਰੋਗਰਾਮ ਅਨੁਸਾਰ ਹੀਰਾ ਘਾਟ ਤੋਂ ਮਾਤਾ ਜੀ ਦੇ ਅਸਥਾਨ ਵੱਲ ਸ਼ਬਦ ਪੜ੍ਹਦੀਆਂ ਸੰਗਤਾਂ ਆ ਰਹੀਆਂ ਸਨ, ਤਾਂ ਬਾਬਾ ਮਿੱਤ ਸਿੰਘ ਜੀ ਆਪਣੇ ਨਿਯਮ ਨਾਲ ਡੇਰੇ ਦੇ ਸਿੰਘਾਂ

† ਸ੍ਰੀ ਮਾਨ ਸੰਤ ਕਰਤਾਰ ਸਿੰਘ ਜੀ, ਜੋ ਤਖਤ ਪਟਨਾ ਸਾਹਿਬ ਦੇ ਹਰੀਮੰਦਰ ਦੀ ਸੇਵਾ ਕਰਵਾ ਰਹੇ ਸਨ, ਉਪ੍ਰੋਕਤ ਟਰੇਨ ਯਾਤ੍ਰਾ ਦੀ ਜਾਣਕਾਰੀ ਇਹਨਾਂ ਦੀ ਜ਼ਬਾਨੀ ਅੰਕਿਤ ਕੀਤੀ ਹੈ।

*ਰੇਲ ਗੱਡੀ–ਪਾਕਿਸਤਾਨ ਬਨਣ ਤੋਂ ਪਹਿਲਾਂ ਏਨਾ ਟਰੈਫਿਕ ਨਹੀਂ ਸੀ ਹੁੰਦਾਨਾ ਇਤਨੀ ਮਸ਼ੀਨਰੀ ਦਾ ਪਸਾਰ ਸੀ, ਅਤੇ ਨਾ ਹੀ ਸੜਕਾਂ ਦਾ ਇਤਨਾ ਜਾਲ ਵਿਛਾਇਆ ਹੁੰਦਾ ਸੀ। ਕੇਵਲ ਵੱਡੇ ਵੱਡੇ ਸ਼ਹਿਰਾਂ ਨੂੰ ਰੇਲ ਗੱਡੀ ਹੀ ਮਿਲਾਂਦੀ ਸੀ। ਆਮ ਮੁਸਾਫਰ ਰੇਲ ਦਾ ਹੀ ਸਫਰ ਕਰਦੇ। ਨੇੜੇ ਤੇੜੇ ਪੈਦਲ ਜਾਂ ਘੋੜਿਆਂ ਤੇ ਲੋਕ ਜਾਇਆ ਕਰਦੇ ਸਨ।। ਅੰਗਰੇਜ਼ ਰਾਜ ਵਿਚ ਹਿੰਦੁਸਤਾਨ ਦੀ ਹੁਣ ਵਾਂਗ ਹੋਈ ਤਰੱਕੀ ਵਿਚ ਭਾਰੀ ਰੁੱਕਾਵਟ ਸੀ। ਕੱਚੀਆਂ ਸੜਕਾਂ, ਟਾਂਗੇ ਜਾਂ ਕੋਈ ਟੁਟੀ ਭੱਜੀ ਬੱਸ ਹੁੰਦੀ। ਅੰਗਰੇਜ਼ਾਂ ਸਮੇਂ ਜਾਣ ਆਣ ਦੇ ਸਾਧਨ ਨਾ ਹੋਣ ਕਰ ਕੇ ਕਈ ਬੰਦੇ ਅਜਿਹੇ ਵੇਖੇ ਗਏ ਸਨ ਜਿਨ੍ਹਾਂ ਨੂੰ ਪਿੰਡੋਂ ਬਾਹਰ ਦੂਜਾ ਪਿੰਡ ਜਾਂ ਨੇੜਲਾ ਸ਼ਹਿਰ ਵੇਖਣਾ ਭੀ ਨਸੀਬ ਨਹੀਂ ਹੋਇਆ ਸੀ। ਕਈ ਬੰਦੇ ਤਾਂ ਘਰਾਂ ਜਾਂ ਖੇਤਾਂ ਤੱਕ ਹੀ ਸੀਮਿਤ ਸਨ। ਹਰਿਦੁਵਾਰ, ਪਹੇਵਾ ਆਦਿ ਤੀਰਥਾਂ ਤੇ ਗਿਆ ਪ੍ਰਾਣੀ ਦੀ ਆਸ ਲਾਹ ਕੇ ਸਾਰੇ ਟੱਰਦੇ ਸਨ। ਉਹ ਪੈਦਲ ਕਈ ਮਹੀਨਿਆਂ ਵਿਚ ਪਹੁੰਚਦਾ। ਭਲਾ ਹਜ਼ੂਰ ਸਾਹਿਬ ਦਾ ਜਦ ਕਿ ਵਿਰਲੇ ਸਿੰਘਾਂ ਨੂੰ ਪਤਾ ਸੀ। ਕੋਈ ਵਿਰਲਾ ਸਾਧੂ ਜਾਂ ਬਿਹੰਗਮ ਹੀ ਜਾਂਦਾ। ਗੱਡੀ ਜਾਂ ਪੈਦਲ ਸਹਿਜੇ ਸਹਿਜੇ, ਪਰ ਮੁਸ਼ਕਲ ਰਸਤੇ ਦੀ ਬੜੀ ਹੁੰਦੀ। ਗੁਰਮਤਿ ਦਾ ਪ੍ਰਚਾਰ ਬਹੁਤ ਹੀ ਘਟ ਸੀ। ਪੰਜਾਬ ਵਿਚ ਸਾਧੂ ਜਨ ਤਾਂ ਕੁਝ ਪ੍ਰਚਾਰ ਕਰਦੇ ਪਰ ਬਾਕੀ ਭਾਰਤ ਵਿਚ ਤਾਂ ਸਿੰਘ ਇਕ ਪ੍ਰਦੇਸੀ ਸਮਝੇ ਜਾਂਦੇ ਸਨ। ਨਾ ਉਧਰ ਵਾਲੇ ਸਾਡੀ ਬੋਲੀ ਸਮਝਣ, ਨਾ ਅਸੀਂ ਉਹਨਾਂ ਦੀ ਬੋਲੀ ਸਮਝਦੇ ਸਾਂ (ਮਰਹਟੀ, ਬੰਗਾਲੀ, ਤਿਲੰਗੀ ਆਦਿ)।

ਬਹੁਤ ਘੱਟ ਸਿੰਘ (ਅਬਿਚਲ ਨਗਰ) ਦੇ ਦੀਦਾਰ ਕਰਨ ਜਾਇਆ ਕਰਦੇ ਸਨ। ਜਿਸ ਕਰ ਕੇ ਸੱਚਖੰਡ ਦੀ ਮਰਯਾਦਾ ਤੇ ਪ੍ਰਤੱਖ ਸਤਿਗੁਰਾਂ ਦੇ ਪ੍ਰੇਮੀ ਭਾਵਨਾ ਵਾਲੇ ਨੂੰ ਦਰਸ਼ਨ ਹੋ ਜਾਇਆ ਕਰਦੇ ਸਨ। ਪਰ ਸਮੇਂ ਦੇ ਫੇਰ ਨੇ, ਜਿਥੇ ਟਰੈਫਿਕ ਦੀਆਂ ਆਮ ਸੁਵਿਧਾਵਾਂ ਪ੍ਰਾਪਤ ਹਨ, ਉਥੇ ਪੁਰਾਤਨ ਜੋ ਅਸਥਾਨਾਂ ਤੇ ਸ਼ਕਤੀ ਵੇਖਣ ਵਿਚ ਆਉਂਦੀ ਸੀ, ਅੱਜ ਅਲੋਪ ਹੁੰਦੀ ਦਿਸ ਰਹੀ ਹੈ। ਵਾਹਿਗੁਰੂ ਜਾਣੇ ?

ਸਮੇਤ ਸਤਿਕਾਰ ਵਜੋਂ ਅਗੋਂ ਵਾਂਦੀ (ਜਿਥੇ ਅਜ ਕਲ ਮਾਤਾ ਜੀ ਦੇ ਅਸਥਾਨ ਤੋਂ ਲਹਿੰਦੇ ਹੀਰਾ ਘਾਟ ਵਾਲੇ ਪਾਸੇ ਛੋਟਾ ਜਿਹਾ ਨਿਸ਼ਾਨ ਸਾਹਿਬ ਹੈ, ਜੋ ਬਾਬਾ ਜੀ ਸੰਗਤਾਂ ਨੂੰ ਸਤਿਕਾਰ ਵਜੋਂ ਅਗੇ ਲੈਣ ਖਲੋਂਦੇ ਸਨ, ਦਰਸਾ ਰਿਹਾ ਹੈ) ਹੋ ਮਿਲੇ। ਸਭ ਸੰਗਤਾਂ ਤੇ ਸੰਤ ਜਨਾਂ ਨੂੰ ਪ੍ਰੇਮ ਸਹਿਤ ਫਤਹਿ ਬੁਲਾਈ। ਸੰਤ ਸੰਤਾਂ ਦਾ ਮਿਲਾਪ, ਇਕ ਅਨੋਖੀ ਝਲਕ, ਚਮਤਕਾਰੀ ਦ੍ਰਿਸ਼, ਸੰਗਤਾਂ ਵੇਖ ਕੇ ਵਿਸਮਾਦ ਹੋ ਰਹੀਆਂ ਸਨ। ਜਿਵੇਂ ਚੰਦ ਤੇ ਚਕੋਰ ਦੀ, ਚੱਕਵੀ - ਸੂਰਜ ਦੀ, ਬੰਬੀਹੇ ਨੂੰ ਸੁਆਂਤੀ ਬੂੰਦ ਦੀ, ਇਸਤ੍ਰੀ ਨੂੰ ਭਤਰੇ ਦੀ, ਪ੍ਰੇਮੀ ਨੂੰ ਪ੍ਰੀਤਮ ਦੀ ਤਾਂਘੀ, ਵੈਰਾਗੀ ਜੀਵ ਨੂੰ ਪ੍ਰਭੂ ਮਿਲਣ ਦੀ ਪਿਆਸ, ਲੋਚਾ, ਤਾਂਘ ਦੀ ਬਿਹਬੱਲਤਾ ਹੁੰਦੀ ਹੈ, ਨਾ ਜਾਣੇ ਸੰਤ ਮੰਡਲੀ ਕਦੋਂ ਦੀ ਵਿਛੜੀ, ਦਾ ਮਿਲਾਪ ਕੁਝ ਅਜੀਬ ਜਿਹਾ, ਵੇਖਣ ਵਾਲਿਆਂ ਲਈ ਹੈਰਾਨ ਤੇ ਵਿਸਮਾਦ ਰੰਗ ਵਿਚ ਬੁੱਤ ਵਾਂਗ ਖੜੇ ਵੇਖਣ ਵਿਚ ਲੀਨ ਸੀ। ਜੀ ਹਾਂ–

ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥
ਆਖਾ ਬਿਰਥਾ ਜੀਅ ਕੀ ਗੁਰ ਸਜਣੁ ਦੇਹਿ ਮਿਲਾਇ ਜੀਉ॥
[ਸੂਹੀ ਮ: ੧ ਸੁਚਜੀ, ਪੰਨਾ ੭੬੩

ਕਿਤਨਾ ਚਿਰ ਇਹ 'ਆਖਾਂ ਬਿਰਥਾ ਜੀ ਕੀ' ਦਾ ਅਗੰਮੀ ਰਸ ਬਣਿਆ ਰਿਹਾ। ਆਖਰ ਬਾਬਾ ਜੀ ਨੇ ਨਿੰਮਰਤਾ ਸਹਿਤ ਕਿਹਾ–ਆਓ ! ਸੰਤ ਜਨੋ ! ਮੇਰੇ ਪਿਆਰਿਓ ! ਆਓ ਕਰੋ ਦੀਦਾਰ ਜਗਤ ਮਾਤਾ ਦੇ। ਤੇ ਫਿਰ ਜਲ - ਪਾਣੀ, ਲੰਗਰ ਛੱਕੋ ਤੇ ਖੁਸ਼ੀਆਂ ਪ੍ਰਾਪਤ ਕਰੋ ਆਪਣੀ ਮਾਂ ਪਾਸੋਂ। ਗੜਵਾ ਜਲ ਦਾ ਲਿਆ ਕੇ ਸੰਤ ਜਨਾਂ ਤੇ ਸੰਗਤਾਂ ਤੇ ਚਰਨ ਧੁਆਏ ਤਾਂ ਜੋ ਚਰਨ ਧੋ ਕੇ ਦਰਸ਼ਨ ਕਰਨ।

ਇਤਨਾ ਮਾਣ ਤੇ ਸਤਿਕਾਰ ਕਿਸੇ ਭੀ ਅਸਥਾਨ ਤੇ ਅਗੇ ਹੁੰਦਾ ਨਹੀਂ ਵੇਖਿਆ ਸੀ। ਸੰਗਤਾਂ ਗੱਦ ਗੱਦ ਹੋ ਰਹੀਆਂ ਸਨ। ਸਾਰੀ ਸੰਗਤ ਤਾਂ ਮਾਤਾ ਜੀ ਦੇ ਅਸਥਾਨ ਦੇ ਦਰਸ਼ਨ ਕਰਨ ਚਲ ਪਈ।

ਉਧਰ ਬਾਬਾ ਜੀ ਨੇ ਖੂਹੇ ਤੋਂ ਜਲ ਕੱਢ ਕੇ ਮਿੱਠੀ ਕੱਚੀ ਲੱਸੀ ਦਾ ਕੜਾਹਾ ਤਿਆਰ ਕਰ ਲਿਆ। ਤੇ ਤੱਪੜ ਵਿਛਾ ਦਿਤਾ। ਸੰਗਤਾਂ ਦਰਸ਼ਨ ਕਰ ਕੇ ਆਈਆਂ ਤਾਂ ਪਹਿਲਾਂ ਜਲ (ਲੱਸੀ) ਛਕਾਈ। ਗਰਮੀ ਸੀ, ਸੰਗਤਾਂ ਨੇ ਬੜੇ ਪ੍ਰੇਮ ਨਾਲ ਜਲ ਛਕਿਆ, ਜੋ ਬਾਬਾ ਜੀ ਖੁਦ ਛਕਾ ਰਹੇ ਸਨ।

ਬਾਬਾ ਜੀ ਦੀ ਇਸ ਪ੍ਰੇਮ ਪਿਆਰ ਨਾਲ ਸੰਗਤਾਂ ਦੀ ਸੇਵਾ ਦਾ ਜਿਥੇ ਸੰਤ ਜਨਾਂ ਨੂੰ ਵਾਹ ! ਵਾਹ ! ਦੀ ਉੱਚ ਮੰਡਲ ਵਿਚ ਵਿਸਮਾਦ ਕਰ ਰਿਹਾ ਸੀ, ਉਥੇ ਨਾਲ ਆਈਆਂ ਸੰਗਤਾਂ ਹੈਰਾਨ ਮੰਡਲ ਦੇ ਸੋਚਾਂ ਵਿਚ ਮੰਡਲਾ ਕੇ, ਧੰਨ ਸਤਿਗੁਰੂ, ਧੰਨ ਜਗਤ ਮਾਤਾ–ਸਾਹਿਬ ਕੌਰਾਂ ਤੇ ਧੰਨ ਬਾਬਾ ਮਿੱਤ ਸਿੰਘ ਜੀ ਮੂੰਹੋਂ ਉੱਚਾਰਦੀਆਂ ਗੱਦ ਗੱਦ ਹੋ ਰਹੀਆਂ ਸਨ, ਅਤੇ ਦਿਲ ਵਿਚੋਂ ਮੁੱਤੇ ਆਵਾਜ਼ ਆ ਰਹੀ ਸੀ ਕਿ ਵੇਖੋ ! ਬਿਰਦ ਬਾਬਾ (ਪਰ ਇਹ ਕੀ ਜਾਨਣ ਜੋ:–

ਗੁਰਮੁਖਿ ਬੂਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨੁ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ॥. . . . . ੪੪॥
[ਸਲੋਕ ਮ: ੩, ਪੰਨਾ ੧੪੧੮

ਕਿਵੇਂ ਲੋਹੇ ਦਾ ਵੱਡਾ ਸਾਰਾ ਗੜਵਾ ਖੂਹੇ ਚੋਂ ਝੱਟ ਪੱਟ ਜਲ ਕੱਢ ਕੇ ਅੱਖ ਫਰਕੇ ਵਿਚ ਜਲ ਤਿਆਰ

ਕਰ ਕੇ ਸੰਗਤਾਂ ਨੂੰ ਛਕਾ ਦਿਤਾ ਹੈ। ਇਸ ਸੇਵਾ ਤੇ ਸੰਗਤ ਦਾ ਮਨ ਹੋ ਪਸੀਜ ਗਿਆ।

ਜਲ* (ਕੱਚੀ ਲੱਸੀ) ਛੱਕ ਕੇ ਸੰਗਤਾਂ ਗੋਦਾਵਰੀ ਨਦੀ ਵਿਚ ਚਮਕੀਲੇ ਗੀਟੇ ਚੁੱਗਣ ਤੇ ਦਰਸ਼ਨ ਇਸ਼ਨਾਨ ਕਰਨ ਚੱਲੀਆਂ ਗਈਆਂ।

ਇਧਰ ਬਾਬਾ ਜੀ ਨੇ ਤੱਪੜ ਝਾੜ ਕੇ ਸੰਗਤਾਂ ਦੇ ਅਰਾਮ ਲਈ ਹੋਰ ਵਿਛਾ ਦਿਤੇ ਅਤੇ ਜੋ ਗੁਰਸਿਖਾ ਦੀ ਕਾਰ ਭਾ: ਗੁਰਦਾਸ ਜੀ ਨੇ ਵਾਰਾਂ ਵਿਚ ਅੰਕਿਤ ਕੀਤੀ ਹੈ ਕਿ–

ਪੈਰੀ ਪੈ ਗੁਰਸਿਖ ਪੈਰ ਧੁਵਾਇਆ॥ ਅੰਮ੍ਰਿਤ ਵਾਣੀ ਚਖਿ ਮਨੁ ਵਸਿ ਆਇਆ॥
ਪਾਣੀ ਪੱਖਾ ਪੀਹਿ ਭਠੁ ਝੁਕਾਇਆ॥ ਗੁਰਬਾਣੀ ਸੁਣਿ ਸਿਖਿ ਲਿਖਿ ਲਖਾਇਆ॥
ਨਾਮੁ ਦਾਨੁ ਇਸਨਾਨੁ ਕਰਮ ਕਮਾਇਆ॥
ਨਿਵ ਚਲਣੁ ਮਿਠ ਬੋਲ ਘਾਲ ਖਵਾਇਆ॥ ੬॥ [ਵਾਰ ੨੦

ਬਾਬਾ ਜੀ ਦੀ ਘਾਲਿ ਅਤੇ ਅਮੋਲਕ ਜੀਵਣ–

ਪੈਰੀ ਪੈ ਪਾ ਖਾਕ ਹੋਣਿ, ਛਡਿ ਮਣੀ ਮਨੂਰੀ॥ ਪਾਣੀ ਪੱਖਾ ਪੀਹਣਾ ਨਿਤ ਕਰੈ ਮਜੂਰੀ॥
ਤੁਪੜ ਝਾੜ ਵਿਛਾਇੰਦਾ ਚੁਲਿ ਝੋਕ ਨ ਝੂਰੀ॥
ਮੁਰਦੇ ਵਾਗਿ ਮੁਰੀਦ ਹੋਇ ਕਰਿ ਸਿਦਕ ਸਬੂਰੀ॥
ਚੰਦਨ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ॥
ਪੀਰ ਮੁਰੀਦਾਂ ਪਿਰਹੜੀ ਗੁਰਮੁਖ ਮਤਿ ਪੂਰੀ॥ ੧੯॥ [ਵਾਰ ੨੭

ਇਉਂ ਝੱਟ ਹੀ ਲੋਹ ਤਪਾ ਦਿਤੀ ਤੇ ਆਪ ਜਵਾਰੀ ਦੇ ਪਰਸ਼ਾਦੇ ਪਕਾਉਣ ਲੱਗ ਪਏ। ਜਦ ਸੰਗਤਾਂ ਦਰਸ਼ਨ ਦੀਦਾਰੇ ਕਰਕੇ ਆਈਆਂ ਤਾਂ ਵਿਛਾਏ ਤੱਪੜਾਂ ਤੇ ਬੈਠ ਗਈਆਂ, ਤਾਂ ਬਾਬਾ ਮਿੱਤ ਸਿੰਘ ਨੇ ਜਵਾਰੀ ਦੇ ਪ੍ਰਸ਼ਾਦੇ ਡਾਲਾ ਲਿਆ। ਬਾ: ਧਰਮ ਸਿੰਘ ਨੇ ਮਾਂਹ ਦੇ ਦਾਲੇ ਦਾ ਬਾਲਟਾ ਚੁਕਿਆ ਤੇ ਸੰਗਤ ਨੂੰ

---

* ਕੱਚੀ ਲੱਸੀ–ਜਦ ਭੀ ਸੰਗਤਾਂ ਆਉਂਦੀਆਂ ਤਾਂ ਬਾਬਾ ਜੀ ਉਸੇ ਵੇਲੇ ਮਿੱਠਾ ਜਲ (ਕੱਚੀ ਲੱਸੀ) ਕਰ ਕੇ ਸੰਗਤ ਨੂੰ ਪਿਆਉਂਦੇ। ਕਿਉਂਕਿ ਉਧਰ ਸਰਦੀ ਦਾ ਮੌਸਮ ਆਉਂਦਾ ਹੀ ਨਹੀਂ, ਜਿਸ ਕਰ ਕੇ ਹਰ ਮੌਸਮ ਵਿਚ ਦਿਨ ਹੋਵੇ ਕਿ ਰਾਤ, ਇਹ ਕੱਚੀ ਲੱਸੀ ਸੁਖਾ ਜਾਂਦੀ ਸੀ। ਗਊਆਂ ਭੀ ਐਸੀ ਬਰਕਤ ਵਾਲੀਆਂ ਸਨ ਕਿ ਜਦੋਂ ਭੀ ਸੰਗਤਾਂ ਲਈ ਜਲ - ਪਾਣੀ ਬਣਾਉਣਾ ਤੇ ਦੁੱਧ ਚੋਣਾ, ਉਸੇ ਵੇਲੇ ਮਿਲ ਪੈਂਦੀਆਂ। ਸਵੇਰੇ ਸ਼ਾਮ 'ਸੁੱਖ ਨਿਧਾਨ' ਦੀ ਦੇਗ ਵਿਚ ਨਾਮ ਮਾਤਰ ਇਕ ਕਿਣਕਾ ਮਾਤਰ ਸੁੱਖਾ ਪਾਉਂਦੇ, ਨਹੀਂ ਤੇ ਬਦਾਮ ਖਸ਼ਖਸ਼ ਜਾਂ ਕਾਲੀ ਮਿਰਚ ਅਤੇ ਦੁੱਧ ਜਲ ਵਿਚ ਪਾਂਦੇ ਜੋ ਆਮ ਸੰਗਤਾਂ ਛੱਕ ਸਕਦੀਆਂ ਸਨ। ਹੈਦਰਾਬਾਦ ਦੱਖਣ ਰਿਆਸਤ ਵਿਚ ਸੁੱਖਾ ਲੈ ਜਾਣ ਜਾਂ ਬੀਜਣ ਦੀ ਸਖਤ ਮਨਾਹੀ ਸੀ। ਕੋਈ ਬਾਹਰੋਂ ਭੀ ਸੁੱਖਾ ਲੈ ਕੇ ਨਹੀਂ ਸੀ ਜਾ ਸਕਦਾ।

ਇਸ ਕਰ ਕੇ ਭੀ, ਅਤੇ ਬਾਬਾ ਜੀ ਦੇ ਵਿਚਾਰ ਭੀ ਹਰ ਇਕ ਯਾਤਰੀ 'ਸ਼ਰਬਤੀ' ਲੰਗਰ ਦੇਗ ਛੱਕ ਸਕੇ, ਨੂੰ ਮੁੱਖ ਰੱਖਦਿਆਂ 'ਸ਼ਰਬਤੀ' ਦੇਗ ਬਣਾਈ ਜਾਂਦੀ ਸੀ। ਜੇ ਬਚੀ ਹੁੰਦੀ ਤਾਂ ਉਸ ਵਿਚ ਸੰਗਤ ਮੁਤਬਕ ਜਲ, ਦੁਧ, ਖੰਡ ਮਿਲਾ ਕੇ ਕੇਵਲ ਵਧਾ ਲਿਆ ਜਾਂਦਾ ਤੇ ਸੰਗਤਾਂ ਨੂੰ ਛੱਕਾ ਦਿਤੀ ਜਾਂਦੀ।

ਵਰਤਾਉਣ ਲੱਗ ਪਏ।

ਸੰਗਤਾਂ ਹੈਰਾਨ ਸਨ ਕਿ ਇਤਨੀ ਛੋਤੀ ਲੰਗਰ ਵੀ ਸੱਜ ਗਿਆ ਏ। ਪਹਿਲਾਂ ਤਾਂ ਜਵਾਰੀ‡ ਦੇ ਪ੍ਰਸ਼ਾਦੇ ਵੇਖ ਕੇ (ਘਰਾਂ ਦੇ ਸੁਆਦੂ) ਕੁਝ ਨੱਕ ਵਟਣ ਲੱਗੇ। ਪਰ ਜਦ ਕੁਝ ਗਰਾਹੀਆਂ ਛੱਕੀਆਂ ਤਾਂ ਇਤਨੇ ਸਵਾਦਿਸ਼ਟ ਲਗੇ ਕਿ ਸਗੋਂ ਹੋਰ ਮੰਗ ਮੰਗ ਕੇ ਛੱਕਣ ਲੱਗੇ। ਸੋਚਦੇ ਇਤਨਾ ਸਵਾਦ ਤਾਂ ਸਾਡੇ ਘਰਾਂ ਵਿਚ ਅਨੇਕ ਪ੍ਰਕਾਰ ਦੇ ਭੋਜਨਾਂ ਵਿਚ ਭੀ ਅੱਜ ਤੱਕ ਨਹੀਂ ਆਇਆ। ਬੜੇ ਪ੍ਰੇਮ ਨਾਲ ਇਸ ਭੋਜਨ ਨੂੰ ਛੱਕ ਕੇ ਅਨੰਦ ਮਾਣਿਆ।

ਕੜਾਹ ਪ੍ਰਸ਼ਾਦਿ ਦੀ ਦੇਗ ਵਰਤਣੀ

ਜਦੋਂ ਸੰਗਤਾਂ ਲੰਗਰ ਛੱਕ ਕੇ ਵੇਹਲੀਆਂ ਹੋਈਆਂ ਤਾਂ ਜਲ ਨਾਲ ਹੱਥ ਧੁਆਏ ਗਏ। ਤਾਂ ਬਾਬਾ ਜੀ ਨੇ ਅੰਮ੍ਰਿਤ† ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਉਣੀ ਸ਼ੁਰੂ ਕਰ ਦਿਤੀ, ਇਸ ਕੜਾਹ ਪ੍ਰਸ਼ਾਦਿ ਦੀ

‡ ਜਵਾਰੀ–ਇਧਰ ਜਵਾਰੀ ਦੋ ਵਾਰੀ ਬੀਜੀ ਜਾਂਦੀ ਹੈ। ਇਕ ਵਾਰੀ ਬਾਰਸ਼ ਹੋਣ ਤੇ, ਅਤੇ ਫਿਰ ਬਾਰਸ਼ ਖਤਮ ਹੋਣ ਤੇ ਵਤਰ ਵਿਚ। ਬਾਰਸ਼ ਵਿਚ ਬੀਜੀ ਤਾਂ ਦਾਤ੍ਰੀ ਨਾਲ ਵੱਢੀ ਜਾਂਦੀ ਸੀ, ਪਰ ਜੋਂ ਬਾਰਸ਼ ਨਹੀਂ ਹੁੰਦੀ ਸੀ ਤੇ ਗਰਮੀ ਵਧ ਹੋ ਜਾਣ ਤੇ ਧਰਤੀ ਫੁੱਲ ਜਾਂਦੀ ਹੈ, ਹੱਥਾਂ ਨਾਲ ਜੜ੍ਹਾਂ ਸਮੇਤ ਪੁੱਟ ਲਈਦੀ ਹੈ। ਪਰ ਇਸ ਧਰਤੀ ਦੀ ਤਾਸੀਰ ਨਾਲ ਇਸ ਦਾ ਦੁਮ ਭਾਰਾ ਤੇ ਦਾਣੇ ਮੋਟੇ ਸਫੈਦ ਹੁੰਦੇ ਹਨ। ਪ੍ਰਸ਼ਾਦਾ ਬੜਾ ਮਿੱਠਾ ਲੱਗਦਾ ਹੈ।

ਇਧਰ ਆਮ ਲੋਕਾਂ ਦਾ ਗੁਜ਼ਰਾਨ ਜਵਾਰੀ ਦੇ ਪ੍ਰਸ਼ਾਦਿਆਂ ਨਾਲ ਹੀ ਹੁੰਦਾ ਹੈ। ਅੱਜ ਕੱਲ ਤਾਂ ਕਣਕ ਭੀ ਤੇ ਹੋਰ ਫਸਲਾਂ ਭੀ ਹੋਣ ਲਗ ਪਈਆਂ ਹਨ। ਪਰ ਕਣਕ ਦੀ ਤੂੜੀ ਉਧਰ ਦੇ ਡੰਗਰ ਨਹੀਂ ਖਾਂਦੇ, ਖੇਤਾਂ ਵਿਚ ਤੂੜੀ ਖਲਾਰ ਛੱਡਦੇ ਹਨ।

† ਕੜਾਹ ਪ੍ਰਸ਼ਾਦਿ–ਬਾਬਾ ਜੀ ਦਾ ਕੜਾਹ ਪ੍ਰਸ਼ਾਦਿ ਵਰਤਾਉਣ ਦਾ ਤਰੀਕਾ ਭੀ ਅਜ਼ਬ ਸੀ। ਆਪਣੀ ਕ੍ਰਿਆ ਸੋਧਣ ਤੋਂ ਬਾਅਦ ਲੰਗਰ ਤੇ ਮਿੱਟੀ ਦਾ ਪੋਚਾ ਦਿਤਾ ਜਾਂਦਾ। ਬਰਤਨ ਸਵੇਰੇ ਦੁਬਾਰਾ ਸੋਧੇ ਜਾਂਦੇ। ਭਾਵੇਂ ਰਾਤ ਸੁੱਕ ਮਾਂਜ ਰੇਤੇ ਨਾਲ ਕਰ ਕੇ ਰੱਖੇ ਹੁੰਦੇ ਫਿਰ ਭੀ ਦੁਬਾਰਾ ਸੋਧਦੇ। ਮੱਠੀ ਮੱਠੀ ਅੱਗ ਤੇ ਪਹਿਲਾਂ ਇਕ ਸੇਰ ਰੋਜ਼ਾਨਾ ਪ੍ਰਸ਼ਾਦਿ ਦੇਸੀ ਘੀ ਦਾ ਸੱਜਦਾ। ਮਿਣਤੀ ਨਾਲ ਚਾਰ ਸੇਰ ਜਲ ਪਾਂਦੇ ਸੇਰ ਹੀ ਖੰਡ ਪਾ ਕੇ ਚਾਸਣੀ ਤਿਆਰ ਕਰ ਕੇ ਵਖਰੇ ਗੜਵੇ ਵਿਚ ਪਾ ਕੇ ਢੱਕ ਦੇਂਦੇ। ਫਿਰ ਮੱਠੀ ਅੱਗ ਤੇ ਸਹਿਜੇ ੨ (ਬਾਣੀ ਪੜ੍ਹਦੇ) ਦੇਸੀ ਘੀ ੧ ਸੇਰ ਵਿਚ ਸੇਰ ਆਟਾ ਪਾ ਕੇ ਭੁੰਨਦੇ ਅਤੇ ਜਦ ਆਟਾ ਭੁੱਜ ਜਾਂਦਾ ਤਾਂ ਚੁੱਲ੍ਹੇ ਤੋਂ ਹੇਠਾਂ ਲਾਹ ਕੇ ਚਾਸਨੀ ਤਿਆਰ ਕੀਤੀ ਪਾਂਦੇ। ਅਤੇ ਦੂਜੀ ਕੜਾਹੀ ਵਿਚ ਉਲਟਾ ਲੈਂਦੇ। ਕੜਾਹ ਪ੍ਰਸ਼ਾਦਿ ਨੂੰ ਨਾ ਤਾਂ ਬਹੁਤ ਗਰਮ ਅਤੇ ਨਾ ਹੀ ਬਿਲਕੁਲ ਸੀਤਲ ਨੂੰ ਭੋਗ ਲਵਾਂਦੇ। ਭੋਗ ਲਾਣ ਤੱਕ ਹੱਥ ਲਾ ਕੇ ਤੱਤਾ ਠੰਡਾ ਭੀ ਨਾ ਦੇਖਦੇ।

(ਨੋਟ–ਵਿਸਥਾਰ ਪੂਰਬਕ ਦਾਸ ਨਾਲ ਕੜਾਹ ਪ੍ਰਸਾਦਿ ਸੀਤਲ ਜਾਂ ਤੱਤੇ ਬਾਰੇ ਹੋਈ ਵਾਰਤਾ ਅਗੇ ਪੜ੍ਹਨਾ।)

ਦੇਗ ਛੱਕਣ ਨਾਲ ਯਾਤਰੀਆਂ ਦੀਆਂ ਸੁਰਤਾਂ 'ਬੇ - ਗ਼ਮ ਪੁਰੇ' ਸ਼ਹਿਰ ਦੀਆਂ ਉਡਾਰੀਆਂ ਲਾਉਣ ਲੱਗ ਪਈਆਂ। ਸਭ ਦੇ ਚੌਂਕੜੇ ਲੱਗ ਗਏ, ਨੇਤ੍ਰ ਮੁੰਧ ਗਏ ਤੇ ਅਡੋਲ ਸ਼ਬਦ - ਸੁਰਤ(ਵਾਹਿਗੁਰੂ)ਦੀ ਧੁਨ ਵਿਚ ਲਿਵਲੀਨ ਹੋ ਗਏ।

ਜਦ ਕੁਝ ਦੇਰ ਬਾਅਦ ਸਾਰੇ ਸੰਸਾਰਕ ਸੁਰਤ ਵਿਚ ਆਏ, ਸਭ ਦੇ ਮੁੱਖੋਂ ਵਾਹਿਗੁਰੂ, ਵਾਹਿਗੁਰੂ ਹੇ ਜਗਤ ਮਾਤਾ ਤੂੰ ਧੰਨ ਹੈਂ, ਤੇ ਧੰਨ ਤੇਰੇ ਸੇਵਾਦਾਰ ਬਾਬਾ ਜੀ।

ਸਾਰੇ ਸੋਚ ਮੰਡਲਾਂ ਵਿਚ ਡੁੱਬੇ ਹੋਏ ਸੋਚ ਰਹੇ ਸਨ ਕਿ ਅਨੇਕਾਂ ਅਸਥਾਨਾਂ ਤੇ ਕੜਾਹ ਪ੍ਰਸ਼ਾਦਿ ਛੱਕਿਆ ਹੈ, ਪਰ ਅੱਜ ਬਾਬਾ ਜੀ ਨੇ ਜੋ ਅੰਮ੍ਰਿਤ ਦੇਗ ਵਰਤਾਈ ਹੈ. ਅਜਿਹਾ ਰਸ - ਮਈ ਪ੍ਰਸ਼ਾਦਿ ਤਾਂ ਅਸਾਂ ਅੱਜ ਤੱਕ ਕਿਧਰੇਂ ਨਹੀਂ ਛੱਕਿਆ ਹੈ। ਫਿਰ ਬਿਨਾਂ ਯਤਨ, ਪ੍ਰਸਾਦਿ ਛੱਕਦੇ ਸਾਰ ਹੀ ਸੁਰਤ-ਬ੍ਰਿਤ ਅਡੋਲ ਸਹਿਜ ਘਰ ਵਿਚ ਜਾ ਪੁਜੀ। ਕੀ ਇਹ ਕੋਈ ਕਰਾਮਾਤ ਹੈ, ਜਾਂ ਮਹਾਂਪੁਰਸ਼ਾਂ ਦੇ ਤੱਪ ਦੀ ਬਰਕਤ ਹੈ? ਇਸ ਸੋਚ ਵਿਚ ਇਕ ਦੂਜੇ ਨਾਲ ਵਿਚਾਰਾਂ ਕਰ ਹੀ ਰਹੇ ਸਨ। ਸੰਗਤ ਦੀਆਂ ਅਜਿਹੀਆਂ ਵਿਚਾਰਾਂ ਨੂੰ ਸੁਣ ਕੇ ਪਰਮ ਸਤਿਕਾਰ ਯੋਗ ਸੰਤ ਸੁੰਦਰ ਸਿੰਘ ਜੀ ਅਲੀਬੇਗ ਵਾਲੇ ਕਹਿਣ ਲਗੇ।

ਸੰਤ ਸੁੰਦਰ ਸਿੰਘ ਜੀ– ਸਾਧ ਸੰਗਤ ਜੀ! ਆਪ ਬੜੇ ਅਸਚਰਜ ਲੀਲਾ ਵਿਚ ਮਸਤ ਬੈਠ ਕੇ ਕੀ ਵਿਚਾਰਾਂ ਵਿਚਾਰ ਰਹੇ ਹੋ? ਵੇਖਿਆ ਜੇ 'ਸਾਧੂ ਦੀ ਕਮਾਈ'? ਮਹਾਂਪੁਰਖਾਂ ਦੀ ਤਾਂ ਇਹੋ ਹੀ ਪਛਾਣ ਹੈ। ਉਹ ਮਹੰਤ ਜਾਂ ਜਥੇਦਾਰ ਬਣ ਕੇ ਗੱਦੀਆਂ ਲਾ ਕੇ ਨਹੀਂ ਬੈਠਦੇ, ਸਗੋਂ ਸੇਵਾ ਹੀ ਉਹਨਾਂ ਦਾ ਮੁੱਖ ਉਦੇਸ਼ ਤੇ ਕਰਤਵ ਹੁੰਦਾ ਹੈ। ਵੇਖ ਰਹੇ ਹੋ ਨਾ, ਕਿੰਨੇ ਚਾਉ ਤੇ ਖੇੜੇ ਵਿਚ ਕਿਵੇਂ ਅੱਗੋਂ ਵਾਂਢੀ ਹੋ ਮਿਲੇ ਹਨ। ਸੰਗਤ ਦਾ ਸਤਿਕਾਰ ਜੋ ਗੁਰ ਉਪਦੇਸ਼ ਹੈ ਕਿ–'ਸਾਧ ਸੰਗਿ ਅੰਮ੍ਰਿਤ ਰਸ ਭੁੰਚਾ।' ਗੁਰੂ ਰੂਪ ਸਾਧ-ਸੰਗਤ ਦੇ ਚਰਨ ਧੁਵਾਏ,ਪੰਜ ਇਸ਼ਨਾਨੇ ਕਰਵਾਕੇ ਤੱਪੜ ਵਿਛਾਕੇ,ਮਿੱਠ ਰਸ ਜਲ-ਪਾਣੀ ਤੇ ਲੰਗਰ ਪਕਾਣ ਦੀ ਹੱਥੀਂ ਸੇਵਾ ਕੀਤੀ। ਇਹ ਸਭ ਕੁਝ 'ਸਾਧ ਕੀ ਬਾਣੀ' ਅੱਠੋ ਪਹਿਰ ਸਿਮਰਨ, ਤੱਪ ਤੇ ਸਾਧ ਸੰਗਤ ਦੀ ਸੇਵਾ ਦਾ ਨਮੂਨਾ, ਜੋ ਮਹਾਂਪੁਰਸ਼ਾਂ ਨੇ ਹੱਥੀਂ ਕਰ ਕੇ ਦਰਸਾਇਆ ਹੈ। ਇਸ ਕਰ ਕੇ ਇਥੇ ਸ਼ਬਦ ਦੀ ਕਥਤੀ, ਤੁਸੀਂ ਕੜਾਹ ਪ੍ਰਸ਼ਾਦਿ ਅਤੇ ਲੰਗਰ ਛਕ ਕੇ ਅੱਖੀਂ ਵੇਖ ਲਈ ਹੈ, ਕਿਤਨਾ ਸੁਆਦਿਸ਼ਟ ਭੋਜਨ ਛੱਕਿਆ ਹੈ।

ਫਿਰ ਵਾਤਾਵਰਣ ਅਡੋਲ, ਸ਼ਾਂਤ, ਇਕਾਂਤ, ਸਹਿਜ ਰਸ ਹੈ, ਆਪ ਕਿਤਨੇ ਅਨੰਦਤ ਹੋ ਰਹੇ ਹੋ। ਇਹ ਸਭ ਕੁਝ ਤਾਂ ਹੀ ਦਿਸ ਰਿਹਾ ਹੈ, ਜੋ ਇਹ ਮਹਾਂਪੁਰਸ਼ ਕਰਨੀ ਕਥਨੀ ਦੇ ਪੂਰੇ ਸੂਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸ਼ਬਦਾਵਤਾਰ) ਸਾਰੀਆਂ ਦਸਾਂ ਪਾਤਸ਼ਾਹੀਆਂ ਦੇ ਸਰੂਪ ਨੂੰ ਹਾਜ਼ਰ ਨਾਜ਼ਰ ਜਾਣ ਕੇ ਪ੍ਰਤੱਖ ਗੁਰਾਂ ਦੀ ਦੇਹ ਜਾਣ ਕੇ, ਸਵੱਛਤਾ ਨਾਲ, ਪਿਆਰ ਨਾਲ,ਗੁਰ -ਮਰਯਾਦਾ ਅਨੁਸਾਰ ਗੁਰਬਾਣੀ ਪੜ੍ਹਦਿਆਂ ਲੰਗਰ ਦੇਗ ਸਜਾਂਦੇ ਅਤੇ ਭੋਗ ਲਵਾਉਂਦੇ ਹਨ। ਜਿਸ ਸਵੱਛ ਪਦਾਰਥ ਦਾ ਭੋਗ ਸਤਿਗੁਰੂ ਜੀ ਨੂੰ ਲੱਗੇ ਤਾਂ ਫਿਰ ਉਸ ਵਿਚ ਅੰਮ੍ਰਿਤ ਵਰਗਾ ਸਵਾਦ ਕਿਉਂ ਨਾ ਹੋਵੇ। ਪਰ ਅਸੀਂ ਇਸ ਮਰਯਾਦਾ ਤੋਂ ਹੁਣ ਕੋਹਾਂ ਦੂਰ ਹੁੰਦੇ ਚਲੇ ਜਾ ਰਹੇ ਹਾਂ। ਸਮਾਂ ਬੜਾ ਪ੍ਰਬਲ ਹੈ ਤੇ ਇਨਸਾਨ ਹਮੇਸ਼ਾਂ ਢੱਲਦੇ ਪਰਛਾਵੇਂ ਵਾਂਗ ਢੱਲਦਾ ਰਹਿੰਦਾ ਹੈ ਅਤੇ ਆਪਣੇ ਅਸਲ ਕੇਂਦਰ ਤੋਂ ਕੋਹਾਂ ਦੂਰ ਚਲਾ ਜਾਂਦਾ ਹੈ। ਤੇ ਆਖਰ ਅਜਿਹਾ ਥਿੜਕਦਾ

ਹਜ਼ਾਰਾ ਸਿੰਘ ਜੀ ਇਹਨਾਂ ਤੋਂ ਗੁਰਮਤਿ, ਗੁਰਬਾਣੀ ਦੇ ਅਰਥ ਬੋਧ ਗਿਆਨ ਪ੍ਰਾਪਤ ਕਰ ਕੇ ਗਿਆਨੀ, ਪ੍ਰਚਾਰਕ, ਕਥਾ ਵਾਚਕ ਬਣ ਚੁੱਕੇ ਹੋਏ ਸਨ। ਅਤੇ ਆਪ ਸਾਰੇ ਸੰਤ ਨਾਮ ਸਿਮਰਨ ਦੇ ਮਾਰਗ ਦੀ ਚੰਗੀ ਸੂਝ ਰੱਖਣ ਵਾਲੇ ਸਨ, ਪਰ ਫਿਰ ਭੀ 'ਸੰਤ ਮਿਲੈ ਕਿਛੁ ਸੁਣੀਐ ਕਹੀਐ' ਗੁਰਬਾਣੀ ਦੀ ਵਿਚਾਰਧਾਰਾ ਮੁਤਾਬਕ, ਵਾਹਿਗੁਰੂ ਦੀ ਜਾਣ, ਪਹਿਚਾਣ, ਖੋਜ, ਟੋਹ ਦੀ ਰੁਚੀ ਹੋ ਹੀ ਆਉਂਦੀ ਹੈ। ਅਸੀਂ ਜਗਿਆਸੂ ਭੀ ਜਦ ਕਦੀ ਮਹਾਂਪੁਰਸ਼ਾਂ ਦੇ ਦਰਸ਼ਨ ਕਰਦੇ ਹਾਂ ਤਾਂ ਕਈ ਤਰਾਂ ਦੇ ਪ੍ਰਸ਼ਨ ਕਰਨ ਲੱਗ ਜਾਂਦੇ ਹਾਂ। ਸਾਡੇ ਪ੍ਰਸ਼ਨ ਨਾਮ ਬਾਣੀ ਦੀ ਮੰਗ ਨਹੀਂ ਹੁੰਦੇ। ਕਈ ਭਾਵਾਂ ਨਾਲ ਅਸੀਂ ਸਾਧ ਦੀ ਸੰਗਤ ਕਰਦੇ ਹਾਂ। ਕੋਈ ਪੁੱਤਰ, ਧੀ, ਜ਼ਮੀਨ, ਮੁਕੱਦਮੇ ਦੀ ਸਫਲਤਾ ਨੌਕਰੀ, ਕਾਮਯਾਬੀ ਤੇ ਹੋਰ ਹਜ਼ਾਰਾਂ ਸੰਸਾਰਕ ਝੇੜੇ ਲੈ ਬੈਠਦੇ ਹਾਂ। ਕੁਝ ਕੁ ਵਿਅਕਤੀ ਆਪਣੀ ਆਤਮਕ ਅਵੱਸਥਾ ਨੂੰ ਅੱਗੇ ਲੈ ਜਾਣ ਦੀ ਭਾਵਨਾ ਲਈ ਪ੍ਰਸ਼ਨ ਕਰਦੇ ਹਨ ਅਤੇ ਕਈ ਪਹਿਲੀ ਦੂਜੀ ਪੌੜੀ ਤਾਂ ਅਜੇ ਪੱਕੜੀ ਹੀ ਨਹੀਂ,ਪਰ ਸਿੱਧੇ ਕੋਠੇ ਚੜ੍ਹਨ ਦੀ ਮੰਗ– 'ਨਾਮ ਦਾਨ ਦੀ ਮੰਗ ਸੁਣੀ ਸੁਣਾਈ ਮੰਗਦੇ ਹਾਂ ਕਿ ਸੰਤਾ ਪਾਸੋਂ ਨਾਮ ਦਾਨ ਮੰਗੋ। ਕਦੀ ਬਾਣੀ ਦੀ ਇਸ ਤੁਕ ਨੂੰ ਸੁਣਨ ਪੜ੍ਹਨ ਤੋਂ ਬਿਨਾ ਇਸ ਦੇ ਤੱਤ੍ਹ ਨੂੰ ਸਮਝੇ। ਝੱਟ ਇਸ ਦੀ ਉਦਾਹਰਣਾ ਮਨ ਵਿਚ ਧਾਰ ਕੇ–

ਮਾਗਨਾ ਮਾਗਨ ਨੀਕਾ ਹਰਿ ਜਸੁ ਗੁਰ ਤੇ ਮਾਂਗਨਾ ॥

ਸੰਤਾਂ, ਮਹਾਂਪੁਰਸ਼ਾਂ ਸਾਧੂ ਜਨਾਂ ਤੋਂ ਜਾ ਮੰਗਦੇ ਹਾਂ।

'ਨਾਮ ਦਾਨ'–ਹਾਂ 'ਨਾਮ' ਦੇਣ ਦੇ ਠੇਕੇਦਾਰ ਰੱਬ ਦੇ ਤਾਂ, ਝੱਟ ਕਹਿ ਦੇਣਗੇ ਕਿ ਹਾਂ, ਅਸੀਂ ਨਾਮ ਦੇਂਦੇ ਹਾਂ, ਪਰ ਮਹਾਂ ਪੁਰਸ਼ ਇਉਂ ਕਦੇ ਠੇਕੇਦਾਰੀ ਨਹੀਂ ਕਰਦੇ। ਉਹ ਵੈਦ ਵਾਂਗ ਪਹਿਲਾਂ ਜੀਵ ਜੀ ਨਬਜ਼ ਪਛਾਣਦੇ ਹਨ ਕਿ ਇਸ ਦੇ ਭਾਂਡੇ ਵਿਚ ਅੱਗੇ ਕੋਈ ਵਸਤੂ ਹੈ? ਤੇ ਹੋਰ ਕਿੰਨੀ ਤੇ ਕਿਸ ਪਉੜੀ ਤੱਕ ਸਮਾ ਸਕਦੀ ਹੈ। ਅਤੇ ਪ੍ਰਸ਼ਨਵਾਦੀ ਦਾ ਉਤਨਾ ਹੀ ਉੱਤਰ ਦੇਂਦੇ ਹਨ।

ਜੇ ਭਾਂਡਾ ਇਸ ਯੋਗ ਨਹੀਂ, ਭਾਵੇਂ ਉਹ ਨਾਮ ਦਾਨ ਮੰਗ ਰਿਹਾ ਹੋਵੇ, ਉਸ ਨੂੰ ਉਸ ਮਾਰਗ ਤੇ ਨਹੀਂ ਚਲਾਉਣਗੇ, ਕਿਉਂਕਿ ਉਹ ਜਾਣਦੇ ਹਨ ਕਿ–'ਇਹ ਤਉ ਬਸਤ ਗੋਪਾਲ ਕੀ' ਅਤੇ ਨਾਮ ਵਸਤੂ ਅਕਾਲ ਪੁਰਖ ਨੇ ਆਪ ਬਖਸ਼ਸ਼ ਕਰਨੀ ਹੈ। ਹਰ ਕੋਈ ਆਪਣੇ ਨਾਮ ਦਾ ਖੁਦ ਮਾਲਕ ਹੈ। ਪਰ ਦੂਸਰੇ ਨੂੰ ਦੂਸਰੇ ਦਾ ਨਾਮ ਦੇਣ ਦਾ ਕੀ ਹੱਕ ਹੈ। ਪਰ ਹਾਂ ਜਿਸ ਨੂੰ ਜਿੰਨਾ ਜਣਾਏ ਜਾਂ ਦੇਣ ਦਾ ਅਖ਼ਤਿਆਰ ਦੇਵੇ, ਤਾਂ ਹੁਕਮੀ ਬੰਦਾ ਉਸ ਪ੍ਰਭੂ ਦੇ ਹੁਕਮ ਦੀ ਪਾਲਣਾ ਕਰਦਾ ਹੋਇਆ 'ਨਾਮ' ਤਾਂ ਦੇ ਸਕਦਾ ਹੈ, ਪਰ ਅਧਿਕਾਰੀ ਵੇਖ ਕੇ ਵਸਤ ਦਿਤੀ ਜਾਂਦੀ ਹੈ। ਕਿਉਂਕਿ

ਇਹ ਪ੍ਰਿਮ ਪਿਆਲਾ ਖਸਮ ਕਾ ਜੋ ਭਾਵੈ ਤਹਿ ਦੇਈ ॥

ਜਿਸ ਤੇ ਮਿਹਰ ਕਰ ਦੇਵੇ ਉਸ ਨੂੰ ਇਹ ਪ੍ਰਾਪਤ ਹੁੰਦਾ ਹੈ। ਪਰ ਇਸ ਭੰਡਾਰੇ ਦੀ ਕੁੰਜੀ– ਕੁੰਜੀ ਗੁਰ ਸਉਂਪਾਈ' ਸੱਚੇ ਸਤਿਗੁਰੂ ਨੂੰ ਸੌਂਪੀ ਹੋਈ ਹੈ। ਅਸੀਂ ਬਿਨਾਂ ਗੁਰੂ ਨੂੰ ਧਾਰਨ ਕੀਤਿਆਂ (ਅੰਮ੍ਰਿਤ ਛੱਕਣ ਤੋਂ ਬਿਨਾਂ) ਨਿਗੁਰੇ ਗੁਰਬਾਣੀ ਤੇ ਗੁਰਮੰਤਰ ਤੋਂ 'ਨਾਮ ਦਾਨ' ਮੰਗਦੇ ਹਾਂ, ਜਦ ਕਿ ਅਸੀਂ ਗੁਰੂ ਨੂੰ ਗੁਰੂ ਹੀ ਮੰਨਣ ਲਈ ਤਿਆਰ ਨਹੀਂ। ਤਾਂ ਫਿਰ ਕੀ ਅਧਿਕਾਰ ਹੋ ਜਾਂਦਾ ਹੈ ਅਸਾਂ ਨੂੰ ਕਿ ਅਸੀਂ ਉਸ ਗੁਰੂ ਦੀ ਬਾਣੀ ਪੜ੍ਹੀਏ, ਮੰਗਾਂ ਮੰਗੀਏ ਕਿਉਂਕਿ ਸਤਿਗੁਰੂ ਫੁਰਮਾਂਦੇ ਹਨ–'ਨਿਗੁਰੇ ਕਾ ਹੈ ਨਾਉ ਬੁਰਾ ॥'

ਹੈ, ਕਿ ਕਿਸੇ ਪਾਸੇ ਕੋਈ ਤਿਣਕਾ ਭਰ ਸਹਾਰਾ ਭੀ ਨਜ਼ਰੀਂ ਨਹੀਂ ਆਉਂਦਾ। ਗੁਰਮਤਿ ਦੀ ਅਸਲ ਕਿਰਿਆ ਹੀ ਜੀਵ ਲਈ ਸ਼ਕਤੀ ਹੈ ਅਤੇ ਕੁ-ਕਿਰਿਆ ਹੀ ਸ਼ਕਤਿਹੀਣਤਾ ਅਤੇ ਨਿਰਬਲਤਾ ਦਾ ਕਾਰਨ ਬਣਦੀ ਹੈ।

ਇਕ ਸਮਾਂ ਸੀ, ਜਦ ਗੁਰਸਿੱਖ ਘਰਾਣੇ ਦੀਆਂ ਮਾਤਾਵਾਂ, ਅੰਮ੍ਰਿਤ ਵੇਲੇ ਉਠਦੀਆਂ ਸਨ। ਫਿਰ ਉਹ ਇਸ਼ਨਾਨ ਸੁੱਚ ਸੰਜਮ ਕਰ ਕੇ ਹੱਥੀਂ ਚੱਕੀ ਪੀਸਦੀਆਂ। ਗੁਰਬਾਣੀ ਦਾ ਪਾਠ ਪੜ੍ਹਦੀਆਂ, ਦੁੱਧ ਰਿੜਕਦਿਆਂ ਜਾਂ ਆਟਾ ਗੁੰਨਦੀਆਂ, ਰੋਟੀਆਂ ਪਕਾਉਂਦੀਆਂ ਭਾਵ–ਘਰ ਦੇ ਸਵੇਰੇ ਸ਼ਾਮ ਦੇ ਕੰਮ ਕਾਜ ਵਿਚ ਰਸਨਾ ਤੇ ਗੁਰਬਾਣੀ 'ਮੂਲ ਮੰਤਰ' ਜਾਂ 'ਗੁਰ ਮੰਤਰ' ਦਾ ਜਾਪ ਹੁੰਦਾ, ਉਸ ਅੰਨ ਵਿਚ, ਦੁੱਧ-ਲੱਸੀ ਵਿਚ ਕਿੰਨਾ ਅੰਮ੍ਰਿਤ ਮਈ ਰਸ ਹੁੰਦਾ ਸੀ। ਛੱਕਣ ਵਾਲਿਆਂ ਵਿਚ ਗੁਰਮਤਿ ਅਤੇ ਗੁਰਸਿੱਖੀ ਸਪਿਰਟ ਜਾਗਰਤ ਹੁੰਦੀ ਸੀ, ਬਹਾਦਰ ਸੂਰਮੇ ਤੇ ਸ਼ੁਭ - ਆਚਰਣ ਵਾਲੇ ਧੀਆਂ - ਪੁੱਤਰ, ਜੋ ਕੁਰਬਾਨੀ ਦੇ ਲਈ ਤੱਤਪਰ ਰਹਿੰਦੇ ਸਨ।

ਪਰ ਗੁਰਸਿੱਖੋ! ਹੁਣ ਸਮਾਂ ਗਿਰਾਵਟ, ਢਹਿੰਦੀਆਂ ਕਲਾਂ ਵਲ ਜਾ ਰਿਹਾ ਹੈ ਤੇ ਹੋਰ ਜਾਵੇਗਾ। ਕੁਚਾਲ ਚਾਲਾ ਵਿਚ ਚੱਲ ਕੇ ਜੀਵ ਧਰਮ ਦਾ ਤਿਆਗ ਕਰ ਕੇ ਅਧਰਮ ਨੂੰ ਅਪਣਾਏਗਾ। ਇੱਸ਼ਟ ਦੇ ਪੁਜਾਰੀ ਹੁੰਦਿਆਂ ਲੋਕ ਵਿਖਾਵੇ ਮਾਤ੍ਰ ਪੂਜਾ ਤਾਂ ਹੋਵੇਗੀ, ਪਰ ਅਸਲੀਅਤ ਵਿਚ ਨਹੀਂ ਹੋਵੇਗੀ। ਮਾਇਆ ਨਾਲ ਗੁਰੂ ਨੂੰ ਖਰੀਦ ਕੇ, ਵੱਢੀ ਦੇ ਕੇ ਖੁਸ਼ਕਰਨ ਦੀਆਂ ਕੁਚੀਲ ਚਾਲਾਂ, ਮਨਮਤਿ ਦੁਆਰਾ ਚਲਾਣਗੇ, ਅਤੇ ਪਰਮੇਸ਼ਵਰ ਨੂੰ 'ਲੇਗਣ ਰਾਮ ਖਿਲੌਣਾ ਜਾਨਾ' ਖਿਡੌਣਾ ਸਮਝ ਕੇ ਜਿਵੇਂ ਚਾਹਿਆ ਖੇਡੀ ਜਾਣਗੇ। ਬਾਣੀ ਜੋ ਜੀਵਨ ਆਧਾਰ ਕਲਿਆਣ ਕਾਰਨੀ ਹੈ, ਨੂੰ ਰੋਜ਼ਗਾਰ ਦਾ ਸਾਧਨ ਬਣਾ ਕੇ, ਵੇਚ ਕੇ, ਮਾਇਆ ਬਟੋਰ ਕੇ ਕੁਕਰਮ ਕਰਨਗੇ ਅਤੇ ਸ਼ਰਧਾਲੂਆਂ ਦੀ ਸ਼ਰਧਾ ਦੀ ਮਾਇਆ ਦੀ ਕੁਢੰਗ ਤਰੀਕੇ ਨਾਲ ਵਰਤੋਂ ਕਰਨਗੇ।

ਪਰ ਵਿਰਲੇ ਹੀ ਜਿਨ੍ਹਾਂ ਨੂੰ ਆਪ ਪ੍ਰਮੇਸ਼ੁਰ ਸੋਝੀ ਬਖਸ਼ੇਗਾ ਹੀ 'ਸਭ ਤੇਰੀ ਕੁਦਰਤ ਤੂੰ ਕਾਦਰ ਕਰਤਾ' ਜਾਣ ਕੇ ਗੁਰੂ ਦਰਸਾਏ ਮਾਰਗ ਨੂੰ ਮਨ ਵਿਚ ਵਸਾ ਕੇ ਸਰਬਤ ਦੀ ਸੇਵਾ, ਸਰਬਤ ਦਾ ਭਲਾ ਮੰਗਣਗੇ ਅਤੇ ਪ੍ਰਉਪਕਾਰੀ ਜੀਵਨ ਵਿਚ ਢਾਲਣਗੇ।

ਵੇਖੋ! ਇਸ ਬੁੱਢਾਪੇ ਵਿਚ ਭੀ ਮਹਾਂਪੁਰਸ਼ਾਂ ਦੇ ਚੇਹਰੇ ਦਾ ਜਲਾਲ ਨਹੀਂ ਝਲਿਆ ਜਾ ਰਿਹਾ– 'ਮਥੇ ਹੀ ਪ੍ਰਗਟ ਥੀਆ' ਲਾਲ ਭਾਵੇਂ ਗੋਦੜੀਆਂ ਵਿਚ ਹੋਵਣ ਜਾਂ ਛੰਨ ਛੱਪਰੀਆਂ ਵਿਚ ਰੈਣ ਬਸੇਰਾ ਕਰਨ, ਭੁਇ ਸੌਣ, ਇਹਨਾਂ ਦੀ ਹਰ ਵੇਲੇ ਅਨੰਦਤ ਅਵਸੱਥਾ ਹੁੰਦੀ ਹੈ। ਇਹ ਤਾਂ ਕੇਵਲ ਗੁਰੂ ਅਤੇ ਗੁਰੂ ਸੰਗਤ ਦੀਆਂ ਖੁਸ਼ੀਆਂ ਹੱਥੀਂ ਸੇਵਾ ਕਰ ਕੇ ਹੀ ਪ੍ਰਾਪਤ ਕਰਨੀ ਮੂਲ ਲਖਸ਼ ਸਮਝਦੇ ਹਨ। ਅਜਿਹੇ ਪਰਉਪਕਾਰੀ ਮਹਾਂਪੁਰਸ਼ਾਂ ਸਦਕਾ ਹੀ ਹਜ਼ਾਰਾਂ ਗੁਨਾਹਗਾਰਾਂ ਦਾ ਭੀ ਉਧਾਰ ਹੋ ਰਿਹਾ ਹੈ।

ਸੰਤਾਂ ਦੀਆਂ ਯੋਗਤਾਵਾਂ

ਸ੍ਰੀ ਮਾਨ ਸੰਤ ਨਿਸਚਲ ਸਿੰਘ ਜੀ (ਪੰਡਤ), ਸ੍ਰੀ ਮਾਨ ਸੰਤ ਸੁੰਦਰ ਸਿੰਘ ਜੀ ਅਤੇ ਸ੍ਰੀ ਮਾਨ ਸੰਤ ਭਾਗ ਸਿੰਘ ਜੀ ਸਾਰੇ ਖੁਦ ਬੜੇ ਵਿਦਵਾਨ ਅਤੇ ਧਾਰਮਿਕ ਵਿਦਿਆਂ ਦੀਆਂ ਟਕਸਾਲਾਂ ਦੇ ਮੋਢੀ ਸਨ।

ਸੰਤ ਮੰਡਲੀ ਅਤੇ ਸੰਗਤਾਂ ਇਹ ਸਾਰੀਆਂ ਵਿਚਾਰਾਂ ਬੜੇ ਧਿਆਨ ਪੂਰਬਕ ਸੁਣ ਕੇ ਪ੍ਰਸੰਨ ਹੋ ਰਹੀਆਂ ਸਨ, ਬਾਬਾ ਮਿੱਤ ਸਿੰਘ ਜੀ, ਬਾਬਾ ਧਰਮ ਸਿੰਘ ਜੀ ਤੇ ਹੋਰ ਡੇਰੇ ਦੇ ਸਾਰੇ ਸਿੰਘ ਸੰਤਾਂ ਪਾਸੋਂ ਅਜਿਹੀਆਂ ਵਿਚਾਰਾਂ,ਸਤਿਸੰਗ ਵਿਚ ਭਾਗ ਲੈ ਰਹੇ ਸਨ। ਇਸ ਸ਼ਾਂਤ ਵਾਤਾਵਰਣ ਦੇ ਰਸ ਨੂੰ ਉਹੀ ਜਾਣਦੇ ਹਨ, ਜਿਹਨਾਂ ਚੱਖਿਆ ਹੋਵੇ।

ਅਚਾਨਕ ਸੰਤ ਸੁੰਦਰ ਸਿੰਘ ਜੀ ਅਲੀਬੇਗ ਵਾਲੇ ਬਾਬਾ ਮਿੱਤ ਸਿੰਘ ਜੀ ਵੱਲ ਮੁਖਾਤਬ ਹੋ ਕੇ ਕਹਿਣ ਲੱਗੇ–ਬਾਬਾ ਜੀ ! ਨਾ ਜਾਣੇ ਕਿਉਂ ਇਸ ਅਸਥਾਨ ਤੇ ਹਰ ਤਰਾਂ ਇਕਾਂਤ, ਸ਼ਾਂਤਿ ਦਾ ਕਿਤਨਾ ਸੁਹਾਵਣਾ ਵਾਤਾਵਰਣ ਵਰਤ ਰਿਹਾ ਹੈ। ਲੰਗਰ, ਕੜਾਹ ਪ੍ਰਸ਼ਾਦਿ, ਜਲ ਪਾਣੀ ਦੇ ਛੱਕਣ ਵਿਚ ਕਿਤਨਾ ਅੰਮ੍ਰਿਤਮਈ ਸਵਾਦ, ਫਿਰ ਸਾਰੀ ਸੰਗਤ ਜੋ ਹਰ ਪੜਾਅ ਤੇ ਉਤਾਵਲੀ ਹੋ ਕੇ ਕਹਿੰਦੀ ਹੈ–ਚਲੋ ਚਲੋ ਤੇ ਔਧਰ ਓਧਰ ਭੱਜ ਦੌੜ ਵਿਚ ਕਾਹਲੀ ਹੁੰਦੀ, ਪਰ ਇਥੇ ਤਾਂ ਸਾਰੇ 'ਸੁੰਨ ਮੁੰਨ ਨਗਰੀ ਭਈ' ਵਾਂਗ ਐਉਂ ਜਾਪ ਰਹੇ ਹਨ ਜਿਵੇਂ ਕਿ ਵਿਸਮਾਦ ਨਗਰੀ ਵਿਚ ਬਿਰਤੀਆਂ ਜੋੜੀ 'ਬੇ - ਗਮ ਪੁਰੇ' ਸ਼ਹਿਰ ਦੀ ਸੈਰ ਕਰ ਰਹੇ ਹੋਵਣ ਤੇ ਉਥੇਂ ਦੇ ਮਾਲਕ ਪ੍ਰਭੂ (ਵਾਹਿਗੁਰੂ) ਦੇ ਦਰਸ਼ਨ ਕਰ ਕੇ ਸੁਧ ਬੁਧ ਨੂੰ ਭੁਲਾਈ ਬੈਠੇ ਹੋਵਣ।

ਸੰਤ ਸੁੰਦਰ ਸਿੰਘ ਜੀ– ਮਹਾਂਪੁਰਸ਼ੋ ! ਬਾਬਾ ਮਿੱਤ ਸਿੰਘ ਜੀ ਆਪ ਤੇ ਗੁਰੂ ਕਲਗੀਧਰ ਜੀ ਦੀ ਅਪਾਰ ਕ੍ਰਿਪਾ ਹੈ। ਸਾਰਾ ਸਿੱਖ ਜਗਤ ਆਪ ਜੀ ਨੂੰ ਤ੍ਰੈ-ਕਾਲ ਦਰਸੀ ਸਮਝ ਰਿਹਾ ਹੈ। ਅੱਗੇ ਆਉਣ ਵਾਲਾ ਸਮਾਂ ਭਿਆਨਕ ਦਿਸਦਾ ਹੈ। ਕ੍ਰਿਪਾ ਕਰਕੇ ਕੁਝ ਭਵਿਖਤ ਬਾਣੀ ਸੁਣਾਓ ਜੀ। ਆਪ ਨੇ ਤਾਂ ਸਤਿਗੁਰ ਦੇ ਪ੍ਰਤੱਖ ਦ੍ਰਸ਼ਨ ਕੀਤੇ ਹੋਵਣਗੇ।

ਕੀ ਸੱਚਮੁੱਚ ਤੁਸਾਂ ਭੀ ਤਾਂ ਉਸ ਸੱਚਖੰਡ ਦੇ ਦੀਦਾਰ ਕੀਤੇ ਹੋਵਣਗੇ ਤਾਂ ਹੀ ਤਾਂ ਇਤਨੀ ਚੁੱਪ ਸਾਧਨ ਕਰੀ ਬੈਠੇ ਹੋ। ਇਤਨੀ ਸ਼ਾਂਤੀ, ਜਿਥੇ ਸੁੱਤੇ ਹੀ ਬਿਨਾਂ ਯਤਨਾਂ ਦੇ ਮਨ ਸਹਿਜ ਅਵਸਥਾ ਵਿਚ ਟਿੱਕ ਜਾਵੇ, ਕੀ ਇਹ ਸੱਚ ਨਹੀਂ ਕਿ ਆਪ ਉਹਨਾਂ ਉੱਚ ਮੰਡਲਾਂ ਵਿਚ ਵੱਸਦੇ ਅਤੇ ਦਰਸ਼ਨ ਕਰਦੇ ਹੋਵੋਗੇ।

ਸਾਰੀ ਸੰਗਤ ਚੌਕੰਨੀ ਹੋ ਗਈ ਕਿ ਬਾਬਾ ਜੀ ਸੰਤਾਂ ਦੇ ਇਸ ਪ੍ਰਸ਼ਨ ਦਾ ਕੀ ਉਤਰ ਦੇਂਦੇ ਹਨ, ਸੁਨਣ ਲਈ ਉਤਾਵਲੀ ਹੋ ਰਹੀ ਸੀ।

ਬਾਬਾ ਮਿੱਤ ਸਿੰਘ ਜੀ– ਸ਼੍ਰੀ ਮਾਨ ਸੰਤ ਜੀ ਮਹਾਰਾਜ ! ਤੁਸੀਂ ਆਪ ਤਾਂ ਵਿਦਿਆ ਦੇ ਭੰਡਾਰ, ਗੁਰਬਾਣੀ ਦੇ ਖੋਜੀ ਤੇ ਗੁਰਮਤਿ ਦੇ ਧਾਰਨੀ ਹੁੰਦਿਆਂ ਆਪ ਜੀ ਨੂੰ ਇਹ ਪ੍ਰਸ਼ਨ ਕਰਨਾ ਸ਼ੋਭਦਾ ਨਹੀਂ। ਕਿਉਂਕਿ ਸੁਨਿਆਰਾ ਜਾਂ ਜੌਹਰੀ ਜੋ ਸੋਨਾ ਜਾਂ ਹੀਰਾ ਲੈ ਕੇ ਆਇਆਂ ਪਾਸੋਂ ਇਹ ਨਹੀਂ ਪੁੱਛਦੇ ਕਿ ਇਸ ਵਿਚ ਕਿੰਨੀ ਖੋਟ ਤੇ ਸੱਚ ਹੈ ? ਜੇ ਉਹਨਾਂ ਦੀ ਅੱਖ ਜਾਂ ਅੰਤਸ਼ਹ ਕਰਣ ਦੀ ਕਸਵੱਟੀ ਨਾ ਕੰਮ ਕਰੇ ਤਾਂ ਉਹ ਕਸਵੱਟੀ ਪਾਸੋਂ ਨਤਾਰਾ ਕਰਾ ਲੈਂਦੇ ਹਨ। ਇਸੇ ਤਰ੍ਹਾਂ ਸੰਤ ਜਨ, ਸੰਤ ਜਨਾਂ ਤੋਂ ਪੁੱਛ ਕਰਨ ਤਾਂ, ਜੇ ਉਹਨਾਂ ਪਾਸ ਗੁਰਬਾਣੀ ਦੀ ਕਸਵੱਟੀ ਨਾ ਹੋਵੇ। ਜਦ ਆਪ ਜੀ ਦੇ ਪਾਸ ਇਤਨੀ ਗੁਰਬਾਣੀ

ਦੀ ਖੱਜ ਫਿਰ ਅੰਤਸਹ ਕਰਨ ਦੀ ਸੂਝ ਹੁੰਦਿਆਂ ਅਜਿਹਾ ਪ੍ਰਸ਼ਨ ਕਰਨਾ, ਮੈਂ ਅਨਪੜ੍ਹ, ਬੇਸਮਝ ਨਾਲ ਬਹੁਤ ਭੱਦਾ ਖਿਲਵਾੜ ਕਰਨਾ ਹੈ। ਪਰ–

ਜਿਤੇ ਬਡੇ ਗਿਆਨੀ ਤਿਨੋ ਜਾਨੀ ਪਹਿਚਾਨੀ ਨਾਹਿ ॥ [ਦਸਮ ਗ੍ਰੰਥ ਪਾ: ੧੦

ਅਤੇ ਇਹ ਤਾਂ– ਕਹੁ ਕਬੀਰ ਗੁੰਗੇ ਗੁੜ ਖਾਇਆ ਪੂਛੇ ਤੇ ਕਿਆ ਕਹੀਐ ॥

ਜਿਸ ਦੀ ਖੇਡ ਹੈ ਉਹ ਜਾਣੇ। ਗਿਆਨ ਬਾਣੀ ਦੇ ਬੋਧ ਨਾਲ ਹੀ ਨਹੀਂ, ਜਾਣ ਕੇ ਪਹਿਚਾਣ ਕਰਨਾ ਹੀ ਉਸ ਦੇ ਸਰਬ ਵਿਆਪੀ ਦਰਸ਼ਨ ਹਨ। ਜਦ 'ਸਭ ਤੇਰੀ ਕੁਦਰਤ ਤੂੰ ਕਾਦਰ ਕਰਤਾ' ਦੇ ਮਹਾਵਾਕ ਦੀ ਸਮਝ ਪਹਿਚਾਣ ਕਰ ਲਈ, ਜਦ–

ਅਵਲਿ ਅਲਹ ਨੂਰੁ ਉਪਾਇਆ ਕੁਦਰਤ ਕੇ ਸਭ ਬੰਦੇ ॥ [ਪ੍ਰਭਾਤੀ ਕਬੀਰ–੧੩੪੯

ਜਾਣ ਕੇ ਸਰਬ ਮਾਨਵਤਾ ਨੂੰ ਇਕੋ ਪ੍ਰਮੇਸ਼ਰ ਦੀ ਫੁੱਲਵਾੜੀ ਜਾਣਕੇ ਉਸਦੀ ਸੇਵਾ, ਪਰਉਪਕਾਰ ਸਮਾਨਤਾ ਨਾਲ ਕਰਨਾ ਹੀ ਪਰਮੇਸ਼ਰ ਦੇ ਦਰਸ਼ਨ ਹਨ। ਜਦ–

ਉਸ ਕਾ ਬਰਨ ਚੇਹਨ ਨ ਜਾਪਤ ॥ [ਪਾ: ੧੦

ਉਸ ਦਾ ਚੱਕਰ, ਚਿਹਨ, ਜ਼ਾਤ ਪਾਤ ਹੀ ਨਹੀਂ ਤਾਂ ਕਿਸ ਸਰੂਪ ਦੇ ਦਰਸ਼ਨਾਂ ਦੀ ਗੱਲ ਕਰਦੇ ਹੋ।

ਨਹੀ ਜਾਣ ਜਾਈ ਕਹਾਂ ਬਾਸ ਤਾ ਕਉ ॥ [ਦਸਮ ਗ੍ਰੰਥ, ਪਾ: ੧੦

ਉਹ ਕਿਥੇ ਤੇ ਕਿਸ ਥਾਂ ਤੇ ਭਾਲਣ ਕੀਤਾ ਜਾ ਸਕਦਾ ਹੈ–

ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮ ਸਵਾਰਿ [ਪ੍ਰਭਾਤੀ ਮ: ੩–੧੩੪੬

ਜੀਵਾਂ ਨੂੰ ਸਾਜ ਕੇ ਸਾਰਿਆਂ ਵਿਚ ਵਸਣ ਵਾਲੇ ਦੀ ਭਾਲ, ਦਰਸ਼ਨ ਕਿੰਨੀ ਅਨੋਖੀ ਗੱਲ ਹੈ। ਇਹ ਤੇ ਮਨ ਦੀ ਭਾਵਨਾ ਜਾਂ ਉਪਾਸ਼ਨਾਂ ਦੇ ਸਾਡੇ ਮਨ ਸੰਕਲਪ ਦਰਸ਼ਨਾਂ ਦੀ ਇੱਛਾ ਅਨੁਸਾਰ ਹੀ ਕਿਸੇ ਸਰੂਪ ਦੇ ਦਰਸ਼ਨ ਹਨ। ਪਰ ਸਰਬ ਵਿਆਪੀ ਨੂੰ ਸਰਬ ਵਿਆਪੀ ਦੀ ਅਵਸੱਥਾ ਪ੍ਰਾਪਤ ਹੋਣ ਤੇ ਹੀ ਅਜੇਹੀ ਦਰਸ਼ਨ– ਜਲਸ਼ਤ ਤੁਹੀ ਥਲਸ ਤੁਹੀ ਨਦਸ ਤੁਹੀ ਤੂਹੀ ਤੂਹੀ.....॥

ਵਿਚ ਲਿਵਲੀਨ ਹੋਣ ਤੇ ਉਹੋ ਦਰਸ਼ਨਾਂ ਦੀ ਭਾਲ ਕਰਨ ਵਾਲਾ ਖੁਦ ਹੀ ਦਰਸ਼ਨ ਸਰੂਪ ਹੋ ਜਾਂਦਾ ਹੈ। ਫਿਰ ਦਰਸ਼ਨ ਕਿਸ ਦੇ ? ਜਦ ਬ੍ਰਹਮ ਗਿਆਨ ਦੀ ਅਵਸੱਥਾ ਤੇ ਪਹੁੰਚ ਗਿਆ ਤਾਂ ਫਿਰ–

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥ [ਸੁਖਮਨੀ ਸਾ: ਪੰਨਾ ੨੭੩

ਫਿਰ ਪਰਮੇਸ਼ੂਰ ਕਿਸੇ ਹੋਰ ਪ੍ਰਮੇਸ਼ੂਰ ਦੇ ਦਰਸ਼ਨਾਂ ਦੀ ਚਾਹਣਾ ਦਾ ਇੱਛਕ ਨਹੀਂ ਰਹਿ ਜਾਂਦਾ, ਕਿਉਂਕਿ ਪਰਮੇਸ਼ਵਰ ਦੋ ਨਹੀਂ, ਇਕ ਹੈ। ਤਾਂ 'ਜੋਤੀ ਜੋਤ ਰਲੈ' ਤਾਂ ਫਿਰ ਦਰਸ਼ਨਾਂ ਦੀ ਇੱਛਾ ਕਿਸ ਦੀ ? ਉਹ ਪਰਮੇਸ਼ਵਰ ਸਰੂਪ ਹੀ ਮਨੁਖ ਜਾਮੇ ਵਿਚ ਵਿਚਰਦਾ, ਸਭ ਗੁਣਾਂ ਦੀਆਂ ਦਾਤਾਂ ਜੀਵਾਂ ਪ੍ਰਤੀ ਦੇਣ ਵਾਸਤੇ ਆ ਜਾਂਦਾ ਹੈ। ਬਾਬਾ ਨਾਨਕ ਜੀ ਤਾਂ–

ਆਪਿ ਨਾਰਾਇਣੁ ਕਲਾ ਧਾਰੁ ਜਗ ਮਹਿ ਪਰਵਰਿਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲ ਕਰਿਯਉ.....॥ ੨ ॥ ੧੬ ॥

[ਸਵਯੇ ਭਟਾਂ ਮ: ੩–੧੩੯੫

ਕੀ ਉਹ ਆਪਣੇ ਹੀ ਨਿਜ ਸਰੂਪ ਦੇ ਦਰਸ਼ਨਾ ਦੀ ਚਾਹਣਾ ਕਿਵੇਂ ਆਪਣੇ ਮਨ ਵਿਚ ਉਤਪੰਨ ਕਰ ਸਕਦੇ ਹਨ ?

ਜਦੋਂ ਕੋਈ ਜੀਵ ਆਪਣੇ ਨਿੱਜ ਸਰੂਪ ਨੂੰ ਸਮਝ ਲੈਦਾ ਹੈ ਤਾਂ ਇਹ ਹੀ ਨਿੱਜ ਸਰੂਪ ਉਸ ਦੇ ਦਰਸ਼ਨ ਹਨ। ਤਾਂ ਤੇ ਸੰਤ ਜਨੋ ਪੜ੍ਹੋ, ਸੁਣੋ, ਜਾਣੋ ਤੇ ਫਿਰ ਪਹਿਚਾਣੋ। ਆਪੇ ਵਿਚੋਂ ਭਾਲ ਕੇ ਹੀ ਦਰਸ਼ਨ ਕੀਤੇ ਜਾ ਸਕਦੇ ਹਨ।

ਸਾਰੀ ਸੰਗਤ ਇਸ ਉੱਚ ਅਵਸਥਾ ਦੀਆਂ ਸਿਖਰਾਂ ਦੇ ਬਚਨ ਸੁਣ ਕੇ ਹੋਰ ਭੀ ਬਹੁਤ ਪ੍ਰਸੰਨ ਹੋਈ ਤੇ ਕਈ ਪਾਂਧੀਆਂ ਨੂੰ ਇਕ ਨਵੀਂ ਸੇਧ ਮਿਲ ਗਈ।

ਹਰ ਮਾਰਗੀ ਜੋ ਭੀ ਨੇਮ ਕਰਮ, ਸੇਵਾ ਦਾਨ, ਪੁੰਨ ਕਰਮ ਕਰਦਾ ਹੈ ਤਾਂ ਉਸ ਦੀ ਭਾਵਨਾ ਪ੍ਰਭੂ ਦੇ ਦਰਸ਼ਨਾਂ ਦੀ ਚਾਹਨਾ ਹੁੰਦੀ ਹੈ, ਪਰ ਦਰਸ਼ਨ ਹੋਣ ਤੇ ਭੀ ਦੂਰੀ ਹੈ। ਭਾਵ ਕਿਸੇ ਇਸ਼ਟ ਗੁਰੂ ਦੇ ਦਰਸ਼ਨ ਦੀ ਸਿਖ ਅੰਦਰ ਭਾਵਨਾ, ਹੈ ਤਾਂ ਇਹ ਉਸ ਮਾਰਗ ਦੀ ਇਕ ਸ਼ੁਭ ਕੜੀ । ਜਦ ਭਾਵਨਾ ਹੀ ਨਹੀਂ ਬਣੀ ਤਾਂ ਉਸ ਵਾਹਿਗੁਰੂ ਦੀ ਪ੍ਰਾਪਤੀ ਦਾ ਯਤਨ ਭੀ ਨਹੀਂ ਹੁੰਦਾ। ਜਦ ਜਗਿਆਸੂ ਦੀ ਕੋਈ ਭਾਵਨਾ ਬਣਦੀ ਹੈ ਤਾਂ ਇਸ਼ਟ ਦੇ ਦਰਸ਼ਨਾਂ ਦੀ ਚਾਹਣਾ ਦਾ ਕੇਂਦਰਤ ਬਣਾ ਕੇ ਜੱਪ, ਤੱਪ, ਸੇਵਾ, ਜੱਗ, ਦਾਨ, ਪੁੰਨ ਕਰਦਾ ਹੈ। ਪਹਿਲਾਂ 'ਮੈਂ' ਤੇ 'ਤੂੰ' ਵੱਖ ਵੱਖ ਸਰੂਪ ਜਾਣ ਕੇ ਖਿੱਚ ਪੈਦਾ ਹੁੰਦੀ ਹੈ, ਪਰ ਜਿਉਂ ਜਿਉਂ ਤਾਂਘ ਵੱਧਦੀ ਜਾਂਦੀ ਹੈ, ਤਿਉਂ ਤਿਉਂ 'ਮੈਂ' ਤੇ 'ਤੂੰ' ਦੀ ਦੂਰੀ ਘੱਟਦੀ ਜਾਂਦੀ ਹੈ। ਨਾਮ ਸਿਮਰਨ ਵਿਚ ਜਿਉਂ ਜਿਉਂ ਮਨ ਵਧੇਰੇ ਲਗਦਾ ਹੈ, ਤਾਂ ਅੰਤਸ਼ਹ ਕਰਣ ਵਿਚ ਗਿਆਨ ਇੰਦਰਿਆਂ- ਕੰਨ ਤੇ ਅੱਖੀਆਂ ਇਕ ਨਵਰੰਗ ਰੂਪ ਨਾਦ ਸਰਵਣ ਕਰਦੀਆਂ ਤੇ ਵੇਖਦੀਆਂ ਹਨ। ਜੋ ਬਾਹਰ ਮੁੱਖੀ ਜਿਵੇਂ ਮਿਰਗ, ਕਸਤੂਰੀ ਜੋ ਉਸ ਦੀ ਨਾਭੀ ਵਿਚ ਹੈ, ਉਸ ਨੂੰ ਆਪਣੀ ਨਾਭੀ ਦੇ ਅੰਦਰੋਂ ਆ ਰਹੀ ਖੁਸ਼ਬੂ ਦਾ ਕਾਰਨ ਨਾ ਸਮਝਣ ਕਰਕੇ, ਉਹ ਥੱਲਾਂ 'ਚ ਵਿਆਕੁਲ ਹੋਯਾ ਦੌੜਦਾ ਹੈ। ਇਉਂ ਹੀ ਜਗਿਆਸੂ(ਪਾਂਧੀ) ਪਹਿਲਾਂ ਪਹਿਲ ਬਾਹਰਲੇ ਨਾਦ,ਲਿਸ਼ਕਾਰੇ, ਉੱਚ ਉਡਾਰੀਆਂ ਅਜੇਹੇ ਅਨੇਕਾਂ ਨਜ਼ਾਰੇ ਵੇਖਦਾ, ਪਸੀਜਦਾ ਅੱਗੇ ਹੀ ਅੱਗੇ ਵੱਧਦਾ ਜਾਂਦਾ ਨਾਮ ਸਿਮਰਨ ਵਿਚ ਜੁੜਦਾ ਹੈ। ਆਖਰ ਹਰ ਇਮਤਿਹਾਨ ਵਿਚੋਂ ਪਾਸ ਹੁੰਦਾ ਹੋਇਆ ਉਹ ਦੂਰੀ ਜੋ (ਮੈਟਰਿਕ ਤੱਕ ਦਸ ਸਾਲ ਲਗਾਤਾਰ ਮਿਹਨਤ ਕਰ ਕੇ ਪਾਸ ਹੋਣ ਦੀ ਚਾਹਣਾ ਸੀ) ਪਾਸ ਕਰ ਲੈਣ ਤੇ ਹੁਣ ਦਰਸ਼ਨਾਂ ਦੀ ਦੂਰੀ, ਚਾਹਣਾ ਖਤਮ ਹੋ ਜਾਣ ਤੇ ਅੰਦਰੇ ਤੇ ਆਪੇ ਨੂੰ ਫਿਰ ਸਾਰੇ ਸੰਸਾਰ ਵਿਚ ਕਾਦਰ ਦੀ ਕੁਦਰਤ ਨੂੰ ਵਿਆਪਕ ਸਮਝ ਕੇ ਹਰ ਵਕਤ ਇਹਨਾਂ ਦਰਸ਼ਨਾਂ ਵਿਚ ਸਮਿਲਤ ਹੋ ਜਾਂਦਾ ਹੈ। ਜੋ ਦੂਰੀ, ਦੂਰੇਡਾਪਨ, ਸਾਡੇ ਸੰਕਲਪ - ਵਿਕਲਪ ਤੇ ਸੰਸੇ ਹਨ, ਦੂਰ ਹੋ ਗਏ। ਮਨ ਅਡੋਲ ਹੋ ਗਿਆ ਤੇ ਪੁੱਜ ਗਿਆ ਨਾਮ ਸਿਮਰਨ ਦੀ ਸ਼ਕਤਿ ਨਾਲ ਮੰਜ਼ਲੇ - ਮਕਸੂਦ ਤੱਕ ਪਹੁੰਚ ਜਾਂਦਾ ਹੈ ਅਤੇ ਫਿਰ–

ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਉ ॥੧॥ਰਹਾਉ॥

[ਮਾਰੂ ਮ: ੫, ਪੰਨਾ ੧੦੦੨

ਅਤੇ–

ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸ ॥ ੧ ॥

ਫਿਰ ਆਵਣ ਜਾਣ ਦਾ ਕੰਮ ਖਤਮ ਹੋ ਜਾਂਦਾ ਹੈ, ਇਹ ਝੇੜਾ, ਝਾਂਜਾ, ਸਿੱਕਾਂ, ਦੂਰੀ ਤੇ ਦਰਸ਼ਨਾਂ

ਦੀ ਲਾਲਸਾ ਮੁੱਕ ਜਾਂਦੀ ਹੈ ਤੇ ਆਵਾਗਵਣ ਦੇ ਚੱਕਰ ਤੋਂ ਮੁਕਤ ਹੋ ਕੇ ਜਿਸ ਪ੍ਰਭੂ ਦੇ ਦਰਸ਼ਨਾਂ ਦੀ ਖਿੱਚ ਚਾਹਨਾ ਕਰਦਾ ਹੈ, ਉਸੇ ਦੇ ਦਰਸ਼ਨਾਂ ਵਿਚ ਲੀਨ ਹੋ ਜਾਂਦਾ ਹੈ।

ਸੰਤ ਜਨਾਂ ਦੀ ਜਾਣ ਪਹਿਚਾਨ

ਸ੍ਰੀ ਮਾਨ ਸੰਤ ਸੁੰਦਰ ਸਿੰਘ ਜੀ ਅਲੀਬੇਗ ਵਾਲੇ, ਚੰਗੇ ਤਪੱਸਵੀ, ਨਾਮ ਬਾਣੀ ਦੇ ਅਭਿਆਸੀ, ਪਰਉਪਕਾਰੀ ਅਤੇ ਗੁਰਮਤਿ ਦੇ ਸੂਝਵਾਨ, ਜਿਨ੍ਹਾਂ ਨੇ ਗੁਰਮਤਿ ਨੂੰ ਪ੍ਰਚਾਰਨ ਲਈ ਅਨੇਕਾਂ ਸਾਧਨ ਪੈਦਾ ਕੀਤੇ ਹੋਏ ਸਨ। ਆਪ ਨੇ ਆਪਣੇ ਅਸਥਾਨ ਅਲੀਬੇਗ ਵਿਚ ਗੁਰਬਾਣੀ ਦੀ ਟਕਸਾਲ ਚਲਾ ਰੱਖੀ ਹੋਈ ਸੀ। ਹਜਾਰਾਂ ਵਿਦਿਆਰਥੀ ਇਹਨਾਂ ਤੋਂ ਗੁਰਮਤਿ ਸਿੱਖਿਆ ਲੈ ਕੇ ਵਰੋਸਾਏ ਗਏ ਹੋਇ ਸਨ।

ਦਾਸ ਨੂੰ ਇਹਨਾਂ ਮਹਾਂਪੁਰਖਾਂ ਦੇ ਦਰਸ਼ਨ ਪਰਸਨ ਕਰਨ ਦਾ ਸੁਭਾਗ [ਪੰਜਵੀਂ ਤੋਂ ਦਸਵੀਂ ਤੱਕ ਜੋ ਖਾਲਸਾ ਹਾਈ ਸਕੂਲ ਗੁਜਰਾਂਵਾਲਾ (ਹੁਣ ਪਾਕਿਸਤਾਨ) ਵਿਚ ਪੜ੍ਹਦੇ ਸਮੇਂ ਯਤੀਮ ਖਾਨਾ (ਗੁਜਰਾਂ ਵਾਲੇ) ਜੋ ਖਾਲਸਾ ਕਾਲਜ ਦੇ ਸਾਹਮਣੇ ਘਜਰਾਖ ਸੜਕ ਤੇ ਸੀ ਅਤੇ ਇਥੋਂ ਇਸੇ ਸੜਕ ਤੇ ਸ਼ਹਿਰ ਵਲ ਦੋ ਫਰਲਾਂਗ ਤੇ ਖਾਲਸਾ ਹਾਈ ਸਕੂਲ ਸੀ, ਜਿਥੋਂ ਦਾਸ ਨੇ ਸੰਸਾਰਕ ਤੇ ਪ੍ਰਮਾਰਥ ਵਿਦਿਆ ਪ੍ਰਾਪਤ ਕੀਤੀ ਸੀ, ਸਾਡੇ ਪਿੰਡ ਗੋਂਦਲਾ ਵਾਲਾ, ਇਥੋਂ ਚਾਰ ਕੁ ਮੀਲ ਲਹਿੰਦੇ ਘਜਰਾਖ ਨਾਲ ਜ਼ਮੀਨ ਲੱਗਦੀ ਸੀ, ਵਾਕਿਆ ਸੀ। ਆਪ ਜੀ ਰੋਜ਼ਾਨਾ ਪੈਦਲ ਆਉਂਦਿਆਂ ਜਾਂਦਿਆਂ ਯਤੀਮ ਖਾਨੇ ਪਾਸੋਂ ਹੀ ਲੰਘਦੇ ਸਨ] ਮਿਲਿਆ ਹੈ।

ਇਸੇ ਯਤੀਮਖਾਨੇ ਹਰ ਸਾਲ ਸ੍ਰੀਮਾਨ ਸੰਤ ਸੁੰਦਰ ਸਿੰਘ ਜੀ ਯਤੀਮ ਬੱਚਿਆਂ ਦੀ ਭਲਾਈ ਅਤੇ ਪਰਉਪਕਾਰ ਨੂੰ ਮੁੱਖ ਰੱਖਦਿਆਂ ੧੦੧ ਅਖੰਡ ਪਾਠ ਕਰਾਇਆ ਕਰਦੇ ਸਨ। ਅਖੰਡ ਪਾਠ ਦੀ ਮਰਯਾਦਾ ਅਤਿ ਸੁ ਚੱਜੀ ਹੁੰਦੀ। ਪੰਝੀ ਪਾਠ ਇਕੱਠੇ ਤਿੰਨ ਵਾਰੀ ਭੋਗ ਪੈਂਦੇ ਤੇ ਇਕ ਵਾਰੀ ਛੱਬੀ ਪਾਠ ਇਕੱਠੇ ਚਲਦੇ। ੨੫ ਪਾਠਾਂ ਲਈ ੧੨੫ ਪਾਠੀ ਹੁੰਦੇ, ਸੇਵਾਦਾਰ ਤੇ ਧੂਪੀਏ ਅਤੇ ਪ੍ਰਸ਼ਾਦਿ ਵਰਤਾਉਣ ਵਾਲੇ ਵੱਖਰੇ, ਲੰਗਰ-ਪਕਾਉਣ ਲਈ ਸਿੰਘ ਤਿਆਰ - ਬਰ - ਤਿਆਰ ਹੁੰਦੇ। ਪਾਠੀਆਂ ਦੀ ਸੇਧ ਕਰ ਕੇ ਜੋ ਸ਼ੁਧ ਪਾਠ ਕਰਨ ਵਾਲੇ ਹੁੰਦੇ ਅਤੇ ਅੰਮ੍ਰਿਤਧਾਰੀ ਸਿੰਘ ਹੀ ਲਾਏ ਜਾਂਦੇ, ਖਾਸ ਕਰ ਕੇ ਮਾਸ ਸ਼ਰਾਬ ਦੀ ਵਰਤੋਂ ਨਾ ਕਰਨ ਵਾਲਿਆਂ ਪਾਠੀਆਂ ਨੂੰ ਹੀ ਲਾਂਦੇ। ਉਸ ਸਮੇਂ ਮਾਸ - ਸ਼ਰਾਬ ਤੋਂ ਰਹਿਤ ਪਾਠੀ ਬਹੁਤ ਮਿਲ ਜਾਂਦੇ ਸਨ। (ਪਰ ਅਜ ਭਾਲਣ ਚੜ੍ਹੀਏ ਤਾਂ ਸ਼ਾਇਦ ਹੀ ੧੦੦ ਵਿਚੋਂ ੮–੧੦ ਹੀ ਸ਼ਰਾਬ - ਮਾਸ ਤੋਂ ਰਹਿਤ ਪਾਠੀ ਬੜੀ ਮੁਸ਼ਕਲ ਨਾਲ ਮਿਲਦੇ ਹਨ)

ਸੰਤ ਜੀ ਮਹਾਰਾਜ ਆਪਣੇ ਵਲੋਂ ਸਾਰੇ ੧੨੫+੫=੧੩੦ ਪਾਠੀਆਂ, ਸੇਵਾਦਾਰਾਂ ਨੂੰ ਬਸਤਰ ਸਿਲਵਾ ਕੇ ਪਹਿਲੋਂ ਦੇਂਦੇ। (ਇਕ ਇਕ ਚੋਲਾ, ਦੋ ਦੋ ਕਛਹਿਰੇ, ਇਕ ਚਾਦਰ, ਇਕ ਦਸਤਾਰ, ਇਕ ਹਜੂਰੀਆ ਤੇ ਖੜਾਵਾਂ ਦਾ ਜੋੜਾ। ਇਸ ਸਭ ਬਸਤਰ ਸਫੈਦ ਹੁੰਦੇ।)

ਖੁਰਾਕ (ਲੰਗਰ) ਸੂਖਮ ਪਦਾਰਥ ਛਕਾਉਂਦੇ । ਰੌਲ ਬਦਲਣ ਤੋਂ ੧ ਘੰਟਾ ਪਹਿਲੇ ੨੫ ਸਿੰਘਾਂ ਤੇ ਸੇਵਾਦਾਰਾਂ ਨੂੰ ਸੰਤ ਜੀ ਮਹਾਰਾਜ ਆਪਣੇ ਹੱਥੀਂ ਸਿੰਘਾਂ ਦੇ ਕੇਸਾਂ ਵਿਚ ਦਹੀਂ ਪਾ ਕੇ ਕੇਸੀਂ ਇਸ਼ਨਾਨ ਕਰਾਉਂਦੇ। ਇਹ ਨਵੇਂ ਦਿਤੇ ਬਸਤਰ ਹੀ ਪਹਿਨਾ ਕੇ ਰੌਲ ਦੇਂਦੇ। ਜੰਗਲ - ਪਾਣੀ ਜਾਣ ਸਮੇਂ ਪਾਠੀ

ਆਪਣੇ ਨਿੱਜੀ ਬਸਤਰਾਂ ਨਾਲ ਹੀ ਜਾਂਦੇ। ਸੰਤਾਂ ਵਲੋਂ ਦਿਤੇ ਬਸਤਰ ਧੋ ਕੇ, ਪ੍ਰੈੱਸ ਕਰ ਕੇ ਮੱਧ ਵਾਲੇ ਦਿਨ ਦਿਤੇ ਜਾਂਦੇ ਸਨ।

ਪਾਠੀ ਸਿੰਘਾਂ ਨੂੰ ਸੰਤ ਜੀ ਆਪ ਲੰਗਰ ਵਰਤਾਉਂਦੇ। ਦੇਸੀ ਖੰਡ, ਦੇਸੀ ਘਿਉ ਅਤੇ ਬਾਦਾਮਾਂ ਦੇ ਖੁੱਲ੍ਹੇ ਗਫੇ ਵਰਤਾਉਂਦੇ ਸਨ। ਇਉਂ ਬੜੀ ਸੁਚੱਜਤਾ ਨਾਲ ਪਾਠ ਹੁੰਦੇ। ੮–੯ ਦਿਨ ਇਲਾਕੇ ਦੀਆਂ ਸੰਗਤਾਂ ਹੁਮ ਹੁਮਾ ਕੇ (ਹਰ ਵਰਗ ਦੇ ਲੋਕ) ਆ ਕੇ ਭਾਗ ਲੈਂਦੀਆਂ। ਅਤੇ ਆਪਣੀ ਕ੍ਰਿਤ ਸਹਲੀ ਕਰਨ ਲਈ ਅੰਨ, ਧਨ, ਬਸਤ੍ਰ ਆਦਿ ਨਾਲ ਦਿਲ ਖੋਹਲ ਕੇ ਸੇਵਾ ਕਰਦੇ।

ਆਖਰੀ ਦਿਨ ਪੂਰੀ ਕੜਾਹ, ਖੀਰ ਦਾ ਬੇਅੰਤ ਲੰਗਰ ਖਾਲਸਾ ਕਾਲਜ ਦੀ ਖੁਲ੍ਹੀ ਗਰਾਊਂਡ ਵਿਚ ਛੱਕਾਇਆ ਜਾਂਦਾ। ਸੰਤ ਜੀ ਮਹਾਰਾਜ ਪਾਠੀ ਸਿੰਘਾਂ ਦੇ ਇਸ਼ਨਾਨ ਤੋਂ ਵਿਹਲੇ ਹੋ ਕੇ ਚਲ ਰਹੇ ਅਖੰਡ ਪਾਠਾਂ ਪਾਸ ਇਕ ਥੰਮ੍ਹੇ ਨਾਲ ਢੋਹ ਲਾਈ ਚੌਂਕੜਾ ਮਾਰ ਕੇ ਬੈਠੇ ਰਹਿੰਦੇ। ਇਕ ਇਕ ਸ਼ਬਦ ਵਾਰੀ ਵਾਰੀ ਪਾਠ ਪਾਠੀ ਕਰਦਾ, ਆਪ ਸੁਣਦੇ ਰਹਿੰਦੇ।

ਸੱਤਵੀਂ ਕਲਾਸ ਪੜ੍ਹਦੇ ਸਮੇਂ ਸਾਡੀਆਂ ਕਲਾਸਾਂ ਦੀ ਸੇਵਾ (ਖਾਲਸਾ ਸਕੂਲ ਵਲੋਂ ਸੰਗਤ ਦੇ ਜੋੜੇ ਅਤੇ ਗੱਠੜੀਆਂ ਸੰਭਾਲਣ ਤੇ ਆਈਆਂ ਸੰਗਤਾਂ ਨੂੰ ਲੰਗਰ ਛੱਕਾਉਣ ਲਈ ਲਾਈ ਜਾਂਦੀ।

ਅਗਲੇ ਸਾਲ ਅੱਠਵੀਂ ਵਿਚ ਸਾਂ ਜਦ ਸਾਡੀ ਡਿਊਟੀ ਜੋੜਿਆਂ ਆਦਿ ਤੇ ਲੱਗੀ ਤਾਂ ਸੰਤ ਜੀ ਮਹਾਰਾਜ ਅਖੀਰਲੇ ਦਿਨ ੧੦੧ ਅਖੰਡ ਪਾਠਾਂ ਦਾ ਭੋਗ ਪੈਣ ਤੇ ਜਿਵੇਂ ਹਰ ਸਾਲ ਅੰਮ੍ਰਿਤ ਪ੍ਰਚਾਰ ਕਰਿਆ ਕਰਦੇ ਸਨ। ਸੋ ਅਸੀਂ ਸਕੂਲ ਦੇ ਵਿਦਿਆਰਥੀਆਂ ਨੇ ਸੰਤ ਜੀ ਮਹਾਰਾਜ ਦੇ ਹੱਥੋਂ ਅੰਮ੍ਰਿਤ ਪਾਨ ਕੀਤਾ।

ਇਸ ਤਰ੍ਹਾਂ ਦਸਵੀਂ ਤੇ ਗਿਆਨੀ ਪੜ੍ਹਨ ਸਮੇਂ ਤਾਂ ਤੇ ਉਪਰੰਤ ਭੀ ਇਹਨਾਂ ਮਹਾਂਪੁਰਸ਼ਾਂ ਦੇ ਦੀਦਾਰ ਕਰਦੇ ਰਹੇ। ਯਤੀਮਖਾਨੇ ਹੀ ਸੰਤਾਂ ਦੇ ਉੱਦਮ ਨਾਲ ਗਿਆਨੀ ਦੀ ਕਲਾਸ ਸ਼ੁਰੂ ਹੋਈ, ਜਿਸ ਵਿਚ ਦਾਸ ਨੇ ਭੀ ਦਸਵੀਂ ਉਪਰੰਤ ਗਿਆਨੀ ਪਾਸ ਕੀਤੀ।

ਸੰਤਾਂ ਦਾ ਆਪਣਾ ਪਹਿਰਾਵਾ ਬੜਾ ਹੀ ਸਾਦਾ ਸੀ। ਸਿਰ ਤੇ ਚਿੱਟੀ ਗੋਲ ਦਸਤਾਰ, ਚੋਲਾ, ਕਦੀ ਚਾਦਰਾ ਹੀ ਹੁੰਦਾ, ਤੇੜ ਕਛਹਿਰਾ, ਮੋਢੇ ਤੇ ਹਜ਼ੂਰੀਆ, ਪੈਰੀਂ ਖੜਾਵਾਂ, ਖਿੱੜਿਆ ਮੱਥਾ, ਨੈਤਰਾਂ ਵਿਚ ਨਾਮ - ਰੰਗਣ ਦੀ ਮਸਤੀ, ਮਿੱਠ ਬੋਲੇ, ਤੇ ਸੇਵਾ ਦੀ ਹਰ ਵਕਤ ਚਾਹਣਾ, ਰੱਬੀ ਰੰਗ ਵਿਚ ਸਦਾ ਗੰਭੀਰ ਰਹਿੰਦੇ ਸਨ।

ਪਾਕਿਸਤਾਨ ਬਣਨ ਤੋਂ ਬਾਅਦ ਇਹਨਾਂ ਦੀ ਸੰਪ੍ਰਦਾਇ (ਅਸਥਾਨ) ਦੀ ਟਕਸਾਲ ਹੁਣ (ਗੁਰਦਵਾਰਾ ਸਾਹਿਬ) ਕਾਹਨਪੁਰ ਵਿਖੇ ਹੈ। ਸੰਤਾਂ ਤੋਂ ਬਾਅਦ ਮੌਜੂਦਾ (ਇਸ ਵਕਤ) ਸੰਤ ਜਨ ਭੀ ਚੰਗੇ ਭਜਨੀਕ ਹਨ।

ਸੰਤਾਂ ਦੀ ਜਾਣ ਪਛਾਣ (ਸੰਤ ਨਿਸਚਲ ਸਿੰਘ ਜੀ)

ਸ੍ਰੀ ਮਾਨ ਸੰਤ ਨਿਸਚਲ ਸਿੰਘ ਜੀ 'ਪੰਡਤ'–ਇਹਨਾਂ ਦੀ ਸੰਪ੍ਰਦਾਏ ਭਾਈ ਘੱਨਈਆ ਜੀ (ਜੋ ਆਪਣੀ ਸਮ - ਦ੍ਰਿਸ਼ਟੀ ਨਾਲ ਦਸਮ ਪਾਤਸ਼ਾਹ ਹਜ਼ੂਰ ਅਨੰਦਗੜ੍ਹ ਦੇ ਕਿਲ੍ਹੇ ਵਿਚ ਮੁਸਲਮਾਨਾਂ ਅਤੇ

ਪਹਾੜੀਆਂ ਨਾਲ ਹੋ ਰਹੇ ਜੰਗ ਸਮੇਂ ਸਭ ਜ਼ਖਮੀਆਂ (ਸਿੱਖਾਂ, ਮੁਸਲਮਾਨਾਂ ਅਤੇ ਪਹਾੜੀਆਂ) ਨੂੰ ਪਾਣੀ ਪਿਲਾਈ ਜਾ ਰਹੇ ਸਨ। ਹਜ਼ੂਰ ਉਨ੍ਹਾਂ ਦੀ ਅਜਿਹੀ–'ਨਾਂ ਕੋ ਬੈਰੀ ਨਹੀ ਬੇਗਾਨਾ' ਦੀ ਸਮ-ਦ੍ਰਿਸ਼ਟੀ ਤੇ ਖੁਸ਼ ਹੋ ਕੇ, ਆਪਣੇ ਕੋਲੋਂ ਮਲ੍ਹਮ ਦੀ ਡੱਬੀ ਦੇ ਕੇ ਕਿਹਾ ਸੀ 'ਲਓ ਭਾਈ ਘੱਨਈਆ ਜੀ ਤੁਸੀਂ ਜ਼ਖਮੀਆਂ ਨੂੰ ਪਾਣੀ ਪਿਲਾਉਣ ਦੇ ਨਾਲ ਨਾਲ ਉਹਨਾਂ ਦੇ ਜ਼ਖਮਾਂ ਤੇ ਮਲ੍ਹਮ ਭੀ ਲਾਈ ਜਾਣੀ] ਦੀ ਸੰਪਰਦਾਏ ਵਿਚੋਂ ਇਹ ਸੰਪ੍ਰਦਾਏ ਦੇ ਪ੍ਰਧਾਨ ਵੀ ਸਨ।

ਇਹਨਾਂ ਦਾ ਪਾਕਿਸਤਾਨ ਵਿਚ ਡੇਰਾ ਪਿੰਡ ਮਿੱਠਾ ਟਿਵਾਣਾ (ਜਿਹਲਮ) ਵਿਚ ਇਕ ਨਾਮ - ਬਾਣੀ ਦਾ ਵੱਡਾ ਕੇਂਦਰ ਸੀ, ਤੇ ਗੁਰਬਾਣੀ ਪ੍ਰਚਾਰ ਦਾ ਇਕ ਮਹਾਨ ਸੋਮਾ। ਇਹਨਾਂ ਦੇ ਵੱਡੇ ਮਹੰਤ ਸ੍ਰੀ ਮਾਨ ਸੰਤ ਜਵਾਲਾ ਸਿੰਘ ਜੀ ਸਨ,ਜੋ ਨਾਮ ਸਿਮਰਨ ਦੀ ਉੱਚ ਅਵੱਸਥਾ ਦੇ ਮਾਲਕ ਸਨ। ਪਾਕਿਸਤਾਨ ਬਣਨ ਤੇ ਇਸ ਸੰਪ੍ਰਦਾਇ ਦੇ ਮੌਢੀ ਸ੍ਰੀ ਮਾਨ ਸੰਤ ਜਵਾਲਾ ਸਿੰਘ ਜੀ ਦੀ ਸੰਪਤੀ ਡੇਰਾ ਤਾਂ ਹੁਸ਼ਿਆਰਪੁਰ ਬਣਾ ਦਿਤਾ ਗਿਆ। ਡੇਰੇ ਦੀ ਮਹੰਤੀ ਸ੍ਰੀ ਮਾਨ ਮਹੰਤ ਤਾਰਾ ਸਿੰਘ ਜੀ ਨੂੰ ਸੌਂਪ ਦਿਤੀ, ਜਦ ਕਿ ਸੰਤ ਨਿਸਚਲ ਸਿੰਘ ਜੀ ਖੁਦ ਹੱਕਦਾਰ ਸਨ। ਪਰ ਇਹਨਾਂ ਨੇ ਗੁਰੂ ਕੀ ਸੇਵਾ ਭਾਵ ਮਨ ਵਿਚ ਲੈ ਕੇ ਸ੍ਰੀ ਪਟਨਾ ਸਾਹਿਬ ਦੀ ਦਰਸ਼ਨੀ ਡਿਉਢੀ ਦੀ ਸੇਵਾ ਸ਼ੁਰੂ ਕਰਵਾ ਦਿਤੀ। ਉਥੋਂ ਆ ਕੇ ਯਮਨਾ ਨਗਰ (ਅੰਬਾਲਾ) ਵਿਚ ਜ਼ਮੀਨ ਮੁੱਲ ਲੈਕੇ 'ਡੇਰਾ ਸੰਤਪੁਰਾ' ਬਣਾਇਆ।ਇਸਦੇ ਨਾਲ ਵਿਦਿਆ ਦੇ ਪਸਾਰ ਲਈ ਖਾਲਸਾ ਸਕੂਲ, ਖਾਲਸਾ ਕਾਲਜ, ਅਤੇ ਲੜਕੀਆਂ ਲਈ ਹਾਈ ਸਕੂਲ ਬਣਵਾਏ। ਡੇਰਾ ਸੰਤਪੁਰੇ ਦੀ ਇਮਾਰਤ ਜੋ ਵੇਖਣ ਯੋਗ ਹੈ। ਹਰਿਮੰਦਰ, ਲੰਗਰ, ਘੰਟਾ ਘਰ ਤੇ ਗੁਰਮਤਿ ਪ੍ਰਚਾਰ ਲਈ ਪ੍ਰੈਸ ਲਾ ਇਕ ਪਰਚਾ ਜਾਰੀ ਕੀਤਾ। ਸਟਾਫ ਕੁਆਟਰ, ਯਾਤਰੀਆਂ ਲਈ ਕਮਰੇ, ਗੁਰਮਤਿ ਵਿਦਿਆ, ਗੁਰਬਾਣੀ ਗੁਰ ਕੀਰਤਨ ਦਾ ਖਾਸ ਪ੍ਰਬੰਧ ਕੀਤਾ। ਇਸ ਸੰਪ੍ਰਦਾਇ ਦੇ ਸ਼ਰਧਾਲੂ ਭਾਰਤ ਦੇ ਹਰ ਸ਼ਹਿਰ ਵਿਚ, ਪਾਕਿਸਤਾਨ ਬਣਨ ਤੋਂ ਬਾਅਦ ਜਾ ਕੇ ਵੱਸੇ ਹੋਏ ਹਨ। ਪਰ ਸਭਨਾਂ ਦੀ ਭਾਵਨਾ 'ਸੰਤਪੁਰੇ' ਸੰਤਾਂ ਨਾਲ ਬੱਝੀ ਹੋਈ ਸੀ।

ਦਾਸ ਨੂੰ ਇਹਨਾਂ ਮਹਾਂਪੁਰਸ਼ਾਂ ਦੇ ਪਾਸ ਤਿੰਨ ਚਾਰ ਸਾਲ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਪਹਿਲਾਂ ਮੈਂ ਰਸਾਲੇ ਲਈ ਪਰੂਫ ਰੀਡਰ ਦੇ ਕੰਮ ਲਈ ਰੱਖਿਆ ਗਿਆ ਸੀ। ।ਪ੍ਰੰਤੂ ਸਹਿਜੇ ਸਹਿਜੇ ਸੰਤਾਂ ਦੀ ਮਿਹਰ ਸਦਕਾ ਮੈਨੂੰ ਉਹਨਾਂ ਦੇ ਨਿਕਟਵਰਤੀ ਹਰ ਕਾਰੋਬਾਰ ਦੀ ਮੈਨੇਜਮੈਂਟ ਦਾ ਅਧਿਕਾਰੀ ਬਣਾ ਦਿਤਾ ਗਿਆ। ਡੇਰੇ ਦੇ ਸਾਰੇ ਕੰਮ ਕਾਜ ਦੀ ਭਾਰੀ ਜ਼ੁਮੇਵਾਰੀ ਨੂੰ ਦਾਸ ਸਤਿਗੁਰੂ ਜੀ ਦੀ ਬਖਸ਼ਸ਼ ਦੁਆਰਾ, ਪਰਮ ਪੂਜਯ ਬਾਬਾ ਮਿੱਤ ਸਿੰਘ ਜੀ ਦੀਆਂ ਬਖਸ਼ਸ਼ਾਂ ਸਦਕਾ ਹਰ ਸੇਵਾ ਨੂੰ ਨੇਪਰੇ ਚਾੜਨ ਵਿਚ ਖੁਸ਼ੀ ਪ੍ਰਾਪਤ ਕਰਦਾ।

ਸੰਤ ਮਹਾਰਾਜ ਦੇ ਸ਼ਰਧਾਲੂਆਂ ਦੀਆਂ ਸੰਸਾਰਕ ਭਾਵਨਾਵਾਂ ਨਾਮਬਾਣੀ ਦੀ ਯਾਚਨਾ, ਦੁਖਾਂਤ ਜੀਵਨ ਦੀ ਵਿਥਿਆ, ਅਨੇਕਾਂ ਚਿੱਠੀ ਆਂ ਦੇ ਉਤਰ ਲਿਖਤੀ ਤੇ ਫਿਰ ਸੰਤ ਜੀ ਨੇ ਟਾਈਪ ਪੰਜਾਬੀ ਲੈ ਦੇਣ ਤੇ ਉਹਨਾਂ ਦੇ ਭਾਵਾਂ ਦੀ ਪੂਰਤੀ ਗੁਰਬਾਣੀ ਦੀਆਂ ਉਦਾਹਰਣਾਂ ਦੁਆਰਾ ਦੇਣ ਤੇ ਸੰਤਾਂ ਦੀ ਪ੍ਰਸੰਨਤਾ ਕਾਰਨ, ਇਮਾਰਤ ਬਣਾਉਣ,(ਜਿਸਦੀ ਸੂਝ ਜਗਤ ਮਾਤਾ ਜੀ ਦੇ ਅਸਥਾਨ ਦੀ ਦੇਣ ਸੀ) ਖੇਤੀ-

ਬਾੜੀ, (ਖੁਦ ਜ਼ਿਮੀਂਦਾਰ ਸਾਂ) ਭਾਵ ਸਾਰੀਆਂ ਜ਼ਿਮੇਵਾਰੀਆਂ ਪੂਰਨ ਵਿਸ਼ਵਾਸ ਨਾਲ ਮੈਨੂੰ ਸੌਂਪ ਦਿਤੀਆਂ, ਇਮਾਰਤ, ਘੰਟਾ ਘਰ, ਸਟਾਫ਼ ਕੁਆਟਰ, ਪ੍ਰੈਸ ਉਪਰ ਰਿਹਾਇਸ਼ੀ ਕਮਰੇ, ਦੋ - ਮੰਜ਼ਲੀ ਸਰਾਂ ਆਦਿ ਦੀ ਸੇਵਾ ਦਾਸ ਹੱਥੀਂ ਹੀ ਕਰਵਾਈ।

ਸੰਤ ਜੀ ਮਹਾਰਾਜ ਜਿਥੇ ਵਿਦਵਾਨ ਪੰਡਤ ਤੇ ਉੱਚ ਮੰਜ਼ਲ ਦੀ ਸੂਝ ਬੂਝ ਵਾਲੇ ਸਨ। ਉਥੇ ਗੁਰਮਤਿ ਦੇ ਪੂਰਨ ਧਾਰਨੀ ਤੇ ਗੁਰਮਤਿ ਨੂੰ ਪ੍ਰਚਾਰਨ ਦੇ ਸਾਧਨਾਂ ਦੇ ਵਡੇ ਚਾਹਵਾਨ ਹੀ ਨਹੀਂ ਸਨ ਉਪਰਾਲੇ ਭੀ ਸਤਿਗੁਰੂ ਜੀ ਦੇ ਪੂਰਨ ਭਰੋਸੇ ਨਾਲ ਦਿਨਾਂ ਵਿਚ ਹੀ ਕਰ ਗੁਜ਼ਰਦੇ। ਮਾਇਆ ਤਾਂ ਦਾਸੀ ਬਣ ਕੇ, ਜਿਸ ਕਾਰਜ ਲਈ ਚਾਹੁੰਦੇ, ਵਰ ਪੈਂਦੀ।

ਸੰਨ ੧੯੬੫–ਸਭ ਗੁਰ ਅਸਥਾਨਾਂ ਦੀ ਰੇਲ ਯਾਤਰਾ ਦਾਂ ਪ੍ਰਬੰਧ ਦੁਬਾਰਾ ਕਰਨ ਲਈ ਦਾਸ ਨੂੰ ਨਿਵਾਜਿਆ। ਸਾਰੀ ਟਰੇਨ ਦਾ ਪ੍ਰਬੰਧ, ਟਾਈਮ ਟੇਬਲ ਤੇ ਚਲਾਉਣ ਦਾ ਸਮਾਂ, ਅਲਾਊਂਸਮੈਂਟ, ਸਾਰੇ ਯਾਤ੍ਰੀਆਂ ਦੀਆਂ ਸ਼ੀਟਾਂ ਦੀ ਜਾਣਕਾਰੀ ਇਹਨਾਂ ਸਭਨਾਂ ਲਈ ਵੱਖ ਗੱਡੀ ਦਾ 'ਪਾਰਸਲ ਵਾਲਾ ਡੱਬਾ', ਮੇਰਾ ਦਫਤਰ, ਜਿਸ ਵਿਚ ਲਾਊਡ ਸਪੀਕਰ ਫਿੱਟ ਸੀ। ਇਸ ਯਾਤਰਾ ਦਾ ,ਜੋ ਅਨੰਦ ਸੰਗਤ ਨੇ ਮਾਣਿਆ, ਉਹ 'ਦੇਖਾ ਹੀ ਪ੍ਰਵਾਨ' ਸੀ।

ਪੂਰੇ ਬਵੰਜਾ (੫੨) ਦਿਨਾਂ ਦਾ ਇਹ ਟੂਰ, ਸੰਤਾਂ ਦੇ ਚਾਹਵਾਨਾਂ ਨੇ,ਗੁਰਸਿੱਖਾਂ ਦੇ ਥਾਂ ਥਾਂ ਤੇ ਨਿੱਘਾ ਸੁਆਗਤ, ਲੰਗਰ ਦੀ ਸੇਵਾ, ਬੱਸਾਂ ਦਾਂ ਸਾਰਾ ਪ੍ਰਬੰਧ ਆਪਣੇ ਖਰਚੇ ਤੇ ਯਾਤਰੀਆਂ ਲਈ ਕਰਨਾ ਅਤੇ ਮਾਇਆ ਭੀ ਦਿਲ ਖੋਹਲ ਕੇ ਭੇਟਾ ਕਰਨੀ, ਪ੍ਰਤੀਤ ਕਰਾਉਂਦਾ ਸੀ ਕਿ ਲੋਕਾਂ ਦਾ ਸੰਤਾਂ ਪ੍ਰਤੀ ਕਿਤਨਾ ਪਿਆਰ ਤੇ ਸਤਿਕਾਰ ਸੀ।

ਆਪ ਗੁਰਮਤਿ ਪਰਚਾਰ ਦੇ ਲਈ ਹਰ ਤਰਾਂ ਯਤਨ - ਸ਼ੀਲ ਸਨ ਅਤੇ ਸੰਤ ਸ਼੍ਰੇਣੀ ਵਿਚ ਮੰਨੇ-ਪ੍ਰਮੰਨੇ ਸੰਤ ਪੰਡਤ ਸਨ।

ਸੰਤ ਭਾਗ ਸਿੰਘ ਜੀ ਠੱਠੇ ਟਿੱਬੇ ਵਾਲੇ*

ਦਾਸ ਨੂੰ ਇਹਨਾਂ ਦੇ ਦਰਸ਼ਨ ਤਾਂ ਨਹੀਂ ਹੋ ਸਕੇ ਸਨ, ਪ੍ਰੰਤੂ ਇਹਨਾਂ ਬਾਰੇ ਬਹੁਤ ਕੁਝ ਸੁਣਿਆ ਕਰਦਾ ਸਾਂ ਕਿ ਇਹਨਾਂ ਦੀ ਕਰਨੀ ਤੇ ਕਥਨੀ ਇਕ ਸਮਾਨ ਸੀ। ਆਪ ਜੀ ਚੰਗੀ ਘਾਲ ਕਮਾਈ ਦੇ ਮਾਲਕ ਸਨ। ਆਪ ਨੇ ਗੁਰਮਤਿ ਪ੍ਰਚਾਰ ਲਈ ਬਹੁਤ ਯਤਨਸ਼ੀਲ ਉਪਰਾਲੇ ਕੀਤੇ। ਗੁਰਬਾਣੀ ਦੀ ਵਿਦਿਆ ਤੇ ਗਿਆਨ ਬੋਧ ਦਾ ਖਾਸ ਪ੍ਰਬੰਧ ਕੀਤਾ ਹੋਇਆ ਸੀ। ਲੰਗਰ ਦੇਗ ਅੱਠ ਪਹਿਰ ਚੱਲਦਾ ਅਤੇ ਜਗਿਆਸੂ ਨਾਮ ਬਾਣੀ ਦੀ ਸੂਝ ਪ੍ਰਾਪਤ ਕਰਦੇ। ਇਹਨਾਂ ਦਾ ਸੁਹਿਰਦ ਹਿਰਦਾ ਬੜਾ ਕੋਮਲ, ਦਰਦੀ, ਤੇ ਹਰ ਸ਼੍ਰੇਣੀ ਲਈ ਇਕ ਸਮਾਨ ਦ੍ਰਵਦਾ।

ਉਪ੍ਰੋਕਤ ਤਿੰਨੇ ਹੀ ਸੰਤ--ਸੰਤ ਸ਼੍ਰੇਣੀ ਵਿਚ ਚੰਗਾ ਸਤਿਕਾਰ ਰੱਖਦੇ ਤੇ ਹਰ ਵਰਗ ਦੇ ਲੋਕ ਇਹਨਾਂ ਦੇ ਦਰਸ਼ਨ, ਉਪਦੇਸ਼ ਤੋਂ ਸੁੱਖ ਸਾਂਤੀ ਪ੍ਰਾਪਤ ਕਰਦੇ।

* ਸ੍ਰੀ ਮਾਨ ਸੰਤ ਭਾਗ ਸਿੰਘ ਜੀ ਤੋਂ ਵਰੋਸਾਏ, ਸ੍ਰੀ ਮਾਨ ਸੰਤ ਕਰਤਾਰ ਸਿੰਘ ਜੀ ਠੱਠੇ ਟਿੱਬੇ ਵਾਲਿਆਂ ਦੀ ਜ਼ਬਾਨੀ(ਸ: ਸਰਮੁਖ ਸਿੰਘ ਜੀ ਜ਼ਾਗੀਰਦਾਰ ਨਾਂਦੇੜ) ਰਾਹੀਂ ਦਾਸ ਨੂੰ ਪ੍ਰਾਪਤ ਹੋਈ ਹੈ।

ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ

ਸ੍ਰੀ ਮਾਨ ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ, ਇਹ ਸ੍ਰੀ ਮਾਨ ਸੰਤ ਸੁੰਦਰ ਸਿੰਘ ਜੀ ਭਿੰਡਰ ਕਲਾਂ (ਜ਼ਿਲਾ ਫੀਰੋਜ਼ਪੁਰ) ਤੋਂ ਵਰੋਸਾਏ, ਬੜੇ ਹੱਠੀ, ਤੱਪੀ, ਵਿਦਿਆ ਦੇ ਪੁੰਜ, ਨਾਮ ਬਾਣੀ ਦੇ ਧਾਰਨੀ ਸਦਾ ਨਾਮ ਸਿਮਰਨ ਵਿਚ ਜੁੜੇ ਰਹਿੰਦੇ।

ਦਮਦਮੀ ਟਕਸਾਲ [ਜੋ ਸ਼ਹੀਦ ਬਾਬਾ ਦੀਪ ਸਿੰਘ ਨੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭਾਈ ਮਨੀ ਸਿੰਘ ਜੀ ਪਾਸੋਂ ਲਿਖਵਾਈ ਸੀ। ਜਿਨ੍ਹਾਂ ਨਾਲ ਸਹਾਇਕ ਬਾਬਾ ਦੀਪ ਸਿੰਘ ਜੀ ਨੇ ਕਲਗੀਧਰ ਜੀ ਤੋਂ ਇਹ ਬਾਣੀ ਦੇ ਅਰਥ ਬੋਧ ਦਾ ਗਿਆਨ ਪ੍ਰਾਪਤ ਕੀਤਾ ਸੀ ਅਤੇ ਦਮਦਮਾ ਸਾਹਿਬ ਤਲਵੰਡੀ ਸਾਬੋ ਕੀ(ਬਠਿੰਡਾ)ਵਿਚ ਗੁਰਮਤਿ ਦੀ ਟਕਸਾਲ ਚਲਾਈ ਸੀ। ਅਤੇ ਬਾਬਾ ਦੀਪ ਸਿੰਘ ਜੀ ਨੇ ਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚੌਹਾਂ ਤਖਤਾਂ ਲਈ ਅਤਿ ਸੁੰਦਰ ਲਿਖਾਈ, ਸੋਨੇ ਦੇ ਪਾਣੀ ਦੀ ਹਰ ਪੰਨੇ ਤੇ ਸੁੰਦਰ ਨਕਾਸ਼ੀ ਵੇਲ ਵਾਲੀਆਂ ਬੀੜਾਂ ਲਿਖੀਆਂ ਸਨ।] ਸ੍ਰੀਮਾਨ ਸੰਤ ਸੁੰਦਰ ਸਿੰਘ ਜੀ ਉਸ ਦਮਦਮੀ ਟਕਸਾਲ ਦੇ ਸੰਚਾਲਕ ਸਨ।

ਇਹਨਾਂ ਤੋਂ ਅਰਥ ਬੋਧ ਪ੍ਰਾਪਤ ਕਰ ਕੇ ਸ੍ਰੀ ਮਾਨ ਸੰਤ ਗੁਰਬਚਨ ਸਿੰਘ ਜੀ, ਇਸ ਦਮਦਮੀ ਟਕਸਾਲ ਦੇ ਸੰਚਾਲਕ ਬਣੇ ਅਤੇ ਅਨੇਕਾਂ ਗੁਰਮੁਖਾਂ ਨੂੰ ਗੁਰਮਤਿ ਦੇ ਸਾਂਚੇ ਵਿਚ ਢਾਲਣ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਬੋਧ ਪੜ੍ਹਾਏ। ਹੋਰ ਕਈ ਧਾਰਮਿਕ ਗਰੰਥਾਂ ਦਾ ਅਧਿਐਨ ਕਰਵਾਇਆ।

ਇਕ ਵਾਰੀ ਵਿਚਾਰ ਹੋਈ ਕਿ ਸ੍ਰੀ ਹਜ਼ੂਰ ਸਾਹਿਬ ਦੇ ਜੱਥੇ ਸਮੇਤ ਦਰਸ਼ਨ ਕਰੀਏ। ਸਹਿਜੇ ੨ ਪੜਾਉ ਪੜਾਈ ਗੁਰਮਤਿ ਦਾ ਪਰਚਾਰ ਕਰਦੇ ਸੱਚਖੰਡ ਅਬਿਚਲ ਨਗਰ ਦੇ ਜ਼ਾ ਦੀਦਾਰ ਕੀਤੇ। ਬਾਕੀ ਹੋਰ ਅਸਥਾਨਾਂ ਦੇ ਦਰਸ਼ਨ ਕਰ ਕੇ ਹੀਰਾ ਘਾਟ ਤੋ ਜਦ ਆਪ ਮਾਤਾ ਜੀ ਦੇ ਅਸਥਾਨ ਤੇ ਪੁੱਜੇ ਤਾਂ ਇਕਾਂਤ ਅਤੇ ਅਡੋਲ ਵਾਤਾਵਰਣ, ਫਿਰ ਬਾਬਾ ਮਿੱਤ ਸਿੰਘ ਜੀ ਵਲੋਂ ਨਿੱਘਾ ਸੁਵਾਗਤ ਵੇਖ ਕੇ ਮਨ ਵਿਚ ਅਤੀ ਪ੍ਰਸੰਨ ਹੋ ਕੇ ਵਿਚਾਰ ਬਣਾਇਆ, ਕਿ ਇਥੇ ਜਗਤ ਮਾਤਾ ਜੀ ਦੇ ਅਸਥਾਨ ਤੇ ਕੁਝ ਦਿਨ ਹਾਜ਼ਰੀ ਭਰੀ ਜਾਵੇ। ਅਨੰਦ ਮਈ ਵਾਤਾਵਰਣ, ਮਨ ਦਾ ਟਿਕਾਓ, ਸੇਵਾ ਸਿਮਰਨ ਤੇ ਬਾਬਾ ਜੀ ਨਾਲ ਨਿਤ ਗੋਸ਼ਟੀ ਹੋਣ ਕਰ ਕੇ ਆਪ ਦਾ ਇਥੋਂ ਜਾਣ ਨੂੰ ਜੀਅ ਹੀ ਨਾ ਲੋਚਦਾ।

ਇਕ ਦਿਨ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨਾਂ ਨੂੰ ਸ੍ਰੀਮਾਨ ਸੰਤ ਸੁੰਦਰ ਸਿੰਘ ਜੀ ਜਥੇ ਸਮੇਤ ਦਰਸ਼ਨਾਂ ਨੂੰ ਗਏ। ਵਾਪਸੀ ਤੇ ਆਪ ਨਦੀ ਦੇ ਕੰਢੇ ਕੰਢੇ, ਕੁਦਰਤ ਦੇ ਰੰਗਾਂ ਵਿਚ ਮਸਤ, ਮਾਤਾ ਜੀ ਦੇ ਅਸਥਾਨ ਨੂੰ ਆ ਰਹੇ ਸਨ (ਕਿਉਂਕਿ ਪਹਿਲਾਂ ਸੜਕੀ ਰਸਤਾ ਨਹੀਂ ਸੀ। ਸੰਗਤਾਂ ਸੱਚਖੰਡ ਤੋਂ ਹੋ ਕੇ ਨਦੀ ਦੇ ਕੰਢੇ ਕੰਢੇ ਇਹਨਾਂ ਤਿੰਨਾਂ ਗੁਰ ਅਸਥਾਨਾਂ ਦੇ ਚੱਲ ਕੇ ਦਰਸ਼ਨ ਕਰਦੀਆਂ ਸਨ।)

ਸ੍ਰੀ ਮਾਨ ਸੰਤ ਗੁਰਬਚਨ ਸਿੰਘ ਜੀ ਜਥੇ ਸਮੇਤ 'ਖੂਨੀ ਨਾਲਾ'† ਪਾਰ ਕਰ ਕੇ ਥੋੜੀ ਵਾਟ ਅੱਗੇ

† ਖੂਨੀ ਨਾਲਾ—ਇਹ ਨਾਲਾ ਮਾਤਾ ਜੀ ਦੇ ਅਸਥਾਨ ਤੋਂ ਕੁਝ ਹੀ ਦੂਰੀ ਤੇ ਜਿਥੋਂ ਨਦੀ ਦੀ ਮੋੜ ਹੈ, ਬਰਸ਼ੀ ਅਤੇ ਧਰਤੀ ਚੋਂ ਸਿਮਦਾ ਪਾਣੀ ਨਦੀ ਵਿਚ ਆ ਕੇ ਪੈਂਦਾ ਹੈ। ਨਦੀ ਦਾ ਮੋੜ ਹੋਣ ☞

ਰਮਦੇ ਰੰਤੇ ਤੇ ਬੈਠ ਗਏ। ਕਈ ਪ੍ਰਮਾਰਥਕ ਵਿਚਾਰਾਂ ਤੋਂ ਇਕ ਜ਼ਰੂਰੀ ਵਿਚਾਰ ਸ੍ਰੀ ਮਾਨ ਸੰਤ ਗੁਰਬਚਨ ਸਿੰਘ ਜੀ ਨੇ ਬਾਬਾ ਜੀ ਪਾਸੋਂ ਪੁਛਣਾ ਕੀਤੀ ਕਿ 'ਭੂਮਕਾ' ਕੀ ਹੁੰਦੀਆਂ ਹਨ, ਕਿਉਂਕਿ ਆਮ ਗਰੰਥਾਂ ਵਿਚ ਪੜ੍ਹਨ ਸੁਣਨ ਵਿਚ ਪ੍ਰਭੂ - ਭਗਤੀ ਦੀਆਂ ਸੱਤ ਭੂਮਕਾ* ਦੱਸੀਆਂ ਗਈਆਂ ਹਨ। ਪਰੰਤੂ ਇਹਨਾਂ ਦਾ ਟਿਕਾਓ, ਰਸ - ਰੰਗ ਤੇ ਅਮਲੀ ਵਿਸਥਾਰ ਦੀ ਕ੍ਰਿਪਾ ਕਰ ਕੇ ਜਾਣਕਾਰੀ ਦਰਸਾਓ।

ਬਾਬਾ ਮਿੱਤ ਸਿੰਘ ਜੀ– (ਬੜੀ ਨਿਮਰਤਾ ਨਾਲ) ਅਸੀਂ ਤਾਂ ਅਨਪੜ੍ਹ ਹਾਂ, ਸਾਨੂੰ ਏਨਾ ਗਿਆਨ ਕਿੱਥੇ ? ਅਸੀਂ ਤਾਂ ਗੁਰੂ ਕੀ ਸੰਗਤ ਦੀ ਸੇਵਾ ਕਿਵੇਂ ਕਰਨੀ ਹੈ, ਇਸ ਦੀ ਭੀ ਜਾਣਕਾਰੀ ਅਜੇ ਨਹੀਂ ਸਿੱਖ ਸਕੇ। ਅਤੇ ਨਾ ਹੀ ਗੁਰੂ ਆਸ਼ੇ ਅਨੁਸਾਰ ਸੇਵਾ ਕਰਨ ਦਾ ਗਿਆਨ ਹੀ ਪ੍ਰਾਪਤ ਕਰ ਸਕੇ ਹਾਂ। ਸੰਸਾਰਕ ਵਿਦਿਆ ਲਈ ਬੜਾ ਯਤਨ ਕੀਤਾ, ਪਰ ਨਹੀਂ ਮਿਲੀ। ਨਾ ਹੀ ਧਰਮ ਗਰੰਥਾਂ ਦਾ ਅਧਿਐਨ

* ਸੱਤ ਭੂਮਕਾ–ਚਿੱਤ ਦੀਆਂ ਸੱਤ ਹਾਲਤਾਂ, ਗਿਆਨ ਅਵੱਸਥਾ ਦੀਆਂ ਸੱਤ ਮੰਜ਼ਲਾਂ। ਯੋਗ ਅਤੇ ਵੇਦਾਂਤ ਸ਼ਾਸਤ੍ਰ ਨੇ ਇਹ ਸੱਤ ਭੂਮਿਕਾ ਲਿਖੀਆਂ ਹਨ–

੧. ਸੁਭੇੱਛਾ–ਉੱਤਮ ਇੱਛਾ, ਅਰਥਾਤ ਮੁੱਕਤੀ ਦੀ ਇੱਛਾ।
੨. ਵਿਚਾਰਨਾ–ਵਿਵੇਕ ਦੀ ਪ੍ਰਾਪਤੀ।
੩. ਤਨੁਮਾਨਸਾ–ਅੰਤਹਕਰਣ ਦੇ ਸੰਕਲਪਾਂ ਦਾ ਬਹੁਤ ਥੋੜਾ ਫੁਰਨਾ।
੪. ਸਤ੍ਵਾਪੱਤਿ–ਬ੍ਰਹਗਿਆਨ ਦੀ ਪ੍ਰਾਪਤੀ।
੫. ਅਸੰਸਕਿਤ–ਸਿੱਧੀ ਆਦਿਕ ਸ਼ਕਤੀਆਂ ਤੋਂ ਮਨ ਦੀ ਉਪਰਾਮਤਾ।
੬. ਪ੍ਰਾਰਬਾਭਾਵਿਨੀ–ਪ੍ਰਮਾਤਮਾਂ ਤੋਂ ਭਿੰਨ ਹੋਰ ਵਿਚਾਰ ਦਾ ਮਿੱਟ ਜਾਣਾ।
੭. ਤਰਯਗਾ–ਤੁਰੀਯ ਪਦ (ਚੌਥੇ ਪਦ) ਦੀ ਪ੍ਰਾਪਤੀ। (ਹੱਠ ਯੋਗ ਪ੍ਰਦੀਪਕਾ)

[ਮਹਾਨ ਕੋਸ਼–੧੫੪

ਸੱਤ ਭੂਮਕਾ–ਇਸ ਪ੍ਰਸ਼ਨ ਦਾ ਸ੍ਰੀ ਮਾਨ ਸੰਤ ਗੁਰਬਚਨ ਸਿੰਘ ਜੀ ਖਾਲਸਾ ਨੇ ਸ੍ਰੀ ਅਬਿਚਲ ਨਗਰ ਤੋਂ ਚਾਲੇ ਪਾ ਕੇ ਜਦ ਕਲਕੱਤੇ ਪੁੱਜੇ ਤਾਂ ਕੱਥਾ ਕਰਦਿਆਂ ਆਪ ਜੀ ਨੇ ਬਾਬਾ ਮਿੱਤ ਸਿੰਘ ਜੀ ਨਾਲ ਹੋਈ ਵਾਰਤਾ ਸੁਣਾਈ ਸੀ।

ਇਹ ਵਾਰਤਾ ਦਾਸ ਦੇ ਮਿੱਤਰ ਸਖਾਈ ਭਾਈ ਸੋਹਨ ਸਿੰਘ ਜੀ 'ਪਸ਼ੌਰੀਏ' ਨਿਹੰਗ-ਸਿੰਘ ਸੇਵਾਦਾਰ ਗੁਰਦਵਾਰਾ ਬਾਬਾ ਬੰਦਾ ਬਹਾਦਰ (ਨਾਂਦੇੜ) ਦੀ ਜ਼ਬਾਨੀ ਅੰਕਿਤ ਕੀਤੀ। ਆਪ ਚੰਗੇ ਵਿਦਵਾਨ, ਨਾਮ ਬਾਣੀ ਦੇ ਦ੍ਰਿੜ੍ਹ ਵਿਸ਼ਵਾਸੀ, ਗੱਤਕੇ ਦੇ ਮਾਹਰ, ਵਿਦਿਆ ਦੇ ਮਾਹਰ ਤੇ ਗੁਰਬਾਣੀ ਦੀ ਗੂਹੜਤਾ ਦੇ ਧੰਨੀ ਸਨ। ਆਪ ਭਾਵੇਂ ਸੁਭਾਅ ਦੇ ਕੜਵੇ ਸਨ, ਪਰ ਪ੍ਰੇਮ - ਪਿਆਰ, ਮਿਲਾਪੜੇ ਬਹੁਤ ਸਨ।

ਆਪ ਬੜੇ ਪਿਆਰ ਨਾਲ ਗੁਰੂ ਸਾਹਿਬ ਦੀ ਸੇਵਾ ਕਰਦੇ। ਆਪ ਜੀ ਨੇ ਨਾਂਦੇੜ ਨਗਰ ਦੇ ਕਈ ਵਿਦਿਆਰਥੀਆਂ ਨੂੰ ਗੁਰਮਤਿ ਦੀ ਸੰਥਾ ਦੇ ਨਿਪੁੰਨ ਕੀਤਾ। ਆਪ ਦਾਸ ਨਾਲ ਅਤੀ ਪਿਆਰ ਕਰਦੇ ਸਨ ਅਤੇ ਆਦਰ ਸਤਿਕਾਰ ਵੀ ਬਹੁਤ ਬਖਸ਼ਦੇ। (ਕੁਝ ਕੁ ਸਮਾਂ ਹੋਇਆ ਹੈ ਕਿ ਆਪ ਜੀ ਚੰਗੇ ਗੁਣਾਂ ਦਾ ਬੀਜ ਬੀਜ ਕੇ ਅਕਾਲ ਚਲਾਣਾ ਕਰ ਗਏ ਹਨ।)

ਹੋਏ ਹੀ ਸਨ ਕਿ ਅਚਾਨਕ ਇਕਾਂਤ ਵਿਚ ਬਾਬਾ ਮਿੱਤ ਸਿੰਘ ਨਦੀ ਦੇ ਜਲ ਕੰਢੇ ਖੜੇ ਨਜ਼ਰੀਂ ਪੈ ਗਏ। ਸੰਤ ਗੁਰਬਚਨ ਸਿੰਘ ਜੀ ਜੋ ਖੁਦ ਭੀ ਇਕਾਂਤ ਬਿਰਤੀ ਦੇ ਸਨ, ਇਸ ਇਕਾਂਤ ਵਿਚ ਬਾਬਾ ਮਿੱਤ ਸਿੰਘ ਜੀ ਦਾ ਨਦੀ ਕਿਨਾਰੇ ਮਿਲਣਾ, ਇਕ ਸੁਭਾਗ ਜਾਣ ਕੇ ਕੁਝ ਪ੍ਰਮਾਰਥ ਦੀਆਂ ਵਿਚਾਰਾਂ ਕਰਨ ਦੀ ਮਨ ਵਿਚ ਭਾਵਨਾ ਬਣ ਆਈ ਅਤੇ ਇਕਾਂਤ ਦੇ ਦਰਸ਼ਨਾਂ ਵਿਚ–

ਸੰਤੁ ਮਿਲੈ ਕਿਛੁ ਸੁਨੀਐ ਕਹੀਐ ॥ [ਗੌਂਡ ਕਬੀਰ–੮੭੦

ਦੇ ਆਸ਼ੇ ਨਾਲ ਵਿਦਿਆਰਥੀ ਸਿੰਘਾਂ ਨੂੰ ਕਿਹਾ–ਤੁਸੀਂ ਮਾਤਾ ਜੀ ਦੇ ਅਸਥਾਨ ਨੂੰ ਚਲੋ, ਅਸੀਂ ਆਉਂਦੇ ਹਾਂ। ਆਪ ਨਦੀ ਵਿਚ ਹੇਠਾਂ ਉਤਰ ਕੇ, ਬਾਬਾ ਜੀ ਵੱਲ ਹੋ ਤੁਰੇ।

ਬਾਬਾ ਜੀ ਭੀ ਆਪਣੀ ਮੌਜ ਵਿਚ ਕਦੀ ਇਧਰ, ਕਦੀ ਉਧਰ, ਜਿਵੇਂ ਕਿਸੇ ਦੀ ਉਡੀਕ ਵਿਚ ਫਿਰ ਰਹੇ ਹੋਵਣ। ਜਾਂ ਦੋ ਦਿਲਾਂ ਦੀ ਆਪਸੀ ਤਾਰ ਖੜਕਦੀ ਨੂੰ ਇਕਾਂਤ ਵਿਚ ਮਿਲਣ ਦਾ ਸਮਾਂ ਦੇ ਰਹੇ ਹੋਵਣ।

ਇਤਨੇ ਨੂੰ ਸ੍ਰੀ ਮਾਨ ਸੰਤ ਗੁਰਬਚਨ ਸਿੰਘ ਜੀ ਬਾਬਾ ਜੀ ਪਾਸ ਪਹੁੰਚ ਕੇ ਗੁਰਸਿਖਾਂ ਦੀ ਸੰਤ ਮਿਲਣੀ, ਪਰੇਮ ਭਾਵ– ਜੋ ਦੀਸੈ ਗੁਰਸਿਖੜਾ ਤਿਸੁ ਨਿਵ ਨਿਵ ਲਾਗਉ ਪਾਇ ਜੀਉ ॥ [ਸੂਹੀ ਮ: ੫–੭੬੩

ਦੇ ਆਦੇਸ਼ ਵਾਂਗ ਨਿਵ ਕੇ ਗੁਰ ਫਤਿਹ ਬੁਲਾਈ। ਅਨੰਦ ਕੁਸ਼ਲਤਾ ਪੁੱਛੀ।

ਬਾਬਾ ਮਿੱਤ ਸਿੰਘ ਜੀ ਨੇ ਕਿਹਾ–ਬੜੀ ਮਿਹਰ ਆਪ ਜੀ ਨੇ ਕੀਤੀ ਹੈ ਤੇ ਕਸ਼ਟ ਕਰ ਕੇ ਦਰਸ਼ਨ ਬਖਸ਼ੇ ਹਨ। ਸਤਿਗੁਰੂ ਜੀ ਦੀ ਮਹਾਨ ਬਖਸ਼ਸ਼ ਹੋਈ ਹੈ ਜੋ ਆਪ ਜੈਸੇ ਮਹਾਂ ਪੁਰਸ਼ਾਂ ਦੇ ਦਰਸ਼ਨ ਦੀਦਾਰ ਹੋਏ ਹਨ।

ਸੰਤ ਗੁਰਬਚਨ ਸਿੰਘ ਜੀ– ਧੰਨ ਕਲਗੀਧਰ ਪਾਤਸ਼ਾਹ ਜੀ ਨੇ ਮਹਾਨ ਬਖਸ਼ਸ਼ ਕੀਤੀ ਹੈ ਜੋ ਦਾਸ ਦੀ ਭਾਵਨਾ ਦੀ ਪੂਰਤੀ ਲਈ ਆਪ ਜੀ ਨੂੰ ਪ੍ਰੇਰਤ ਕਰ ਕੇ ਇਕਾਂਤ ਦਾ ਸਮਾਂ ਬਖਸ਼ਿਆ ਹੈ। ਜਿਸ ਤੋਂ ਆਪ ਜੀ ਦੇ ਦਰਸ਼ਨਾਂ ਤੇ ਬਚਨਾਂ ਤੋਂ ਬਹੁਤ ਲਾਭ ਪ੍ਰਾਪਤ ਹੋਵੇਗਾ। ਕਈ ਦਿਨਾਂ ਤੋਂ ਸਾਡੀ ਅਜਿਹੀ ਲੋਚਾ ਸੀ, ਸਤਿਗੁਰਾਂ ਨੇ ਅੱਜ ਬੜੀ ਬਖਸ਼ਸ਼ ਕੀਤੀ ਹੈ।

ਹੁਣ ਇਹ ਦੋਵੇਂ ਸੰਤ, ਆਮ ਲੋਕਾਂ ਵਾਂਗ ਇਕ ਦੂਜੇ ਦਾ ਧੰਨਵਾਦ ਕਰਨ, ਵਡਿਆਈ ਕਰਨ ਵਾਂਗ ਨਹੀਂ ਵਡਿਆ ਰਹੇ ਸਨ, ਸਗੋਂ ਸਤਿਗੁਰੂ ਜੀ ਦੀ ਬਖਸ਼ਿਸ਼ ਨੂੰ ਹੀ ਵਡਿਆ ਰਹੇ ਸਨ। ਨਦੀ ਕਿਨਾਰੇ

☜ ਕਰ ਕੇ ਇਸ ਦੇ ਦਹਾਨੇ (ਮੂੰਹ) ਵਿਚ ਕਾਫੀ ਵੱਡਾ ਡੂੰਘ ਹੈ, ਤੇ ਇਸ ਡੂੰਘ ਵਿਚ ਭਿਆਨਕ ਮਗਰਮੱਛ ਰਹਿੰਦਾ ਹੈ। ਬਾਰਸ਼ਾਂ ਵਿਚ ਇਸ ਨਾਲੇ ਨੂੰ ਜਿਥੇ ਪਾਰ ਕਰਨਾ ਜਾਨ ਗੰਵਾਉਣੀ ਹੁੰਦੀ ਸੀ, ਉਥੇ ਅੱਗੇ ਪਿੱਛੇ ਭੀ ਇਸ ਨਦੀ ਪਾਸੋਂ ਲੰਘਣਾ ਉਸ ਮਗਰਮੱਛ ਦੀ ਭੇਟ ਦਾ ਸ਼ਿਕਾਰ ਹੋਣਾ ਹੁੰਦਾ ਸੀ ਜਾਂ ਫਿਰ ਇਸ ਡੂੰਮ ਵਿਚ ਗੋਤੇ ਖਾਣੇ ਹੁੰਦੇ ਸਨ।

ਬਾਬਾ ਮਿੱਤ ਸਿੰਘ ਜੀ ਅਕਸਰ ਇਸ ਨਾਲੇ ਪਾਸ ਆ ਕੇ ਪੱਥਰਾਂ ਤੇ ਆਪ ਹੀ ਬਸਤ੍ਰ ਸਾਫ ਕਰਦੇ, ਕੇਸੀਂ ਇਸ਼ਨਾਨ ਕਰਕੇ ਬਸਤ੍ਰ ਸੁਕਾ ਕੇ ਪਹਿਣ ਕੇ ਮਾਤਾ ਜੀ ਦੇ ਅਸਥਾਨ ਤੇ ਆਉਂਦੇ।

ਹੀ ਕਰਨ ਦਾ ਸਮਾਂ ਮਿਲ ਪਾਇਆ ਹੈ। ਬੱਸ ਘੜਿਆਂ ਦੀ ਲਿੱਦ ਚੁੱਕਣੀ ਜਾਂ ਲੰਗਰ ਦੇ ਕਾਲੇ ਬਰਤਨ ਮਾਂਜਣ ਨਾਲ ਭਲਾ ਪੜ੍ਹਾਈ ਦਾ ਗਿਆਨ ਕਿਥੇ ਹੁੰਦਾ ਹੈ।

ਆਪ ਤਾਂ ਮਹਾਂ ਪੁਰਸ਼ਾਂ ਤੋਂ ਗੁਰਬਾਣੀ ਦਾ ਪਾਠ ਤੇ ਬੋਧ ਪ੍ਰਾਪਤ ਕਰ ਕੇ, ਅਤੇ ਕਮਾਈ ਭੀ ਕਰ ਕੇ ਅਗੋਂ ਹੋਰਨਾਂ ਨੂੰ ਭੀ ਆਪ ਦਾਤਾਂ ਦੇਂਦੇ ਹੋ। ਹੁਣ ਕੁਝ ਗਰੀਬ ਦੀ ਝੋਲੀ ਵਿਚ ਪਾਉਣ ਦੀ ਬਜਾਇ, ਬੜੇ ਲੰਮੇ 'ਭੂਮਿਕਾਵਾਂ' ਦੇ ਚੱਕਰ ਵਿਚ ਪਾ ਰਹੇ ਹੋ। ਅਸੀਂ ਅਨਪੜ੍ਹ ਕੀ ਜਾਣੀਏ। ਨਾ ਪੜ੍ਹੀਆਂ ਹਨ, ਨਾ ਸੁਣੀਆਂ ਹਨ, ਨਾ ਵਾਪਰੀਆਂ ਹਨ, ਕੀ ਦੱਸੀਏ।

ਸੰਤ ਗੁਰਬਚਨ ਸਿੰਘ ਜੀ– ਬਾਬਾ ਜੀ! ਅਜੇਹੀਆਂ ਗੋਂਝਾਂ, ਗੁੰਝਲਾਂ ਤਾਂ ਆਪ ਜੈਸੇ ਮਹਾਂਪੁਰਸ਼ਾਂ ਜੋ ਕਥਨੀ ਤੇ ਕਰਨੀ ਸੂਰੇ, ਹੱਠੀ, ਤੱਪੀ ਜੱਪੀ ਹੀ ਕੱਢ ਸਕਦੇ ਸਨ। ਜੋ ਇਹਨਾਂ ਭੂਮਿਕਾਵਾ ਨੂੰ ਲੰਘ ਕੇ ਸੱਚ ਖੰਡ ਦੀ ਸਿਖਰ ਮੰਜ਼ਲ ਪ੍ਰਾਪਤ ਕਰ ਚੁੱਕੇ ਹੋਵਣ, ਉਹ ਹੀ ਦਰਸਾ ਸਕਦੇ ਹਨ। ਬਿਨਾਂ ਵੇਖਿਆਂ ਕਥਨੀ ਸੱਚ ਭੀ ਤੇ ਝੂਠ ਭੀ ਹੋ ਸਕਦੀ ਹੈ। ਇਹ ਕਿਤਾਬੀ ਗਿਆਨ ਹਨ, ਪਰ ਅਮਲੀ ਨਹੀਂ। ਤੁਸਾਂ ਦੇ ਅਮਲ ਵਿਚ ਆਈ ਹੈ। ਤੁਸੀਂ ਸਪੱਸ਼ਟ ਨਿਰਣਾ ਕਰ ਸਕਦੇ ਹੋ?

ਬਾਬਾ ਮਿੱਤ ਸਿੰਘ ਜੀ– ਸੰਤ ਜੀ! ਆਪ ਕਿਹੜੀ ਵਿਦਿਆ ਦੇ ਝਮੇਲੇ ਵਿਚ ਪੈ ਚੁਕੇ ਹੋ, ਪ੍ਰਭੂ ਦੀ ਦਰਗਾਹ ਵਿਚ ਤਾਂ–

ਪੜਿਆ ਅਣਪੜਿਆ ਪਰਮ ਗਤਿ ਪਾਵੈ ॥ [ਪੰਨਾ ੧੯੭

ਇਹ ਤਾਂ ਪੜ੍ਹਨਾ ਗੁੜਨਾ ਸੰਸਾਰ ਦੀ ਕਾਰ ਹੈ–

ਅੰਦਰਿ ਤ੍ਰਿਸਨਾ ਵਿਕਾਰ ॥ ਹਉਮੈ ਵਿਚ ਸਭ ਪੜਿ ਥਕੇ ਦੂਜੇ ਭਾਇ ਖੁਆਰੁ ॥ [ਸਲੋਕ ਮ: ੩, ਪੰਨਾ ੬੫੦

ਪਰ ਗੱਲ ਮੁੱਕਦੀ ਇਕ ਤੇ ਹੈ--

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖੁ ॥ [ਮ: ੧, ਆਸਾ ਦੀ ਵਾਰ--੪੬੯

ਆਪ ਕਿਉਂ ਸੰਸਾਰਕ ਝਖਾਈ ਵਿਚ ਪੈਂਦੇ ਹੋ, ਸਤਿਗੁਰਾ ਦੇ ਸਿੱਧੇ ਮਾਰਗ ਤੇ ਤੁਰਨ ਨਾਲ ਸਤਿਗੁਰੂ ਜੀ ਆਪਣੇ ਰਾਹ ਦਿਖਾਲ ਦੇਂਦਾ ਹੈ, ਪਰ ਅਸਲ ਨਿਰਣਾ ਜਦ ਕੋਈ ਜੀਵ ਉਸ ਸਟੇਜ ਤੇ ਪੁੱਜ ਜਾਂਦਾ ਹੈ, ਤਾਂ ਉਸ ਨੂੰ ਆਪੇ ਹੀ ਪ੍ਰਤੀਤ ਹੋ ਆਉਂਦਾ ਹੈ ਤੇ ਫਿਰ ਉਹ 'ਗੁੰਗੇ ਗੁੜ ਖਾਇਆ' ਵਾਂਗ ਮਿੱਠਾਸ ਦਾ ਸਵਾਦ ਦਸ ਨਹੀਂ ਸਕਦਾ, ਜੋ ਚੱਖ ਸਕਦਾ ਹੈ, ਉਹ ਹੀ ਜਾਣਦਾ ਹੈ। ਦਸਣ ਤੇ ਵੀ ਉਹ ਸਵਾਦ ਨਹੀਂ ਮਿਲਦਾ ਜੋ ਚੱਖਣ ਨਾਲ ਮਿਲਦਾ ਹੈ। ਭਲਾ ਜੇ ਕੋਈ ਕਹੇ ਭੀ ਤਾਂ--

ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ [ਜਪੁ ਸਾਹਿਬ-੨

ਅਜਿਹੀ ਉਚ ਅਵਸਥਾ ਜਿਨ੍ਹਾਂ ਨੂੰ ਪ੍ਰਾਪਤ ਹੋਈ ਹੈ, ਉਹ ਤਾਂ–

ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥ [ਸੁਖਮਨੀ ਸਾਹਿਬ–੨੭੩

ਸਾਰੇ ਬੰਧਨਾਂ, ਕਰਮਕਾਂਡਾਂ, ਸਿਆਣਿਆਂ ਦੀਆਂ ਅਜਿਹੀਆਂ ਘਾੜਤਾਂ ਤੋਂ ਸਦਾ ਮੁਕਤ ਹੁੰਦੇ ਹਨ, ਅਤੇ

ਉਹ ਪ੍ਰਮੇਸ਼ਰ ਸਰੂਪ ਹੀ–

ਬ੍ਰਹਮ ਗਿਆਨੀ ਸਭ ਸ੍ਰਿਸ਼ਟ ਕਾ ਕਰਤਾ ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ [ਸੁਖਮਨੀ–੨੭੩

ਅਜੇਹੀ ਬਿਵਸਥਾ ਨੂੰ ਭਲਾ– ਏਕ ਜੀਹ ਗੁਣ ਕਵਨ ਬਖਾਨੈ ॥ [ਮਾਰੂ ਮ: ੫–੧੦੮੩

ਉਸ ਸ੍ਰਿਸ਼ਟੀ ਦੇ ਕਰਤੇ ਦਾ ਕਥਨ ਕਰਨਾ, ਅਤਿ ਕਠਨ ਹੈ। ਕਿਵੇਂ ਉਸ ਪ੍ਰਭੂ ਨਾਲ ਅਭਿੰਨ ਬ੍ਰਹਮ ਗਿਆਨੀ ਜੋ ਪ੍ਰਭੂ ਦਾ ਸਰੂਪ ਹੀ ਹੈ, ਉਸ ਦੀ ਸਿਫਤ ਸਲਾਹ ਕਿਵੇਂ ਕੀਤੀ ਜਾ ਸਕਦੀ ਹੈ–

ਬਹੁਤਾ ਕਹੀਐ ਬਹੁਤਾ ਹੋਇ ॥ [ਜਪੁ ਸਾਹਿਬ–੫

ਪ੍ਰਭੂ ਦੀ ਮਹਿਮਾਂ ਜਿਤਨੀ ਕੋਈ ਕਹੇ,ਉਸ ਤੋਂ ਭੀ ਵਧੇਰੇ ਹੋ ਜਾਂਦਾ ਹੈ। ਦਸਮੇਸ਼ ਜੀ ਨੇ ਫੁਰਮਾਇਆ ਹੈ–

ਤਾਕਾ ਮੂੜ ਉਚਾਰਤ ਭੇਦਾ ॥ ਜਾ ਕਾ ਭੇਵ ਨ ਪਾਵਤ ਬੇਦਾ ॥ [ਚੌਪਈ ਪਾ: ੧੦

ਜਿਸ ਦਾ ਭੇਦ ਬੇਦਾਂ ਦੇ ਉਚਾਰਨ ਵਾਲੇ ਬ੍ਰਹਮਾ ਜੀ ਭੀ ਨਹੀਂ ਪਾ ਸਕੇ–

ਮਹਿਮਾ ਨਾ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥

ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥ [ਰਾਮਕਲੀ ਮ: ੫–੮੯੪

ਸ੍ਰੀ ਵਾਹਿਗੁਰੂ ਨੇ ਜਿਤਨੀ ਬੁੱਧ ਦਿਤੀ ਹੈ ਬਖਸ਼ੀ ਹੈ, ਉਤਨਾ ਹੀ ਵਰਨਣ ਕਰ ਦੇਂਦਾ ਹੈ–

ਆਪੁ ਅਪਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੁਹਿ ਤੇਤੀ ॥

ਤੁਮਰਾ ਲਖਾ ਨ ਜਾਇ ਪਸਾਰਾ ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥ [ਚੌਪਈ ਪਾ:੧੦

ਪ੍ਰਭੂ ਦੀ ਇਸ ਖੇਡ ਦਾ ਕਿਸੇ ਅੰਤ ਨਹੀਂ ਪਾਇਆ–

ਤਾ ਕਾ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥ [ਜਪੁ ਸਾਹਿਬ–੫

ਪਰ ਇਸ ਪ੍ਰਭੂ ਦੀ ਖੇਡ, ਜਿਸ ਨੂੰ ਜਣਾ ਭੀ ਦਿਤੀ ਹੈ, ਉਸ ਨੇ ਪਾਇਆ ਹੈ, ਛੁਪਾਇਆ ਹੈ। ਕਿਸੇ ਦੇ ਪਾਸ ਉਸ ਨੇ ਭੇਦ ਨਹੀਂ ਖੋਹਲਿਆ–

ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥ [ਟੋਡੀ ਭਗਤਾਂ, ਪੰਨਾ ੭੧੮

ਉਹ ਜੀਵ ਜਿਸ ਨੇ ਪਾ ਲਿਆ ਉਹ ਸਦਾ ਚੁੱਪ ਰਹਿ ਕੇ 'ਕੇਵਲ ਪ੍ਰਭੂ ਸਿਮਰਨ ਵਿਚ ਦਿਨ ਰਾਤ ਲੱਗਾ ਰਹਿੰਦਾ ਹੈ, ਤੇ ਇਸ ਗੂਹੜੇ ਭੇਦ (ਰਾਜ਼) ਨੂੰ ਛੁਪਾਈ ਰੱਖਣ ਦਾ ਹੀ ਯਤਨ ਕਰਦਾ ਹੈ, ਕਿਉਂਕਿ 'ਤ੍ਰੈ ਗੁਣ ਅਤੀਤ' ਰਜੋ, ਤਮੋ, ਸਤੋ ਤਿੰਨਾਂ ਗੁਣਾਂ ਤੋਂ ਰਹਿਤ ਹੋ ਜਾਂਦਾ ਹੈ, ਕਿਉਂ ਉਸ ਪੁਰਸ਼ ਨੂੰ ਇਹ ਗਿਆਨ ਹੋ ਜਾਂਦਾ ਹੈ– ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥

ਚਉਥੇ ਪਦ ਕੋ ਜੋ ਨਰ ਚੀਨੈ ਤਿਨਹੀ ਪਰਮ ਪਦੁ ਪਾਇਆ ॥ ੨ ॥ [ਕੇਦਾਰਾ ਕਬੀਰ ਜੀ–੧੧੨੩

ਤਾਂ ਉਹ ਪੁਰਸ਼ ਜਦ ਪਰਮ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ ਤਾਂ ਫਿਰ ਪ੍ਰਭੂ ਸਰੂਪ–

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ [ਸੁਖਮਨੀ ਸਾਹਿਬ–੨੭੩

ਗੁਣ ਵਾਲਾ ਹੋ ਕੇ ਫਿਰ ਪਰਮੇਸ਼ਰ ਆਪੇ ਨੂੰ ਕਿਵੇਂ ਦਰਸਾਏ ਸਦਕਾ ਹੈ। ਇਹ ਤਾਂ ਪ੍ਰਭੂ ਆਪ ਕ੍ਰਿਪਾ ਕਰ ਕੇ– ਜਿਸ ਨੋ ਤੂ ਜਣਾਇਹਿ ਸੋਈ ਜਨੁ ਜਾਣੈ ॥ [ਆਸਾ ਮ: ੪, ਪੰਨਾ ੧੧

ਪਰ ਅਜਿਹੇ ਪੁਰਸ਼ ਸੰਸਾਰ ਵਿਚ ਵਿਰਲੇ ਹੀ ਹਨ–

ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ।। [ਗੂਜਰੀ ਮ: ੫–੫੧੭

ਇਹ ਪ੍ਰੇਮਾ ਭਗਤੀ ਵਿਰਲੇ ਹੀ ਪ੍ਰਾਪਤ ਕਰ ਸਕਦੇ ਹਨ–

ਪ੍ਰੇਮ ਭਗਤਿ ਜਿਸੁ ਆਪੇ ਦੇਇ ।। ਜਗ ਮਹਿ ਵਿਰਲੇ ਕੇਈ ਕੇਇ ।।੩।। [ਗੌਂਡ ਮ: ੪–੮੬੭

ਇਸ ਪ੍ਰੇਮਾ ਭਗਤੀ ਨੂੰ ਤੇ ਇਸ ਅਨੂਠੀ ਖੇਡ ਨੂੰ ਕੋਈ ਵਿਰਲਾ ਹੀ ਵਿਚਾਰਦਾ, ਸਮਝਦਾ ਤੇ ਮਨ ਵਸਾਂਦਾ ਹੈ– ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖ ਹੋਇ ।।

ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ।।੪੦।। [ਦ: ਓਅੰਕਾਰ ਮ: ੧–੯੩੫

ਭੂਮਕਾ, ਭੂਕਾ, ਭਾਕਾ ਦਾ ਨਿਪਟਾਰਾ

ਸੋ ਸੰਤ ਜਨੋ ! ਸਾਡੀ ਜੱਟਕੀ ਜੇਹੀ ਸਮਝੇ ਤਾਂ ਇਹ ਹੀ ਆਇਆ ਏ ਕਿ ਉਥੇ (ਪਾੜ੍ਹਆਂ ਦੀਆਂ ਕਥੀਆਂ ਭੂਮਿਕਾਵਾਂ) 'ਭੂਕਾਂ ਭਾਕਾਂ' ਨਹੀਂ ਰਹਿੰਦੀਆਂ ਕੇਵਲ ਛਿੱਲਕੇ (ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਅਤੇ ਮੋਹ ਮਮਤਾ, ਮਾਇਆ ਦੇ ਬੰਧਨ ਦਾ ਪੜਦਾ) ਲਾਹ ਕੇ ਨਿਰੋਲ (ਗੰਡਾ) 'ਅਕਾਲ ਪੁਰਖ' ਹੀ ਅਕਾਲ ਸਰੂਪ ਨਜ਼ਰ ਆਉਂਦਾ ਹੈ, ਅਤੇ ਉਸ ਦੇ ਗੁਣਾਂ ਦਾ ਧਾਰਨੀ ਕਦੀ ਭੀ ਸੰਸੇ, ਭਰਮਾਂ, ਕਰਮ ਕਾਂਡ, ਵਹਿਮਾਂ, ਜੋ ਸਿਆਣੇ ਪਾੜ੍ਹਆਂ ਦੀਆਂ ਘੜੀਆਂ ਘਾੜਤਾਂ ਹਨ, ਦੇ ਬੰਧਨਾਂ ਤੋਂ ਰਹਿਤ ਹੋ ਕੇ ਧੰਨੇ ਭਗਤ ਵਾਂਗ ਸਿੱਧਾ ਸਾਦਾ– ਭੋਲੇ ਭਾਇ ਮਿਲੇ ਰਘੁਰਾਇਆ ।। ੪ ।। ੬ ।।

[ਗਉੜੀ ਕਬੀਰ, ਪੰਨਾ ੩੨੪

ਭੋਲੇ ਭਾਇ (ਚਤੁਰਾਈਆਂ, ਸਿਆਣਪਾਂ, ਬੁੱਧੀ ਦੀ ਤੀਖਣਤਾ, ਮਨ ਦੀ ਚਲਾਕੀ ਅਤੇ ਸਰੀਰ ਦੀ ਹਉਮੈ) ਤਿਆਗ ਕੇ ਗੁਰਮੁਖ ਗੁਣਾਂ ਦਾ ਧਾਰਨੀ ਬਣ ਕੇ, ਕੱਥਨੀ ਤੇ ਕਰਨੀ ਦਾ ਸੂਰਮਾ ਬਣ ਕੇ ਹੀ ਪ੍ਰਭੂ ਦੀ ਸਮਝ, ਸੂਝ ਨੂੰ ਪ੍ਰਾਪਤ ਕਰ ਸਕਦਾ ਹੈ। ਹਾਂ ਜੇ ਕਿਸੇ ਜੀਵ ਦੇ ਪੂਰਬਲੇ ਕਰਮ ਸੰਜੋਗ ਉਦੇ ਹੋਣ–

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ।। [ਗਉੜੀ ਮ: ੫--੨੦੪

ਪਰ ਚੌਥੇ ਪਦ ਦੀ ਪ੍ਰਾਪਤੀ ਨਿਰੀ ਪੜ੍ਹਨ ਸੁਣਨ ਨਾਲ ਨਹੀਂ, ਸਗੋਂ ਪ੍ਰਭੂ-ਕ੍ਰਿਪਾ ਨਾਲ ਹੀ ਮਿਲਦੀ ਹੈ–

ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ।।

ਚਉਥੇ ਪਦ ਮਹਿ ਸਹਿਜੁ ਹੈ ਗੁਰਮੁਖਿ ਪਲੈ ਪਾਇ ।।੬।। [ਸਿਰੀਰਾਗੁ ਮ:੩--੬੮

ਤਾਂ ਤੇ ਇਹ ਪਦ ਸਹਿਜ ਅਵਸਥਾ ਵਿਚ ਗੁਰਮੁਖ ਨੂੰ ਪ੍ਰਾਪਤ ਹੁੰਦਾ ਹੈ--

ਚਉਥੀ ਪਦਵੀ ਗੁਰਮੁਖ ਵਰਤਹਿ, ਤਿਨ ਨਿਜ ਘਰਿ ਵਾਸਾ ਪਾਇਆ ।। [ਭੈਰਉ ਮ: ੩ -੧੧੩੦

ਜਦੋਂ ਤਕ ਗੁਰਮੁਖ ਗੁਣ ਸਾਡੇ ਵਿਚ ਪ੍ਰਵੇਸ਼ ਨਹੀਂ ਕਰਦੇ, ਤਦੋਂ ਤੱਕ ਇਸ ਅਸਚਰਜ ਖੇਡ ਨੂੰ ਸਮਝਣਾ ਅਤਿ ਕਠਨ ਹੈ। ਗੁਰਮੁਖ ਦੇ ਲੱਛਣ ਜੋ ਭਾਈ ਗੁਰਦਾਸ ਜੀ ਨੇ ਇਉਂ ਅੰਕਿਤ ਕੀਤੇ ਹਨ–

ਚਰਣ ਕਮਲ ਰਹਰਾਸਿ ਕਰਿ ਗੁਰਮੁਖ ਸਾਧ ਸੰਗਤਿ ਪਰਗਾਸੀ ।।
ਪੈਰੀ ਪੈ ਪਾਖਾਕ ਹੋਇ, ਲੇਖ ਅਲੇਖ, ਅਮਰ ਅਬਿਨਾਸੀ ।।
ਕਰ ਚਰਣੇਂਦਕੁ ਆਚਮਨ ਆਧਿ ਬਿਆਧਿ ਉਪਾਧਿ ਖਲਾਸੀ ।।

ਗੁਰਮਤਿ ਆਪ ਗਵਾਇਆ ਮਾਇਆ ਅੰਦਰਿ ਕਰਨਿ ਉਦਾਸੀ ।।
ਸ਼ਬਦ ਸੁਰਤਿ ਲਿਵਲੀਣੁ ਹੋਇ, ਨਿਰੰਕਾਰ ਸਚਖੰਡਿ ਨਿਵਾਸੀ ।।
ਅਬਿਗਤਿ ਗਤਿ ਅਗਾਧਿ ਬੋਧਿ ਅਕਥ ਕਥਾ ਅਚਰਜ ਗੁਰਦਾਸੀ ।।
ਗੁਰਮੁਖਿ ਸੁਖ ਫਲੁ ਆਸ ਨਿਰਾਸੀ ।। ੧੮ ।। [ਵਾਰ ੨੫

[ਭਾ: ਗੁਰਦਾਸ ਜੀ ਦੀਆਂ ਵਾਰਾਂ ਵਿਚ ਹੋਰ ਪੜ੍ਹੋ।]

ਇਉਂ ਗੁਰਬਾਣੀ ਭੀ ਗੁਰਮੁਖ ਜਨ ਦੇ ਗੁਨਣ ਇਉਂ ਦਰਸਾਏ ਹਨ–

ਗੁਰਮੁਖ ਰਤਨੁ ਲਹੈ ਲਿਵਲਾਇ ।। ਗੁਰਮੁਖਿ ਪਰਖੈ ਰਤਨੁ ਸੁਭਾਇ ।।
ਗੁਰਮੁਖਿ ਸਾਚੀ ਕਾਰ ਕਮਾਇ ।। ਗੁਰਮੁਖਿ ਸਾਚੇ ਮਨ ਪਤੀਆਇ ।।
ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ।। ਨਾਨਕ ਗੁਰਮੁਖਿ ਚੋਟ ਨ ਖਾਵੈ ।।੩੫।।
ਗੁਰਮੁਖਿ ਨਾਮ ਦਾਨ ਇਸਨਾਨੁ ।। ਗੁਰਮੁਖਿ ਲਾਗੈ ਸਹਜਿ ਧਿਆਨੁ ।।
ਗੁਰਮੁਖਿ ਪਾਵੈ ਦਰਗਹ ਮਾਨੁ ।। ਗੁਰਮੁਖਿ ਭਉ ਭੰਜਨੁ ਪਰਧਾਨ ।।
ਗੁਰਮੁਖਿ ਕਰਣੀ ਕਾਰ ਕਰਾਏ ।। ਨਾਨਕ ਗੁਰਮੁਖਿ ਮੇਲਿ ਮਿਲਾਇ ।।੩੬।।
ਗੁਰਮੁਖਿ ਸਾਸਤ੍ਰ ਸਿਮ੍ਰਿਤ ¦ਬੇਦ ।। ਗੁਰਮੁਖਿ ਪਾਵੈ ਘਟਿ ਘਟਿ ਭੇਦ ।।
ਗੁਰਮੁਖਿ ਵੈਰ ਵਿਰੋਧ ਗਵਾਵੈ ।। ਗੁਰਮੁਖਿ ਸਗਲੀ ਗਣਤ ਮਿਟਾਵੈ ।।
ਗੁਰਮੁਖਿ ਰਾਮ ਨਾਮ ਰੰਗਿ ਰਾਤਾ ।। ਨਾਨਕ ਗੁਰਮੁਖਿ ਖਸਮੁ ਪਛਾਤਾ ।।੩੭।।

[ਸਿਧ ਗੋਸਟਿ ਪਾ: ੧, ਪੰਨਾ ੯੪੨

ਇਸੇ ਸਿਧ ਗੋਸਟਿ ਵਿਚ ਗੁਰਮੁਖ ਦੇ ਹੋਰ ਲੱਛਣ ਪੜ੍ਹੇ ਜਾ ਸਕਦੇ ਹਨ।

ਗੁਰਮੁਖਤਾਈ ਦੇ ਲੱਛਣ ਭੀ ਤਾਂ ਗੁਰੂ ਕ੍ਰਿਪਾ ਦੁਆਰਾ ਸਹਿਜੇ ਹੀ ਜੀਵ ਦੇ ਅੰਤਸ਼ਹ ਕਰਨ ਵਿੱਚ ਆ ਵਸਦੇ ਹਨ। ਪਰ ਜੋ ਜੀ ਗੁਰੂ ਬਿਨਾਂ ਹੀ ਲੋਚਦੇ ਹਨ, ਉਹ ਇਸ ਪਦਵੀ ਨੂੰ ਪਰਾਪਤ ਨਹੀਂ ਕਰ ਸਕਦੇ।

ਗੁਰ ਸਾਖੀ ਜੋਤਿ ਪਰਗਟੁ ਹੋਇ ।। [ਧਨਾਸਰੀ ਮ: ੧, ਪੰਨਾ ੧੩

ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ।।
ਗੁਰ ਕ੍ਰਿਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ।।

[ਮਾਝ ਮ: ੩, ਪੰਨਾ ੧੧੦

ਗੁਰ ਨਯਣਿ ਬਯਣਿ ਗੁਰ ਗੁਰ ਕਰਹੁ ਗੁਰੂ ਸਤਿ 'ਕਵਿ ਨਲ੍' ਕਹਿ ।।
ਜਿਨਿ ਗੁਰੂ ਨਾ ਦੇਖਿਅਉ ਨਹ ਕੀਅਉ ਤੇ ਅਕਯਥ ਸੰਸਾਰ ਮਹਿ ।।੪।।੮।।

[ਸ੍ਵਯੇ ਭੱਟਾਂ ਮ:੪, ਪੰਨਾ ੧੩੯੯

ਸੋ ਗੁਰੂ ਬਿਨਾਂ ਇਹ ਸੋਝੀ ਨਹੀਂ ਆ ਸਕਦੀ ।। ਸੋ ਸਿਆਣਿਆਂ ਨੇ ਜੋ ਪ੍ਰਭੂ ਭਗਤੀ ਮਿਲਣ ਦੀਆ ਮੰਜ਼ਲਾਂ [ਭੂਮਿਕਾ] ਦਰਸਾਈਆਂ ਹਨ। ਇਹ ਤਾਂ ਜੀਵ ਨੂੰ ਅਨੇਕਾਂ ਭਰਮਾਂ, ਕਰਮ ਕਾਂਡਾਂ

ਸ਼ਗਨਾਂ ਅਪਸ਼ਗਨਾਂ ਦੇ ਚੱਕਰਾਂ ਵਿਚ ਘੁਮਾਈ ਫਿਰਦੇ ਹਨ। ਪ੍ਰਭੂ ਬਖਸ਼ਿਸ਼ ਦਾ ਮਾਰਗ ਤਾਂ ਕੇਵਲ ਭਾਣੇ ਭਗਤ ਭਾਅ ਨਾਲ 'ਹਉਮੈ' ਮੈਂ ਮੇਰੀ ਦੀ ਜਕੜ ਤੋਂ ਨਿਕਲ ਕੇ ਕੇਵਲ ਤੂਹੀ ਤੂੰ ਵਿਚ ਲੀਣ ਰਹੈ

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪ ਤੇ ਕਿਆ ਲਾਗੈ ਮੇਰਾ ॥ ੨੦੩ ॥
[ਸਲੋਕ ਕਬੀਰ, ਪੰਨਾ ੧੩੭੨

ਅਤੇ ਆਪਣੀ ਕ੍ਰਿਆ ਵਿਚ ਇਹ ਗੁਣ ਧਾਰਨ ਕਰੇ–

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ [ਆਸਾ ਦੀ ਵਾਰ ਮ: ੧–੪੭੦
ਗੁਰਸਿਖ ਮਿਠਾ ਬੋਲਣਾ ਨਿਵ ਚਲਣਾ ਗੁਰਸਿਖੁ ਪਰਵਾਣਾ ॥. . . . .੧॥ [ਵਾਰ ੨੨
ਗੁਰਸਿਖ ਥੋੜਾ ਬੋਲਣਾ ਥੋੜਾ ਸਉਣਾ ਥੋੜਾ ਖਾਣਾ ॥. . . .੨॥ [ਭ: ਗੁਰਦਾਸ ਵਾਰ ੨੨
ਸਾਧ ਸੰਗਤਿ ਭਉ ਭਾਉ ਕਰਿ, ਸੇਵਕ ਸੇਵਾ ਕਾਰ ਕਮਾਏ ॥
ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ ॥. . . . .॥੨੪॥੮॥
[ਭਾਈ ਗੁਰਦਾਸ ਜੀ, ਵਾਰ ੮

ਸੋ ਸੰਤ ਜਨੋ ! ਗੁਰਸਿੱਖ ਇਹਨਾਂ 'ਸੱਤਾਂ' ਦੇ ਝਗੜੇ ਵਿਚ ਨਹੀਂ ਪੈਂਦਾ। ਭਾਈ ਗੁਰਦਾਸ ਜੀ ਇਉਂ ਫੁਰਮਾਂਦੇ ਹਨ–

੧. ਸਤ‡ ਸਮੁੰਦ ਉਲੰਘਿਆ ਦੀਪ ਸਤ ਇਕੁ ਦੀਪਕੁ ਬਲਿਆ।
੨. ਸਤ ਸੂਤ ਇਕ ਸੂਤ ਕਰਿ ਸਤੇ 'ਪੁਰੀਆ' ਲਘਿ ਉਛਲਿਆ ॥
੩. ਜਤੀ ਸਤੀ ਜਿਣਿ ਸਪਤ ਰਿਖਿ, ਸਤਿਸੁਰਾਂ ਜਿਣਿ ਅਟਲ ਨ ਟਲਿਆ ॥
੪. ਸਤੇ ਸੀਵਾ ਸਾਧਿ ਕੈ ਸਤੀ ਸੀਵੀਂ ਸੁਫਲਿਓ ਛਲਿਆ ॥
੫: ਸਤ ਅਕਾਸ਼ ਪਤਾਲ ਸਤ ਵਸਿ ਗਤਿ ਕਰਿ, ਉਪਰੇਰੈ ਚਲਿਆ ॥
੬. ਸਤੇ ਧਾਰੀ ਲੰਘ ਕੈ ਭੈਰਉ ਖੇਤ੍ਰਪਾਲ ਦਲ ਮਲਿਆ ॥
੭. ਸਤੇ ਰੋਹਣਿ ਸਤਿ ਵਾਰ ਸਤਿ ਸੁਹਾਗਣਿ ਸਾਧਿ ਨ ਢਲਿਆ ॥
੮. ਗੁਰਮੁਖਿ ਸਾਧ ਸੰਗਤਿ ਵਿਚਿ ਖਲਿਆ ॥੭॥

‡ ੧. ਸੱਤ ਸਮੁੰਦਰ–(ਖਾਰਾ, ਖੀਰ, ਦੁਧ, ਇਖ, ਜਲ, ਸਰਬਤ, ਘਿਰਤ] ਨੂੰ ਲੰਘ ਕੇ ਸੱਤਾਂ ਦੀਪਾਂ [ਜੰਬੂ ਦੀਪ, ਕੁਸ਼ਪ ਦੀਪ, ਲਖਣ ਦੀਪ, ਸਵੇਤ ਦੀਪ, ਕੌਂਚ ਦੀਪ, ਸ਼ਾਨ ਦੀਪ, ਪੁਸ਼ਕਰ ਦੀਪ] ਵਿਚ ਇਕੋ ਜੋਤ (ਦੀਵਾ) ਬਲਿਆ।

੨, ਸੱਤਾਂ ਸੂਤ੍ਰਾ–(ਪੰਜ ਗਿਆਨ ਇੰਦਰੇ ਨੇਤ੍ਰ,ਨੱਕ,ਕੰਨ.ਜੀਭ, ਤੁਚਾ,ਮਨ ਤੇ ਬੁਧਿ)ਇਹ ੭ਸੂਤ੍ਰ ਹਨ ਇਨ੍ਹਾਂ ਸਤਾਂ ਨੂੰ ਇਕ ਸੁਰ (ਮਰਯਾਦਾ) 'ਚ ਕਰਕੇ ਸੱਤਾਂ ਪੁਰੀਆਂ[ਅਜੁਧਯਾ,ਮੱਥਰਾ,ਮਾਇਆ ਕਾਂਸ਼ੀ,ਕਾਂਚੀ ਆਵੰਤਕ ਦ੍ਵਾਰਾਵਤੀ) ਨੂੰ ਉੱਛਲ ਕੇ ਲੰਘ ਗਿਆ ਹੈ।

੩. ਸਤਵਾਦੀ ਤੇ ਸੱਤਾਂ ਰਿਖੀ–(ਹਰੀ ਚੰਦ, ਦਸਰਥ, ਧਰਮ ਪੁਤਰ, ਰਾਮ ਚੰਦਰ, ਪਰਸ ਰਾਮ, ☞

ਸੰਤ ਗੁਰਬਚਨ ਸਿੰਘ ਜੀ– ਬੜੇ ਅਸਚਰਜ ਜਹੇ ਹੋ ਗਏ ਤੇ ਮਨ ਹੀ ਮਨ ਨਾਲ ਸੋਚ ਕਰਨ ਲਗੇ ਕਿ ਬਾਬਾ ਮਿੱਤ ਸਿੰਘ ਜੀ ਨੇ ਕੇਹੀਆਂ ਸਿੱਧੀਆਂ ਸਾਦੀਆਂ ਜੱਟਕੀਆਂ ਉਦਾਹਰਣਾਂ ਦੇ ਕੇ ਕਿ [ਭੂਮਕਾਂ] 'ਭੂਕਾਂ ਭਾਕਾਂ' ਕੁਝ ਭੀ ਨਹੀਂ। ਗੰਡਾ (ਪਿਆਜ਼) ਨਿਰੋਲ ਆਪ ਹੀ ਹੈ। ਇਹ ਬਚਨ ਸੁਣ ਕੇ ਆਪ ਜੀ ਦੇ ਮਨ ਵਿਚ ਅਨੰਦਿਤ ਸਵਾਦ, ਰਸ ਆਇਆ ਅਤੇ ਮਨ ਦੇ ਸਾਰੇ ਸੰਕਲਪ ਵਿਕਲਪ ਆਦਿ ਦੂਰ ਹੋ ਗਏ।

ਬਲਰਾਮ, ਸੈਣੀ) ਅਤੇ ਸੱਤ ਰਿਖੀਆਂ(ਵਸ਼ਿਸ਼ਟ, ਅਤਰੀ, ਅੰਗਰੇ, ਭ੍ਰਿਗੂ, ਪਲਸਤ,ਕ੍ਰਿਤੂ, ਪੁਲਹ) ਇਹ ਚੌਦਾ ਨੂੰ ਜਿੱਤ ਕੇ ਸਤ ਸੁਰਾਂ [ਖਰਚ-ਸਾ], ਰਿਖਭ (ਰੇ) ਗੰਧਾਰ [ਗਾ], ਮਧਮ (ਮਾ) ਪੰਚਮ (ਪਾ) ਧੈਵਤ [ਧਾ], ਨਿਖਾਦ (ਨੀ) ਜਿੱਤਦਾ ਹੋਇਆ ਟਲਨੇ ਤੋਂ ਅਟੱਲ ਹੋ ਗਿਆ।

੪. ਗਿਆਨ ਦੀਆਂ ਸੱਤ ਸੀਵਾਂ (ਭੂਮਿਕਾ)–ਸ਼ੁਭ ਇੱਛਾ, ਸਭ ਵਿਚਾਰਨਾ, ਤਨੁੰਮਾਨਸਾ, ਸੱਤ੍ਵਾਪਤਿ ਅਸੰਸਕਤਿ, ਪਦਾਰਥਾ ਭਾਵਨੀ, ਤੁਰੀਆ (ਜਿਨ੍ਹਾਂ ਦਾ ਵਿਸਥਾਰ ਪਿੱਛੇ ਆ ਚੁੱਕਾ ਹੈ) ਨੂੰ ਸਾਧ ਕੇ ਸੱਤਵੀਂ ਸੀਵਾ (ਭੂਮਿਕਾ[ਵਿਚ [ਬ੍ਰਹਮ ਪ੍ਰਾਪਤੀ ਸਰੂਪ] ਸੋ ਕੇ ਸਫਲ ਫਲਿਆ।

੫. ਸਤ ਅਕਾਸ਼–[ਭੂਰ, ਭਵਰ, ਸਹਰ, ਮਹਰ, ਜਨ, ਤਪ, ਸਤ] ਅਤੇ ਸਤ ਪਤਾਲ–[ਅਤਲ, ਸੁਤਲ, ਵਿਤਲ, ਰਸਾਤਲ, ਤਲਾਤਲ, ਮਹਾਤਲ, ਪਤਾਲ) ਅਕਾਸ਼ਾਂ, ਪਤਾਲਾਂ ਨੂੰ ਵੱਸ ਕਰ ਕੇ, ਉਪਰੋਂ ਦੀ ਲੰਘ ਕੇਚਲਿਆ ਗਿਆ ਹੈ।

੬. ਸੱਤੇ ਧਾਰਾਂ (ਪਹਾੜਾਂ ਦੀਆਂ)–(ਗੰਧ ਮਾਦਨ, ਕੈਲਾਸ਼, ਸੁਮੇਰ, ਹਿਮਾਲਜ, ਉਦਜਾਚਲ, ਬਿਧਜਾਚਲ, ਲੋਕਾ ਲੋਕ) ਲੰਘ ਕੇ ਗੁਰਮੁਖਾਂ ਨੇ ਭੈਰੋਂ [ਦੇ ਦਲਾਂ ਨੂੰ] ਭੈਰੋਂ ਅੱਠ ਹਨ। ਯਥਾ–(ਵਿਦਜਾ ਰਾਜ, ਕਾਮਰਾਜ, ਨਾਗ ਰਾਜ, ਸਵੰਛਦ ਰਾਜ, ਲੰਬਤ ਰਾਜ, ਭੂਦੇਵ ਰਾਜ, ਉਗਰ ਰਾਜ, ਵਿਘਨ ਰਾਜ] ਅਤੇ ਖੇਤਰਪਾਲ–ਭੈਰਵ ਦੇਵਤਾ ਦਾ ਭੇਦ, ਜੋ ਕਾਲੀ ਦੇਵ ਦਾ ਪੱਛਮ ਦਿਸ਼ਾ ਦਾ ਦਵਾਰਪਾਲ ਹੈ।
[ਮਹਾਨ ਕੋਸ਼ ਪੰਨਾ ੩੮੪

ਖੇਤਰਪਾਲ ੪੯ ਦਸੇ ਹਨ। (ਟੀਕਾ ਭਾਈ ਗੁਰਦਾਸ ਪੰਡਤ ਨਰੈਣ ਸਿੰਘ ਦਾ ਵੇਖੋ ਪੰਨਾ ੧੪੬) ਦੇ ਦਲ ਨੂੰ ਮਲ ਕੇ ਨਾਸ ਕਰ ਦਿਤਾ ਹੈ।

੭. ਰੋਹਣੀ ਆਦਿ (ਨਛੱਤਰਾਂ ਦਾ) ਸੂਰਜ ਅਥਵਾ ਵਾਯੂ ਨਾੜੀ, ਜਿਸ ਵਿਚ ਰੋਹਣੀ ਸਵਾਂਤੀ ਜੇਸਠਾ ਅਤੇ ਅਸਨੀ ਨਛਤ੍ਰ ਰਹਿੰਦੇ ਹਨ।

੨. ਮੰਗਲ ਦੀ ਦਹਿਣੇ ਨਾੜੀ ੩. ਬ੍ਰਿਹਸਪਤੀ ਦੀ ਸਯਮ ਨਾੜੀ, ੪. ਸ਼ੁਕਰ ਦੀ ਨੀਰ ਨਾੜੀ, ੫. ਬੁਧ ਦੀ ਜਲ ਨਾੜੀ, ੬. ਚੰਦਰਮਾਂ ਦੀ ਅੰਮ੍ਰਿਤਾ ਨਾੜੀ, ੭. ਸ਼ਨੀ। ਇਹ ਸਤ ਚੱਕਰ ਹਨ, ਅਤੇ ਗੁਰਸਿੱਖ ਇਹਨਾਂ ਦੇ ਭਰੋਸੇ ਨੂੰ ਤਿਆਗ ਕੇ ਕੇਵਲ ਇਕ ਵਾਹਿਗੁਰੂ ਦੀ ਪ੍ਰੇਮਾ ਭਗਤੀ ਵਿਚ ਹੀ ਲੀਨ ਹੁੰਦੇ ਹਨ।

ਸੱਤ ਵਾਰ–ਐਤ, ਸੋਮ, ਮੰਗਲ, ਬੁਧ, ਵੀਰ, ਸ਼ੁਕਰ ਤੇ ਛਨੀਛਰ।

ਸੱਤ ਸੁਹਾਗਣਾਂ–ਸੀਤਾ, ਤਾਰਾ, ਮਦੋਦਰੀ, ਦਰੋਪਤੀ, ਅਹਿਲਯਾ,ਲੱਛਮੀ ਤੇ ਪਾਰਬਤੀ। ☞

ਬੜੀ ਪ੍ਰੇਮ ਭਿੰਨੀ ਦਿਸ਼ਾ ਵਿਚ ਕਹਿਣ ਲੱਗੇ ਜਿਹੋ ਜਿਹਾ ਸੁਣਦੇ ਸਾਂ ਬਾਬਾ ਜੀ ਆਪ ਨੂੰ, ਅੱਜ ਅੱਖੀਂ ਪ੍ਰਤੱਖ ਅਸੀਂ ਵੇਖ ਲਿਆ ਹੈ।। ਆਪ ਜੀ ਪਾਸ ਇਤਨਾ ਭੰਡਾਰ ਪਾ ਕੇ ਵੀ ਛੁੱਪਾ ਕੇ ਰੱਖਣ ਦੀ ਸਮਰੱਥਾ ਹੈ। ਫਿਰ ਇਤਨੀ ਨਿਮਰਤਾ, ਸਾਧ ਸੰਗਤ ਦੀ ਹਰ ਵੇਲੇ ਸੇਵਾ ਭਾਵ ਅਤੇ ਨਾ ਹੀ ਕਿਸੇ ਕਰਮ ਦੀ ਆਪ ਨੂੰ 'ਹਉਂ' ਹੈ।

ਧੰਨ ਤੁਹਾਡੀ ਕਮਾਈ ਤੇ ਧੰਨ ਸਤਿਗੁਰੂ ਜੀ ਜਿਹਨਾਂ ਨੇ ਆਪ ਜੀ ਨੂੰ ਅਜਿਹੀਆਂ ਦਾਤਾਂ ਬਖਸ਼ਸ਼ ਕੀਤੀਆਂ ਹਨ। ਧੰਨ ਆਪ ਜੀ ਦੇ ਮਾਤਾ ਪਿਤਾ, ਜਿਹਨਾਂ ਭਗਤ ਜਨ ਜਣ ਕੇ ਸੰਸਾਰ ਨੂੰ ਗੁਰਮਤਿ ਦੀ ਸੱਚੀ ਸੇਧ ਦਿਤੀ ਹੈ। ਹਾਂ ਆਪ ਜੇਹੇ ਹੀ ਧਰਮੀ ਪੁਰਸ਼ਾਂ ਦਾ ਸਦਕਾ ਹੀ ਅਜਿਹੇ ਅਧਰਮੀ ਕਲਜੁੱਗ ਦੇ ਜੀਵਾਂ ਦਾ ਉਧਾਰ ਹੋ ਸਕਦਾ ਹੈ। ਜੋ–

ਆਪਿ ਜਪੈ ਅਵਰਹ ਨਾਮੁ ਜਪਾਵੈ।। [ਸਾਰਗ ਮ: ੫–੧੨੦੬

ਕਿਤਨੀ ਸਾਦਗੀ ਵਿਚ ਰਹਿ ਕੇ ਗੁਰੂ ਦੇ ਦਰਸਾਏ ਮਾਰਗ ਨੂੰ ਦਰਸਾ ਰਹੇ ਹੋ।

ਬਾਬਾ ਮਿੱਤ ਸਿੰਘ ਜੀ–ਸੰਤ ਜਨੋ ! ਭਲਾ ਜੇ ਇਹੀ ਵਡਿਆਈ ਦੇ ਅੱਖਰ ਅਸੀਂ ਸਤਿਗੁਰੂ ਜੀ ਦੇ ਲਈ ਕਹੀਏ ਤੇ ਵਰਤੀਏ ਕਿ–

ਕਹੁ ਨਾਨਕ ਸਭ ਤੇਰੀ ਵਡਿਆਈ. . . . . ।। [ਆਸਾ ਮ: ੫–੩੮੩

ਤਾਂ ਰਸਨਾ ਭੀ ਪਵਿਤਰ ਹੋ ਜਾਂਦੀ ਹੈ ਤੇ ਸਮਾਂ ਵੀ ਲੇਖੇ ਲਗ ਜਾਂਦਾ ਹੈ। ਫਿਰ ਜੀਵ ਦੀ ਇਸ ਵਿਚ ਕੀ ਵਡਿਆਈ ਹੈ ? ਜਿਸ ਭਾਂਡੇ ਵਿਚ ਜੇਹੋ ਜਿਹੀ ਚਾਹੇ ਵਸਤੂ ਪਾਕੇ ਉਸ ਰਾਹੀਂ ਆਪਣੀ ਖੇਡ ਖੇਡੀ ਜਾਏ।

ਹਾਂ– ਮਾਣਸੁ ਬਪੜਾ ਕਿਆ ਸਾਲਾਹੀ।। [ਸੋਰਠਿ ਮ: ੫–੬੫੮

ਮਨੁਖ ਦੇ ਕੀ ਹੱਥ ਵਸ ਹੈ। ਕਿਉਂਕਿ–

ਮਾਨੁਖ ਕੈ ਕਿਛੁ ਨਾਹੀ ਹਾਥਿ।। (ਸੁਖਮਨੀ ਸਾਹਿਬ–੨੮੧

ਇਸ ਲਈ ਸਭ ਵਡਿਆਈਆਂ ਕਰਤੇ ਹੱਥ ਹਨ, ਅਸੀਂ ਤਾਂ ਕੇਵਲ ਉਸ ਪੁਰਖ ਦੇ ਕੀਤੇ ਹੋਏ ਹਾਂ। ਜੋ ਕਰਤਾ ਪੁਰਖ ਪ੍ਰਭੂ ਮਾਲਕ ਸੋ–

☞ ਸੋ ਇਹਨਾਂ ਸਾਰਿਆਂ ਵਿਚ ਗੁਰਮੁਖ ਦਾ ਮਨ ਨਹੀਂ ਢਲਦਾ, ਨਾ ਹੀ ਇਹਨਾਂ ਦੀ ਪਕੜ ਵਿਚ ਆਉਂਦਾ ਹੈ। ਕਿਉਂਕਿ ਗੁਰਮੁਖ ਸਾਧ ਸੰਗਤ ਵਿਚ ਇਸਥਿਤ ਹੁੰਦਾ ਹੈ। ਭਾਵ ਗੁਰਮੁਖ ਉਪਰ ਦਸੇ ਸਾਰੇ ਭਰਮਾਂ ਨੂੰ ਤਿਆਗ ਕੇ ਹਮੇਸ਼ਾ ਸਾਧ ਸੰਗਤ ਵਿਚ ਤਤਪਰ ਹੋ ਕੇ ਲੀਣ ਰਹਿੰਦਾ ਹੈ।

ਹੇ ਸੰਤ ਜਨੋ ! ਇਹ ਅਵਸਥਾ ਹਰ ਪ੍ਰਾਣੀ ਤਾਂ ਪ੍ਰਾਪਤ ਕਰ ਸਕਦਾ ਹੈ–

ਜੋ ਪ੍ਰਾਣੀ ਗੋਬਿੰਦੁ ਧਿਆਵੈ।। ਪੜਿਆ ਅਣਪੜਿਆ ਪਰਮ ਗਤਿ ਪਾਵੈ ॥੪॥੮੬॥ [ਗਉੜੀ ਮ: ੫–੧੬੭

ਸੋ ਪੜ੍ਹਨਾ ਗੁੜਨਾ ਸੰਸਾਰ ਦੀ ਕਾਰ ਹੈ, ਇਹ 'ਹਉਮੈਂ' ਦਾ ਵੱਡਾ ਰੋਗ ਹੈ। ਕੇਵਲ ਪੜ੍ਹਨ ਨਾਲ ਮੁਕਤੀ ਨਹੀਂ ਮਿਲਦੀ। ਉਸ ਗੁਰ ਉਪਦੇਸ਼ ਨੂੰ ਦ੍ਰਿੜ ਵਿਸ਼ਵਾਸ ਨਾਲ ਮੰਨਕੇ ਮਨ ਵਸਾਕੇ ਉਸੇ ਗੁਰਬਾਣੀ ਦੇ ਦਸੇ ਮਾਰਗ ਦੀ ਕਮਾਈ ਕਰਨ ਨਾਲ ਹੀ ਮੁਕਤ ਪਦਾਰਥ ਦੀ ਪ੍ਰਾਪਤੀ ਹੋ ਸਕਦੀ ਹੈ।

ਕਾਠ ਕੀ ਪੁਤਰੀ ਕਹਾ ਕਰੈ ਬਪਰੀ ਖਿਲਾਵਣਹਾਰੋ ਜਾਨੈ ।।
ਜੈਸਾ ਭੇਖੁ ਕਰਾਵੈ ਬਾਜੀਗਰ ਓਹੁ ਤੈਸੋ ਹੀ ਸਾਜੁਆਨੈ ।। ੩ ।।
[ਗਉੜੀ ਮ: ੫, ਪੰਨਾ ੨੦੬

ਇਉਂ ਕਾਫੀ ਸਮਾਂ ਗੁਰਮਤਿ ਵਿਚਾਰਾਂ, ਬਚਨ - ਬਿਲਾਸ ਇਕਾਂਤ ਵਿਚ ਨਦੀ ਕਿਨਾਰੇ ਹੁੰਦੇ ਰਹੇ। ਇਧਰ ਵਿਦਿਆਰਥੀ ਉਹਨਾਂ ਦੀ ਕਾਫੀ ਉਡੀਕ ਵਿਚ ਸਨ ਕਿ ਸੰਤ ਜੀ ਆਵਣ ਤਾਂ ਅਸੀਂ ਜਲ - ਪਾਣੀ ਲੰਗਰ ਛੱਕੀਏ।। ਭਾਵੇਂ ਅਸਥਾਨ ਦੇ ਸਿੰਘਾਂ ਨੇ ਉਹਨਾਂ ਨੂੰ ਜਲ - ਪਾਣੀ ਛਕਾਉਣ ਦਾ ਯਤਨ ਭੀ ਕੀਤਾ, ਪਰ ਵਿਦਿਆਰਥੀ ਸਿੰਘਾਂ ਨੇ ਕਿਹਾ ਕਿ ਅਸਾਂ ਪ੍ਰਸ਼ਾਦਾ ਸੰਤ ਜੀ ਮਹਾਰਾਜ ਦੇ ਆਵਣ ਤੇ ਹੀ ਛੱਕਾਂਗੇ, ਪਰ ਇਧਰ ਸੰਤ ਬਿਰਤੀ ਦਾ ਐਸਾ ਟਿਕਾਓ ਬਣਿਆ ਹੋਇਆ ਸੀ, ਕਿ ਉਹਨਾਂ ਨੂੰ ਸਭ ਕੁਝ ਭੁੱਲਿਆ ਹੋਇਆ ਸੀ।

ਹੁਣ ਬਾਬਾ ਜੀ ਨੇ ਕਿਹਾ ਚੱਲੋ, ਵਿਦਿਆਰਥੀ ਸਿੰਘ ਜਲ - ਪਾਣੀ ਛੱਕਣ ਦੀ ਉਡੀਕ ਵਿਚ ਹੋਵਣਗੇ। ਚੱਲੀਏ ਤੇ ਉਹਨਾਂ ਦੇ ਖੁਸ਼ੇ ਲਈਏ। ਸਹਿਜੇ ਸਹਿਜੇ ਬਚਨ ਬਿਲਾਸ ਕਰਦੇ ਸ੍ਰੀ ਮਾਨ ਸੰਤ ਗੁਰਬਚਨ ਸਿੰਘ ਜੀ ਤੇ ਬਾਬਾ ਮਿੱਤ ਸਿੰਘ ਜੀ ਗੁਰ ਅਸਥਾਨ ਤੇ ਪੁੱਜੇ। ਬਾਬਾ ਜੀ ਨੇ ਸਭ ਵਿਦਿਆਰਥੀ ਸਿੰਘਾਂ ਨੂੰ ਆਪਣੇ ਹੱਥੀਂ ਜਲ - ਪਾਣੀ ਤੇ ਲੰਗਰ ਛੱਕਾਇਆ ਅਤੇ ਦੇਸੀ ਖੰਡ ਤੇ ਦੇਸੀ ਘਿਓ ਦੇ ਖੁੱਲ੍ਹੇ ਗੱਫੇ ਵਰਤਾਏ ਤੇ ਸੰਗਤਾਂ ਦੇ ਖੁਸ਼ੇ ਲਏ। ਕਿਤਨੇ ਦਿਨ ਮਾਤਾ ਜੀ ਦੇ ਅਸਥਾਨ ਤੇ ਸੰਤ - ਸਮਾਗਮ ਤੇ ਕੱਥਾ ਦਾ ਪ੍ਰਵਾਹ ਚੱਲਦਾ ਰਿਹਾ ਤੇ ਬੇਅੰਤ ਖੁਸ਼ੇ ਮਾਤਾ ਜੀ ਤੋਂ ਲੈ ਕੇ ਸੰਤ ਗੁਰਬਚਨ ਸਿੰਘ ਜੀ ਸਣੇ ਜਥੇ ਵਿਦਾ ਹੋਏ।

ਬਾਬਾ ਜੀ ਨੇ ਮਰਯਾਦਾ ਮੁਤਾਬਕ ਸੰਤ ਗੁਰਬਚਨ ਸਿੰਘ ਜੀ* ਦੇ ਸਤਿਕਾਰ ਵਜੋਂ ਉਹਨਾਂ ਨੂੰ

* ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ–ਦਾਸ ਨੂੰ ਇਹਨਾਂ ਦੀ ਸੰਗਤ ਸੱਚਖੰਡ ਤੋਂ ਪੰਜਾਬ ਆ ਕੇ, ਇਕ ਦੋ ਸਾਲ ਬਾਅਦ ਧਨੌਲੇ ਪਿੰਡ (ਜ਼ਿਲਾ ਸੰਗਰੂਰ) ਵਿਚ ਜੱਥੇ ਸਮੇਤ ਪ੍ਰਾਪਤ ਹੋਈ ਸੀ। ਦਾਸ ਦੀ ਲਿਖਤ 'ਜਪੁ ਸਾਹਿਬ' ਦੀ ਪੋਥੀ ਭੇਟ ਕਰਨ ਤੇ ਆਪ ਜੀ ਅਤੀ ਪ੍ਰਸੰਨ ਹੋਏ। ਤੇ ਆਪ ਸ੍ਰੀ ਮਾਨ ਬਾਬਾ ਮਿੱਤ ਸਿੰਘ ਜੀ ਦੀ ਸੰਗਤ ਤੋਂ ਬਹੁਤ ਪ੍ਰਭਾਵਤ ਹੋ ਕੇ ਦੂਰ ਗਏ। ਕਿਤਨਾ ਸਮਾਂ ਆਪ ਨੈਣ ਮੁੰਦੀ ਕਿਸੇ ਰੰਗ ਵਿਚ ਚੁੱਪ ਬੈਠੇ ਰਹੇ, ਜਿਵੇਂ ਉਹਨਾਂ ਦੇ ਦਰਸ਼ਨਾਂ ਵਿਚ ਲੀਨ ਹੋ ਗਏ ਹੋਵਣ। ਵਾਹ ਵਾਹ 'ਜਿਹੋ ਜਿਹੇ ਸੁਣੇ ਸਨ, ਉਹੋ ਜਹੇ ਬ੍ਰਹਮ ਗਿਆਨੀ ਵੇਖੇ'। ਲਿਖਾਰੀ ਸਿੰਘਾ ! ਬਾਬਾ ਜੀ ਤਾਂ ਅਜਿਹੀਆਂ ਦਾਤਾਂ ਦੇ ਉਹ ਭੰਡਾਰ ਸਨ। ਕਿਤਨੀ ਸੁੰਦਰ ਪੋਥੀ ਲਿਖੀ ਹੈ। ਤੁਸਾਂ ਤਾਂ ਸਾਨੂੰ ਬਾਬਾ ਮਿੱਤ ਸਿੰਘ ਜੀ ਦੇ ਸ਼ਾਖਸ਼ਾਤ ਦਰਸ਼ਨ ਕਰਾ ਦਿਤੇ ਹਨ। ਹਾਂ ਸਾਡਾ ਫੁਰਨਾ ਹੋਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਬੋਧ ਟਕਸਾਲੀ ਅਰਥ ਤੇ ਪਦ ਛੇਦ ਅੰਕਿਤ ਕਰਕੇ ਇਕ ਪੋਥੀ ਤਿਆਰ ਕਰੀਏ।ਦਾਸ ਨੇ ਕਿਹਾ,ਜ਼ਿਵੇਂ ਗੁਰੂ ਕਰਾਏਗਾ। ਕਾਸ਼ ! ਮੈਂ ਉਹਨਾਂ ਦੀ ਇਹ ਇੱਛਾ ਪੂਰੀ ਨਾ ਕਰ ਸਕਿਆ।

ਦੂਜੀ ਵਾਰੀ ਉਹਨਾਂ ਨਾਲ ਗੂਹੜਾ ਸੰਜੋਗ ਉਦੋਂ ਹੋਇਆ, ਜਦ ਗੁਰਦੁਆਰਾ ਮੰਜੀ ਸਾਹਿਬ ਪਾ: ੬, ਅੰਬਾਲਾ ਸ਼ਹਿਰ ਜੋ ਜੀ.ਟੀ. ਰੋਡ ਦੇ ਨਾਲ ਹੈ,ਦੀ ਨੀਂਹ ਪੱਥਰ ਪੰਜ ਮਹਾਂ ਪੁਰਸ਼ਾਂ ਪਾਸੋਂ ਧਰਾਣ☞

ਸਿਰੋਪਾ ਭੇਂਟ ਕਰਨ ਲਗੇ ਤਾਂ ਸੰਤ ਗੁਰਬਚਨ ਸਿੰਘ ਜੀ ਨੇ ਕਿਹਾ–ਬਾਬਾ ਜੀ ! ਆਪ ਜੀ ਨੇ ਜੋ ਸਾਡਾ ਆਦਰ ਸਤਿਕਾਰ ਕੀਤਾ ਹੈ, ਅਤੇ ਪ੍ਰਭੂ ਮਾਰਗ ਦੇ ਅਮੁਲੇ ਬਚਨ ਸੁਣਾ ਕੇ ਨਿਹਾਲ ਕੀਤਾ ਹੈ ਇਹ ਹੀ ਸਾਨੂੰ ਵਡਮੁੱਲਾ ਸਿਰੋਪਾਓ ਹੈ।

ਸੰਤ ਕਾਂਜਲੇ ਵਾਲਿਆਂ ਦਾ ਫੁਰਨਾ ਪੂਰਾ ਕਰਨਾ

ਪਿੰਡ ਕਾਂਜਲਾ ਜ਼ਿਲਾ ਸੰਗਰੂਰ ਤੋਂ ਸੰਤ ਕਾਂਜਲੇ ਵਾਲੇ ਸੰਗਤਾਂ ਨੂੰ ਲੈ ਕੇ ਸੱਚਖੰਡ ਦੀ ਯਾਤਰਾ ਕਰਨ ਆਏ। ਬਾਕੀ ਗੁਰ ਅਸਥਾਨਾਂ ਦੇ ਦਰਸ਼ਨ ਕਰ ।ਕੇ ਹੀਰਾ ਘਾਟ ਤੋਂ ਮਾਤਾ ਜੀ ਦੇ ਅਸਥਾਨ ਤੇ ਨਮਸ਼ਕਾਰ ਕਰ ਕੇ, ਸੰਗਤਾਂ ਸਹਿਤ ਗੁ: ਸ਼ਿਕਾਰ ਘਾਟ ਦੇ ਦਰਸ਼ਨ ਦੀਦਾਰ ਕਰਨ ਚਲੇ ਗਏ। (ਨਵੀਂ

ਲਈ ਮੈਂ ਤੇ ਸੈਕਟਰੀ ਭਾਈ ਗੁਰਦਿਆਲ ਸਿੰਘ ਜੀ ਪਿੰਡ ਗਿਲ (ਲੁਧਿਆਣਾ) ਇਹਨਾਂ ਸੰਤਾਂ ਦੇ ਪਾਸ ਪੁੱਜੇ। ਆਪ ਜੀ ਨੇ ਆਉਣ ਦਾ ਬਚਨ ਦੇ ਦਿਤਾ। ਪਰ ਠੀਕ ਸਮੇਂ ਤੇ ਆਪ ਜੀ ਨੂੰ ਜ਼ੋਰ ਦਾ ਬੁਖਾਰ ਹੋ ਜਾਣ ਕਰ ਕੇ ਆਪ ਨੇ ਆਉਣ ਤੋ। ਅਸਮਰਥਾਂ ਪ੍ਰਗਟਾ ਭੇਜੀ ਕਿ ਅਸੀਂ ਨਹੀਂ ਆ ਰਹੇ। ਪਤਾ ਨਹੀਂ ਕਿਵੇਂ ਕਿਸੇ ਪਿਆਰ ਵਿਚ ਚਿੱਠੀ ਲਿਖ ਕੇ ਉਚੇਚਾ ਸਿੰਘ ਭੇਜ ਦਿਤਾ 'ਕਿ ਜੇ ਮਹਾਂ ਪੁਰਸ਼ ਭੀ ਬਚਨ ਕਰ ਕੇ ਨਾ ਨਿਭਾਹੁਣਗੇ ਤਾਂ ਹੋਰ ਕੌਣ ਨਿਭਾਹੇਗਾ?ਸਰੀਰ ਤਾਂ ਬਿਨਸਣਹਾਰ ਹੈ, ਪਰ ਗੁਰੂ ਪਾਤਸ਼ਾਹ ਦੇ ਅਸਥਾਨ ਹਰਿਮੰਦਰ ਦੀ ਨੀਂਹ ਪੱਥਰ ਰੱਖਣ ਦਾ ਬਚਨ ਤਾਂ ਨਿਭਾਹੁਣਾ ਹੀ ਪਵੇਗਾ। ਗੁਰੂ ਕੀ ਪ੍ਰੀਤ ਚੰਗੀ ਕਿ ਸਰੀਰ ਦੀ ਪ੍ਰੀਤ ਚੰਗੀ ? ਚੁਣੌਤੀ ਆਪ ਦੇ ਹੱਥ ਹੈ।

ਸੁਨੇਹਾ ਦੇਣ ਵਾਲੇ ਸਿੰਘ ਨੇ ਵਾਪਸ ਆ ਕੇ ਕਿਹਾ ਕਿ ਸੰਤ ਜੀ ਆਵਣਗੇ। ਆ ਗਏ ਸ਼ਾਮ ਨੂੰ। ਸਵੇਰੇ ੧ ਵਿਸਾਖ ੧੯੪੯ ਨੂੰ ਨੀਂਹ ਪੱਥਰ ਰੱਖਣਾ ਸੀ। ਪਰ ਆਪ ਜੀ ਨੂੰ ਬੁਖਾਰ ਨੇ ਨਿਢਾਲ ਕੀਤਾ ਹੋਇਆ ਸੀ। ਜ਼ਦ ਸ਼ਾਮ ਦਾ ਨਿੱਤ ਨੇਮ ਦਾਸ ਕਰ ਰਿਹਾ ਸੀ ਤਾਂ ਆਪ ਪਾਠ ਸੁਣ ਕੇ ਕਹਿਣ ਲੱਗੇ ਇਹ ਕੌਣ ਟਕਸਾਲੀ ਸਿੰਘ ਜਾਪ ਦਾ ਪਾਠ ਕਰ ਰਿਹਾ ਹੈ। ਵੀਰ ਗੁਰਦਿਆਲ ਸਿੰਘ ਜੀ ਸੈਕਟਰੀ ਨੇ ਕਿਹਾ ਜੀ ਹਾਂ, ਇਹ ਉਹੋ ਸਿੰਘ ਹੈ, ਜਿਸ ਨੇ ਆਪ ਜੀ ਨੂੰ ਚਿੱਠੀ ਲਿੱਖੀ ਸੀ, ਸੱਚਖੰਡ ਤੋਂ ਪੜ੍ਹਿਆ ਏ। ਸੰਤਾਂ ਨੇ ਗੰਭੀਰਤਾ ਨਾਲ ਕਿਹਾ–ਉਹ ਦੇ ਛੇਤੀ ਦਰਸ਼ਨ ਕਰਾਓ।

ਜ਼ਦ ਦਾਸ ਨੇ ਆ ਕੇ ਫਤਹਿ ਬੁਲਾਈ ਤਾਂ ਸੰਤਾਂ ਨੇ ਕਿਹਾ ਕਿ ਆਪ ਨੇ ਸਾਡੀ ਰੱਖ ਲਈ ਹੈ। ਸੰਤ ਮਹਾਰਾਜ ਨੇ ਬੁਖਾਰ ਵਿਚ ਹੀ ਮੰਜੇ ਤੋਂ ਉਠ ਕੇ ਦਾਸ ਨੂੰ ਪ੍ਰੇਮ - ਗਲਵਕੜੀ ਪਾ ਲਈ ਤੇ ਆਖਿਆ– ਸਿੰਘਾ ! ਅਸਾਂ ਦੀ ਰੱਖ ਲਈ ਆ ਅਤੇ ਤੁਸਾਂ ਸਾਡੀ ਟੁੱਟੀ ਗੰਢ ਲਈ ਹੈ। ਸਰੀਰ ਢਿੱਲੇ ਦਾ ਬਹਾਨਾ ਹੋਣ ਕਰ ਕੇ ਅਸੀਂ ਆਪਣਾ ਕੀਤਾ ਬਚਨ ਭੰਗ ਕਰ ਕੇ ਗੁਰੂ ਤੋਂ ਬੇਮੁਖ ਹੋਣਾ ਜੀ। ਤੁਸਾਂ ਸਾਡੀ ਲਾਜ ਰੱਖ ਲਈ ਹੈ।

ਇਸ ਮਿਲਣੀ ਨਾਲ ਹੋਰ ਭੀ ਗੂਹੜਾ ਪਿਆਰ ਵੱਧ ਗਿਆ। ਇਸ ਤਰਾਂ ਗੁ: ਮੰਜੀ ਸਾਹਿਬ ਦੀ ਇਮਾਰਤ ਉਨ੍ਹਾਂ ਦੇ ਨੀਂਹ ਰੱਖਣ ਨਾਲ ਦਿਨਾਂ 'ਚ ਬਣਦੀ ਗਈ।ਆਪ ਜਦ ਭੀ ਇਧਰ ਆਉਂਦੇ ਤਾਂ ਜੱਥੇ ਸਮੇਤ ੧੦–੧੫ ਦਿਨ ਗੁਰਦੁਆਰਾ ਮੰਜੀ ਸਾਹਿਬ ਟਿਕਦੇ ਅਤੇ ਕਥਾ ਕਰਦੇ। ਸਾਰਾ ਚੜ੍ਹਾਵਾ ਬਣ ਰਹੀ ਇਮਾਰਤ ਵਾਸਤੇ ਦੇ ਜਾਂਦੇ। ਪੰਜੋਖਰਾ ਸਾਹਿਬ, ਨਾਭਾ ਸਾਹਿਬ [ਜ਼ੀਰਕਪੁਰ ਪਾਸ) ਕਈ ਕਈ ਦਿਨ

ਦਾ ਪੁਲ ਜੋ ਸ਼ਿਕਾਰ ਘਾਟ ਪਾਸ ਸ੍ਰੀ ਮਾਨ ਸੰਤ ਜੀਵਨ ਸਿੰਘ ਜੀ, ਜੋ ਸ੍ਰੀ ਮਾਨ ਸੰਤ ਗੁਰਮੁਖ ਸਿੰਘ ਜੀ ਦੀ ਸੰਪ੍ਰਦਾਇ ਵਿਚੋਂ ਸਨ, ਥੋੜਾ ਹੀ ਸਮਾਂ ਹੋਇਆ ਹੈ, ਬਣਾਇਆ ਹੈ) ਪਹਿਲਾਂ ਸੰਗਤਾਂ ਪੈਦਲ, ਸੱਚਖੰਡ ਤੋਂ ਮਾਲ ਟੇਕਰੀ ਤੇ ਹਸਨਾ ਨਦੀ ਲੰਘ ਕੇ ਪਹਿਲਾਂ ਹੀਰਾ ਘਾਟ ਤੇ ਮਾਤਾ ਜੀ ਦੇ ਅਸਥਾਨ ਤੋਂ ਹੁੰਦੇ ਹੋਏ ਸ਼ਿਕਾਰ ਘਾਟ ਦੇ ਦਰਸ਼ਨ ਕਰ ਕੇ ਦੁਪਹਿਰ ਤੇ ਰਾਤ ਦਾ ਲੰਗਰ ਇਥੇ ਛੱਕਦੀਆਂ ਤੇ ਆਰਾਮ ਕਰਦੀਆਂ ਹੁੰਦੀਆਂ ਸਨ, ਪੈਦਲ ਸਫਰ ਸੱਚਖੰਡ ਮਾਤਾ ਜੀ ਦਾ ਅਸਥਾਨ 6 ਮੀਲ ਗਿਣਿਆ ਕਰਦੇ ਸਨ, ਫਿਰ ਰੋੜਾਂ ਦੀ ਬਿਖੜੀ ਧਰਤੀ ਵਿਚ ਸੰਗਤਾਂ ਥੱਕ ਜਾਂਦੀਆਂ ਸਨ।

ਠਹਿਰਦੇ ਤਾ ਦਾਸ ਤੇ ਸਕੱਤਰ ਸਾਹਿਬ ਭਾਈ ਗੁਰਦਿਆਲ ਸਿੰਘ ਸੈਣੀ (ਜੋ ਇਕ ਗੁਰਮੁਖ ਜੀਵਨ ਵਾਲੇ ਸਨ) ਅਸੀਂ ਦਰਸ਼ਨਾਂ ਨੂੰ ਜਾਇਆ ਕਰਦੇ। ਨਾਭਾ ਸਾਹਿਬ ਸੰਤ ਜੀ ਪਲੰਘ ਤੇ ਬਿਰਾਜੇ ਉਚੇ ਥਾਂ ਸਿੰਘ ਬਿਠਾ ਕੇ ਗੁਰਬਾਣੀ ਦਾ ਪਾਠ ਸੁਣਾ ਰਿਹਾ ਸੀ। ਕਾਫੀ ਸੰਗਤਾਂ ਆਪਣੀ ਇੱਛਾਂ ਲਈ ਇਕੱਤ੍ਰ ਸਨ। ਪਰ ਘਟ ਸਮਾਂ ਬਚਨ ਬਿਲਾਸ ਦਾ ਦੇਂਦੇ ਸਨ। ਪਾਠ ਦਾ ਭੋਗ ਪਿਆ ਤਾਂ ਮੈਂ ਅਰਜ਼ ਕੀਤੀ ਮਹਾਂਪੁਰਸ਼ੋ ! ਸੰਗਤਾਂ ਆਪ ਪਾਸੋਂ ਕੁਝ ਲਾਭ ਪ੍ਰਾਪਤ ਕਰਨ ਆਈਆਂ ਹਨ। ਕੁਝ ਕਰੋ ਕ੍ਰਿਪਾ ਅਤੇ ਵਿਲਕਦੇ ਹੋਏ ਇਸ ਸੰਸਾਰ ਨੂੰ ਸ਼ਾਂਤ ਪਾਓ।

ਸੰਤ ਜੀ ਮਹਾਰਾਜ ਨੇ ਹੱਸ ਕੇ ਕਿਹਾ–ਲਿਖਾਰੀ ਸਿੰਘਾ ! ਅਸੀਂ ਤਾਂ ਆਪ ਅਜੇ ਭੁੱਖੇ ਹਾਂ। ਸਾਡੀ ਹੀ ਲੋੜ ਪੂਰੀ ਨਹੀਂ ਹੋ ਰਹੀ। ਭੁੱਖਾ ਮੰਗਤਾ ਕਿਸੇ ਨੂੰ ਕੀ ਦੇ ਸਕਦਾ ਹੈ। ਜਦ ਸਾਡਾ ਹੀ ਕੋਟਾ ਪੂਰਾ ਨਹੀਂ ਹੋਇਆ ਤਾਂ ਵੰਡੀਏ ਕੀ ? ਫਿਰ ਸਾਡੇ ਪਾਸ ਹੈ ਭੀ ਕੀ ? ਇਹ ਦਾਤਾਂ ਸਤਿਗੁਰੂ ਜੀ ਪਾਸ ਹਨ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਜੋ ਗੁਰਾ ਗੁਰ ਹੈ। ਉਹਦਾ ਅਧਾਰ ਆਸਰਾ 'ਸਰਬ ਗੁਣ ਨਿਧਾਨੰ' ਜੋ ਹਨ, ਉਹਨਾਂ ਪਾਸੋਂ ਅਸੀਂ ਮੰਗਦੇ ਨਹੀਂ। ਉਲਟੀ–

ਮਾਨੁਖ ਕੀ ਟੇਕ ਬਿਰਥੀ ਸਭ ਜਾਨ ॥　　[ਸੁਖਮਨੀ ਸਾਹਿਬ

ਅਸੀਂ ਮਨੁੱਖ ਦੀ ਟੇਕ ਆਸਰਾ ਤੱਕਦੇ ਹਾਂ। ਇਹ ਤਾਂ ਕਮਾਈਆਂ ਆਪ ਕਰਨ ਨਾਲ ਮਿਲਦੀ ਹੈ ਦਾਤੇ ਪ੍ਰਭੂ ਪਾਸੋਂ ਅਜਿਹੀ ਦਾਤ। ਕਿਸੇ ਦੀ ਕਮਾਈ ਨਾਲ ਰੱਜ ਨਹੀਂ ਹੁੰਦਾ ਅਤੇ ਨਾ ਕੋਈ ਦੇਂਦਾ ਹੈ।

ਇਉਂ ਇਕ ਵਾਰੀ ਜਦ ਦਾਸ ਸੰਤ ਨਿਸਚਲ ਸਿੰਘ ਜੀ ਪਾਸ ਸੰਤਪੁਰੇ ਯਮਨਾ ਨਗਰ ਵਿਚ ਸਾਂ ਅਤੇ ਸ੍ਰੀ ਸੰਤ ਮਾਨ ਗੁਰਬਚਨ ਸਿੰਘ ਜੀ ਜਗਾਧਰੀ ਗੁਰਦਵਾਰਾ ਸਾਹਿਬ ਟਿਕੇ ਹੋਏ ਸਨ। ਸੰਤ ਨਿਸਚਲ ਸਿੰਘ ਜੀ ਨੇ ਜੱਥੇ ਦਾ ਪ੍ਰਸ਼ਾਦਾ (ਲੰਗਰ) ਇਥੇ ਸੰਤਪੁਰੇ ਆ ਕੇ ਛੱਕਣ ਦਾ ਸੁਨੇਹਾ ਦੇਣ ਲਈ ਦਾਸ ਨੂੰ ਭੇਜਿਆ। ਸ੍ਰੀ ਮਾਨ ਸੰਤ ਸੁੰਦਰ ਸਿੰਘ ਜੀ ਕਥਾ ਤੋਂ ਬਾਅਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਲੰਗਰ ਸੱਜਣ ਤਕ ਪੜ੍ਹਦੇ ਰਹਿੰਦੇ। ਇਉਂ ਉਹ ਬਹੁਤ ਘਟ ਸਮਾਂ ਗੱਲਾਂ ਬਾਤਾਂ ਲਈ ਦੇਂਦੇ। ਮੈਂ ਗੁਰੂ ਹਜ਼ੂਰ ਨਮਸ਼ਕਾਰ ਕਰ ਕੇ ਬੈਠ ਗਿਆ।

ਜਦ ਸੰਤ ਜੀ ਮਹਾਰਾਜ ਜੋ ਗੁਰੂ - ਤਾਅਬੇ ਬੈਠੇ ਪਾਠ ਕਰ ਰਹੇ ਸਨ, ਸ਼ਬਦ ਦਾ ਭੋਗ ਪਾ ਕੇ ਰੁਮਾਲਾ ਪਾ ਦਿਤਾ ਤੇ ਤਾਅਬੇ ਬੈਠੇ ਹੀ ਕੁਝ ਪਿਛਾਂਹ ਹੱਟ ਕੇ ਕਿਹਾ ਆਉ ਲਿਖਾਰੀ ਸਿੰਘ ਜੀ, ਕਿਵੇਂ ਆਏ ਹੋ,ਜੱਲ - ਪਾਣੀ ਛੱਕਿਆ ਹੈ ? ਮੈਂ ਅਰਜ ਕੀਤੀ ਕਿ ਸ੍ਰੀ ਮਾਨ ਸੰਤ ਨਿਸਚਲ ਸਿੰਘ ਜੀ ਸੰਤਪੁਰੇ

ਸ਼ਿਕਾਰ ਘਾਟ ਤੋਂ ਦਰਸ਼ਨ ਦੀਦਾਰ ਕਰ ਕੇ ਸੰਗਤਾਂ ਵਾਪਸ ਮਾਤਾ ਜੀ ਦੇ ਅਸਥਾਨ ਤੇ ਆ ਰਹੀਆਂ ਸਨ। ਸੰਤ ਕਾਂਜਲੇ ਵਾਲੇ ਚੂੰਕਿ ਨਿਰਮਲੇ ਸੰਪ੍ਰਦਾਇ ਵਿਚੋਂ ਸਨ, ਤੇ ਕਾਂਜਲੇ ਇਹਨਾਂ ਪਾਸੋਂ ਬਹੁਤ ਸਾਰੇ ਬੱਚੇ ਗੁਰਮਤਿ ਵਿਦਿਆ ਪ੍ਰਾਪਤ ਕਰਦੇ ਸਨ। ਅਕਸਰ ਦੂਰ ਨੇੜੇ ਦੀਆਂ ਸੰਗਤਾਂ ਆਪ ਨੂੰ ਪਿੰਡਾਂ ਵਿਚ ਬੁਲਾਉਂਦੀਆਂ ਤੇ ਘਿਓ ਸ਼ਕਰ ਦੇ ਲੰਗਰ ਸਮੇਂ ਖੁਲ੍ਹੇ ਗੱਫੇ ਵਰਤੀਂਦੇ। ਚੱਲਦੇ ਚੱਲਦੇ ਵਿਦਿਆਰਥੀਆਂ ਨਾਲ ਵਿਚਾਰਾਂ ਕਰਦਿਆਂ ਸੰਤਾਂ ਦੇ ਮਨ ਵਿਚ ਸੰਕਲਪ ਉੱਠਿਆ ਕਿ ਕਿਤਨੇ ਦਿਨ ਹੋ ਗਏ ਹਨ, ਸੰਗਤਾਂ ਨੂੰ ਕਿਧਰੋਂ ਵੀ ਦੇਸੀ ਖੰਡ ਤੇ ਘਿਉ ਨਹੀਂ ਮਿਲਿਆ। ਸੁਣਿਆ ਹੈ ਕਿ ਬਾਬਾ ਮਿੱਤ ਸਿੰਘ ਜੀ ਬ੍ਰਹਮ ਗਿਆਨੀ ਹਨ। ਭਲਾ ਸਾਡੀ ਇੱਛਾ ਨੂੰ ਜਾਣ ਕੇ ਅੱਜ ਸਾਰੀ ਸੰਗਤ ਨੂੰ ਬਾਬਾ ਜੀ ਦੇਸੀ ਘਿਉ ਤੇ ਦੇਸੀ ਖੰਡ ਬੂਰਾ ਛਕਾਣ ਤਾਂ ਸਭ ਦੇ ਖੁਸ਼ੇ ਹੋ ਜਾਣ, ਨਾਲੇ ਜੋ ਸੁਣਦੇ ਹਾਂ, ਸੱਚ ਵੇਖ ਲਈਏ ਕਿ ਬਾਬਾ ਜੀ ਠੀਕ ਬ੍ਰਹਮ ਗਿਆਨੀ ਹਨ।

ਇਉਂ ਆਪ ਜੀ ਮਨੋਂ ਕਲਪਤ ਵਿਚਾਰਾਂ ਕਰਦੇ ਹੋਏ ਸਾਰੀਆਂ ਸੰਗਤਾਂ ਸੰਤਾਂ ਨਾਲ ਜਦ ਮਾਤਾ ਜੀ ਦੇ ਅਸਥਾਨ ਨੇੜੇ ਪੁੱਜੀਆਂ, ਦੂਰੋਂ ਜੈਕਾਰਿਆਂ ਦੀ ਆਵਾਜ਼ ਸੁਣ ਕੇ ਬਾਬਾ ਜੀ ਝੱਟ ਤੌੜ ਵਿਛਾਉਣ ਲੱਗ ਪਏ ਅਤੇ ਖੂਹ ਚੋਂ ਜਲ ਕੱਢ ਕੇ (ਇਕ ਸਿੰਘ ਨੇ ਝੱਟ ਗਊ ਚੋਅ ਲਿਆਂਦੀ) ਮਿੱਠੀ ਕੱਚੀ ਲੱਸੀ ਤਿਆਰ ਕਰ ਲਈ ਅਤੇ ਨਾਲ ਹੀ ਲੋਹ ਤੱਪਾ ਦਿਤੀ ਤੇ ਤਾਜ਼ੇ ਪ੍ਰਸ਼ਾਦੇ ਪਕਣੇ ਸ਼ੁਰੂ ਹੋ ਗਏ।

ਸੰਗਤਾਂ ਜਦ ਮਾਤਾ ਜੀ ਦੇ ਅਸਥਾਨ ਤੇ ਪੁੱਜੀਆਂ ਤਾਂ ਬਾਬਾ ਜੀ ਨੇ ਸੰਗਤਾਂ ਨੂੰ ਆਪ ਜਲ ਛੱਕਾਇਆ। ਪ੍ਰਸ਼ਾਦੇ ਲਈ ਅਰਜ ਕਰਦਿਆਂ ਆਖਿਆ ਕਿ ਆਪ ਥੋੜਾ ਸਮਾਂ ਅਟਕੋ। ਲੰਗਰ ਤਿਆਰ ਹੋ ਰਿਹਾ ਹੈ, ਬੜੇ ਪ੍ਰੇਮ ਨਾਲ ਮਾਤਾ ਜੀ ਦਾ ਲੰਗਰ ਛੱਕਣਾ! ਹਾਂ ਤੁਸੀਂ ਸਫਰ ਕਰ ਕੇ ਥੱਕ ਗਏ ਹੋਵੋਗੇ, ਝੱਟ ਆਰਾਮ ਕਰ ਲਵੋ।

ਅਸਚਰਜ ਕੌਤਕ

ਸ੍ਰੀ ਮਾਨ ਸੰਤ ਕਾਂਜਲੇ ਵਾਲਿਆਂ ਦਾ ਫੁਰਨਾ ਤੇ ਪਰਖ–ਦੇਸੀ ਘੀ ਤੇ ਬੂਰਾ ਖੰਡ ਛੱਕਣ ਦੀ ਭਾਵਨਾ

☜ ਵਾਲਿਆਂ ਦਾ ਸੰਦੇਸ਼ ਲੈ ਕੇ ਆਇਆ ਹਾਂ। ਸੰਤਾਂ ਨੇ ਕਿਹਾ–ਹੁਕਮ ਕਰੋ। ਦਾਸ ਨੇ ਕਿਹਾ ਜੀ ਬੇਨਤੀ ਹੈ ਕਿ ਕਲ ਲੰਗਰ ਆਪ ਨੇ ਜੱਥੇ ਸਮੇਤ ਸੰਤਪੁਰੇ ਛੱਕਣਾ ਹੈ।

ਆਪ ਜੀ ਨੇ ਕਿਹਾ ਧੰਨ ਭਾਗ, ਜੇ ਸੰਤਾਂ ਯਾਦ ਕੀਤਾ ਹੈ ਤਾਂ ਕਲ ਜ਼ਰੂਰ ਦਰਸ਼ਨ ਭੀ ਕਰਾਂਗੇ, ਅਤੇ ਲੰਗਰ ਭੀ ਛੱਕਾਂਗੇ।

ਸੋ ਦਾਸ ਨੂੰ ਇਹਨਾਂ ਮਹਾਂਪੁਰਸ਼ਾਂ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ।

† ਚੌਥੀ ਭੂਮਕਾ ਦਾ ਬਚਨ ਸੰਤਾਂ ਨੇ ਬਾਬਾ ਮਿੱਤ ਸਿੰਘ ਜੀ ਦਾ ਕਲਕੱਤੇ ਵਿਚ ਸੁਣਾਇਆ ਤਾਂ ਉਸ ਵਕਤ ਹੋਰ ਪੰਜ ਸੱਤ ਸਿੰਘਾਂ ਤੋਂ ਇਲਾਵਾ ਜਥੇਦਾਰ ਗੁਰਦਿਅ·ਲ ਸਿੰਘ ਜੀ ਬੋਪਾ ਰਾਇ ਵਾਲੇ, ਭਾਈ ਹਜ਼ੂਰਾ ਸਿੰਘ ਜੀ ਸੰਤ ਅਜਾਇਬ ਸਿੰਘ ਲੰਮੇ ਜੱਟਪੁਰੇ ਵਾਲੇ, ਭਾਈ ਨਾਰਾਇਣ ਸਿੰਘ ਲਦਾਈਕੇ ਵਾਲੇ ਭੀ ਨਾਲ ਹੀ ਸਨ। ਇਹ ਵਾਰਤਾ ਸੰਨ ੧੯੩੯ ਦੀ ਹੈ।

ਪਰ ਜਗਤ - ਮਾਤਾ ਜੀ ਨੇ ਕਿਆ ਅਸਚਰਜ ਕੌਤਕ ਰਚਾਇਆ ਕਿ ਖਜ਼ਾਨੇ (ਭੰਡਾਰ) ਵਿਚੋਂ ਅੱਜ ਹੀ ਦੇਸੀ ਘੀ ਚਾਲੇ ਪਾ ਗਿਆ ਸੀ। ਪਰ ਬਾਬਾ ਜੀ ਚੁੱਪ ਚਾਪ ਇਸ ਖੇਡ ਨੂੰ ਵੇਖ ਰਹੇ ਸਨ ਕਿ ਕਿਵੇਂ ਹਾਜ਼ਰ-ਨਾਜ਼ਰ ਮਾਤਾ ਜੀ ਨੇ ਪ੍ਰਤੱਖ ਕਲਾ ਵਰਤਾ ਦਿਤੀ।

ਅਚਾਨਕ ਇਕ ਮਰਹੱਟੇ ਨੇ ਘਿਓ ਦਾ ਟੀਨ ਲੈ ਕੇ ਜਾਣਾ

ਇਧਰ ਤਾਂ ਅਜਿਹੀ ਖੇਡ ਵਰਤਾਈ, ਕਿ ਖਜ਼ਾਨੇ ਵਿਚ ਘਿਉ ਨਹੀਂ। ਉਧਰ ਮਾਤਾ ਜੀ ਨੇ ਇਕ ਮਰਹੱਟੇ ਨੂੰ ਪਰੇਰਣਾ ਕਰ ਦਿਤੀ ਕਿ ਹੁਣੇ 'ਮਾਤਾ' ਦੇ ਅਸਥਾਨ ਤੇ ਘਿਓ ਦਾ ਟੀਨ ਦੇ ਕੇ ਆ, ਕਿਉਂਕਿ ਉਥੇ ਘਿਓ ਦੀ ਅਤੀ ਲੋੜ ਹੈ ?

ਇਹ ਮਰਹੱਟਾ ਦੇਸੀ ਘਿਉ ਦਾ ਟੀਨ ਚੁੱਕੀ, ਵਾਹੋ ਦਾਹੀ, ਮਾਤਾ ਜੀ ਦੇ ਅਸਥਾਨ ਤੇ ਪੁੱਜਾ ਅਤੇ ਬਾਬਾ ਜੀ ਪਾਸ ਆ ਖਲੋਤਾ।

ਮਰਹੱਟਾ– (ਸਿਰ ਤੋਂ ਪੀਪਾ ਲਾਹ ਕੇ ਕਹਿਣ ਲੱਗਾ) ਬਾਬਾ ਜੀ! ਮੈਂ ਤੇ ਕਈ ਦਿਨੋਂ ਸੇ ਇਸੀ ਇੰਤਜ਼ਾਰ ਮੇਂ ਥਾ ਕਿ ਕਬ ਯੇਹ ਘੀ ਬਾਬਾ ਜੀ ਤੱਕ ਪਹੁੰਚਤਾ ਕਰੂੰ ਕਿਉਂਕਿ ਮੈਨੇ ਯੇ ਘੀ ਆਪ ਜੀ ਕੇ ਲੀਏ ਹੀ ਤਿਆਰ ਕੀਆ ਹੂਆ ਥਾ। ਬੱਸ ਦੁਨੀਆਂ ਕੇ ਧੰਧੇ ਹੀ ਅਜਿਹੇ ਥੇ, ਔਰ ਨਾ ਆਪ ਜੀ ਨੇ ਕੋਈ ਸਿੰਘ ਭੇਜਾ ਥਾ। ਮੈਂ ਤੇ ਯਹੀ ਸੋਚਤਾ ਥਾ ਕਿ ਸ਼ਾਇਦ ਅਭੀ ਲੰਗਰ ਮੇਂ ਜ਼ਰੂਰਤ ਨਹੀਂ ਹੋਗੀ, ਪ੍ਰੰਤੂ ਮੈਨੇ ਕਈ ਸੰਦੇਸ਼ੇ ਭੇਜੇ ਥੇ।

ਬਾਬਾ ਮਿੱਤ ਸਿੰਘ ਜੀ–ਹਾਂ ਭਾਈ ਹਮ ਕੋ ਵਿਹਲ ਨਹੀਂ ਮਿਲ ਸਕਿਆ, ਤੁਮਹਾਰੇ ਸੰਦੇਸ਼ੇ ਭੀ ਆਏ ਥੇ, ਖਿਮਾਂ ਕਰਨਾ, ਨਾ ਜਾਣੇ ਆਪ ਕੋ ਯਹਾਂ ਤੱਕ ਆਨੇ ਕੀ ਕਿਤਨੀ ਤਕਲੀਫ ਹੋਈ ਹੋਗੀ।

ਮਰਹੱਟਾ–ਬਾਬਾ ਜੀ! ਮੁਝੇ ਸ਼ਰਮਿੰਦਾ ਮੱਤ ਕਰੋ। ਯੇਹ ਤੋ ਮੇਰਾ ਫਰਜ਼ ਥਾ, ਕਿ ਖੁਦ ਹਾਜ਼ਰ ਹੋ ਕੇ ਆਪ ਦੇ ਦਰਸ਼ਨ ਕਰਨਾ, ਦੂਸਰੇ ਇਸ ਲੰਗਰ ਕੇ ਪ੍ਰਸ਼ਾਦਿ ਕਾ ਜੋ ਆਨੰਦ ਆਤਾ ਹੈ ਵੁਹ ਘਰ ਪਰ ਨਹੀਂ ਆਤਾ। ਹਮੇਂ ਇਸ ਕੀ ਚਾਹਣਾ ਰਹਿਤੀ ਹੈ।

ਬਾਬਾ ਜੀ–ਹਾਂ ਭਾਈ, ਜਿਸ ਕਾਰਜ ਕੇ ਲੀਏ ਹਮੇਂ ਘੀ ਚਾਹੀਏ ਥਾ, ਇਸ ਸੇ ਪਹਿਲੇ ਵੋਹ ਸੰਕਲਪ ਨਹੀਂ ਥਾ। ਅੱਬ ਸੰਕਲਪ ਹੂਆ ਹੈ, ਤੇ ਅਬ ਹੀ ਘੀ ਕੀ ਜ਼ਰੂਰਤ ਥੀ, ਤੋ ਆਪ ਆ ਹੀ ਗਏ ਹੋ। ਅਬ ਇਸ ਘੀ ਸੇ ਹਮਾਰੀ ਲੋੜ (ਜ਼ਰੂਰਤ) ਪੂਰੀ ਹੋ ਜਾਏਗੀ। ਲੋ ਪਹਿਲੇ ਆਪ ਲੰਗਰ ਛੱਕੋ ਔਰ ਫਿਰ ਮਾਇਆ ਭੀ ਲੋ, ਕਿਤਨੀ ਹੈ ?

ਮਰਹੱਟਾ–ਬਾਬਾ ਜੀ ਮਾਇਆ ਕਾ ਤੋ ਹਮੇਂ ਕੋਈ ਫਿਕਰ ਨਹੀਂ। ਪ੍ਰੰਤੂ ਆਪ ਨੇ ਫੁਰਮਾਇਆ ਹੈ ਕਿ ਆਜ ਹੀ ਜ਼ਰੂਰਤ ਥੀ ਘੀ ਕੀ। ਹੱਛਾ ਹੂਆ ਕਿ ਆਪ ਨੇ ਪ੍ਰੇਰਤ ਕਰ ਕੇ ਮੁਝੇ ਉੱਦਮ ਦੇ ਦੀਆ। ਆਲਸ ਕਰ ਜਾਤਾ ਤੋ. . . . .।

ਬਾਬਾ ਜੀ– (ਪਰ ਇਸ ਨੂੰ ਕੀ ਪਤਾ ਕਿ ਕੌਣ ਪ੍ਰੇਰ ਲਿਆਇਆ ਹੈ ਕਿ ਅੱਜ ਸੰਗਤਾਂ ਨੂੰ ਦੇਸੀ ਘੀ ਤੇ ਖੰਡ ਬੂਰਾ ਛੱਕਾਉਣਾ ਹੈ।) ਚਲੋ ਲੰਗਰ ਛਕੋ, ਆਪ ਦੂਰ ਸੇ ਚੱਲ ਕਰ ਆਏ ਹੈਂ।

ਸਭ ਸੰਗਤਾਂ ਦੀਆਂ ਪੰਗਤਾਂ ਲੱਗ ਗਈਆਂ। ਲੰਗਰ ਵਰਤਣਾ ਸ਼ੁਰੂ ਹੋ ਗਿਆ। ਇਕ ਸਿੰਘ ਨੂੰ ਬਾਬਾ ਜੀ ਨੇ ਖੰਡ ਬੂਰਾ ਅਤੇ ਆਪ ਇਕ ਵੱਡੇ ਬਾਟੇ ਵਿਚ ਉਹ ਦੇਸੀ ਘਿਓ (ਦਾ ਪੀਪਾ ਖੁਲ੍ਹਵਾ ਕੇ ਗਰਮ

ਕਰ ਕੇ) ਪਾ ਕੇ ਸਰਬ ਲੋਹ ਦੇ ਡਬੋਲੀਏ (ਕੌਲੇ) ਨਾਲ ਚੰਗੇ ਖੁੱਲ੍ਹੇ ਗੱਫੇ 'ਘੀ ਖੰਡ' ਦੇ ਸਭ ਨੂੰ ਵਰਤਾਏ ਸਾਰੀ ਸੰਗਤ ਬੜੀ ਤ੍ਰਿਪੱਤ ਹੋ ਗਈ। ਪਰ ਸੰਤ ਕਾਂਜਲੇ ਵਾਲੇ ਜੀ ਲੰਗਰ ਛੱਕਦੇ ਬੜੇ ਅਸਚਰਜ ਹੋ ਰਹੇ ਸਨ ਅਤੇ ਸੋਚਾਂ ਵਿਚ ਸਨ।

ਉਧਰ ਮਰਹੱਟਾ ਸੋਚ ਰਿਹਾ ਸੀ ਕਿ ਬਾਬਾ ਜੀ ਕਹਿ ਰਹੇ ਹਨ ਕਿ ਆਜ ਹੀ ਘੀ ਕੀ ਜ਼ਰੂਰਤ ਥੀ? ਕਿਆ ਯੇਹ ਤੋ ਅਸਚਰਜਤਾ ਕੀ ਬਾਤ ਕਹੀ, ਔਰ ਸਭ ਕੋ ਏਕ ਸਾਥ ਵਰਤਾ ਭੀ ਦੀਆ, ਕਿੱਤਨੇ ਬੜੇ ਦਿਲ ਵਾਲੇ ਹੈਂ, ਕਿਆ ਖੂਬ ਕਹੀ ਬਾਬਾ ਜੀ ਨੇ, ਅਬੀ ਘੀ ਕੀ ਜ਼ਰੂਰਤ ਥੀ ਕਿ ਤੁਮ ਆ ਗਏ। ਯਹ ਮਾਜਰਾ ਕਿਆ ਹੂਆ ? ਕੁਛ ਸਮਝ ਮੇਂ ਨਹੀਂ ਆ ਰਹਾ। ਕਈ ਦਿਨੋਂ ਸੇ ਮੈਂ ਆਲਸ ਕਰ ਰਹਾ ਥਾ ਕਿ ਆਜ ਹੀ ਅਚਾਨਕ ਮਨ ਮੇਂ ਆਇਆ ਔਰ ਘੀ ਲੇ ਆਇਆ। ਮਗਰ ਦੇਖਤੇ ਹੀ ਦੇਖਤੇ ਬਾਬਾ ਜੀ ਨੇ ਸਭ ਸੰਗਤ ਕੋ ਘੀ ਵਰਤਾ ਦੀਆ।

ਉਧਰ ਸੰਤ ਜੀ ਮਹਾਰਾਜ ਬਹੁਤ ਹੈਰਾਨ ਹੋ ਰਹੇ ਸਨ ਕਿ ਇਹ ਕੀ ਖੇਡ ਵਰਤ ਗਈ ਹੈ ? ਇਹਨਾਂ ਨੇ ਸਾਡਾ ਸੰਕਲਪ ਕਿਵੇਂ ਬੁੱਝਿਆ ਨੇ ? ਫਿਰ ਮਰਹੱਟੇ ਦਾ ਘਿਓ ਦਾ ਪੀਪਾ ਲੈ ਕੇ ਆਉਣਾ ਅਤੇ ਬਾਬਾ ਜੀ ਨੇ ਉਸ ਨੂੰ ਕਹਿਣਾ ਕਿ ਅੱਜ ਹੀ ਇਸ ਦੀ ਲੋੜ ਸੀ।

ਇਸ ਤਰਾਂ ਸੋਚ ਕੇ ਸੰਤ ਜੀ ਮਹਾਰਾਜ ਪੰਗਤ ਵਿਚੋਂ ਉੱਠ ਕੇ ਬਾਬਾ ਜੀ ਪਾਸ ਆ ਗਏ। ਹੋਰ ਸੰਗਤਾਂ ਭੀ ਦਰਸ਼ਨ ਕਰਨ ਆ ਗਈਆਂ। ਕਾਂਜਲੇ ਵਾਲੇ ਸੰਤਾਂ ਨੇ ਹੱਥ ਜੋੜ ਕੇ, ਨਿਮਰਤਾ ਨਾਲ ਕਿਹਾ— ਧੰਨ ਹੋ ਬਾਬਾ ਜੀ ਆਪ, ਜੋ ਸਾਡੇ ਫੁਰਨੇ, ਸੰਕਲਪ ਨੂੰ ਕੇਵਲ ਬੁੱਝਿਆ ਹੀ ਨਹੀਂ, ਸਗੋਂ ਤੱਤਕਾਲ ਪੂਰਾ ਕਰ ਕੇ ਵਿਖਾਇਆ ਜੇ। ਹਾਂ, ਸੁਣਦੇ ਸਾਂ ਤੁਹਾਡੀ ਸ਼ਖ਼ਸੀਅਤ, ਪਰ ਅੱਜ ਅੱਖੀਂ ਵੇਖ ਲਿਆ ਹੈ। ਧੰਨ ਸਤਿਗੁਰੂ, ਧੰਨ ਉਸ ਦੇ ਵਰੋਸਾਏ ਆਪ ਜੈਸੇ ਮਹਾਂਪੁਰਸ਼।

ਧੰਨ ਜਨਣੀ ਜਿਨਿ ਜਾਇਆ ਧੰਨ ਪਿਤਾ ਪਰਧਾਨ ॥

ਧੰਨ ਮਾਤਾ ਸਾਹਿਬ ਕੌਰਾਂ, ਜਿਹਨਾਂ ਦੀ ਮਹਾਨ ਸ਼ਕਤੀ ਦਾ ਹੀ ਕ੍ਰਿਸ਼ਮਾ ਹੈ।

ਬਾਬਾ ਜੀ—ਜੀਅ ਕਰਦਾ ਹੈ ਤੁਹਾਡੇ ਚਰਨ ਪਰਸਣ ਨੂੰ, ਤਾਂ ਕਿ ਅਸੀਂ ਭੀ ਕ੍ਰਿਤਾਰਥ ਹੋ ਜਾਈਏ, ਅਸੀਂ ਜਾਣੀਏ ਕਿ ਸਾਡੀ ਯਾਤਰਾ ਸਫਲੀ ਹੋ ਗਈ ਏ। ਸਾਡੇ ਅਜਿਹੇ ਜੀਭ ਦੇ ਸਵਾਦਾਂ ਦੇ ਸੰਕਲਪ ਅੱਗੋਂ ਨਾ ਉਠਣ। ਜੇ ਇਹ ਹੀ ਸੰਕਲਪ ਨਾਮ ਸਿਮਰਨ ਸਾਧ ਦੇ ਸੰਗ ਦਾ ਮਹਾਤਮ ਸੇਵਾ ਆਦਿ ਦਾ ਅੰਦਰ ਆਉਂਦਾ ਤਾਂ ਜਿਵੇਂ ਮਿਥਿਆ ਸੰਕਲਪ (ਘੀ, ਖੰਡ) ਦੀ ਤ੍ਰਿਸ਼ਨਾਲੂ ਬਿਰਤੀ ਨੇ ਅੰਦਰ ਖੜਾ ਕੀਤਾ ਸੀ ਤੇ ਆਪ ਨੇ ਤਤਕਾਲ ਬੁੱਝ ਕੇ ਪੂਰਾ ਕੀਤਾ ਹੈ। ਇਸੇ ਤਰਾਂ ਸ਼ਾਇਦ ਆਪ ਦਯਾ ਕਰ ਕੇ ਉਹ ਭੀ ਬਖਸ਼ਸ਼ ਕਰ ਦੇਂਦੇ। ਇਹ ਸਾਡੀ ਭਾਰੀ ਭੁੱਲ ਹੋਈ ਏ।

ਸਾਧੂ ਦੀ ਸੰਗਤਿ ਦਾ ਫਲ ਪ੍ਰਾਪਤ ਕਰਨ ਦੀ ਸਾਡੀ ਲੋਚਾ ਸਾਡੀ ਬੁੱਧੀ ਨਾ ਸਮਝੀ, ਸਗੋਂ ਸਾਧੂ ਦੀ ਅੰਤਰਯਾਮਤਾ ਨੂੰ ਪਰਖਣ ਦਾ ਅਸਫਲ ਯਤਨ ਕੀਤਾ ਹੈ, ਜੋ ਕਰਨਾ ਨਹੀਂ ਸੀ ਚਾਹੀਦਾ। ਸਾਧੂ ਦੀ ਪਰਖ, ਉਸ ਅਸਥਾਨ ਦੇ ਮਾਲਕ ਦੀ ਸ਼ਕਤਿ ਤੋਂ ਵੰਚਿਤ ਹੋਣਾ ਹੁੰਦਾ ਹੈ। ਸਾਡਾ ਸੰਕਲਪ (ਖੰਡ, ਘੀ ਦਾ) ਰਸ ਤਾਂ ਤੱਤ ਛਿੰਨ ਲਈ ਚੱਖ ਲਿਆ। ਜੇ ਮਨ ਤੂੰ ਧਰੋਹ ਨਾ ਕਰਦਾ ਤੇ ਗੁਰਬਾਣੀ ਦੀ ਟੇਕ ਤੇ ਟਿਕਿਓ

ਸੰਤ ਮਿਲੈ ਕਿਛੁ ਸੁਣੀਐ ਕਹੀਐ ॥

ਕਰਦਾ ਤਾਂ— ਕੁਝ ਭਗਤੀ ਮਾਰਗ, ਪ੍ਰਭੂ ਦੀ ਸਿਫਤ ਸਾਲਾਹ, ਸਤਿਗੁਰ ਮਾਰਗ ਦੀ ਵਾਰਤਾ ਸੁਣਦੇ ਤੇ ਕੁਝ ਕਹਿੰਦੇ। ਬਾਬਾ ਜੀ ਆਪ ਦਿਆਲੂ ਹੋ, ਸਾਡੀ ਗਲਤੀ, ਗਲਤ ਸੋਚਣੀ ਤੇ ਗਲਤ ਰਾਹ ਦੀ ਚੁਣੌਤੀ ਨੂੰ ਨਾ ਰਿਤਾਰਨਾ। ਸਾਨੂੰ ਮਾਫ਼ ਕਰ ਦਿਓ।

ਸੰਤਾਂ ਤੇ ਕੋਈ ਅਸਚਰਜ ਪ੍ਰਭਾਵ ਸੀ, ਅੱਧ ਮੀਟੇ ਨੇਤ੍ਰ ਅੰਦਰਲਾ ਦੂਵਿਆ ਚੇਹਰਾ ਦਰਸਾ ਰਿਹਾ ਸੀ, ਦੋਵੇਂ ਹੱਥ ਜੁੜੇ ਉਸ ਭੁੱਲ ਦੀ ਮਾਫੀ ਮੰਗ ਰਹੇ ਸਨ। ਸਾਧੂ ਦੀ ਕਿਉਂ ਪਰਖ ਕੀਤੀ ? ਸਾਰੀ ਸੰਗਤ ਭੀ ਸੰਤ ਜੀ ਦੇ ਚੁਪ ਚਾਪ ਇਹ ਬਚਨ ਸੁਣ ਕੇ ਹੈਰਾਨ ਹੋ ਰਹੀ ਸੀ ਕਿ ਇਹ ਕੀ ਕੌਤਕ ਵਰਤਿਆ ਹੈ।

ਬਾਬਾ ਮਿੱਤ ਸਿੰਘ ਜੀ—ਸੰਤ ਜੀ ਇਹ ਕੀ ਕਹਿ ਰਹੇ ਹੋ, 'ਭੁੱਲ' ਕਾਹਦੀ 'ਭੁੱਲ' ? ਤੇ ਭੁੱਲਾ ਕੌਣ ?

ਆਪਿ ਭੁਲਾਏ ਭੁਲੀਐ ਆਪੇ ਮੇਲਿ ਮਿਲਾਇ ॥

[ਸਲੋਕ ਮ: ੩, ਪੰਨਾ ੧੩੧੪

ਸਾਧ ਸੰਗਤ ਦੀ ਸੇਵਾ ਤੇ ਵੱਧ ਤੋਂ ਵੱਧ ਉਹਨਾਂ ਦੀ ਖੁਸ਼ੀ ਪ੍ਰਾਪਤ ਕਰਨੀ ਕੋਈ ਭੁੱਲ ਹੈ ? ਹਾਂ, ਸਾਧ ਸੰਗਤ ਆਪਣੀ ਮਾਂ ਪਾਸੋਂ ਤਾਂ ਜੋ ਮਨ ਚਾਹੇ ਮੰਗ ਕੇ ਭੀ ਲੈ ਸਕਦੇ ਹਨ। ਫਿਰ ਜਿਹੜੀ ਗੱਲ ਸੁੱਤੇ ਸਿਧ ਹੀ ਹੋ ਆਵੇ, ਉਹ ਕਿਵੇਂ ਜੀਵ ਦੀ ਨਾ ਕੋਈ ਅੰਤ੍ਰਯਾਮਤਾ ਹੈ ਤੇ ਨਾ ਕੋਈ ਕ੍ਰਾਮਾਤ ਨਾ ਸ਼ਕਤੀ? ਨਾ ਬੁੱਝਣ ਤੇ ਜਾਨਣ ਵਿਚ ਸਗੋਂ ਇਹ ਤਾਂ ਸਾਧ ਸੰਗਤ ਦੀ ਪ੍ਰਸੰਨਤਾ ਲੈਣ ਦਾ ਸਾਡਾ ਹੀ ਫੁਰਨਾ ਸੀ। ਸੋ ਮਾਤਾ ਜੀ ਨੇ ਆਪਣੀ ਲਾਡਲੀ ਸਾਧ ਸੰਗਤ ਲਈ ਆਪੇ ਹੀ ਰਸਦਾਂ (ਘਿਉ) ਭੇਜ ਦਿਤਾ, ਨਾ ਆਉਂਦਾ ਤਾਂ ਅਸਾਂ ਕਿਹੜੀ ਸੇਵਾ ਕਰ ਲੈਣੀ ਸੀ। ਤਾਂ ਤੇ ਜਗਤ ਮਾਤਾ ਜੀ ਧੰਨ ਹਨ, ਜਿਨ੍ਹਾਂ ਬਖਸ਼ਸ਼ ਕੀਤੀ ਹੈ। ਇਸ ਲਈ ਉਹ ਹੀ ਬਖਸ਼ਸ਼ਾਂ ਦੇ ਮਾਲਕ ਹਨ ਤੇ—

ਜੋ ਜੋ ਚਿਤਵਹਿ ਸਾਧ ਜਨ ਸੋ ਸੋ ਲੇਤਾ ਮਾਨਿ ॥

ਤਾਂ ਤੇ— ਜੋ ਮਾਗਹਿ ਠਾਕਰ ਅਪੁਨੇ ਤੇ ਸੋਈ ਸੋਈ ਦੇਵੈ ॥ [ਧਨਾਸਰੀ ਮ: ੫—੬੮੧

ਤੁਸਾਂ ਜੋ ਚਿਤਵਿਆ, ਉਹਨਾਂ ਨੇ ਮੰਨ ਲਿਆ। ਅਸਾਂ ਨੂੰ ਕਾਹਦੀ ਵਡਿਆਈ। ਨਾਲੇ ਸੇਵਾਦਾਰਾਂ ਨੇ ਤਾਂ ਸੇਵਾ ਕਰਨੀ ਹੁੰਦੀ ਹੈ। ਵਡਿਆਈ ਮਾਲਕ ਦੀ ਕਰਨੀ ਸ਼ੋਭਦੀ ਹੈ। ਲੜਦੀ ਫੌਜ ਹੈ, ਪ੍ਰੰਤੂ ਨਾਮ ਅਫਸਰਾਂ ਦਾ ਹੁੰਦਾ ਹੈ, ਇਸੇ ਤਰਾਂ ਇਹ ਵਡਿਆਈ ਜਗਤ - ਮਾਤਾ ਜੀ ਦੀ ਹੈ। ਨਾਲੇ ਮਾਲਕ ਦੇ ਹੁੰਦਿਆਂ ਸੇਵਾਦਾਰ ਨੂੰ ਧੰਨਤਾ ਦਾ ਪਾਤਰ ਅਨਜਾਣੇ ਬਨਾਉਣਾ, ਮਾਲਕ ਦੀ ਪ੍ਰਸੰਨਤਾ† ਤੋਂ ਵਿਰਵੇ ਹੋਣਾ ਹੁੰਦਾ ਹੈ।

ਸੰਤ ਜੀ*—ਬਾਬਾ ਜੀ ਖਿੱਮਾਂ ਕਰਨਾ, ਬੜੀ ਸੂਝ ਤੇ ਪਤੇ ਦੀ ਟੋਹ ਦੱਸੀ ਜੇ। ਹਾਂ, ਇਹ ਭੀ ਭੁੱਲ ਹੈ,

† ਮਾਲਕ ਦੀ ਪ੍ਰਸੰਨਤਾ—ਅੱਜ ਦਾ ਜੀਵ ਇਸੇ ਰੁਝਾਨ ਨੂੰ ਵਧੇਰੇ ਧਾਰਨ ਕਰੀ ਜਾ ਰਿਹਾ ਹੈ ਤੇ ਮਾਲਕ (ਹਾਜ਼ਰ ਨਾਜ਼ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ) ਅਸੀਂ ਸਟੇਜਾਂ ਤੇ ਰਾਗੀਆਂ, ਢਾਡੀਆਂ, ਪ੍ਰਚਾਰਕਾਂ ਦੇ ਨਾਲ ਨਾਲ, ਕੋਈ ਭੀ ਵਿਅਕਤੀ—ਚਾਹੇ ਉਹ ਸਰਕਾਰੀ ਹੋਵੇ ਜਾਂ ਦਰਬਾਰੀ, ਉਸ ਦੀ ਵਡਿਆਈ, ਪ੍ਰਸੰਸਾ ਦੇ ਪੜੁੱਲ ਬੰਨ੍ਹ ਦੇਂਦੇ ਹਾਂ। ਚਾਹੇ ਉਹ ਉਸ ਯੋਗ ਭੀ ਨਾ ਹੋਵੇ। ਦੂਵੱਲੀ ☞

ਪਰ ਆਮ ਰੁਝਾਨ ਤੇ ਨਿੱਤ ਵੇਖਣ ਸੁਣਨ ਦੇ ਕਰਤਵਾਂ ਕਾਰਨ ਅਜਿਹਾ ਹੋ ਗਿਆ ਹੈ। ਵਡਿਆਈ ਸਤਿਗੁਰੂ ਜਾਂ ਜਗਤ ਮਾਤਾ ਜੀ ਦੀ ਹੀ ਹੈ। ਤੇ ਜਿਸ ਦੀ ਹੀ ਕਰਨੀ ਚਾਹੀਦੀ ਸੀ।

ਇਉਂ ਕੁਝ ਸਮਾਂ ਸਤਿਸੰਗ ਦਾ ਸ਼ਾਂਤ ਵਾਤਾਵਰਣ ਹੁੰਦਾ ਰਿਹਾ। ਹਰ ਤਰਾਂ ਨਾਲ ਪ੍ਰਸੰਨਤਾ ਪ੍ਰਾਪਤ ਕਰ ਕੇ ਸੰਤ ਜੀ ਅਤੇ ਸੰਗਤਾਂ ਮਾਤਾ ਜੀ ਦੇ ਅਸਥਾਨ ਤੋਂ ਇਕ ਨਵੀਂ ਸੇਧ, ਜੋ ਹਰ ਹਿਰਦੇ ਦੀ ਸੁੱਚੀ ਖਾਨ ਬਣ ਗਈ, ਲੈ ਕੇ ਵਿਦਾ ਹੋਈਆਂ।

ਵਡਿਆਈ ਦੇ ਅਸੀਂ ਇੱਛਕ ਹੋ ਚੁੱਕੇ ਹਾਂ। ਪ੍ਰੰਤੂ ਮਹਾਂਪੁਰਸ਼ ਕੇਵਲ ਮਾਲਕ ਦੀ ਵਡਿਆਈ, ਸ਼ੋਭਾ ਤੇ ਸਤਿਕਾਰ ਨੂੰ ਮੁੱਖ ਰੱਖਦੇ ਹਨ। ਜੀਵ ਦੀ ਵਡਿਆਈ ਨੂੰ ਸੰਤ ਜਨ ਨਿਰਾਥਕ ਸਮਝ ਸਮਾਂ ਬਿਰਥਾ ਨਹੀਂ ਜਾਣ ਦੇਂਦੇ।

*ਸੰਤ ਕਾਂਜਲੇ ਵਾਲੇ–ਇਹਨਾਂ ਸੰਤਾਂ ਦਾ ਆਦਰਜਨ, ਮਾਤਾ ਜੀ ਦੇ ਅਸਥਾਨ ਤੋਂ ਪਿਆ ਪ੍ਰਭਾਵ, ਉਹਨਾਂ ਦੇ ਸਪੁੱਤਰ ਗਿਆਨੀ ਅਮਰ ਸਿੰਘ ਜੀ ਨਿਹੰਗ-ਸਿੰਘ ਜੀ ਤੋਂ ਜਾਣਿਆ ਜਾ ਸਕਿਆ ਹੈ। ਭਾਵੇਂ ਦਾਸ ਨੂੰ ਇਨ੍ਹਾਂ ਸੰਤਾਂ ਦੇ ਦਰਸ਼ਨ ਤਾਂ ਨਹੀਂ ਹੋ ਪਾਏ, ਪਰ ਗਿਆਨੀ ਅਮਰ ਸਿੰਘ ਜੀ ਕਾਂਜਲਾ ਦਾਸ ਦੇ ਅੰਮ੍ਰਿਤ ਦੇ ਗੁਰਭਾਈ (ਕਲਾਧਾਰੀਆ ਬਾਬਾ ਸਾਹਿਬ ਸਿੰਘ ਜੀ ਜਥੇਦਾਰ ਬੁੱਢਾ ਦਲ ਤੋਂ ਅੰਮ੍ਰਿਤ ਪਾਨ ਕਰਨ ਕਰ ਕੇ) ਸਨ। ਪਹਿਲੀ ਵਾਰ ੧੯੩੭ ਵਿਚ ਸੱਚਖੰਡ ਯਾਤਰਾ ਸਮੇਂ ਅਸੀਂ ਤਖਤ ਸ੍ਰੀ ਪਟਨਾ ਸਾਹਿਬ ਇਕੱਠੇ ਹੋਏ ਤੇ ਇਹ ਸੀਸ ਤੇ ਚੰਦ ਤੋੜਾ [ਜੋ ਲੋਹੇ ਦੀਆਂ ਤਾਰਾਂ ਦਾ ਕੁੰਡੀ ਨਾਲ ਬੁਣਿਆ ਜਾਂਦਾ ਹੈ, ਮੈਨੂੰ ਪਟਨਾ ਸਾਹਿਬ ਹੀ ਹੱਥੀਂ ਉਣ ਬਣਾ ਕੇ ਦਿਤਾ, ਜੋ ਅਜੇ ਤੱਕ ਮੇਰੇ ਪਾਸ ਯਾਦਗਾਰ ਹੈ।

ਦਲ ਵਿਚ ਹਰ ਮਹੱਲਿਆਂ ਤੇ ਅਸੀਂ ਇਕੱਠੇ ਹੁੰਦੇ। ਕਿਉਂਕਿ ਜਿਥੇ ਇਹ ਪੜ੍ਹੇ ਲਿਖੇ ਸਨ, ਉਥੇ ਗੁਰਮਤਿ ਦੀ ਪਿਤਾ ਜੀ [ਸੰਤਾਂ] ਪਾਸੋਂ ਚੰਗੀ ਸੂਝ ਪ੍ਰਾਪਤ ਕੀਤੀ ਹੋਈ ਸੀ, ਜਿਸ ਕਰ ਕੇ ਸਾਡੀ ਸਾਂਝ ਹੋਰ ਭੀ ਨਜ਼ਦੀਕੀ ਤੇ ਪੱਕੀ ਹੁੰਦੀ ਗਈ। ਅਕਸਰ ਅਸੀ ਬੁੱਢੇ ਦਲ ਦੇ ਦੀਵਾਨ [ਸਟੇਜ ਸੈਕਟ੍ਰੀ] ਦੀ ਸੇਵਾ ਨੂੰ ਭੀ ਕਈ ਵਾਰੀ ਇਕੱਠੇ ਨਿਭਾਂਦੇ। ਪੰਥਕ ਮਾਮਲਿਆਂ ਵਿਚ ਭੀ ਆਪਣੀ ਚੰਗੀ ਸੋਚਣੀ ਦੁਆਰਾ, ਨੇਕ ਰਾਵਾਂ, ਪੰਥ ਦੀ ਚੜ੍ਹਦੀ ਕਲਾ ਵਾਲਾ ਰੁਝਾਨ ਰੱਖਦੇ।

੧੯੮੨ ਵਿਚ ਜਦੋਂ ਆਮ ਜਨਤਾ ਦਾ ਰੁਝਾਨ ਬੁੱਢੇ ਦਲ ਵਲ ਹੋ ਗਿਆ ਤੇ ਪਿੰਡਾਂ ਦੇ ਪਿੰਡ ਅੰਮ੍ਰਿਤ ਪਾਨ ਕਰ ਕੇ ਨਿਹੰਗ ਸਿੰਘ ਸੱਜ ਰਹੇ ਸਨ, ਤਾਂ ਇਹਨਾਂ ਫੌਜਾਂ ਦੀ ਦੇਖ ਰੇਖ, ਪਿੰਡਾਂ ਵਿਚ ਇਕਤਰਤਾਵਾਂ ਕਰ ਕੇ ਗੁਰਮਤਿ ਤੇ ਬੁੱਢੇ ਦਲ ਦੀ ਮਰਯਾਦਾ, ਬਾਣਾ ਬਾਣੀ ਦੀ ਜਾਣਕਾਰੀ ਦੇਣ ਅਤੇ ਸ੍ਰੀ ਮਾਨ ਜਥੇਦਾਰ ਬਾਬਾ ਸੰਤਾ ਸਿੰਘ ਜੀ ਅਕਾਲੀ ਬੁੱਢਾ ਦਲ ਦੇ ਪੰਜ ਸਲਾਹਕਾਰਾਂ ਵਿਚ ਦਾਸ ਦੇ ਨਾਲ ਸੰਤ ਅਮਰ ਸਿੰਘ ਜੀ ਕਾਂਜਲਾ ਭੀ ਚੁਣੇ ਗਏ। ਇਹ ਕਾਂਜਲੇ ਨਗਰ ਦੇ ਸਰਪੰਚ ਭੀ ਰਹੇ ਸਨ।

ਤਾਂ ਤੇ ਇਹ ਭਲੀ ਪ੍ਰਕਾਰ ਸਮਝਿਆ ਦਾ ਸਕਦਾ ਹੈ ਕਿ ਵੱਡੇ ਸੰਤ ਕਿੰਨੇ ਹਰਮਨ ਪਿਆਰੇ ਸਨ, ਆਪ ਨੂੰ ਸੰਗਤਾਂ ਵਿਚ ਕਿੰਨਾ ਸਤਿਕਾਰ, ਮਾਣ ਪ੍ਰਾਪਤ ਸੀ। ਵਿਦਿਆ ਦੀ ਟਕਸਾਲ ਤੇ ਪ੍ਰਉਪਕਾਰੀ ਹੋਣਾ ਅਵੱਸ਼ਕ ਸੀ। ਆਪ ਨਾਮ ਬਾਣੀ ਦੇ ਚੰਗੇ ਅਭਿਆਸੀ ਸਨ।

ਤਖਤ ਸੱਚਖੰਡ (ਹਜ਼ੂਰ ਸਾਹਿਬ) ਤੋਂ ਲਟੈਣ (ਕਾਂਜਲ ਲੱਕੜ ਦੀ) ਲਿਆਉਣੀ

ਜਿਉਂ ਜਿਉਂ ਅਸਥਾਨ ਦੀ ਰਚਨਾ ਵਿਚ ਵਾਧਾ ਹੁੰਦਾ ਗਿਆ ਤਾਂ ਲੋੜਾਂ ਭੀ ਵੱਧਦੀਆਂ ਗਈਆਂ। ਸੰਗਤਾਂ ਦੀ ਆਵਾਜਾਈ ਕਾਰਨ ਅਤੇ ਲੰਗਰ ਦੀ ਪਰੰਪਰਾ (ਮਰਯਾਦਾ) ਦਿਨ ਰਾਤ ਚੱਲਣ ਕਾਰਨ ਇਹ ਮਹਿਸੂਸ ਹੋਣ ਲੱਗਾ ਕਿ ਦੁਰੇਡੇ ਆਟਾ ਪਿਸਾਣ ਲਈ ਜਾਣਾ ਬਹੁਤ ਕਠਨ ਹੈ। ਕਈ ਵਾਰੀ ਤਾਂ ਬਾਰਸ਼ ਪੈਣ ਕਾਰਣ ਕਈ ਕਈ ਦਿਨਾਂ ਤੱਕ ਉਸ ਧਰਤੀ ਤੇ ਚੱਲਣਾ ਮੁਸ਼ਕਲ ਹੋ ਜਾਂਦਾ ਸੀ ਅਤੇ ਜਹਾਜ਼ [ਗੱਡੇ] ਤੇ ਬੈਲਾਂ ਦਾ ਤਾਂ ਹੋਰ ਭੀ ਚੱਲਣਾ ਵਧੇਰੇ ਮੁਸ਼ਕਲ ਹੁੰਦਾ ਸੀ। ਅਤੇ ਫਿਰ ਆਟਾ ਭੀ ਇਕੱਠਾ ਕਈ ਦਿਨਾਂ ਦਾ ਪਿਸਾਉਣਾ ਪੈਂਦਾ। ਕਈ ਵੇਰੀ ਅਚਾਨਕ ਵਧੇਰੇ ਸੰਗਤ ਆ ਜਾਣ ਕਰ ਕੇ ਲੰਗਰ ਲਈ ਰਸਦ ਆਟਾ ਜੇ ਘੱਟ ਪਿਸਿਆ ਹੋਵੇ ਤਾਂ ਇਕ ਦਮ ਆਟਾ ਪਿਸਾਉਣਾ ਮੁਸ਼ਕਲ ਹੋਵੇਗਾ ਤੇ ਇਸ ਤਰਾਂ ਲੰਗਰ ਮਸਤਾਨਾ ਹੋਵੇਗਾ, ਕਿਉਂ ਨਾ ਤਾਜ਼ਾ ਆਟਾ ਪਿਸੇ ਅਤੇ ਤਾਜ਼ਾ ਤਾਜ਼ਾ ਆਟਾ ਨਾਲ ਦੀ ਨਾਲ ਹੀ ਪੱਕਾ ਕੇ ਸੰਗਤਾਂ ਨੂੰ ਪ੍ਰਸ਼ਾਦੇ ਛੱਕਾਏ ਜਾਇਆ ਕਰਨ। ਖਰਾਸ ਦੇ ਆਟੇ ਵਿਚ ਮਸ਼ੀਨ ਦੇ ਆਟੇ ਨਾਲੋਂ ਬਹੁਤ ਵਧੇਰੇ ਰਸ ਹੋਵੇਗਾ।

ਇਹ ਵਿਚਾਰ ਹੋਈ ਕਿ ਮਾਤਾ ਜੀ ਦੇ ਅਸਥਾਨ ਤੇ ਹੀ ਖਰਾਸ ਲਾਇਆ ਜਾਵੇ। ਉਸ ਸਮੇਂ ਅਜੇ ਕਾਰਡਰਾਂ ਦਾ ਇਤਨਾ ਵਿਸਥਾਰ ਨਹੀਂ ਸੀ. ਜਿਸ ਕਰ ਕੇ ਖਰਾਸਾਂ ਉਪਰ ਵੱਡੀ ਲਟੈਣ–ਲੱਕੜੀ ਦੀ ਹੀ ਪਾਈ ਜਾਂਦੀ ਸੀ। ਖਰਾਸ ਲਈ ਨਵੀਂ ਕਾਂਜਨ ਵੱਡੀ ਛੱਤੀਰੀ ਲਟੈਣ ਲਿਆਉਣ ਲਈ ਭਾਈ ਨੱਥਾ ਸਿੰਘ ਜੀ ਕਾਰੋਬਾਰੀ ਤੇ ਭਾਈ ਮਹਿਤਾਬ ਸਿੰਘ ਜੀ ਦਰਜ਼ੀ ਤੇ ਹੋਰ ਪੰਜ ਛੇ ਸਿੰਘ ਲਟੈਣ ਲੈਣ ਲਈ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਬਾਬਾ ਜੀ ਨੇ ਭੇਜੇ।

ਸੱਚਖੰਡ ਤੋਂ ਰਸਾਲਦਾਰ ਨੂੰ ਪੁੱਛ ਕੇ ਸਿੰਘਾਂ ਨੇ, ਲੰਗਰ ਬਾਬਾ ਨਿਧਾਨ ਸਿੰਘ ਜੀ ਦੇ ਦੱਖਣ ਵਾਲੇ ਪਾਸੇ, [ਨਗੀਨਾ ਘਾਟ ਦੇ ਸਾਹਮਣੇ] ਇੰਬਲੀ ਦਾ ਇਕ ਬੜਾ ਵੱਡਾ ਰੁੱਖ ਵੱਢ ਲਿਆ। ਰਸਾਲਦਾਰ ਨੇ ਕਿਹਾ ਕਿ ਇਸ ਨੂੰ ਇਤਨੀ ਦੂਰ ਕਿਵੇਂ ਲੈ ਕੇ ਜਾਵੋਗੇ। ਬੈਲ ਗੱਡੀ ਤੇ ਤਾਂ ਇਸ ਦਰਖਤ ਨੇ ਜਾਣਾ ਨਹੀਂ। ਪੱਕੀ ਸੜਕ ਭੀ ਤਾਂ ਕੋਈ ਨਹੀਂ, ਇਸ ਕਰ ਕੇ ਟਰੱਕ ਭੀ ਨਹੀਂ ਜਾ ਸਕਦਾ। ਨਾਲਿਆਂ ਤੇ ਪੁੱਲ ਭੀ ਨਹੀਂ, ਇਸ ਨੂੰ ਕਿਵੇਂ ਲੈ ਕੇ ਜਾਵੋਗੇ।

ਸਿੰਘਾਂ ਨੇ ਕਿਹਾ ਤੁਸੀਂ ਸਾਨੂੰ ਕੁਝ ਢੋਲ (ਵੱਡੇ ਡਰੱਮ) ਤੇ ਰੱਸੇ ਦੇ ਦਿਓ ਅਸੀਂ ਇਸ ਰੁੱਖ ਨੂੰ ਆਪੇ ਲੈ ਜਾਵਾਂਗੇ। ਛੇ ਢੋਲ ਤੇ ਕੁਝ ਰੱਸੇ ਮਿਲ ਗਏ। ਸਿੰਘਾਂ ਨੇ ਲਟੈਨ ਰੇਹੜ ਕੇ ਜੋ ਨਗੀਨਾ ਘਾਟ ਕੋਲ ਨਦੀ ਦੇ ਕਿਨਾਰੇ ਦੇ ਨੇੜੇ ਹੀ ਸੀ, ਗੁਦਾਵਰੀ ਨਦੀ ਵਿਚ ਸੁੱਟ ਲਈ। ਢੋਲ ਲੈ ਕੇ, ਲਟੈਨ ਹੇਠਾਂ ਰੱਖ ਕੇ ਰੱਸਿਆਂ ਨਾਲ ਚੰਗੀ ਤਰਾਂ ਬੰਨ੍ਹ ਦਿਤੀ। ਤੇ ਨਦੀ ਦੇ ਵਗਦੇ ਪਾਣੀ ਵਿਚ ਸੁੱਟ ਦਿਤੀ ਹੌਲਾ ਪਾਸਾ ਤਾਂ ਤਰਦਾ ਰਿਹਾ ਤੇ ਪਿਛਲਾ ਭਾਰਾ ਡੁੱਬ ਗਿਆ। ਜਿਸ ਕਰ ਕੇ ਦੋ ਢੋਲ ਹੋਰ ਬੰਨ ਦਿਤੇ ਤੇ ਲਟੈਨ ਡੂੰਘੇ ਪਾਣੀ ਵਿਚ ਤੋਰ ਦਿਤੀ। ਪਾਣੀ ਦੇ ਵਹਿਣ ਵਿਚ ਇਸ ਤਰਾਂ ਰੁੜ੍ਹੀ, ਜਿਵੇਂ ਅਗਨ - ਬੋਟ ਪਾਣੀ ਵਿਚ